ੴ ਸਤਿਗੁਰ ਪ੍ਰਸਾਦਿ ॥

ਅੰਮ੍ਰਿਤੁ ਰਸੁ ਪੀਵਹੁ ਪ੍ਰਭ ਪਿਆਰੀ

# ਅੰਮ੍ਰਿਤ ਰਸ

ਭਾਗ ਦੂਜਾ

ਦਮਦਮੀ ਟਕਸਾਲ

# ਅੰਮ੍ਰਿਤ ਰਸ

ਅਰਥਾਤ

## ਸ੍ਰੀ ਬਾਰਹ ਮਾਹਾ ਅਤੇ ਹੁਕਮਨਾਮਿਆਂ ਦੀ ਵਿਆਖਿਆ ਸਹਿਤ ਵਿਚਾਰ

## ਭਾਗ ਦੂਜਾ

*ਲੇਖਕ :*

ਸ੍ਰੀ ਮਾਨ ੧੦੮ ਸੰਤ, ਮਹਾਂਪੁਰਖ, ਪੂਰਨ ਗੁਰਸਿੱਖ, ਪੂਰਨ ਬ੍ਰਹਮ ਗਿਆਨੀ,
ਬ੍ਰਹਮ ਵਿਦਿਆ ਦੇ ਦਾਤੇ, ਦਮਦਮੀ ਟਕਸਾਲ ਦੇ ੧੨ਵੇਂ ਮੁਖੀ,
**ਸਚਖੰਡ ਵਾਸੀ ਬਾਬਾ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ**
ਦਾ ਵਿਦਿਆਰਥੀ
**ਗਿਆਨੀ ਸੁਰਜੀਤ ਸਿੰਘ 'ਸੋਧੀ'**

*ਪ੍ਰਕਾਸ਼ਕ :*

**ਦਾਸਨਿ ਦਾਸ ਠਾਕਰ ਸਿੰਘ 'ਖ਼ਾਲਸਾ'**
ਦਮਦਮੀ ਟਕਸਾਲ, ਜਥਾ ਭਿੰਡਰਾਂ,
ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼,
ਮਹਿਤਾ, ਸ੍ਰੀ ਅੰਮ੍ਰਿਤਸਰ।

ਮਿਲਣ ਦਾ ਪਤਾ
ਦਮਦਮੀ ਟਕਸਾਲ
ਦੁਕਾਨ ਨੰ: 31, ਘੰਟਾ ਘਰ ਮਾਰਕੀਟ
ਸ੍ਰੀ ਅੰਮ੍ਰਿਤਸਰ

ਸੰਮਤ ਨਾਨਕਸ਼ਾਹੀ—੫੨੭

ਸੰਮਤ ਖ਼ਾਲਸਾ—੨੯੮

੧ ਭਾਦਰੋਂ ਸੰਮਤ ੨੦੫੩ ਬਿਕ੍ਰਮੀ, ਮੁਤਾਬਿਕ ੧੬ ਅਗਸਤ, ੧੯੯੬ ਈ:

ਨੂੰ

ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ

**ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ**

ਦੀ ੧੯ਵੀਂ ਬਰਸੀ ਸਮੇਂ

ਇਹ ਪੋਥੀ ਪਹਿਲੀ ਵਾਰ ਪ੍ਰਕਾਸ਼ਤ ਹੋਈ।

ਪਹਿਲੀ ਵਾਰ ਅਗਸਤ ੧੯੯੬

ਦੂਜੀ ਵਾਰ ਜੁਲਾਈ ੧੯੯੮

**ਭੇਟਾ ੧੦੦ ਰੁਪਏ**

*ਪ੍ਰਕਾਸ਼ਕ:*

**ਦਾਸਨਿ ਦਾਸ ਠਾਕਰ ਸਿੰਘ 'ਖ਼ਾਲਸਾ'**

ਦਮਦਮੀ ਟਕਸਾਲ, ਜਥਾ ਭਿੰਡਰਾਂ,

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼,

ਮਹਿਤਾ, ਸ੍ਰੀ ਅੰਮ੍ਰਿਤਸਰ।

*ਪ੍ਰਿੰਟਰ:*

ਪ੍ਰਿੰਟਵੈੱਲ, ੧੪੬, ਇੰਡ. ਫ਼ੋਕਲ ਪੁਆਇੰਟ, ਸ੍ਰੀ ਅੰਮ੍ਰਿਤਸਰ।

# ਸਮਰਪਣ

ਪਰਮ ਸਤਿਕਾਰ ਯੋਗ, ਸਵੱਛ ਆਤਮਾ, ਦੀਰਘ ਵਿਚਾਰ, ਉੱਜਲ ਦੀਦਾਰ,
ਨਿਰਮਲ ਆਚਾਰ, ਰਹਿਤ ਮਰਿਆਦਾ ਵਿਚ ਪ੍ਰਪੱਕ, ਨਾਮ ਬਾਣੀ ਦੇ ਰਸੀਏ,
ਦ੍ਰਿੜ ਵਿਸ਼ਵਾਸੀ, ਜਤੀ ਸਤੀ, ਸਿਰਲੱਥ ਯੋਧੇ,
ਸੰਤ ਸਿਪਾਹੀ, ਕਹਿਣੀ ਤੇ ਕਰਨੀ ਦੇ ਪੂਰੇ,
ਦਮਦਮੀ ਟਕਸਾਲ ਦੇ ਪਹਿਲੇ ਮੁਖੀ

**ਸ਼ਹੀਦ ਬਾਬਾ ਦੀਪ ਸਿੰਘ ਜੀ**

ਨੂੰ

ਜਿਨ੍ਹਾਂ ਨੂੰ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਵੱਲੋਂ ਅਰਥਾਂ ਦੀ ਟਕਸਾਲ ਚਲਾਉਣ ਅਤੇ
ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਵਿੱਤਰ ਚਾਰ ਸਰੂਪ ਹੱਥੀਂ ਲਿਖਣ
ਦਾ ਸੁਭਾਗ ਪ੍ਰਾਪਤ ਹੋਇਆ।

ੴ ਸਤਿਗੁਰ ਪ੍ਰਸਾਦਿ ॥

# ਤਤਕਰਾ


| ਲੜੀ ਨੰ: | ਸਿਰਲੇਖ | | ਪੰਨਾ |
|---|---|---|---|
| (ੳ) | ਸ੍ਰੀ ਮੁਖਵਾਕ | ਆਦਿ ਅੰਗ | |
| ੨੩. | ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥ | [੬੪੩] | ੪੦੧ |
| ੨੪. | ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥ | [੬੪੬] | ੪੧੫ |
| ੨੫. | ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥ | [੬੪੭] | ੪੨੮ |
| ੨੬. | ਬ੍ਰਹਮੁ ਬਿੰਦੈ ਤਿਸਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥ | [੬੪੯] | ੪੩੮ |
| ੨੭. | ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥ | [੬੫੧] | ੪੫੧ |
| ੨੮. | ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥ | [੬੫੮] | ੪੬੨ |
| ੨੯. | ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥ | [੬੬੦] | ੪੭੧ |
| ੩੦. | ਜੀਉ ਤਪਤੁ ਹੈ ਬਾਰੋ ਬਾਰ ॥ | [੬੬੧] | ੪੭੫ |
| ੩੧. | ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ | [੬੬੫] | ੪੮੦ |
| ੩੨. | ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥ | [੬੬੭] | ੪੯੩ |
| ੩੩. | ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥ | [੬੬੯] | ੫੦੯ |
| ੩੪. | ਜਿਸਕਾ ਤਨੁ ਮਨੁ ਧਨੁ ਸਭੁ ਤਿਸਕਾ ਸੋਈ ਸੁਘੜੁ ਸੁਜਾਨੀ ॥ | [੬੭੧] | ੫੨੦ |
| ੩੫. | ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥ | [੬੭੩] | ੫੩੪ |
| ੩੬. | ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥ | [੬੭੫] | ੫੪੭ |
| ੩੭. | ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥ | [੬੭੭] | ੫੫੫ |
| ੩੮. | ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥ | [੬੭੮] | ੬੫੬ |
| ੩੯. | ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ | [੬੭੯] | ੫੭੦ |
| ੪੦. | ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥ | [੬੮੧] | ੫੮੦ |
| ੪੧. | ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ਰਹਾਉ॥ | [੬੮੩] | ੫੯੦ |
| ੪੨. | ਗੁਰੁ ਸਾਗਰੁ ਰਤਨੀ ਭਰਪੂਰੇ ॥ | [੬੮੫] | ੬੦੫ |
| ੪੩. | ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥ | [੬੯੨] | ੬੨੨ |
| ੪੪. | ਪਹਿਲ ਪੁਰੀਏ ਪੁੰਡਰਕ ਵਨਾ ॥ ਤਾ ਚੇ ਹੰਸਾ ਸਗਲੇ ਜਨਾ ॥ | [੬੯੩] | ੬੪੭ |
| ੪੫. | ਗੋਪਾਲ ਤੇਰਾ ਆਰਤਾ ॥ | [੬੯੫] | ੬੬੮ |
| ੪੬. | ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥ | [੬੯੭] | ੬੭੮ |
| ੪੭. | ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ | [੭੦੧] | ੬੮੬ |
| ੪੮. | ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥ | [੭੦੩] | ੬੯੮ |
| ੪੯. | ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥ | [੭੦੫] | ੭੦੮ |
| ੫੦. | ਤੀਨਿ ਛੰਦੇ ਖੇਲੁ ਆਛੈ ॥੧॥ਰਹਾਉ॥ | [੭੧੮] | ੭੧੫ |
| ੫੧. | ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ | [੭੨੧] | ੭੨੭ |
| ੫੨. | ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥ | [੭੨੭] | ੭੩੬ |

| ਲੜੀ ਨੰ: | ਸਿਰਲੇਖ | ਪੰਨਾ |
|---|---|---|
| ੫੩. | ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥ [੭੨੮] | ੭੪੭ |
| ੫੪. | ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥ [੮੦੯] | ੭੬੦ |
| | ਗੁਰਬਾਣੀ ਬਦਲਣ ਦੇ ਯਤਨ ਹੋ ਰਹੇ ਹਨ, ਪੰਥ ਸਾਵਧਾਨ ਹੋਵੇ! | ੭੭੯ |
| | ਗੁਰ ਅਸਤੋਤ੍ਰ | ੭੮੫ |
| (ਅ) | **ਸਾਖੀਆਂ** | |
| ੧. | ਬਿਰੱਕਤ ਸਾਧੂ ਦੀ | ੪੦੪ |
| ੨. | ਮਾਈ ਲੋਈ ਦੇ ਭਗਵਾਂ ਦੀ | ੪੦੭ |
| ੩. | ਮਿਸ਼ਰੀ ਦੇ ਪਹਾੜ ਦੀ | ੪੧੦ |
| ੪. | ਮੂਰਖ ਲੱਕੜਹਾਰੇ ਦੀ | ੪੧੩ |
| ੫. | ਮਾਈਦਾਸ ਵੈਸ਼ਨੋ ਦੀ | ੪੧੬ |
| ੬. | ਹੰਸ ਤੇ ਡੱਡੂ ਦੀ | ੪੨੦ |
| ੭. | ਆਬ-ਏ-ਹਯਾਤ ਦੀ | ੪੨੧ |
| ੮. | ਸਿੰਘਾਂ ਦੇ ਰਾਸ ਵੇਖਣ ਦੀ | ੪੩੬ |
| ੯. | ਸਯਦਾਨੀ ਦੀ | ੪੪੦ |
| ੧੦. | ਭਾਈ ਗੜ੍ਹੀਆ ਜੀ ਦੀ | ੪੪੩ |
| ੧੧. | ਬ੍ਰਹਮਦਾਸ ਦੀ | ੪੪੫ |
| ੧੨. | ਪਲਾਲੀ ਫ਼ਕੀਰ ਦੀ | ੪੪੭ |
| ੧੩. | ਭੀਸ਼ਮ ਪਿਤਾਮਾ ਦੀ | ੪੬੩ |
| ੧੪. | ਵੰਧਕ ਦੀ | ੪੬੪ |
| ੧੫. | ਦਸਮ ਪਿਤਾ ਨੂੰ ਤਨਖ਼ਾਹ ਲਾਉਣ ਦੀ | ੪੬੫ |
| ੧੬. | ਆਵਾ ਕੱਚਾ ਰਹੇਗਾ! | ੪੬੫ |
| ੧੭. | ਸੌਰਭ ਰਿਖੀ ਦੀ | ੪੭੬ |
| ੧੮. | ਦੁਨੀਚੰਦ ਦੀ | ੪੮੬ |
| ੧੯. | ਕਾਰੂ ਬਾਦਸ਼ਾਹ ਦੀ | ੪੮੬ |
| ੨੦. | ਦਸਤਗੀਰ ਪੀਰ ਦੀ | ੪੯੬ |
| ੨੧. | ਮੂਰਖ ਜ਼ਿਮੀਂਦਾਰ ਦੀ | ੫੧੧ |
| ੨੨. | ਜਮਦਗਨੀ ਰਿਖੀ ਦੀ | ੫੧੨ |
| ੨੩. | ਭਾਈ ਸੰਤ ਰਾਮ ਜੀ ਦੀ | ੫੨੯ |
| ੨੪. | ਨੌਂਖ ਰਾਜੇ ਦੀ | ੫੩੧ |
| ੨੫. | ਜੁਜਾਤੀ ਰਾਜੇ ਦੀ | ੫੩੧ |
| ੨੬. | ਬ੍ਰਹਮਾ ਦੇ ਸੁਰਸਤੀ 'ਤੇ ਮੋਹਿਤ ਹੋਣ ਦੀ | ੫੩੭ |
| ੨੭. | ਸ਼ਿਵਜੀ ਦੇ ਮੋਹਣੀ ਅਵਤਾਰ 'ਤੇ ਮੋਹਿਤ ਹੋਣਾ | ੫੩੮ |
| ੨੮. | ਮਾਈ ਮਾਇਆ ਛਲੁ॥ | ੫੪੦ |
| ੨੯. | ਭਗਤ ਕਬੀਰ ਜੀ ਦੀ | ੫੪੯ |
| ੩੦. | ਭਗਤ ਸਧਨਾ ਜੀ ਦੀ | ੫੫੦ |

| ਲੜੀ ਨੰ: | ਸਿਰਲੇਖ | ਪੰਨਾ |
|---|---|---|
| ੩੧. | ਨੇਰੈ; ਨਾਹੀ ਦੂਰਿ॥ | ੫੫੭ |
| ੩੨. | ਸੰਤਾਂ ਦੀ ਧੂੜੀ ਦਾ ਫਲ | ੫੬੪, ੫੭੮ |
| ੩੩. | ਪਰਉਪਕਾਰੀ ਸੰਤਾਂ ਦੀ | ੫੭੩ |
| ੩੪. | ਪਾਰਸ ਨਾਥ ਦੀ | ੫੭੫ |
| ੩੫. | ਡੱਗੀ ਵਾਲੇ ਵਪਾਰੀ ਦੀ | ੫੮੩, ੬੯੩ |
| ੩੬. | ਸਲਾਰਦੀਨ ਕਾਜ਼ੀ ਦੀ | ੫੯੨ |
| ੩੭. | ਹੰਕਾਰੀ ਪੁਰਸ਼ਾਂ ਦੀ | ੫੯੩ |
| ੩੮. | ਖੜਗ ਸਿੰਘ ਦੀ | ੫੯੫ |
| ੩੯. | ਭਾਈ ਗੋਂਦਾ ਜੀ ਦੀ | ੫੯੯ |
| ੪੦. | ਦੁਖੀ ਸ਼ਾਹੂਕਾਰ ਦੀ | ੬੦੧ |
| ੪੧. | ਦੁਬਿਧਾ ਮਹਲੁ ਨ ਪਾਵੈ | ੬੧੩ |
| ੪੨. | ਇਕੋ ਸਮੇਂ ਕਈ ਮੌਤਾਂ | ੬੨੫ |
| ੪੩. | ਮਾਈ ਅਤੇ ਬੱਚੇ ਦੀ | ੬੨੬ |
| ੪੪. | ਮਾਇਆ ਬਿਉਹਾਰੀ ਰਾਮ॥ | ੬੨੬ |
| ੪੫. | ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ | ੬੩੦ |
| ੪੬. | ਪ੍ਰੀਛਤ ਰਾਜੇ ਦੀ | ੬੩੧ |
| ੪੭. | ਜੀਵਣੰ ਹਰਿ ਨਾਮ ਧਾਵਣਹ॥ | ੬੩੩ |
| ੪੮. | ਲੋਕ ਕੀ ਕਹਿੰਦੇ ਸਨ? | ੬੩੪ |
| ੪੯. | ਭਗਤ ਧੰਨਾ ਜੀ ਦੀ | ੬੬੮ |
| ੫੦. | ਰਾਜਾ ਜਨਕ ਜੀ ਦੀ | ੬੮੮ |
| ੫੧. | ਸੁਕਦੇਵ ਮੁਨੀ ਦੀ | ੬੯੦ |
| ੫੨. | ਸੈਦ ਖ਼ਾਂ ਦੀ | ੬੯੪ |
| ੫੩. | ਸੁੱਕਾ ਬੋਹੜ ਹਰਾ ਹੋਣ ਦੀ | ੭੨੯ |
| ੫੪. | ਸੂਰਜ ਚੜ੍ਹੇਗਾ ਹੀ ਨਹੀਂ! | ੭੩੦ |
| ੫੫. | ਮਾਈ ਸੇਵਾਂ ਦੀ | ੭੩੦ |
| ੫੬. | ਧੀਰਜੁ ਸੁਨਿਆਰੁ॥ | ੭੫੨ |
| ੫੭. | ਸਹੁ ਸੁਹਾਗਣ ਦੀ | ੭੬੧ |
| ੫੮. | ਪੂਰਨ ਹੋਵੈ ਆਸ॥ | ੭੬੨ |
| ੫੯. | ਛੱਜੂ ਝਿਊਰ ਦੀ | ੭੬੩ |
| ੬੦. | ਕਰੋੜੀ ਮੱਲ ਦੀ | ੭੬੬ |
| ੬੧. | ਤੁਲਸਾਂ ਦਾਸੀ ਦੀ | ੭੬੬ |
| ੬੨. | ਕਾਂ ਅਤੇ ਕਾਂਉਣੀ ਦੀ | ੭੬੭ |
| ੬੩. | ਭਾਈ ਬਚਿੱਤਰ ਸਿੰਘ ਸ਼ੇਰ ਦੀ | ੭੭੦ |
| ੬੪. | ਮਹੰਤ ਕ੍ਰਿਪਾਲ ਦਾਸ ਦੀ | ੭੭੧ |
| ੬੫. | ਬਾਬਾ ਬਿਧੀ ਚੰਦ ਬਹਾਦਰ ਦੀ | ੭੭੩ |
| ੬੬. | ਕਲਿਜੁਗ ਦੇ ਲੱਛਣ | ੭੭੪ |
| ੬੭. | ਕੰਚਨ ਮਾਟੀ ਮਾਨੈ॥ | ੭੭੫ |

## ੨੩.

**ਸਲੋਕੁ ਮਃ ੩ ॥** [ਅੰਗ—੬੪੩]

**ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸੋਰਠਿ ਰਾਗਣੀ ਦੀ ਵਾਰ ਦੇ ਚੌਥੇ ਸਲੋਕ ਵਿਚ ਆਪਾਂ ਨੂੰ ਪਰਮ-ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ। ਜਿੰਨ੍ਹਾਂ ਦੇ ਗੁਣ ਅਤੇ ਉਪਮਾ ਕਥਨ ਨਹੀਂ ਹੋ ਸਕਦੀ। ਯਥਾ :—

੧. *'ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥*
*ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੁੋ ਗਾਵੈ ॥*
*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥'*

[ਸਵਈਏ ਮਹਲੇ ਤੀਜੇ ਕੇ, ਭਲ੍ਹ ਭੱਟ, ਅੰਗ—੧੩੯੬]

੨. *'ਗੁਰ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ ॥'*

[ਸਵਈਏ ਮਹਲੇ ਤੀਜੇ ਕੇ, ਜਾਲਪ ਭੱਟ, ਅੰਗ—੧੩੯੪]

ਜਿਸ ਥਾਂ ਗੁਰੂ ਜੀ ਦੇ ਚਰਨ ਛੋਂਹਦੇ ਹਨ, ਉਸ **ਪੁਹਮਿ** = ਧਰਤੀ ਦੇ ਪਾਪ ਨਾਸ ਹੋ ਜਾਂਦੇ ਹਨ। ਜਿਵੇਂ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਭੂਤਾਂ, ਪ੍ਰੇਤਾਂ, ਦੈਂਤਾਂ ਦਾ ਵਾਸਾ ਸੀ, ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਗਿਆ ਨਾਲ ਛੜੀ (ਸੋਟੀ) ਲੈ ਕੇ ਉਥੇ ਗੁਰੂ ਅਮਰਦਾਸ ਜੀ ਨੇ ਚਰਨ ਪਾਏ ਤਾਂ ਸਭ ਭੂਤ-ਪ੍ਰੇਤ ਭੱਜ ਗਏ ਅਤੇ ਅਸਥਾਨ ਪਵਿੱਤਰ ਹੋ ਗਿਆ। ਜੀਵਾਂ ਦੀ ਚੁਰਾਸੀ ਕੱਟਣ ਲਈ ਬਾਉਲੀ ਸਾਹਿਬ ਦੀ ਰਚਨਾ ਕੀਤੀ, ਇਉਂ ਆਪ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਕੇ ਉਹ ਧਰਤੀ ਤੀਰਥ ਰੂਪ ਹੋ ਗਈ।

ਖਡੂਰ ਸਾਹਿਬ ਤੋਂ ਤਿੰਨ ਮੀਲ ਤਕ ਗੁਰੂ ਅਮਰਦਾਸ ਜੀ ਆਪਣਾ ਮੁਖ ਸ੍ਰੀ ਗੁਰੂ ਅੰਗਦ ਦੇਵ ਜੀ ਵੱਲ ਕਰਕੇ ਪਿਛਲੇ ਪੈਰੀਂ ਚੱਲਦੇ, ਪਿੱਠ ਨਹੀਂ ਸਨ ਕਰਦੇ। ਤਦੋਂ ਦਮਦਮੇ ਸਾਹਿਬ ਵਾਲੇ ਅਸਥਾਨ 'ਤੇ ਆਪ ਜੀ ਦੇ ਚਰਨਾਂ ਨੂੰ ਕਿਸੇ ਪਾਪੀ ਦੀ ਹੱਡੀ ਲੱਗ ਗਈ, ਉਹ ਪ੍ਰੇਤ ਜੂਨੀ ਤੋਂ ਛੁੱਟ ਕੇ ਦੇਵ ਦੇਹੀ ਨੂੰ ਪ੍ਰਾਪਤ ਹੋ ਗਿਆ ਸੀ, ਐਸੀ ਆਪ ਜੀ ਦੇ ਚਰਨਾਂ ਦੀ ਛੋਹ ਹੈ। ਏਸੇ ਪ੍ਰਕਾਰ ਹੀ ਜਿਨ੍ਹਾਂ ਦੀ ਬੁੱਧੀ ਰੂਪ ਧਰਤੀ ਆਪ ਜੀ ਦੇ ਚਰਨਾਂ ਦਾ ਧਿਆਨ ਕਰਨ ਰੂਪ ਛੋਹ ਪ੍ਰਾਪਤ ਕਰਦੀ ਹੈ ਤਾਂ ਜੋ ਅਨੇਕਾਂ ਹੀ ਪਾਪ ਸੰਸਕਾਰ ਰੂਪ

ਹੋ ਕੇ ਬੁੱਧੀ ਵਿਚ ਪਏ ਹਨ, ਉਹ ਸਾਰੇ ਨਾਸ਼ ਹੋ ਜਾਂਦੇ ਹਨ।

*'ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ ॥'*

ਜੋ, ਗੁਰੂ ਅਮਰਦਾਸ ਜੀ ਦੇ ਚਰਨਾਂ ਨੂੰ ਪਰਸਦਾ ਹੈ, ਉਸ ਪੁਰਸ਼ ਨੂੰ ਚੁਰਾਸੀ ਸਿੱਧ, ਸਾਧਨਾਂ ਕਰਨ ਵਾਲੇ ਸਾਧਕ **ਆਸਾਸਹਿ** = ਚਾਹੁੰਦੇ ਹਨ, ਵਾ :—ਗੁਰੂ ਜੀ ਦੇ ਚਰਨ ਪਰਸਣੇ ਕਰਕੇ ਸਿੱਧ ਅਤੇ ਸਾਧਕ ਸਭ **ਆਸਾਸਹਿ** = ਸੰਸੇ ਤੋਂ ਰਹਿਤ ਹੋ ਜਾਂਦੇ ਹਨ।

*'ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ ॥'*

ਗੁਰੂ ਅਮਰਦਾਸ ਜੀ ਦੇ ਦਰਸ਼ਨ ਪਰਸਣੇ ਕਰਕੇ ਵਿਆਪਕ ਸਰੂਪ ਦਾ ਧਿਆਨ ਲੱਭ ਲਈਦਾ ਹੈ ਅਤੇ **ਪਉ ਮੁਕਿਹਿ** = ਮੁਕਤੀ ਪਾ ਲਈਦੀ ਹੈ।

*'ਗੁਰ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ ॥'*

ਗੁਰੂ ਅਮਰਦਾਸ ਜੀ ਦੇ ਦਰਸ਼ਨ ਪਰਸਣੇ ਕਰਕੇ ਅਭੈ ਸਰੂਪ ਨੂੰ ਲੱਭ ਲਈਦਾ ਹੈ, ਵਾ :—ਅਭੈ ਪਦ ਲੱਭ ਲਈਦਾ ਹੈ ਅਤੇ ਚੁਰਾਸੀ ਦਾ **ਗਉ** = ਗਵਨ ਚੁੱਕ ਜਾਂਦਾ ਹੈ।

*'ਇਕੁ ਬਿੰਨਿ ਦੁ ਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ ॥'*

ਜੋ ਪੁਰਸ਼ ਸ੍ਰੇਸ਼ਟ ਮੰਤ੍ਰ ਉਚਾਰਣੇ ਨੂੰ **ਲਹਿ** = ਗ੍ਰਹਿਣ ਕਰਦਾ ਹੈ, ਉਹ ਇਕ ਪ੍ਰਮੇਸ਼ਰ ਨੂੰ **ਬਿੰਨਿ** = ਬਿੰਦ = ਜਾਣ ਲੈਂਦਾ ਹੈ, ਤੇ **ਦੁ** = ਦ੍ਵੈਤ ਦੀ **ਗਣ** = ਗਿਣਤੀ ਤੋਂ ਰਹਿਤ ਹੋ ਜਾਂਦਾ ਹੈ।

*'ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ ॥੫॥੧੪॥'*

[ਸਵਈਏ ਮਹਲੇ ਤੀਜੇ ਕੇ, ਜਾਲਪ ਭੱਟ, ਅੰਗ—੧੩੯੪

ਜਾਲਪ ਭੱਟ ਜੀ ਕਹਿੰਦੇ ਹਨ ਕਿ ਜਿੰਨੇ ਕੁ ਉੱਪਰ ਗਿਣੇ ਹਨ, ਇਤਨੇ ਕੀ ! ਬੇਅੰਤ ਪਦਾਰਥ ਤਾਂ ਸਤਿਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨਾਲ ਹੀ ਮਿਲ ਜਾਂਦੇ ਹਨ, ਸੇਵਾ ਅਤੇ ਨਾਮ ਦੇ ਅਭਿਆਸ ਕਰਕੇ ਤਾਂ ਪ੍ਰਾਪਤ ਹੋਣ ਵਿਚ ਕੁਝ ਸ਼ੰਕਾ ਹੀ ਨਹੀਂ। ਇਉਂ ਸਤਿਗੁਰੂ ਅਮਰਦਾਸ ਜੀ ਸਰਬ ਗੁਣਾਂ ਸਪੰਨ ਹਨ।

ਬੱਦਲ ਰੂਪ ਸਤਿਗੁਰੂ ਜੀ ਸੰਗਤਾਂ ਵਿਚ ਸੁਭਾਇਮਾਨ ਹੋ ਰਹੇ ਹਨ, ਸਿੱਖ ਬਬੀਹਿਆਂ ਦੀ ਤਰ੍ਹਾਂ ਸਿਖਿਆ ਰੂਪ ਸ੍ਵਾਂਤੀ ਬੂੰਦ ਦੀ ਪ੍ਰਾਪਤੀ ਲਈ ਪ੍ਰਿਉ-ਪ੍ਰਿਉ ਕਰ ਰਹੇ ਹਨ, ਸਤਿਗੁਰੂ ਜੀ ਅੰਮ੍ਰਿਤ ਰੂਪ ਉਪਦੇਸ਼ ਦੀ ਵਰਖਾ ਕਰਕੇ ਅਨੰਦ ਬਖ਼ਸ਼ ਰਹੇ ਹਨ। ਯਥਾ :—

*'ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ ॥*
*ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ ॥੧॥'*

[ਵਾਰ ਮਲਾਰ ਕੀ, ਸਲੋਕ ਮਃ ੩, ਅੰਗ—੧੨੮੩]

ਸਭ ਮੇਘ ਮਾਲਾਂ ਗੁਰੂ ਜੀ ਦੀ ਆਗਿਆ ਵਿਚ ਹਨ। ਯਥਾ :—

*'.....ਛਿਨਵੈ ਕਰੋੜੀ ਮੇਘ ਮਾਲਾ ਪਾਣੀ ਹਾਰੀਆ ॥'*

[ਮਲਾਰ ਨਾਮਦੇਵ ਜੀ, ਅੰਗ—੧੨੯੨]

ਸਤਿਗੁਰਾਂ ਦੇ ਚਾਰ-ਚੁਫ਼ੇਰੇ ਬਾਈ ਮੰਜੀਆਂ ਵਾਲੇ ਅਤੇ ਬੇਅੰਤ ਹੀ ਪ੍ਰੇਮੀ, ਵਿਰਾਗੀ, ਵਿਵੇਕੀ, ਸੇਵਕ, ਜੀਵਨ-ਮੁਕਤ, ਬਿਦੇਹ-ਮੁਕਤ ਸਿੱਖ ਦਰਸ਼ਨਾਂ ਦਾ ਅਨੰਦ ਮਾਣ ਰਹੇ ਹਨ। ਏਸੇ ਪ੍ਰਕਾਰ ਜਿੰਨ੍ਹਾਂ ਮਾਈ ਸੇਵਾਂ ਜੈਸੀਆਂ ਮਾਈਆਂ ਨੂੰ ਬ੍ਰਹਮ ਗਿਆਨ ਵਿਚ ਪੂਰਨ ਕਰਕੇ ਗੁਰਸਿੱਖੀ ਦੇ ਪ੍ਰਚਾਰ ਲਈ ੭੨ ਪੀੜ੍ਹੇ ਬਖ਼ਸ਼ੇ ਹਨ, ਉਹ ਵੀ ਬੈਠੀਆਂ ਹਨ।

ਸਿੱਖਾਂ ਨੇ ਪ੍ਰਸ਼ਨ ਕੀਤਾ, "ਹੇ ਸਤਿਗੁਰੂ ਜੀ ! ਇਹ ਜਗਤ ਮਾਇਆ ਨੇ ਬਿਨਾਂ ਦੰਦਾਂ ਤੋਂ ਕਿਵੇਂ ਖਾ ਲਿਆ ਹੈ ?" ਉੱਤਰ :—

## ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥

ਮੋਹਣੀ ਜੋ ਮਾਇਆ ਹੈ, ਉਸਦੀ ਮਮਤਾ ਇਸਨੂੰ ਲੱਗ ਰਹੀ ਹੈ, ਜਿਸ ਮਾਇਆ ਨੇ ਪ੍ਰਤੱਖ ਦੰਦਾਂ ਤੋਂ ਬਿਨਾਂ ਅੰਤ੍ਰੀਵ ਕਾਮ ਆਦਿਕ ਦੰਦਾਂ ਕਰਕੇ ਸਾਰੇ ਜਗਤ ਨੂੰ ਖਾ ਲਿਆ ਹੈ।

ਮਾਇਆ ਕਿਸਨੂੰ ਕਹਿੰਦੇ ਹਨ ਅਤੇ ਮਾਇਆ ਕੀ ਕੰਮ ਕਰਦੀ ਹੈ ? ਉੱਤਰ :—

੧. *'ਮਾਇਆ ਕਿਸਨੋ ਆਖੀਐ ਕਿਆ ਮਾਇਆ ਕਰਮ ਕਮਾਇ ॥*
*ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥'*

[ਸਿਰੀ ਰਾਗੁ ਮਹਲਾ ੩, ਅੰਗ—੬੭]

੨. *'ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥'*

[ਕੇਦਾਰਾ ਕਬੀਰ ਜੀ, ਅੰਗ—੧੧੨੩]

੩. *'ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ ॥*
*ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ ॥੧॥'*

[ਸਿਰੀ ਰਾਗੁ ਕਬੀਰ ਜੀ, ਅੰਗ—੯੨]

੪. *'ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥'*

[ਰਾਮਕਲੀ ਮਹਲਾ ੩, ਅੰਗ—੯੨੧]

ਵਿਦੰਤੀ ਮਾਇਆ ਨੂੰ ਅਨਰਬਚਨੀ ਕਹਿੰਦੇ ਹਨ, ਨਾ ਸੱਤ ਹੈ ਨਾ ਅਸੱਤ ਹੈ, ਨਾ ਸੱਤ-ਅਸੱਤ ਉਭੈ ਹੈ। ਨਾ ਭਿੰਨ ਹੈ ਨਾ ਅਭਿੰਨ ਹੈ ਨਾ ਭਿੰਨ-ਅਭਿੰਨ ਉਭੈ ਹੈ। ਨਾ ਸਵੈਵੀ ਹੈ ਨਾ ਨਿਰਵੈਵੀ ਹੈ ਨਾ ਸਵੈਵੀ-ਨਿਰਵੈਵੀ ਉਭੈ ਹੈ।

ਮੋਹਣੀ ਮਾਇਆ ਨੇ ਸਭ ਨੂੰ ਮਮਤਾ ਲਾ ਦਿੱਤੀ ਹੈ ਅਤੇ ਬਿਨਾਂ ਹੀ ਦੰਦਾਂ ਤੋਂ ਜਗਤ ਨੂੰ ਖਾ ਲਿਆ ਹੈ, ਕਾਮ, ਕ੍ਰੋਧ ਆਦਿਕ ਮਾਇਆ ਦੇ ਅੰਤ੍ਰੀਵ ਦੰਦ ਹਨ। ਯਥਾ :—

*'ਕਾਮਿ ਕਰੋਧਿ ਜਲੈ ਸਭੁ ਕੋਈ ॥'* [ਮਾਰੂ ਮਹਲਾ ੩, ਅੰਗ—੧੦੬੨]

ਪਰ ਜਿੰਨ੍ਹਾਂ ਨੇ ਕਾਮ ਕ੍ਰੋਧ ਆਦਿਕਾਂ ਦਾ ਤਿਆਗ ਕਰ ਦਿੱਤਾ ਹੈ, ਉਨ੍ਹਾਂ 'ਤੇ ਮਾਇਆ ਦੇ ਅੰਤ੍ਰੀਵ ਦੰਦ ਨਹੀਂ ਚੱਲ ਸਕਦੇ। ਨਹੀਂ ਤਾਂ ਬਿਰੱਕਤਾਂ ਨੂੰ ਵੀ ਮਾਇਆ ਨੇ ਮਮਤਾ ਲਗਾ ਕੇ ਸਾਬਤ ਹੀ ਨਿਗਲ ਲਿਆ ਹੈ। ਯਥਾ :—

*'ਜਿਨ੍ਹਾ ਵੇਲਿ ਨ ਤੂੰਬੜੀ ਮਾਇਆ ਠਗੇ ਠਗਿ ॥'*

[ਸਲੋਕ ਮਹਲਾ ੩, ਅੰਗ—੧੪੧੩]

## ਸਾਖੀ : ਬਿਰੱਕਤ ਸਾਧੂ ਦੀ

ਇਕ ਬਿਰੱਕਤ ਸਾਧੂ ਕੁਟੀਆਂ ਤੋਂ ਬਾਹਰ ਟਹਿਲ ਰਹੇ ਸਨ ਤਾਂ ਮਾਇਆ ਇਸਤ੍ਰੀ ਦਾ ਰੂਪ ਧਾਰ ਕੇ ਆਪਣੇ ਹੱਥ ਵਿਚ ਕੰਡਿਆਲਾ ਪਕੜ ਕੇ ਸੰਤਾਂ ਪਾਸ ਆ ਗਈ। ਸੰਤਾਂ ਪੁੱਛਿਆ, "ਬੀਬੀ! ਤੂੰ ਕੌਣ ਹੈਂ ?" ਉਸਨੇ ਕਿਹਾ, "ਜੀ! ਮੈਂ ਮਾਇਆ ਹਾਂ।" ਸੰਤਾਂ ਨੇ ਕਿਹਾ, "ਫਿਰ ਤੂੰ ਇਹ ਕੰਡਿਆਲਾ ਕਿਉਂ ਫੜ੍ਹਿਆ ਹੈ ?" ਮਾਇਆ ਨੇ ਕਿਹਾ, "ਜਿਹੜੇ ਸੰਤ ਆਪਣੇ ਆਪ ਨੂੰ ਬਿਰੱਕਤ ਕਹਾਉਂਦੇ ਹਨ, ਵੱਸ ਨਹੀਂ ਆਉਂਦੇ, ਇਹ ਕੰਡਿਆਲਾ ਉਨ੍ਹਾਂ ਦੇ ਮੂੰਹ ਵਿਚ ਪਾ ਕੇ ਉੱਪਰ ਅਸਵਾਰੀ ਕਰਦੀ ਹਾਂ।" ਸੰਤ ਨੇ ਕਿਹਾ, "ਤੈਨੂੰ ਅਜੇ ਤੱਕ ਮੇਰੇ ਵਰਗਾ ਕੋਈ ਤਿਆਗੀ ਨਹੀਂ ਮਿਲਿਆ ਹੋਣਾ ?" ਮਾਇਆ ਨੇ ਕਿਹਾ, "ਤੈਨੂੰ ਤਾਂ ਕੰਡਿਆਲਾ ਦੇਣ ਦੀ ਵੀ ਲੋੜ ਨਹੀਂ ਹੈ, ਉਂਞ ਹੀ ਮੈਂ ਤੇਰੇ 'ਤੇ ਅਸਵਾਰ ਹੋ ਸਕਦੀ ਹਾਂ।" ਇਉਂ ਕਹਿ ਕੇ ਮਾਇਆ ਚਲੀ ਗਈ ਅਤੇ ਦੂਜੇ ਦਿਨ ਤੋਂ ਸੰਤਾਂ ਨੂੰ ਛਕਾਉਣ ਲਈ ਦੁੱਧ ਦੀ ਗੜਵੀ ਲਿਆਉਣ ਲੱਗ ਪਈ। ਹਰ ਰੋਜ਼ ਸੰਤਾਂ ਨੂੰ ਬੇਨਤੀ ਕਰਕੇ ਦੁੱਧ ਛਕਾ ਕੇ ਚਲੀ ਜਾਂਦੀ।

ਇਕ ਦਿਨ ਦੁੱਧ ਲੈ ਕੇ ਆਈ ਤਾਂ ਵਰਖਾ ਪੈਣ ਕਰਕੇ ਰਸਤੇ ਵਿਚਲਾ ਨਾਲਾ ਪਾਣੀ ਨਾਲ ਭਰ ਕੇ ਵਗਣ ਲੱਗ ਪਿਆ, ਉਧਰੋਂ ਸੂਰਜ ਵੀ ਛਿਪਣ ਵਾਲਾ ਹੋ ਗਿਆ, ਜਿਸ ਕਰਕੇ ਇਸਤ੍ਰੀ ਰੂਪ 'ਚ ਮਾਇਆ ਰੋਣ ਲੱਗ ਪਈ। ਸੰਤਾਂ ਨੇ ਪੁੱਛਿਆ, "ਬੀਬੀ! ਕੀ ਗੱਲ ਹੈ ? ਰੋਂਦੀ ਕਿਉਂ ਹੈਂ ?" ਕਹਿਣ ਲੱਗੀ, "ਮਹਾਰਾਜ! ਮੈਂ ਘਰ ਕਿਵੇਂ ਪਹੁੰਚਾਂਗੀ ? ਕਿਉਂਕਿ ਰਸਤੇ ਵਿਚ ਤਾਂ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ ਤੇ ਉੱਪਰੋਂ ਰਾਤ ਪੈਂਦੀ ਜਾ ਰਹੀ ਹੈ, ਜੇਕਰ ਤੁਹਾਡੇ ਪਾਸ ਰਹੀ ਤਾਂ ਸਾਰੇ ਲੋਕ ਆਪਣੇ ਦੋਹਾਂ ਦੀ ਨਿੰਦਿਆ ਕਰਨਗੇ।"

ਸੰਤਾਂ ਨੇ ਰੋਜ਼ ਦੁੱਧ ਲਿਆਉਂਦੀ ਜਾਣ ਕੇ ਪ੍ਰਸੰਨ ਹੋ ਕੇ ਕਿਹਾ, "ਚੱਲ ਬੀਬੀ! ਅਸੀਂ ਲੰਘਾ ਆਉਂਦੇ ਹਾਂ।" ਵਗ ਰਹੇ ਪਾਣੀ ਦੇ ਨਾਲੇ ਪਾਸ ਆ ਕੇ ਸੰਤਾਂ ਕਿਹਾ, "ਬੀਬੀ! ਸਾਡੇ ਪਿੱਛੇ-ਪਿੱਛੇ ਤੁਰੀ ਆ।" ਮਾਇਆ ਨੇ ਕਿਹਾ, "ਮੈਂ ਤਾਂ ਕਦੇ ਪਾਣੀ ਵਿਚ ਪੈਰ ਨਹੀਂ ਪਾਇਆ।" ਇਉਂ ਕਹਿੰਦੀ ਫਿਰ ਉੱਚੀ-ਉੱਚੀ ਰੋਣ ਲੱਗ ਪਈ, ਤਾਂ ਸੰਤਾਂ ਨੇ ਤਰਸ ਕਰਕੇ ਆਪਣੇ ਮੋਢਿਆਂ 'ਤੇ ਚੁੱਕ ਲਈ। ਜਦ ਨਦੀ ਦੇ ਵਿਚਕਾਰ ਪਹੁੰਚੇ ਤਾਂ ਮਾਇਆ ਨੇ ਸੰਤਾਂ ਦੇ ਲੱਤਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸੰਤਾਂ ਨੇ ਕਿਹਾ, "ਬੀਬੀ! ਇਹ ਕੀ ਕਰਦੀ ਹੈਂ ?" ਕਹਿੰਦੀ, "ਕਰਨਾ ਕੀ ਹੈ! ਖ਼ੁਸ਼ੀ ਮਨਾਉਂਦੀ ਹਾਂ ਕਿ ਮੈਂ ਕੰਡਿਆਲੇ ਤੋਂ ਬਿਨਾਂ ਹੀ ਤੇਰੇ 'ਤੇ ਅਸਵਾਰ ਹੋਈ-ਹੋਈ ਹਾਂ। ਤਾਂ ਸੰਤ ਬਹੁਤ ਘਬਰਾ ਗਿਆ, ਵਗਾਹ ਕੇ ਨਦੀ 'ਚ ਮਾਰੀ। ਫਿਰ ਨਾ ਉਥੇ ਕੋਈ ਪਾਣੀ, ਨਾ ਨਦੀ ਤੇ ਨਾ ਹੀ ਕੋਈ ਇਸਤ੍ਰੀ।

ਇਉਂ ਛਲ ਵਾਲੀ ਮਾਇਆ ਵੱਡੇ-ਵੱਡੇ ਬਿਰੱਕਤਾਂ ਨੂੰ ਵੀ ਮੋਹਿਤ ਕਰ ਲੈਣ ਵਾਲੀ ਹੈ। ਯਥਾ :—

*'ਮਾਇਆ ਮੋਹਿ ਸਗਲ ਜਗੁ ਛਾਇਆ ॥*
*ਕਾਮਣਿ ਦੇਖਿ ਕਾਮਿ ਲੋਭਾਇਆ ॥*
*ਸੁਤ ਕੰਚਨ ਸਿਉ ਹੇਤੁ ਵਧਾਇਆ ॥*
*ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥'*

[ਪ੍ਰਭਾਤੀ ਮਹਲਾ ੧, ਅੰਗ—੧੩੪੨]

ਜੇ ਸਰੀਰ, ਧਨ, ਇਸਤ੍ਰੀ, ਮਾਤਾ, ਪਿਤਾ ਅਤੇ ਜ਼ਮੀਨ ਦੇ ਮੋਹ ਕਰਕੇ ਪ੍ਰਮੇਸ਼ਰ ਭੁੱਲਦਾ ਹੈ, ਤਦ ਤਾਂ ਇਤਿਆਦਿਕ ਸਾਰੀਆਂ ਚੀਜ਼ਾਂ ਹੀ ਮਾਇਆ ਹਨ, ਪਰ ਜੇ ਇਤਿਆਦਿਕ ਚੀਜ਼ਾਂ ਨੂੰ ਵੇਖ ਕੇ ਪ੍ਰਮੇਸ਼ਰ ਦਾ ਪ੍ਰੇਮ ਪੈਦਾ ਹੁੰਦਾ ਹੈ, ਭਾਵ ਪ੍ਰਮੇਸ਼ਰ ਦਾ ਸ਼ੁਕਰ ਗੁਜ਼ਾਰ ਹੁੰਦਾ ਹੈ ਕਿ ਹੇ ਨਿਰੰਕਾਰ! ਆਪ ਜੀ ਨੇ ਕਿਰਪਾ ਕਰਕੇ ਮੇਰੀ ਸੇਵਾ ਲਈ ਮਾਤਾ-ਪਿਤਾ ਦਿੱਤੇ ਹਨ, ਸਹਾਇਤਾ ਲਈ ਇਸਤ੍ਰੀ, ਪੁੱਤਰ, ਭੈਣ, ਭਰਾ ਦਿੱਤੇ ਹਨ, ਖ਼ਰਚਣ ਨੂੰ ਧਨ ਦਿੱਤਾ ਹੈ, ਰਹਿਣ ਲਈ ਮਕਾਨ ਦਿੱਤਾ ਹੈ, ਪਹਿਨਣ ਲਈ ਬਸਤਰ ਦਿੱਤੇ ਹਨ, ਖਾਣ ਲਈ ਸੁਹਣੇ-ਸੁਹਣੇ ਭੋਜਨ ਦਿੱਤੇ ਹਨ, ਇਉਂ ਜਾਣ ਕੇ ਸਿਮਰਨ ਕਰਦਾ ਹੈ ਤਾਂ ਇਤਿਆਦਿਕ ਚੀਜ਼ਾਂ ਮਾਇਆ ਨਹੀਂ ਹਨ।

**ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥**

ਮਨਮੁਖ ਪੁਰਸ਼ ਤਾਂ ਖਾਧੇ ਗਏ ਹਨ, ਪਰ ਜਿਨ੍ਹਾਂ ਗੁਰਮੁਖਾਂ ਨੇ ਸੱਚੇ ਨਾਮ ਵਿਚ ਚਿੱਤ ਦੀ ਬਿਰਤੀ ਨੂੰ ਲਗਾਇਆ ਹੈ, ਉਹ ਗੁਰਮੁਖ ਪੁਰਸ਼ ਬਚ ਗਏ ਹਨ।

ਮਾਇਆ ਨੇ ਮਨਮੁਖ ਹੀ ਖਾਧੇ ਹਨ, ਮਨਮੁਖ ਕੈਸੇ ਹਨ ? ਉੱਤਰ :—

*'ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥੧॥'*

[ਗਉੜੀ ਚੇਤੀ ਕਬੀਰ ਜੀ, ਅੰਗ—੩੩੨]

ਜੋ ਦੁਖੀ ਵੇਖ ਕੇ ਕਿਰਪਾ ਨਹੀਂ ਕਰਦੇ ਤੇ ਕਿਸੇ ਨੂੰ ਸੁਖੀ ਵੇਖ ਕੇ ਪ੍ਰਸੰਨ ਨਹੀਂ ਹੁੰਦੇ, ਕਿਸੇ ਦਾ ਪ੍ਰਤਾਪ ਵੇਖ ਕੇ ਤਾਂ ਉਨ੍ਹਾਂ ਨੂੰ ਤਾਪ ਚੜ੍ਹ ਜਾਂਦਾ ਹੈ। ਦੂਜੇ ਪਾਤਸ਼ਾਹ ਮਨਮੁਖ ਦੇ ਇਉਂ ਲੱਖਣ ਕਰਦੇ ਹਨ :—

*'ਮਃ ੨ ॥ ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥*
*ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥'*

[ਵਾਰ ਮਾਝ ਕੀ, ਅੰਗ—੧੩੮]

ਗੁਰਸਿੱਖ ਨੂੰ ਐਸੇ ਮਨਮੁਖ ਸਾਕਤਾਂ ਨਾਲ ਮਿਲਾਪ ਨਹੀਂ ਕਰਨਾ ਚਾਹੀਦਾ। ਯਥਾ :—

*'ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ ॥*
*ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ ॥੫॥'*

[ਨਟ ਮਹਲਾ ੪, ਅੰਗ—੯੮੨]

ਐਸੇ ਮਨਮੁਖ ਲੋਕ ਮਾਇਆ ਨੇ ਖਾਧੇ ਹਨ, ਪਰ ਜੋ ਗੁਰਸਿੱਖ ਸਤਿਗੁਰਾਂ ਦੇ ਸਨਮੁਖ ਰਹਿੰਦੇ ਹਨ, ਭਾਵ ਗੁਰ ਉਪਦੇਸ਼ ਨੂੰ ਕਮਾਉਂਦੇ ਹਨ। ਯਥਾ :—

*'ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥*
*ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥*
*ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥*
*ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੧੯]

ਐਸੇ ਗੁਰਮੁਖ ਹੀ ਮਾਇਆ ਤੋਂ ਬਚਦੇ ਹਨ। ਜਿਵੇਂ ਭਾਈ ਭਿਖਾਰੀ ਜੀ ਦੇ ਪੁੱਤਰ ਦੀ ਸ਼ਾਦੀ ਹੈ, ਮ੍ਰਿਤੂ ਦਾ ਵੀ ਪਤਾ ਹੈ, ਫਿਰ ਵੀ ਭਾਣਾ ਮੰਨ ਕੇ ਉਸੇ ਤਰ੍ਹਾਂ ਕਾਰ ਕਰਦੇ ਰਹੇ।

ਜਿਨ੍ਹਾਂ ਗੁਰਮੁਖਾਂ ਨੇ ਸੱਚੇ ਨਾਮ ਵਿਚ ਚਿੱਤ ਨੂੰ ਜੋੜਿਆ ਹੈ, ਉਹੀ ਬਾਦਸ਼ਾਹ ਹਨ। ਯਥਾ :—

*'ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਸਾਹ ॥੧੧॥'*

[ਸਲੋਕ ਮਹਲਾ ੩, ਅੰਗ—੧੪੧੩]

ਅਤੇ ਉਹੀ ਮਾਇਆ ਤੋਂ ਬਚੇ ਹਨ। ਯਥਾ :—

੧. *'ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥*
*ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥੮॥'*

[ਸਲੋਕ ਕਬੀਰ, ਅੰਗ—੧੩੬੪].

੨. *'ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥*
*ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥'*

[ਆਸਾ ਕਬੀਰ ਜੀ, ਅੰਗ—੪੭੬]

## ਸਾਖੀ : ਮਾਈ ਲੋਈ ਦੇ ਭਰਾਵਾਂ ਦੀ

ਮਾਇਆ ਹਰ ਰੋਜ਼ ਆਪਣੇ ਆਪ ਨੂੰ ਸਫਲਾ ਕਰਨ ਲਈ ਭਗਤ ਕਬੀਰ ਜੀ ਦੇ ਬੂਹੇ 'ਤੇ ਮੱਥਾ ਟੇਕਣ ਲਈ ਆਇਆ ਕਰਦੀ ਸੀ, ਕਿਉਂਕਿ :—

*'ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥*
*ਚਰਣੀ ਲਾਗੈ ਤਾ ਮਹਲੁ ਪਾਵੈ ॥'* [ਗਉੜੀ ਮਹਲਾ ੩, ਅੰਗ—੨੩੧]

ਇਕ ਦਿਨ ਲੋਈ ਨੇ ਵੇਖ ਲਈ, ਕਬੀਰ ਜੀ ਨੂੰ ਪੁੱਛਿਆ, "ਇਹ ਇਸਤ੍ਰੀ ਕੌਣ ਸੀ ?" ਭਗਤ ਜੀ ਨੇ ਕਿਹਾ, "ਹੇ ਲੋਈ! ਇਹ ਮਾਇਆ ਸੀ, ਆਪਣੇ ਆਪ ਨੂੰ ਸਫਲਾ ਕਰਨ ਲਈ ਆਉਂਦੀ ਹੈ। ਕਹਿੰਦੀ ਹੈ, 'ਮੈਨੂੰ ਅੰਗੀਕਾਰ ਕਰੋ, ਪਰ ਅਸੀਂ ਇਸਨੂੰ ਪ੍ਰਵਾਨ ਨਹੀਂ ਕਰਦੇ ?' " ਲੋਈ ਨੇ ਕਿਹਾ, "ਜੇ ਤੁਸੀਂ ਅੰਗੀਕਾਰ ਕਰ ਲਵੋ ਤਾਂ ਅਸੀਂ ਵੀ ਸੁਖੀ ਰਹੀਏ ਤੇ ਸੰਤਾਂ ਦੀ ਸੇਵਾ ਵੀ ਚੰਗੀ ਹੋ ਜਾਇਆ ਕਰੇ।" ਕਬੀਰ ਜੀ ਨੇ ਕਿਹਾ, "ਇਹ ਧੋਖੇ ਵਾਲੀ ਹੈ, ਇਕ ਵਾਰੀ ਚਮਤਕਾਰਾ ਵਿਖਾ ਕੇ ਠੱਗ ਲੈਂਦੀ ਹੈ, ਇਸ ਤੋਂ ਬਿਨਾਂ ਹੀ ਆਪਾਂ ਸੁਖੀ ਹਾਂ, ਸੁਹਣਾ ਗੁਜਾਰਾ ਚੱਲੀ ਜਾਂਦਾ ਹੈ।" ਤਾਂ ਲੋਈ ਨੇ ਕਿਹਾ, "ਜੇ ਤੁਸੀਂ ਨਹੀਂ ਅੰਗੀਕਾਰ ਕਰਨੀ ਤਾਂ ਮੇਰੇ ਭਰਾਵਾਂ ਨੂੰ ਹੀ ਦੇ ਦਿਉ।" ਕਬੀਰ ਜੀ ਨੇ ਕਿਹਾ, "ਚੰਗਾ! ਜਦੋਂ ਕੱਲ੍ਹ ਨੂੰ ਮਾਇਆ ਆਵੇਗੀ ਤਾਂ ਅਸੀਂ ਆਗਿਆ ਦੇ ਦੇਵਾਂਗੇ।"

ਦੂਜੇ ਦਿਨ ਲਛਮੀ ਆਈ ਤਾਂ ਕਿਹਾ, "ਤੂੰ ਹੁਣ ਲੋਈ ਦੇ ਭਰਾਵਾਂ ਘਰ ਜਾਹ।" ਤਾਂ ਮਾਇਆ ਨੇ ਲੋਈ ਦੇ ਭਰਾਵਾਂ 'ਤੇ ਜਾ ਕੇ ਐਸਾ ਬਲ ਪਾਇਆ ਕਿ ਉਹ ਆਪਸ ਵਿਚ ਲੜ ਕੇ ਅੱਡ-ਅੱਡ ਹੋ ਗਏ ਤੇ ਆਪੋ-ਆਪਣੀਆਂ ਖੱਡੀਆਂ ਪੁੱਟਣ ਲੱਗ ਪਏ। ਜਦੋਂ ਖੱਡੀਆਂ ਪੁੱਟੀਆਂ ਤਾਂ ਥੱਲਿਓਂ ਮਾਇਆ ਨਿਕਲ ਆਈ, ਬਹੁਤ ਅਮੀਰ ਬਣ ਗਏ, ਕੁਝ ਦਿਨ ਪਾ ਕੇ ਰਾਜੇ ਦੇ ਵਜ਼ੀਰ ਬਣ ਗਏ।

ਇਕ ਦਿਨ ਕਿਸੇ ਹੋਰ ਰਾਜੇ ਦਾ ਵਜ਼ੀਰ ਰਾਜੇ ਦੇ ਲੜਕੇ ਨੂੰ ਰਿਸ਼ਤਾ ਕਰਨ ਲਈ ਆਇਆ, ਉਸਨੇ ਵਜ਼ੀਰਾਂ ਤੋਂ ਪੁੱਛਿਆ, "ਰਾਜੇ ਦਾ ਲੜਕਾ ਕੈਸਾ ਹੈ ? ਮੈਂ ਉਸਨੂੰ ਰਿਸ਼ਤਾ ਕਰਨ ਲਈ ਆਇਆ ਹਾਂ।" ਤਾਂ ਲੋਈ ਦੇ ਭਰਾਵਾਂ ਨੇ ਆਖਿਆ, "ਰਾਜੇ ਦਾ ਲੜਕਾ ਤਾਂ ਸਿੱਧਾ-ਸਾਦਾ ਹੈ, ਤੂੰ ਸਾਡੇ ਅੱਲਾ ਦਿੱਤੇ ਨੂੰ ਰਿਸ਼ਤਾ ਕਰ ਜਾ।" ਉਹ ਰਾਜੇ ਦਾ ਵਜ਼ੀਰ ਬੜਾ ਹੈਰਾਨ ਹੋਇਆ ਕਿ ਇਹ ਕਿਹੋ ਜਿਹੇ ਵਜ਼ੀਰ ਹਨ, ਜੋ ਰਾਜੇ ਦੇ ਲੜਕੇ ਨੂੰ ਸਿੱਧਾ-ਸਾਦਾ ਕਹਿ ਰਹੇ ਹਨ। ਜਾ ਕੇ ਰਾਜੇ ਨੂੰ ਦੱਸ ਦਿੱਤਾ, "ਮੈਂ ਤਾਂ ਤੇਰੇ ਲੜਕੇ ਨੂੰ ਰਿਸ਼ਤਾ ਕਰਨ ਆਇਆ ਹਾਂ, ਪਰ ਤੇਰੇ ਵਜ਼ੀਰ ਬੜੇ ਖ਼ਰਾਬ ਹਨ, ਕਹਿੰਦੇ ਹਨ ਕਿ ਰਾਜੇ ਦਾ ਲੜਕਾ ਤਾਂ ਸਿੱਧਾ-ਸਾਦਾ ਹੈ, ਤੂੰ ਸਾਡੇ ਲੜਕੇ ਨੂੰ ਰਿਸ਼ਤਾ ਕਰ ਦੇ, ਇਸ ਲਈ ਇਨ੍ਹਾਂ ਨੂੰ ਦੰਡ ਮਿਲਣਾ ਚਾਹੀਦਾ ਹੈ।" ਤਾਂ ਰਾਜੇ ਨੇ ਆਖਿਆ, "ਤੂੰ ਉਨ੍ਹਾਂ ਨੂੰ ਕਹਿ ਠੀਕ ਹੈ ! ਮੈਂ ਤੁਹਾਡੇ ਅੱਲਾ ਦਿੱਤੇ ਨੂੰ ਹੀ ਰਿਸ਼ਤਾ ਕਰਾਂਗਾ, ਤੁਸੀਂ ਮੰਗਣੇ ਦੀ ਤਿਆਰੀ ਕਰ ਲਵੋ।" ਤਾਂ ਵਜ਼ੀਰ ਨੇ ਜਾ ਕੇ ਕਹਿ ਦਿੱਤਾ, ਜੁਲਾਹੇ ਬੜੇ ਖ਼ੁਸ਼ ਹੋਏ, ਸਬੰਧੀ ਬੁਲਾ ਲਏ, ਅੱਲਾ ਦਿੱਤੇ ਨੂੰ ਚੌਂਕੀ 'ਤੇ ਬਿਠਾ ਲਿਆ। ਰਾਜੇ ਨੇ ਪਹਿਲਾਂ ਹੀ ਭੋਰੇ ਵਿਚ ਬਰੂਦ ਭਰ ਦਿੱਤਾ ਸੀ, ਪੁੱਛਿਆ, "ਸਾਰੇ ਸਬੰਧੀ ਆ ਗਏ ਹਨ ?" ਵਜ਼ੀਰਾਂ ਨੇ ਕਿਹਾ, "ਕਬੀਰ ਜੀ ਨਹੀਂ ਆਏ।" ਰਾਜੇ ਨੇ ਸੋਚਿਆ, "ਚਲੋ! ਇਕ ਅੱਧੇ ਦਾ ਕੀ ਹੈ!" ਬਰੂਦ ਨੂੰ ਅੱਗ ਲਾ ਕੇ ਸਾਰੇ ਦੇ ਸਾਰੇ ਜੁਲਾਹੇ ਹੀ ਉਡਾ ਦਿੱਤੇ।

ਇਧਰ ਲੋਈ ਭਗਤ ਕਬੀਰ ਜੀ ਨੂੰ ਸਤਾਈ ਜਾਵੇ ਕਿ ਤੁਸੀਂ ਛੇਤੀ ਕਿਉਂ ਨਹੀਂ ਤੁਰਦੇ, ਆਪਾਂ ਪਛੜ ਗਏ ਹਾਂ, ਪਰ ਭਗਤ ਜੀ ਜਾਣ-ਬੁੱਝ ਕੇ ਕੁਝ ਸਮਾਂ ਟਾਲ-ਮਟੋਲਾ ਕਰਦੇ ਰਹੇ। ਜਦੋਂ ਲੋਈ ਨੂੰ ਨਾਲ ਲੈ ਕੇ ਘਰੋਂ ਨਿਕਲੇ ਤਾਂ ਦੂਰੋਂ ਅੱਗ ਦੀਆਂ ਬਹੁਤ ਉੱਚੀਆਂ-ਉੱਚੀਆਂ ਲਾਟਾਂ ਨਿਕਲਦੀਆਂ ਵੇਖ ਕੇ ਲੋਈ ਨੇ ਕਿਹਾ, "ਭਗਤ ਜੀ ਵੇਖੋ ! ਮੇਰੇ ਭਰਾਵਾਂ ਦੇ ਖ਼ੁਸ਼ੀਆਂ ਵਿਚ ਭਰੇ ਬੁਰਜ ਉੱਡ ਰਹੇ ਹਨ।" ਕਬੀਰ ਜੀ ਨੇ ਮੁਸਕਰਾ ਕੇ ਆਖਿਆ, "ਬੁਰਜਾਂ ਦਾ ਤਾਂ ਅੱਗੇ ਜਾ ਕੇ ਹੀ ਪਤਾ ਲੱਗੇਗਾ, ਜਦੋਂ ਜਾ ਕੇ ਵੇਖੇਂਗੀ।" ਜਦੋਂ ਲੋਈ ਉਥੇ ਪਹੁੰਚੀ ਤਾਂ ਵੇਖ ਕੇ ਰੋਣ-ਪਿੱਟਣ ਲੱਗ ਪਈ। ਭਗਤ ਜੀ ਨੇ ਕਿਹਾ, "ਵੇਖਿਆ ! ਮੈਂ ਤੈਨੂੰ ਪਹਿਲਾਂ ਹੀ ਸਮਝਾਇਆ ਸੀ ਕਿ ਮਾਇਆ ਛਲ ਰੂਪ ਹੈ।"

ਇਉਂ ਮਨਮੁਖ ਖਾਧੇ ਜਾਂਦੇ ਹਨ ਤੇ ਗੁਰਮੁਖ ਬਚ ਜਾਂਦੇ ਹਨ।

**ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥**

ਹੇ ਭਾਈ ! ਨਾਮ ਤੋਂ ਬਿਨਾਂ ਸੰਸਾਰ ਕਮਲਾ ਹੋਇਆ ਫਿਰਦਾ ਹੈ, ਉਹ ਪ੍ਰਮਾਤਮਾ ਗੁਰਮੁਖਾਂ ਨੂੰ ਨਿਗਾਹ ਆਇਆ ਹੈ।

ਸਾਧਸੰਗਤ ਜੀ! ਪਾਗਲ ਆਦਮੀ ਦੀ ਐਸੀ ਹਾਲਤ ਹੁੰਦੀ ਹੈ ਕਿ ਜਦੋਂ ਕੋਈ ਡਾਕਟਰ ਉਨ੍ਹਾਂ ਦਾ ਇਲਾਜ ਕਰਨ ਆਵੇ ਤਾਂ ਉਸਨੂੰ ਵੀ ਗਾਲ੍ਹਾਂ ਕੱਢਦਾ ਹੈ ਅਤੇ ਮਾਰਨ ਪੈਂਦਾ ਹੈ। ਇਉਂ ਹੀ ਸੰਸਾਰ ਪਾਗਲਖ਼ਾਨਾ ਹੈ, ਵਿਸ਼ਿਆਂ ਵਿਚ ਲੱਗੇ ਹੋਏ ਜੀਵ ਪਾਗਲਾਂ ਦੀ ਤਰ੍ਹਾਂ ਹਨ। ਭਾਵੇਂ ਕਿੰਨੇ ਵੀ ਸਾਇੰਸਦਾਨ, ਫ਼ਿਲਾਸਫ਼ਰ, ਵਿਦਵਾਨ ਅਤੇ ਮਕੈਨਿਕ ਵੀ ਕਿਉਂ ਨਾ ਹੋਣ, ਫਿਰ ਵੀ ਪਾਗਲਾਂ ਦੀ ਤਰ੍ਹਾਂ ਹਨ। ਯਥਾ :—

*'ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥'*

[ਧਨਾਸਰੀ ਮਹਲਾ ੧, ਅੰਗ—੬੮੭]

ਗੁਰੂ ਜੀ ਵੈਦ (ਡਾਕਟਰ) ਹਨ। ਯਥਾ :—

*'ਮੇਰਾ ਬੈਦੁ ਗੁਰੂ ਗੋਵਿੰਦਾ ॥*
*ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥'*

[ਸੋਰਠਿ ਮਹਲਾ ੫, ਅੰਗ—੬੧੮]

ਸੰਸਾਰ ਦੇ ਪਾਗਲ ਲੋਕ ਉਲਟਾ ਗੁਰੂ ਜੀ ਨਾਲ ਵੈਰ ਕਰਦੇ ਹਨ। ਜਿਵੇਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੰਕਾਰ ਕਰਕੇ ਪਾਗਲ ਹੋਏ ਵਲੀ ਕੰਧਾਰੀ ਦਾ ਹੰਕਾਰ ਰੂਪ ਪਾਗਲਪੁਣਾ ਤੋੜ ਕੇ ਪ੍ਰਭੂ ਦੀ ਗਿਆਤ ਵਾਲਾ ਕੀਤਾ, ਭਾਵੇਂ ਉਸਨੇ ਸਤਿਗੁਰਾਂ 'ਤੇ ਪੱਥਰ ਹੀ ਸੁੱਟਿਆ ਸੀ।

ਸੰਸਾਰ ਦੀ ਪੂਜਾ ਵਿਚ ਫਸੇ ਹੋਏ ਸਿੱਧਾਂ ਨੇ ਗੁਰੂ ਜੀ ਨੂੰ ਡਰਾਉਣ ਅਤੇ ਲੋਕਾਂ ਨੂੰ ਪ੍ਰਭਾਵਤ ਕਰਨ ਲਈ ਆਪਣੀ ਸ਼ਕਤੀ ਨਾਲ ਤਾਰੇ ਤੋੜੇ, ਸੱਪ ਬਣ ਕੇ ਉੱਡੇ, ਹਨੇਰੀ ਵਗਾਈ ਅਤੇ ਮੂੰਹਾਂ ਵਿਚੋਂ ਅੱਗ ਉਗਲੱਛੀ। ਸਤਿਗੁਰਾਂ ਨੇ ਸ਼ਕਤੀਆਂ ਖੋਹ ਕੇ ਸ਼ੁਭ ਉਪਦੇਸ਼ ਦੇ ਕੇ ਸਿੱਧਾਂ ਦਾ ਪਾਗਲਪੁਣਾ ਦੂਰ ਕੀਤਾ ਸੀ।

ਇਸ ਪ੍ਰਕਾਰ ਨਾਮ ਤੋਂ ਬਿਨਾਂ ਸੰਸਾਰ ਕਮਲਾ ਹੋਇਆ ਫਿਰਦਾ ਹੈ। ਜਿਵੇਂ ਕਮਲੇ ਆਪਣੇ ਆਪ ਨੂੰ ਕਮਲਾ ਨਹੀਂ ਮੰਨਦੇ, ਇਵੇਂ ਹੀ ਸੰਸਾਰੀ ਲੋਕ ਆਪਣੇ ਆਪ ਨੂੰ ਕਮਲਾ ਨਹੀਂ ਮੰਨਦੇ। ਇਹ ਗੁਰਮੁਖਾਂ ਦੀ ਦ੍ਰਿਸ਼ਟੀ ਵਿਚ ਹੀ ਆਇਆ ਹੈ ਕਿ ਜਗਤ ਕਮਲਾ ਹੈ।

**ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖ ਦਾਤਾ ਮਨਿ ਨ ਵਸਾਇਆ ॥**

ਮਨਮੁਖਾਂ ਨੇ ਸੰਸਾਰਿਕ ਧੰਦਿਆਂ ਨੂੰ ਕਰਦਿਆਂ ਆਪਣੇ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ, ਸੁਖਦਾਤਾ ਜੋ ਪ੍ਰਮੇਸ਼ਰ ਹੈ, ਉਸਨੂੰ ਮਨ ਵਿਚ ਨਹੀਂ ਵਸਾਇਆ।

ਜਿਵੇਂ ਕਮਲਾ ਸਾਰਾ ਦਿਨ ਹੀ ਕੱਪੜੇ ਪਾੜਦਾ ਹੈ, ਗਾਲ੍ਹਾਂ ਕੱਢਦਾ ਹੈ, ਇੱਟਾਂ-ਪੱਥਰ

ਮਾਰਨ ਵਿਚ ਹੀ ਸਮਾਂ ਬਤੀਤ ਕਰਦਾ ਹੈ, ਏਸੇ ਤਰ੍ਹਾਂ ਹੀ ਸੰਸਾਰੀ ਲੋਕ ਵੇਖਣ, ਸੁਣਨ, ਸੁੰਘਣ ਅਤੇ ਭੋਗਣ ਵਿਚ ਬਤੀਤ ਕਰਕੇ ਸਾਰਾ ਜੀਵਨ ਨਿਸਫਲ ਹੀ ਗਵਾ ਲੈਂਦੇ ਹਨ।

**ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ ਪਾਇਆ ॥੧॥**

ਸਤਿਗੁਰੂ ਜੀ ਕਥਨ ਕਰਦੇ ਹਨ, ਤਿਨ੍ਹਾਂ ਪੁਰਸ਼ਾਂ ਨੂੰ ਗੁਰਾਂ ਪਾਸੋਂ ਨਾਮ ਪ੍ਰਾਪਤ ਹੋਇਆ ਹੈ, ਜਿੰਨ੍ਹਾਂ ਦੇ ਮੱਥੇ 'ਤੇ ਧੁਰੋਂ ਹੀ ਪ੍ਰਮੇਸ਼ਰ ਨੇ ਲੇਖ ਲਿਖ ਪਾਇਆ ਹੈ।

**ਮਃ ੩ ॥ ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥**

ਸਤਿਸੰਗਤ ਰੂਪ ਘਰ ਵਿਚ, ਵਾ :—ਸਰੀਰ ਘਰ ਦੇ ਵਿਚ ਹੀ ਨਾਮ ਰੂਪ ਅੰਮ੍ਰਿਤ, ਅਥਵਾ :—ਬ੍ਰਹਮ ਰੂਪ ਅੰਮ੍ਰਿਤ ਭਰਪੂਰ ਹੈ। ਯਥਾ :—

*'ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥'*

[ਗਉੜੀ ਸੁਖਮਨੀ ਮਃ ੫, ਅੰਗ—੨੯੩]

ਪਰ ਇਸ ਨਾਮ ਰੂਪ ਅੰਮ੍ਰਿਤ ਦਾ **ਸਾਦੁ** = ਸੁਆਦ ਮਨਮੁਖ ਪੁਰਸ਼ਾਂ ਨੇ ਨਹੀਂ ਪਾਇਆ। ਇਹ ਤਾਂ ਕਿਸੇ ਭਾਗਾਂ ਵਾਲੇ ਨੂੰ ਹੀ ਪ੍ਰਾਪਤ ਹੋਇਆ ਹੈ, ਹਰੇਕ ਨੂੰ ਨਹੀਂ। ਯਥਾ :—

*'ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ ॥*
*ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ ॥੧੭੦॥'*

[ਸਲੋਕ ਕਬੀਰ, ਅੰਗ—੧੩੭੩]

## ਸਾਖੀ : ਮਿਸ਼ਰੀ ਦੇ ਪਹਾੜ ਦੀ

ਜਿਵੇਂ ਇਕ ਕੀੜੀ ਨੇ ਮਿਸ਼ਰੀ ਦਾ ਪਹਾੜ ਵੇਖਿਆ, ਖਾ ਕੇ ਬਹੁਤ ਖ਼ੁਸ਼ ਹੋਈ। ਉਸਨੇ ਬਾਕੀ ਕੀੜੀਆਂ ਨੂੰ ਆ ਕੇ ਕਿਹਾ, "ਮੈਂ ਮਿਸ਼ਰੀ ਦਾ ਅਤਿ ਮਿੱਠਾ ਪਹਾੜ ਵੇਖ ਕੇ ਆਈ ਹਾਂ। ਆਓ! ਤੁਸੀਂ ਵੀ ਚੱਲ ਕੇ ਖਾਓ।" ਸੁਣ ਕੇ ਦੂਜੀਆਂ ਕੀੜੀਆਂ ਨਾਲ ਤੁਰ ਪਈਆਂ, ਉਹ ਵਿਚਾਰੀਆਂ ਲਿੱਦ ਵਿਚ ਭਰਮਦੀਆਂ ਫਿਰਦੀਆਂ ਰਹੀਆਂ। ਉਨ੍ਹਾਂ ਦੇ ਮੂੰਹ ਵਿਚ ਲਿੱਦ ਦੇ ਤੀਲ੍ਹੇ ਸਨ, ਜਿਸ ਕਰਕੇ ਮਿੱਠੇ ਦਾ ਰਸ ਕਿਸੇ ਨੂੰ ਵੀ ਨਾ ਆਇਆ। ਪਹਿਲੀ ਕੀੜੀ ਸਮਝ ਗਈ ਕਿ ਇਨ੍ਹਾਂ ਦੇ ਮੂੰਹ ਵਿਚ ਲਿੱਦ ਦੇ ਤੀਲ੍ਹੇ ਹਨ, ਸੋਚ ਕੇ ਸਾਰੀਆਂ ਨੂੰ ਪਾਣੀ ਦੇ ਕੰਢੇ 'ਤੇ ਲਿਜਾ ਕੇ ਪਾਣੀ ਨਾਲ ਮੂੰਹ ਧੁਆਏ, ਜਿਸ ਨਾਲ ਮੂੰਹ ਵਿਚੋਂ ਲਿੱਦ ਦੇ ਤੀਲ੍ਹੇ ਨਿਕਲ ਕੇ ਸਾਫ਼ ਹੋ ਗਏ। ਤਾਂ ਉਨ੍ਹਾਂ ਨੂੰ ਇਤਨਾ ਅਨੰਦ ਤੇ ਰਸ ਆਇਆ ਕਿ ਉਹ ਕਦੇ ਵੀ ਉਸਨੂੰ ਛੱਡ ਨਾ ਸਕੀਆਂ।

ਏਸੇ ਤਰ੍ਹਾਂ ਸਤਿਗੁਰੂ ਜੀ ਨੇ ਸਰਬੋਤਮ ਧੁਰ ਕੀ ਬਾਣੀ ਉਚਾਰਨ ਕੀਤੀ, ਜੋ ਅੰਮ੍ਰਿਤ ਅਨੰਦ ਦੇਣ ਵਾਲੀ ਹੈ। ਯਥਾ :—

*'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ ਪੀਤੀ ਤਿਸੁ ਮੋਖਦੁਆਰ ॥੫॥'*

[ਮਲਾਰ ਮਹਲਾ ੧, ਅੰਗ—੧੨੭੫]

ਗੁਰਬਾਣੀ ਰੂਪ ਮਿਸ਼ਰੀ ਦਾ ਪਹਾੜ ਹੈ, ਨਿਮਰਤਾ, ਗ਼ਰੀਬੀ ਅਤੇ ਭਗਤੀ ਸਹਿਤ ਜੀਵ ਪਹਿਲੀ ਕੀੜੀ ਵਾਂਗ ਹਨ, ਉਨ੍ਹਾਂ ਨੂੰ ਗੁਰਬਾਣੀ ਵਿਚੋਂ ਅੰਮ੍ਰਿਤ ਅਨੰਦ ਆਇਆ ਹੈ। ਦੂਜੀਆਂ ਕੀੜੀਆਂ ਇਹ ਸੰਸਾਰੀ ਜੀਵ ਹਨ, ਜਿਨ੍ਹਾਂ ਦੇ ਅੰਤਹਕਰਣ ਰੂਪ ਮੂੰਹ ਵਿਸ਼ੇ ਵਾਸ਼ਨਾਂ ਦੇ ਡੱਕਿਆਂ ਨਾਲ ਭਰੇ ਪਏ ਹਨ। ਉਨ੍ਹਾਂ ਨੂੰ ਵਿਰਾਗ ਰੂਪ ਪਾਣੀ ਨਾਲ ਧੋਣਾ ਕੀਤਾ ਤਾਂ ਬ੍ਰਹਮਾਨੰਦ ਰਸ ਆਇਆ, ਫਿਰ ਕਦੇ ਛੱਡ ਨਹੀਂ ਸਕੇ।

ਸੋ, ਅੰਮ੍ਰਿਤ ਰੂਪ ਗੁਰਬਾਣੀ ਨੂੰ ਹਿਰਦੇ ਵਿਚ ਧਾਰ ਕੇ ਇਸ ਵਿਚੋਂ ਬ੍ਰਹਮਾਨੰਦ ਰਸ ਨੂੰ ਮਾਨਣਾ ਚਾਹੀਦਾ ਹੈ।

**ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥**

ਜਿਵੇਂ ਹਰਨ ਆਪਣੀ ਨਾਭੀ ਵਿਚਲੀ ਕਸਤੂਰੀ ਨੂੰ ਨਹੀਂ ਜਾਣਦਾ, ਜਦੋਂ ਸੁਗੰਧੀ ਆਉਂਦੀ ਹੈ, ਭਰਮ ਦਾ ਭਰਮਾਇਆ ਹੋਇਆ ਝਾੜੀਆਂ ਵਿਚ ਭੁੱਲਿਆ ਫਿਰਦਾ ਹੈ। ਜੇ ਕੁਦਰਤੀ ਮਿਰਗ ਦੀ ਨਾਸ ਨਾਭੀ ਨਾਲ ਲੱਗ ਜਾਵੇ ਤਾਂ ਸੁਗੰਧੀ ਮਾਣਦਾ ਹੈ।

ਇਸ ਪ੍ਰਕਾਰ ਜੀਵ ਰੂਪ ਮਿਰਗ ਦੇ ਹਿਰਦੇ ਵਿਚ ਭਗਤੀ ਰੂਪ ਕਸਤੂਰੀ ਹੈ, ਪਰ ਜਾਣਦਾ ਨਹੀਂ ਹੈ, ਭੁੱਲਣ ਵਿਚ ਆ ਕੇ ਵਿਸ਼ੇ ਰੂਪ ਝਾੜੀਆਂ ਨੂੰ ਸੁੰਘਦਾ ਫਿਰਦਾ ਹੈ, ਜੇ ਆਪਣੀ ਬਿਰਤੀ ਅੰਤਰਮੁਖ ਕਰੇ, ਤਾਂ ਹੀ ਭਗਤੀ ਰੂਪ ਸੁਗੰਧੀ ਦਾ ਅਨੰਦ ਮਾਣ ਸਕਦਾ ਹੈ। ਪਰ ਇਹ ਜੀਵ ਪਦਾਰਥਾਂ, ਵਾ :—ਵਿਸ਼ਿਆਂ ਰੂਪ ਝਾੜਾਂ ਵਿਚ ਹੀ ਅਨੰਦ ਸਮਝਦਾ ਹੈ। ਸਰੂਪ ਦਾ ਅਨੰਦ ਤਾਂ ਮਨ ਦੀ ਇਕਾਗਰਤਾ ਕਰਕੇ ਹੀ ਪ੍ਰਾਪਤ ਹੁੰਦਾ ਹੈ।

**ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥**

ਇਹ ਮਨਮੁਖ ਜੀਵ ਨਾਮ-ਅੰਮ੍ਰਿਤ ਨੂੰ ਛੱਡ ਕੇ ਵਿਸ਼ਿਆਂ ਰੂਪ ਜ਼ਹਿਰ ਨੂੰ ਇਕੱਠੀ ਕਰਦਾ ਹੈ, ਕਰਤਾ ਪੁਰਖ ਨੇ ਇਸਦੇ ਸੁਭਾਅ ਅਨੁਸਾਰ, ਵਾ :—ਕਰਮਾਂ ਅਨੁਸਾਰ ਆਪ ਹੀ ਭੁਲਾ ਛੱਡਿਆ ਹੈ। ਯਥਾ :—

੧. *'ਜੋ ਹਲਾਹਲ ਸੋ ਪੀਵੈ ਬਉਰਾ ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥'*

[ਗਉੜੀ ਮਹਲਾ ੫, ਅੰਗ—੧੮੦]

੨. *'ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥'*
[ਰਾਮਕਲੀ ਮਹਲਾ ੫, ਅੰਗ—੮੯੨]

## ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥

ਕਿਸੇ ਵਿਰਲੇ ਨੂੰ ਹੀ ਨਾਮ-ਅੰਮ੍ਰਿਤ ਦੀ ਗਿਆਤ ਪਈ ਹੈ, ਤਿਨ੍ਹਾਂ ਗੁਰਮੁਖਾਂ ਨੂੰ ਗੁਰਾਂ ਨੇ ਹਿਰਦੇ ਅੰਦਰ ਹੀ ਬ੍ਰਹਮ ਸਾਖਿਆਤ ਕਰਕੇ ਦਿਖਾਇਆ ਹੈ। ਯਥਾ :—

*'ਦੇਖਹੁ ਅਚਰਜੁ ਭਇਆ ॥*
*ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥'*
[ਸੋਰਠਿ ਮਹਲਾ ੫, ਅੰਗ—੬੧੨]

## ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥

ਉਨ੍ਹਾਂ ਦਾ ਮਨ ਵਾਸ਼ਨਾਂ ਵੱਲੋਂ ਅਤੇ ਤਨ ਵਿਕਾਰਾਂ ਵੱਲੋਂ ਸ਼ਾਂਤ ਹੋਇਆ ਹੈ, ਹੰਕਾਰ ਤੋਂ ਰਹਿਤ ਹੋਣ ਕਰਕੇ ਉਨ੍ਹਾਂ ਨੂੰ ਰਸਨਾ ਤੇ ਹਰੀ ਦਾ ਅਨੰਦ ਆਇਆ ਹੈ। ਯਥਾ :—

੧. *'ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*
*ਨਾਨਕ ਜਨ ਕਾ ਦਾਸਨਿ ਦਸਨਾ ॥੪॥'* [ਗਉੜੀ ਸੁਖਮਨੀ ਮਃ ੫, ਅੰਗ—੨੬੩]

੨. *'ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥*
*ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥੯॥'*
[ਗਉੜੀ ਕੀ ਵਾਰ ਮਹਲਾ ੫, ਅੰਗ—੩੨੦]

## ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥

ਸਤਿਗੁਰਾਂ ਦੇ **ਸਬਦੇ** = ਉਪਦੇਸ਼ ਕਰਕੇ ਹੀ ਹਿਰਦੇ ਵਿਚ ਨਾਮ ਪੈਦਾ ਹੁੰਦਾ ਹੈ ਅਤੇ ਸ਼ਬਦ ਦੀ ਕਮਾਈ ਕਰਕੇ ਹੀ ਗੁਰਾਂ ਨੇ ਸਿੱਖ ਨੂੰ ਪ੍ਰਮੇਸ਼ਰ ਦੀ ਏਕਤਾ ਦੇ ਮੇਲ ਵਿਚ ਮਿਲਾਇਆ ਹੈ।

## ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥

ਸਤਿਗੁਰਾਂ ਦੇ ਉਪਦੇਸ਼ ਦੀ ਕਮਾਈ ਤੋਂ ਬਿਨਾਂ ਸਾਰਾ ਜਗਤ ਕਮਲਾ ਹੋ ਰਿਹਾ ਹੈ ਅਤੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਹੀ ਗਵਾ ਰਿਹਾ ਹੈ।

## ਸਾਖੀ : ਮੂਰਖ ਲੱਕੜਹਾਰੇ ਦੀ

ਇਕ ਰਾਜਾ ਜੰਗਲ ਵਿਚ ਸ਼ਿਕਾਰ ਕਰਨ ਗਿਆ, ਜਿਥੇ ਉਸਨੂੰ ਪਿਆਸ ਨੇ ਬਹੁਤ ਤੰਗ ਕੀਤਾ। ਉਥੇ ਇਕ ਲੱਕੜਹਾਰਾ, ਜੋ ਲੱਕੜਾਂ ਕੱਟ ਰਿਹਾ ਸੀ, ਉਸਨੇ ਰਾਜੇ ਨੂੰ ਜਲ ਛਕਾਇਆ। ਰਾਜਾ ਪਾਣੀ ਪੀ ਕੇ ਬਹੁਤ ਪ੍ਰਸੰਨ ਹੋਇਆ ਅਤੇ ਇਕ ਅੰਗੂਠੀ ਲੱਕੜਹਾਰੇ ਨੂੰ ਦੇਂਦਿਆਂ ਹੋਇਆ ਕਿਹਾ, "ਇਹ ਅੰਗੂਠੀ ਨਿਸ਼ਾਨੀ ਲੈ ਕੇ ਮੇਰੇ ਦਰਬਾਰ ਵਿਚ ਆਵੀਂ ਤਾਂ ਤੈਨੂੰ ਬਹੁਤ ਸਾਰਾ ਇਨਾਮ ਦੇਵਾਂਗਾ।" ਕੁਝ ਸਮਾਂ ਪਾ ਕੇ ਲੱਕੜਹਾਰਾ ਅੰਗੂਠੀ ਲੈ ਕੇ ਰਾਜੇ ਦੇ ਦਰਬਾਰ ਵਿਚ ਆਇਆ ਤਾਂ ਰਾਜੇ ਨੇ ਲੱਕੜਹਾਰੇ ਨੂੰ ਇਨਾਮ ਵਜੋਂ ਇਕ ਚੰਦਨ ਦਾ ਬਾਗ਼ ਦਿੱਤਾ। ਲੱਕੜਹਾਰੇ ਨੇ ਉਸ ਬਾਗ਼ ਵਿਚ ਜਾ ਕੇ ਸਭ ਤੋਂ ਪਹਿਲਾਂ ਕੁਹਾੜੇ ਦੇ ਦਸਤੇ ਲਈ ਇਕ ਡੰਡਾ ਵੱਢਿਆ। ਕੁਹਾੜੇ ਵਿਚ ਚੰਦਨ ਦਾ ਦਸਤਾ ਪਾ ਕੇ, ਉਸ ਕੁਹਾੜੇ ਨਾਲ ਫਿਰ ਬਾਕੀ ਸਾਰੇ ਦਰਖੱਤ ਵੱਢ-ਵੱਢ ਕੇ ਕੋਇਲੇ ਬਣਾ ਕੇ ਵੇਚ ਦਿੱਤੇ। ਕੇਵਲ ਉਹ ਇਕ ਦਸਤਾ ਹੀ, ਜੋ ਕੁਹਾੜੇ ਵਿਚ ਸੀ, ਰਹਿ ਗਿਆ।

ਅੱਗੇ ਹਰ ਰੋਜ਼ ਕੁਹਾੜਾ ਬਾਹਰ ਜੰਗਲ ਵਿਚ ਹੀ ਛੱਡ ਆਉਂਦਾ ਸੀ, ਪਰ ਅੱਜ ਸਾਰੀਆਂ ਲੱਕੜਾਂ ਮੁੱਕਣ ਕਰਕੇ ਮੋਢੇ 'ਤੇ ਰੱਖ ਕੇ ਸਿਰ ਉੱਤੇ ਕੋਇਲਿਆਂ ਦੀ ਪੰਡ ਚੁੱਕ ਕੇ ਬਜ਼ਾਰ ਵਿਚ ਵੇਚਣ ਗਿਆ। ਜਦੋਂ ਪੰਡ ਉਤਾਰਨ ਲੱਗਾ ਤਾਂ ਮੋਢੇ 'ਤੇ ਰੱਖਿਆ ਕੁਹਾੜੇ ਦਾ ਦਸਤਾ ਦੁਕਾਨਦਾਰ ਦੀਆਂ ਨਾਸਕਾਂ ਲਾਗੇ ਹੋਣ 'ਤੇ ਉਸਨੂੰ ਖ਼ੁਸ਼ਬੂ ਆਈ। ਉਸ ਦੁਕਾਨਦਾਰ ਨੇ ਉਨ੍ਹਾਂ ਕੋਇਲਿਆਂ ਦਾ ਮੁੱਲ ਤਾਂ ਕੁਝ ਕੌਡੀਆਂ ਹੀ ਦੱਸਿਆ, ਪਰ ਕਹਿਣ ਲੱਗਾ, ਇਹ ਜੋ ਕੁਹਾੜੇ ਦਾ ਦਸਤਾ ਹੈ, ਜੇਕਰ ਵੇਚਣਾ ਹੋਵੇ ਤਾਂ ਇਸਦੀ ਬਹੁਤ ਕੀਮਤ ਦੇਵਾਂਗਾ।" ਇਹ ਸੁਣ ਕੇ ਲੱਕੜਹਾਰਾ ਬਹੁਤ ਪਛਤਾਇਆ ਅਤੇ ਕਹਿਣ ਲੱਗਾ, "ਮੈਂ ਇਸ ਨਾਲ ਐਸੀ ਕੀਮਤੀ ਲੱਕੜੀ ਦੇ ਗੱਡਿਆਂ ਦੇ ਗੱਡੇ ਕੋਇਲੇ ਬਣਾ ਕੇ ਵੇਚ ਦਿੱਤੇ ਹਨ, ਜੇ ਪਤਾ ਹੁੰਦਾ ਤਾਂ ਕਦੇ ਐਸੀ ਭੁੱਲ ਨਾ ਕਰਦਾ!"

ਇਸੇ ਤਰ੍ਹਾਂ ਅਸਲ ਪਾਤਸ਼ਾਹ ਵਾਹਿਗੁਰੂ ਹੈ, ਜੀਵ ਲੱਕੜਹਾਰਾ ਹੈ, ਚੰਗੇ ਕਰਮ ਕਰਨੇ ਪਾਣੀ ਪਿਆਉਣਾ ਹੈ। ਵਾਹਿਗੁਰੂ ਰਾਜੇ ਦੀ ਮਿਹਰ ਕਰਕੇ ਮਨੁੱਖਾ ਜਨਮ, ਅਥਵਾ :— ਸ਼ਰਧਾ ਰੂਪ ਅੰਗੂਠੀ ਮਿਲਦੀ ਹੈ। ਉਮਰ ਇਕ ਚੰਦਨ ਦਾ ਬਾਗ਼ ਹੈ, ਜਿਸ ਵਿਚ ਸਵਾਸਾਂ ਰੂਪ ਚੰਦਨ ਦੇ ਬੂਟਿਆਂ ਤਾਈਂ ਮਨਮਤ ਰੂਪ ਕੁਹਾੜੇ ਨਾਲ ਕੱਟ ਕੇ ਰਾਗ-ਦ੍ਵੈਖ ਦੀ ਅਗਨੀ ਵਿਚ ਸਾੜ ਕੇ ਪਾਪਾਂ ਰੂਪ ਕੋਇਲੇ ਕਰ ਰਿਹਾ ਹੈ। ਵਾਹਿਗੁਰੂ ਦੇ ਸਿਮਰਨ ਵਿਚ ਲੱਗੇ ਕਿਸੇ ਇਕ ਦੋ ਸਵਾਸਾਂ ਦੀ ਅੰਤ ਨੂੰ ਧਰਮਰਾਜੇ ਪਾਸ ਬਹੁਤੀ ਕੀਮਤ ਪੈਣ 'ਤੇ ਜੀਵ ਨੇ ਬੜਾ ਹੀ ਪਸ਼ਚਾਤਾਪ ਕੀਤਾ। ਯਥਾ :—

*'ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥'* [ਆਸਾ ਦੀ ਵਾਰ ਮਹਲਾ ੧, ਅੰਗ—੪੭੦-੭੧]

**ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥**

ਇਕ ਗੁਰਾਂ ਦਾ ਉਪਦੇਸ਼ ਹੀ ਮ੍ਰਿਤੂ ਤੋਂ ਰਹਿਤ ਕਰਨ ਵਾਲਾ ਹੈ, ਗੁਰੂ ਜੀ ਕਥਨ ਕਰਦੇ ਹਨ, ਉਹ ਉਪਦੇਸ਼ ਗੁਰਾਂ ਦੁਆਰੇ ਪਾਇਆ ਜਾਂਦਾ ਹੈ।

**ਪਉੜੀ ॥ ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥**

ਉਹ ਹਰੀ ਪੁਰਖ ਅਗੰਮ ਹੈ, ਕਹੋ ਖਾਂ ! ਕਿਸ ਵਿਧੀ ਨਾਲ ਉਸਨੂੰ ਪਾਉਣਾ ਕਰੀਏ ?

**ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥**

ਉਸਦਾ ਰੂਪ-ਰੇਖ ਕੋਈ ਨਹੀਂ ਹੈ ਅਤੇ ਉਹ ਵੇਖਣ ਤੋਂ ਵੀ ਰਹਿਤ ਹੈ, ਹੇ ਸੰਤ ਜਨੋ ! ਕਹੋ ! ਉਸਨੂੰ ਕਿਵੇਂ ਧਿਆਉਣਾ ਕਰੀਏ ?

**ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥**

ਉਹ ਹਰੀ **ਨਿਰੰਕਾਰੁ** = ਅਕਾਰ ਤੋਂ ਰਹਿਤ ਹੈ, **ਨਿਰੰਜਨੁ** = ਮਾਇਆ ਮਲ ਤੋਂ ਰਹਿਤ ਹੈ, **ਅਗਮੁ** = ਖੌਫ਼ ਤੋਂ ਰਹਿਤ ਹੈ, ਕਿਹੜੇ-ਕਿਹੜੇ ਗੁਣ ਕਹਿ ਕੇ ਉਸਦੇ ਜਸ ਨੂੰ ਗਾਇਨ ਕਰੀਏ ? ਉੱਤਰ :—

**ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥**
**ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥**

ਉਹ ਹਰੀ ਆਪਣੇ ਆਪ ਜਿਸਨੂੰ ਸਮਝਾਉਂਦਾ ਹੈ, ਉਹੀ ਹਰੀ ਦੇ ਰਸਤੇ ਨੂੰ ਪਾਂਵਦਾ ਹੈ। ਪੂਰਿਆਂ ਗੁਰਾਂ ਨੇ ਇਹ ਰਸਤਾ ਵਿਖਾਇਆ ਹੈ, ਇਸ ਲਈ ਗੁਰਾਂ ਦੀ ਸੇਵਾ ਕਰਨ ਨਾਲ ਹੀ ਇਹ ਰਸਤਾ ਪਾਈਦਾ ਹੈ ॥੪॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੨੪.

**ਸਲੋਕੁ ਮ: ੩ ॥** [ਅੰਗ—੬੪੫-੪੬]

**ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥**

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਬੇਅੰਤ ਗੁਣ ਹਨ। ਯਥਾ:—

*'ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥'*

[ਸਵਈਏ ਮਹਲੇ ਤੀਜੇ ਕੇ, ਭਲੁ ਭੱਟ, ਅੰਗ—੧੩੯੬]

ਜਦੋਂ ਬੱਦਲ ਵਰਸਦਾ ਹੈ ਤਾਂ ਪਾਣੀ ਦੀਆਂ ਬੂੰਦਾਂ ਗਿਣੀਆਂ ਨਹੀਂ ਜਾਂਦੀਆਂ ਕਿ ਕਿੰਨੀਆਂ ਕੁ ਹਨ ਤੇ **ਬਸੁਅ** = ਧਰਤੀ ਦੀ ਰੋਮਾਵਲੀ (ਬਨਸਪਤੀ) ਵੀ ਗਿਣੀ ਨਹੀਂ ਜਾਂਦੀ ਕਿ ਕਿੰਨੀ ਕੁ ਹੈ। ਬਸੰਤ ਰੁੱਤ ਵਿਚ ਜਿਹੜੇ ਵਾੜੀ 'ਚ ਫੁੱਲ ਖਿੜੇ ਹੁੰਦੇ ਹਨ, ਉਨ੍ਹਾਂ ਦੀ ਵੀ ਗਿਣਤੀ ਨਹੀਂ ਆਉਂਦੀ ਕਿ ਕਿੰਨੇ ਕੁ ਫੁਲਵਾੜੀਆਂ 'ਚ ਫੁੱਲ ਖਿੜੇ ਹੋਏ ਹਨ।

*'ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥'*

ਜਿਵੇਂ ਸੂਰਜ ਦੀਆਂ ਕਿਰਨਾਂ ਗਿਣੀਆਂ ਨਹੀਂ ਜਾ ਸਕਦੀਆਂ। ਸੂਰਜ ਦੀ ਕਿਰਨ ਇਕ ਸੈਕਿੰਡ ਵਿਚ ਪੰਜ-ਪੰਜ ਮੀਲ ਸਫ਼ਰ ਤਹਿ ਕਰ ਜਾਂਦੀ ਹੈ। ਅਤੇ ਸ਼ਾਂਤੀ ਦੇਣ ਵਾਲੀਆਂ ਚੰਦ੍ਰਮਾਂ ਦੀਆਂ ਕਿਰਨਾਂ ਵੀ ਗਿਣੀਆਂ ਨਹੀਂ ਜਾ ਸਕਦੀਆਂ, ਜੋ ਫਲਾਂ 'ਚ ਪੈ ਕੇ ਰਸ ਪਕਾਉਂਦੀਆਂ ਹਨ। ਸਮੁੰਦਰ ਦਾ ਪੇਟ ਵੀ ਮਾਪਿਆ ਨਹੀਂ ਜਾ ਸਕਦਾ ਕਿ ਕਿੰਨੇ ਕੁ ਮੀਲ ਜਾਂ ਕੋਹ ਹੈ। ਗੰਗਾ ਦੀਆਂ ਜਿਹੜੀਆਂ ੯੯੯ ਨਦੀਆਂ ਦੀਆਂ ਲਹਿਰਾਂ ਹਨ, ਉਨ੍ਹਾਂ ਦਾ ਅੰਤ ਕੌਣ ਪਾ ਸਕਦਾ ਹੈ? ਭਾਵ ਬੇਅੰਤ ਲਹਿਰਾਂ ਚੱਲਦੀਆਂ ਹਨ।

*'ਰੁਦ੍ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੁੋ ਗਾਵੈ ॥'*

ਸ਼ਿਵਜੀ ਇਤਨੇ ਲੰਬੇ ਸਮੇਂ ਤਕ ਧਿਆਨ ਲਾਉਂਦਾ ਹੈ ਕਿ ਅਠਾਸੀ-ਅਠਾਸੀ ਹਜ਼ਾਰ ਵਰ੍ਹਾ ਇਕ ਚੌਂਕੜੀ ਵਿਚ ਹੀ ਬੈਠਾ ਰਹਿੰਦਾ ਹੈ, ਸ਼ਿਵਜੀ ਦੇ ਧਿਆਨ ਦਾ ਅੰਤ ਕੌਣ ਪਾ ਸਕਦਾ ਹੈ? ਅਤੇ ਵਿਸ਼ਨੂੰ ਜੀ ਦਾ ਗਿਆਨ ਵੀ ਕੋਈ ਨਹੀਂ ਕਹਿ ਸਕਦਾ ਕਿ ਕਿੰਨਾ ਕੁ ਵਿਸ਼ਨੂੰ ਭਗਵਾਨ ਦੇ ਅੰਦਰ ਗਿਆਨ ਹੈ। ਭੱਲ੍ਹ ਭੱਟ ਜੀ ਕਹਿੰਦੇ ਹਨ, ਭਾਵੇਂ ਇਹ ਉਪਰੋਕਤ ਚੀਜ਼ਾਂ ਅਨਗਿਣਤ ਹਨ ਪਰ ਫਿਰ ਵੀ ਸਤਿਗੁਰਾਂ ਦੇ ਬਲ ਨਾਲ, ਗਿਆਨ ਨਾਲ, ਬਰਕਤ ਨਾਲ ਕੋਈ ਗਾ ਲਵੇ ਤਾਂ ਗਾ ਹੀ ਲਵੇ। ਭਾਵ ਸਤਿਗੁਰਾਂ ਦੇ ਬਖ਼ਸ਼ਿਸ਼ ਕੀਤੇ ਹੋਏ ਗਿਆਨ

ਨਾਲ ਇਹ ਫਿਰ ਵੀ ਗਾਈਆਂ ਜਾ ਸਕਦੀਆਂ ਹਨ।

*'ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥'*

[ਸਵਈਏ ਮਹਲੇ ਤੀਜੇ ਕੇ, ਭਲ੍ਯ ਭੱਟ, ਅੰਗ—੧੩੯੬]

ਪਰ, ਹੇ ਭੱਲਿਆਂ ਦੀ ਵੰਸ ਦੇ ਸੂਰਜ ਰੂਪ, ਵਾ :—**ਭਲੇ** = ਸ਼੍ਰੋਮਣੀ, ਵਾ :—ਭਲਿਆਈ ਦੇ ਦੇਣ ਵਾਲੇ ਸਤਿਗੁਰੂ ਅਮਰਦਾਸ ਜੀ ਮਹਾਰਾਜ! ਤੁਹਾਡੇ ਗੁਣ ਨਹੀਂ ਗਿਣੇ ਜਾ ਸਕਦੇ, ਹੇ ਸੱਚੇ ਪਾਤਸ਼ਾਹ! ਤੇਰੀ ਉਪਮਾ ਤੈਨੂੰ ਹੀ ਬਣ ਆਉਂਦੀ ਹੈ, ਆਪ ਜੈਸੀ ਵਡਿਆਈ ਆਪ ਨੂੰ ਹੀ ਫੱਬਦੀ ਹੈ। ਯਥਾ :—

*'ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥੩॥'*

[ਬਿਲਾਵਲੁ ਰਵਿਦਾਸ ਜੀ, ਅੰਗ—੮੫੮]

## ਸਾਖੀ : ਮਾਈਦਾਸ ਵੈਸ਼ਨੋ ਦੀ

ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੀ ਮਹਿਮਾ ਸੁਣ ਕੇ ਮਾਈਦਾਸ ਵੈਸ਼ਨੋ ਦਰਸ਼ਨ ਕਰਨ ਲਈ ਆਇਆ, ਇਹ ਕ੍ਰਿਸ਼ਨ ਜੀ ਦਾ ਉਪਾਸ਼ਕ ਸੀ। ਸਿੱਖ ਨੇ ਦਰਵਾਜ਼ੇ ਤੋਂ ਵਾਪਸ ਮੋੜ ਦਿੱਤਾ ਕਿ ਪਹਿਲਾਂ ਲੰਗਰ ਵਿਚੋਂ ਪ੍ਰਸ਼ਾਦਾ ਛਕ ਕੇ ਆ, ਫਿਰ ਸਤਿਗੁਰਾਂ ਦੇ ਦਰਸ਼ਨ ਕਰਨ ਦੀ ਆਗਿਆ ਹੈ। ਇਹ ਕਰਮ-ਕਾਂਡੀ ਸੀ, ਸੋਚਿਆ ਕਿ ਗੁਰੂ ਕੇ ਲੰਗਰ ਵਿਚ ਸਭ ਜਾਤੀ ਦੇ ਲੋਕ ਸੇਵਾ ਕਰਦੇ ਹਨ, ਮੈਂ ਭੋਜਨ ਨਹੀਂ ਛਕ ਸਕਦਾ। ਇਉਂ ਸੋਚ ਕੇ ਦਰਸ਼ਨ ਕਰਨ ਤੋਂ ਬਿਨਾਂ ਹੀ ਵਾਪਸ ਮੁੜ ਆਇਆ ਤੇ ਦੁਆਰਕਾ ਦੇ ਦਰਸ਼ਨਾਂ ਲਈ ਰਸਤੇ ਚੱਲ ਪਿਆ।

ਜਦੋਂ ਸੰਘਣੇ ਜੰਗਲ ਵਿਚ ਪਹੁੰਚਿਆਂ ਤਾਂ ਕ੍ਰਿਸ਼ਨ ਅਸ਼ਟਮੀ ਦਾ ਵਰਤ ਰੱਖਿਆ। ਰਾਤ ਇਕ ਬ੍ਰਿਛ ਦੀ ਖੋੜ ਵਿਚ ਗੁਜ਼ਾਰੀ, ਸਵੇਰੇ ਵਰਤ ਖੋਲ੍ਹਣਾ ਸੀ, ਜਦ ਇਸਨੇ ਸੰਕਲਪ ਕੀਤਾ ਕਿ ਮੈਨੂੰ ਰਸਦ ਮਿਲੇ ਤਾਂ ਭਗਵਾਨ ਨੇ ਆਦਮੀ ਦੇ ਰੂਪ ਵਿਚ ਆ ਕੇ ਕੱਚਾ ਭੋਜਨ ਇਸਦੇ ਅੱਗੇ ਲਿਆ ਰੱਖਿਆ। ਫਿਰ ਇਸਨੇ ਸੋਚਿਆ ਕਿ ਜੇ ਪੱਕਾ (ਤਲਿਆ ਹੋਇਆ) ਭੋਜਨ ਹੁੰਦਾ ਤਾਂ ਮੈਂ ਵਰਤ ਖੋਲ੍ਹ ਲੈਂਦਾ, ਪਰ ਇਹ ਤਾਂ ਕੱਚਾ ਭੋਜਨ ਹੈ। ਤਾਂ ਭਗਵਾਨ ਨੇ ਪੂੜੀਆਂ ਆਦਿਕ ਪੱਕਾ ਭੋਜਨ ਗੁਪਤ ਰੂਪ 'ਚ ਇਸਦੇ ਅੱਗੇ ਰੱਖ ਦਿੱਤਾ। ਫਿਰ ਬੇਨਤੀ ਕੀਤੀ, "ਹੇ ਭਗਵਾਨ! ਮੈਨੂੰ ਭੋਜਨ ਤਾਂ ਦੇ ਦਿੱਤਾ ਹੈ, ਦਰਸ਼ਨ ਕਿਉਂ ਨਹੀਂ ਬਖ਼ਸ਼ਦੇ ਹੋ ?" ਤਾਂ ਅਕਾਸ਼ਬਾਣੀ ਹੋਈ ਕਿ ਜਿਸ ਗੁਰੂ ਦੁਆਰਾ ਤੈਨੂੰ ਸਾਡੇ ਦਰਸ਼ਨ ਹੋਣੇ ਸਨ, ਉਥੋਂ ਤਾਂ ਤੂੰ ਵਾਪਸ ਆ ਗਿਆ ਹੈਂ, ਜਾਹ ਉਨ੍ਹਾਂ ਪਾਸ! ਉਨ੍ਹਾਂ ਗੁਰਾਂ ਦੁਆਰਾ ਹੀ ਦਰਸ਼ਨ ਹੋ ਸਕਦੇ ਹਨ।" ਤਾਂ ਇਹ ਸ੍ਰੀ ਗੋਇੰਦਵਾਲ ਸਾਹਿਬ ਨੂੰ ਵਾਪਸ ਮੁੜ ਪਿਆ ਤੇ ਨਾਲ ਹੀ ਸੰਕਲਪ

ਕੀਤਾ ਕਿ ਗੁਰੂ ਜੀ ਮੈਨੂੰ ਭਗਵਾਨ ਦੇ ਰੂਪ ਵਿਚ ਦਰਸ਼ਨ ਦੇਣ।

ਆ ਕੇ ਪਹਿਲਾਂ ਲੰਗਰ ਵਿਚੋਂ ਭੋਜਨ ਛਕਿਆ, ਫਿਰ ਸਤਿਗੁਰਾਂ ਦੇ ਦਰਸ਼ਨਾਂ ਲਈ ਹਾਜ਼ਰ ਹੋਇਆ, ਤਾਂ ਗੁਰੂ ਜੀ ਨੇ ਇਸਦੀ ਭਾਵਨਾ ਪੂਰੀ ਕਰਨ ਵਾਸਤੇ ਚਤੁਰਭੁਜੀ ਸਰੂਪ ਵਿਚ ਦਰਸ਼ਨ ਬਖ਼ਸ਼ ਕੇ ਨਿਹਾਲ ਕੀਤਾ। ਫਿਰ ਉਸ ਸਰੂਪ 'ਚ ਦਰਸ਼ਨ ਬਖ਼ਸ਼ੇ, ਜੋ ਸੰਸਾਰ ਨੂੰ ਤਾਰਨ ਲਈ ਧਾਰਿਆ ਹੈ।

ਤਾਂ ਮਾਈਦਾਸ ਨੇ ਗੁਰੂ ਜੀ ਦੇ ਚਰਨਾਂ 'ਤੇ ਆਪਣਾ ਸਿਰ ਰੱਖ ਕੇ ਉਪਦੇਸ਼ ਦੀ ਯਾਚਨਾ ਕੀਤੀ। ਤਾਂ ਗੁਰੂ ਜੀ ਨੇ ਇਸ ਸ਼ਬਦ ਦੁਆਰਾ ਉਪਦੇਸ਼ ਬਖ਼ਸ਼ਿਆ :—

**ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥**

ਹਰੀ ਨਾਮ ਤੋਂ ਬਿਨਾਂ ਸਾਰੇ ਭਟਕਦੇ ਫਿਰਦੇ ਹਨ, ਨਿਤਾਪ੍ਰਤੀ ਸੰਸਾਰ ਵਿਚ **ਜਗਿ** = ਜੀਵਾਂ ਨੂੰ **ਤੋਟਾ** = ਘਾਟਾ ਹੈ। ਵਾ :—ਬਿਨਾਂ ਨਾਮ ਤੋਂ ਸਾਰੇ ਜੀਵ ਭਰਮ ਕਰਕੇ ਜੂਨਾਂ ਵਿਚ ਭਰਮਦੇ ਫਿਰਦੇ ਹਨ।

ਭਗਤ ਰਵਿਦਾਸ ਜੀ ਭਰਮ ਦੇ ਲੱਖਣ ਇਸ ਪ੍ਰਕਾਰ ਕਰਦੇ ਹਨ :—

*'ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥'*

[ਸੋਰਠਿ ਰਵਿਦਾਸ ਜੀ, ਅੰਗ—੬੫੭]

ਹੇ ਪ੍ਰਮੇਸ਼ਰ ! ਕੀ ਕਹੀਏ ਕਿ ਭਰਮ ਐਸਾ ਹੈ ! ਕਿਸੇ ਵਸਤੂ ਨੂੰ ਜਿਸ ਤਰ੍ਹਾਂ ਦਾ ਮੰਨੀਏ ਪਰ ਉਹ ਤਿਸ ਤਰ੍ਹਾਂ ਦੀ ਨਾ ਹੋਵੇ, ਉਸਨੂੰ ਭਰਮ ਕਹਿੰਦੇ ਹਨ। ਪੂਰਾ ਚਾਨਣ ਨਾ ਹੋਵੇ ਤੇ ਪੂਰਾ ਹਨੇਰਾ ਵੀ ਨਾ ਹੋਵੇ, ਉਥੇ ਭਰਮ ਪੈਦਾ ਹੁੰਦਾ ਹੈ। ਕਿਉਂਕਿ ਹਨੇਰੇ ਵਿਚ ਕੋਈ ਵਸਤੂ ਦਿਸਦੀ ਹੀ ਨਹੀਂ ਹੈ ਤੇ ਚਾਨਣ ਵਿਚ ਤਾਂ ਸਾਰੀਆਂ ਚੀਜ਼ਾਂ ਪ੍ਰਤੱਖ ਦਿਸਦੀਆਂ ਹਨ। ਇਸ ਪ੍ਰਕਾਰ ਜਿਥੇ ਯਥਾਰਥ ਵਸਤੂ ਦਾ ਸਮਾਨ ਗਿਆਨ ਹੋਵੇ ਤੇ ਅਯਥਾਰਥ ਵਸਤੂ ਦਾ ਵਿਸ਼ੇਸ਼ ਗਿਆਨ ਹੋਵੇ, ਉਸ ਥਾਂ ਭਰਮ ਪੈਦਾ ਹੁੰਦਾ ਹੈ। ਜਿਵੇਂ ਯਥਾਰਥ ਵਸਤੂ ਰੱਸੀ ਦਾ ਸਮਾਨ ਗਿਆਨ ਅਤੇ ਅਯਥਾਰਥ ਸੱਪ ਦਾ ਵਿਸ਼ੇਸ਼ ਗਿਆਨ, ਦੋਨੋਂ ਮਿਲ ਕੇ ਭਰਮ ਪੈਦਾ ਹੁੰਦਾ ਹੈ। ਸਾਨੂੰ ਆਪਣੇ ਆਤਮ ਸਰੂਪ ਦਾ ਸਮਾਨ ਗਿਆਨ ਅਤੇ ਮਾਇਆ ਦਾ ਵਿਸ਼ੇਸ਼ ਗਿਆਨ ਹੈ, ਇਸ ਕਰਕੇ ਭਰਮ ਪਿਆ ਹੈ। ਨਾਮ ਤੋਂ ਬਿਨਾਂ ਭਰਮ ਦੀ ਨਵਿਰਤੀ ਨਹੀਂ ਹੁੰਦੀ ਹੈ। ਨਾਮ ਤੋਂ ਬਿਨਾ ਸਭ ਦੇਵੀ-ਦੇਵਤੇ ਭਰਮਦੇ ਹਨ। ਯਥਾ :—

੧. *'ਕਾਲ ਹੀ ਪਾਇ ਭਇਓ ਬ੍ਰਹਮਾ; ਗਹਿ ਦੰਡ ਕਮੰਡਲ ਭੂਮ ਭ੍ਰਮਾਨਜੋ ॥'*

[ਦਸਮ, ਅੰਗ—੭੧੫]

੨. *'ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥*
*ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੮]

ਕਿਸੇ ਪ੍ਰੇਮੀ ਨੇ ਦਮਦਮੀ ਟਕਸਾਲ ਦੇ ੧੨ਵੇਂ ਮੁਖੀ ਸੰਤ ਬਾਬਾ ਸੁੰਦਰ ਸਿੰਘ ਜੀ ਪਾਸੋਂ ਪੁੱਛਿਆ, "ਭਰਮ ਕਿਥੋਂ ਪਿਆ ਹੈ ?" ਤਾਂ ਸੰਤਾਂ ਨੇ ਦ੍ਰਿਸ਼ਟਾਂਤ ਦੇ ਕੇ ਕਿਹਾ, "ਹੇ ਭਾਈ! ਜੇ ਕਿਸੇ ਦੀ ਝੋਲੀ ਵਿਚ ਆ ਕੇ ਸੱਪ ਪੈ ਜਾਵੇ ਤਾਂ ਜੇ ਉਹ ਸੋਚਣ ਲੱਗ ਜਾਵੇ ਕਿ ਇਹ ਕਿਥੋਂ ਆ ਕੇ ਡਿੱਗਾ ਹੈ ? ਤਾਂ ਸੱਪ ਡੰਗ ਮਾਰ ਦਿੰਦਾ ਹੈ। ਇਸ ਕਰਕੇ ਸੋਚਣ ਦੀ ਲੋੜ ਨਹੀਂ ਕਿ ਕਿਥੋਂ ਆਇਆ ਹੈ, ਉਸੇ ਵੇਲੇ ਸੁੱਟ ਦੇਈਦਾ ਹੈ। ਏਸੇ ਤਰ੍ਹਾਂ ਸਾਡੀ ਹਿਰਦੇ ਰੂਪ ਝੋਲੀ ਵਿਚ ਭਰਮ ਰੂਪ ਸੱਪ ਪੈ ਗਿਆ ਹੈ, ਸੋਚਣ ਦੀ ਲੋੜ ਨਹੀਂ ਕਿ ਕਿਥੋਂ ਆਇਆ ਹੈ, ਇਕ ਦਮ ਕੱਢਣ ਦੀ ਗੱਲ ਕਰਨੀ ਚਾਹੀਦੀ ਹੈ।" ਭਰਮ ਪੰਜ ਪ੍ਰਕਾਰ ਦਾ ਮੰਨਿਆ ਹੈ :—

*'ਭੇਦ ਭਰਮ ਕਰਤਤ ਭਰਮ ਪੁਨ ਸੰਗ ਭਰਮ ਵਿਕਾਰ ॥*
*ਬ੍ਰਹਮ ਇਤਰ ਜਗ ਸਤ ਹੈ ਪਾਂਚਉ ਭਰਮ ਸੰਸਾਰ ॥'*

(ੳ) **ਭੇਦ ਭਰਮ** :—ਭੇਦ ਰਹਿਤ ਆਤਮਾ ਵਿਚ ਭੇਦ ਦੀ ਪ੍ਰਤੀਤੀ। ਪੁਨਾ ਉਹ ਭੇਦ ਵੀ ਪੰਜ ਪ੍ਰਕਾਰ ਦਾ ਹੈ :—

੧. ਜੀਵ ਈਸ਼ ਦਾ ਭੇਦ, ੨. ਜੀਵ ਜੀਵ ਦਾ ਭੇਦ, ੩. ਜੀਵ ਜੜ੍ਹ ਦਾ ਭੇਦ, ੪. ਜੜ੍ਹ ਜੜ੍ਹ ਦਾ ਭੇਦ, ੫. ਜੜ੍ਹ ਈਸ਼ ਦਾ ਭੇਦ।

(ਅ) **ਕਰਤਤ ਭਰਮ** :—ਕਰਤਾ-ਭੋਗਤਾ ਆਦਿਕ ਧਰਮਾਂ ਤੋਂ ਰਹਿਤ ਆਤਮਾ ਵਿਚ ਕਰਤਾ ਭੋਗਤਾ ਆਦਿਕ ਧਰਮਾਂ ਦੀ ਪ੍ਰਤੀਤੀ ਹੋਣੀ, ਇਹ ਦੂਸਰਾ ਕਰਤੱਤ ਭਰਮ ਹੈ।

(ੲ) **ਪੁਨ ਸੰਗ ਭਰਮ** :—ਪੁਨਾ = ਬਹੁੜੋ ਅਸੰਗ ਆਤਮਾ ਵਿਚ ਦੇਹ ਆਦਿਕਾਂ ਦੇ ਸੰਗ ਦੀ ਪ੍ਰਤੀਤੀ ਹੋਣੀ, ਇਹ ਤੀਸਰਾ ਭਰਮ ਹੈ।

(ਸ) **ਵਿਕਾਰ ਭਰਮ** :—ਜਗਤ ਅਤੇ ਜੀਵ ਵਿਚ ਬ੍ਰਹਮ ਦੇ ਵਿਕਾਰ ਪ੍ਰਣਾਮ ਦੀ ਪ੍ਰਤੀਤੀ ਹੋਣੀ, ਇਹ ਚੌਥਾ ਭਰਮ ਹੈ।

(ਹ) **ਬ੍ਰਹਮ ਇਤਰ ਜਗ ਸਤ ਹੈ** :—ਬ੍ਰਹਮ ਤੋਂ ਬਿਨਾਂ ਸੱਤਾ ਰਹਿਤ ਜਗਤ ਵਿਚ ਸੱਤਤਾ ਦੀ ਪ੍ਰਤੀਤੀ ਹੋਣੀ, ਇਹ ਪੰਜਵਾਂ ਭਰਮ ਹੈ।

ਇਹ ਪੰਜ ਭਰਮ ਪੰਜ ਦ੍ਰਿਸ਼ਟਾਂਤਾਂ ਨਾਲ ਦੂਰ ਹੁੰਦੇ ਹਨ :—

*'ਦੋਹਰਾ ॥ ਬਿੰਬ ਪ੍ਰਤਿਬਿੰਬ ਲੋਹਤ ਸਫਟਕ ਘਟਾਕਾਸ ਗੁਣ ਮਾਰ ॥*
*ਕਨਕ ਕੁੰਡਲ ਦ੍ਰਿਸ਼ਟਾਂਤ ਦੇ ਪਾਂਚੌ ਭਰਮ ਨਿਵਾਰ ॥'*

ਸ੍ਰੀ ਗੁਰੂ ਅਰਜਨ ਦੇਵ ਜੀ ਭਰਮ ਦੀ ਨਵਿਰਤੀ ਇਉਂ ਫ਼ੁਰਮਾਉਂਦੇ ਹਨ :—

*'ਸੰਤ ਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ ॥੧॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੮]

ਭਰਮ ਦੂਰ ਹੋਣ ਨਾਲ ਫਿਰ ਸਾਰੇ ਪਾਸੇ ਬ੍ਰਹਮ ਹੀ ਦ੍ਰਿਸ਼ਟੀ ਵਿਚ ਆਉਂਦਾ ਹੈ। ਯਥਾ :—

*'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥'*

[ਬਿਲਾਵਲੁ ਮਹਲਾ ੫, ਅੰਗ—੮੪੬]

ਇਸ ਤਰ੍ਹਾਂ ਨਾਮ ਤੋਂ ਬਿਨਾਂ ਸਾਰੇ ਜੀਵ ਭਰਮ ਵਿਚ ਪਏ ਫਿਰਦੇ ਹਨ। ਯਥਾ :—

*'ਨਾਚਤ ਫਿਰਤ ਮੋਰ ਬਾਦਰ ਕਰਤ ਘੋਰ,*
*ਦਾਮਨੀ ਅਨੇਕ ਭਾਉ ਕਰਿਓ ਈ ਕਰਤ ਹੈ ॥*
*ਚੰਦ੍ਰਮਾ ਤੇ ਸੀਤਲ ਨ ਸੂਰਜ ਤੇ ਤਪਤ ਤੇਜ,*
*ਇੰਦ੍ਰ ਸੋਂ ਨ ਰਾਜਾ ਭਵ ਭੂਮ ਕੋ ਭਰਤ ਹੈ ॥*
*ਸਿਵ ਸੇ ਤਪੱਸੀ ਆਦਿ ਬ੍ਰਹਮਾ ਸੇ ਨ ਬੇਦਚਾਰੀ,*
*ਸਨਤ ਕੁਮਾਰ ਸੀ ਤਪੱਸਿਆ ਨ ਅਨਤ ਹੈ ॥*
*ਗਿਆਨ ਕੇ ਬਿਹੀਨ ਕਾਲ ਫਾਸ ਕੇ ਅਧੀਨ,*
*ਸਦਾ ਜੁੱਗਨ ਕੀ ਚਉਕਰੀ ਫਿਰਾਏ ਈ ਫਿਰਤ ਹੈ ॥੬॥੭੬॥'*

[ਦਸਮ, ਅੰਗ—੧੮]

ਨਾਮ-ਸਿਮਰਨ ਤੋਂ ਬਿਨਾਂ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ ਹੈ। ਯਥਾ :—

*'ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥੧॥'*

[ਗਉੜੀ ਮਹਲਾ ੫, ਅੰਗ—੧੮੮]

ਪ੍ਰਸ਼ਨ :—ਫਿਰ ਉਹ ਚੰਗੇ ਕੰਮ ਨਹੀਂ ਕਰਦੇ ਹੋਣੇ ? ਉੱਤਰ :—

## ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥

ਹੇ ਭਾਈ! ਮਨਮੁਖ ਲੋਕ ਨਿਤ-ਨਮਿੱਤ ਕਰਮਾਂ ਨੂੰ ਹਉਮੈ ਸਹਿਤ ਕਮਾਉਂਦੇ ਹਨ, ਇਸ ਕਰਕੇ ਮਨ-ਬੁੱਧ ਰੂਪ ਨੇਤ੍ਰਾਂ 'ਚ ਅੰਧੁ = ਅਗਿਆਨ ਦਾ ਗਾੜ੍ਹਾ ਹਨੇਰਾ ਹੈ। ਜਿਵੇਂ

ਖੂਹ ਵਿਚਲੇ ਡੱਡੂਆਂ ਨੂੰ ਬਾਹਰਲੇ ਦੇਸ਼ ਦੀ ਸਮਝ ਨਹੀਂ ਹੁੰਦੀ ਹੈ। ਯਥਾ :—

*'ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥*
*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥'*

[ਗਉੜੀ ਪੂਰਬੀ ਰਵਿਦਾਸ ਜੀਉ, ਅੰਗ—੩੪੬]

## ਸਾਖੀ : ਹੰਸ ਤੇ ਡੱਡੂ ਦੀ

ਮਾਨ ਸਰੋਵਰ 'ਤੇ ਰਹਿਣ ਵਾਲਾ ਇਕ ਹੰਸ ਕਿਸੇ ਖੂਹ 'ਤੇ ਆ ਬੈਠਾ, ਉਸਨੇ ਖੂਹ ਵਿਚ ਡੱਡੂ ਵੇਖਿਆ, ਕਿਹਾ, "ਚੱਲ ਮਿੱਤਰਾ! ਤੈਨੂੰ ਮਾਨ ਸਰੋਵਰ ਦੇ ਦਰਸ਼ਨ ਕਰਾਈਏ।" ਡੱਡੂ ਨੇ ਕਿਹਾ, "ਉਹ ਕਿਤਨਾ ਕੁ ਵੱਡਾ ਹੈ?" ਪਹਿਲੀ ਛਾਲ ਮਾਰ ਕੇ ਡੱਡੂ ਖੂਹ ਦੇ ਚੌਥੇ ਹਿੱਸੇ ਵਿਚ ਜਾ ਪੁੱਜਾ ਤੇ ਕਿਹਾ, "ਏਡਾ ਕੁ ਹੈ?" ਹੰਸ ਨੇ ਕਿਹਾ, "ਵੱਡਾ ਹੈ।" ਦੂਜੀ ਛਾਲ ਮਾਰ ਕੇ ਕਿਹਾ, "ਏਡਾ ਕੁ ਹੈ?" ਹੰਸ ਨੇ ਕਿਹਾ, "ਵੱਡਾ ਹੈ।" ਫਿਰ ਤੀਜੀ ਛਾਲ ਮਾਰ ਕੇ ਕਿਹਾ, "ਏਡਾ ਕੁ ਹੈ?" ਹੰਸ ਨੇ ਕਿਹਾ, "ਵੱਡਾ ਹੈ।" ਫਿਰ ਚੌਥੀ ਛਾਲ ਮਾਰ ਕੇ ਖੂਹ ਦੇ ਦੂਜੇ ਸਿਰੇ ਜਾ ਲੱਗਾ। ਪੁੱਛਣ ਲੱਗਾ, "ਏਡਾ ਕੁ ਹੋਵੇਗਾ?" ਹੰਸ ਨੇ ਕਿਹਾ, "ਇਸ ਨਾਲੋਂ ਬਹੁਤ ਵੱਡਾ ਹੈ।" ਡੱਡੂ ਨੇ ਕਿਹਾ, "ਤੂੰ ਝੂਠ ਬੋਲਦਾ ਹੈਂ, ਇਸ ਨਾਲੋਂ ਵੱਡਾ ਤਾਂ ਕੁਝ ਹੈ ਹੀ ਨਹੀਂ।"

ਏਸੇ ਪ੍ਰਕਾਰ ਹੀ ਸਾਧਸੰਗਤ ਰੂਪ ਮਾਨ ਸਰੋਵਰ 'ਤੇ ਰਹਿਣ ਵਾਲੇ ਮਹਾਂਪੁਰਖ ਤੱਤਬੇਤੇ, ਹੰਸਾਂ ਦੀ ਨਿਆਈ ਹਨ, ਜੋ ਨਾਮ ਰੂਪ ਮੋਤੀਆਂ ਦੇ ਆਸਰੇ ਰਹਿੰਦੇ ਹਨ। ਗ੍ਰਿਹਸਤ ਰੂਪ ਖੂਹ ਵਿਚ ਰਹਿਣ ਵਾਲੇ ਵਿਸ਼ਈ ਪੁਰਸ਼ ਡੱਡੂ ਦੀ ਤਰ੍ਹਾਂ ਹਨ। ਕਿਸੇ ਕਾਰਨ ਮਹਾਂਪੁਰਖ ਤੱਤਬੇਤੇ ਵਿਸ਼ਈ ਪੁਰਸ਼ ਰੂਪ ਡੱਡੂ ਨੂੰ ਮਿਲ ਕੇ ਕਹਿਣ, "ਚੱਲ ਬਈ! ਸਤਿਸੰਗਤ ਰੂਪ ਮਾਨ ਸਰੋਵਰ 'ਤੇ ਬੜਾ ਸੁਖ ਪ੍ਰਾਪਤ ਹੁੰਦਾ ਹੈ।" ਤਾਂ ਵਿਸ਼ਈ ਪੁਰਸ਼ ਰੂਪ ਡੱਡੂ ਨੇ ਅੱਗੋਂ ਕਿਹਾ, "ਗਰੀਬ ਆਦਮੀ ਨੂੰ ਧਨ ਮਿਲਣ ਤੋਂ ਜਿੰਨਾ ਸੁਖ ਪ੍ਰਾਪਤ ਹੁੰਦਾ ਹੈ, ਏਨਾ ਕੁ ਸੁਖ ਸਤਿਸੰਗਤ ਵਿਚ ਹੋਵੇਗਾ? ਜਾਂ ਕਿਸੇ ਦੀ ਸ਼ਾਦੀ ਨਾ ਹੁੰਦੀ ਹੋਵੇ, ਪਰ ਹੋ ਜਾਵੇ, ਏਨਾ ਕੁ ਸੁਖ ਹੋਵੇਗਾ? ਜਾਂ ਕਿਸੇ ਘਰ ਪੁੱਤਰ ਨਾ ਹੁੰਦਾ ਹੋਵੇ, ਪਰ ਹੋ ਜਾਵੇ, ਏਨਾ ਕੁ ਸੁਖ ਹੋਵੇਗਾ? ਜਾਂ ਜੇ ਪੁੱਤਰ ਦੀ ਸ਼ਾਦੀ ਨਾ ਹੁੰਦੀ ਹੋਵੇ ਪਰ ਹੋ ਜਾਵੇ, ਏਨਾ ਕੁ ਸੁਖ ਹੋਵੇਗਾ?" ਤਾਂ ਮਹਾਂਪੁਰਖਾਂ ਨੇ ਕਿਹਾ, "ਭਲਿਆ! ਜਿੰਨੇ ਸੁਖ ਤੂੰ ਕਹੇ ਹਨ, ਇਹ ਤਾਂ ਇਸ ਤਰ੍ਹਾਂ ਹਨ, ਜਿਵੇਂ ਸਮੁੰਦਰ ਪਾਸ ਇਕ ਪਾਣੀ ਦੀ ਬੂੰਦ, ਸੁਮੇਰ ਪਰਬਤ ਪਾਸ ਇਕ ਰੱਤੀ, ਚੱਕ੍ਰਵਰਤੀ ਰਾਜੇ ਪਾਸ ਇਕ ਕੰਗਾਲ। ਇਉਂ ਸਾਧਸੰਗਤ ਦੀ ਪ੍ਰਾਪਤੀ ਦਾ ਅਨੰਦ ਕਿਹਾ ਨਹੀਂ ਜਾ ਸਕਦਾ।" ਤਾਂ ਵਿਸ਼ਈ ਪੁਰਸ਼ ਨੇ ਕਿਹਾ, "ਤੁਸੀਂ ਤਾਂ ਝੂਠ ਬੋਲਦੇ ਹੋ, ਇਸ ਨਾਲੋਂ ਵੱਧ ਸੁਖ ਤਾਂ ਹੋ ਹੀ ਨਹੀਂ ਸਕਦਾ।"

**ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥**

ਗੁਰਮੁਖ ਪੁਰਸ਼ ਗੁਰਾਂ ਦੁਆਰੇ ਗੁਰ ਉਪਦੇਸ਼ ਦੀ ਵੀਚਾਰ ਕਰਕੇ ਨਾਮ-ਅੰਮ੍ਰਿਤ ਨੂੰ ਪੀਣਾ ਕਰਦਾ ਹੈ ॥੧॥

## ਸਾਖੀ : ਆਬ-ਏ-ਹਯਾਤ ਦੀ

ਜਦੋਂ ਤੋਂ ਸ੍ਰਿਸ਼ਟੀ ਬਣੀ, ਤਦੋਂ ਤੋਂ ਲੋਕਾਂ ਨੇ ਮੌਤ ਤੋਂ ਰਹਿਤ ਹੋਣ ਵਾਸਤੇ ਅੰਮ੍ਰਿਤ ਦੀ ਭਾਲ ਕੀਤੀ। ਕਈ ਥਾਵਾਂ 'ਤੇ ਅੰਮ੍ਰਿਤ ਦੀ ਕਲਪਨਾ ਹੋਈ, ਕਿਸੇ ਨੇ ਸਤਵੇਂ ਪਤਾਲ ਵਿਚ, ਕਿਸੇ ਨੇ ਸਮੁੰਦਰ ਵਿਚ, ਕਿਸੇ ਨੇ ਸਵਰਗ ਦੇ ਦੇਵਤਿਆਂ ਪਾਸ, ਵਿਕਾਰੀਆਂ ਨੇ ਇਸਤ੍ਰੀਆਂ ਦੇ ਬੁੱਲ੍ਹਾਂ ਵਿਚ, ਕਿਸੇ ਨੇ ਚੰਦ੍ਰਮਾਂ ਦੀਆਂ ਕਿਰਨਾਂ ਵਿਚ।

ਪਰ ਜੇ ਸਤਵੇਂ ਪਤਾਲ ਵਿਚ ਅੰਮ੍ਰਿਤ ਹੁੰਦਾ ਤਾਂ ਉਥੋਂ ਦੇ ਨਾਗ ਜ਼ਹਿਰੀਲੇ ਕਿਉਂ ਰਹਿ ਜਾਂਦੇ ? ਜੇ ਸਮੁੰਦਰ ਵਿਚ ਅੰਮ੍ਰਿਤ ਹੁੰਦਾ ਤਾਂ ਸਮੁੰਦਰ ਖਾਰਾ ਕਿਉਂ ਰਹਿ ਜਾਂਦਾ ? ਜੇ ਸਵਰਗ ਦੇ ਦੇਵਤਿਆਂ ਪਾਸ ਅੰਮ੍ਰਿਤ ਹੁੰਦਾ ਤਾਂ ਉਥੋਂ ਦਾ ਰਾਜਾ ਇੰਦ੍ਰ ਅਹਿਲਿਆ ਪਾਸ ਜਾ ਕੇ ਕੋੜ੍ਹੀ-ਕਲੰਕੀ ਕਿਉਂ ਹੁੰਦਾ ? ਜੇ ਇਸਤ੍ਰੀਆਂ ਦੇ ਬੁਲ੍ਹਾਂ ਵਿਚ ਅੰਮ੍ਰਿਤ ਹੁੰਦਾ ਤਾਂ ਰੰਡੀਆਂ ਕਿਉਂ ਹੁੰਦੀਆਂ ? ਜੇ ਚੰਦ੍ਰਮਾਂ ਵਿਚ ਅੰਮ੍ਰਿਤ ਹੁੰਦਾ ਤਾਂ ਵਧਦਾ-ਘਟਦਾ, ਚੜ੍ਹਦਾ-ਛਿਪਦਾ ਕਿਉਂ ਤੇ ਕਲੰਕ ਕਿਉਂ ਲੱਗਦਾ ?

ਇਸ ਆਬ-ਏ-ਹਯਾਤ (ਅੰਮ੍ਰਿਤ) ਨੂੰ ਪਹਾੜਾਂ ਵਿਚੋਂ ਸਿਕੰਦਰ ਵੀ ਲੱਭਦਾ ਫਿਰਦਾ ਰਿਹਾ। ਸੂਫ਼ੀ ਕਵੀ ਵਜੀਦ ਸਤਵੇਂ ਸਲੋਕ ਵਿਚ ਲਿਖਦਾ ਹੈ :—

*'ਸ਼ਾਹ ਸਿਕੰਦਰ ਢੂੰਡੇ ਆਬ-ਏ-ਹਯਾਤ ਨੂੰ।*
*ਫਿਰਦਾ ਵਿਚ ਪਹਾੜਾਂ ਦਿਨ ਤੇ ਰਾਤ ਨੂੰ।*
*ਪੀਤੋਸੁ ਨਹੀਂ ਪਿਆਲਾ ਆਪਣੇ ਦਸਤ ਭਰ।*
*ਵਜੀਦਾ ਕੌਣ ਸਾਹਿਬ ਨੂੰ ਆਖੇ ਇਉਂ ਨਹੀਂ ਇੰਜ ਕਰ ?'*

ਸਿਕੰਦਰ ਬਹੁਤ ਪਹਾੜ ਚੀਰ ਕੇ ਅੱਗੇ ਲੰਘਿਆ, ਰਾਖਸ਼ਾਂ ਨਾਲ ਯੁੱਧ ਕੀਤਾ, ਸੱਪਾਂ ਦੇ ਕੁੰਡ ਨੂੰ ਸ਼ਸਤਰਾਂ ਨਾਲ ਕੱਟ ਕੇ ਅੱਗੇ ਲੰਘਿਆ, ਤਾਂ ਅੱਗੇ ਇਕ ਐਸਾ ਭਿਆਨਕ ਚੱਕਰ ਚੱਲ ਰਿਹਾ ਸੀ, ਜਿਸ ਤੋਂ ਬਚ ਕੇ ਲੰਘਣਾ ਬੜਾ ਔਖਾ ਸੀ, ਜੋ ਬਿਦੇਸ਼ੀ ਦਾ ਸਿਰ ਕੱਟ ਦਿੰਦਾ ਸੀ। ਬਹੁਤ ਯਤਨ ਕਰਕੇ ਉਸਨੂੰ ਰੋਕ ਕੇ ਉਥੋਂ ਅੱਗੇ ਦੇਵਤਿਆਂ ਨਾਲ ਵੀ ਜੰਗ ਕਰਕੇ ਉਨ੍ਹਾਂ ਨੂੰ ਜਿੱਤਿਆ, ਫਿਰ ਆਬ-ਏ-ਹਯਾਤ ਦੇ ਕੁੰਡ ਪਾਸ ਪਹੁੰਚਾ। ਦੇਵਤਿਆਂ ਦੇ ਚਿੱਤ ਵਿਚ ਬੜੀ ਘਬਰਾਹਟ ਹੋਈ ਕਿ ਜੇ ਇਸਨੇ ਇਹ ਅੰਮ੍ਰਿਤ ਪੀ ਲਿਆ ਤਾਂ ਅਮਰ

ਹੋ ਜਾਵੇਗਾ, ਸਾਡਾ ਰਾਜ-ਭਾਗ ਖੋਹ ਲਵੇਗਾ। ਉਨ੍ਹਾਂ ਨੇ ਸਭਾ ਲਗਾ ਕੇ ਉਰਵਸੀ ਨੂੰ ਪ੍ਰੇਰ ਕੇ ਸਿਕੰਦਰ ਦੇ ਆਬ-ਏ-ਹਯਾਤ ਪੀਣ ਵਿਚ ਵਿਘਨ ਪਾਉਣ ਲਈ ਭੇਜਿਆ। ਉਹ ਇਕ ਐਸੀ ਗਿਲਝ ਦਾ ਰੂਪ ਧਾਰ ਕੇ ਆਬ-ਏ-ਹਯਾਤ ਕੁੰਡ ਦੇ ਕਿਨਾਰੇ ਆ ਬੈਠੀ, ਜਿਸਦੇ ਸਰੀਰ 'ਤੇ ਕੋਈ ਖੰਭ ਨਹੀਂ ਸੀ, ਖ਼ੂਨ ਸੁੱਕ ਚੁੱਕਾ ਸੀ ਤੇ ਪਾਕ ਵਹਿ ਰਹੀ ਸੀ। ਯਥਾ :—

*'ਅੜਿਲ ॥ ਰੰਭਾ ਨਾਮ ਅਪਸਰਾ ਦਈ ਪਠਾਇ ਕੈ ॥*
*ਬਿਰਧ ਰੂਪ ਖਗ ਕੋ ਧਰਿ ਬੈਠੀ ਆਇ ਕੈ ॥*
*ਏਕ ਪੰਖ ਤਨ ਰਹਯੋ ਨ ਤਾ ਕੌ ਜਾਨਿਯੈ ॥*
*ਹੌ ਜਾ ਤਨ ਲਹਯੋ ਨ ਜਾਇ ਘਿਣਾ ਜਿਯ ਠਾਨਿਯੈ ॥੪੭॥'*

[ਦਸਮ, ਅੰਗ—੧੧੨੭]

ਜਦੋਂ ਸਿਕੰਦਰ ਆਬ-ਏ-ਹਯਾਤ ਦਾ ਬੁੱਕ ਭਰ ਕੇ ਪੀਣ ਲੱਗਾ ਤਾਂ ਗਿਲਝ ਨੇ ਹੱਸਣ ਦੀ ਅਵਾਜ਼ ਕੀਤੀ। ਸਿਕੰਦਰ ਦੇ ਮਨ ਵਿਚ ਭਰਮ ਪੈ ਗਿਆ, ਪੁੱਛਿਆ, "ਹੇ ਨੀਚ ਗੀਧ! ਮੈਂ ਬੜੀਆਂ ਔਕੜਾਂ ਸਹਾਰ ਕੇ ਇਹ ਆਬ-ਏ-ਹਯਾਤ ਪੀਣ ਲੱਗਾ ਹਾਂ, ਪਰ ਤੇਰੇ ਹੱਸਣ ਦਾ ਕੀ ਕਾਰਨ ਹੈ?" ਉਹ ਕਹਿਣ ਲੱਗੀ, "ਪੀ ਲੈ! ਪੀ ਲੈ! ਜੇ ਮੈਂ ਤੈਨੂੰ ਦੱਸ ਦਿੱਤਾ ਤਾਂ ਤੂੰ ਪੀ ਨਹੀਂ ਸਕੇਂਗਾ।" ਆਮ ਤੌਰ 'ਤੇ ਰਾਜੇ ਵਹਿਮੀ ਹੁੰਦੇ ਹਨ, ਉਨ੍ਹਾਂ ਦੇ ਕੰਨ ਕੱਚੇ ਹੁੰਦੇ ਹਨ, ਸਿਕੰਦਰ ਨੂੰ ਵੀ ਸ਼ੰਕਾ ਪੈ ਗਈ। ਜਿਸਨੇ ਗਲੀ-ਸੜੀ ਗਿਲਝ ਦਾ ਰੂਪ ਧਾਰਿਆ ਸੀ, ਕਹਿਣ ਲੱਗੀ; ਆਬ-ਏ-ਹਯਾਤ ਪੀਣ ਦਾ ਭਾਵ ਇਹ ਹੈ ਕਿ ਅਮਰ ਹੋ ਜਾਈਦਾ ਹੈ ਫਿਰ ਮਰੀਦਾ ਨਹੀਂ, ਮੈਂ ਵੀ ਇਹ ਪੀ ਬੈਠੀ ਹਾਂ, ਮੇਰੇ ਸਰੀਰ ਦੀ ਹਾਲਤ ਵੇਖ :—

*'ਪੰਛੀ ਬਾਚ ॥ ਦੋਹਰਾ ॥*
*ਪੱਛ ਏਕ ਤਨ ਨਾ ਰਹਯੋ ਰਕਤ ਨ ਰਹਯੋ ਸਰੀਰ ॥*
*ਤਨ ਨ ਛੁਟਤ ਦੁਖ ਸੋਂ ਜਿਯਤ ਜਬ ਤੇ ਪਿਯੋ ਕੁਨੀਰ ॥੫੦॥'*

[ਦਸਮ, ਅੰਗ—੧੧੨੭]

ਜਦੋਂ ਤੋਂ ਮੈਂ ਇਹ ਖੋਟਾ ਪਾਣੀ ਪੀ ਲਿਆ ਹੈ, ਸਰੀਰ ਦੇ ਸਾਰੇ ਖੰਭ ਝੜ ਗਏ ਹਨ, ਖ਼ੂਨ ਤੋਂ ਬਗ਼ੈਰ ਸੁੱਕ ਕੇ ਪਿੰਜਰਾ ਬਣ ਗਿਆ ਹੈ, ਸਦਾ ਪਾਕ ਹੀ ਵਗਦੀ ਰਹਿੰਦੀ ਹੈ, ਪਰ ਜਾਨ ਨਿਕਲਦੀ ਨਹੀਂ। ਇਸ ਵਾਸਤੇ ਤੂੰ ਵੀ ਵਿਚਾਰ ਕਰ ਲੈ, ਤਾਂ ਸਿਕੰਦਰ ਨੇ ਭਰਿਆ ਹੋਇਆ ਬੁੱਕ ਕੁੰਡ ਵਿਚ ਹੀ ਡੋਲ੍ਹ ਦਿੱਤਾ ਸੀ। ਯਥਾ :—

*'ਕਰ ਮਹਿ ਅੰਮ੍ਰਿਤੁ ਆਣਿ ਨਿਸਾਰਿਓ ॥ ਖਿਸਰਿ ਗਇਓ ਭੂਮ ਪਰਿ ਡਾਰਿਓ ॥੨॥'*

[ਆਸਾ ਮਹਲਾ ੫, ਅੰਗ—੩੯੯]

ਹੱਥ ਵਿਚ ਅੰਮ੍ਰਿਤ ਤਾਂ ਪ੍ਰਾਪਤ ਹੋਇਆ ਪਰ ਧਰਤੀ 'ਤੇ ਡੁੱਲ੍ਹ ਗਿਆ। ਇਉਂ ਭਾਗਾਂ ਤੋਂ ਬਿਨਾਂ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੋ ਸਕਦੀ। ਤੀਜੇ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਫ਼ੁਰਮਾਉਂਦੇ ਹਨ :—

*'ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੧੮]

ਗੁਰੂ ਕੀ ਬਾਣੀ ਦਾ ਪਾਠ, ਨਿਤਨੇਮ, ਅਭਿਆਸ, ਕੀਰਤਨ, ਕਥਾ-ਵੀਚਾਰ ਇਹ ਅੰਮ੍ਰਿਤ ਹੈ, ਜੋ ਗੁਰੂ ਕੀ ਸੰਗਤ ਵਿਚੋਂ ਹੀ ਪ੍ਰਾਪਤ ਹੁੰਦਾ ਹੈ। ਯਥਾ :—

੧. *'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ ਪੀਤੀ ਤਿਸੁ ਮੋਖਦੁਆਰ ॥੫॥'*

[ਮਲਾਰ ਮਹਲਾ ੧, ਅੰਗ—੧੨੭੫]

੨. *'ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥*
*ਮਨਿ ਤਨਿ ਹਿਰਦੈ ਸਿਮਰਿ ਹਰਿ ਆਠ ਪਹਰ ਗੁਣ ਗਾਉ ॥'*

[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੬੩]

ਪੰਜ ਪਿਆਰੇ ਅੰਮ੍ਰਿਤ ਰੂਪ ਬਾਣੀ ਪੜ੍ਹ ਕੇ ਅੰਮ੍ਰਿਤ ਤਿਆਰ ਕਰਦੇ ਹਨ, ਜੀਵਾਂ ਨੂੰ ਛਕਾ ਕੇ ਬ੍ਰਹਮਾਨੰਦ ਅਤੇ ਅੰਤ ਨੂੰ ਸਚਖੰਡ ਦੀ ਪ੍ਰਾਪਤੀ ਕਰਾਉਂਦੇ ਹਨ।

ਇਸੇ ਤਰ੍ਹਾਂ ਜੀਵ ਹੈ ਸਿਕੰਦਰ, ਆਬ-ਏ-ਹਯਾਤ ਹੈ ਆਤਮਾਨੰਦ, ਪੰਜ ਕੋਸ਼ਾਂ* ਰੂਪ ਪਹਾੜਾਂ ਨੂੰ ਲੰਘ ਕੇ, ਇੰਦ੍ਰੀਆਂ ਰੂਪ ਦੇਵਤਿਆਂ ਦਾ ਦਮਨ ਕਰਕੇ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਰਾਖਸ਼ਾਂ ਨੂੰ ਦਬਾ ਕੇ; ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪ ਸੱਪਾਂ ਦੇ ਕੁੰਡ ਨੂੰ ਕੱਟ ਕੇ, ਫਿਰ ਮਨ ਜੋ ਸਦਾ ਫਿਰਦਾ ਰਹਿੰਦਾ ਹੈ, ਗੁਰੂ ਕੀ ਕਿਰਪਾ ਤੋਂ ਬਿਨਾਂ ਕਦੇ ਵੱਸ ਆਉਣ ਵਾਲਾ ਨਹੀਂ ਹੈ, ਇਹ ਇਕ ਚੱਕਰ ਹੈ, ਮਨ ਦੇ ਸਾਰੇ ਫੁਰਨਿਆਂ ਨੂੰ ਮੇਟਣ ਰੂਪ ਇਸ ਚੱਕਰ ਨੂੰ ਲੰਘ ਕੇ ਸਾਧਸੰਗਤ ਰੂਪ ਆਬ-ਏ-ਹਯਾਤ ਦੇ ਕੁੰਡ ਪਾਸ ਪਹੁੰਚ ਕੇ ਭਾਗਾਂ ਵਾਲੇ ਹੀ ਆਤਮਾਨੰਦ ਰੂਪ ਅੰਮ੍ਰਿਤ ਨੂੰ ਪ੍ਰਾਪਤ ਕਰਦੇ ਹਨ। ਨਹੀਂ ਤਾਂ ਮਾਇਆ ਰੂਪ ਉਰਵਸੀ ਨੇ ਮਿਥਿਆ-ਦ੍ਰਿਸ਼ਟੀ ਰੂਪ ਗਿਲਝ ਬਣ ਕੇ ਬ੍ਰਹਮ ਸਰੂਪ ਵਿਚ ਜੋ ਦੋਖ ਦ੍ਰਿਸ਼ਟੀ ਵਿਖਾਉਣੀ ਹੈ, ਭਾਵ ਵਾਹਿਗੁਰੂ ਤੋਂ ਬੇਮੁਖ ਕਰਨਾ ਹੈ, ਇਹ ਪਾਕ ਪੈਣੀ ਹੈ, ਇਉਂ ਮਨ ਰੂਪ ਹੱਥ ਵਿਚੋਂ ਬ੍ਰਹਮ ਦੀ ਸਨਮੁਖਤਾ ਦਾ ਤਿਆਗ ਰੂਪ ਅੰਮ੍ਰਿਤ ਦਾ ਡੁੱਲ੍ਹ ਜਾਣਾ ਹੈ। ਜਾਂ ਕਈਆਂ ਦੀਆਂ ਪਤਨੀਆਂ ਰੂਪ ਉਰਵਸੀਆਂ ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਵਿਚ

---

* (ੳ) ਸਥੂਲ ਦੇਹ ਵਿਚ :—੧. ਅਨਮਯ ਕੋਸ਼;
(ਅ) ਸੂਖਮ ਦੇਹ ਵਿਚ :—੨. ਪ੍ਰਾਣਮਯ ਕੋਸ਼, ੩. ਮਨੋਮਯ ਕੋਸ਼, ੪. ਵਿਗਿਆਨਮਯ ਕੋਸ਼;
(ੲ) ਕਾਰਨ ਦੇਹ ਵਿਚ :—੫. ਅਨੰਦਮਯ ਕੋਸ਼।

ਵਿਘਨ ਪਾ ਦਿੰਦੀਆਂ ਹਨ। ਜਿਸ 'ਤੇ ਸਤਿਗੁਰੂ ਜੀ ਦੀ ਕਿਰਪਾ ਹੋਵੇ, ਉਹੀ ਅੰਮ੍ਰਿਤ ਛਕ ਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ।

ਗੁਰੂ ਕੀ ਬਾਣੀ ਦੁਆਰਾ ਸ਼ਬਦ ਵਿਚ ਸੁਰਤ ਜੋੜ ਕੇ, ਹਿਰਦੇ ਵਿਚੋਂ ਹੀ ਆਤਮਾਨੰਦ ਪ੍ਰਾਪਤ ਕਰਨਾ ਹੈ। ਇਹ ਤਾਂ ਹੀ ਹੋਵੇਗਾ, ਜੇ ਪਹਿਲਾਂ ਪੰਜ ਪਿਆਰਿਆਂ ਤੋਂ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰਮੰਤ੍ਰ (ਵਾਹਿਗੁਰੂ), ਮੂਲਮੰਤ੍ਰ (ੴ ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤਕ) ਦੀ ਪ੍ਰਾਪਤੀ ਕਰਕੇ, ਗੁਰੂ ਵਾਲੇ ਬਣ ਕੇ, ਰਹਿਤ ਰੱਖ ਕੇ ਕੁਰਹਿਤਾਂ ਤੋਂ ਬਚਾਂਗੇ। ਇਸ ਲਈ :—

੧. *'ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।'*

[ਭਾਈ ਗੁਰਦਾਸ ਸਿੰਘ ਜੀ, ਵਾਰ-੪੧, ਪਉੜੀ-੧]

੨. *'ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥'*

[ਗੂਜਰੀ ਮਹਲਾ ੫, ਅੰਗ—੪੯੬]

੩. *'ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥*
*ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥'*

[ਗਉੜੀ ਕੀ ਵਾਰ ਮਹਲਾ ੫, ਅੰਗ—੩੧੮]

## ਮਃ ੩ ॥ ਸਹਜੇ ਜਾਗੈ ਸਹਜੈ ਸੋਵੈ ॥

(ੳ) ਗੁਰਮੁਖਾਂ ਦੀ ਐਸੀ ਅਵਸਥਾ ਹੈ ਕਿ ਉਹ ਸੁਤੇ-ਸਿਧ ਹੀ ਜਾਗਦੇ ਅਤੇ ਸੁਤੇ-ਸਿਧ ਹੀ ਸੌਂਦੇ ਹਨ।

(ਅ) ਉਹ ਸਹਿਜ ਅਵਸਥਾ ਵਿਚ ਹੀ ਜਾਗਦੇ ਅਤੇ ਸਹਿਜ ਅਵਸਥਾ ਵਿਚ ਹੀ ਸੌਂਦੇ ਹਨ, ਹੋਰ ਕੋਈ ਫੁਰਨਾ ਨਹੀਂ ਫੁਰਦਾ ਹੈ।

(ੲ) ਉਹ ਅਵਿਦਿਆ ਦੀ ਨੀਂਦ ਤਿਆਗ ਕੇ ਗਿਆਨ ਅਵਸਥਾ ਵਿਚ ਜਾਗਦੇ ਹਨ ਅਤੇ **ਸਹਜੈ** = ਨਿਰਵਿਕਲਪ ਸਮਾਧੀ ਵਿਚ ਸੌਂਦੇ ਹਨ, ਭਾਵ ਜਾਗਣ-ਸੌਣ ਦਾ ਅਭਿਮਾਨ ਨਹੀਂ ਕਰਦੇ।

ਕਈ ਲੋਕ ਰਾਤ ਨੂੰ ਮਾੜੇ ਕੰਮਾਂ ਲਈ ਜਾਗਦੇ ਹਨ। ਇਸ ਪ੍ਰਕਾਰ ਦਾ ਜਾਗਣਾ ਚੰਗਾ ਨਹੀਂ ਹੈ, ਕਿਉਂਕਿ :—

੧. *'ਕਬੀਰ ਰਾਤੀ ਹੋਵਹਿ ਕਾਰੀਆ ਕਾਰੇ ਊਭੇ ਜੰਤ ॥*
*ਲੈ ਫਾਹੇ ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ ॥੧੦॥'*

[ਸਲੋਕ ਕਬੀਰ, ਅੰਗ—੧੩੬੫]

੨. *'ਚੋਰ ਜਾਰ ਜੂਆਰ ਪੀੜੇ ਘਾਣੀਐ ॥ ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥'*

[ਵਾਰ ਮਲਾਰ ਕੀ ਮਹਲਾ ੧, ਅੰਗ—੧੨੮੮]

ਮਨੁੱਖ ਨੂੰ ਜਾਗਦੇ ਦਿਮਾਗ ਵਾਲਾ ਮੰਨਿਆ ਹੈ, ਪਸ਼ੂ, ਪੰਛੀਆਂ ਦੀ ਸੁਪਨ ਅਵਸਥਾ ਹੈ, ਬ੍ਰਿਛਾਂ ਦੀ ਸੁਖੋਪਤ ਅਵਸਥਾ ਹੈ, ਅਤੇ ਪੱਥਰਾਂ ਦੀ ਘਨ ਸੁਖੋਪਤ ਅਵਸਥਾ ਹੈ।

ਏਸੇ ਤਰ੍ਹਾਂ ਪਾਮਰ ਪੁਰਸ਼ਾਂ ਦੀ ਘਨ ਸੁਖੋਪਤ ਅਵਸਥਾ ਹੈ। ਜੋ :—

*'ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥੧॥'*

[ਗਉੜੀ ਚੇਤੀ ਕਬੀਰ ਜੀ, ਅੰਗ—੩੩੨]

ਬ੍ਰਿਛਾਂ ਦੀ ਤਰ੍ਹਾਂ ਵਿਸ਼ਈ ਪੁਰਸ਼ਾਂ ਦੀ ਸੁਖੋਪਤ ਅਵਸਥਾ ਹੈ, ਜੋ ਸੁਰਗ ਅਤੇ ਪਦਾਰਥਾਂ ਦੀ ਇੱਛਾ ਕਰਕੇ ਦਾਨ ਕਰਦੇ ਹਨ, ਪਰ ਪ੍ਰਮਾਰਥ ਦੀ ਸੁਝ ਨਹੀਂ ਹੈ, ਅਤੇ ਜਗਿਆਸੂਆਂ ਦੀ ਸੁਪਨ ਅਵਸਥਾ ਮੰਨੀ ਹੈ। ਇਉਂ ਗਿਆਨਵਾਨ ਜਾਗਦੇ ਹਨ ਤੇ ਨਿਰਵਿਕਲਪ ਸਮਾਧੀ ਵਿਚ ਸੌਂਦੇ ਹਨ, ਉਨ੍ਹਾਂ ਦੀ ਇਹ ਜਾਗਣ-ਸੌਣ ਦੀ ਕਿਰਿਆ ਸੁਤੇ ਸਿਧ ਹੀ ਹੁੰਦੀ ਰਹਿੰਦੀ ਹੈ, ਉਹ ਜਾਗਣ ਅਤੇ ਸੌਣ ਦਾ ਅਭਿਮਾਨ ਨਹੀਂ ਕਰਦੇ।

## ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥

ਗੁਰਮੁਖਾਂ ਦੇ ਅੰਦਰ ਰਾਤ-ਦਿਨ ਪ੍ਰਮੇਸ਼ਰ ਦੀ ਉਸਤਤਿ ਹੁੰਦੀ ਰਹਿੰਦੀ ਹੈ।

ਇਕ ਰਾਜੇ ਨੇ ਪੁੱਛਿਆ, "ਸੰਤ ਸੌਣ ਵੇਲੇ ਤਾਂ ਪ੍ਰਮੇਸ਼ਰ ਨੂੰ ਭੁੱਲ ਜਾਂਦੇ ਹੋਣਗੇ ?" ਵਜ਼ੀਰ ਬੜਾ ਸਿਆਣਾ ਤੇ ਸਤਿਸੰਗੀ ਸੀ। ਉਸਨੇ ਕਿਹਾ, "ਹੇ ਰਾਜਨ! ਮੈਂ ਰਾਤ ਨੂੰ ਉੱਤਰ ਦਿਆਂਗਾ।" ਅੱਧੀ ਰਾਤ ਨੂੰ ਰਾਜੇ ਸਮੇਤ ਫ਼ੌਜਾਂ ਵਿਚ ਜਾ ਕੇ ਫ਼ੌਜੀਆਂ 'ਤੇ ਪਾਣੀ ਛਿੜਕਣ ਲੱਗ ਪਿਆ ਤਾਂ ਸਾਰੇ ਫ਼ੌਜੀ ਮਾਰ ਲਓ! ਫੜ ਲਓ! ਦੀ ਅਵਾਜ਼ ਕਰਦੇ ਹੋਏ ਉੱਠ ਖੜ੍ਹੇ ਹੋਏ। ਏਸੇ ਤਰ੍ਹਾਂ ਜਦ ਸੰਤਾਂ 'ਤੇ ਪਾਣੀ ਪਾਇਆ ਤਾਂ ਉਹ ਵਾਹਿਗੁਰੂ-ਵਾਹਿਗੁਰੂ ਕਹਿੰਦੇ ਹੋਏ ਉੱਠ ਖੜ੍ਹੇ ਹੋਏ। ਵਜ਼ੀਰ ਨੇ ਕਿਹਾ, "ਹੇ ਰਾਜਨ! ਵੇਖ ਲਓ! ਫ਼ੌਜ ਰਾਤ ਨੂੰ ਸੁੱਤੀ ਪਈ ਵੀ ਜੰਗ ਦੀਆਂ ਗੱਲਾਂ ਹੀ ਕਰਦੀ ਹੈ, ਏਸੇ ਤਰ੍ਹਾਂ ਸੰਤ-ਮਹਾਤਮਾ ਸੁੱਤੇ ਪਏ ਵੀ ਭਜਨ ਕਰਦੇ ਹਨ।"

ਤਮੋ ਗੁਣੀ ਪੁਰਸ਼ਾਂ ਦੀ ਬੁੱਧੀ ਸੁਖੋਪਤ ਅਵਸਥਾ ਵਿਖੇ ਅਗਿਆਨ ਵਿਚ ਲੀਨ ਹੁੰਦੀ ਹੈ। ਰਾਜਸੀ ਪੁਰਸ਼ਾਂ ਦੀ ਬੁੱਧੀ ਸੁਪਨ ਅਵਸਥਾ ਵਿਖੇ ਚਿਤਵਨੀ ਵਿਚ ਪਈ ਰਹਿੰਦੀ ਹੈ ਅਤੇ ਸਤੋ ਗੁਣੀ ਪੁਰਸ਼ਾਂ ਦੀ ਬੁੱਧੀ ਗਿਆਨ ਵਿਚ ਲੀਨ ਹੋਈ ਰਹਿੰਦੀ ਹੈ :—

*'ਸਤੋ ਸੰਜਾਇਤੀ ਗਿਆਨਾ ॥'*

ਗੁਰਮੁਖ ਸੁੱਤੇ ਪਏ ਵੀ ਅਤੇ ਜਾਗਦੇ ਹੋਏ ਵੀ ਸਿਮਰਨ ਕਰਦੇ ਅਤੇ ਬਾਣੀ ਪੜ੍ਹਦੇ

ਰਹਿੰਦੇ ਹਨ। ਯਥਾ :—

*'ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥*
*ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥'* [ਫੁਨਹੇ ਮਹਲਾ ੫, ਅੰਗ—੧੩੬੨]

ਜਿਵੇਂ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਵਾਲਿਆਂ ਦਾ ਬਾਣੀ ਵਿਚ ਏਨਾ ਚਿੱਤ ਜੁੜ ਚੁੱਕਾ ਸੀ ਕਿ ਰਾਤ ਨੂੰ ਬਿਰਾਜਿਆਂ ਹੋਇਆਂ ਵੀ ਕਈ ਵਾਰ ਬਰੜਾ ਕੇ ਗੁਰਬਾਣੀ ਹੀ ਪੜ੍ਹੀ ਜਾਇਆ ਕਰਦੇ ਸਨ। ਯਥਾ :—

*'ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ ॥*
*ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥੬੩॥'*

[ਸਲੋਕ ਕਬੀਰ, ਅੰਗ—੧੩੬੭]

ਤੇ ਗੁਰਬਾਣੀ ਦੇ ਉਚਾਰਨ ਵਿਚ ਕਿਸੇ ਲਗ, ਕੰਨੇ, ਅੱਖਰ ਦਾ ਕੋਈ ਫ਼ਰਕ ਨਾ ਪੈਂਦਾ। ਕਈ ਵਾਰੀ ਸਿੰਘ ਪੋਥੀਆਂ ਪ੍ਰਕਾਸ਼ ਕਰਕੇ ਸੁਣਦੇ ਤਾਂ ਜਿਵੇਂ ਕੋਈ ਬੜਾ ਸ਼ੁੱਧ ਪਾਠੀ ਇਕ ਰਸ ਅਖੰਡ ਪਾਠ ਕਰਦਾ ਹੋਵੇ, ਇਉਂ ਕਈ-ਕਈ ਗੁਰਬਾਣੀ ਦੇ ਅੰਗ ਲਗਾਤਾਰ ਪੜ੍ਹੀ ਜਾਂਦੇ, ਸਿੰਘ ਸੁਣ ਕੇ, ਵੇਖ ਕੇ ਹੈਰਾਨ ਰਹਿ ਜਾਂਦੇ ਤੇ ਗੁਰਬਾਣੀ ਦੇ ਪਾਠ ਨਿਤਨੇਮ ਦੀ ਬਹੁਤ ਸ਼ਰਧਾ ਰਿਦੇ ਵਿਚ ਵਧਦੀ।

**ਮਨਮੁਖ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥**

ਮਨਮੁਖ ਪੁਰਸ਼ ਸਦਾ ਹੀ ਭਰਮ ਅਤੇ ਸੰਸਿਆਂ ਦੇ ਸਹਿਤ ਹੁੰਦੇ ਹਨ। ਹਿਰਦੇ ਅੰਦਰ ਚਿੰਤਾ ਹੋਣ ਕਰਕੇ ਸ਼ਾਂਤੀ, ਵਾ :—ਸਮਾਧੀ ਰੂਪ ਨੀਂਦ ਵਿਚ ਨਹੀਂ ਸੌਂਦੇ।

**ਗਿਆਨੀ ਜਾਗਹਿ ਸਵਹਿ ਸੁਭਾਇ ॥**

ਗਿਆਨਵਾਨ ਪੁਰਸ਼ **ਸੁਭਾਇ** = ਸੁਭਾਵਕ ਹੀ ਗਿਆਨ ਅਵਸਥਾ ਵਿਚ ਜਾਗਦੇ ਹਨ, ਤੇ ਸੁਭਾਵਕ ਹੀ ਗਿਆਨ ਵਿਚ **ਸਵਹਿ** = ਸੌਂਦੇ ਹਨ। ਭਾਵ ਗੁਰਮਖਾਂ ਦਾ ਗਿਆਨ ਵਿਚ ਜਾਗਣਾ ਤੇ ਸਮਾਧੀ ਵਿਚ ਸੌਣਾ ਸੁਤੇ-ਸਿਧ ਹੀ ਹੈ।

**ਨਾਨਕ ਨਾਮਿ ਰਤਿਆ ਬਲਿ ਜਾਉ ॥੨॥**

ਗੁਰੂ ਜੀ ਕਥਨ ਕਰਦੇ ਹਨ, ਜੋ ਨਾਮ ਵਿਚ ਰੱਤੇ ਹਨ, ਤਿਨ੍ਹਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ।

**ਪਉੜੀ ॥ ਸੇ ਹਰਿ ਨਾਮੁ ਧਿਆਵਹਿ ਜੋ ਹਰਿ ਰਤਿਆ ॥**

ਉਹ ਪੁਰਸ਼ ਹਰੀ ਨਾਮ ਨੂੰ ਧਿਆਉਂਦੇ ਹਨ, ਜੋ ਹਰੀ ਦੇ ਪ੍ਰੇਮ ਰੰਗ ਵਿਚ ਰੱਤੇ ਹੋਏ ਹਨ।

**ਹਰਿ ਇਕੁ ਧਿਆਵਹਿ ਇਕੁ ਇਕੋ ਹਰਿ ਸਤਿਆ ॥**

ਇਕੋ ਇਕ ਹਰੀ ਨੂੰ ਹੀ ਮਨ, ਬਾਣੀ, ਸਰੀਰ ਕਰਕੇ ਧਿਆਉਂਦੇ ਹਨ, ਇਕ ਪ੍ਰਮੇਸ਼ਰ ਨੂੰ ਹੀ ਉਨ੍ਹਾਂ ਨੇ ਸੱਤ ਸਰੂਪ ਜਾਣਿਆ ਹੈ। ਯਥਾ :—

*'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥'*

[ਜਪੁਜੀ ਸਾਹਿਬ, ਅੰਗ—੧]

**ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ ॥**

ਉਹ ਸਮਝਦੇ ਹਨ ਕਿ ਇਕੋ ਇਕ ਹਰੀ ਹੀ ਸਾਰੇ ਵਰਤ ਰਿਹਾ ਹੈ, ਜੋ ਇਕ ਹਰੀ ਸਭ ਦੀ ਉਤਪਤੀ ਕਰਨ ਵਾਲਾ ਹੈ। ਯਥਾ :—

*'ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥*
*ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥*
*ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥'*

[ਸਵਈਏ ਮਹਲੇ ਚਉਥੇ ਕੇ, ਅੰਗ—੧੪੦੩]

**ਜੋ ਹਰਿ ਨਾਮੁ ਧਿਆਵਹਿ ਤਿਨ੍ ਡਰੁ ਸਟਿ ਘਤਿਆ ॥**

ਜੋ ਗੁਰਮੁਖ ਹਰੀ ਦੇ ਨਾਮ ਨੂੰ ਧਿਆਉਂਦੇ ਹਨ, ਤਿਨ੍ਹਾਂ ਨੇ ਸੱਤ ਪ੍ਰਕਾਰ ਦਾ ਡਰ ਸੁੱਟ ਕੇ ਪਰੇ ਕਰ ਦਿੱਤਾ ਹੈ। ਸੱਤ ਪ੍ਰਕਾਰ ਦਾ ਭੈ ਇਹ ਹੈ :—

*'ਦੋਹਰਾ ॥ ਯਹ ਭਵ ਭੈ[੧], ਪ੍ਰਲੋਕ ਭੈ[੨], ਮਰਨ ਬੇਦਨਾ[੩], ਜਾਤ[੪] ॥*
*ਅਨ ਰਖਯਾ[੫], ਅਰ ਗੁਪਤ ਭੈ[੬], ਅਕਸ ਮਾਤ੍ਰ[੭] ਭੈ ਸਾਤ ॥੧॥'*

[ਅਨਭਵ ਸ਼ੱਤਕ ਕ੍ਰਿਤ ਗਿਰਧਰ ਕਵਿ ਰਾਇ, ਦੂਜੀ ਛਾਪ, ਪੰਨਾ—੧੨੯]

**ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥੯॥**

ਜਿਸ ਗੁਰਮੁਖ ਨੂੰ ਹਰੀ ਆਪ ਗੁਰੂ ਰੂਪ ਹੋ ਕੇ **ਮਤੀ** = ਸਿਖਿਆ ਦਿੰਦਾ ਹੈ, ਉਸਨੇ ਹੀ ਹਰੀ ਨੂੰ ਜਪਿਆ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੨੫.

### ਸਲੋਕੁ ਮਃ ੩ ॥ [ਅੰਗ—੬੪੭]

### ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਅੱਜ ਦੇ ਪਵਿੱਤਰ ਸ੍ਰੀ ਮੁਖਵਾਕ ਵਿਚ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਸਾਨੂੰ ਸੁਭ ਸਿਖਿਆ ਦੇ ਕੇ ਨਿਹਾਲ ਕਰ ਰਹੇ ਹਨ। ਆਪ ਜੀ ਨੇ ਗ਼ਰੀਬਾਂ ਦੇ ਭਲੇ ਲਈ ਗੋਇੰਦਵਾਲ ਸਾਹਿਬ ਨਗਰ ਵਸਾਇਆ। ਪਹਿਲਾਂ ਇਸ ਪਿੰਡ ਨੂੰ ਭੂਤ-ਪ੍ਰੇਤ ਵੱਸਣ ਨਹੀਂ ਦਿੰਦੇ ਸਨ, ਜੋ ਲੋਕ ਦਿਨੇ ਮਕਾਨ ਪਾਉਂਦੇ ਸਨ, ਉਹ ਰਾਤ ਨੂੰ ਭੂਤ ਢਾਹ ਦਿਆ ਕਰਦੇ ਸਨ। ਆਪ ਜੀ ਨੇ ਅਨੇਕਾਂ ਪ੍ਰਾਣੀਆਂ ਨੂੰ ਆਪਣੀ ਕਿਰਪਾ-ਦ੍ਰਿਸ਼ਟੀ ਨਾਲ ਨਿਹਾਲ ਕੀਤਾ। ਆਪ ਜੀ ਨੇ ਬਾਈ ਸਿੱਖਾਂ ਨੂੰ ਬ੍ਰਹਮ ਗਿਆਨ ਅਤੇ ਮਹਾਨ ਕਰਾਮਾਤਾਂ ਬਖ਼ਸ਼ ਕੇ, ਬਾਈ ਮੰਜੀਆਂ ਦਿੱਤੀਆਂ, ਜਿਨ੍ਹਾਂ ਨੇ ਸਿੱਖ ਧਰਮ ਦਾ ਬਹੁਤ ਪ੍ਰਚਾਰ ਕੀਤਾ। ਇਸਤ੍ਰੀ ਜਾਤੀ ਦਾ ਸਤਿਕਾਰ ਕਰਦਿਆਂ, ਸਿੱਖੀ ਦੇ ਪ੍ਰਚਾਰ ਲਈ, ਮਾਈਆਂ ਨੂੰ ਬਹੱਤਰ ਪੀੜ੍ਹੇ ਬਖ਼ਸ਼ੇ। ਬਹੁਤ ਸਾਰੇ ਤੀਰਥਾਂ 'ਤੇ ਜਾ ਕੇ, ਆਪ ਜੀ ਨੇ ਭੁੱਲੇ ਹੋਏ ਲੋਕਾਂ ਨੂੰ ਸਿੱਧੇ ਰਸਤੇ ਪਾਇਆ। ਅਕਬਰ ਵਰਗੇ ਰਾਜੇ ਵੀ ਆਪ ਜੀ ਦੇ ਦਰ 'ਤੇ ਸਲਾਮਾਂ ਕਰਦੇ ਸਨ।

ਫਿਰ ਆਪ ਜੀ ਨੇ ਮਹਾਨ ਪਰਉਪਕਾਰ ਇਹ ਕੀਤਾ ਕਿ ਬਾਉਲੀ ਸਾਹਿਬ ਬਣਵਾਈ ਅਤੇ ਇਹ ਵਰ ਦਿੱਤਾ, "ਜੋ ਪ੍ਰਾਣੀ ਚੁਰਾਸੀ ਪਉੜੀਆਂ ਵਾਲੀ ਇਸ ਬਾਉਲੀ ਸਾਹਿਬ ਵਿਚ ਸ਼ਰਧਾ-ਭਾਵਨਾ ਨਾਲ ਹਰ ਵਾਰੀ ਸਣੇ ਕੇਸੀ ਇਸ਼ਨਾਨ ਕਰਕੇ ਹਰ ਪਉੜੀ 'ਤੇ ਇਕ-ਇਕ ਸ੍ਰੀ ਜਪੁਜੀ ਸਾਹਿਬ ਦਾ ਪਾਠ ਇਕਾਗਰ ਮਨ ਨਾਲ ਕਰੇਗਾ, ਉਸਦੀ ਚੁਰਾਸੀ ਕੱਟੀ ਜਾਵੇਗੀ, ਭਾਵ ਮੁਕਤ ਹੋਵੇਗਾ। ਸਤਿਗੁਰਾਂ ਨੇ ਇਹ ਐਸਾ ਨਗਰ ਵਸਾਇਆ ਹੈ :—

*'ਗੋਬਿੰਦਵਾਲੁ ਗੋਬਿੰਦਪੁਰੀ ਸਮ ਜਲ੍ਯਨ ਤੀਰਿ ਬਿਪਾਸ ਬਨਾਯਉ ॥'*

[ਸਵਈਏ ਮਹਲੇ ਚਉਥੇ ਕੇ, ਜਲ੍ਯ ਭੱਟ, ਅੰਗ—੧੪੦੦]

ਲਕਛਮੀ ਆਪ ਜੀ ਦੇ ਚਰਨ ਕਵਲਾਂ ਪਾਸ ਸੱਜੇ ਹੱਥ ਖੜ੍ਹੀ ਹੈ, ਪਰ ਆਪ ਅੰਗੀਕਾਰ ਨਹੀਂ ਕਰਦੇ। ਯਥਾ :—

*'ਬਾਰਿਜੁ ਕਰਿ ਦਾਹਿਣੈ..... ॥'*

[ਸਵਈਏ ਮਹਲੇ ਤੀਜੇ ਕੇ, ਕਲ੍ਯ ਭੱਟ, ਅੰਗ—੧੩੯੩-੯੪]

ਆਪ ਜੀ ਇਤਨੇ ਤਿਆਗੀ ਹਨ ਕਿ ਲੋਕ ਰਸਦਾਂ ਦੇ ਗੱਡੇ ਭਰ ਕੇ ਲਿਆਉਂਦੇ ਹਨ, ਪਰ ਆਪ ਜੀ ਇਕ ਡੰਗ ਦੀ ਰਸਦ ਹੀ ਲੈਂਦੇ ਹਨ। ਸਿੱਧੀਆਂ ਆਪ ਜੀ ਦੇ ਮੁਖਾਰਬਿੰਦ ਵੱਲ ਤੱਕ ਰਹੀਆਂ ਹਨ ਕਿ ਕਦੋਂ ਆਗਿਆ ਕਰਨ ਤੇ ਅਸੀਂ ਸੇਵਾ ਕਰਕੇ ਸਫਲੀਆਂ ਹੋਈਏ। ਯਥਾ :—

'..... *ਸਿਧਿ ਸਨਮੁਖ ਮੁਖੁ ਜੋਵੈ ॥*' [ਸਵਈਏ ਮਹਲੇ ਤੀਜੇ ਕੇ, ਕਲ੍ਯ ਭੱਟ, ਅੰਗ—੧੩੯੩]

ਆਪ ਜੀ ਦੇ ਹਿਰਦੇ ਵਿਚ ਵੀ ਪ੍ਰਮੇਸ਼ਰ ਵੱਸਦਾ ਹੈ ਅਤੇ ਮੁਖੋਂ ਵੀ ਪ੍ਰਭੂ ਦੀ ਪ੍ਰੇਮਾ-ਭਗਤੀ ਦੇ ਗੁਣ ਉਚਾਰਨ ਕਰਦੇ ਰਹਿੰਦੇ ਹਨ। ਆਪ ਜੀ ਦਾ ਚਿਹਰਾ ਚੰਦ੍ਰਮਾਂ ਦੀ ਤਰ੍ਹਾਂ ਚਮਕ ਰਿਹਾ ਹੈ। ਹਜ਼ਾਰਾਂ ਸੂਰਜ ਵੀ ਅਗਿਆਨ ਦਾ ਹਨੇਰਾ ਦੂਰ ਨਹੀਂ ਕਰ ਸਕਦੇ, ਪਰ ਆਪ ਜੀ ਗਿਆਨ ਦਾ ਪ੍ਰਕਾਸ਼ ਕਰਕੇ ਅਗਿਆਨ ਦਾ ਹਨੇਰਾ ਦੂਰ ਕਰਦੇ ਹਨ। ਆਪ ਜੀ ਦੇ ਚਰਨ ਐਸੇ ਪਵਿੱਤਰ ਹਨ ਕਿ ਮੁਰਦੇ ਦੀ ਹੱਡੀ ਨਾਲ ਲੱਗਣ ਤੋਂ ਉਸਦੀ ਰੂਹ ਦੀ ਕਲਿਆਣ ਹੋ ਜਾਂਦੀ ਹੈ। ਤਾਂ ਹੀ ਭੱਟ ਕਥਨ ਕਰਦੇ ਹਨ :—

'*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥*'

[ਸਵਈਏ ਮਹਲੇ ਤੀਜੇ ਕੇ, ਭਲ੍ਯ ਭੱਟ, ਅੰਗ—੧੩੯੬]

ਆਪ ਜੀ ਖਿਮਾ ਦੇ ਖ਼ਜ਼ਾਨੇ ਹਨ, ਦਾਤੂ ਜੀ ਨੇ ਲੱਤ ਮਾਰੀ ਤਾਂ ਆਪ ਜੀ ਨੇ ਕ੍ਰੋਧ ਨਹੀਂ ਕੀਤਾ। ਇਕ ਮਾਈ ਦਾ ਬੱਚਾ ਜ਼ਿੰਦਾ ਕੀਤਾ ਤੇ ਕਿਹਾ, "ਜਿਤਨਾ ਚਿਰ ਅਸੀਂ ਇਥੇ ਰਹਾਂਗੇ, ਉਤਨਾ ਚਿਰ ਕੋਈ ਭੀ ਨਹੀਂ ਮਰੇਗਾ।" ਤ੍ਰੇਤੇ ਵਿਚ ਸ੍ਰੀ ਰਾਮਚੰਦਰ ਜੀ ਨੇ ਪ੍ਰਣ ਕੀਤਾ ਸੀ ਕਿ ਮਾਤਾ-ਪਿਤਾ ਦੇ ਜਿਊਂਦੇ ਕਿਸੇ ਦਾ ਪੁੱਤਰ ਨਹੀਂ ਮਰੇਗਾ। ਪਰ ਇਕ ਬ੍ਰਾਹਮਣ ਦਾ ਪੁੱਤਰ ਮਰ ਗਿਆ। ਪੁੱਛਣ ਤੋਂ ਕਿਹਾ, "ਇਕ ਸੰਬੂਕ ਨਾਮੇ ਸ਼ੂਦਰ ਭਗਤੀ ਕਰਨ ਲੱਗ ਪਿਆ ਹੈ, ਇਸ ਕਰਕੇ ਲੜਕਾ ਮਰਿਆ ਹੈ। ਰਾਮਚੰਦਰ ਜੀ ਨੇ ਉਸ ਤਪ ਕਰਦੇ ਗ਼ਰੀਬ ਦਾ ਗਲ ਵੱਢਿਆ, ਫਿਰ ਬ੍ਰਾਹਮਣ ਦਾ ਮੁੰਡਾ ਜਿਊਂਦਾ ਕੀਤਾ ਸੀ। ਸਤਿਗੁਰਾਂ ਨੇ ਜਿਊਂਦਾ ਕਰਨ ਵਾਸਤੇ ਕਿਸੇ ਨੂੰ ਮਾਰਿਆ ਨਹੀਂ। ਇਉਂ ਸਤਿਗੁਰਾਂ ਦੇ ਸਦਰਸ਼ ਕੋਈ ਨਹੀਂ ਹੋ ਸਕਦਾ।

ਸਿੱਖਾਂ ਨੇ ਸਤਿਗੁਰੂ ਜੀ ਪਾਸ ਤਿੰਨ ਪ੍ਰਸ਼ਨ ਕੀਤੇ :—

੧. ਰਾਜ ਕਿਵੇਂ ਮਿਲੇ ?

੨. ਸਾਡੇ ਅੰਦਰ ਪ੍ਰਕਾਸ਼ ਕਿਵੇਂ ਹੋਵੇ ?

੩. ਸਾਰਿਆਂ ਦੇ ਦਿਲਾਂ ਦੀ ਕਿਵੇਂ ਜਾਣੀਏ ?

ਇਹ ਤਿੰਨੇ ਪ੍ਰਸ਼ਨ ਸੁਣ ਕੇ ਸਤਿਗੁਰੂ ਜੀ ਇਸ ਪ੍ਰਕਾਰ ਪਰਮ-ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ :—

## ਹਸਤੀ ਸਿਰਿ ਜਿਉ ਅੰਕਸੁ ਹੈ

ਜਿਵੇਂ **ਹਸਤੀ** = ਹਾਥੀ ਦਾ ਸਿਰ **ਅੰਕਸੁ** = ਕੁੰਡੇ ਹੇਠ ਹੁੰਦਾ ਹੈ।

ਹਾਥੀ ਪਹਿਲਾਂ ਜੰਗਲ ਵਿਚ ਅਜ਼ਾਦ ਰਹਿੰਦਾ ਹੈ। ਜੋ ਹਾਥੀ ਨੂੰ ਪਕੜਨ ਵਾਲੇ ਹੁੰਦੇ ਹਨ, ਉਹ ਇਕ ਬੜਾ ਵੱਡਾ ਟੋਆ ਪੁੱਟ ਕੇ, ਕਾਨਿਆਂ ਦੀ ਛੱਤ ਪਾ ਕੇ, ਕਾਗਜ਼ ਦੀ ਹਥਨੀ ਬਣਾ ਕੇ, ਉੱਪਰ ਖੜ੍ਹੀ ਕਰ ਦਿੰਦੇ ਹਨ। ਕਾਮ ਦੇ ਵੱਸ ਹੋਇਆ ਹਾਥੀ, ਉਸ ਨਾਲ ਸਪਰਸ਼ ਕਰਨ ਲਈ ਆਉਂਦਾ ਹੈ, ਤੇ ਟੋਏ ਵਿਚ ਡਿੱਗ ਪੈਂਦਾ ਹੈ। ਕਈ ਦਿਨ ਭੁੱਖਾ ਰੱਖ ਕੇ, ਟੋਏ ਵਿਚ ਹੀ ਉਸਨੂੰ ਆਪਣੀ ਬੋਲੀ ਸਿਖਾ ਕੇ, ਬਾਹਰ ਕੱਢ ਕੇ, ਰਾਜਿਆਂ ਪਾਸ ਵੇਚ ਦਿੰਦੇ ਹਨ। ਫਿਰ ਹਾਥੀ ਨੂੰ ਸ਼ੇਰ ਆਦਿਕਾਂ ਦਾ ਡਰ ਨਹੀਂ ਰਹਿੰਦਾ, ਸਗੋਂ ਚੰਗੀਆਂ ਖ਼ੁਰਾਕਾਂ ਖਾਂਦਾ ਹੈ। ਇਸੇ ਤਰ੍ਹਾਂ ਮਨ ਰੂਪ ਹਾਥੀ ਹੈ। ਯਥਾ :—

*'ਮਨੁ ਕੁੰਚਰੁ ਕਾਇਆ ਉਦਿਆਨੈ ॥'* [ਗਉੜੀ ਗੁਆਰੇਰੀ ਮਹਲਾ ੧, ਅੰਗ—੨੨੧]

ਦੇਹ ਇਸਦੇ ਰਹਿਣ ਵਾਲੀ ਉਜਾੜ ਹੈ, ਕਾਲ ਰੂਪ ਸ਼ੇਰ ਹੈ, ਸ਼ੁਭ ਗੁਣਾਂ ਰੂਪ ਬਗੀਚੀ ਹੈ, ਮਹਾਵਤ ਰੂਪ ਗੁਰੂ ਜੀ ਪ੍ਰੇਮ ਰੂਪ ਟੋਆ ਪੁੱਟ ਕੇ, ਇਸ ਉੱਪਰ ਮੁਕਤੀ ਰੂਪ ਹਥਨੀ ਖੜ੍ਹੀ ਕਰ ਦਿੰਦੇ ਹਨ, ਮਨ ਰੂਪ ਹਾਥੀ ਆ ਕੇ ਪ੍ਰੇਮ ਰੂਪ ਟੋਏ ਵਿਚ ਡਿੱਗ ਪੈਂਦਾ ਹੈ। ਫਿਰ ਗੁਰੂ ਰੂਪ ਮਹਾਵਤ ਗਿਆਨ ਰੂਪ ਕੁੰਡੇ ਨਾਲ ਸਿਖਿਆ ਦੇ ਕੇ, ਰਾਜ ਦੁਆਰਾ ਜੋ ਸਤਿਸੰਗਤਿ ਹੈ, ਇਥੇ ਪਹੁੰਚਾ ਦਿੰਦੇ ਹਨ ਅਤੇ ਬ੍ਰਹਮ ਵਿਦਿਆ ਰੂਪ ਚੂਰੀ ਖੁਆਉਂਦੇ ਹਨ, ਸ਼ੁਭ ਗੁਣਾਂ ਰੂਪ ਸੰਗਲ ਪਾਉਂਦੇ ਹਨ, ਫਿਰ ਇਸ ਮਨ ਰੂਪ ਹਾਥੀ ਤੇ ਪ੍ਰਭੂ ਆਪ ਸਵਾਰੀ ਕਰਦਾ ਹੈ। ਇਸ ਤਰ੍ਹਾਂ ਫਿਰ ਇਸਨੂੰ ਕਾਲ ਰੂਪ ਸ਼ੇਰ ਦਾ ਡਰ ਨਹੀਂ ਰਹਿੰਦਾ ਅਤੇ ਨਿਰਭੈ ਹੋ ਕੇ ਸਰੂਪ ਰੂਪ ਰਾਜ ਦਾ ਅਨੰਦ ਮਾਣਦਾ ਹੈ।

## ਅਹਰਣਿ ਜਿਉ ਸਿਰੁ ਦੇਇ ॥

ਜਿਵੇਂ ਅਹਿਰਣ ਆਪਣਾ ਸਿਰ ਹਥੌੜੇ ਹੇਠਾਂ ਦਿੰਦੀ ਹੈ।

ਲੋਹਾਰ ਲੋਕ ਅਹਿਰਣ ਉੱਪਰ ਅਨੇਕਾਂ ਸ਼ਸਤਰ ਘੜਦੇ ਹਨ, ਪਰ ਉਹ ਅਡੋਲ ਟਿਕੀ ਰਹਿੰਦੀ ਹੈ, ਡੋਲਦੀ ਨਹੀਂ। ਇਸੇ ਪ੍ਰਕਾਰ ਬੁੱਧੀ ਨੂੰ ਅਹਿਰਣ ਬਣਾ ਲਵੇ ਅਤੇ ਵੇਦਾਂ ਦੇ ਬਚਨਾਂ ਰੂਪ ਹਥੌੜੇ ਪੈਣ ਤੋਂ ਡੋਲਣ ਨਾ ਦੇਵੇ। ਭਾਵ ਜਿਥੇ ਵੇਦਾਂ ਸ਼ਾਸਤਰਾਂ ਵਿਚ ਨਾਨ੍ਹਾ

ਪ੍ਰਕਾਰ ਦੀ ਉਪਾਸ਼ਨਾ ਦਾ ਕਥਨ ਹੈ, ਉਹ ਪੜ੍ਹ-ਸੁਣ ਕੇ ਨਾਨ੍ਹਾ ਤਰ੍ਹਾਂ ਦੀ ਉਪਾਸ਼ਨਾ ਵਿਚ ਹੀ ਨਾ ਲੱਗ ਜਾਵੇ, ਇਕ ਅਕਾਲ ਪੁਰਖ ਦੀ ਉਪਾਸ਼ਨਾ ਹੀ ਕਰੇ। ਇਸ ਤਰ੍ਹਾਂ ਬੁੱਧੀ ਨੂੰ ਅਚੱਲ ਰੱਖਣ ਕਰਕੇ ਪ੍ਰਕਾਸ਼ ਹੋ ਜਾਂਦਾ ਹੈ।

## ਮਨੁ ਤਨੁ ਆਗੈ ਰਾਖਿ ਕੈ

ਜਿਵੇਂ ਹਾਥੀ ਦਾ ਸਿਰ ਕੁੰਡੇ ਹੇਠ ਅਤੇ ਅਹਿਰਣ ਆਪਣਾ ਸਿਰ ਹਥੌੜੇ ਹੇਠ ਦਿੰਦੀ ਹੈ, ਤੈਸੇ ਹੀ ਜਗਿਆਸੂ ਨੂੰ ਚਾਹੀਦਾ ਹੈ ਕਿ ਗੁਰਾਂ ਅੱਗੇ ਮਨ-ਤਨ ਨੂੰ ਰੱਖ ਕੇ। ਭਾਵ ਮਨ ਦੀ ਮੱਤ ਛੱਡੇ, ਕਿਉਂਕਿ ਗੁਰਾਂ ਦਾ ਹੁਕਮ ਹੈ :—

*'ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ ॥੧॥*
*ਕਾਹੇ ਕੀਜਤੁ ਹੈ ਮਨਿ ਭਾਵਨੁ ॥'* [ਮਾਰੂ ਕਬੀਰ ਜੀ, ਅੰਗ—੧੧੦੪]

ਕਿਉਂ ਮਨ ਭਾਉਂਦੀਆਂ ਕਰਦਾ ਹੈਂ ? ਮਨਮੱਤ ਕਰਨੀ ਛੱਡ ਕੇ ਮਨ ਵਿਚ ਗੁਰਮਤਿ ਧਾਰਨੀ ਕਰ। ਯਥਾ :—

*'ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥'*
[ਗਉੜੀ ਮਹਲਾ ੫, ਅੰਗ—੨੦੪]

ਇਸ ਤਰ੍ਹਾਂ ਮਨ ਗੁਰਾਂ ਦੀ ਭੇਟਾ ਕਰੇ ਅਤੇ **ਤਨੁ** = ਸਰੀਰ ਉੱਪਰ ਗੁਰਾਂ ਦੀ ਦੱਸੀ ਹੋਈ ਰਹਿਤ ਰੱਖੇ। ਜਿਵੇਂ ਭਾਈ ਦਾਨ ਸਿੰਘ ਨੇ ਆਗਿਆ ਮੰਨ ਕੇ, ਅੰਮ੍ਰਿਤ ਛਕ ਕੇ ਪੰਜਾਂ ਕੱਕਿਆਂ ਦੀ ਰਹਿਤ ਰੱਖੀ ਸੀ। ਫਿਰ ਕੀ ਕਰੇ ? ਉੱਤਰ :—

## ਊਭੀ ਸੇਵ ਕਰੇਇ ॥

**ਊਭੀ** = ਖੜ੍ਹੀ, ਭਾਵ ਸਮਾਹਤ ਚਿੱਤ ਹੋ ਕੇ, ਅਥਵਾ :—ਉਤਸ਼ਾਹ ਅਤੇ ਸਾਵਧਾਨਤਾ ਨਾਲ ਸੇਵਾ ਕਰੇ। ਕਿਉਂਕਿ :—

੧. *'ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।'*
[ਭਾਈ ਗੁਰਦਾਸ ਜੀ, ਵਾਰ-੨੭, ਪਉੜੀ-੧੦]

੨. *'ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥'*
[ਸਿਰੀ ਰਾਗੁ ਮਹਲਾ ੧, ਅੰਗ—੨੬]

੩. *'ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥*
*ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥'*
[ਸੋਰਠਿ ਕੀ ਵਾਰ, ਸਲੋਕੁ ਮਃ ੩, ਅੰਗ—੬੫੧]

੪. *'ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ ॥'*
[ਸਾਰਗ ਮਹਲਾ ੫, ਅੰਗ—੧੨੦੬]

੫. *'ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥'*
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੫]

੬. *'ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥'* [ਆਸਾ ਮਹਲਾ ੩, ਅੰਗ—੪੨੩]

੭. *'ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧ ਸੰਗਤਿ ਦੀ ਸੇਵਾ ।'*
[ਭਾਈ ਗੁਰਦਾਸ ਜੀ, ਵਾਰ-੨੮, ਪਉੜੀ-੪]

੮. *'ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨ੍ਹਾਇ,*
*ਤੈਸਾ ਪੁੰਨ ਏਕ ਗੁਰਸਿਖ ਕਉ ਨ੍ਹਵਾਏ ਕਾ ॥*
*ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ,*
*ਅਸੁਮੇਧ ਜਗ ਫਲ ਸਿਖ ਕਉ ਜਿਵਾਏ ਕਾ ॥*
*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,*
*ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ ॥*
*ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,*
*ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ ॥੬੭੩॥'*
[ਕਬਿਤ ਸਵੱਯੇ ਭਾਈ ਗੁਰਦਾਸ ਜੀ]

੯. *'ਤਪ ਜੋਗ ਜੱਗਜ ਬ੍ਰਿਤਿ ਦਾਨ । ਗੁਰ ਸੇਵਾ ਕੇ ਹ੍ਵੈ ਨ ਸਮਾਨ ।*
*ਜਿਨ ਕੇ ਬਡੇ ਭਾਗ ਜਗ ਜਾਗੇ । ਸੋ ਸਤਿਗੁਰ ਕੀ ਸੇਵਾ ਲਾਗੇ ॥੯॥'*
[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ-੧, ਅੰਸੂ-੩੮, ਪੰਨਾ—੧੪੬੦]

੧੦. *'ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥'*
[ਗਉੜੀ ਸੁਖਮਨੀ ਮ: ੫, ਅੰਗ—੨੮੬-੮੭]

(ੳ) ਜਿਵੇਂ ਦੱਤਾਤ੍ਰੇਅ ਤੁਰਿਆ ਜਾਂਦਾ ਸੀ । ਰਸਤੇ ਵਿਚ ਇਕ ਸਰਕਾਰੀ ਪਹਿਰੇਦਾਰ ਦੇਖਿਆ, ਜੋ ਬਾਰਸ਼ ਵਿਚ ਵੀ ਆਪਣੇ ਪਹਿਰੇ 'ਤੇ ਖੜ੍ਹਾ ਸੀ । ਇਸ ਤਰ੍ਹਾਂ ਖੜੋ ਕੇ ਸੇਵਾ ਕਰੇ ।

(ਅ) ਜਿਵੇਂ ਬਾਬਾ ਅਤਰ ਸਿੰਘ ਜੀ ਪਾਸ ਕਰਨਲ ਨੰਦ ਸਿੰਘ ਆਇਆ ਸੀ । ਉਸਨੂੰ ਕਿਹਾ, "ਹਵਾ ਬੜੀ ਤੇਜ਼ ਚੱਲ ਰਹੀ ਹੈ, ਇਸ ਛਾਇਆਬਾਨ ਦੀ ਚੋਬ ਨੂੰ ਹੱਥ ਪਾ ਕੇ ਰੱਖ, ਤਾਂ ਭਾਈ ਨੰਦ ਸਿੰਘ ਜੀ ਸਾਰੀ ਰਾਤ ਚੋਬ ਨੂੰ ਹੱਥ ਪਾ ਕੇ ਖੜ੍ਹਾ ਰਿਹਾ, ਐਸੀ ਸੇਵਾ ਕਰੇ ।

(ੲ) ਜਿਵੇਂ ਭਾਈ ਮੰਞ ਜੀ ਪੰਜਵੇਂ ਪਾਤਸ਼ਾਹ ਜੀ ਦੇ ਲੰਗਰ ਵਿਚ ਲੱਕੜਾਂ ਲਿਆਇਆ

ਕਰਦੇ ਸਨ, ਇਕ ਦਿਨ ਹਨੇਰੀ ਆਉਣ ਕਰਕੇ ਰਸਤੇ ਤੁਰੇ ਆਉਂਦੇ ਨਾ ਪਤਾ ਲਗਣ ਕਰਕੇ, ਇਕ ਖੂਹ ਵਿਚ ਡਿੱਗ ਪਏ, ਪਾਣੀ ਥੋੜ੍ਹਾ ਸੀ ਲੱਕੜਾਂ ਸਿਰ 'ਤੇ ਚੁੱਕੀ ਪਾਣੀ ਵਿਚ ਹੀ ਖੜ੍ਹੇ ਰਹੇ, ਡੋਲੇ ਨਹੀਂ।

(ਸ) ਜਿਵੇਂ ਸੇਵਾ ਕੀਤੀ ਕਾਬਲ ਵਾਲੀ ਮਾਈ ਸੇਵਾਂ ਨੇ, ਜਿਸਦੇ ਨਾਮ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ 'ਮਾਈ ਸੇਵਾਂ ਦਾ ਬਜ਼ਾਰ' ਬਣਿਆ ਹੋਇਆ ਹੈ।

(ਹ) ਜਿਵੇਂ ਸੇਵਾ ਕੀਤੀ ਭਾਈ ਬਹਿਲੋ ਜੀ ਨੇ।

(ਕ) ਜਿਵੇਂ ਸੇਵਾ ਕੀਤੀ ਬਾਬਾ ਬਿਧੀ ਚੰਦ ਜੀ ਨੇ।

(ਖ) ਜਿਵੇਂ ਸੇਵਾ ਕੀਤੀ ਭਾਈ ਜੈਤਾ ਜੀ ਨੇ ਨੌਵੇਂ ਪਾਤਸ਼ਾਹ ਦਾ ਸੀਸ ਦਿਲੀਓਂ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਦੀ।

(ਗ) ਜਿਵੇਂ ਸੇਵਾ ਕੀਤੀ ਭਾਈ ਮਹਾਂ ਸਿੰਘ ਜੀ ਨੇ ਮੈਦਾਨੇ ਜੰਗ ਵਿਚ ਆਪਾ ਵਾਰ ਕੇ।*

ਸੋ, ਇਸ ਤਰ੍ਹਾਂ ਆਪਾ-ਭਾਵ ਮੇਟ ਕੇ ਗੁਰਮੁਖ ਬਣ ਕੇ ਸੇਵਾ ਕੀਤਿਆਂ ਸਭ ਦੇ ਮਨਾਂ ਦੀਆਂ ਗੱਲਾਂ ਜਾਨਣ ਲੱਗ ਜਾਂਦਾ ਹੈ। ਇਸ ਤਰ੍ਹਾਂ ਦੀ ਰਹਿਣੀ ਰਿਹਾ ਕਰੋ।

## ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥

ਇਸ ਤਰ੍ਹਾਂ ਗੁਰਾਂ ਦੁਆਰੇ ਆਪਾ ਭਾ = ਹੰਕਾਰ ਨੂੰ ਨਵਿਰਤ ਕਰੀਏ, ਤਾਂ ਸਾਰੀ ਸ੍ਰਿਸ਼ਟੀ ਦਾ **ਰਾਜੁ** = ਪ੍ਰਕਾਸ਼, ਭਾਵ ਗਿਆਨ ਪ੍ਰਾਪਤ ਕਰ ਲਈਦਾ ਹੈ, ਵਾ :—**ਰਾਜੁ** = ਭੇਤ, ਭਾਵ ਅੰਤਰਯਾਮਤਾ ਪ੍ਰਾਪਤ ਕਰ ਲਈਦੀ ਹੈ, ਅਥਵਾ :—ਸਾਰੀ ਸ੍ਰਿਸ਼ਟੀ ਦਾ ਰਾਜ ਲੈ ਲਈਦਾ ਹੈ। ਅਸਲ ਵਿਚ ਉਹੀ ਰਾਜਾ ਹੈ, ਜਿਸਦੇ ਹਿਰਦੇ ਵਿਚ ਨਾਮ ਹੈ। ਯਥਾ :—

੧. *'ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥'*
[ਭੈਰਉ ਮਹਲਾ ੫, ਅੰਗ—੧੧੫੫]

੨. *'ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥੭॥'*
[ਜੈਤਸਰੀ ਦੀ ਵਾਰ ਮਹਲਾ ੫, ਅੰਗ—੭੦੭]

* ਸਮੇਂ ਮੁਤਾਬਿਕ ਇਨ੍ਹਾਂ ਸਾਖੀਆਂ ਦਾ ਵਿਸਥਾਰ ਕਰੋ ਜੀ।

ਰਾਜਾ ਨਾਮ ਰੱਜੇ ਹੋਏ ਦਾ ਹੈ, ਜਿਸਦੀ ਤ੍ਰਿਸ਼ਨਾ ਰੂਪ ਭੁੱਖ ਮਿਟ ਗਈ ਹੈ, ਉਹੀ ਰਾਜਾ ਹੈ। ਪਰ ਤ੍ਰਿਸ਼ਨਾਂ ਸਤਿਗੁਰਾਂ ਦੀ ਕਿਰਪਾ ਨਾਲ ਨਾਮ ਜਪੇ ਤੋਂ ਹੀ ਮਿਟਦੀ ਹੈ। ਯਥਾ :—

੧. *'ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥*
*ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥'*
[ਧਨਾਸਰੀ ਮਹਲਾ ੫, ਅੰਗ—੬੮੨-੮੩]

੨. *'ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥*
*ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥'*
[ਤਿਲੰਗ ਮਹਲਾ ੪, ਅੰਗ—੭੨੬]

ਜਿਸ 'ਤੇ ਸਤਿਗੁਰੂ ਜੀ ਕਿਰਪਾ ਕਰ ਦੇਣ, ਉਹ ਪ੍ਰਤੱਖ ਰਾਜ ਵੀ ਲੈ ਲੈਂਦਾ ਹੈ, ਜਿਵੇਂ ਇਕ ਲੜਕੇ ਨੇ ਕਸ਼ਮੀਰ ਵਿਚ ਸਤਿਗੁਰੂ ਨਾਨਕ ਦੇਵ ਜੀ ਨੂੰ ਹੋਲਾਂ ਚਬਾਈਆਂ ਸਨ, ਤਾਂ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ :—

*'ਸਬਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ।*
*ਨਾਨਕ ਸਿਫਤੀ ਰੱਜਿਆ ਆਉ ਬਹੋ ਸੁਲਤਾਨ।'*
[ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ ਅਧਯਾਯ-੧੫, ਜਿਲਦ-੪, ਪੰਨਾ—੮੯੫]

ਫਿਰ ਸਤਿਗੁਰੂ ਜੀ ਦੇ ਵਰ ਕਰਕੇ ਦਿਨ ਚੜ੍ਹਦੇ ਤਕ ਰਾਜਾ ਬਣ ਗਿਆ ਸੀ।*

**ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥੧॥**

ਗੁਰੂ ਜੀ ਕਥਨ ਕਰਦੇ ਹਨ, ਜੇ ਆਪ ਵਾਹਿਗੁਰੂ ਕਿਰਪਾ-ਦ੍ਰਿਸ਼ਟੀ ਕਰੇ, ਤਾਂ ਗੁਰਾਂ ਦੁਆਰੇ ਹੀ ਇਹ ਕੁਝ ਸਮਝ ਸਕਦਾ ਹੈ। ਇਸ ਲਈ ਜੇ ਗੁਰੂ ਜੀ ਦੀ ਸ਼ਰਨ ਆਵਾਂਗੇ ਤਾਂ ਗੁਰੂ ਜੀ ਕਿਰਪਾ ਦੀ ਨਜ਼ਰ ਕਰਕੇ ਸਾਰੀਆਂ ਭੁੱਖਾਂ ਮੇਟ ਦੇਣਗੇ।

**ਮਃ ੩ ॥ ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥**

ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਦੁਆਰੇ ਵਾਹਿਗੁਰੂ ਦੇ ਨਾਮ ਨੂੰ ਧਿਆਇਆ ਹੈ, ਉਹ ਸੰਸਾਰ ਵਿਚ ਆਏ ਹੋਏ ਪ੍ਰਮਾਨੀਕ ਹਨ, ਭਾਵ ਸਫਲ ਹਨ। ਯਥਾ :—

੧. *'ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥'*
[ਵਡਹੰਸੁ ਮਹਲਾ ੧, ਅੰਗ—੫੭੯]

---

* ਸਮੇਂ ਅਨੁਸਾਰ ਇਸ ਸਾਖੀ ਦਾ ਵਿਸਥਾਰ ਕਰੋ ਜੀ।

੨. *'ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥'*
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੨]

**ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥੨॥**

ਗੁਰੂ ਜੀ ਕਥਨ ਕਰਦੇ ਹਨ, ਉਹ ਗੁਰਮੁਖ ਪਿਆਰੇ ਆਪਣੀ ਕੁਲ ਨੂੰ ਤਾਰ ਲੈਂਦੇ ਹਨ ਅਤੇ ਦਰਗਾਹ ਵਿਚ ਵੀ **ਮਾਣੁ** = ਆਦਰ ਪਾਉਂਦੇ ਹਨ ॥੨॥

ਜੋ ਗੁਰਮੁਖ ਬਣ ਕੇ ਨਾਮ ਜਪਦੇ ਹਨ, ਉਹ ਨਿਰਾ ਆਪਣੀਆਂ ਕੁਲਾਂ ਦਾ ਹੀ ਨਹੀਂ ਬਲਕਿ ਸਾਰੀ ਸ੍ਰਿਸ਼ਟੀ ਦਾ ਹੀ ਉਧਾਰ ਕਰ ਦਿੰਦੇ ਹਨ। ਯਥਾ :—

੧. *'ਬਲਿਹਾਰੀ ਤਿਨਾਂ ਗੁਰਸਿੱਖਾਂ ਆਪਿ ਤਰੇ ਤਾਰੇਨਿ ਸਰਿਠਾ।'*
[ਭਾਈ ਗੁਰਦਾਸ ਜੀ, ਵਾਰ-੧੨, ਪਉੜੀ-੧]

੨. *'ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥*
*ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥੮॥'*
[ਤਿਲੰਗ ਮਹਲਾ ੪, ਅੰਗ—੭੨੫]

ਜਿਵੇਂ ਜਹਾਜ਼ ਵਿਚ ਸਵਾਰੀਆਂ ਸਮੇਤ ਲੋਹਾ, ਪਸ਼ੂ ਅਤੇ ਹੋਰ ਸਮਾਨ ਵੀ ਪਾਰ ਲੰਘ ਜਾਂਦਾ ਹੈ। ਇਸ ਤਰ੍ਹਾਂ ਨਾਮ ਰੂਪ ਜਹਾਜ਼ 'ਤੇ ਚੜ੍ਹ ਕੇ ਸਭ ਪਾਰ ਹੋ ਜਾਂਦੇ ਹਨ।

ਜੋ ਸ੍ਰੇਸ਼ਟ ਕਰਮ ਕਰਨੇ ਹਨ, ਇਹ ਤੁਲਾ ਹੈ, ਇਸ 'ਤੇ ਇਕੱਲਾ ਪੁਰਸ਼ ਹੀ ਪਾਰ ਹੋ ਸਕਦਾ ਹੈ। ਜੋ ਭਗਤੀ ਕਰਨੀ ਹੈ, ਇਹ ਬੇੜੀ ਦੀ ਨਿਆਈਂ ਹੈ। ਇਸ 'ਤੇ ਸਾਰੇ ਪਰਿਵਾਰ ਨੂੰ ਚੜ੍ਹਾ ਕੇ ਪਾਰ ਲੰਘ ਸਕੀਦਾ ਹੈ। ਜੋ ਨਾਮ ਜਪਣਾ ਹੈ, ਇਹ ਜਹਾਜ਼ ਦੀ ਨਿਆਈਂ ਹੈ, ਜੋ ਬਹੁਤ ਵੱਡਾ ਹੁੰਦਾ ਹੈ। ਇਸ ਉੱਪਰ ਚੜ੍ਹਨ ਵਾਲਾ ਸਾਰੀਆਂ ਕੁਲਾਂ ਨੂੰ ਹੀ ਤਾਰ ਲੈਂਦਾ ਹੈ। ਐਸੇ ਪੁਰਸ਼ਾਂ ਦੀ ਅੱਗੇ ਦਰਗਾਹ ਵਿਚ ਵੀ ਸੋਭਾ ਹੁੰਦੀ ਹੈ। ਯਥਾ :—

*'ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥'*
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੨]

**ਪਉੜੀ ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥**

ਗੁਰਮੁਖ ਸਿੱਖਾਂ ਰੂਪ ਸਖੀਆਂ ਗੁਰਾਂ ਨੇ ਪਤੀ-ਪ੍ਰਮੇਸ਼ਰ ਨਾਲ ਮਿਲਾਈਆਂ ਹਨ। ਯਥਾ :—

੧. *'ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥*
*ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥੧੧॥'*
[ਤਿਲੰਗ ਮਹਲਾ ੪, ਅੰਗ—੭੨੬]

੨. *'ਹਰਿ ਦੁਆਰੈ ਖਰੀਆ ॥ ਦਰਸਨੁ ਕਰੀਆ ॥*
*ਨਾਨਕ ਗੁਰ ਮਿਰੀਆ ॥ ਬਹੁਰਿ ਨ ਫਿਰੀਆ ॥੨॥'*

[ਸੂਹੀ ਮਹਲਾ ੫, ਅੰਗ—੭੪੬]

**ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥**

ਇਕ ਸੇਵਕ ਗੁਰਾਂ ਦੇ ਪਾਸ ਬੈਠ ਕੇ ਸੇਵਾ ਕਰਦੇ ਹਨ ਅਤੇ ਇਕਨਾ ਨੂੰ ਗੁਰਾਂ ਨੇ ਹੋਰ ਲੰਗਰ ਆਦਿਕਾਂ ਦੇ ਕੰਮ-ਕਾਰਾਂ ਵਿਚ ਲਗਾਇਆ ਹੈ।

ਇਕ ਸੇਵਕ ਐਸੇ ਹਨ, ਜੋ ਹਰ ਵਕਤ ਗੁਰਾਂ ਦੇ ਪਾਸ ਰਹਿੰਦੇ ਹਨ, ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਵਰਗੇ। ਇਕਨਾਂ ਨੂੰ ਹਰ ਵਕਤ ਗੁਰੂ ਜੀ ਨੇ ਆਪਣੀ ਕਾਰ-ਸੇਵਾ ਵਿਚ ਲਾਇਆ ਹੋਇਆ ਹੈ। ਜਿਵੇਂ ਭਾਈ ਗੜ੍ਹੀਆ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਸ਼ਮੀਰ ਵਿਚ ਸਿੱਖੀ ਦੇ ਪ੍ਰਚਾਰ ਵਾਸਤੇ ਭੇਜਿਆ ਸੀ।* ਇਕਨਾਂ ਨੂੰ ਕਾਰ-ਸੇਵਾ ਉਗਰਾਉਣ ਵਿਚ ਲਾਇਆ ਹੋਇਆ ਹੈ। ਜਿਵੇਂ ਭਾਈ ਗੋਂਦਾ ਜੀ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਕਾਬਲ ਵਿਚ ਕਾਰ ਉਗਰਾਉਣ ਵਾਸਤੇ ਭੇਜਿਆ ਸੀ ਅਤੇ ਨਾਲ ਇਹ ਕਿਹਾ ਸੀ, "ਉਥੇ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਾ।" ਉਥੇ ਜਾ ਕੇ ਭਾਈ ਗੋਂਦਾ ਜੀ ਨੇ ਬੜਾ ਹੀ ਪ੍ਰਚਾਰ ਕੀਤਾ।

**ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥**

ਜਿੰਨ੍ਹਾਂ ਦੇ ਮਨ ਚਿੱਤ ਵਿਚ ਗੁਰੂ ਜੀ ਪਿਆਰੇ ਲੱਗੇ ਹਨ, ਤਿਨ੍ਹਾਂ ਨੂੰ ਗੁਰਾਂ ਨੇ ਪ੍ਰਮੇਸ਼ਰ ਪਾਸੋਂ **ਭਾਉ** = ਪ੍ਰੇਮ, ਅਥਵਾ :—ਗਿਆਨ ਦਿਵਾਇਆ ਹੈ। ਅਥਵਾ :—ਜਿੰਨ੍ਹਾਂ ਦੇ ਮਨ ਵਿਚ ਪਿਆਰਾ ਗੁਰੂ ਵੱਸਦਾ ਹੈ, ਉਨ੍ਹਾਂ ਨੂੰ ਗੁਰੂ ਜੀ ਕਿਰਪਾ ਕਰਕੇ ਚਿੱਤ ਵਿਚ **ਭਾਉ** = ਪ੍ਰਕਾਸ਼ ਦੇ ਦਿੰਦੇ ਹਨ।

## ਸਾਖੀ : ਸਿੰਘਾਂ ਦੇ ਰਾਸ ਵੇਖਣ ਦੀ

ਸ੍ਰੀ ਦਮਦਮੇ ਸਾਹਿਬ ਵਿਖੇ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਿਰਾਜਿਆ ਕਰਦੇ ਸਨ ਤਾਂ ਆਪ ਦੇ ਪਹਿਰੇ 'ਤੇ ਪੰਜ ਸਿੰਘ ਖੜ੍ਹੇ ਹੋਇਆ ਕਰਦੇ ਹਨ। ਇਕ ਰਾਤ ਪਿੰਡ ਵਿਚ ਰਾਸ ਪੈ ਰਹੀ ਸੀ, ਉਨ੍ਹਾਂ ਪੰਜਾਂ ਸਿੰਘਾਂ ਵਿਚੋਂ ਦੋ ਸਿੰਘ, ਭਾਈ ਦਰਸ਼ਨ ਸਿੰਘ ਤੇ ਭਾਈ ਮਾਲਾ ਸਿੰਘ ਰਾਸ ਵੇਖਣ ਚਲੇ ਗਏ, ਪਰ ਮਨ ਪਿੱਛੇ ਗੁਰਾਂ ਵਿਚ ਰਿਹਾ ਕਿ ਕਿਤੇ ਪਤਾ ਨਾ ਲੱਗ ਜਾਵੇ, ਗੁਰੂ ਜੀ ਜਾਗ ਨਾ ਪੈਣ। ਜੋ ਹਾਜ਼ਰ ਸਨ, ਉਨ੍ਹਾਂ ਦਾ ਮਨ

---

* ਇਹ ਸਾਖੀ ਇਸ ਪੋਥੀ ਦੇ ੪੪੩ ਪੰਨੇ ਤੋਂ ਪੜ੍ਹੋ ਜੀ।

ਤਮਾਸ਼ੇ ਵੱਲ ਲੱਗਾ ਰਿਹਾ। ਮਨ ਵਿਚ ਸੋਚਦੇ ਹਨ ਕਿ ਜੇ ਆਪਾਂ ਵੀ ਚਲੇ ਜਾਂਦੇ ਤਾਂ ਆਪਾਂ ਵੀ ਰਾਸ ਵੇਖ ਲੈਂਦੇ, ਗੁਰੂ ਜੀ ਕਿਹੜਾ ਉੱਠੇ ਹਨ! ਇਸ ਲਈ ਜਿਹੜੇ ਤਿੰਨ ਸਿੱਖ ਕੋਲ ਸਨ, ਉਨ੍ਹਾਂ ਦੀ ਹਾਜ਼ਰੀ ਨਾ ਲੱਗੀ, ਪਰ ਜੋ ਤਮਾਸ਼ਾ ਵੇਖਣ ਗਏ ਸਨ, ਉਨ੍ਹਾਂ ਦੀ ਹਾਜ਼ਰੀ ਲੱਗ ਗਈ, ਕਿਉਂਕਿ ਉਹਨਾਂ ਦੇ ਮਨ ਵਿਚ ਡਰ ਸੀ। ਯਥਾ :—

*'ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥'*

[ਆਸਾ ਦੀ ਵਾਰ ਮਹਲਾ ੧, ਅੰਗ—੪੬੫]

## ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥

ਗੁਰਾਂ ਦਾ ਸਿੱਖਾਂ ਅਤੇ ਪੁੱਤਰਾਂ ਵਿਚ ਇਕੋ ਜਿਹਾ ਪਿਆਰ ਹੈ। ਅਰਥਾਤ ਸਿੱਖਾਂ ਨਾਲੋਂ ਪੁੱਤਰਾਂ ਨੂੰ ਚੰਗਾ ਨਹੀਂ ਸਮਝਦੇ, ਭਾਵ ਸਿੱਖਾਂ ਅਤੇ ਪੁੱਤਰਾਂ ਵਿਚ ਸਮਦ੍ਰਿਸ਼ਟੀ ਹੈ, ਮਿੱਤਰਾਂ ਅਤੇ ਭਾਈਆਂ ਵਿਚ ਵੀ ਇਕੋ ਜਿਹਾ ਪਿਆਰ ਹੈ।

ਜਿਸ ਤਰ੍ਹਾਂ ਪਹਿਲੇ ਪਾਤਸ਼ਾਹ ਜੀ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਸੇਵਕ ਸ੍ਰੀ ਪਾਵਨ ਲਹਿਣਾ ਜੀ ਨੂੰ ਗੁਰਤਾ ਗੱਦੀ ਬਖ਼ਸ਼ੀ। ਦੂਜੇ ਪਾਤਸ਼ਾਹ ਜੀ ਨੇ ਵੀ ਆਪਣੇ ਪੁੱਤਰਾਂ ਨੂੰ ਛੱਡ ਕੇ ਸੇਵਕ ਸ੍ਰੀ ਅਮਰਦਾਸ ਜੀ ਨੂੰ ਗੁਰਤਾ ਗੱਦੀ ਬਖ਼ਸ਼ੀ। ਫਿਰ ਤੀਜੇ ਪਾਤਸ਼ਾਹ ਜੀ ਨੇ ਵੀ ਆਪਣੇ ਪੁੱਤਰਾਂ ਨੂੰ ਛੱਡ ਕੇ ਸੇਵਕ ਸ੍ਰੀ ਰਾਮਦਾਸ ਜੀ ਨੂੰ ਗੁਰਤਾ ਗੱਦੀ ਬਖ਼ਸ਼ੀ।

## ਗੁਰੁ ਸਤਿਗੁਰੁ ਬੋਲਹੁ ਸਭਿ; ਗੁਰੁ ਆਖਿ, ਗੁਰੂ ਜੀਵਾਈਆ ॥੧੪॥

ਇਸ ਲਈ ਤੁਸੀਂ ਸਾਰੇ ਮਿਲ ਕੇ ਪੂਜਨੀਕ ਸਤਿਗੁਰਾਂ ਦੇ ਜੱਸ ਨੂੰ ਬੋਲੋ, ਜੋ ਪੁਰਸ਼ ਗੁਰਾਂ ਦੇ ਜੱਸ ਨੂੰ ਆਖਦੇ ਹਨ, ਉਹਨਾਂ ਨੂੰ ਗੁਰਾਂ ਨੇ ਪ੍ਰਮੇਸ਼ਰ ਦੀ ਤਰਫ਼ ਜਿਵਾਉਣਾ ਕੀਤਾ ਹੈ। ਯਥਾ :—

੧. *'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥'*

[ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਅੰਗ—੧੪੨]

੨. *'ਮਰਣੰ ਬਿਸਰਣੰ ਗੋਬਿਦਹ ਜੀਵਣੰ ਹਰਿ ਨਾਮ ਧ੍ਯਾਵਣਹ ॥'*

[ਮਹਲਾ ੫ ਗਾਥਾ, ਅੰਗ—੧੩੬੧]

੩. *'ਆਖਾ ਜੀਵਾ ਵਿਸਰੈ ਮਰਿ ਜਾਉ ॥'* [ਆਸਾ ਮਹਲਾ ੧, ਅੰਗ—੯]

ਜਿਨ੍ਹਾਂ ਨੇ ਗੁਰੂ ਦੁਆਰਾ ਨਾਮ ਨੂੰ ਜਪਿਆ ਹੈ, ਉਨ੍ਹਾਂ ਨੂੰ ਗੁਰੂ ਜੀ ਨੇ ਜਿਉਂਦੇ ਕਰ ਦਿੱਤਾ ਹੈ, ਭਾਵ ਆਤਮ ਗਿਆਨ ਦੇ ਦਿੱਤਾ ਹੈ। ਫਿਰ ਉਹ ਨਦਰੀ-ਨਦਰਿ ਨਿਹਾਲ ਹੋ ਗਏ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

## ੨੬.

**ਸਲੋਕੁ ਮ: ੩ ॥** [ਅੰਗ—੬੪੯]

### ਬ੍ਰਹਮੁ ਬਿੰਦੈ ਤਿਸਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

*'ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥'*

[ਸਵਈਏ ਮਹਲੇ ਚਉਥੇ ਕੇ, ਕੀਰਤਿ ਭੱਟ, ਅੰਗ—੧੪੦੬]

ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬੱਦਲ ਰੂਪ ਹੋ ਕੇ ਸਿੱਖਾਂ ਰੂਪ ਬਬੀਹਿਆਂ ਨੂੰ ਸਿਖਿਆ ਰੂਪ ਸ੍ਵਾਂਤੀ ਬੂੰਦ ਬਖ਼ਸ਼ ਰਹੇ ਹਨ। ਜਿਵੇਂ ਸ੍ਵਾਂਤੀ ਬੂੰਦ ਸੁੱਕੀ ਖੇਤੀ ਹਰੀ ਕਰ ਦਿੰਦੀ ਹੈ, ਜੇ ਬੇਰੀ ਜਾਂ ਟਾਹਲੀ 'ਤੇ ਪੈ ਜਾਵੇ ਤਾਂ ਚੰਦਨ ਬਣਾ ਦਿੰਦੀ ਹੈ।

ਏਸੇ ਤਰ੍ਹਾਂ ਹੀ ਗੁਰੂ ਜੀ ਦੀ ਸਿਖਿਆ ਰੂਪ ਸ੍ਵਾਂਤੀ ਬੂੰਦ ਬੇਰੀ ਦੀ ਨਿਆਈਂ ਨਿਮਰਤਾ ਵਾਲੇ 'ਤੇ ਪੈ ਕੇ ਭਗਤੀ ਰੂਪ ਚੰਦਨ ਬਣਾ ਦਿੰਦੀ ਹੈ। ਟਾਹਲੀ ਦੀ ਨਿਆਈਂ ਜੋ ਸਭ ਦੀ ਧੂੜ ਬਣੇ ਹਨ, ਜੇ ਉਹਨਾਂ 'ਤੇ ਪੈ ਜਾਵੇ ਤਾਂ ਪ੍ਰੇਮਾ-ਭਗਤੀ ਰੂਪ ਚੰਦਨ ਬਣਾ ਦਿੰਦੀ ਹੈ। ਜੇ ਕੇਲੇ 'ਤੇ ਪੈ ਜਾਵੇ ਤਾਂ ਕਪੂਰ ਪੈਦਾ ਕਰ ਦਿੰਦੀ ਹੈ, ਐਸੇ ਹੀ ਕੇਲੇ ਦੀ ਨਿਆਈਂ ਨਰਮ ਚਿੱਤ ਵਾਲਿਆਂ 'ਤੇ ਪੈ ਕੇ ਮਹਾਂਵਾਕ ਰੂਪ ਕਪੂਰ ਪੈਦਾ ਕਰਦੀ ਹੈ। ਜੇ ਸਿੱਪੀ 'ਤੇ ਪੈ ਜਾਵੇ ਤਾਂ ਵਿਚੋਂ ਮੋਤੀ ਨਿਕਲਦਾ ਹੈ, ਐਸੇ ਹੀ ਹਿਰਦੇ ਰੂਪ ਸਮੁੰਦਰ 'ਤੇ ਤੈਰ ਰਹੀ ਬੁੱਧੀ ਰੂਪ ਸਿੱਪੀ, ਸਿਖਿਆ ਰੂਪ ਸ੍ਵਾਂਤ ਬੂੰਦ ਪ੍ਰਾਪਤ ਕਰਕੇ ਮੁਕਤੀ ਰੂਪ ਮੋਤੀ ਪੈਦਾ ਕਰਦੀ ਹੈ। ਜੇ ਹਾਥੀ 'ਤੇ ਪੈ ਜਾਵੇ ਤਾਂ ਵੀ ਮੋਤੀ ਪੈਦਾ ਹੁੰਦਾ ਹੈ, ਐਸੇ ਹੀ ਮਨ ਰੂਪ ਹਾਥੀ, ਸਿਖਿਆ ਰੂਪ ਸ੍ਵਾਂਤੀ ਬੂੰਦ ਪ੍ਰਾਪਤ ਕਰਕੇ ਵੈਰਾਗ ਰੂਪ ਮੋਤੀ ਪੈਦਾ ਕਰਦਾ ਹੈ। ਜੇ ਪੁਰਸ਼ 'ਤੇ ਪੈ ਜਾਵੇ ਤਾਂ ਰਾਜਾ ਬਣ ਜਾਂਦਾ ਹੈ, ਐਸੇ ਹੀ ਸਿਖਿਆ ਰੂਪ ਸ੍ਵਾਂਤੀ ਬੂੰਦ ਜੇ ਅੰਤਹਕਰਣ ਰੂਪ ਸਿਰ 'ਤੇ ਪੈ ਜਾਵੇ ਤਾਂ ਸਰੂਪ ਰੂਪ ਰਾਜ ਪ੍ਰਾਪਤ ਹੁੰਦਾ ਹੈ। ਯਥਾ :—

*'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥'*

[ਰਾਮਕਲੀ ਕਬੀਰ ਜੀ, ਅੰਗ—੯੬੯]

ਜੇ ਗੰਜੇ ਦੇ ਸਿਰ 'ਤੇ ਪੈ ਜਾਵੇ ਤਾਂ ਉਸਦੇ ਕੇਸ ਆ ਜਾਂਦੇ ਹਨ, ਐਸੇ ਹੀ ਜਿਨ੍ਹਾਂ ਦੇ ਅੰਤਹਕਰਣ ਰੂਪ ਸਿਰ 'ਤੇ ਸ਼ਰਧਾ ਰੂਪ ਕੇਸ ਨਹੀਂ ਹਨ, ਨਿਸ਼ਰਧਕ ਪੁਣਾ ਰੂਪ ਗੰਜ

ਪਿਆ ਹੋਇਆ ਹੈ, ਉਨ੍ਹਾਂ ਦੇ ਅੰਤਹਕਰਣ ਰੂਪ ਸਿਰ ਵਿਚ ਸਿਖਿਆ ਰੂਪ ਸ੍ਵਾਂਤੀ ਬੂੰਦ ਪੈਣ ਤੋਂ ਸ਼ਰਧਾ ਰੂਪ ਕੇਸ ਪੈਦਾ ਹੋ ਜਾਂਦੇ ਹਨ। ਜਿਵੇਂ ਕੱਲਰ ਵਾਲੀ ਧਰਤੀ ਸ੍ਵਾਂਤੀ ਬੂੰਦ ਪੈਣ ਤੋਂ ਪ੍ਰਫੁਲਤ ਹੁੰਦੀ ਹੈ, ਐਸੇ ਹੀ ਗੁਰੂ ਜੀ ਦੀ ਸਿਖਿਆ ਰੂਪ ਸ੍ਵਾਂਤੀ ਬੂੰਦ ਨਾਲ ਹਿਰਦੇ ਰੂਪ ਧਰਤੀ ਵਿਚੋਂ ਨਾਸਤਕ ਪੁਣਾ ਰੂਪ ਕੱਲਰ ਨਵਿਰਤ ਹੋ ਕੇ ਭਗਤੀ ਰੂਪ ਖੇਤੀ ਪ੍ਰਫੁਲਤ ਹੁੰਦੀ ਹੈ। ਗਿੱਦੜ 'ਤੇ ਪੈ ਜਾਵੇ ਤਾਂ ਉਹ ਹਲਕ ਜਾਂਦਾ ਹੈ, ਐਸੇ ਹੀ ਸਾਕਤ ਪੁਰਸ਼ ਹਲਕ ਜਾਂਦੇ ਹਨ। ਯਥਾ :—

*'ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥'*

[ਨਟ ਮਹਲਾ ੪, ਅੰਗ—੯੮੩]

ਜਿਵੇਂ ਸ੍ਵਾਂਤੀ ਬੂੰਦ ਸੱਪ ਵਿਚ ਜ਼ਹਿਰ ਵਧਾਉਂਦੀ ਹੈ, ਐਸੇ ਹੀ ਮਨਮੁਖ ਪੁਰਸ਼ਾਂ ਰੂਪ ਸੱਪਾਂ ਵਿਚ ਗੁਰਾਂ ਦੀ ਸਿਖਿਆ ਰੂਪ ਸ੍ਵਾਂਤੀ ਬੂੰਦ *'ਅਹੰ ਬ੍ਰਹਮ ਅਸਮੀ ਨਿਸ਼ੰਗ ਭੋਗ ਲਛਮੀ'* ਹੰਕਾਰ ਰੂਪ ਜ਼ਹਿਰ ਹੀ ਵਧਾਉਂਦੀ ਹੈ। ਪਰ ਗੁਰਸਿਖ ਰੂਪ ਬਬੀਹੇ ਸਿਖਿਆ ਰੂਪ ਸ੍ਵਾਂਤੀ ਬੂੰਦ ਪਾ ਕੇ ਜੀਵਨ-ਮੁਕਤੀ ਦਾ ਅਨੰਦ ਮਾਣਦੇ ਹਨ।

ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਬੱਦਲ ਦੀ ਨਿਆਈਂ ਅੰਮ੍ਰਿਤ ਸਰੀਖੇ ਉਪਦੇਸ਼ ਰੂਪ ਸ੍ਵਾਂਤੀ ਬੂੰਦ ਦੀ ਵਰਖਾ ਕਰ ਰਹੇ ਹਨ। ਹਜ਼ੂਰ ਦੇ ਚਰਨਾਂ ਪਾਸ ਮਾਈਦਾਸ ਵੈਸ਼ਨੋ ਅਤੇ ਹੋਰ ਮੁਖੀ-ਮੁਖੀ ਸਿੱਖ ਬੈਠੇ ਹਨ। ਪਹਿਲਾਂ ਲੰਗਰ ਵਿਚੋਂ ਪ੍ਰਸ਼ਾਦਾ ਛਕ ਕੇ ਫਿਰ ਸਤਿਗੁਰਾਂ ਦੇ ਦਰਸ਼ਨ ਕਰਨ ਦਾ ਹੁਕਮ ਹੈ। ਮਾਈਦਾਸ ਨੇ ਬੇਨਤੀ ਕੀਤੀ, "ਹੇ ਸਤਿਗੁਰੂ ਸਾਹਿਬ ਜੀ! ਲੰਗਰ ਵਿਚ ਹਰ ਜਾਤੀ ਦੇ ਸਿੱਖ ਸੇਵਾ ਕਰਦੇ ਹਨ, ਅਸੀਂ ਕਿਵੇਂ ਲੰਗਰ ਵਿਚੋਂ ਪ੍ਰਸ਼ਾਦਾ ਛਕ ਸਕਦੇ ਹਾਂ! ਕਿਉਂਕਿ ਇਸ ਤਰ੍ਹਾਂ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਨਾਲ ਸਾਡਾ ਬ੍ਰਾਹਮਣ ਪੁਣਾ ਨਹੀਂ ਰਹਿੰਦਾ।" ਤਾਂ ਗੁਰੂ ਸਾਹਿਬ ਜੀ ਨੇ ਇਸ ਸ਼ਬਦ ਦੁਆਰਾ ਪਰਮ-ਪਵਿੱਤਰ ਉਪਦੇਸ਼ ਬਖ਼ਸ਼ਿਆ :—

### ਬ੍ਰਹਮੁ ਬਿੰਦੈ ਤਿਸਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥

ਇਕ ਗੁਰਾਂ ਦੇ ਉਪਦੇਸ਼ ਵਿਚ ਬਿਰਤੀ ਨੂੰ ਲਗਾ ਕੇ, ਜੋ ਬ੍ਰਹਮ ਨੂੰ **ਬਿੰਦੈ** = ਜਾਣਦਾ ਹੈ, ਤਿਸਦਾ **ਬ੍ਰਹਮਤੁ ਰਹੈ** = ਬ੍ਰਾਹਮਣ ਪੁਣਾ ਰਹਿੰਦਾ ਹੈ। ਜਾਤੀ ਕਰਕੇ ਤਾਂ ਕੋਈ ਵੀ ਬ੍ਰਾਹਮਣ ਨਹੀਂ ਹੈ, ਬ੍ਰਹਮ ਨੂੰ ਜਾਨਣ ਵਾਲਾ ਹੀ ਬ੍ਰਾਹਮਣ ਹੁੰਦਾ ਹੈ। ਯਥਾ :—

*'ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ ॥*
*ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ ॥*

*ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ ॥*
*ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ ॥'*
[ਬਿਲਾਵਲ ਕੀ ਵਾਰ, ਸਲੋਕ ਮ: ੩, ਅੰਗ—੮੪੯]

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬ੍ਰਾਹਮਣ ਦੇ ਲੱਖਣ ਇਸ ਪ੍ਰਕਾਰ ਕਰਦੇ ਹਨ :—

੧. *'ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥*
*ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥*
*ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥'*
[ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ—੧੪੧੧]

੨. *'ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥'*
[ਧਨਾਸਰੀ ਮਹਲਾ ੧, ਅੰਗ—੬੬੨]

੩. *'ਸਲੋਕ ਮ: ੧ ॥ ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥*
*ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥*
*ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥*
*ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥'*
[ਸਾਰੰਗ ਕੀ ਵਾਰ ਮਹਲਾ ੪, ਅੰਗ—੧੨੪੫]

ਇਕ ਵਾਰ ਭਗਤ ਕਬੀਰ ਜੀ ਪਾਸ ਪੰਡਿਤ ਚਰਚਾ ਕਰਨ ਲਈ ਆਏ ਸਨ ਕਿ ਤੂੰ ਸ਼ੂਦਰ ਹੈਂ, ਅਸੀਂ ਬ੍ਰਾਹਮਣ ਹਾਂ, ਤਾਂ ਕਬੀਰ ਜੀ ਨੇ ਕਿਹਾ :—

*'ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥'*
[ਗਉੜੀ ਕਬੀਰ ਜੀ, ਅੰਗ—੩੨੪]

ਹੇ ਭਾਈ ! ਗਰਭ ਵਿਚ ਕੁਲ ਨਹੀਂ ਜਾਣੀ ਜਾਂਦੀ ਹੈ। ਤਾਂ ਪੰਡਿਤ ਨੇ ਕਿਹਾ, "ਅਸੀਂ ਬ੍ਰਹਮਾਂ ਦੀ ਬਿੰਦ ਤੋਂ ਪੈਦਾ ਹੋਏ ਹਾਂ।" ਤਾਂ ਕਬੀਰ ਜੀ ਨੇ ਕਿਹਾ, "ਸਾਰੀ ਸ੍ਰਿਸ਼ਟੀ ਹੀ ਬ੍ਰਹਮਾ ਦੀ ਬਿੰਦ ਤੋਂ ਪੈਦਾ ਹੋਈ ਹੈ।"

## ਸਾਖੀ : ਸਯਦਾਣੀ ਦੀ

ਪੁਰਾਤਨ ਸਮਿਆਂ ਵਿਚ ਹਿੰਦੂ ਲੋਕ, ਅੱਜ ਵਰਗੇ ਆਵਾਜਾਈ ਦੇ ਸਾਧਨ ਨਾ ਹੋਣ ਕਰਕੇ ਤੀਰਥ ਯਾਤਰਾ ਕਰਨ ਲਈ ਪੈਦਲ ਜਾਇਆ ਕਰਦੇ ਸਨ, ਜਿਥੇ ਰਾਤ ਪੈ ਜਾਂਦੀ, ਉਥੇ ਹੀ ਅਰਾਮ ਕਰ ਲਿਆ ਕਰਦੇ ਸਨ। ਇਕ ਐਸਾ ਪਿੰਡ ਸੀ, ਜਿਥੇ ਮੁਸਲਮਾਨ ਹੀ

ਵੱਸਦੇ ਹਨ, ਹਿੰਦੂਆਂ ਨੂੰ ਉਥੇ ਜ਼ਰੂਰ ਰਾਤ ਕੱਟਣੀ ਪੈ ਜਾਂਦੀ ਸੀ ਅਤੇ ਭੁੱਖੇ ਰਹਿਣਾ ਪੈਂਦਾ ਸੀ। ਦੇਵਨੇਤ ਲਾਲ ਇਕ ਸਯਦ ਮਰ ਗਿਆ ਤਾਂ ਮੁਸਲਮਾਨਾਂ ਨੇ ਹਿੰਦੂ ਯਾਤਰੀਆਂ ਦਾ ਪ੍ਰਸ਼ਾਦਾ ਤਿਆਰ ਕਰਨ ਲਈ ਉਸਦੇ ਘਰ ਵਾਲੀ ਸਯਦਾਣੀ ਨੂੰ ਗੋਮੂਤ੍ਰ ਪਿਲਾ ਕੇ ਬ੍ਰਾਹਮਣੀ ਬਣਾ ਕੇ, ਇਕ ਵੱਖਰਾ ਮਕਾਨ ਦੇ ਦਿੱਤਾ ਅਤੇ ਆਖਿਆ, "ਤੂੰ ਆਏ-ਗਏ ਹਿੰਦੂ ਯਾਤਰੀਆਂ ਦੀ ਸੇਵਾ ਕਰਿਆ ਕਰ, ਰਸਦ ਪਾਣੀ ਤੈਨੂੰ ਅਸੀਂ ਪਹੁੰਚਾਇਆ ਕਰਾਂਗੇ।"

ਉਸ ਦਿਨ ਤੋਂ ਪਿੰਡ ਵਿਚ ਕੋਈ ਵੀ ਯਾਤਰੂ ਆਵੇ ਤਾਂ ਮੁਸਲਮਾਨ ਉਸਦੇ ਘਰ ਭੇਜ ਦਿਆ ਕਰਦੇ ਸਨ। ਜਦ ਇਸ ਤਰ੍ਹਾਂ ਸੇਵਾ ਕਰਦੀ ਨੂੰ ਕੁਝ ਸਮਾਂ ਲੰਘਿਆ ਤਾਂ ਇਕ ਰਾਤ ਉਸਦੇ ਘਰ ਇਕ ਬ੍ਰਾਹਮਣ ਤੇ ਬ੍ਰਾਹਮਣੀ ਆ ਉੱਤਰੇ, ਉਸ ਨਵੀਂ ਬਣੀ ਹਿੰਦਣੀ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ। ਜਦ ਉਹ ਰੋਟੀ ਖਵਾ ਕੇ ਤੇ ਆਪ ਖਾ ਕੇ ਭਾਂਡੇ ਮਾਂਜਣ ਲੱਗੀ ਤਾਂ ਦੋਨੋਂ ਬ੍ਰਾਹਮਣੀਆਂ ਇਕੱਠੀਆਂ ਹੋ ਕੇ ਗੱਲਾਂ ਕਰਨ ਲੱਗ ਪਈਆਂ। ਨਵੀਂ ਬਣੀ ਬ੍ਰਾਹਮਣੀ ਨੇ ਪੁੱਛਿਆ, "ਭੈਣ ਜੀ ! ਆਪ ਕਦੋਂ ਕੁ ਦੇ ਬ੍ਰਾਹਮਣ ਬਣੇ ਹੋ ?" ਉਹ ਬ੍ਰਾਹਮਣੀ ਸੁਣ ਕੇ ਬੜੀ ਹੈਰਾਨ ਹੋ ਕੇ ਆਖਣ ਲੱਗੀ, "ਕਦੋਂ ਕੁ ਦਾ ਕੀ ਭਾਵ ਹੈ ?" ਤਾਂ ਨਵੀਂ ਬਣੀ ਬ੍ਰਾਹਮਣੀ ਨੇ ਕਿਹਾ, "ਮੈਂ ਪਹਿਲਾਂ ਸਯਦ ਦੇ ਘਰ ਵਾਲੀ ਮੁਸਲਮਾਨੀ ਸੀ, ਉਸਦੇ ਮਰ ਜਾਣ ਪਿੱਛੋਂ ਮੈਨੂੰ ਗੋਮੂਤ੍ਰ ਪਿਲਾ ਕੇ ਬ੍ਰਾਹਮਣੀ ਬਣਾਇਆ, ਇਸ ਗੱਲ ਨੂੰ ਅਜੇ ਦੋ ਕੁ ਸਾਲ ਹੀ ਹੋਏ ਹਨ।" ਇਹ ਗੱਲ ਸੁਣ ਕੇ ਉਹ ਬ੍ਰਾਹਮਣ ਤੇ ਬ੍ਰਾਹਮਣੀ ਆਪਣੇ ਆਪ ਨੂੰ ਬਹੁਤ ਧਿਰਕਾਰਾਂ ਦਿੰਦੇ ਹੋਏ ਚਲੇ ਗਏ।

ਹੁਣ ਕਬੀਰ ਜੀ ਕਹਿੰਦੇ ਹਨ, "ਹੇ ਪੰਡਿਤ ਜੀ ! ਤੁਸੀਂ ਵੀ ਉਸ ਸਯਦਾਣੀ ਵਾਂਗ ਬ੍ਰਾਹਮਣ ਤਾਂ ਨਹੀਂ ?" ਤਾਂ ਪੰਡਿਤ ਨੇ ਕਿਹਾ, "ਸਾਡਾ ਪਿਤਾ ਬ੍ਰਾਹਮਣ ਹੈ, ਉਸਦੇ ਪੁੱਤਰ ਹੋਣ ਕਰਕੇ ਅਸੀਂ ਵੀ ਬ੍ਰਾਹਮਣ ਹਾਂ।" ਕਬੀਰ ਜੀ ਨੇ ਪੁੱਛਿਆ, "ਤੁਹਾਡਾ ਪਿਤਾ ਕਿਸਦਾ ਪੁੱਤਰ ਹੈ ?" ਪੰਡਿਤ ਨੇ ਕਿਹਾ, "ਫਲਾਣੇ ਦਾ ਪੁੱਤਰ ਹੈ।" ਕਬੀਰ ਜੀ ਨੇ ਕਿਹਾ, "ਉਹ ਕਿਸਦਾ ਪੁੱਤਰ ਹੈ ?" ਪੰਡਿਤ ਨੇ ਕਿਹਾ, "ਉਹ ਅਗਲੇ ਬ੍ਰਾਹਮਣ ਦਾ ਪੁੱਤਰ ਹੈ।" ਇਸ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਚਲਦਿਆਂ-ਚਲਦਿਆਂ ਬ੍ਰਹਮਾ ਤੱਕ ਗਿਣਤੀ ਚਲੀ ਗਈ। ਤਾਂ ਕਬੀਰ ਜੀ ਨੇ ਕਿਹਾ, "ਬ੍ਰਹਮਾ ਜੀ ਦੀ ਉਤਪਤੀ ਵਿਸ਼ਨੂੰ ਦੀ ਨਾਭੀ ਕਵਲ ਤੋਂ ਹੋਈ ਹੈ ਤੇ ਵਿਸ਼ਨੂੰ ਜੀ ਮਹਾਂ ਛੱਤ੍ਰੀ ਹਨ। ਕਿਉਂਕਿ ਆਦਮੀ ਜੈਸਾ ਕਰਮ ਕਰਦਾ ਹੈ, ਤੈਸਾ ਉਸਦਾ ਨਾਮ ਪੈ ਜਾਂਦਾ ਹੈ। ਵਿਸ਼ਨੂੰ ਨੇ ਯੁੱਧ-ਜੰਗ ਬਹੁਤ ਕੀਤੇ ਹਨ, ਇਸ ਲਈ ਉਹ ਛਤ੍ਰੀ ਹਨ।" ਇਸ ਲਈ ਕਬੀਰ ਜੀ ਪੁੱਛਦੇ ਹਨ :—

*'ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥*
*ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ਰਹਾਉ॥*

*ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ ॥*
*ਤਉ ਆਨ ਬਾਟ ਕਾਹੇ ਨਹੀ ਆਇਆ ॥੨॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥*
*ਹਮ ਕਤ ਲੋਹੂ ਤੁਮ ਕਤ ਦੂਧ ॥੩॥*
*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥*
*ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥'* [ਗਉੜੀ ਕਬੀਰ ਜੀ, ਅੰਗ–੩੨੪]

ਪਹਿਲਾਂ ਨਿਸ਼ਕਾਮ ਕਰਮ ਕਰੇ, ਫਿਰ ਭਗਤੀ ਤੇ ਫਿਰ ਗਿਆਨ ਪਾ ਕੇ ਜੀਵਨ-ਮੁਕਤੀ ਦਾ ਅਨੰਦ ਮਾਣੇ ਅਤੇ ਨਿਮਰਤਾ ਰੱਖੇ। ਯਥਾ :—

*'ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥*
*ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥'*
[ਰਾਗੁ ਸੂਹੀ ਛੰਤ ਮਹਲਾ ੫, ਅੰਗ–੭੭੭]

ਇਉਂ ਜੋ ਬ੍ਰਹਮ ਦੀ ਵਿਚਾਰ ਕਰਕੇ ਬ੍ਰਹਮ ਨੂੰ ਜਾਣੇ, ਉਹ ਸਾਡੇ ਮੱਤ ਵਿਚ ਬ੍ਰਾਹਮਣ ਕਿਹਾ ਜਾਂਦਾ ਹੈ, ਉਸਦਾ ਬ੍ਰਾਹਮਣ ਪੁਣਾ ਰਹਿ ਸਕਦਾ ਹੈ। ਬ੍ਰਹਮ ਨੂੰ ਜਾਣੇ ਤੋਂ ਏਕਤਾ ਹੋ ਜਾਂਦੀ ਹੈ। ਯਥਾ :—

*'ਤਬ ਓਹੀ ਉਹੁ ਏਹੁ ਨ ਹੋਈ ॥੪੨॥'* [ਗਉੜੀ ਕਬੀਰ ਜੀ, ਅੰਗ–੩੪੨]

ਜਿਵੇਂ ਨਦੀਆਂ-ਨਾਲੇ ਮਿਲ ਕੇ ਸਮੁੰਦਰ ਵਿਚ ਅਭੇਦ ਹੋ ਜਾਂਦੇ ਹਨ, ਇਸ ਤਰ੍ਹਾਂ ਅਭੇਦ ਹੋ ਜਾਈਦਾ ਹੈ। ਯਥਾ :—

੧. *'ਜਿਨਿ ਜਾਤਾ ਸੋ ਤਿਸਹੀ ਜੇਹਾ ॥ ਅਤਿ ਨਿਰਮਾਇਲੁ ਸੀਝਸਿ ਦੇਹਾ ॥'*
[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ–੯੩੧]

੨. *'ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿਰਾਮ ਜੀਉ ॥*
*ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿਰਾਮ ਜੀਉ ॥'*
[ਰਾਗ ਸੂਹੀ ਛੰਤ ਮਹਲਾ ੫, ਅੰਗ–੭੭੮]

## ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ, ਜੋ ਹਰਿ ਹਿਰਦੈ ਸਦਾ ਵਸਾਇ ॥

ਜੋ ਪੁਰਸ਼ ਹਿਰਦੇ ਵਿਚ ਹਰੀ ਨਾਮ ਨੂੰ ਸਦਾ ਵਸਾਉਂਦਾ ਹੈ, ਉਸਦੇ ਪਿੱਛੇ ਨੌਂ-ਨਿੱਧੀਆਂ ਤੇ ਅਠਾਰਾਂ ਸਿੱਧੀਆਂ ਲੱਗੀਆਂ **ਫਿਰਹਿ** = ਫਿਰਦੀਆਂ ਹਨ। ਯਥਾ :—

*'ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥੧॥'*

[ਰਾਗੁ ਮਾਰੂ ਮਹਲਾ ੧, ਅੰਗ—੯੮੯]

ਤਿਨ੍ਹਾਂ ਨੂੰ ਸੱਦ ਕੇ ਆਪ ਮਿਲਦੀਆਂ ਹਨ। ਨੌਂ ਨਿੱਧਾਂ ਇਹ ਹਨ :—

*'ਅਸਨ ਬਸਨ ਪੁਨ ਕਨਕ ਭੂ ਦਾਸੀ ਚੋਪ ਗੁਲਾਮ ॥*
*ਰਥਵਾਹੇ ਹੜਵਾਹੇ ਜਾਨੀਐ ਜਹਿ ਨਵ ਨਿਧ ਕੇ ਨਾਮ ॥'*

ਹੋਰ ਵੀ ਨੌ ਨਿੱਧਾਂ ਹਨ :—

੧. ਪਦਮ = ਪੋਤਰਿਆਂ ਤੱਕ ਧਨ ਰਹਿਣਾ;

੨. ਮਹਾਂ ਪਦਮ = ਸੱਤ ਪੀੜ੍ਹੀਆਂ ਤੱਕ ਧਨ ਰਹਿਣਾ;

੩. ਨੀਲ = ਹੋਰਨਾਂ ਨੂੰ ਵੀ ਧਨ ਵਰਤਾਉਣਾ ਤੇ ਆਪ ਵੀ ਪੀੜ੍ਹੀਆਂ ਤੱਕ ਨਾ ਮੁੱਕਣ ਦੇਣਾ;

੪. ਕੁੰਦ = ਸੋਨਾ ਬਣਾ ਲੈਣਾ;

੫. ਸੰਖ = ਸੰਖ ਜੈਸੀ ਸੁੰਦਰ ਅਵਾਜ਼ ਨਾਲ ਐਸਾ ਮਿੱਠਾ ਬੋਲਣਾ ਕਿ ਸਾਰਿਆਂ ਨੂੰ ਹੀ ਮੋਹਿਤ ਅਤੇ ਅਧੀਨ ਕਰ ਲੈਣਾ ਇਤਿਆਦਿਕ।

ਅੱਠ ਮੁਖ ਸਿੱਧੀਆਂ ਇਹ ਹਨ :—

*'ਅਣਮਾਂ ਮਹਿਮਾਂ ਗਰਮਤਾ ਲਘਮਾ ਪ੍ਰਾਪਤ ਜਾਨ ॥*
*ਬਸੀਕਰਨ ਪੁਨ ਈਖਤਾ ਅਸਟ ਸਿਧ ਕੋ ਨਾਮ ॥'*

ਇਹ ਅੱਠ ਮੁਖ ਸਿੱਧੀਆਂ ਅਤੇ ਦਸ ਗੌਣ ਸਿੱਧੀਆਂ, ਅਠਾਰਾਂ ਸਿੱਧੀਆਂ ਹਨ।

## ਸਾਖੀ : ਭਾਈ ਗੜ੍ਹੀਆ ਜੀ ਦੀ

ਮੀਰੀ ਪੀਰੀ ਦੇ ਮਾਲਕ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਗੜ੍ਹੀਆ ਜੀ ਨੂੰ ਕਸ਼ਮੀਰ ਵਿਚ ਸਿੱਖੀ ਦੇ ਪ੍ਰਚਾਰ ਵਾਸਤੇ ਭੇਜਿਆ। ਰਸਤੇ ਜਾਂਦਿਆਂ ਗੁਜਰਾਤ ਵਿਚ ਠਹਿਰਨਾ ਪਿਆ। ਇਥੇ ਇਕ ਮੀਆਂ ਦੌਲਾ ਨਾਮੀ ਪ੍ਰਮੇਸ਼ਰ ਦਾ ਪਿਆਰਾ ਰਹਿੰਦਾ ਸੀ, ਜੋ ਮੁਸਲਮਾਨ ਜਾਤ ਵਿਚੋਂ ਸੀ ਅਤੇ ਸਤਿਗੁਰਾਂ ਦਾ ਅਤਿਅੰਤ ਪ੍ਰੇਮੀ ਸੀ, ਰਿਧੀਆਂ-ਸਿੱਧੀਆਂ ਦਾ ਮਾਲਕ ਸੀ। ਮੀਆਂ ਦੌਲਾ ਅਤੇ ਉਥੋਂ ਦੀ ਸੰਗਤ ਨੇ ਭਾਈ ਗੜ੍ਹੀਆ ਜੀ ਦੀ ਬੜੀ ਸੇਵਾ ਕੀਤੀ। ਭਾਈ ਸਾਹਿਬ ਜੀ ਨੂੰ ਵਿਦਾ ਕਰਨ ਵਾਸਤੇ ਮੀਆਂ ਦੌਲਾ ਸਤਿਕਾਰ ਵਜੋਂ ਬੜੀ ਦੂਰ ਤੱਕ ਨਾਲ ਆਇਆ।

ਰਸਤੇ ਵਿਚ ਭਾਈ ਗੜ੍ਹੀਆ ਜੀ ਦੀ ਟੁੱਟੀ ਜੁੱਤੀ ਵੇਖ ਕੇ ਮਨ ਵਿਚ ਖ਼ਿਆਲ ਕੀਤਾ ਕਿ ਸਤਿਗੁਰਾਂ ਨੇ ਇਤਨੀ ਦੂਰ ਸਿੱਖ ਨੂੰ ਪ੍ਰਚਾਰ ਕਰਨ ਵਾਸਤੇ ਭੇਜਿਆ ਹੈ, ਪਰ ਜੋੜੇ ਵਾਸਤੇ ਮਾਇਆ ਵੀ ਨਹੀਂ ਦਿੱਤੀ। ਮੈਂ ਇਸਨੂੰ ਕੋਈ ਸਿੱਧੀ ਦੇ ਦਿਆਂ, ਜਿਸ ਕਰਕੇ ਇਹ ਆਪਣੀ ਤਾਂ ਲੋੜ ਪੂਰੀ ਕਰ ਲਿਆ ਕਰੇਗਾ।

ਭਾਈ ਗੜ੍ਹੀਆ ਜੀ ਨੇ ਪੀਰ ਦੇ ਮਨ ਦੀ ਜਾਣ ਲਈ ਕਿ ਇਸਨੇ ਸਤਿਗੁਰਾਂ ਉੱਪਰ ਸ਼ੰਕਾ ਕੀਤੀ ਹੈ, ਇਸ ਲਈ ਹੁਣ ਮੈਨੂੰ ਸਤਿਗੁਰਾਂ ਦੀ ਬਖ਼ਸ਼ੀ ਹੋਈ ਦਾਤ ਵਿਚੋਂ ਕਿਣਕਾ ਮਾਤਰ ਦਿਖਾਉਣੀ ਚਾਹੀਦੀ ਹੈ। ਇਸ ਤਰ੍ਹਾਂ ਵਿਚਾਰ ਕੇ ਭਾਈ ਗੜ੍ਹੀਆ ਜੀ ਨੇ ਮੀਆਂ ਦੌਲਾ ਨੂੰ ਖੜ੍ਹਾ ਕਰਕੇ ਆਪਣੀ ਨਜ਼ਰ ਫੇਰ ਕੇ ਉਥੋਂ ਦੀਆਂ ਠੀਕਰੀਆਂ ਅਤੇ ਰੋੜ ਹੀਰੇ ਜਵਾਹਰਾਤ ਬਣਾ ਦਿੱਤੇ। ਦੇਖ ਕੇ ਮੀਆਂ ਦੌਲਾ ਕਹਿਣ ਲੱਗਾ, "ਹੇ ਗੁਰਸਿਖਾ! ਇਤਨੀ ਤਾਕਤ ਹੁੰਦਿਆਂ ਵਰਤਦਾ ਕਿਉਂ ਨਹੀਂ ?" ਤਾਂ ਭਾਈ ਗੜ੍ਹੀਆਂ ਜੀ ਨੇ ਕਿਹਾ, "ਵਿਕਾਰਾਂ ਰੂਪ ਜਾਨਵਰਾਂ ਤੋਂ ਰੱਖਿਆ ਕਰਨ ਵਾਸਤੇ, ਗ਼ਰੀਬੀ ਵੇਸ ਆਪਣਾ ਰਾਖਾ ਬਣਾਇਆ ਹੋਇਆ ਹੈ। ਕਿਉਂਕਿ ਸਤਿਗੁਰੂ ਜੀ ਦਾ ਇਹ ਹੁਕਮ ਹੈ, 'ਹਿਰਦੇ ਵਿਚ ਗਿਆਨ, ਮੁਖ ਵਿਚ ਭਗਤੀ ਅਤੇ ਵਰਤਣ ਵੈਰਾਗ। ਤੁਸਾਂ ਸਤਿਗੁਰਾਂ 'ਤੇ ਸ਼ੰਕਾ ਕੀਤੀ ਸੀ ਕਿ ਸਤਿਗੁਰਾਂ ਨੇ ਇਸ ਸਿੱਖ ਨੂੰ ਕੁਝ ਨਹੀਂ ਦਿੱਤਾ, ਮੈਂ ਕੋਈ ਸਿੱਧੀ ਦੇ ਦਿਆਂ, ਇਸ ਲਈ ਮੈਂ ਇਤਨੀ ਕੁ ਸਿੱਧੀ ਦਿਖਾਈ ਹੈ, ਨਹੀਂ ਤਾਂ ਮੈਨੂੰ ਦਿਖਾਉਣ ਦੀ ਕੋਈ ਲੋੜ ਨਹੀਂ ਸੀ।" ਮੀਆਂ ਦੌਲਾ ਨੇ ਭਾਈ ਗੜ੍ਹੀਆ ਜੀ ਦੇ ਚਰਨਾਂ ਉੱਪਰ ਨਮਸਕਾਰ ਕੀਤੀ ਤੇ ਕਿਹਾ, "ਧੰਨ ਸਤਿਗੁਰੂ ! ਅਤੇ ਧੰਨ ਸਤਿਗੁਰੂ ਦੇ ਸਿੱਖ।"

ਇਉਂ ਗੁਰਮੁਖਾਂ ਨੂੰ ਕਿਸੇ ਚੀਜ਼ ਦਾ ਘਾਟਾ ਤਾਂ ਕੋਈ ਨਹੀਂ ਰਹਿੰਦਾ। ਪਰ ਉਹ ਇਉਂ ਸਮਝਦੇ ਹਨ :—

*'ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥*
*ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥*
*ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥'*

[ਵਡਹੰਸ ਕੀ ਵਾਰ, ਸਲੋਕੁ ਮ: ੩, ਅੰਗ—੫੯੩]

## ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥

ਸਤਿਗੁਰਾਂ ਤੋਂ ਬਿਨਾਂ ਪ੍ਰਮੇਸ਼ਰ ਦਾ ਨਾਮ ਪਾਇਆ ਨਹੀਂ ਜਾਂਦਾ, ਵੀਚਾਰ ਕਰਕੇ ਇਸ ਗੱਲ ਨੂੰ ਬੁਝਹੁ = ਸਮਝਣਾ ਕਰੋ।

ਜਿਵੇਂ ਕਬੀਰ ਜੀ ਪਾਸ ਇਕ ਸ਼ਾਹੂਕਾਰ ਮੋਹਰਾਂ ਦਾ ਥਾਲ ਭਰ ਕੇ ਲਿਆਇਆ, ਬੇਨਤੀ ਕੀਤੀ, "ਜੀ! ਮੈਨੂੰ ਨਾਮ ਦੇਵੋ।" ਤਾਂ ਕਬੀਰ ਜੀ ਨੇ ਕਿਹਾ :—

*'ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥'*

[ਗਉੜੀ ਕਬੀਰ ਜੀ, ਅੰਗ—੩੨੭]

ਨਾਮ ਦੇਣ ਵਾਲੇ ਪਖੰਡੀ ਤਾਂ ਥਾਂ-ਥਾਂ ਬੈਠੇ ਹਨ, ਪਰ ਪੂਰਨ ਗੁਰੂ ਨਹੀਂ ਹਨ।

ਜਿਵੇਂ ਇਕ ਗੁਰਸਿੱਖ ਬੀਬੀ ਰਾਧਾ ਸੁਆਮੀਆਂ ਦੇ ਵਿਆਹੀ ਗਈ, ਜਦੋਂ ਬਾਬੂ ਸਾਵਣ ਸਿੰਘ ਦੇ ਪਾਸ ਲੈ ਕੇ ਗਏ ਤਾਂ ਉਸਨੇ ਕਿਹਾ, "ਬੀਬੀ! ਤਨ, ਮਨ ਤੇ ਧਨ ਅਰਪਣ ਕਰ ਦੇ, ਫਿਰ ਤੈਨੂੰ ਨਾਮ ਦੇਵਾਂਗੇ।" ਬੀਬੀ ਨੇ ਕਿਹਾ, "ਤਨ ਤਾਂ ਮੇਰੇ ਪਤੀ ਦਾ ਹੈ ਅਤੇ ਧਨ ਮੇਰੇ ਮਾਪਿਆਂ ਨੇ ਮੈਨੂੰ ਦਿੱਤਾ ਹੀ ਨਹੀਂ, ਬਾਕੀ ਰਹੀ ਮਨ ਦੀ ਗੱਲ, ਜੇ ਲੈ ਸਕਦੇ ਹੋ ਤਾਂ ਲੈ ਲਓ।" ਇਉਂ ਅਧੂਰੇ ਗੁਰੂ ਨਾਮ ਨਹੀਂ ਦੇ ਸਕਦੇ।

**ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥੧॥**

ਗੁਰੂ ਜੀ ਕਥਨ ਕਰਦੇ ਹਨ, ਪੂਰੇ ਭਾਗ ਹੋਣ ਤਾਂ ਪੂਰਨ ਸਤਿਗੁਰੂ ਜੀ ਮਿਲਦੇ ਹਨ, ਜਿਨ੍ਹਾਂ ਨੂੰ ਸਤਿਗੁਰੂ ਜੀ ਮਿਲਦੇ ਹਨ, ਉਹ ਚਹੁੰ ਜੁਗਾਂ ਵਿਚ ਸੁਖ ਪਾਉਂਦੇ ਹਨ, ਵਾ :— ਚਹੁੰ ਜੁਗਾਂ ਵਾਲੇ ਸੰਸਾਰ 'ਚ ਸੁਖ ਪਾਉਂਦੇ ਹਨ।

## ਸਾਖੀ : ਬ੍ਰਹਮਦਾਸ ਦੀ

ਕਸ਼ਮੀਰ ਵਿਚ ਇਕ ਬ੍ਰਹਮਦਾਸ ਨਾਮੀ ਪੰਡਿਤ ਸੀ, ਜੋ ਮਾਇਆਧਾਰੀ ਅਤੇ ਬੜਾ ਵਿਦਵਾਨ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਇਆ, ਪੁੱਛਿਆ, "ਮੈਂ ਕਿਸਨੂੰ ਗੁਰੂ ਧਾਰਨ ਕਰਾਂ?" ਗੁਰੂ ਜੀ ਨੇ ਵਿਦਿਆ ਦਾ ਹੰਕਾਰੀ ਅਤੇ ਮਾਇਆ ਦਾ ਲੋਭੀ ਜਾਣ ਕੇ ਕਿਹਾ, "ਉਸ ਪਾਸੇ ਚਲਾ ਜਾਹ! ਜੰਗਲ ਵਿਚ ਤਿੰਨ ਸੰਤ ਬੈਠੇ ਹਨ, ਉਹ ਤੈਨੂੰ ਦੱਸਣਗੇ।" ਜਦੋਂ ਇਹ ਗੁਰੂ ਜੀ ਦੇ ਦੱਸੇ ਹੋਏ ਟਿਕਾਣੇ 'ਤੇ ਪਹੁੰਚਿਆ ਤਾਂ ਇਹਨੇ ਤਿੰਨ ਸੰਤ (ਬ੍ਰਹਮਾ, ਵਿਸ਼ਨੂੰ, ਸ਼ਿਵਜੀ) ਬੈਠੇ ਵੇਖੇ। ਜਾ ਕੇ ਪੁੱਛਿਆ, "ਮੈਂ ਕਿਸਨੂੰ ਗੁਰੂ ਧਾਰਨ ਕਰਾਂ?" ਤਾਂ ਉਨ੍ਹਾਂ ਨੇ ਹੱਥ ਦਾ ਇਸ਼ਾਰਾ ਕਰਕੇ ਕਿਹਾ, "ਉਸ ਮੰਦਿਰ ਵਿਚ ਤੇਰਾ ਗੁਰੂ ਹੈ, ਜਿਸ ਨਾਲ ਤੇਰਾ ਦਿਨ-ਰਾਤ ਪ੍ਰੇਮ ਰਹਿੰਦਾ ਹੈ।"

ਜਦ ਉਸ ਮੰਦਿਰ ਵਿਚ ਗਿਆ ਤਾਂ ਇਕ ਲਾਲ ਬਸਤਰਾਂ ਵਾਲੀ ਇਸਤ੍ਰੀ (ਲਛਮੀ) ਨੂੰ ਵੇਖ ਕੇ ਨਮਸਕਾਰ ਕਰਨ ਲੱਗਾ ਤਾਂ ਉਸਨੇ ਜੁੱਤੀਆਂ ਮਾਰ-ਮਾਰ ਕੇ ਸਿਰ ਪੋਲਾ ਕਰ ਦਿੱਤਾ।

ਮਸਾਂ-ਮਸਾਂ ਛੁੱਟ ਕੇ ਫਿਰ ਸੰਤਾਂ ਪਾਸ ਆ ਕੇ ਆਪਣੀ ਸਾਰੀ ਹਾਲਤ ਦੱਸੀ। ਤਾਂ ਸੰਤਾਂ ਨੇ ਕਿਹਾ, "ਉਹੋ ਹੀ ਤੇਰਾ ਗੁਰੂ ਹੈ, ਜਿਸ ਨਾਲ ਤੇਰਾ ਸਦਾ ਪ੍ਰੇਮ ਰਹਿੰਦਾ ਹੈ। ਜਿਨ੍ਹਾਂ ਨੂੰ ਛੱਡ ਕੇ ਤੂੰ ਸਾਡੇ ਕੋਲ ਆਇਆ ਹੈਂ, ਉਹ ਸਾਰੇ ਜਗਤ ਦੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹਨ :—

*'ਜਾਹਰ ਪੀਰੁ ਜਗਤੁ ਗੁਰ ਬਾਬਾ ॥੪॥'*

[ਭਾਈ ਗੁਰਦਾਸ ਜੀ, ਵਾਰ-੨੪, ਪਉੜੀ-੪]

ਜਾਹ! ਜਾ ਕੇ ਉਨ੍ਹਾਂ ਨੂੰ ਗੁਰੂ ਧਾਰਨ ਕਰ, ਤਾਂ ਤੇਰਾ ਉਧਾਰ ਹੋਵੇਗਾ।"

ਫਿਰ ਵਾਪਸ ਆ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਚਰਨੀਂ ਪੈ ਕੇ ਉਪਦੇਸ਼ ਦੀ ਯਾਚਨਾ ਕੀਤੀ, ਤਾਂ ਗੁਰੂ ਜੀ ਨੇ ਇਹ ਉਪਦੇਸ਼ ਦੇ ਕੇ ਨਿਹਾਲ ਕੀਤਾ :—

*'ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥.....॥੧॥'*

[ਆਸਾ ਦੀ ਵਾਰ ਮਹਲਾ ੧, ਅੰਗ—੪੬੭]

## ਮਃ ੩ ॥ ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥

ਮਨਮੁਖਾਂ ਦੀ ਜੇਕਰ **ਗਭਰੂ** = ਜੋਬਨ ਅਵਸਥਾ ਹੋ ਗਈ ਤਾਂ **ਕਿਆ** = ਕੀ ਹੈ! ਜੇਕਰ ਬਿਰਧ ਅਵਸਥਾ ਹੋ ਗਈ ਤਾਂ ਕੀ ਹੈ! ਅਰਥਾਤ ਦੋਨੋਂ ਹੀ ਵਿਅਰਥ ਹਨ। ਕਿਉਂਕਿ ਮਨਮੁਖਾਂ ਦੇ ਹਿਰਦੇ ਵਿਚੋਂ ਪਦਾਰਥਾਂ ਦੀ ਤ੍ਰਿਸ਼ਨਾ ਰੂਪ ਭੁੱਖ ਨਹੀਂ ਜਾਂਦੀ। ਯਥਾ :—

*'ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਦਰਣੰ ਸਰਬ ਜੀਅ ਕਹ ॥*
*ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸ ਸੂਕਰਹ ॥੬੬॥'*

[ਸਲੋਕ ਸਹਸਕ੍ਰਿਤੀ ਮਹਲਾ ੫, ਅੰਗ—੧੩੬੦]

## ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ ॥

ਗੁਰਮੁਖ ਤਾਂ ਅੱਠੇ ਪਹਿਰ ਸ਼ਬਦ ਵਿਚ ਰੰਗੇ ਰਹਿੰਦੇ ਹਨ ਅਤੇ ਆਪਾ-ਭਾ ਗੁਆ ਕੇ ਸ਼ਾਂਤ ਹੋ ਗਏ ਹਨ। ਯਥਾ :—

੧. *'ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥੫॥'*

[ਧਨਾਸਰੀ ਮਹਲਾ ੫, ਅੰਗ—੬੮੪]

੨. *'ਸਲੋਕੁ ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥*
*ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥੧॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੪]

ਤ੍ਰਿਸ਼ਨਾਂ ਅਤੇ ਵਿਕਾਰਾਂ ਦੀ ਅੱਗ ਉਨ੍ਹਾਂ ਨੂੰ ਤਪਾ ਨਹੀਂ ਸਕਦੀ ਹੈ, ਜਿਵੇਂ ਬਰਫ਼ ਜੜ੍ਹ ਕਰ ਦਿੰਦੀ ਹੈ, ਟੀਕਾ ਸੁੰਨ ਕਰ ਦਿੰਦਾ ਹੈ, ਐਸੀ ਸੀਤਲਤਾ ਨਹੀਂ ਹੈ। ਉਹ ਸੀਤਲਤਾ ਤਾਂ ਐਸੀ ਹੈ, ਜਿਸ ਵਿਚ ਸ਼ੁਧ ਸਰੂਪ ਦਾ ਪ੍ਰਵੇਸ਼ ਹੁੰਦਾ ਹੈ, ਵਿਕਾਰ ਨਾਸ ਹੋ ਕੇ ਮਨ ਇਕਾਗਰ ਹੋ ਜਾਂਦਾ ਹੈ, ਸਭ ਦੇ ਮਨਾਂ ਦਾ ਫੁਰਨਾ ਬੁੱਝ ਸਕਦਾ ਹੈ।

ਜਿਵੇਂ ਭਾਈ ਘਨਈਆ ਜੀ ਦਾ ਇਕ ਸੇਵਾਦਾਰ ਸੀ, ਉਸਨੇ ਕਿਸੇ ਪਦਾਰਥ ਦਾ ਫੁਰਨਾ ਕੀਤਾ ਤਾਂ ਭਾਈ ਘਨਈਆ ਜੀ ਨੇ ਕਿਹਾ, "ਕਿਉਂ ਐਸੇ ਫੁਰਨੇ ਕਰਦਾ ਹੈਂ?" ਇਸਨੇ ਸੋਚਿਆ ਕਿ ਕਿਤੇ ਦੂਰ ਚੱਲ ਕੇ ਰਹੀਏ, ਫਿਰ ਮੇਰੇ ਫੁਰਨੇ ਨਹੀਂ ਬੁੱਝਣਗੇ। ਤਾਂ ਭਾਈ ਘਨਈਆ ਜੀ ਨੇ ਕਿਹਾ, "ਹੇ ਭਾਈ! ਜੇ ਤੂੰ ਸੌ ਕੋਹ 'ਤੇ ਵੀ ਚਲਾ ਜਾਵੇਂ, ਫਿਰ ਕਿਹੜਾ ਸਾਨੂੰ ਪਤਾ ਨਹੀਂ ਲੱਗੇਗਾ, ਪਰ ਸਾਨੂੰ ਕੀ ਲੋੜ ਹੈ ਤੇਰੇ ਫੁਰਨੇ ਬੁੱਝਣ ਦੀ?" ਜਿਵੇਂ ਖਿੱਦੋ ਫਰੋਲਣ ਤੋਂ ਵਿਚੋਂ ਲੀਰਾਂ ਹੀ ਨਿਕਲਦੀਆਂ ਹਨ, ਇਉਂ ਕਿਸੇ ਦੇ ਫੁਰਨੇ ਬੁੱਝਣ ਤੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ ਹੈ, ਸਾਡੇ ਹਿਰਦੇ ਵਿਚ ਤਾਂ ਸਦਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਸਣ। ਇਉਂ ਉਹ ਗੁਰਮੁਖ ਕਿਸ ਦੇ ਫੁਰਨੇ ਨਹੀਂ ਬੁੱਝਦੇ, ਸ਼ਾਂਤ ਹੀ ਰਹਿੰਦੇ ਹਨ।

### ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ ॥

ਗੁਰਮੁਖ ਆਤਮ-ਤ੍ਰਿਪਤੀ ਕਰਕੇ ਅੰਦਰੋਂ ਰੱਜਿਆ ਰਹਿੰਦਾ ਹੈ ਅਤੇ ਪਦਾਰਥਾਂ ਵੱਲੋਂ ਵੀ ਸੰਤੋਖ ਆ ਜਾਂਦਾ ਹੈ, ਫਿਰ ਆਣ ਕੇ ਆਸਾ ਦੀ ਭੁਖ ਨਹੀਂ ਲੱਗਦੀ ਹੈ।

### ਸਾਖੀ : ਪਲਾਲੀ ਫ਼ਕੀਰ ਦੀ

ਦਸਵੇਂ ਪਾਤਸ਼ਾਹ ਪਾਸ ਇਕ ਜਲਾਲੀ ਫ਼ਕੀਰ ਆਇਆ, ਜਿਸਦੀ ਟੋਪੀ ਵਿਚ ੯੯ ਮੋਹਰਾਂ ਸਨ, ਇਸਦੀ ਇੱਛਾ ਸੀ ਕਿ ਇਕ ਹੋਰ ਮਿਲ ਜਾਵੇ ਤਾਂ ਸੌ ਪੂਰੀਆਂ ਹੋ ਜਾਣ। ਸਤਿਗੁਰਾਂ ਅੱਗੇ ਨੱਚਣ ਲੱਗ ਪਿਆ, ਕਲਗੀਧਰ ਜੀ ਨੇ ਭਾਈ ਆਲਮ ਸਿੰਘ ਨੂੰ ਆਖਿਆ, "ਇਸਦੀ ਟੋਪੀ 'ਤੇ ਕੁਤਕਾ ਮਾਰ।" ਜਦੋਂ ਡੰਡਾ ਮਾਰਿਆ ਤਾਂ ਸਾਰੀਆਂ ਮੋਹਰਾਂ ਖਿੱਲਰ ਗਈਆਂ, ਉਹ ਛੇਤੀ ਨਾਲ ਚੁੱਕਣ ਲੱਗ ਪਿਆ, ਸਭ ਮਸਤੀ ਉੱਤਰ ਗਈ। ਗੁਰੂ ਜੀ ਨੇ ਵੇਖ ਕੇ ਆਖਿਆ, "ਤੂੰ ਜਲਾਲੀ ਫ਼ਕੀਰ ਹੈਂ ਕਿ ਪਲਾਲੀ ਫ਼ਕੀਰ?" ਫਿਰ ਵੀ ਗੁਰੂ ਜੀ ਨੇ ਗਿਆਰਾਂ ਮੋਹਰਾਂ ਦੇ ਕੇ ਤੋਰ ਦਿੱਤਾ ਸੀ। ਇਉਂ ਬਿਨਾਂ ਸੰਤੋਖ ਤੋਂ ਤ੍ਰਿਪਤੀ ਨਹੀਂ ਆਉਂਦੀ, ਭਾਵੇਂ ਜਿੰਨੀ ਮਰਜ਼ੀ ਮਾਇਆ ਲੈ ਲਵੇ। ਯਥਾ :—

*ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥*
*ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥*

*ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥'*
[ਗਉੜੀ ਸੁਖਮਨੀ ਮ: ੫, ਅੰਗ—੨੭੮-੭੯]

**ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥੨॥**

ਗੁਰੂ ਸਾਹਿਬ ਜੀ ਕਥਨ ਕਰਦੇ ਹਨ, ਜੋ ਨਾਮੀ ਦੇ ਨਾਮ ਵਿਚ ਲਿਵ ਨੂੰ ਲਗਾ ਰਹੇ ਹਨ, ਉਹ ਗੁਰਮੁਖ ਜੋ ਵੀ ਕਰਤੱਬ ਕਰਦੇ ਹਨ, ਉਹੀ **ਪਰਵਾਣੁ** = ਪ੍ਰਮਾਣੀਕ ਹੁੰਦਾ ਹੈ ॥੨॥ ਯਥਾ :—

*'ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥'*
[ਆਸਾ ਦੀ ਵਾਰ ਮਹਲਾ ੧, ਅੰਗ—੪੭੩]

ਉਹ ਪ੍ਰਭੂ ਦੇ **ਰੰਗਿ** = ਅਨੰਦ ਵਿਚ ਹੱਸਦੇ ਹਨ, ਫਿਰ ਅਨੰਦ ਵਿਚ ਹੀ ਰੋਂਦੇ ਹਨ ਕਿ ਪਿਛਲੀ ਉਮਰ ਐਵੇਂ ਨਿਸਫਲ ਕਿਉਂ ਗਵਾ ਲਈ। ਫਿਰ ਭਾਣਾ ਮੰਨ ਕੇ ਚੁੱਪ ਵੀ ਕਰ ਜਾਂਦੇ ਹਨ। ਵਾ :—ਵੈਰਾਗ ਵਿਚ ਰੋਂਦੇ ਹਨ ਅਤੇ ਅਨੰਦ ਵਿਚ ਹੱਸਦੇ ਹਨ। ਯਥਾ :—

*'ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥'*
[ਸੂਹੀ ਮਹਲਾ ੫, ਅੰਗ—੭੪੮]

**ਪਉੜੀ ॥ ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥**

ਹੇ ਭਾਈ! ਅਸੀਂ ਤਿਨ੍ਹਾਂ ਗੁਰਮੁਖਾਂ ਤੋਂ ਬਲਿਹਾਰ ਜਾਂਦੇ ਹਾਂ, ਜੋ ਗੁਰਮੁਖ ਸਿੱਖ ਹਨ। ਪੰਜ ਪ੍ਰਕਾਰ ਦੀ ਸਿੱਖੀ ਹੈ :—੧. ਵੇਖਾ ਵੇਖੀ ਦੀ ਸਿੱਖੀ, ੨. ਭੇਖ ਦੀ ਸਿੱਖੀ, ੩. ਹਿਰਸ ਦੀ ਸਿੱਖੀ, ੪. ਸਿਦਕ ਦੀ ਸਿੱਖੀ, ੫. ਭਾਵਨਾ ਦੀ ਸਿੱਖੀ।

੧. **ਵੇਖਾ ਵੇਖੀ ਦੀ ਸਿੱਖੀ** :—ਕਿਸੇ ਵੱਲ ਵੇਖ ਕੇ ਪੰਜ ਕਕਾਰ ਪਹਿਨ ਲੈਣੇ।
੨. **ਭੇਖ ਦੀ ਸਿੱਖੀ** :—ਪੂਜਾ ਕਰਾਉਣ ਲਈ ਉੱਪਰੋਂ ਸਿੱਖੀ ਦਾ ਭੇਸ ਧਾਰ ਲੈਣਾ।
੩. **ਹਿਰਸ ਦੀ ਸਿੱਖੀ** :—ਕੋਈ ਪ੍ਰਯੋਜਨ (ਕੰਮ) ਸਿੱਧ ਕਰਨ ਲਈ ਸਿੱਖੀ ਧਾਰ ਲੈਣੀ।
ਇਹਨਾਂ ਤਿੰਨਾਂ ਕਰਕੇ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ ਹੈ।
੪. **ਸਿਦਕ ਦੀ ਸਿੱਖੀ** :—ਜਿਵੇਂ ਬਾਬਾ ਬੁੱਢਾ ਸਾਹਿਬ ਜੀ ਅਤੇ ਬਾਬਾ ਦੀਪ ਸਿੰਘ ਜੀ ਨੇ ਸਿਦਕ ਦੀ ਸਿੱਖੀ ਧਾਰਨ ਕੀਤੀ।

੫. **ਭਾਵਨਾ ਦੀ ਸਿੱਖੀ :**—ਜਿਵੇਂ ਭਾਈ ਘਨਈਆ ਜੀ ਅਤੇ ਭਾਈ ਨੰਦ ਲਾਲ ਜੀ ਨੇ ਪ੍ਰੇਮ ਕੀਤਾ।

ਸਿਦਕ ਅਤੇ ਪ੍ਰੇਮ ਦੀ ਸਿੱਖੀ ਧਾਰਨ ਕਰਕੇ ਹੀ ਪ੍ਰਮੇਸ਼ਰ ਮਿਲਦਾ ਹੈ। ਜਿਵੇਂ ਬਾਬਾ ਦੀਪ ਸਿੰਘ ਜੀ ਭਾਵੇਂ ਬਜ਼ੁਰਗ ਸਨ, ਫਿਰ ਵੀ ਪ੍ਰੇਮ ਤੇ ਸਿਦਕ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਸ਼ਹਾਦਤ ਪ੍ਰਾਪਤ ਕੀਤੀ। ਇਸ ਜੰਗ ਵਿਚ ੮੮ ਸਿੰਘ ਸ਼ਹੀਦ ਹੋਏ ਸਨ, ਸਾਰੇ ਗਿਲਜੇ ਭਜਾ ਦਿੱਤੇ ਸਨ। ਇਉਂ ਸਿਰ ਲਹਿ ਜਾਣ ਤੋਂ ਵੀ ਸ੍ਰੀ ਦਰਬਾਰ ਸਾਹਿਬ ਜਾਣ ਦਾ ਸਿਦਕ ਪੂਰਾ ਕੀਤਾ ਸੀ, ਪੱਕਾ ਭਰੋਸਾ ਰੱਖਿਆ ਸੀ। ਪ੍ਰੇਮ ਦੀ ਸਿੱਖੀ ਭਾਈ ਨੰਦ ਲਾਲ ਜੀ ਨੇ ਨਿਭਾਈ ਹੈ। ਯਥਾ :—

*'ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ ॥*
*ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ ॥'*

[ਅਜ ਸਲਤਨਤਿ ਦਹਮ (ਗੰਜਨਾਮਾ), ਕ੍ਰਿਤ ਭਾਈ ਨੰਦ ਲਾਲ ਜੀ]

ਪ੍ਰੇਮ ਭਾਈ ਰਾਮ ਕੁਇਰ ਜੀ ਨੇ ਨਿਭਾਇਆ ਹੈ, ਦਰਸ਼ਨ ਕਰਕੇ ਹੀ ਪ੍ਰਸ਼ਾਦਾ ਪਾਣੀ ਛਕਦੇ ਹੁੰਦੇ ਸਨ। ਕਲਗੀਧਰ ਜੀ ਤੋਂ ੫੩ ਸਾਲ ਪਿਛੋਂ ਤਕ ਭਾਈ ਰਾਮ ਕੁਇਰ ਜੀ ਜਿਉਂਦੇ ਰਹੇ, ਰੋਜ਼ ਦਰਸ਼ਨ ਕਰਦੇ ਰਹੇ ਸਨ, ਇਹ ਪ੍ਰੇਮ ਦੀ ਕਥਾ ਹੈ। ਭਾਈ ਘਨਈਆ ਜੀ ਵੀ ਪ੍ਰੇਮ ਦੀ ਸਿੱਖੀ ਧਾਰਨ ਕਰਨ ਵਾਲੇ ਗੁਰਸਿੱਖ ਸਨ, ਜਿਨ੍ਹਾਂ ਨੇ ਦੁਸ਼ਮਣਾਂ ਵਿਚ ਵੀ ਗੁਰੂ ਕਲਗੀਧਰ ਜੀ ਦੇ ਦਰਸ਼ਨ ਕਰਕੇ ਜਲ ਛਕਾਉਣ ਦੀ ਸੇਵਾ ਕੀਤੀ।

ਸਨਮੁਖ ਸਿੱਖ ਸਿਦਕ ਵਾਲੇ ਹੁੰਦੇ ਹਨ ਅਤੇ ਗੁਰਮੁਖ ਸਿੱਖ ਪ੍ਰੇਮ ਵਾਲੇ ਹੁੰਦੇ ਹਨ। ਪਰ ਜੇ ਕੋਈ ਵੇਖ ਕੇ ਵੀ ਸਿੱਖੀ ਦ੍ਰਿੜ੍ਹ ਕਰ ਲਵੇ ਜਾਂ ਕੰਮ ਵਾਸਤੇ ਵੀ ਭੇਖ ਬਣਾ ਕੇ ਸਿੱਖੀ ਦ੍ਰਿੜ੍ਹ ਕਰ ਲਵੇ ਤਾਂ ਉਹ ਵੀ ਉਧਰ ਜਾਂਦਾ ਹੈ। ਯਥਾ :—

*'ਅਪਨੇ ਲੋਭ ਕਉ ਕੀਨੋ ਮੀਤੁ ॥ ਸਗਲ ਮਨੋਰਥ ਮੁਕਤਿ ਪਦੁ ਦੀਤੁ ॥੧॥'*

[ਗਉੜੀ ਮਹਲਾ ੫, ਅੰਗ—੧੯੫]

ਜਿਵੇਂ ਧ੍ਰੂ ਭਗਤ ਨੇ ਰਾਜ ਦੀ ਇੱਛਾ ਕਰਕੇ ਭਗਤੀ ਕੀਤੀ ਤਾਂ ੩੬ ਹਜ਼ਾਰ ਵਰ੍ਹਾ ਰਾਜ ਅਤੇ ਅਚੱਲ ਪਦਵੀ ਵੀ ਪਾ ਲਈ ਸੀ।

## ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥

ਹੇ ਭਾਈ ! ਜੋ ਗੁਰਮੁਖ ਸਿੱਖ ਹਰੀ ਨਾਮ ਨੂੰ ਧਿਆਉਂਦੇ ਹਨ, ਉਨ੍ਹਾਂ ਦੇ ਦਰਸ਼ਨ **ਪਿਖਾ** = ਵੇਖਦੇ ਰਹੀਏ। ਅਥਵਾ :—ਜੋ ਹਰੀ ਨਾਮ ਨੂੰ ਧਿਆਉਂਦੇ ਹਨ, ਉਨ੍ਹਾਂ ਨੇ ਸਾਖਿਆਤ ਦਰਸ਼ਨ

ਵੇਖੇ ਹਨ। ਦਰਸ਼ਨ ਚਾਰ ਪ੍ਰਕਾਰ ਦੇ ਹਨ :—

੧. ਚਿਤ੍ ਦਰਸ਼ਨ, ੨. ਸੁਪਨ ਦਰਸ਼ਨ, ੩. ਸ੍ਰਵਣ ਦਰਸ਼ਨ, ੪. ਪ੍ਰਤੱਖ ਦਰਸ਼ਨ।

**ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ ॥**

ਗੁਰਸਿੱਖਾਂ ਦੀ ਰਸਨਾ ਤੋਂ ਕੀਰਤਨ ਸੁਣ ਕੇ ਹਰੀ ਦੇ ਗੁਣਾਂ ਨੂੰ **ਰਵਾ** = ਉਚਾਰਦਾ ਹਾਂ, ਅਤੇ ਮਨ ਕਰਕੇ ਹਰੀ ਦੇ ਜਸ ਨੂੰ ਲਿਖਦਾ ਹਾਂ। ਵਾ :—ਹੇ ਭਾਈ! ਸ਼ਰਧਾ-ਵਿਸ਼ਵਾਸ ਕੰਨਾਂ ਦੁਆਰਾ ਕੀਰਤਨ ਸੁਣੀਏ ਅਤੇ ਪ੍ਰੀਤੀ ਰੂਪ ਰਸਨਾ ਨਾਲ ਹਰੀ ਦੇ ਗੁਣਾਂ ਨੂੰ ਉਚਾਰਨਾ ਕਰੀਏ। ਫਿਰ ਹਰੀ ਦੇ ਜੱਸ ਨੂੰ ਮਨ ਵਿਚ ਲਿਖੀਏ, ਭਾਵ ਧਾਰਨ ਕਰੀਏ। ਜਿਵੇਂ ਇਕ ਪ੍ਰੇਮੀ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਆ ਕੇ ਕਹਿਣ ਲੱਗਾ, "ਸਤਿਗੁਰੂ ਜੀ! ਮੈਨੂੰ ਇਕ ਕਲਮ ਦਵਾਤ ਮੰਗਾ ਦੇਵੋ ਤਾਂ ਕਿ ਮੈਂ ਆਪ ਜੀ ਦਾ ਉਪਦੇਸ਼ ਲਿਖ ਸਕਾਂ।" ਸ੍ਰੀ ਗੁਰੂ ਅਮਰਦਾਸ ਜੀ ਨੇ ਉਚਾਰਨ ਕੀਤਾ, "ਹੇ ਭਾਈ!

*'ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ ॥*
*ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੂਟਸਿ ਨੇਹੁ ॥'"*

[ਸਿਰੀ ਰਾਗ ਕੀ ਵਾਰ, ਸਲੋਕ ਮਃ ੩, ਅੰਗ—੮੪]

**ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ ॥**

ਹੇ ਭਾਈ! ਹਰੀ ਦੇ ਨਾਮ ਨੂੰ ਪ੍ਰੇਮ ਨਾਲ ਸਲਾਹੁਣਾ ਕਰੀਏ। ਇਸ ਤਰ੍ਹਾਂ **ਕਿਲ** = ਨਿਸ਼ਚੇ ਕਰਕੇ ਜ਼ਹਿਰ ਰੂਪ ਪਾਪ **ਕ੍ਰਿਖਾ** = ਕੱਟਣਾ ਕਰੀਏ। ਵਾ :—ਇਨ੍ਹਾਂ ਚਾਰ ਕਿਲਬਿਖ ਪਾਪਾਂ ਨੂੰ ਕੱਟਣਾ ਕਰੀਏ :—

*'ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥*
*ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਮਾਨੁ ॥'*

[ਸਲੋਕ ਮਹਲਾ ੩, ਅੰਗ—੧੪੧੩]

**ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥੧੯॥**

ਉਹ ਸਰੀਰ ਅਸਥਾਨ **ਸੁਹਾਵਾ** = ਸੋਭਨੀਕ ਤੇ ਧੰਨ-ਧੰਨ ਹੈ, ਜਿਥੇ ਮੇਰਾ ਗੁਰੂ ਆਪਣਾ ਉਪਦੇਸ਼ ਰੂਪ **ਵਿਖਾ** = ਕਦਮ (ਚਰਨ) ਧਰਦਾ ਹੈ ॥੧੯॥ ਵਾ :—ਜਿਥੇ ਗੁਰਾਂ ਨੇ ਕਦਮ ਰੱਖੇ ਹਨ, ਉਹ ਥਾਂ ਸੋਭਨੀਕ ਹੈ, ਜੋ ਉਸ ਥਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਦੇ ਸਰੀਰ ਵੀ ਧੰਨਤਾ ਯੋਗ ਅਤੇ ਸੋਭਨੀਕ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੨੭.

### ਸਲੋਕੁ ਮਃ ੩ ॥ [ਅੰਗ—੬੫੧]

**ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਪਰਮ ਸਤਿਕਾਰ ਯੋਗ ਗੁਰੂ ਖ਼ਾਲਸਾ ਸਾਧਸੰਗਤ ਜੀ! ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੀ ਮਹਿਮਾ ਸਵੱਈਆਂ ਵਿਚ ਭੱਟ ਇਉਂ ਲਿਖਦੇ ਹਨ :—

*'ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ ॥*
*ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥*
*ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥*
*ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥*
*ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥*
*ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥*
*ਸਕਯਥ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥'*

[ਸਵਈਏ ਮਹਲੇ ਤੀਜੇ ਕੇ, ਜਾਲਪ ਭੱਟ, ਅੰਗ—੧੩੯੪]

ਗੁਰੂ ਸਾਹਿਬ ਜੀ ਇਸ ਪਵਿੱਤਰ ਸ੍ਰੀ ਮੁਖਵਾਕ ਦੁਆਰਾ ਸਾਨੂੰ ਸ਼ੁਭ ਉਪਦੇਸ਼ ਬਖ਼ਸ਼ਦੇ ਹਨ।

*'ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥*
*ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸਨੋ ਤੂ ਰੰਗੁ ਧਰਤਾ ॥੨॥'*

[ਬਸੰਤੁ ਮਹਲਾ ੫, ਅੰਗ—੧੧੮੫-੮੬]

ਗੁਰਾਂ ਦੀ ਸੇਵਾ ਗੁਰਾਂ ਤੋਂ ਆਪ ਹੀ ਹੋ ਸਕਦੀ ਹੈ, ਹੋਰ ਕੋਈ ਵੀ ਕਰਨ ਲਈ ਸਮਰੱਥ ਨਹੀਂ ਹੈ। ਪਹਿਲੇ ਪਤਾਸ਼ਾਹ ਦੀ ਦੂਜੇ ਸਤਿਗੁਰਾਂ ਨੇ ਸੇਵਾ ਕੀਤੀ, ਹੋਰ ਕੋਈ ਨਹੀਂ ਸੀ ਕਰ ਸਕਿਆ, ਪੁੱਤਰ ਵੀ ਆਗਿਆ ਦਾ ਪਾਲਣ ਨਹੀਂ ਸਨ ਕਰ ਸਕੇ। ਖੇਤੀ ਕਰਵਾਈ, ਦਸ ਦਿਨ ਤਕ ਲੰਗਰ ਬੰਦ ਕਰ ਦਿੱਤਾ, ਬਹੁਤ ਸਿੱਖ ਘਰਾਂ ਨੂੰ ਚਲੇ ਗਏ ਸਨ, ਫਿਰ ਹਰ ਰੋਜ਼ ਲੰਗਰ ਕਰ ਦਿੱਤਾ। ਜਦ ਖੇਤੀ ਪੱਕ ਗਈ ਤਾਂ ਕਟਵਾ ਕੇ ਖਲਵਾੜੇ ਲਵਾ ਲਏ, ਫਿਰ ਹੁਕਮ ਕੀਤਾ, "ਅੱਗ ਲਾ ਦਿਉ।" ਤਾਂ ਬਹੁਤ ਸਾਰੇ ਸਿੱਖ ਜੁਆਬ ਦੇ ਗਏ। ਪਰ ਆਗਿਆਕਾਰ ਸਿੱਖਾਂ ਨੇ ਸਾੜ ਦਿੱਤੇ। ਫਿਰ ਧਾਣਕ ਰੂਪ ਧਾਰ ਕੇ ਹੋਰ ਪਰਖ ਕੀਤੀ। ਲੱਸੀ

ਦੇ ਛਿੱਟੇ ਸਰੀਰ 'ਤੇ ਪਾ ਲਏ, ਲੱਕ ਨਾਲ ਵਾਣ ਲਪੇਟ ਕੇ ਵਿਚ ਛੁਰਾ ਪਾ ਲਿਆ, ਕੁੱਤੇ-ਕੁੱਤੀਆਂ ਮਗਰ ਲਾ ਲਏ। ਜਿਹੜਾ ਸਿੱਖ ਲਾਗੇ ਆਵੇ, ਉਹਦੇ ਕੁਤਕਾ ਮਾਰ ਕੇ ਵਾਪਸ ਮੁੜ ਜਾਣ ਲਈ ਕਹਿਣ।

ਪਹਿਲਾਂ ਪੈਸੇ ਵਿਖਾਏ, ਕਈ ਪੈਸਿਆਂ ਦੀਆਂ ਪੰਡਾਂ ਬੰਨ੍ਹ ਕੇ ਘਰਾਂ ਨੂੰ ਲੈ ਆਏ। ਫਿਰ ਰੁਪਏ ਵਿਖਾਏ, ਕਈ ਰੁਪਈਆਂ ਦੀਆਂ ਪੰਡਾਂ ਬੰਨ੍ਹ ਕੇ ਤੁਰ ਪਏ। ਫਿਰ ਮੋਹਰਾਂ ਵਿਖਾਈਆਂ ਤਾਂ ਬਹੁਤ ਸਾਰੇ ਮੋਹਰਾਂ ਦੀਆਂ ਪੰਡਾਂ ਬੰਨ੍ਹ ਕੇ ਲੈ ਆਏ। ਫਿਰ ਹੀਰੇ-ਜਵਾਹਰਾਤ ਵਿਖਾਏ, ਕਈ ਇਨ੍ਹਾਂ ਦੀਆਂ ਪੰਡਾਂ ਬੰਨ੍ਹ ਕੇ ਪਿੱਛੇ ਮੁੜ ਆਏ।

ਆਖ਼ਰ ਚਾਰ ਸਿੱਖ ਰਹਿ ਗਏ—ਭਾਈ ਸਧਾਰਣ, ਭਾਈ ਭਗੀਰਥ, ਬਾਬਾ ਬੁੱਢਾ ਜੀ ਅਤੇ ਪਾਵਨ ਸ੍ਰੀ ਲਹਿਣਾ ਜੀ। ਫਿਰ ਇਨ੍ਹਾਂ ਚੌਹਾਂ ਨੂੰ ਆਖਿਆ, "ਮੁਰਦਾ ਖਾਓ!" ਤਿੰਨੇ ਸਿੱਖ ਝਾੜੀਆਂ ਉਹਲੇ ਲੁਕ ਗਏ, ਇਕੱਲੇ ਪਾਵਨ ਸ੍ਰੀ ਲਹਿਣਾ ਜੀ ਹੀ ਪਰਖ ਵਿਚ ਪੂਰੇ ਉੱਤਰੇ। ਜਦੋਂ ਕੱਪੜਾ ਚੁੱਕਿਆ ਤਾਂ ਕੜਾਹ ਪ੍ਰਸ਼ਾਦ ਦਿਸਿਆ। ਉਸ ਵਕਤ ਸਾਰਾ ਖੇਲ੍ਹ ਅਲੋਪ ਕਰਕੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਵਨ ਸ੍ਰੀ ਲਹਿਣਾ ਜੀ ਨੂੰ ਆਪਣਾ ਸਰੂਪ ਹੀ ਬਣਾ ਲਿਆ ਅਤੇ ਨਾਮ ਸ੍ਰੀ ਗੁਰੂ ਅੰਗਦ ਦੇਵ ਜੀ ਰੱਖਿਆ। ਯਥਾ :—

*'ਗੁਰ ਅੰਗਦ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।'*

[ਭਾਈ ਗੁਰਦਾਸ ਜੀ, ਵਾਰ-੨੪, ਪਉੜੀ-੨੫]

ਏਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ੭੨ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਅਮਰਦਾਸ ਜੀ ਖਡੂਰ ਸਾਹਿਬ ਪਹੁੰਚ ਕੇ ਰਾਤ-ਦਿਨ (ਲਗਾਤਾਰ) ਸੇਵਾ ਵਿਚ ਲੱਗ ਗਏ। ਗੁਰੂ ਜੀ ਦੇ ਇਸ਼ਨਾਨ ਲਈ ਬਿਆਸ ਦਰਿਆ ਤੋਂ ਜਲ ਦੀ ਗਾਗਰ ਭਰ ਕੇ ਲਿਆਉਂਦੇ ਸਨ। ਤਿੰਨ ਮੀਲ ਪਿਛਲੇ ਪੈਰੀਂ ਜਾਇਆ ਕਰਦੇ ਸਨ, ਸਵਾ ਪਹਿਰ ਦੇ ਤੜਕੇ ਲਿਆ ਕੇ, ਗੁਰੂ ਸਾਹਿਬ ਦਾ ਇਸ਼ਨਾਨ ਕਰਵਾਉਂਦੇ ਸਨ। ਇਉਂ ੮੪ ਸਾਲ ਦੀ ਉਮਰ ਤੱਕ ਬੇਅੰਤ ਸੇਵਾ ਕੀਤੀ। ਸਾਲ ਪਿੱਛੋਂ ਇਕ ਸਿਰੋਪਾਉ ਮਿਲਦਾ, ਉਹ ਸੀਸ 'ਤੇ ਸਜਾ ਲੈਂਦੇ ਸਨ। ਸਿਰ ਉੱਪਰ ਗਿਆਰਾਂ ਸਿਰੋਪਿਆਂ ਦਾ ਮੁਕਟ ਬਣ ਗਿਆ, ਸਿਰ ਵਿਚ ਚਾਂਦੀ (ਸਿੱਕਰੀ) ਪੈ ਗਈ ਸੀ, ਹੱਥ ਪੈਰ ਫ਼ਟ ਗਏ।

ਜਦੋਂ ਸੇਵਾ ਦੇ ਫਲ ਦਾ ਸਮਾਂ ਆਇਆ ਤਾਂ ਫੱਗਣ ਦਾ ਮਹੀਨਾ ਸੀ, ਸਰਦੀ ਸੀ, ਉਸ ਦਿਨ ਵਰਖਾ ਬੜੀ ਹੋਈ, ਗਾਗਰ ਜਲ ਨਾਲ ਭਰ ਕੇ ਲਈ ਆਉਂਦੇ ਸਨ। ਰਸਤੇ ਵਿਚ ਚਿੱਕੜ ਬਹੁਤ ਸੀ, ਜਿਸ ਕਰਕੇ ਆਪ ਜੀ ਦਾ ਚਰਨ ਜੁਲਾਹਿਆਂ ਦੇ ਤਾਣੀ ਵਾਲੇ ਕਿੱਲੇ ਨਾਲ ਲੱਗ ਕੇ ਉੱਖੜ ਗਿਆ, ਪਰ ਗਾਗਰ ਨਹੀਂ ਡਿੱਗਣ ਦਿੱਤੀ। ਜੁਲਾਹੇ ਨੇ ਅੰਦਰੋਂ

ਹੀ ਅਵਾਜ਼ ਦਿੱਤੀ, "ਕੌਣ ਹੈ ?" ਸਤਿਗੁਰਾਂ ਕਿਹਾ, "ਮੈਂ ਸਿੱਖ ਹਾਂ।" ਪੁੱਛਿਆ, "ਕਿਹੜਾ ਸਿੱਖ ਹੈਂ ?" ਤਾਂ ਜੁਲਾਹੀ ਵਿਚੋਂ ਹੀ ਬੋਲ ਪਈ, "ਅਮਰੂ ਨਿਥਾਵਾਂ ਹੋਵੇਗਾ, ਹੋਰ ਇਸ ਵੇਲੇ ਕੌਣ ਹੋਣਾ ਹੈ!" ਗੁਰੂ ਅਮਰਦਾਸ ਜੀ ਨੇ ਕਿਹਾ, "ਕਮਲੀਏ! ਮੈਂ ਨਿਥਾਵਾਂ ਥੋੜ੍ਹਾ ਹਾਂ, ਮੇਰੇ ਤਾਂ ਨਿਥਾਵਿਆਂ ਦੇ ਥਾਂ ਸ੍ਰੀ ਗੁਰੂ ਅੰਗਦ ਦੇਵ ਜੀ ਹਨ।" ਤਾਂ ਉਹ ਜੁਲਾਹੀ ਝਟਪਟ ਕਮਲੀ ਹੋ ਗਈ।

ਮਾਤਾ ਸਭਰਾਈ ਵਾਲੇ ਗੁਰਦੁਆਰੇ ਲੰਗਰ ਹੁੰਦਾ ਸੀ ਅਤੇ ਮੱਲ ਅਖਾੜੇ ਗੁਰੂ ਜੀ ਸਮਾਧੀ ਵਿਚ ਇਸਥਿਤ ਹੋਇਆ ਕਰਦੇ ਸਨ। ਏਥੇ ਹੀ ਹਮਾਯੂੰ ਬਾਦਸ਼ਾਹ ਆਇਆ ਸੀ, ਬੱਚਿਆਂ ਨੂੰ ਵੀ ਏਥੇ ਹੀ ਪੜ੍ਹਾਇਆ ਕਰਦੇ ਸਨ। ਗਾਗਰ ਲਿਆ ਕੇ ਇਸ਼ਨਾਨ ਕਰਵਾਇਆ, ਪਰ ਗੱਲ ਕੋਈ ਨਹੀਂ ਦੱਸੀ, ਗੁਰੂ ਜੀ ਇਸ਼ਨਾਨ ਕਰਕੇ ਸਮਾਧੀ ਵਿਚ ਇਸਥਿਤ ਹੋ ਗਏ। ਜਦੋਂ ਦਿਨ ਚੜ੍ਹਿਆ ਤਾਂ ਜੁਲਾਹਾ ਆਪਣੀ ਘਰ ਵਾਲੀ ਨੂੰ ਲੈ ਕੇ ਆਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਉਣ ਦਾ ਕਾਰਣ ਪੁੱਛਿਆ ਤਾਂ ਜੁਲਾਹੇ ਨੇ ਬੀਤੀ ਰਾਤ ਵਾਲੀ ਸਾਰੀ ਗੱਲ ਦੱਸ ਦਿੱਤੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹਾ, "ਇਹ ਗੁਰੂ ਕਾ ਅਸਥਾਨ ਹੈ, ਤੁਸੀਂ ਥਾਂ ਦੇ ਪੈਸੇ ਲੈ ਲਵੋ ਤੇ ਇਹ ਘਰ ਛੱਡ ਕੇ ਕਿਤੇ ਹੋਰ ਚਲੇ ਜਾਵੋ। ਜੁਲਾਹਾ ਮੰਨ ਗਿਆ ਤਾਂ ਸਤਿਗੁਰਾਂ ਨੇ ਮਾਇਆ ਦੇ ਕੇ ਉਹ ਥਾਂ ਖ਼ਰੀਦ ਲਈ ਅਤੇ ਕਿਰਪਾ ਕਰਕੇ ਜੁਲਾਹੀ ਵੀ ਰਾਜ਼ੀ ਕਰ ਦਿੱਤੀ, ਫਿਰ ਉਹ ਕਰੀਰ ਦਾ ਕਿੱਲਾ ਹਰਾ ਹੋ ਗਿਆ ਸੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਐਸੀ ਕਠਿਨ ਸੇਵਾ ਕੀਤੀ। ਬਾਅਦ 'ਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਤਾ ਗੱਦੀ ਬਖ਼ਸ਼ੀ ਅਤੇ ਨਾਲ ਹੀ ਇਹ ਬਾਰਾਂ ਵਰ ਦਿੱਤੇ :—ਨਿਥਾਵਿਆਂ ਦੇ ਥਾਂਵ, ਨਿਧਰਿਆਂ ਦੀ ਧਿਰ, ਨਿਗਤਿਆਂ ਦੀ ਗਤਿ, ਨਿਪਤਿਆਂ ਦੀ ਪਤਿ, ਨਿਆਸਰਿਆਂ ਦੇ ਆਸਰੇ, ਨਿਓਟਿਆਂ ਦੀ ਓਟ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਆਦਿਕ। ਯਥਾ :—

*'ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸਕੀ ਰਜਾਇ ॥'*

[ਗੂਜਰੀ ਮਹਲਾ ੩, ਅੰਗ—੪੯੦]

ਧੰਨ ਹਨ ਗੁਰੂ ਸਾਹਿਬ ਜੀ, ਜੋ ਇਤਨੇ ਉਪਕਾਰੀ ਹੁੰਦੇ ਹੋਏ ਫਿਰ ਵੀ ਨਿਮਰਤਾ ਰੱਖਦੇ ਹਨ। ਯਥਾ :—

*'ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਫਾਵੈ ॥*
*ਏਤੇ ਗੁਣ ਏਤੀਆ ਚੰਗਿਆਈਆ ਦੇਇ ਨ ਪਛੋਤਾਵੈ ॥੩॥'*

[ਪ੍ਰਭਾਤੀ ਮਹਲਾ ੧, ਅੰਗ—੧੩੨੮]

## ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ॥

ਸਤਿਗੁਰਾਂ ਦੀ ਸੇਵਾ ਕਰਨ ਨਾਲ ਸੁਖ ਉਤਪੰਨ ਹੁੰਦਾ ਹੈ, ਜੋ ਪੁਰਸ਼ ਨੇਮ ਨਾਲ ਗੁਰਾਂ ਦੀ ਸੇਵਾ ਕਰਦਾ ਹੈ, ਉਸਨੂੰ ਫਿਰ ਦੁਖ ਆ ਕੇ ਨਹੀਂ ਲੱਗਦਾ। ਵਾ :—ਸੁਖ-ਸਰੂਪ ਪ੍ਰਮੇਸ਼ਰ ਪ੍ਰਗਟ ਹੁੰਦਾ ਹੈ।

ਗੁਰਾਂ ਦੀ ਸੇਵਾ ਕਰਕੇ ਹਰ ਪ੍ਰਕਾਰ ਦਾ ਸੁਖ ਪੈਦਾ ਹੁੰਦਾ ਹੈ, ਫਿਰ ਅਗਿਆਨ ਦਾ ਦੁਖ, ਬਾਲਕ ਅਵਸਥਾ ਵਿਚ ਚੰਚਲਤਾ ਦਾ ਦੁਖ, ਜਵਾਨ ਅਵਸਥਾ ਵਿਚ ਵਿਸ਼ਿਆਂ ਦਾ ਦੁਖ, ਬਿਰਧ ਅਵਸਥਾ ਵਿਚ ਝੋਰਿਆਂ ਦਾ ਦੁਖ, ਨਰਕ ਵਿਚ ਪੈਣ ਦਾ ਅਤੇ ਗਰਭ ਦਾ ਇਤਿਆਦਿਕ ਕੋਈ ਵੀ ਦੁਖ ਆ ਕੇ ਨਹੀਂ ਲੱਗਦਾ ਹੈ। ਯਥਾ :—

੧. *'ਗੁਰ ਸੇਵਾ ਤੇ ਸੁਖੁ ਪਾਈਐ ਹੋਰਥੈ ਸੁਖੁ ਨ ਭਾਲਿ॥'*
[ਬਿਹਾਗੜੇ ਕੀ ਵਾਰ, ਸਲੋਕ ਮਃ ੩, ਅੰਗ—੫੪੮]

੨. *'ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ॥*
*ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ॥'*
[ਵਡਹੰਸ ਕੀ ਵਾਰ, ਸਲੋਕੁ ਮਃ ੩, ਅੰਗ—੫੮੬]

੩. *'ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥'* [ਆਸਾ ਮਹਲਾ ੩, ਅੰਗ—੪੨੩]

੪. *'ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥'*
[ਆਸਾ ਦੀ ਵਾਰ ਮਹਲਾ ੧, ਅੰਗ—੪੭੪]

੫. *'ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥*
*ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥੨॥'*
[ਸਿਰੀ ਰਾਗੁ ਮਹਲਾ ੫, ਅੰਗ—੫੧]

ਜਿਵੇਂ ਮਾਲਵੇ ਦੀ ਬੋਲੀ ਹੈ ਕਿ ਲੈ ਭਾਈ! ਆਹ ਮੇਰੇ ਹਲ ਦੀ ਸੇਵਾ ਕਰ ਦੇ, ਭਾਵ ਮੇਰੇ ਹਲ ਨੂੰ ਨੀਵਾਂ ਕਰ ਦੇ, ਇਉਂ ਨੀਵੇਂ ਹੋਣ ਦਾ ਨਾਮ ਸੇਵਾ ਹੈ। ਸੇਵਾ ਕਰਦਿਆਂ ਹੋਇਆਂ ਮਨ ਨੂੰ ਨੀਵਾਂ ਕਰੇ। ਮੁਰਾਲੇ ਵਾਲੇ ਸੰਤ ਬਿਸ਼ਨ ਸਿੰਘ ਜੀ ਅੰਮ੍ਰਿਤ ਵੇਲੇ ਇਕ ਸੌ ਇਕ ਡੋਲ ਪਾਣੀ ਦੇ ਭਰ-ਭਰ ਕੇ ਟੂਟੀਆਂ ਵਿਚ ਪਾਉਂਦੇ ਰਹੇ, ਫਿਰ ਝਾੜੂ ਦਿੰਦੇ ਅਤੇ ਸੰਗਤ ਨੂੰ ਪੱਖਾ ਕਰਕੇ, ਚੱਕੀ ਪੀਂਹਦੇ ਸਨ। ਉਹ ਕਿਹਾ ਕਰਦੇ ਸਨ, "ਹੇ ਭਾਈ! ਮਾਣ ਗਵਾਉਣ ਲਈ ਸੇਵਾ ਕਰੀਦੀ ਹੈ, ਜੇ ਮਾਣ ਨਹੀਂ ਮਿਟਿਆ ਤਾਂ ਘਰਾਟ ਥੋੜ੍ਹੇ ਚਲਦੇ ਹਨ! ਬਿਜਲੀ ਦੇ ਪੱਖੇ ਅਤੇ ਨਲਕੇ ਥੋੜ੍ਹੇ ਲਗੇ ਹੋਏ ਹਨ! ਭੰਗੀ ਥੋੜ੍ਹੇ ਝਾੜੂ ਦਿੰਦੇ ਹਨ! ਲਾਗੀ ਥੋੜ੍ਹੇ ਭਾਂਡੇ ਮਾਂਜਦੇ ਹਨ! ਪਰ ਉਹ ਹੰਗਤਾ ਸਹਿਤ ਕੀਤੀ ਸੇਵਾ ਨਹੀਂ, ਉਹ ਤਾਂ ਰੁਜ਼ਗਾਰ ਲਈ ਕੰਮ ਹੈ।

੧. ਜਿਵੇਂ ਸੇਵਾ ਕੀਤੀ ਭਾਈ ਮੰਝ ਜੀ ਨੇ ਪੰਜਵੇਂ ਪਾਤਸ਼ਾਹ ਜੀ ਦੀ। ਲੰਗਰ ਵਿਚ ਲੱਕੜਾਂ ਲਿਆਇਆ ਕਰਦੇ ਸਨ, ਇਕ ਦਿਨ ਹਨੇਰੀ ਆਉਣ ਕਰਕੇ ਤੁਰੇ ਆਉਂਦੇ ਰਸਤੇ ਤੋਂ ਉੱਖੜ ਕੇ ਇਕ ਖੂਹ ਵਿਚ ਡਿੱਗ ਪਏ, ਪਾਣੀ ਥੋੜ੍ਹਾ ਸੀ, ਲੱਕੜਾਂ ਸਿਰ 'ਤੇ ਚੁੱਕੀ ਬਹੁਤ ਸਮਾਂ ਪਾਣੀ ਵਿਚ ਹੀ ਖੜ੍ਹੇ ਰਹੇ, ਡੋਲੇ ਨਹੀਂ। ਸੇਵਾ ਨਾਲ ਸਤਿਗੁਰਾਂ ਨੂੰ ਪ੍ਰਸੰਨ ਕਰਕੇ ਇਹ ਵਰ ਪ੍ਰਾਪਤ ਕੀਤਾ :—

*'ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ।*
*ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ ॥੧॥'*

[ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ-੨, ਅੰਸੂ-੪੪, ਜਿਲਦ-੬, ਪੰਨਾ—੧੯੨੩]

੨. ਜਿਵੇਂ ਸੇਵਾ ਕੀਤੀ ਕਾਬਲ ਵਾਲੀ ਮਾਈ ਸੇਵਾਂ ਨੇ। ਜਿਸਦੇ ਨਾਮ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ 'ਮਾਈ ਸੇਵਾਂ ਦਾ ਬਜ਼ਾਰ' ਬਣਿਆ ਹੋਇਆ ਹੈ।

੩. ਜਿਵੇਂ ਸੇਵਾ ਕੀਤੀ ਬਹਿਲੋ ਜੀ ਨੇ। ਪੰਜਵੇਂ ਪਾਤਸ਼ਾਹ ਜੀ ਨੇ ਵਰ ਬਖ਼ਸ਼ਿਆ :—
*'ਭਾਈ ਬਹਿਲੋ ਸਭ ਤੋਂ ਪਹਿਲੋਂ।'*

੪. ਜਿਸ ਤਰ੍ਹਾਂ ਸੇਵਾ ਕੀਤੀ ਭਾਈ ਬਿਧੀਚੰਦ ਨੇ ਛੇਵੇਂ ਪਾਤਸ਼ਾਹ ਜੀ ਦੀ। ਮਹਾਰਾਜ ਜੀ ਨੇ ਵਰ ਦਿੱਤਾ :—

*'ਬਿਧੀ ਚੰਦ ਛੀਨਾ ਗੁਰੂ ਕਾ ਸੀਨਾ ॥'*

[ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ-੭, ਅੰਸੂ-੩੭, ਜਿਲਦ-੬, ਪੰਨਾ—੩੨੦੪]

੫. ਜਿਵੇਂ ਸੇਵਾ ਕੀਤੀ ਭਾਈ ਜੈਤਾ ਜੀ ਨੇ ਨੌਵੇਂ ਸਤਿਗੁਰਾਂ ਦਾ ਸੀਸ ਲਿਆਉਣ ਦੀ।

੬. ਜਿਵੇਂ ਸੇਵਾ ਕੀਤੀ ਭਾਈ ਮਹਾਂ ਸਿੰਘ ਜੀ ਨੇ ਮੈਦਾਨੇ ਜੰਗ ਵਿਚ ਆਪਾ ਵਾਰ ਕੇ।

੭. ਜਿਸ ਤਰ੍ਹਾਂ ਪੱਖੇ ਦੀ ਸੇਵਾ ਕੀਤੀ ਭਾਈ ਕਪੂਰ ਸਿੰਘ ਨਵਾਬ ਨੇ।

ਸਰਦਾਰ ਕਪੂਰ ਸਿੰਘ ਜੀ ਦਾ ਜਨਮ ਵਿਰਕ ਜੱਟ ਘਰਾਣੇ ਵਿਚ ਸਰਦਾਰ ਸਾਧੂ ਸਿੰਘ ਦੇ ਘਰ ਪਿੰਡ ਫ਼ੈਜ਼ਲਪੁਰ ਵਿਚ ੧੬੯੭ ਈ: ਨੂੰ ਹੋਇਆ। ਸਿੱਖੀ ਸਿਦਕ ਅਤੇ ਗੁਰੂ-ਘਰ ਦੀ ਸੇਵਾ ਸਰਦਾਰ ਕਪੂਰ ਸਿੰਘ ਨੂੰ ਵਿਰਸੇ ਵਿਚ ਮਿਲੀ।

ਜਦੋਂ ਲਾਹੌਰ ਦੇ ਸੂਬੇ ਨੇ ਭਾਈ ਸ਼ੁਬੇਗ ਸਿੰਘ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਨਵਾਬੀ ਭੇਜੀ ਤਾਂ ਖ਼ਾਲਸੇ ਨੇ ਕਿਹਾ, "ਅਸੀਂ ਤੁਰਕਾਂ ਦੀ ਦਿੱਤੀ ਹੋਈ ਨਵਾਬੀ ਨਹੀਂ ਲੈਣੀ।" ਭਾਈ ਸ਼ੁਬੇਗ ਸਿੰਘ ਨੇ ਕਿਹਾ, "ਖ਼ਾਲਸਾ ਜੀ! ਤੁਸੀਂ ਕਿਹੜਾ ਮੰਗਣ ਗਏ ਸੀ, ਕਿਰਪਾ ਕਰਕੇ ਲੈ ਲਓ।" ਤਾਂ ਖ਼ਾਲਸੇ ਨੇ ਕਿਹਾ, "ਇਹ ਸੇਵਕ ਦੀ ਚੀਜ਼ ਹੈ, ਭਾਈ ਕਪੂਰ ਸਿੰਘ

ਨੂੰ ਦਿਓ।" ਭਾਈ ਕਪੂਰ ਸਿੰਘ ਨੇ ਕਿਹਾ, "ਮੈਂ ਨਹੀਂ ਲੈਣੀ, ਮੈਂ ਤਾਂ ਪੱਖੇ ਦੀ ਸੇਵਾ ਹੀ ਕਰਾਂਗਾ।"

ਅਖ਼ੀਰ ਵੈਰਾਗ ਵਿਚ ਹੰਝੂ ਕੇਰਦਿਆਂ ਬੇਨਤੀ ਕੀਤੀ, "ਮੈਂ ਨਵਾਬੀ ਤਾਂ ਲੈ ਲੈਂਦਾ ਹਾਂ, ਖ਼ਾਲਸੇ ਦਾ ਬਚਨ ਨਹੀਂ ਮੋੜ ਸਕਦਾ, ਪਰ ਮੇਰੇ ਪਾਸੋਂ ਪੱਖੇ ਦੀ ਸੇਵਾ ਨਾ ਖੋਹਿਓ!" ਇਉਂ ਨਵਾਬੀ ਲੈ ਕੇ ਵੀ ਪੱਖੇ ਦੀ ਸੇਵਾ ਕਰਦੇ ਰਹੇ ਸੀ।

੮. ਪਾਣੀ ਢੋਣ ਦੀ ਸੇਵਾ ਭਾਈ ਮੀਹੇ ਨੇ ਕੀਤੀ ਸੀ, ਧਮਧਾਨ ਸਾਹਿਬ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਪ੍ਰਸੰਨ ਹੋ ਕੇ ਨਗਾਰਾ ਅਤੇ ਦੱਖਣੀ ਬੈਲ ਦਿੱਤਾ ਸੀ। ਲੰਗਰ ਚਲਾਉਣ ਦੀ ਆਗਿਆ ਕੀਤੀ ਤੇ ਕਿਹਾ, "ਜੋ ਤੇਰੇ ਸਿਰ ਵਿਚ ਕੀੜੇ ਪਏ ਹਨ, ਇਹ ਤੇਰੇ ਸੇਵਕ ਬਣ ਕੇ ਮੁਕਤ ਹੋ ਜਾਣਗੇ।

੯. ਚੱਕੀ ਪੀਸਣ ਦੀ ਸੇਵਾ ਭਾਈ ਹੇਮੇ ਨੇ ਕੀਤੀ ਸੀ। ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਭਾਈ ਪਿਰਾਣਾ ਜੀ, ਭਾਈ ਜੇਠਾ ਜੀ, ਭਾਈ ਲੰਙਾਹਾ ਜੀ, ਭਾਈ ਬਿਧੀਚੰਦ ਜੀ ਆਦਿਕ ਪੰਜਾਂ ਸਿੱਖਾਂ-ਸੇਵਕਾਂ ਸਮੇਤ, ਪੋਹ-ਮਾਘ ਦੇ ਠੰਢ ਵਾਲੇ ਦਿਨ ਸਨ, ਠੱਕਾ ਬੜਾ ਚੱਲਦਾ ਸੀ, ਚੋਲ੍ਹਾ ਸਾਹਿਬ ਤੋਂ ਆਉਂਦੇ ਹੋਏ, ਖਾਨਪੁਰ ਪਿੰਡ ਵਿਚ ਕਿਸੇ ਦੇ ਨਾ ਉਤਾਰਾ ਦੇਣ 'ਤੇ ਭਾਈ ਹੇਮੇ ਦੀ ਛਪਰੀ ਵਿਚ ਆਏ। ਤਾਂ ਭਾਈ ਹੇਮੇ ਨੇ ਉਸੇ ਵੇਲੇ ਉੱਠ ਕੇ ਬੜਾ ਸਤਿਕਾਰ ਕੀਤਾ, ਆਪਣੀ ਕੰਬਲੀ ਨਾਲ ਸਤਿਗੁਰਾਂ ਦੇ ਚਰਨ ਸਾਫ਼ ਕੀਤੇ, ਫਿਰ ਬਸਤਰ ਵਿਛਾ ਕੇ ਉੱਪਰ ਬਿਠਾਇਆ ਅਤੇ ਆਪਣੇ ਹੱਥੀਂ ਚੱਕੀ ਪੀਸ ਕੇ ਭੋਜਨ ਛਕਾਇਆ ਸੀ। ਸਤਿਗੁਰਾਂ ਨੇ ਜੈਤਸਰੀ ਦੀ ਵਾਰ ਵਿਚ ਕਥਨ ਕੀਤਾ ਹੈ :—

*'ਪਉੜੀ ॥ ਬਸਤ੍ਰਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥੭॥'* [ਅੰਗ—੭੦੭]

ਸਤਿਗੁਰੂ ਜੀ ਨੇ ਭਾਈ ਹੇਮੇ ਅੱਗੇ ਸਭ ਰਿਧੀਆਂ-ਸਿੱਧੀਆਂ ਖੜ੍ਹੀਆਂ ਕਰ ਦਿੱਤੀਆਂ। ਭਾਈ ਹੇਮੇ ਨੇ ਬੇਨਤੀ ਕੀਤੀ, "ਸਤਿਗੁਰੂ ਜੀ! ਮੈਨੂੰ ਇਨ੍ਹਾਂ ਦੀ ਲੋੜ ਨਹੀਂ ਹੈ, ਕਿਰਪਾ ਕਰਕੇ ਨਾਮ ਦਾ ਦਾਨ ਹੀ ਬਖ਼ਸ਼ੋ। ਤਾਂ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :—

*'ਰਾਗੁ ਸੂਹੀ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥*
*ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥*
*ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ਰਹਾਉ॥*
*ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ ॥*
*ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥*
*ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥*
*ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥*
*ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥*
*ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥*
*ਸਭੁ ਕਿਛੁ ਤੁਮ੍ਹਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥*
*ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥'* [ਅੰਗ—੭੪੫]

੧੦. ਜੋੜੇ ਝਾੜਨ ਦੀ ਸੇਵਾ ਮਹਾਰਾਜ ਸਿੰਘ ਨੇ ਕੀਤੀ ਸੀ। ਇਹ ਡਾ. ਭਾਈ ਵੀਰ ਸਿੰਘ ਦੇ ਸੇਵਕ ਸਨ, ਇਨ੍ਹਾਂ ਦੇ ਦਾੜ੍ਹੀ ਨਹੀਂ ਸੀ ਆਈ, ਸਿੱਖ ਲੰਕਾ ਦਾ ਚੋਰ ਕਿਹਾ ਕਰਦੇ ਸਨ। ਭਾਈ ਵੀਰ ਸਿੰਘ ਨੇ ਕਿਹਾ, "ਤੁਸੀਂ ਸੰਗਤ ਦੇ ਜੋੜਿਆਂ ਦੀ ਧੂੜ ਮੁਖ 'ਤੇ ਲਾਇਆ ਕਰੋ।" ਮਹਾਰਾਜ ਜੀ ਨੇ ਇਸ ਤਰ੍ਹਾਂ ਹੀ ਕੀਤਾ ਤਾਂ ਗੋਡਿਆਂ ਤੱਕ ਲੰਬੀ ਦਾੜ੍ਹੀ ਆ ਗਈ ਸੀ।

੧੧. ਜਿਸ ਤਰ੍ਹਾਂ ਸੇਵਾ ਕੀਤੀ ਬਾਬਾ ਬੰਦਾ ਸਿੰਘ ਬਹਾਦਰ ਨੇ ਸਾਹਿਬਜ਼ਾਦਿਆਂ ਅਤੇ ਹੋਰਨਾਂ ਗੁਰਮੁਖ-ਪਿਆਰਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਦੀ।

੧੨. ਜਿਸ ਤਰ੍ਹਾਂ ਸੇਵਾ ਕੀਤੀ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਮੱਸੇ ਰੰਘੜ ਦਾ ਸਿਰ ਵੱਢ ਕੇ ਸ੍ਰੀ ਹਰਿਮੰਦਰ ਸਾਹਿਬ ਅਜ਼ਾਦ ਕਰਵਾਉਣ ਦੀ।

੧੩. ਜਿਸ ਤਰ੍ਹਾਂ ਸੇਵਾ ਕੀਤੀ ਭਾਈ ਰਣਜੀਤ ਸਿੰਘ ਅਤੇ ਭਾਈ ਕਾਬਲ ਸਿੰਘ ਨੇ ਨਰਕਧਾਰੀ ਗੁਰਬਚਨੇ ਤੋਂ ਬਦਲਾ ਲੈਣ ਦੀ।

੧੪. ਜਿਸ ਪ੍ਰਕਾਰ ਸੇਵਾ ਕੀਤੀ ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਨੇ ਬਾਮ੍ਹਣੀ ਤੋਂ ਸਿੰਘਾਂ ਦੀਆਂ ਸ਼ਹੀਦੀਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦਾ ਬਦਲਾ ਲੈਣ ਦੀ।

੧੫. ਜਿਵੇਂ ਸੇਵਾ ਕੀਤੀ ਭਾਈ ਹਰਜਿੰਦਰ ਸਿੰਘ ਜ਼ਿੰਦਾ ਤੇ ਭਾਈ ਸੁਖਦੇਵ ਸਿੰਘ ਸੁਖਾ ਨੇ ਜਨਰਲ ਵੈਦਿਆ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਸਜ਼ਾ ਭੁਗਤਾਉਣ ਦੀ।

ਇਉਂ ਜਿਹੜੇ ਮਹਾਂਪੁਰਖ :—

*'ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥'*

[ਗਉੜੀ ਸੁਖਮਨੀ ਮ: ੫, ਅੰਗ—੨੮੬-੮੭]

**ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ॥**

ਉਨ੍ਹਾਂ ਗੁਰਮੁਖਾਂ ਦਾ ਜੰਮਣਾ-ਮਰਨਾ ਮਿਟ ਗਿਆ ਹੈ। ਯਥਾ :—

*'ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ॥'*

[ਸਾਰਗ ਮਹਲਾ ੫, ਅੰਗ—੧੨੦੬]

ਉਨ੍ਹਾਂ ਪਰ ਕਾਲ ਦਾ ਕੁਛ ਵੱਸ = ਜ਼ੋਰ ਨਹੀਂ ਚੱਲਦਾ। ਯਥਾ :—

*'ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ॥'*

[ਦੇਵਗੰਧਾਰੀ ਮਹਲਾ ੫, ਅੰਗ—੫੨੯]

**ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ॥**

ਉਨ੍ਹਾਂ ਦਾ ਮਨ ਹਰੀ ਦੇ ਨਾਲ ਮਿਲ ਰਿਹਾ ਹੈ, ਏਸੇ ਕਰਕੇ ਉਹ ਸੱਚੇ ਵਿਚ ਅਭੇਦ ਹੋ ਰਹੇ ਹਨ।

**ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ॥੧॥**

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਥਨ ਕਰਦੇ ਹਨ, ਮੈਂ ਤਿਨ੍ਹਾਂ ਗੁਰਮੁਖਾਂ ਤੋਂ ਬਲਿਹਾਰ ਜਾਂਦਾ ਹਾਂ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ **ਭਾਇ** = ਆਗਿਆ ਵਿਚ ਚੱਲਦੇ ਹਨ। ਯਥਾ :—

*'ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥*
*ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ॥੨॥'*

[ਤਿਲੰਗ ਮਹਲਾ ੪, ਅੰਗ—੭੨੫]

**ਮ: ੩॥ ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ॥**

ਸ਼ਬਦ ਦੀ ਕਮਾਈ ਤੋਂ ਬਿਨਾਂ ਮਨ ਉੱਜਲ ਨਹੀਂ ਹੁੰਦਾ। ਯਥਾ :—

*'ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥'*

[ਸੋਰਠਿ ਕੀ ਵਾਰ, ਸਲੋਕ ਮ: ੩, ਅੰਗ—੬੫੧]

ਜਿਵੇਂ ਕੋਹਲੂ ਸਾਫ਼ ਕਰਨ ਵਾਲੀ ਲੀਰ ਸਾਫ਼ ਨਹੀਂ ਹੁੰਦੀ, ਭਾਵੇਂ ਉਸਨੂੰ ਸੌ ਧੋ ਪਾਈਏ। ਇਵੇਂ ਹੀ ਮਨ ਰੂਪ ਲੀਰ ਮੋਹ ਰੂਪ ਤੇਲ ਨਾਲ ਲਿੱਬੜੀ ਹੋਈ ਹੈ, ਇਸਤ੍ਰੀ, ਪੁੱਤਰਾਂ ਨੂੰ ਪਾਲਣ ਰੂਪ ਕੋਹਲੂ ਸਾਫ਼ ਕਰਨਾ ਹੈ। ਇਉਂ :—

*'ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥'*

[ਜਪੁਜੀ ਸਾਹਿਬ, ਅੰਗ—੪]

ਸੰਗਤ ਰੂਪ ਘਾਟ 'ਤੇ, ਨਿਸ਼ਚੇ ਰੂਪ ਪੱਟੜੇ 'ਤੇ ਰੱਖ ਕੇ, ਪ੍ਰੇਮ ਰੂਪ ਪਾਣੀ ਲੈ ਕੇ, ਨਾਮ ਰੂਪ ਸਾਬਣ ਲਾ ਕੇ, ਉਕਤੀਆਂ-ਜੁਗਤੀਆਂ ਰੂਪ ਮੁੱਕੀਆਂ ਨਾਲ ਧੋਣਾ ਕਰੇ। ਫਿਰ ਪਾਪਾਂ ਦੀ ਮੈਲ ਕੱਢ ਕੇ, ਭਗਤੀ ਰੂਪ ਧੁੱਪ ਵਿਚ ਸੁਕਾਵੇ ਤਾਂ ਗਿਆਨ ਰੂਪ ਰੰਗ ਚੜ੍ਹੇਗਾ। ਯਥਾ :—

*'ਲਾਲ ਰੰਗੁ ਤਿਸ ਕਉ ਲਗਾ ਜਿਸਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥'*

[ਬਿਲਾਵਲੁ ਮਹਲਾ ੫, ਅੰਗ—੮੦੮]

ਇਸ ਪ੍ਰਕਾਰ ਸ਼ਬਦ ਤੋਂ ਬਿਨਾਂ ਮਨ ਨਿਰਮਲ ਨਹੀਂ ਹੁੰਦਾ ਹੈ, ਜੇਕਰ ਅਨੇਕਾਂ ਹੀ ਤਰਾਟਕ ਸਾਧਨ ਰੂਪ, ਯੋਗ ਸਾਧਨ ਰੂਪ, ਤਿਲਕ ਛਾਪੇ ਲਾਉਣ ਰੂਪ, ਨਿਉਲੀ ਧੋਤੀ ਰੂਪ ਇਤਿਆਦਿਕ ਸ਼ਿੰਗਾਰਾਂ ਨੂੰ ਕਰ ਲਵੇ।

## ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥

ਜਿਹੜੀ ਜੀਵ ਰੂਪ ਇਸਤ੍ਰੀ ਦਾ **ਦੂਜੈ** = ਦ੍ਵੈਤ-ਭਾ ਨਾਲ ਪਿਆਰ ਹੈ, ਭਾਵ ਦੇਵੀ-ਦੇਵਤਿਆਂ ਦੀ ਉਪਾਸ਼ਨਾ ਵਿਚ ਲੱਗੀ ਹੋਈ ਹੈ :—

*'ਕੋ ਹੰਨੇ ਦੀ ਕੋ ਬੰਨੇ ਦੀ ਕੋ ਪਹਾੜਾ ਵਾਲੀ ਰੰਨੇ ਦੀ, ਢੋਲ ਢਮੱਕਾ ਸਰਵਰ ਦਾ।'*

ਉਹ ਪਿਆਰੇ ਪਤੀ-ਪ੍ਰਮੇਸ਼ਰ ਦੀ ਸਾਰ ਨਹੀਂ ਜਾਣ ਸਕਦੀ, ਉਹ ਤਾਂ :—

੧. *'ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੦]

੨. *'ਭਾਇਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥'*

[ਬਾਰਹਮਾਹਾ ਮਾਂਝ ਮਹਲਾ ੫, ਅੰਗ—੧੩੪]

**ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥੨॥**

ਗੁਰੂ ਜੀ ਕਥਨ ਕਰਦੇ ਹਨ, ਉਹ ਮਨਮੁਖ ਇਸਤ੍ਰੀ ਅਪਵਿੱਤਰ ਅਤੇ ਖੋਟੇ ਲੱਛਣਾਂ ਵਾਲੀ ਹੈ। ਜਿਸ ਮਨਮੁਖ ਇਸਤ੍ਰੀ ਦੇ ਦਾੜ੍ਹੀ ਆਈ ਹੋਵੇ, ਹੁੱਡਾਂ ਨਿਕਲੀਆਂ ਹੋਣ, ਉਹ ਨਾਰੀਆਂ ਵਿਚੋਂ ਕੁਨਾਰ ਇਸਤ੍ਰੀ ਹੁੰਦੀ ਹੈ। ਵਾ :—ਉਹ ਜੀਵ ਰੂਪ ਇਸਤ੍ਰੀ ਵਿਸ਼ਿਆਂ ਕਰਕੇ ਅਪਵਿੱਤਰ ਹੈ ਤੇ ਉਸਦੇ ਸਾਰੇ ਲੱਛਣ ਖੋਟੇ ਹਨ, ਦ੍ਵੈਤ ਰੂਪ ਹੁੱਡਾਂ ਨਿਕਲੀਆਂ ਹਨ, ਲੋਕਾਂ ਨੂੰ ਦਾੜ੍ਹਨ ਰੂਪ ਦਾੜ੍ਹੀ ਆਈ ਹੋਈ ਹੈ, ਨਿੰਦਾ ਕਰਨ ਰੂਪ ਚੱਕ ਵੱਢਦੀ ਹੈ ਤੇ ਦੈਵੀ ਕੁਲ ਨੂੰ ਖਾਣ ਵਾਲੀ ਹੈ, ਗੁਰੂ ਜੀ ਕਥਨ ਕਰਦੇ ਹਨ, ਉਹ ਸਾਰੇ **ਨਾਰੀ** = ਜੀਵਾਂ ਵਿਚੋਂ **ਕੁਨਾਰਿ** = ਕੁਜੀਵ ਹੈ, ਭਾਵ ਖੋਟਾ ਪੁਰਸ਼ ਹੈ। ਯਥਾ :—

੧. *'ਖਸਮੁ ਵਿਸਾਰਹਿ ਤੇ ਕਮਜਾਤਿ ॥*
*ਨਾਨਕ; ਨਾਵੈ ਬਾਝੁ, ਸਨਾਤਿ ॥੪॥੩॥'*

[ਆਸਾ ਮਹਲਾ ੧, ਅੰਗ—੧੦]

੨. *'ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥*
*ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥*
*ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ ॥*
*ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ ॥੧॥'*

[ਸਿਰੀ ਰਾਗ ਕੀ ਵਾਰ, ਸਲੋਕ ਮਃ ੩, ਅੰਗ—੮੯-੯੦]

੩. *'ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ ॥*
*ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥੩॥'*

[ਸੋਰਠਿ ਮਹਲਾ ੩, ਅੰਗ—੬੩੯]

੪. *'ਦੋਹਾਗਣੀ ਕਿਆ ਨੀਸਾਣੀਆ ॥*
*ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥*
*ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥੭॥'*

[ਸਿਰੀ ਰਾਗੁ ਮਹਲਾ ੧, ਅੰਗ—੭੨]

ਸੋਹਾਗਣ ਦੇ ਲੱਖਣ ਹਜ਼ੂਰ ਇਸ ਪ੍ਰਕਾਰ ਕਰਦੇ ਹਨ :—

*'ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ,*
*ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥੧॥'*

[ਵਾਰ ਸੂਹੀ ਕੀ, ਸਲੋਕੁ ਮਃ ੩, ਅੰਗ—੭੮੫]

**ਪਉੜੀ॥ ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ॥**

ਹੇ ਹਰਿ-ਹਰਿ ਜੀ! ਤੁਸੀਂ ਆਪਣੀ ਕਿਰਪਾ ਕਰੋ ਤਾਂ ਕਿ ਮੈਂ ਆਪਣੇ ਮੂੰਹ ਤੋਂ ਹਰਿ ਨਾਮ ਰੂਪ **ਬੈਣੀ** = ਬਾਣੀ ਨੂੰ **ਬੋਲੀ** = ਬੋਲਾਂ। ਯਥਾ :—

੧. *'ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ॥'*

[ਸੂਹੀ ਮਹਲਾ ੫, ਅੰਗ—੭੭੯]

੨. *'ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ॥*
*ਸਦਾ ਸਦਾ ਜਪੀ ਤੇਰਾ ਨਾਮੁ ਸਤਿਗੁਰ ਪਾਇ ਪੈ॥'*

[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੬੧]

**ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ॥**

ਹਰੀ ਨਾਮ ਨੂੰ ਧਿਆਉਣਾ ਕਰਾਂ, ਹਰੀ ਨਾਮ ਨੂੰ ਉਚਾਰਨਾ ਕਰਾਂ, ਹਰੀ ਦੀ ਪ੍ਰਾਪਤੀ ਰੂਪ ਲਾਭ ਨੂੰ **ਲੈਣੀ** = ਲੈਣਾ ਕਰਾਂ। ਯਥਾ :—

*'ਦਇਆ ਕਰਹੁ ਦਇਆਲ ਅਪਣੀ ਸਿਫਤਿ ਦੇਹੁ॥*
*ਦਰਸਨੁ ਦੇਖਿ ਨਿਹਾਲ ਨਾਨਕ ਪ੍ਰੀਤਿ ਏਹ॥੧॥'*

[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੬੧]

**ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ॥**

ਜੋ ਪੁਰਸ਼ ਰਾਤ-ਦਿਨੇ ਹਰਿ-ਹਰਿ ਨੂੰ ਜਪਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ।

**ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ॥**

ਜਿਨ੍ਹਾਂ ਨੇ ਮੇਰੇ ਪਿਆਰੇ ਸਤਿਗੁਰਾਂ ਨੂੰ ਅਰਾਧਿਆ ਹੈ, ਉਹਨਾਂ ਜਨਾਂ ਦੇ ਦਰਸ਼ਨ ਨੂੰ ਮੈਂ **ਨੈਣੀ** = ਅੱਖਾਂ ਨਾਲ **ਦੇਖਾ** = ਦੇਖਦਾ ਹਾਂ।

**ਹਉ ਵਾਰਿਆ ਅਪਣੇ ਗੁਰੂ ਕਉ,**
**ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ॥੨੪॥**

ਮੈਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਗੁਰਾਂ ਨੇ ਮੇਰਾ **ਸੈਣੀ** = ਸਾਥੀ, ਜੋ ਹਰੀ ਸੱਜਣ ਹੈ, ਉਸ ਨਾਲ ਮੇਲਿਆ ਹੈ॥੨੪॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

## ੨੮.

**ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ**

**ੴ ਸਤਿਗੁਰ ਪ੍ਰਸਾਦਿ ॥** [ਅੰਗ–੬੫੮]

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਜਦੋਂ ਭਗਤ ਰਵਿਦਾਸ ਜੀ ਅਕਾਲ ਪੁਰਖ ਨਾਲ :–

*'ਜਿਉ ਜਲ ਮਹਿ ਜਲੁ ਆਇ ਖਟਾਨਾ ॥'*

[ਗਉੜੀ ਸੁਖਮਨੀ ਮਃ ੫, ਅੰਗ–੨੭੮]

ਦਾ ਰੂਪ ਬਣ ਗਏ ਤਾਂ ਜਿਵੇਂ ਪਿਤਾ ਆਪਣੇ ਬੱਚੇ ਨੂੰ ਗੋਦ ਵਿਚ ਬਿਠਾ ਕੇ ਲਾਡ ਕਰਦਾ ਹੈ ਅਤੇ ਬੱਚਾ ਵੀ ਪਿਆਰ ਕਰਕੇ ਆਪਣੇ ਪਿਤਾ ਨਾਲ ਤੋਤਲੀਆਂ-ਤੋਤਲੀਆਂ ਗੱਲਾਂ ਕਰਦਾ ਹੈ। ਐਨ ਇਸੇ ਤਰ੍ਹਾਂ ਪ੍ਰਭੂ, ਭਗਤ ਜੀ ਨੂੰ ਦਰਸ਼ਨ ਰੂਪ ਗੋਦ ਵਿਚ ਬਿਠਾ ਕੇ ਪੁੱਛਦੇ ਹਨ, "ਤੂੰ ਸਿਮਰਨ-ਭਜਨ, ਭਾਵਨਾ ਤੇ ਪ੍ਰੇਮ ਕਰਕੇ ਸਾਨੂੰ ਸਾਖਿਆਤਕਾਰ ਤਾਂ ਕਰ ਲਿਆ ਹੈ, ਪਰ ਜੇ ਅਸੀਂ ਹੁਣ ਤੈਨੂੰ ਫਿਰ ਮੋਹ ਦੀ ਫਾਹੀ ਵਿਚ ਬੰਨ੍ਹ ਦੇਈਏ ਤਾਂ ਕੀ ਕਰੇਂਗਾ ?" ਤਾਂ ਭਗਤ ਰਵਿਦਾਸ ਜੀ ਨੇ ਇਹ ਸ਼ਬਦ ਉਚਾਰਨ ਕੀਤਾ :–

**ਜਉ ਹਮ ਬਾਂਧੇ ਮੋਹ ਫਾਸ**

ਜੇਕਰ ਤੁਸੀਂ ਸਾਨੂੰ ਮੋਹ ਦੀ ਫਾਹੀ ਵਿਚ ਬੰਨ੍ਹ ਦਿੱਤਾ, ਜਿਸ ਵਿਚੋਂ ਨਿਕਲਣਾ ਬਹੁਤ ਮੁਸ਼ਕਲ ਹੈ। ਆਪ ਜੀ ਹੋ ਤਾਂ ਨਿਰਮੋਹ! ਪਰ ਸਾਨੂੰ ਵੀ ਤੁਸੀਂ ਜਾਚ ਦੱਸੀ ਹੈ :–

**ਹਮ ਪ੍ਰੇਮ ਬਧਨਿ ਤੁਮ ਬਾਧੇ ॥**

ਹੇ ਅਕਾਲ ਪੁਰਖ ਜੀ! ਫਿਰ ਮੈਂ ਦਾਸ ਤੁਹਾਨੂੰ ਪ੍ਰੇਮ ਦੀ ਰੱਸੀ ਨਾਲ ਬੰਨ੍ਹ ਲਵਾਂਗਾ। ਫਿਰ ਆਪ ਜੀ ਨੂੰ ਕਹਿਣਾ ਪਵੇਗਾ :–

*'ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥'*

[ਸਾਰੰਗ ਨਾਮਦੇਵ ਜੀ, ਅੰਗ–੧੨੫੨]

ਹੇ ਸੱਚੇ ਪਾਤਸ਼ਾਹ ਜੀ! ਆਪ ਜੀ ਨੇ ਇਹ ਮਰਿਆਦਾ ਬੰਨ੍ਹੀ ਹੈ ਕਿ ਸਾਡੇ ਕਰਮਾਂ

ਅਨੁਸਾਰ ਫਲ ਦੇ ਕੇ ਮੋਹ ਵਿਚ ਬੰਨ੍ਹ ਦਿੰਦੇ ਹੋ, ਪਰ ਸਾਡੀ ਪ੍ਰਤੱਗਿਆ ਤੁਹਾਡੀ ਮਰਿਆਦਾ ਨੂੰ ਤੋੜ ਦਿੰਦੀ ਹੈ। ਅਸੀਂ ਤਾਂ ਮੋਹ ਦੀ ਫਾਹੀ ਨੂੰ ਆਪ ਜੀ ਨਾਲ ਪ੍ਰੇਮ ਕਰਕੇ ਤੋੜ ਲੈਂਦੇ ਹਾਂ। ਪਰ ਆਪ ਜੀ ਨੂੰ ਜਦੋਂ ਅਸੀਂ ਪ੍ਰੇਮ ਦੀ ਰੱਸੀ ਨਾਲ ਬੰਨ੍ਹ ਲੈਂਦੇ ਹਾਂ ਤਾਂ ਤੁਸੀਂ ਛੁੱਟ ਨਹੀਂ ਸਕਦੇ।

## ਸਾਖੀ : ਭੀਸ਼ਮ ਪਿਤਾਮਾ ਦੀ

ਦੁਆਪਰ ਵਿਚ ਮਹਾਂਭਾਰਤ ਦੇ ਯੁੱਧ ਤੋਂ ਪਹਿਲਾਂ ਕੈਰਵਾਂ ਵੱਲੋਂ ਦੁਰਯੋਧਨ ਦੁਆਰਕਾ ਪੁਰੀ ਵਿਖੇ ਸ੍ਰੀ ਕ੍ਰਿਸ਼ਨ ਜੀ ਪਾਸ ਮਦਦ ਮੰਗਣ ਵਾਸਤੇ ਆਇਆ, ਆ ਕੇ ਸਿਰ੍ਹਾਣੇ ਵੱਲ ਖੜ੍ਹਾ ਹੋ ਗਿਆ। ਉਸੇ ਵਕਤ ਪਾਂਡਵ ਯੁਧਿਸ਼ਟਰ ਨੇ, ਜੋ ਆਪਣੇ ਭਾਈ ਅਰਜਨ ਨੂੰ ਭੇਜਿਆ ਸੀ, ਉਹ ਵੀ ਆ ਗਿਆ, ਉਸਨੇ ਸੁੱਤੇ ਪਏ ਸ੍ਰੀ ਕ੍ਰਿਸ਼ਨ ਜੀ ਨੂੰ ਨਮਸਕਾਰ ਕੀਤੀ ਅਤੇ ਚਰਨਾਂ ਵਾਲੇ ਪਾਸੇ ਖੜ੍ਹਾ ਹੋ ਗਿਆ। ਚਰਨਾਂ ਵੱਲ ਖੜ੍ਹਾ ਆਦਮੀ ਦਿਸਦਾ ਹੈ, ਸਿਰ੍ਹਾਣੇ ਵਾਲਾ ਨਹੀਂ ਦਿਸਦਾ। ਇਸ ਲਈ ਥੋੜ੍ਹੀ ਦੇਰ ਬਾਅਦ ਭਗਵਾਨ ਸ੍ਰੀ ਕ੍ਰਿਸ਼ਨ ਜੀ ਜਾਗੇ ਤਾਂ ਉਹਨਾਂ ਨੇ ਚਰਨਾਂ ਵੱਲ ਖੜ੍ਹੇ ਅਰਜਨ ਨੂੰ ਵੇਖ ਕੇ, ਪ੍ਰੇਮ ਨਾਲ ਗਲ ਲਾਇਆ ਅਤੇ ਸੁਖ-ਸਾਂਦ ਪੁੱਛੀ। ਤਾਂ ਵਿਚੋਂ ਹੀ ਦੁਰਯੋਧਨ ਬੋਲ ਪਿਆ, "ਮਹਾਰਾਜ! ਮੈਂ ਇਸ ਨਾਲੋਂ ਪਹਿਲਾਂ ਆਪ ਜੀ ਪਾਸ ਆਇਆ ਹਾਂ, ਇਸ ਵਾਸਤੇ ਪਹਿਲਾਂ ਮੇਰੀ ਬੇਨਤੀ ਸੁਣੋ।" ਕ੍ਰਿਸ਼ਨ ਜੀ ਮੁਸਕਰਾ ਕੇ ਕਹਿਣ ਲੱਗੇ, "ਦੱਸੋ!" ਦੁਰਯੋਧਨ ਨੇ ਕਿਹਾ, "ਮਹਾਰਾਜ ਜੀ! ਮਹਾਂਭਾਰਤ ਦਾ ਯੁੱਧ ਹੋਣਾ ਹੈ, ਆਪ ਜੀ ਪਾਸੋਂ ਮਦਦ ਲੈਣ ਵਾਸਤੇ ਆਇਆ ਹਾਂ।" ਕ੍ਰਿਸ਼ਨ ਜੀ ਨੇ ਕਿਹਾ, "ਇਕ ਪਾਸੇ ਤਾਂ ਮੈਂ ਹੋਵਾਂਗਾ, ਯੁੱਧ ਵਿਚ ਸ਼ਸਤਰ ਵੀ ਕੋਈ ਨਹੀਂ ਪਕੜਾਂਗਾ ਅਤੇ ਦੂਜੇ ਪਾਸੇ ਮੇਰਾ ਭਰਾ ਬਲਭੱਦ੍ਰ (ਬਲਰਾਮ) ਤੇ ਮੇਰੀ ਸਾਰੀ ਹਥਿਆਰਬੰਦ ਫ਼ੌਜ ਹੋਵੇਗੀ, ਵਿਚਾਰ ਕਰ ਲੈ! ਮੈਨੂੰ ਚਾਹੁੰਦਾ ਹੈਂ ਕਿ ਹਥਿਆਰਬੰਦ ਫ਼ੌਜ ਨੂੰ? ਦੁਰਯੋਧਨ ਨੇ ਵਿਚਾਰ ਕੀਤੀ, "ਭਗਵਾਨ ਨੂੰ ਮੈਂ ਕੀ ਕਰਨਾ ਹੈ! (ਕਿਉਂਕਿ ਨਸ਼ਰਧਕ ਸੀ) ਯੁੱਧ ਵਿਚ ਸ਼ਸਤਰ ਤਾਂ ਇਹਨਾਂ ਕੋਈ ਚਲਾਉਣਾ ਨਹੀਂ, ਇਸ ਲਈ ਕਿਹਾ, 'ਮੈਨੂੰ ਤੁਸੀਂ ਆਪਣਾ ਭਰਾ ਅਤੇ ਹਥਿਆਰਬੰਦ ਫ਼ੌਜ ਦੇ ਦੇਵੋ।' " ਤਾਂ ਕ੍ਰਿਸ਼ਨ ਜੀ ਨੇ ਆਪਣਾ ਭਰਾ ਅਤੇ ਫ਼ੌਜ ਦੇ ਦਿੱਤੀ, ਆਪ ਸ੍ਰੀ ਕ੍ਰਿਸ਼ਨ ਜੀ ਅਰਜਨ ਦੇ ਰਥਵਾਹੀ ਬਣ ਕੇ ਜੰਗ ਦੇ ਮੈਦਾਨ ਵਿਚ ਆ ਗਏ।

ਓਧਰੋਂ ਭੀਸ਼ਮ ਪਿਤਾਮਾ ਨੇ ਪ੍ਰਤੱਗਿਆ ਕਰ ਲਈ ਕਿ ਭਗਵਾਨ ਦੇ ਹੱਥ ਵਿਚ ਇਕ ਵਾਰ ਹਥਿਆਰ ਜ਼ਰੂਰ ਪਕੜਾਉਣਾ ਹੈ। ਭੀਸ਼ਮ ਪਿਤਾਮਾ ਨੇ ਜੰਗ ਵਿਚ ਐਸੇ ਤੀਰ ਚਲਾਏ ਕਿ ਅਰਜਨ ਦੇ ਰਥ ਦਾ ਇਕ ਪਹੀਆ ਉਡਾ ਦਿੱਤਾ। ਕ੍ਰਿਸ਼ਨ ਜੀ ਨੂੰ ਮਾਲੂਮ ਹੋਇਆ ਕਿ ਇਹ ਹੁਣ ਅਰਜਨ ਨੂੰ ਨਹੀਂ ਛੱਡੇਗਾ। ਕ੍ਰਿਸ਼ਨ ਜੀ ਰਥ ਦਾ ਦੂਸਰਾ ਪਹੀਆ ਲੈ ਕੇ

ਚੱਕਰ ਦੀ ਤਰ੍ਹਾਂ ਘੁਮਾਉਣ ਲੱਗ ਪਏ ਤਾਂ ਭੀਸ਼ਮ ਪਿਤਾਮਾ ਨੇ ਕਿਹਾ, "ਬਸ ਭਗਵਾਨ ਜੀ! ਇਤਨੀ ਹੀ ਗੱਲ ਸੀ, ਤੁਹਾਨੂੰ ਹਥਿਆਰ ਫੜਾ ਕੇ ਸਿਰਫ਼ ਤੁਹਾਡੀ ਪ੍ਰਤੱਗਿਆ ਹੀ ਤੋੜਨੀ ਸੀ।" ਤਾਂ ਕ੍ਰਿਸ਼ਨ ਜੀ ਨੇ ਕਿਹਾ, "ਜੇ ਮੈਂ ਹਥਿਆਰ ਨਾ ਫੜ੍ਹਦਾ ਤਾਂ ਤੇਰੀ ਪ੍ਰਤੱਗਿਆ ਟੁੱਟਦੀ ਸੀ। ਇਸ ਵਾਸਤੇ ਮੈਂ ਆਪਣੀ ਪ੍ਰਤੱਗਿਆ ਤਾਂ ਭਾਵੇਂ ਤੋੜ ਲਈ ਹੈ, ਪਰ ਤੇਰੀ ਪੂਰੀ ਕੀਤੀ ਹੈ।"

## ਸਾਖੀ : ਫੰਧਕ ਦੀ

ਇਸੇ ਤਰ੍ਹਾਂ ਇਕ ਫੰਧਕ ਜੰਗਲ ਵਿਚ ਸ਼ਿਕਾਰ ਖੇਡਣ ਗਿਆ ਤਾਂ ਰਸਤੇ ਵਿਚ ਚੰਦ੍ਰਕ ਮੁਨੀ ਦੇ ਦਰਸ਼ਨ ਕੀਤੇ। ਸੁੱਖਣਾ ਸੁੱਖੀ ਕਿ ਜੇ ਅੱਜ ਚੰਗਾ ਸ਼ਿਕਾਰ ਮਿਲ ਜਾਵੇ ਤਾਂ ਚੌਥਾ ਹਿੱਸਾ ਇਸ ਮੁਨੀ ਦੀ ਭੇਟਾ ਕਰਾਂਗਾ। ਸ਼ਿਕਾਰ ਖੇਡਦਾ ਹੋਇਆ ਅੱਗੇ ਨਾਲੋਂ ਬਹੁਤ ਜ਼ਿਆਦਾ ਜਾਨਵਰ ਮਾਰ ਲਿਆਇਆ। ਕੀਤੀ ਪ੍ਰਤੱਗਿਆ ਅਨੁਸਾਰ ਚੌਥਾ ਹਿੱਸਾ ਦੇਣਾ ਚਾਹਿਆ ਤਾਂ ਮੁਨੀ ਜੀ ਬਹੁਤ ਪਛਤਾਏ ਤੇ ਕਿਹਾ, "ਅਸੀਂ ਤੈਨੂੰ ਜਾਨਵਰ ਮਾਰਨ ਦੀ ਪ੍ਰਤੱਗਿਆ ਕਦ ਕਰਵਾਈ ਸੀ ? ਜਾਹ ! ਅਸੀਂ ਇਹ ਜਾਨਵਰ ਨਹੀਂ ਲੈਣੇ, ਸਾਨੂੰ ਤਾਂ ਚਤੁਰਭੁਜੀ (ਚਾਰ ਬਾਹਾਂ ਵਾਲਾ ਭਾਵ ਵਿਸ਼ਨੂੰ ਜੀ) ਜਾਨਵਰ ਚਾਹੀਦਾ ਹੈ, ਫੜ ਕੇ ਲਿਆ ! ਨਹੀਂ ਤਾਂ ਸਰਾਪ ਦੇ ਦਿਆਂਗੇ। ਬੜਾ ਅਫ਼ਸੋਸ ਕੀਤਾ ਕਿ ਮਹਾਤਮਾ ਗੁੱਸੇ ਹੋ ਗਏ ਹਨ। ਚਤੁਰਭੁਜੀ ਜਾਨਵਰ ਹੀ ਕੋਈ ਨਹੀਂ ਹੁੰਦਾ, ਘਰ ਵਾਲੀ ਨੇ ਬਥੇਰਾ ਸਮਝਾਇਆ ਕਿ ਤੂੰ ਛੱਡ ਇਸ ਗੱਲ ਨੂੰ, ਸਾਧ ਨੇ ਐਵੇਂ ਤੈਨੂੰ ਮਖ਼ੌਲ ਕੀਤਾ ਹੈ। ਪਰ ਨਾ ਮੰਨਿਆ ਕਿਉਂਕਿ ਇਸਦਾ ਵਿਸ਼ਵਾਸ ਸੀ ਕਿ ਸਾਧੂ ਕਦੇ ਝੂਠ ਨਹੀਂ ਬੋਲਦੇ। ਬਹੁਤ ਭੱਜ-ਨੱਠ ਕੀਤੀ, ਪਰ ਚਤੁਰਭੁਜੀ ਜਾਨਵਰ ਜੇ ਕਿਤੇ ਹੋਵੇ ਤਾਂ ਹੀ ਲੱਭੇ !

ਅਖ਼ੀਰ ਚਿਖਾ ਬਣਾ ਕੇ ਸੜਨ ਲੱਗਾ ਤਾਂ ਮਹਾਰਾਜ ਆਪ ਹੀ ਇਕ ਚਤੁਰਭੁਜੀ ਜਾਨਵਰ ਦਾ ਰੂਪ ਧਾਰ ਕੇ ਆ ਗਏ, ਫੰਧਕ ਫੜ੍ਹਨ ਲੱਗਾ, ਪਰ ਫੜ੍ਹਿਆ ਨਾ ਜਾਵੇ, ਬੜਾ ਯਤਨ ਕੀਤਾ। ਜਦੋਂ ਨਿਰਾਸ ਹੋ ਕੇ ਛੁਰਾ ਮਾਰ ਕੇ ਮਰਨ ਲੱਗਾ ਤਾਂ ਮਹਾਰਾਜ ਸਾਹਿਬ ਜੀ ਆਪ ਹੀ ਇਕ ਝਾੜੀ ਵਿਚ ਫਸ ਗਏ। ਇਸਨੇ ਜਾ ਕੇ ਫੜ ਲਿਆ, ਮੋਢਿਆਂ 'ਤੇ ਚੁੱਕ ਕੇ ਲਈ ਆਵੇ ਤਾਂ ਚੰਦ੍ਰਕ ਮੁਨੀ ਨੇ ਪੁੱਛਿਆ, "ਮਹਾਰਾਜ ! ਚਤੁਰਭੁਜੀ ਜਾਨਵਰ ਬਣ ਕੇ ਫੰਧਕ ਦੇ ਹੱਥੀਂ ਆਏ ਹੋ ! ਸਰੀਰ ਵਿਚ ਕੰਡੇ ਵੱਜੇ ਹੋਏ ਹਨ, ਬੜੀ ਤਕਲੀਫ਼ ਉਠਾਈ ਹੈ।" ਤਾਂ ਮਹਾਰਾਜ ਸਾਹਿਬ ਜੀ ਨੇ ਕਿਹਾ, "ਇਸਦੀ ਪ੍ਰਤੱਗਿਆ ਪੂਰੀ ਕੀਤੀ ਹੈ, ਨਹੀਂ ਤਾਂ ਇਹ ਮਰਨ ਲੱਗਾ ਸੀ।"

## ਸਾਖੀ : ਦਸਮ ਪਿਤਾ ਨੂੰ ਤਨਖ਼ਾਹ ਲਾਉਣ ਦੀ

ਦਸਮ ਪਾਤਸ਼ਾਹ ਜੀ ਜਦੋਂ ਦਾਦੂ ਦੁਆਰੇ ਗਏ ਤਾਂ ਦਾਦੂ ਦੀ ਕਬਰ ਵੱਲ ਮੁਖ ਕਰਕੇ ਨਮਸਕਾਰ ਕੀਤੀ। ਅਸਲ ਵਿਚ ਹਜ਼ੂਰ ਸ੍ਰੀ ਸੁਖਮਨੀ ਸਾਹਿਬ ਜੀ ਦਾ ਗੁਪਤ ਪਾਠ ਕਰ ਰਹੇ ਸਨ। ਜਦੋਂ ਇਸ ਪਵਿੱਤਰ ਬਾਣੀ ਦਾ ਭੋਗ ਪਿਆ ਤਾਂ ਨਮਸਕਾਰ ਕੀਤੀ ਸੀ। ਸਿੰਘਾਂ ਨੇ ਸਮਝਿਆ ਕਿ ਕਬਰ ਨੂੰ ਸੀਸ ਨਿਵਾਇਆ ਹੈ, ਅਤੇ ਸਾਨੂੰ ਇਹ ਪ੍ਰਤੱਗਿਆ ਕਰਵਾਈ ਹੈ :—

*'ਜਾਗਤ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥'*

[ਦਸਮ, ਅੰਗ—੭੧੨]

ਕਿਹਾ, "ਹਜ਼ੂਰ! ਤੁਸੀਂ ਕਬਰ ਨੂੰ ਕਿਉਂ ਸੀਸ ਨਿਵਾਇਆ ਹੈ ? ਤੁਸੀਂ ਤਨਖ਼ਾਹੀਏ ਹੋ।" ਤਾਂ ਹਜ਼ੂਰ ਨੇ ਕਿਹਾ, "ਲਾਓ ਤਨਖ਼ਾਹ।" ਇਕ ਸਿੰਘ ਨੇ ਸਭ ਤੋਂ ਪਹਿਲਾਂ ਪੰਝੀ ਹਜ਼ਾਰ ਕਿਹਾ, ਦੂਜੇ ਨੇ ਇਸ ਤੋਂ ਜ਼ਿਆਦਾ। ਪਰ ਫਿਰ ਵਿਚਾਰ ਕੀਤੀ ਕਿ ਸਤਿਗੁਰੂ ਜੀ ਤਾਂ ਸਮਰਥ ਹਨ, ਦੇ ਦੇਣਗੇ। ਜੇ ਕਿਤੇ ਆਪਾਂ ਕੋਲੋਂ ਕੋਈ ਗ਼ਲਤੀ ਹੋ ਗਈ ਤਾਂ ਇਤਨੀ ਕਿਥੋਂ ਦਿਆ ਕਰਾਂਗੇ। ਸੋ, ਫਿਰ ਪੰਝੀ ਰੁਪਏ ਹੀ ਲਾਏ, ਪਰ ਹਜ਼ੂਰ ਨੇ ਕਿਹਾ, "ਪਹਿਲਾਂ ਜੋ ਸਿੰਘ ਨੇ ਪੰਝੀ ਹਜ਼ਾਰ ਕਹੇ ਹਨ, ਉਤਨੇ ਹੀ ਦੇਵਾਂਗੇ, ਘੱਟ ਨਹੀਂ।" ਸੋ, ਪੰਝੀ ਹਜ਼ਾਰ ਦਾ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਖੁੱਲ੍ਹਾ ਵਰਤਾਇਆ।

ਤਾਂ ਸਤਿਗੁਰਾਂ ਕਿਹਾ, "ਖ਼ਾਲਸਾ ਜੀ! ਅਸੀਂ ਏਹੀ ਵੇਖਣਾ ਸੀ ਕਿ 'ਖ਼ਾਲਸਾ' ਕਿੰਨਾ ਕੁ ਮਰਿਆਦਾ ਵਿਚ ਪੱਕਾ ਹੈ। ਇਸ ਵਾਸਤੇ ਇਹ ਕੌਤਕ ਕੀਤਾ ਹੈ। ਹੁਣ ਤੁਹਾਡੇ ਵਿਚੋਂ ਭਾਵੇਂ ਕੋਈ ਕਿੱਡਾ ਵੀ ਵੱਡਾ ਕਿਉਂ ਨਾ ਹੋਵੇ, ਜੋੜਿਆਂ ਵਿਚ ਹੱਥ ਜੋੜ ਖਲੋ ਗ਼ਲਤੀ ਮੰਨ ਕੇ, ਹੁਕਮ ਕਮਾ ਕੇ ਨਿਹਾਲ ਹੋਇਆ ਕਰੇਗਾ।"

## ਸਾਖੀ : ਆਵਾ ਕੱਚਾ ਰਹੇਗਾ!

ਪੰਜਵੇਂ ਪਾਤਸ਼ਾਹ ਜੀ ਦਾ ਇਕ ਸਿੱਖ ਭਾਈ ਬੁੱਧੂ ਲਾਹੌਰ ਵਿ: ਰਿਹਾ ਕਰਦਾ ਸੀ। ਇਕ ਦਿਨ ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਅੰਮ੍ਰਿਤਸਰ ਸਾਹਿਬ ਆਇਆ। ਨਮਸਕਾਰ ਕਰਕੇ ਬੇਨਤੀ ਕੀਤੀ, "ਮਹਾਰਾਜ ਜੀ! ਬਹੁਤ ਕਰਜ਼ਾ ਲੈ ਕੇ ਆਵਾ ਤਿਆਰ ਕੀਤਾ ਹੈ, ਆਪ ਕਿਰਪਾ ਕਰੋ ਆਵਾ ਪੱਕਾ ਨਿਕਲੇ।" ਹਜ਼ੂਰ ਨੇ ਕਿਹਾ, "ਭਾਈ! ਜਾ ਕੇ ਗੁਰੂ ਕੀਆਂ ਸੰਗਤਾਂ ਨੂੰ ਲੰਗਰ ਛਕਾਵੀਂ ਕਾਰਜ ਰਾਸ ਹੋਵੇਗਾ।" ਘਰ ਆ ਕੇ ਭਾਈ ਬੁੱਧੂ

ਨੇ ਸੁੰਦਰ ਲੰਗਰ ਤਿਆਰ ਕਰਵਾਇਆ ਅਤੇ ਬਹੁਤ ਸਾਰੀਆਂ ਸੰਗਤਾਂ ਨੂੰ ਬੁਲਾਇਆ। ਜਦੋਂ ਸਾਰੀਆਂ ਸੰਗਤਾਂ ਲੰਗਰ ਛਕ ਰਹੀਆਂ ਸਨ ਤਾਂ ਇਕ ਗੁਰੂ ਕਾ ਪ੍ਰੇਮੀ, ਨਾਮ ਬਾਣੀ ਦਾ ਅਭਿਆਸੀ ਸਿੱਖ 'ਭਾਈ ਕਮਲੀਆ ਜੀ' ਜੋ ਹਰ ਰੋਜ਼ ਸ੍ਰੀ ਜਪੁਜੀ ਸਾਹਿਬ ਦੇ ੨੧ ਪਾਠ ਕਰਿਆ ਕਰਦਾ ਸੀ, ਭਾਈ ਬੁੱਢੂ ਜੀ ਦੇ ਘਰ ਆਇਆ ਇਹ ਸੋਚ ਕੇ ਕਿ ਚਲੋ! ਗੁਰੂ ਕੀਆਂ ਸੰਗਤਾਂ ਦੇ ਦਰਸ਼ਨ ਕਰਾਂਗੇ ਅਤੇ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਵੀ ਛਕ ਲਵਾਂਗੇ।

ਇਸਨੇ ਆਪਣਾ ਇਹ ਨਿਯਮ ਰੱਖਿਆ ਹੋਇਆ ਸੀ ਕਿ ਜਿਹੜਾ ਹਰ ਰੋਜ਼ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰੇ, ਉਸ ਹੱਥੋਂ ਪ੍ਰਸ਼ਾਦਾ ਛਕਣਾ ਹੈ, ਜਾਂ ਗੁਰੂ ਕੇ ਨਮਿਤ ਜੋ ਲੰਗਰ ਚੱਲਦਾ ਹੋਵੇ ਉਸ ਵਿਚੋਂ। ਇਸ ਤਰ੍ਹਾਂ ਕਈਆਂ ਬੀਬੀਆਂ ਨੇ ਨਿਤਨੇਮ ਨਾਲ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਗੁਰੂ ਕੇ ਪ੍ਰੇਮੀ ਸਿੱਖ ਨੂੰ ਪ੍ਰਸ਼ਾਦਾ ਛਕਾਵਾਂਗੀਆਂ। ਇਹ ਭਾਈ ਕਮਲੀਆ ਲਿਵ ਵਾਲਾ ਸਿੱਖ ਸੀ, ਜਿਸ ਨੂੰ ਭਾਈ ਪਟੋਲੀਆ ਤੇ ਭਾਈ ਲਖੀਆ ਵੀ ਕਹਿੰਦੇ ਸਨ।

ਜਦ ਭਾਈ ਕਮਲੀਆ ਜੀ ਦਰਵਾਜ਼ੇ ਤੋਂ ਅੰਦਰ ਜਾਣ ਲੱਗਾ ਤਾਂ ਉਥੇ ਹੀ ਰੋਕ ਲਿਆ। ਕਿਹਾ, "ਅੰਦਰ ਸੰਗਤਾਂ ਪ੍ਰਸ਼ਾਦਾ ਛਕ ਰਹੀਆਂ ਹਨ, ਜਿਤਨਾ ਚਿਰ ਸੰਗਤਾਂ ਪ੍ਰਸ਼ਾਦਾ ਨਾ ਛਕ ਲੈਣ, ਉਤਨਾ ਚਿਰ ਹੋਰ ਕਿਸੇ ਨੂੰ ਅੰਦਰ ਨਹੀਂ ਜਾਣ ਦੇਣਾ।" ਜਦੋਂ ਸੰਗਤਾਂ ਨੇ ਪ੍ਰਸ਼ਾਦਾ ਛਕ ਲਿਆ ਤਾਂ ਅੰਦਰ ਅਰਦਾਸ ਹੋਈ, "ਹੇ ਸੱਚੇ ਪਾਤਸ਼ਾਹ ਜੀ! ਭਾਈ ਬੁੱਢੂ ਨੇ ਆਪ ਜੀ ਦੀਆਂ ਸੰਗਤਾਂ ਨੂੰ ਲੰਗਰ ਛਕਾਉਣ ਦੀ ਸੇਵਾ ਕੀਤੀ ਹੈ, ਇਸਦਾ ਆਵਾ ਪੱਕਾ ਰਹੇ।" ਪਰ ਬਾਹਰ ਬੂਹੇ ਵਿਚ ਬੈਠੇ ਭਾਈ ਕਮਲੀਆ ਜੀ ਨੇ ਕਿਹਾ, "ਆਵਾ ਪਿੱਲਾ ਰਹੇ।" ਇਸ ਤਰ੍ਹਾਂ ਬਚਨ ਕਰਕੇ ਚਲਿਆ ਗਿਆ। ਭਾਵੇਂ ਫਿਰ ਭਾਈ ਬੁੱਢੂ ਨੇ ਬੜਾ ਲੱਭਿਆ, ਪਰ ਭਾਈ ਕਮਲੀਆ ਨਾ ਮਿਲਿਆ।

ਜਦੋਂ ਬਾਅਦ ਵਿਚ ਨਮੂਨੇ ਮਾਤਰ ਆਵੇ ਵਿਚੋਂ ਕੁਝ ਇੱਟਾਂ ਕੱਢ ਕੇ ਵੇਖੀਆਂ ਤਾਂ ਪਿੱਲੀਆਂ ਨਿਕਲੀਆਂ। ਫਿਰ ਹਜ਼ੂਰ ਦੇ ਚਰਨਾਂ ਵਿਚ ਪਹੁੰਚ ਕੇ ਬੇਨਤੀ ਕੀਤੀ, "ਜੀ! ਆਪ ਨੇ ਬਚਨ ਕੀਤਾ ਸੀ ਸੰਗਤ ਨੂੰ ਭੋਜਨ ਛਕਾਵੀਂ ਆਵਾ ਪੱਕ ਜਾਵੇਗਾ, ਮੈਂ ਆਪ ਜੀ ਦਾ ਬਚਨ ਮੰਨ ਕੇ ਸੰਗਤ ਨੂੰ ਭੋਜਨ ਵੀ ਛਕਾਇਆ, ਪਰ ਆਵਾ ਫਿਰ ਵੀ ਪਿੱਲਾ ਰਹਿ ਗਿਆ ਹੈ, ਮੈਂ ਤਾਂ ਕਰਜਾ ਮੋੜਦਾ ਹੀ ਮਰ ਜਾਵਾਂਗਾ।" ਤਾਂ ਹਜ਼ੂਰ ਨੇ ਕਿਹਾ, "ਕੋਈ ਨਿਰਾਸਾ ਤਾਂ ਨਹੀਂ ਸੀ ਮੁੜਿਆ ? ਸਾਰੀਆਂ ਸੰਗਤਾਂ ਪ੍ਰਸੰਨ ਕੀਤੀਆਂ ਸਨ ?" ਭਾਈ ਬੁੱਢੂ ਜੀ ਨੇ ਕਿਹਾ, "ਹੋਰ ਤਾਂ ਸਾਰੀਆਂ ਸੰਗਤਾਂ ਪ੍ਰਸੰਨ ਹੋ ਗਈਆਂ ਸਨ, ਪਰ ਇਕ ਸਿੱਖ ਲੇਟ ਆਉਣ ਕਰਕੇ ਅੰਦਰ ਨਹੀਂ ਆਉਣ ਦਿੱਤਾ ਸੀ, ਮੈਂ ਕਿਹਾ ਪਹਿਲਾਂ ਕਿਉਂ ਨਹੀਂ ਆਇਆ ? ਤਾਂ ਮਹਾਰਾਜ ਜੀ! ਉਹ ਸਿੱਖ ਇਹ ਕਹਿ ਕੇ ਵਾਪਸ ਚਲਾ ਗਿਆ, 'ਆਵਾ ਪਿੱਲਾ

ਰਹੇਗਾ।' " ਹਜ਼ੂਰ ਨੇ ਕਿਹਾ, "ਭਾਈ! ਆਵਾ ਤਾਂ ਤੇਰਾ ਹੁਣ ਪਿੱਲਾ ਹੀ ਰਹੇਗਾ ਕਿਉਂਕਿ ਅਸੀਂ ਸਿੱਖ ਦੇ ਬਚਨ ਨੂੰ ਨਹੀਂ ਮੋੜ ਸਕਦੇ, ਪਰ ਵਿਕਣਗੀਆਂ ਪੱਕੀਆਂ ਇੱਟਾਂ ਦੇ ਭਾਅ ਹੀ।" ਸੋ, ਬਰਸਾਤ ਹੋਣ ਕਰਕੇ ਰਾਜੇ ਨੇ ਜਿਸਦਾ ਕਿਲਾ ਬਣ ਰਿਹਾ ਸੀ, ਪੱਕੀਆਂ ਦੇ ਭਾਅ ਸਾਰੀਆਂ ਇੱਟਾਂ ਖ਼ਰੀਦ ਲਈਆਂ। ਸਾਰਾ ਕਰਜਾ ਵੀ ਲੱਥ ਗਿਆ ਅਤੇ ਲਾਭ ਵੀ ਬੜਾ ਪ੍ਰਾਪਤ ਹੋਇਆ।

ਇਸ ਤਰ੍ਹਾਂ ਮਹਾਰਾਜ ਸਾਹਿਬ ਆਪਣੇ ਬਚਨ ਨੂੰ ਪੂਰਾ ਕਰਨ ਦੀ ਪ੍ਰਤੱਗਿਆ ਤਾਂ ਤੋੜ ਲੈਂਦੇ ਹਨ ਪਰ ਸਿੱਖ ਦੀ ਪ੍ਰਤੱਗਿਆ ਪੂਰੀ ਕਰਦੇ ਹਨ।

ਸੋ, ਹੇ ਵਾਹਿਗੁਰੂ ਜੀ! ਅਸੀਂ ਪ੍ਰੇਮ ਰੂਪ ਰੱਸੀ ਨਾਲ ਤੁਹਾਨੂੰ ਬੰਨ੍ਹ ਲਿਆ ਹੈ।

**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥**

ਹੇ ਅਕਾਲ ਪੁਰਖ ਅੰਤਰਜਾਮੀ ਜੀ! ਅਸੀਂ ਤਾਂ ਜੋ ਤੁਸਾਂ ਸਾਡੇ ਕਰਮਾਂ ਅਨੁਸਾਰ ਮੋਹ ਦੀ ਫਾਹੀ ਪਾਈ ਸੀ, ਉਸ ਤੋਂ ਤੁਹਾਡਾ ਸਿਮਰਨ, ਸੇਵਾ, ਬੇਨਤੀਆਂ ਕਰਕੇ ਛੁੱਟ ਗਏ ਹਾਂ। ਹੁਣ ਤੁਸੀਂ ਆਪ ਛੁੱਟਣ ਵਾਸਤੇ ਯਤਨ ਕਰੋ ਜੀ! ਕਿਹੜੇ ਰੱਬ ਦਾ ਸਿਮਰਨ-ਭਜਨ ਕਰਕੇ ਛੁੱਟੋਗੇ?

**ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥੧॥ਰਹਾਉ॥**

ਹੇ **ਮਾਧਵੇ** = ਮਾਇਆ ਪਤੀ ਪ੍ਰਮਾਤਮਾ! ਜੈਸੀ ਪ੍ਰੀਤ ਮੇਰੇ ਹਿਰਦੇ ਵਿਚ ਹੈ, ਆਪ ਜੀ ਤੈਸੀ ਜਾਣਦੇ ਹੀ ਹੋ, ਹੁਣ ਆਪ ਐਸੀ ਕੀ ਵਾਰਤਾ ਕਰੋਗੇ? ਭਾਵ, ਇਸ ਪ੍ਰੀਤੀ ਨੂੰ ਤੋੜ ਦਿਓਗੇ? ਅਰਥਾਤ ਨਹੀਂ ਤੋੜੋਗੇ। ਭਗਵਾਨ ਨੇ ਕਿਹਾ, "ਹੇ ਰਵਿਦਾਸ! ਮੇਰੇ ਨਾਲ ਤੇਰਾ ਕਿਤਨਾ ਕੁ ਪ੍ਰੇਮ ਹੈ?" ਤਾਂ ਭਗਤ ਜੀ ਦੱਸਦੇ ਹਨ:—

**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥**
**ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥**

**ਮੀਨੁ ਪਕਰਿ ਫਾਂਕਿਓ** = ਜਿਵੇਂ ਫੰਧਕ ਮੱਛੀ ਨੂੰ ਪਾਣੀ ਵਿਚੋਂ ਫੜ ਕੇ **ਫਾਂਕਿਓ** = ਫਾੜੀਆਂ ਕਰ ਦਿੰਦੇ ਹਨ।

**ਅਰੁ ਕਾਟਿਓ** = ਫਿਰ ਕੱਟ-ਕੱਟ ਕੇ ਉਸਦੇ ਛੋਟੇ-ਛੋਟੇ ਟੁਕੜੇ ਕਰਦੇ ਹਨ।

**ਰਾਂਧਿ ਕੀਓ ਬਹੁ ਬਾਨੀ** = ਵੰਨੀਆਂ-ਵੰਨੀਆਂ ਦੀ ਖੱਟੀ-ਮਿੱਠੀ, ਤਰੀ ਵਾਲੀ, ਸੁੱਕੀ, ਨਾਨ੍ਹਾ ਕਿਸਮ ਦੀ ਰਿੰਨ੍ਹੀ ਜਾਂਦੀ ਹੈ।

**ਖੰਡ ਖੰਡ ਕਰਿ ਭੋਜਨੁ ਕੀਨੋ** = ਖਾਣਾ ਬਣਾ ਕੇ ਫਿਰ ਦੰਦਾਂ ਹੇਠ ਚਿੱਥ-ਚਿੱਥ ਕੇ ਚੰਗੀ ਤਰ੍ਹਾਂ ਖਾਧੀ ਜਾਂਦੀ ਹੈ।

**ਤਊ ਨ ਬਿਸਰਿਓ ਪਾਨੀ** = ਤਾਂ ਵੀ ਮੱਛੀ ਨੂੰ ਪਾਣੀ ਨਾ ਭੁੱਲਿਆ, ਕਿਉਂਕਿ ਮੱਛੀ ਦੀ ਤਸੀਰ ਬਹੁਤ ਗਰਮ ਹੁੰਦੀ ਹੈ, ਖਾਣ ਵਾਲੇ ਨੂੰ ਇਤਨੀ ਪਿਆਸ ਲੱਗਦੀ ਹੈ ਕਿ ਉਹ ਸੁੱਤਾ ਪਿਆ ਸਰਦੀਆਂ ਦੇ ਦਿਨਾਂ ਵਿਚ ਵੀ ਬਰੜਾ-ਬਰੜਾ ਕੇ ਪਾਣੀ ਮੰਗਦਾ ਹੈ, ਭਾਵ ਮਛਲੀ ਮਰ ਕੇ ਵੀ ਪਾਣੀ ਦਾ ਪ੍ਰੇਮ ਨਹੀਂ ਛੱਡਦੀ। ਮੇਰੀ ਪ੍ਰੀਤੀ ਵੀ ਆਪ ਜੀ ਨਾਲ ਮੱਛੀ ਦੀ ਨਿਆਈਂ ਅਤਿਅੰਤ ਹੈ। ਜਥਾ :—

੧. *'ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥*
*ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥'*

[ਆਸਾ ਸ੍ਰੀ ਰਵਿਦਾਸ ਜੀ, ਅੰਗ—੪੮੬]

੨. *'ਮੂ ਲਾਲਨ ਸਿਉ ਪ੍ਰੀਤਿ ਬਨੀ ॥ਰਹਾਉ॥*
*ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥੧॥'*

[ਬਿਲਾਵਲੁ ਮਹਲਾ ੫, ਅੰਗ—੮੨੭]

**ਫਾਕਿਓ** = ਜਿਵੇਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਦੋ ਫਾੜ ਕੀਤਾ ਸੀ। ਸ੍ਰੀ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਲਿਆ। ਜਦ 'ਪੰਚ ਪਰਵਾਣ' ਵਾਲੀ ਪਉੜੀ ਤੱਕ ਪਾਠ ਆਇਆ ਤਾਂ ਸਰੀਰ ਦੇ ਦੋ ਫਾੜੇ ਹੋ ਗਏ, ਦੋਵੇਂ ਫਾੜਿਆਂ ਵਿਚੋਂ ਜਿਸ ਤਰ੍ਹਾਂ ਦੋ ਗ੍ਰੰਥੀ ਸਿੰਘ ਮਿਲ ਕੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਉਂਦੇ ਹਨ, ਇਸ ਤਰ੍ਹਾਂ ਜਪੁਜੀ ਸਾਹਿਬ ਦਾ ਭੋਗ ਪਾ ਕੇ ਫਿਰ ਸਚਖੰਡ ਨੂੰ ਗਏ ਸਨ।

**ਅਰੁ ਕਾਟਿਓ** = ਜਿਵੇਂ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟਿਆ ਗਿਆ ਸੀ। ਸ੍ਰੀ ਸੁਖਮਨੀ ਸਾਹਿਬ ਦੀ ਅੱਠਵੀਂ ਅਸਟਪਦੀ :—

*'ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥'* [ਅੰਗ—੨੭੪]

ਤੱਕ ਪਾਠ ਆਇਆ ਤਾਂ ਬੰਦ-ਬੰਦ ਕੱਟਿਆ ਗਿਆ। ਪਰ ਕੱਟੇ ਹੋਏ ਬੰਦ-ਬੰਦ ਵਿਚੋਂ ਇਕ ਰਸ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਅਵਾਜ਼ ਸੁਣਾਈ ਦਿੰਦੀ ਰਹੀ। ਸਾਰਾ ਪਾਠ ਸੰਪੂਰਨ ਕਰ ਕੇ ਫਿਰ ਆਪਣਾ ਸਰੀਰ ਸ਼ਾਂਤ ਕੀਤਾ ਸੀ।*

---

* ਡਾ. ਜਸਬੀਰ ਸਿੰਘ ਅਨੁਸਾਰ ਭਾਈ ਮਨੀ ਸਿੰਘ ਜੀ ਦਾ ਜਨਮ ੧੭੦੧ ਬਿਕ੍ਰਮੀ ਦਿਨ ਐਤਵਾਰ ਚੇਤਰ ਸੁਦੀ ਬਾਰ੍ਹਵੀਂ ਨੂੰ, ਪਿਤਾ ਮਾਈ ਦਾਸ ਦੇ ਘਰ ਹੋਇਆ ਅਤੇ ੧੭੯੧ ਬਿਕ੍ਰਮੀ ਹਾੜ ਸੁਦੀ ਪੰਜਵੀਂ ਨੂੰ ਨਿਖਾਸ ਚੌਂਕ ਵਿਚ ਸੂਬਾ ਜ਼ਕਰੀਆ ਖ਼ਾਨ ਨੇ ਬੰਦ-ਬੰਦ ਕਟਵਾ ਕੇ ਸ਼ਹੀਦ ਕਰਵਾਇਆ।

**ਰਾਂਧਿ ਕੀਓ ਬਹੁ ਬਾਨੀ** = ਜਿਵੇਂ ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਸੀ, ਪਰ ਸੁਖਮਨੀ ਸਾਹਿਬ ਇਕ ਰਸ ਪੜ੍ਹੀ ਗਏ ਸਨ।

**ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ** = ਭਾਵੇਂ ਜ਼ਰਾ-ਜ਼ਰਾ ਕੱਟ ਕੇ ਭੋਜਨ ਤਿਆਰ ਕੀਤਾ ਜਾਵੇ ਤਾਂ ਵੀ ਪ੍ਰਮੇਸ਼ਰ ਰੂਪ ਜਲ ਨੂੰ ਪ੍ਰੇਮੀ ਰੂਪ ਪਪੀਹਾ ਤਰਸਦਾ ਹੀ ਰਹਿੰਦਾ ਹੈ, ਭਾਵ ਸਿਮਰਨ-ਭਜਨ ਨਹੀਂ ਛੱਡਦਾ। ਜਿਵੇਂ ਭਾਈ ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ ਚਰਖੜੀ ਤੇ ਤੂੰਬਾ-ਤੂੰਬਾ ਹੋ ਕੇ ਉੱਡ ਗਏ, ਪਰ ਪ੍ਰਮਾਤਮਾ ਨੂੰ ਨਹੀਂ ਭੁਲਾਇਆ।

ਸੋ, ਭਗਤ ਰਵਿਦਾਸ ਜੀ ਮਹਾਰਾਜ ਸਾਹਿਬ ਨੂੰ ਕਹਿ ਰਹੇ ਹਨ, "ਮੈਂ ਮਰ ਕੇ ਵੀ ਮੱਛੀ ਵਾਂਗ ਤੁਹਾਨੂੰ ਨਹੀਂ ਭੁਲਾਵਾਂਗਾ।" ਭਗਵਾਨ ਨੇ ਕਿਹਾ, "ਹੇ ਰਵਿਦਾਸ! ਮੈਂ ਤਾਂ ਨੀਚ ਜਾਤੀ ਵਾਲੇ ਨੂੰ ਨਹੀਂ ਮਿਲਦਾ।" ਭਗਤ ਜੀ ਕਹਿੰਦੇ ਹਨ :—

### ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥

ਹੇ ਅਕਾਲ ਪੁਰਖ ਅੰਤਰਜਾਮੀ ਜੀ! ਤੁਸੀਂ ਕਿਸੇ ਦੇ ਆਪਣੇ ਬਾਪ ਦੇ ਬੱਧੇ ਹੋਏ ਨਹੀਂ ਹੋ, ਭਾਵ ਮੁੱਲ ਖ਼ਰੀਦੇ ਹੋਏ ਨਹੀਂ ਹੋ, ਅਰਥਾਤ ਜੱਦੀ ਜਾਇਦਾਦ ਨਹੀਂ ਹੋ ਕਿ ਤੁਹਾਨੂੰ ਜੋ ਮਰਜ਼ੀ ਹੋਵੇ ਕਰ ਲਵੇ। ਹੇ **ਰਾਜਾ** = ਪ੍ਰਕਾਸ਼ ਸਰੂਪ ਹਰੀ! ਤੁਸੀਂ ਤਾਂ **ਭਾਵਨ** = ਸ਼ਰਧਾ ਵਾਲਿਆਂ ਦੇ ਹੋ। ਜੋ ਆਪ ਜੀ ਨਾਲ ਸ਼ਰਧਾ ਤੇ ਪ੍ਰੇਮ ਕਰਦਾ ਹੈ, ਸੋ ਆਪ ਜੀ ਨੂੰ ਪ੍ਰਾਪਤ ਕਰ ਲੈਂਦਾ ਹੈ। ਯਥਾ :—

*'ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥'*
[ਦਸਮ, ਅੰਗ—੧੪]

### ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥

ਮੋਹ ਰੂਪ **ਪਟਲ** = ਪੜਦਾ ਸਾਰੇ ਸੰਸਾਰ ਵਿਚ ਵਿਆਪ ਰਿਹਾ ਹੈ, ਪਰ ਭਗਤ ਮੋਹ ਤੋਂ ਰਹਿਤ ਹਨ, ਇਸ ਕਰਕੇ ਭਗਤਾਂ ਨੂੰ **ਸੰ** = ਭਲੀ ਪ੍ਰਕਾਰ ਕੋਈ **ਤਾਪਾ** = ਦੁਖ ਨਹੀਂ ਹੁੰਦਾ ॥੩॥

ਹੋਰ ਤਾਂ ਸਾਰੀ ਸ੍ਰਿਸ਼ਟੀ ਮੋਹ ਵਿਚ ਫਸੀ ਹੋਈ ਹੈ। ਮਾਂ, ਪਿਉ ਦਾ ਮੋਹ, ਧੀਆਂ, ਪੁੱਤਰਾਂ, ਇਸਤ੍ਰੀ ਦਾ ਮੋਹ, ਸਬੰਧੀਆਂ ਦਾ ਮੋਹ, ਘਰ ਦਾ ਮੋਹ, ਪਦਾਰਥਾਂ ਦਾ ਮੋਹ, ਦੇਹ ਦਾ ਮੋਹ। ਪਰ ਧੰਨ ਹਨ ਆਪ ਜੀ ਦੇ ਭਗਤ, ਜਿਨ੍ਹਾਂ ਦਾ ਮਨ ਮੋਹ ਦੀ ਤਪਸ਼ ਨਾਲ ਕਦੇ ਵੀ ਨਹੀਂ ਤਪਦਾ, ਹਮੇਸ਼ਾ ਇਕ ਰਸ ਆਪ ਜੀ ਵਿਚ ਲੀਨ ਰਹਿੰਦੇ ਹਨ। ਯਥਾ :—

੧. *'ਪਉੜੀ ॥ ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥੧੨॥'*
[ਜੈਤਸਰੀ ਦੀ ਵਾਰ ਮਹਲਾ ੫, ਅੰਗ–੭੦੮]

੨. *'ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ ॥੪॥'*
[ਭਾਈ ਗੁਰਦਾਸ ਜੀ, ਵਾਰ-੨੭]

**ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥**
**ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥**

ਭਗਤ ਰਵਿਦਾਸ ਜੀ ਕਥਨ ਕਰਦੇ ਹਨ, "ਹੇ ਵਾਹਿਗੁਰੂ! ਮੇਰੇ ਚਿੱਤ ਵਿਚ ਇਕ ਆਪ ਜੀ ਦੀ ਭਗਤੀ **ਬਾਢੀ** = ਵਧ ਰਹੀ ਹੈ, ਭਗਤੀ ਕਰਕੇ ਜੋ ਸੁਖ ਹੋਇਆ ਹੈ, ਉਹ ਕਿਸਨੂੰ ਦੱਸੀਏ!

ਜਿਸ ਮੋਹ ਦੀ ਫਾਸ ਵਿਚੋਂ ਨਿਕਲਨ ਵਾਸਤੇ ਮੈਂ ਤੁਹਾਨੂੰ ਅਰਾਧ ਕੇ ਸਾਖਿਆਤਕਾਰ ਕੀਤਾ ਹੈ, ਕੀ ਅਜੇ ਵੀ ਉਹ ਦੁਖ ਸਹਾਰਾਂਗੇ? ਭਾਵ ਨਹੀਂ ਸਹਾਰਾਂਗੇ। ਤੁਸੀਂ ਕਿਰਪਾ ਕਰਕੇ ਜ਼ਰੂਰ ਰੱਖ ਲਵੋਗੇ। ਕਿਉਂਕਿ ਤੁਸੀਂ ਭਗਤਾਂ ਦੀ ਪ੍ਰਤੱਗਿਆ ਪੂਰੀ ਕਰਦੇ ਹੋ। ਯਥਾ :—

*'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥'*
[ਆਸਾ ਮਹਲਾ ੪, ਅੰਗ–੪੫੧]

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

## ੨੯.

### ਧਨਾਸਰੀ ਮਹਲਾ ੧ ਘਰੁ ੧ ਚਉਪਦੇ
### ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
### ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ [ਅੰਗ—੬੬੦]

**ਉਥਾਨਕਾ** :—ਰਾਵੀ ਦੇ ਕਿਨਾਰੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ, ਸਾਡੇ ਮਾਤਾ ਸੁੱਲਖਣੀ ਜੀ ਨੇ, ਸਤਿਗੁਰਾਂ ਪਾਸ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਪਤੀ ਦੇਵ ਸਤਿਗੁਰੂ ਜੀ! ਜਿਵੇਂ ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਹੋਵੇ, ਕਿਰਪਾ ਕਰਕੇ ਮੈਨੂੰ ਐਸਾ ਉਪਦੇਸ਼ ਬਖ਼ਸ਼ੋ।" ਤਾਂ ਸਤਿਗੁਰਾਂ ਇਹ ਸ਼ਬਦ ਉਚਾਰਨ ਕੀਤਾ। ਅਥਵਾ :—ਜਗਿਆਸੂ ਮਹਾਤਮਾ ਦੇ ਸੰਬਾਦ ਦੁਆਰਾ ਕਥਨ ਕਰਦੇ ਹਨ :—

**ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥**

ਹੇ ਸਤਿਗੁਰੂ ਜੀਉ! ਅਸਾਡਾ ਆਪਣਾ ਜੀਵ-ਆਤਮਾ ਡਰਦਾ ਹੈ। ਯਥਾ :—

*'ਥਰਹਰ ਕੰਪੈ ਬਾਲਾ ਜੀਉ॥ ਨਾ ਜਾਨਉ ਕਿਆ ਕਰਸੀ ਪੀਉ॥੧॥'*

[ਸੂਹੀ ਸ੍ਰੀ ਕਬੀਰ ਜੀ, ਅੰਗ—੭੯੨]

ਅਥਵਾ :—ਜਗਿਆਸੂ ਬੇਨਤੀ ਕਰਦਾ ਹੈ, ਹੇ ਸਤਿਗੁਰੂ ਜੀ! ਮੇਰਾ ਆਪਣਾ **ਜੀਉ** = ਦਿਲ ਡਰਦਾ ਪਿਆ ਹੈ, ਆਪ ਜੀ ਤੋਂ ਬਿਨਾਂ ਮੈਂ ਕਿਸਦੇ ਅੱਗੇ ਪੁਕਾਰ ਕਰਾਂ?

ਇਸ ਤਰ੍ਹਾਂ ਸੁਣ ਕੇ ਸਤਿਗੁਰੂ ਜੀ ਜਗਿਆਸੂ ਨੂੰ ਉਪਦੇਸ਼ ਦੇ ਰਹੇ ਹਨ :—

**ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥**

ਦੁਖਾਂ ਦੇ **ਵਿਸਾਰਣੁ** = ਦੂਰ ਕਰਨ ਵਾਲੇ ਪ੍ਰਭੂ ਨੂੰ ਸੇਵਿਆ ਕਰ, ਜੋ ਸਦਾ-ਸਦਾ, ਭਾਵ ਹਮੇਸ਼ਾ ਹੀ ਸਾਰਿਆਂ ਜੀਵਾਂ ਦਾ ਦਾਤਾ ਹੈ। ਯਥਾ :—

*'ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥*
*ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥'**

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੭]

---

* ਇਤਿਆਦਿਕ ਸਾਰੇ ਪ੍ਰਮਾਣ ਇਸ ਪੋਥੀ ਦੇ ਪਹਿਲੇ ਭਾਗ ਵਿਚ ੩੪੨ ਪੰਨੇ ਤੋਂ ਪੜ੍ਹੋ ਜੀ।

**ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ਰਹਾਉ॥**

ਮੇਰਾ ਮਾਲਕ ਪ੍ਰਭੂ ਨਿਤਾਪ੍ਰਤੀ **ਨਵਾ** = ਨਵੀਨ ਹੈ, ਸਦਾ ਨਿੱਤ ਰੂਪ ਹੈ ਅਤੇ ਸਦਾ ਹੀ ਸਾਰਿਆਂ ਜੀਵਾਂ ਦਾ ਦਾਤਾ ਹੈ।੧॥ਰਹਾਉ॥

**ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥**

ਰਾਤ-ਦਿਨ ਉਸ ਮਾਲਕ ਪ੍ਰਭੂ ਨੂੰ ਸੇਵਨਾ ਕਰ, ਓਹੀ ਅੰਤ ਨੂੰ ਛੁਡਾਉਣ ਵਾਲਾ ਹੈ।

**ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥**

ਹੇ ਮੇਰੀ ਪਿਆਰੀ ਜਗਿਆਸੂ ਰੂਪ **ਕਾਮਣੀ** = ਇਸਤ੍ਰੀ ! ਤੂੰ **ਸੁਣਿ** = ਕੰਨਾਂ ਦੁਆਰੇ ਨਾਮ ਨੂੰ ਸੁਣ। ਅਥਵਾ :—ਮੇਰੀ ਬੇਨਤੀ ਸੁਣ ਕੇ ਪ੍ਰਭੂ ਦੇ ਜਸ ਨੂੰ ਸੁਣ, ਤਦ ਤੇਰਾ ਸੰਸਾਰ ਤੋਂ ਪਾਰ-ਉਤਾਰਾ ਹੋਵੇਗਾ ॥੨॥

**ਦਇਆਲ ਤੇਰੈ ਨਾਮਿ ਤਰਾ ॥ ਸਦ ਕੁਰਬਾਣੈ ਜਾਉ ॥੧॥ਰਹਾਉ॥**

ਤਿਸ ਦਿਆਲੂ ਦੇ ਨਾਮ ਵਿਚ ਚਿੱਤ ਲਗਾਉਣ ਕਰਕੇ ਤਰਨਾ ਹੁੰਦਾ ਹੈ। ਉਸ ਨਾਮੀ ਤੋਂ ਸਦਾ ਬਲਿਹਾਰ ਜਾਣਾ ਕਰੋ ॥੧॥ਰਹਾਉ॥

**ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥**

ਸਾਰਿਆਂ ਵਿਚ ਇਕ ਸੱਚਾ ਪ੍ਰਭੂ ਹੈ, ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ।

**ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇਇ ॥੩॥**

ਉਸਦੀ ਸੇਵਾ* ਉਹੀ ਜਗਿਆਸੂ ਕਰਦਾ ਹੈ, ਜਿਸ ਉੱਪਰ ਉਹ ਪ੍ਰਭੂ ਕਿਰਪਾ-ਦ੍ਰਿਸ਼ਟੀ ਕਰਦਾ ਹੈ। ਯਥਾ :—

*'ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥'*

[ਸਲੋਕ ਸੇਖ ਫਰੀਦ, ਮਃ ੩, ਅੰਗ—੧੩੭੮]

---

* ਸੇਵਾ ਦੇ ਪ੍ਰਕਰਣ ਵਾਸਤੇ ਪ੍ਰਮਾਣ ਅਤੇ ਸਾਖੀਆਂ ਇਸ ਪੋਥੀ ਦੇ ੪੩੧ ਪੰਨੇ ਤੋਂ ਪੜ੍ਹੋ ਜੀ।

ਉਸ ਅੱਗੇ ਇਸ ਤਰ੍ਹਾਂ ਬੇਨਤੀ ਕਰ :—

**ਤੁਧੁ ਬਾਝੁ ਪਿਆਰੇ ਕੇਵ ਰਹਾ ॥**
**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥**

ਹੇ ਪਿਆਰੇ ਪ੍ਰਭੂ! ਮੈਂ ਆਪ ਜੀ ਤੋਂ ਬਿਨਾਂ ਕਿਵੇਂ ਰਹਿਣਾ ਕਰਾਂ ? ਮੈਨੂੰ ਉਹ **ਵਡਿਆਈ** = ਤਾਕਤ ਦੇਣਾ ਕਰੋ। ਅਥਵਾ :—ਮੇਰੀ ਉਹ **ਵਡਿਆਈ** = ਇੱਛਾ ਪੂਰੀ ਕਰ ਦਿਉ, ਜਿਸ ਕਰਕੇ ਮੈਂ ਆਪ ਜੀ ਦੇ ਨਾਮ-ਸਿਮਰਨ ਵਿਚ ਲੱਗਾ ਰਹਾਂ।

**ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ਰਹਾਉ॥**

ਆਪ ਜੀ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ, ਹੇ ਪਿਆਰੇ ਪ੍ਰਭੂ! ਜਿਸ ਅੱਗੇ ਮੈਂ ਜਾ ਕੇ ਕਹਾਂ ॥੧॥ਰਹਾਉ॥

**ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥**

ਮੈਂ ਆਪ ਜੀ ਨੂੰ ਆਪਣਾ ਮਾਲਕ ਜਾਣ ਕੇ ਸੇਵਦਾ ਹਾਂ। ਹੋਰ ਕਿਸੇ ਤੋਂ ਕੋਈ ਚੀਜ਼ ਨਹੀਂ **ਜਾਚੰਉ** = ਮੰਗਦਾ ਹਾਂ।

**ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥**

ਗੁਰੂ ਜੀ ਕਥਨ ਕਰਦੇ ਹਨ, ਮੈਂ **ਤਾ ਕਾ** = ਤਿਸ ਆਪ ਜੀ ਦਾ ਦਾਸ ਹਾਂ। ਬਿੰਦ-ਬਿੰਦ ਕਾਲ ਵਿਚ **ਚੁਖ ਚੁਖ** = ਟੁਕੜੇ-ਟੁਕੜੇ, ਭਾਵ ਬਲਿਹਾਰ-ਕੁਰਬਾਨ ਹੁੰਦਾ ਹਾਂ।

**ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ਰਹਾਉ॥੪॥੧॥**

ਹੇ ਸਾਹਿਬ! ਤੇਰੇ ਨਾਮ* ਤੋਂ, ਵਾ :—ਤੇਰੇ ਨਾਮ ਜਪਣ ਵਾਲਿਆਂ ਤੋਂ ਬਿੰਦ-ਬਿੰਦ ਕਾਲ ਵਿਚ **ਚੁਖ ਚੁਖ** = ਟੁਕੜੇ-ਟੁਕੜੇ ਹੁੰਦਾ ਹਾਂ। ਕਿਉਂਕਿ ਵਾਹਿਗੁਰੂ ਦਾ ਨਾਮ ਹੀਰੇ-ਰਤਨਾਂ ਨਾਲੋਂ ਵੀ ਅਮੋਲਕ ਹੈ। ਹੀਰਿਆਂ ਬਦਲੇ ਹੀਰੇ ਤਾਂ ਮਿਲ ਜਾਂਦੇ ਹਨ, ਸੋਨੇ-ਚਾਂਦੀ ਬਦਲੇ ਵੀ ਹੋਰ ਕੀਮਤੀ ਚੀਜ਼ਾਂ ਮਿਲ ਜਾਂਦੀਆਂ ਹਨ, ਜਿਵੇਂ ਯੱਗਾਂ ਦੇ ਕਰਨ ਤੋਂ ਇੰਦ੍ਰ ਲੋਕ ਦੀ ਪ੍ਰਾਪਤੀ ਹੁੰਦੀ ਹੈ, ਇਹ ਵੀ ਮੁੱਲ ਵਾਲੀ ਗੱਲ ਹੈ। ਜੋਗ ਦੀ ਪੂਰੀ ਕਮਾਈ ਕਰਨ ਤੋਂ ਬ੍ਰਹਮ ਲੋਕ ਦੀ ਪ੍ਰਾਪਤੀ ਹੁੰਦੀ ਹੈ, ਇਸ ਲਈ ਜੋਗ ਸਾਧਨਾਂ ਦਾ ਵੀ ਮੁੱਲ ਪੈ ਜਾਂਦਾ ਹੈ। ਰਤਨ ਆਦਿਕਾਂ ਦਾ ਵੀ ਮੁੱਲ ਪੈ ਜਾਂਦਾ ਹੈ। ਪਰ ਨਾਮ ਅਮੋਲਕ ਹੈ ਜੋ ਕਿਸੇ

---

* ਨਾਮ ਬਾਰੇ ਪ੍ਰਮਾਣ ਅਤੇ ਸਾਖੀਆਂ ਇਸ ਪੋਥੀ ਦੇ ਪਹਿਲੇ ਭਾਗ ਵਿਚ ੩੬੬ ਪੰਨੇ ਤੋਂ ਪੜ੍ਹੋ ਜੀ।

ਵੀ ਦੁਨਿਆਵੀ ਚੀਜ਼ ਬਦਲੇ ਨਹੀਂ ਮਿਲਦਾ। ਯਥਾ :—

੧. *'ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥'*

[ਗਉੜੀ ਕਬੀਰ ਜੀ, ਅੰਗ—੩੨੭]

੨. *'ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥*
*ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥'*

[ਧਨਾਸਰੀ ਰਵਿਦਾਸ ਜੀ, ਅੰਗ—੬੯੪]

ਸਤਿਗੁਰਾਂ ਪਾਸ ਮਨ ਦੇਣਾ ਪੈਂਦਾ ਹੈ, ਫਿਰ ਨਾਮ ਦੀ ਪ੍ਰਾਪਤੀ ਹੁੰਦੀ ਹੈ। ਯਥਾ :—

*'ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥'*

[ਗਉੜੀ ਸੁਖਮਨੀ ਮ: ੫, ਅੰਗ—੨੮੬]

ਸਤਿਗੁਰੂ ਜੀ ਦੀ ਕਿਰਪਾ ਤੋਂ ਬਿਨਾਂ ਨਾਮ ਆਖਣਾ ਬਹੁਤ ਔਖਾ ਹੈ। ਯਥਾ :—

*'ਆਖਣਿ ਅਉਖਾ ਸਾਚਾ ਨਾਉ ॥'* [ਆਸਾ ਮਹਲਾ ੧, ਅੰਗ—੯]

ਇਕ ਦਿਨ ਦਸਮੇਸ਼ ਪਿਤਾ ਜੀ ਪਾਸ ਬ੍ਰਾਹਮਣ ਇਕੱਠੇ ਹੋ ਕੇ ਕਹਿਣ ਲੱਗੇ, "ਤੁਸੀਂ ਸਾਡਾ ਰੁਜ਼ਗਾਰ ਖੋਹ ਕੇ ਸਿੱਖਾਂ ਨੂੰ ਦੇ ਦਿੱਤਾ ਹੈ, ਹੁਣ ਅਸੀਂ ਕੀ ਕਰਾਂਗੇ ?" ਤਾਂ ਸਤਿਗੁਰਾਂ ਕਿਹਾ, "ਵਾਹਿਗੁਰੂ ਮੰਤਰ ਦਾ ਅੱਠ ਘੰਟੇ ਜਾਪ ਕਰਿਆ ਕਰੋ। ਖੀਰ, ਕੜਾਹ, ਬਸਤਰ ਆਦਿਕ ਸਭ ਕੁਝ ਮਿਲਿਆ ਕਰੇਗਾ।" ਭਾਈ ਆਲਮ ਸਿੰਘ ਜੀ ਦੇ ਪਹਿਰੇ ਵਿਚ ਇਕ ਦਿਨ ਅੱਠ ਘੰਟੇ ਜਾਪ ਕਰਦਿਆਂ ਮਸਾਂ ਹੀ ਸਮਾਂ ਪੂਰਾ ਕੀਤਾ ਅਤੇ ਫਿਰ ਇਹ ਕਹਿ ਕੇ ਇਨਕਾਰ ਕਰ ਦਿੱਤਾ :—

*'ਰਾਹੂ ਕੇਤੂ ਬੇਲ ਹਮਾਰੇ ਸਾੜ੍ਹਸਤੀ ਹੈ ਖੇਤੀ।*
*ਪੱਤ੍ਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੇ ਛੇਤੀ।'* [ਲੋਕਕ]

ਜਿਵੇਂ ਸ਼ੇਰਨੀ ਦਾ ਦੁੱਧ ਬਹੁਤ ਤਾਕਤ ਵਾਲਾ ਮੰਨਿਆ ਹੈ। ਜੇ ਪਿੱਤਲ ਤਾਂਬੇ ਆਦਿਕ ਦੇ ਭਾਂਡੇ ਵਿਚ ਪਾਈਏ ਤਾਂ ਠਹਿਰਦਾ ਨਹੀਂ, ਛੇਕ ਕਰਕੇ ਨਿਕਲ ਜਾਂਦਾ ਹੈ। ਏਸੇ ਤਰ੍ਹਾਂ ਵਾਹਿਗੁਰੂ ਨਾਮ ਸ਼ੇਰਨੀ ਦੇ ਦੁੱਧ ਦੀ ਨਿਆਈਂ, ਮਹਾਨ ਸ਼ਕਤੀ ਵਾਲਾ ਹੈ। ਜਿਨ੍ਹਾਂ ਦੇ ਹਿਰਦੇ, ਪਿੱਤਲ, ਤਾਂਬੇ ਦੇ ਭਾਂਡਿਆਂ ਦੀ ਤਰ੍ਹਾਂ ਕਮਜ਼ੋਰ ਹਨ, ਉਨ੍ਹਾਂ ਦੇ ਹਿਰਦੇ ਵਿਚ ਨਾਮ ਨਹੀਂ ਠਹਿਰ ਸਕਦਾ। ਜਿਨ੍ਹਾਂ ਦੇ ਹਿਰਦੇ ਸੋਨੇ ਦੇ ਬਰਤਨ ਵਾਂਗ ਸ਼ੁੱਧ ਹਨ, ਉਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਨਾਮ ਠਹਿਰਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੩੦.

## ਧਨਾਸਰੀ ਮਹਲਾ ੧ ॥ [ਅੰਗ—੬੬੧]

## ਜੀਉ ਤਪਤੁ ਹੈ ਬਾਰੋ ਬਾਰ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

**ਉਥਾਨਕਾ** :—ਕਲਜੁਗੀ ਜੀਵਾਂ ਦਾ ਉਧਾਰ ਕਰਦੇ ਹੋਏ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਦੋਂ ਭਾਈ ਬਾਲੇ ਅਤੇ ਮਰਦਾਨੇ ਸਮੇਤ ਜ਼ਿਲ੍ਹਾ ਮਿੰਟਗੁਮਰੀ ਦੇ ਸ਼ਹਿਰ ਸਤਿਘਰਾ ਵਿਚ, ਭਾਰੀ ਧਨਾਢ ਸ਼ਾਹੂਕਾਰ, ਸ਼ਾਹੂਕਾਰਨੀ ਅਤੇ ਹੋਰ ਸੰਗਤਾਂ ਦਾ ਉਧਾਰ ਕਰਕੇ, ਅੱਗੇ ਇਸੇ ਹੀ ਜ਼ਿਲ੍ਹੇ ਦੇ ਪਿੰਡ ਦੀਪਾਲਪੁਰ ਵਿਚ ਪਹੁੰਚੇ। ਤਾਂ ਹਜ਼ੂਰ ਨੂੰ ਬੈਠਣ ਵਾਸਤੇ ਕੋਈ ਥਾਂ ਨਾ ਦੇਵੇ। ਜਿਥੇ ਜਾ ਕੇ ਬੈਠਣ, ਮੰਦੀ ਮੱਤ ਵਾਲੇ ਲੋਕ ਉਥੋਂ ਹੀ ਉਠਾ ਦੇਣ। ਕ੍ਰੋੜਾਂ ਬ੍ਰਹਮੰਡਾਂ ਨੂੰ ਰਚਨ ਵਾਲੇ,

*'ਖਿਨ ਮਹਿ ਨੀਚ ਕੀਟ ਕਉ ਰਾਜ॥'* [ਗਉੜੀ ਸੁਖਮਨੀ ਮ: ੫, ਅੰਗ—੨੭੭]

ਬਖ਼ਸ਼ਣ ਵਾਲੇ ਸਤਿਗੁਰੂ ਜੀ ਕੌਤਕ ਵਰਤਾਉਣ ਵਾਸਤੇ ਚੁੱਪ ਕਰਕੇ ਸਭ ਕੁਝ ਸਹਾਰੀ ਗਏ। ਅਖ਼ੀਰ ਸਤਿਗੁਰੂ ਜੀ ਨਗਰ ਤੋਂ ਬਾਹਰ ਖੇਤਾਂ ਵਿਚ ਇਕ ਕੁੱਲੀ ਦੇਖ ਕੇ ਉਸ ਵੱਲ ਚੱਲ ਪਏ। ਜਾ ਕੇ ਕੀ ਦੇਖਿਆ ਕਿ ਇਕ ਕੋੜ੍ਹੀ ਫ਼ਕੀਰ ਕੁਸ਼ਟ ਸਹਿਤ ਦੁਖੀ ਹੋ ਕੇ ਵਿਰਲਾਪ ਕਰ ਰਿਹਾ ਹੈ। ਯਥਾ :—

*'ਹੁਤੋ ਕੁਸ਼ਟ ਯੁਤ ਏਕ ਫਕੀਰਾ। ਨਿਸ ਬਾਸੁਰ ਬਹੁ ਪਾਵਤਿ ਪੀਰਾ।*
*ਦੇਖਿ ਦਯਾਨਿਧਿ ਕਰੁਣਾ ਆਈ। ਝੁੰਗੀ ਢਿਗ ਬੈਠੇ ਜਗ ਸਾਈਂ॥੬੩॥'*

[ਸ੍ਰੀ ਗੁਰੁ ਨਾਨਕ ਪ੍ਰਕਾਸ਼, ਉਤਰਾਰਧ ਅਧਯਾਯ-੨੫, ਜਿਲਦ-੪, ਪੰਨਾ—੯੮੪]

ਕੋੜ੍ਹੀ ਫ਼ਕੀਰ ਨੇ ਜਦੋਂ ਦਇਆ ਦੇ ਸਮੁੰਦਰ ਸਤਿਗੁਰੂ ਜੀ ਦੇ ਪਵਿੱਤਰ ਦਰਸ਼ਨ ਕੀਤੇ ਤਾਂ ਉਹ ਜੋ ਕੋੜ੍ਹ ਦੇ ਦੁਖ ਕਰਕੇ ਵਿਰਲਾਪ ਕਰ ਰਿਹਾ ਸੀ, ਦਰਸ਼ਨ ਕਰਦਿਆਂ ਸਾਰ ਵਿਰਲਾਪ ਕਰਨੋਂ ਹਟ ਗਿਆ। ਜਿਤਨਾ ਚਿਰ ਦਿਨ ਦੀ ਲੋਅ ਰਹੀ ਦਰਸ਼ਨ ਹੁੰਦੇ ਰਹੇ। ਉਤਨਾ ਚਿਰ ਉਸਦੀ ਸਾਰੀ ਪੀੜ ਮਿਟੀ ਰਹੀ। ਜਦੋਂ ਹਨੇਰਾ ਹੋਣ ਕਰਕੇ ਦਰਸ਼ਨ ਹੋਣੋਂ ਹਟ ਗਏ ਤਾਂ ਫਿਰ ਪੀੜ ਨਾਲ ਵਿਰਲਾਪ ਕਰਨ ਲੱਗ ਪਿਆ। ਫਿਰ ਫ਼ਕੀਰ ਨੇ ਨਿਮਰਤਾ ਸਹਿਤ ਬੇਨਤੀ ਕੀਤੀ :—

*'ਕਹੈ ਫਕੀਰ ਬੰਦਿ ਕਰ ਦੋਊ ਮੋਰ ਸਮੀਪ ਨ ਆਵਤਿ ਕੋਊ।*
*ਖਗ ਭਾਗੈਂ ਪਿਖਿ ਗਿਨਤੀ ਕਯਾ ਨਰ। ਤੁਮ ਆਏ ਮੋ ਪਰ ਕਰੁਣਾ ਕਰਿ॥੬੪॥'*

[ਸ੍ਰੀ ਗੁਰੁ ਨਾਨਕ ਪ੍ਰਕਾਸ਼, ਉਤਰਾਰਧ ਅਧਯਾਯ-੨੫, ਜਿਲਦ-੪, ਪੰਨਾ—੯੮੪]

ਬੇਨਤੀ ਸੁਣ ਕੇ ਗ਼ਰੀਬ ਨਿਵਾਜ ਸਤਿਗੁਰੂ ਜੀ ਕਰੁਣਾ-ਰਸ ਵਿਚ ਢਲ ਪਏ ਅਤੇ ਕਿਹਾ, "ਮਰਦਾਨਿਆ ! ਰਬਾਬ ਵਜਾ, ਬਾਣੀ ਆਈ ਹੈ।" ਮਰਦਾਨੇ ਦੇ ਰਬਾਬ ਵਜਾਉਣ ਤੋਂ ਹਜ਼ੂਰ ਨੇ ਇਹ ਸ਼ਬਦ ਉਚਾਰਿਆ :—

**ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥**

ਜਿਵੇਂ ਇਸ ਕੋੜ੍ਹੀ ਦਾ ਜੀਵਾਤਮਾ ਬਾਰ-ਬਾਰ ਤਪ ਰਿਹਾ ਹੈ ਅਤੇ ਤਪ-ਤਪ ਕੇ ਬਹੁਤ ਵਿਕਾਰਾਂ ਕਰਕੇ ਖਪ ਰਿਹਾ ਹੈ। ਇਸੇ ਤਰ੍ਹਾਂ ਹੀ ਨਾਮ-ਬਾਣੀ ਤੋਂ ਬਿਨਾਂ ਜੀਵਾਂ ਦਾ ਹਿਰਦਾ ਬਾਰ-ਬਾਰ ਤਪਦਾ ਹੈ। ਜਿਵੇਂ ਉਬਲਿਆ ਪਾਣੀ ਤਪਦਾ ਹੈ ਅਤੇ ਧੁੱਪ ਨਾਲ ਰੇਤਾ ਤਪਦਾ ਹੈ, ਇਸੇ ਤਰ੍ਹਾਂ ਹੀ ਜੀਵ ਬਾਰ-ਬਾਰ ਜੂਨਾਂ ਵਿਚ ਪੈ ਕੇ ਤਪਦਾ ਰਹਿੰਦਾ ਹੈ। ਵਾ :—ਕ੍ਰੋਧ ਦੀ, ਤ੍ਰਿਸ਼ਨਾ ਦੀ ਅੱਗ ਵਿਚ ਤਪਦਾ ਰਹਿੰਦਾ ਹੈ। ਤਪਾਂ ਨੂੰ ਤਪਦੇ ਹੋਏ, ਭਾਵ ਤਪਾਂ ਨੂੰ ਕਰਦੇ ਹੋਏ ਨਾਮ ਤੋਂ ਬਿਨਾਂ ਰਿਖੀ ਲੋਕ ਵੀ ਵਿਕਾਰਾਂ ਦੀ ਅੱਗ ਵਿਚ ਬਹੁਤ ਖਚਤ ਹੋ ਕੇ ਤਪਦੇ ਰਹਿੰਦੇ ਹਨ।

## ਸਾਖੀ : ਸੌਰਭ ਰਿਖੀ ਦੀ

ਜਿਵੇਂ ਇਕ ਸੌਰਭ ਰਿਖੀ ਹੋਇਆ ਹੈ, ਉਸਨੇ ਬੈਠ ਕੇ ਇਤਨਾ ਲੰਮਾ ਸਮਾਂ ਤਪ ਕੀਤਾ ਕਿ ਸਰੀਰ ਤੇ ਵਰਮੀ (ਮਿੱਟੀ) ਜੰਮ ਗਈ ਸੀ। ਜਿਥੇ ਇਹ ਬੈਠਾ ਤਪ ਕਰ ਰਿਹਾ ਸੀ, ਉਸ ਦੇਸ਼ ਦੇ ਰਾਜੇ ਮਾਨਧਾਤਾ ਦੀਆਂ ਲੜਕੀਆਂ ਨੇ ਕੋਈ ਚਮਕੀਲੀ ਚੀਜ਼ ਜਾਣ ਕੇ ਅੱਖਾਂ ਵਿਚ ਸੂਲਾਂ ਖੁਭੋ ਦਿੱਤੀਆਂ। ਅੱਖਾਂ ਵਿਚੋਂ ਖ਼ੂਨ ਨਿਕਲ ਆਇਆ। ਡਰ ਕੇ ਲੜਕੀਆਂ ਨੇ ਆਪਣੇ ਪਿਤਾ ਨੂੰ ਦੱਸਿਆ ਤਾਂ ਰਾਜਾ ਰਿਖੀ ਪਾਸ ਭੁੱਲ ਬਖ਼ਸ਼ਾਉਣ ਆਇਆ। ਅੱਗੋਂ ਰਿਖੀ ਨੇ ਕਿਹਾ, "ਮੈਂ ਭੁੱਲ ਤਾਂ ਮੁਆਫ਼ ਕਰਾਂਗਾ, ਜੇ ਤੂੰ ਮੈਨੂੰ ਆਪਣੀ ਇਕ ਲੜਕੀ ਦੇਵੇਂ।" ਰਾਜੇ ਨੇ ਸੋਚਿਆ ਕਿ ਰਿਖੀ ਬਹੁਤ ਬਿਰਧ ਹੈ, ਮੇਰੀਆਂ ਲੜਕੀਆਂ ਨੌਜਵਾਨ ਹਨ, ਨੀਤੀ ਨਾਲ ਇਹ ਕਹਿ ਕੇ ਰਿਖੀ ਨੂੰ ਜੁਆਬ ਦਿੱਤਾ, "ਜਿਹੜੀ ਲੜਕੀ ਤੁਹਾਨੂੰ ਪਸੰਦ ਕਰ ਲਵੇ, ਉਸਨੂੰ ਵਰ ਲੈਣਾ।" ਤਾਂ ਰਿਖੀ ਨੇ ਆਪਣੇ ਤਪ ਦੇ ਬਲ ਨਾਲ ਨੌਜੁਆਨ ਅਵਸਥਾ ਅਤੇ ਸੁੰਦਰ ਸਰੂਪ ਬਣਾ ਲਿਆ। ਰਾਜੇ ਦੀਆਂ ਸਾਰੀਆਂ ਸੌ ਦੀਆਂ ਸੌ ਲੜਕੀਆਂ ਨੇ ਹੀ ਸੁੰਦਰ ਸਰੂਪ ਅਤੇ ਨੌਜਵਾਨ ਜਾਣ ਕੇ ਵਰ ਲਿਆ ਸੀ।

ਇਸੇ ਪ੍ਰਕਾਰ ਸ੍ਰਿੰਗੀ ਰਿਖੀ ਦੀ ਵੀ ਨਾਮ ਜਪਣ ਤੋਂ ਬਿਨਾਂ ਨਿਰਾ ਤਪ ਕਰਨ ਨਾਲ ਵਿਕਾਰਾਂ ਦੀ ਅਗਨੀ ਨਹੀਂ ਸੀ ਬੁਝੀ, ਵੇਸਵਾ ਤੋਂ ਕਈ ਬੱਚੇ ਪੈਦਾ ਕੀਤੇ ਸਨ। ਤਪਾਂ ਨੂੰ ਤਪ ਕੇ ਇੰਦ੍ਰ ਦੀ ਪਦਵੀ ਪ੍ਰਾਪਤ ਕਰਨ ਤੋਂ ਵੀ ਇੰਦ੍ਰ ਦੀ ਵਿਕਾਰ ਅਗਨੀ ਨਾ ਬੁਝੀ। ਗੌਤਮ ਦੇ ਘਰ ਜਾ ਕੇ ਕੋੜ੍ਹੀ ਕਲੰਕੀ ਬਨਣਾ ਪਿਆ। ਨੌਖ ਵਰਗਿਆਂ ਦੀ ਵੀ ਤਪ ਕਰਨ ਤੋਂ ਵਿਕਾਰ ਅਗਨੀ ਨਹੀਂ ਸੀ ਬੁਝੀ। ਸੱਪ ਬਣ ਕੇ ਸੁਅਰਗ ਵਿਚੋਂ ਡਿਗਣਾ ਪਿਆ ਸੀ।

**ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥੧॥**

ਏਸੇ ਤਰ੍ਹਾਂ **ਜੈ** = ਜਿਸ ਮਨੁੱਖ ਦੇ **ਤਨਿ** = ਮਨ ਵਿਚੋਂ ਨਾਮ-ਬਾਣੀ ਵਿਸਰ ਜਾਂਦੀ ਹੈ, ਉਹ ਪੁਰਸ਼ ਭੀ ਇਸ **ਪਕਾ ਰੋਗੀ ਜਿਉ** = ਕੋੜ੍ਹੀ ਵਾਂਗ ਵਿਰਲਾਪ ਕਰਦਾ ਹੈ॥੧॥

**ਬਹੁਤਾ ਬੋਲਣੁ ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭੁ ਸੋਇ॥੧॥ਰਹਾਉ॥**

ਸਿਮਰਨ ਤੋਂ ਬਿਨਾਂ ਜੋ ਬਹੁਤੇ ਬਚਨਾਂ ਦਾ ਬੋਲਣਾ ਹੈ, ਇਹ ਕੇਵਲ ਝੱਖਣਾ ਹੀ ਹੁੰਦਾ ਹੈ। ਭਾਵ ਫ਼ਜ਼ੂਲ ਬੋਲਣਾ ਹੁੰਦਾ ਹੈ, ਕਿਉਂਕਿ **ਸੋਇ** = ਉਹ ਪ੍ਰਮੇਸ਼ਰ ਤਾਂ ਬਿਨਾਂ ਬੋਲੇ ਤੋਂ ਹੀ ਸਭ ਗੱਲਾਂ ਜਾਣਦਾ ਹੈ। ਯਥਾ :—

੧. *'ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ॥'*
[ਸਾਰਗ ਮਹਲਾ ੫, ਅੰਗ—੧੨੨੮]

੨. *'ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ॥'*
[ਬਿਲਾਵਲੁ ਮਹਲਾ ੫, ਅੰਗ—੮੨੮]

**ਜਿਨਿ ਕਨ ਕੀਤੇ ਅਖੀ ਨਾਕੁ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ॥**

ਜਿਸ ਪ੍ਰਭੂ ਨੇ ਕੰਨ, ਅੱਖਾਂ, ਨੱਕ ਆਦਿਕ ਇੰਦ੍ਰੇ ਬਣਾ ਦੇਣਾ ਕੀਤੇ ਹਨ। ਫਿਰ ਜਿਸਨੇ **ਤਾਤੁ** = ਪਿਆਰੇ ਬਚਨ ਬੋਲਣ ਵਾਸਤੇ, ਵਾ :—ਤਾੜ੍ਹ-ਤਾੜ੍ਹ ਬਚਨ ਬੋਲਣ ਵਾਸਤੇ ਜੀਭਾ ਦਿੱਤੀ ਹੈ। ਅੱਖਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ, ਕੰਨ ਵਾਹਿਗੁਰੂ ਦਾ ਜਸ ਸੁਣਨ ਵਾਸਤੇ, ਮਨ ਵਾਹਿਗੁਰੂ ਦਾ ਸਿਮਰਨ ਕਰਨ ਵਾਸਤੇ ਦਿੱਤਾ ਹੈ। ਯਥਾ :—

*'ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥'*
[ਰਾਗੁ ਗੂਜਰੀ ਵਾਰ ਮਹਲਾ ੫, ਅੰਗ—੫੧੭]

ਜਿਹੜੇ ਇਹਨਾਂ ਇੰਦ੍ਰੀਆਂ ਦੀ ਗ਼ਲਤ ਵਰਤੋਂ ਕਰਦੇ ਹਨ, ਉਹਨਾਂ ਬਾਬਤ ਹਜ਼ੂਰ ਦੇ ਇਉਂ ਬਚਨ ਹਨ :—

*'ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥*
*ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥*
*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥*
*ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ॥੧੪॥'*
[ਫੁਨਹੇ ਮਹਲਾ ੫, ਅੰਗ—੧੩੬੨]

**ਜਿਨਿ ਮਨੁ ਰਾਖਿਆ ਅਗਨੀ ਪਾਇ॥ ਵਾਜੈ ਪਵਣੁ ਆਖੈ ਸਭ ਜਾਇ॥੨॥**

ਜਿਸਨੇ **ਮਨੁ** = ਜੀਵ ਨੂੰ ਮਾਂ ਦੀ ਜਠਰਾ-ਅਗਨੀ ਵਿਚ ਪਾ ਕੇ ਰੱਖਿਆ ਕੀਤੀ ਹੈ। ਯਥਾ :—

੧. *'ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ॥*
*ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥੧॥'*
[ਆਸਾ ਧੰਨਾ ਜੀ, ਅੰਗ—੪੮੮]

੨. *'ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ॥*
*ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ॥੧॥*
*ਮੇਰੇ ਮਨ ਨਾਮ ਕੀ ਕਰਿ ਟੇਕ॥'* [ਮਾਰੂ ਮਹਲਾ ੫, ਅੰਗ—੧੦੦੭]

ਜਿਸ ਵੇਲੇ ਪ੍ਰਸੂਤ ਕਰਨ ਵਾਲੀ ਪਉਣ **ਵਾਜੈ** = ਚੱਲਦੀ ਹੈ ਤਾਂ ਸਭ ਕੋਈ ਬੱਚਾ **ਜਾਇ** = ਜਨਮਿਆ ਆਖਦੇ ਹਨ।

**ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ॥**

ਜਿਤਨਾ ਕੁ ਮੋਹ ਦੇ ਵਿਚ ਫਸ ਕੇ ਸੁਆਦਾਂ ਨਾਲ ਪ੍ਰੀਤੀ ਕਰਦਾ ਹੈ, ਇਹ ਸਭ ਕਾਲਖ ਰੂਪ ਹੈ, ਇਸ ਦਾਗ ਕਰਕੇ ਇਹ ਜੀਵ ਦਾਗੀ ਹੋ ਰਿਹਾ ਹੈ।

**ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ॥੩॥**

ਜਾਂ **ਦੋਸ** = ਪਾਪਾਂ ਰੂਪ ਦਾਗ ਨੂੰ ਮੂੰਹ 'ਤੇ ਲਾ ਕੇ ਚੱਲਿਆ ਤਾਂ ਦਰਗਾਹ ਵਿਚ ਬੈਠਣ ਦੀ **ਜਾਇ** = ਜਗ੍ਹਾ ਨਹੀਂ ਪਾਉਂਦਾ॥੩॥ ਯਥਾ :—

੧. *'ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ॥*
*ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥*
*ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥*
*ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ॥*
*ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ॥*
*ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ ਸਦਾ ਫਿਰਤ ਦੁਹੇਲੀ॥੧॥'*
[ਬਿਹਾਗੜਾ ਮਹਲਾ ੫ ਛੰਤ, ਅੰਗ—੫੪੬]

੨. *'ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥'*

[ਮਾਰੂ ਮਹਲਾ ੫, ਅੰਗ—੧੦੧੯-੨੦]

੩. *'ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥'*

[ਮਾਰੂ ਮਹਲਾ ੩, ਅੰਗ—੧੦੬੩]

ਇਸ ਲਈ ਸਦਾ ਹੀ ਦੋਸ਼ਾਂ, ਪਾਪਾਂ ਤੋਂ ਡਰਨਾ ਚਾਹੀਦਾ ਹੈ। ਯਥਾ :—

*'ਨਰ ਅਚੇਤ ਪਾਪ ਤੇ ਡਰੁ ਰੇ ॥'* [ਗਉੜੀ ਮਹਲਾ ੯, ਅੰਗ—੨੨੦]

**ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥**

ਗੁਰਾਂ ਦਾ **ਕਰਮਿ** = ਅਨੁਗ੍ਰਹੁ ਮਿਲੇ, ਭਾਵ ਜੇ ਗੁਰੂ ਜੀ ਕਿਰਪਾ ਕਰਨ ਤਾਂ ਤਿਸ ਪ੍ਰਭੂ ਦੇ ਨਾਮ ਦਾ ਆਖਣਾ ਹੁੰਦਾ ਹੈ। ਜਿਸ ਨਾਮ ਨਾਲ ਲੱਗ ਕੇ ਤਰਨਾ ਹੁੰਦਾ ਹੈ, ਨਾਮ ਤੋਂ ਬਿਨਾਂ ਤਰਨ ਦਾ ਹੋਰ ਕੋਈ ਥਾਂ ਨਹੀਂ ਹੈ।

**ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥੪॥੩॥੫॥**

ਜਿਹੜਾ ਕੋਈ ਨਾਮ ਸਰੋਵਰ ਵਿਚ ਟੁਬਕੀਆਂ ਮਾਰਦਾ ਹੈ, ਅਥਵਾ :—ਜਿਹੜਾ ਕੋਈ ਨਿਮਰਤਾ ਭਾਵ ਨਾਲ ਆਪਣੇ ਆਪ ਨੂੰ ਡੁੱਬਿਆ ਮੰਨਦਾ ਹੈ, ਉਸਦੀ ਫਿਰ **ਸਾਰ** = ਸੰਭਾਲ ਹੁੰਦੀ ਹੈ। ਗੁਰੂ ਜੀ ਕਥਨ ਕਰਦੇ ਹਨ, ਉਹ ਸੱਚਾ ਪ੍ਰਭੂ ਸਾਰਿਆਂ ਦਾ ਦਾਤਾ ਹੈ।੪॥੫॥੩॥

ਸਤਿਗੁਰੂ ਜੀ ਦੀ ਪਵਿੱਤਰ ਰਸਨਾ ਤੋਂ ਇਸ ਸ਼ਬਦ ਦਾ ਅੰਮ੍ਰਿਤ ਰੂਪ ਕੀਰਤਨ ਸੁਣਦਿਆਂ ਸਾਰ ਹੀ ਉਸ ਕੋੜ੍ਹੀ ਦਾ ਕੋੜ੍ਹ ਰੋਗ ਮਿਟ ਗਿਆ। ਸ਼ਾਂਤੀ ਦੀ ਪ੍ਰਾਪਤੀ ਹੋ ਗਈ, ਬੁੱਧੀ ਉੱਜਲ ਅਤੇ ਚਿੱਤ ਇਕਾਗਰ ਹੋ ਗਿਆ। ਰਿਦੇ ਅੰਦਰ ਪ੍ਰੇਮਾ-ਭਗਤੀ ਜਾਗ ਪਈ ਅਤੇ ਮੁਖੋਂ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਦੀ ਮਿੱਠੀ-ਮਿੱਠੀ ਧੁਨੀ ਉਚਾਰਨ ਲੱਗ ਪਿਆ। ਫਿਰ ਨਗਰ ਦੇ ਸਾਰੇ ਲੋਕ ਆ ਕੇ ਹਜ਼ੂਰ ਦੇ ਚਰਨੀਂ ਪਏ। ਮਹਾਰਾਜ ਨੇ ਸਾਰਿਆਂ ਨੂੰ ਸੇਵਾ-ਸਿਮਰਨ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ। ਇਉਂ :—

*'ਬੁਰਿਆਂ ਨਾਲ ਬੁਰਿਆਈ ਕਰਨੀ ਮੁਆਫ਼ ਕਰਨ ਕਈ ਸਿਆਣੇ।
ਬੁਰਿਆਂ ਨਾਲ ਫਿਰ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ।'* [ਲੋਕਕ]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੩੧.

**ਧਨਾਸਰੀ ਮਹਲਾ ੩ ॥** [ਅੰਗ—੬੬੫]

**ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

੧. *'ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥*
*ਰੁਦ੍ ਧਿਆਨ ਗਿਆਨ ਸਤਿਗੁਰ ਕੇ ਕਬਿ ਜਨੁ ਭਲ੍ ਉਨਹ ਜੋੁ ਗਾਵੈ ॥*
*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥'*

[ਸਵਈਏ ਮਹਲੇ ਤੀਜੇ ਕੇ, ਭਲ੍ਹ ਭੱਟ, ਅੰਗ—੧੩੯੬]

੨. *'ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥'*

[ਸਵਈਏ ਮਹਲੇ ਚਉਥੇ ਕੇ, ਕੀਰਤਿ ਭੱਟ, ਅੰਗ—੧੪੦੬]

ਸ੍ਰੀ ਗੁਰੂ ਅਮਰਦਾਸ ਜੀ ਨੇ ਜੀਵਾਂ ਦੀ ਕਲਿਆਣ ਲਈ ਚੁਰਾਸੀ ਪਉੜੀਆਂ ਵਾਲੀ ਬਾਉਲੀ ਸਾਹਿਬ ਤਿਆਰ ਕੀਤੀ ਅਤੇ ਹੁਕਮ ਕੀਤਾ, ਜੋ ਵੀ ਬਾਉਲੀ ਸਾਹਿਬ ਵਿਚ ਨੰਬਰਵਾਰ ਸਣੇ ਕੇਸੀ ਇਸ਼ਨਾਨ ਕਰਕੇ ਇਕ ਪਉੜੀ 'ਤੇ ਫਿਰ ਦੂਸਰਾ ਕੇਸੀ ਇਸ਼ਨਾਨ ਕਰਕੇ ਦੂਜੀ ਪਉੜੀ 'ਤੇ, ਇਸ ਤਰ੍ਹਾਂ ਇਕ-ਇਕ ਕਰਕੇ ਹਰ ਇਕ ਪਉੜੀ 'ਤੇ ਚੁਰਾਸੀ ਵਾਰ ਸਣੇ ਕੇਸੀ ਇਸ਼ਨਾਨ ਕਰਕੇ ਸ੍ਰੀ ਜਪੁਜੀ ਸਾਹਿਬ ਦੇ ਲਗਾਤਾਰ ਚੁਰਾਸੀ ਪਾਠ ਕਰੇਗਾ ਤਾਂ ਉਸਦੀ ਚੁਰਾਸੀ ਕੱਟੀ ਜਾਵੇਗੀ। ਉਹ ਚੁਰਾਸੀ ਲੱਖ ਜੂਨਾਂ ਵਿਚ ਨਹੀਂ ਪਵੇਗਾ।

ਆਪ ਜੀ ਮਾਇਆ ਤੋਂ ਸਦਾ ਨਿਰਲੇਪ ਰਹਿੰਦੇ, ਆਪਣੀ ਰਸਨਾ ਤੋਂ ਇਸ ਤਰ੍ਹਾਂ ਫ਼ੁਰਮਾਇਆ ਕਰਦੇ :—

*'ਮਃ ੨ ॥ ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥*
*ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥੨॥'*

[ਵਾਰ ਸੂਹੀ ਕੀ, ਅੰਗ—੭੮੭]

ਆਪ ਜੀ ਦੇ ਦਰਵਾਜ਼ੇ ਅੱਗੇ ਰਸਦਾਂ ਦੇ ਭਰੇ ਗੱਡੇ ਖੜ੍ਹੇ ਰਹਿੰਦੇ ਸਨ, ਸਿਰਫ਼ ਇਕ ਦਿਨ ਦੇ ਲੰਗਰ ਜੋਗੀ ਹੀ ਰਸਦ ਲੈਂਦੇ, ਉਹ ਵੀ ਵਾਰੀ ਅਨੁਸਾਰ। ਸਾਰਾ ਦਿਨ ਲੰਗਰ ਚੱਲਦਾ, ਜੋ ਲੰਗਰ ਸੰਗਤਾਂ ਤੋਂ ਬਚ ਜਾਂਦਾ, ਉਹ ਗਊਆਂ-ਮੱਝਾਂ ਦੇ ਵੱਗਾਂ ਨੂੰ ਪਾਇਆ ਜਾਂਦਾ, ਜੇਕਰ ਫਿਰ ਵੀ ਬਚ ਜਾਂਦਾ ਤਾਂ ਬਿਆਸ ਦਰਿਆ ਵਿਚ ਜਲ-ਜੰਤੂਆਂ ਨੂੰ ਪਾਇਆ

ਜਾਂਦਾ, ਰਾਤ ਨੂੰ ਸਾਰੇ ਬਰਤਨ ਧੋ ਕੇ ਮੂਧੇ ਮਾਰ ਦਿੱਤੇ ਜਾਂਦੇ। ਲੰਗਰ ਛਕਣ ਤੋਂ ਬਿਨਾਂ ਕਿਸੇ ਨੂੰ ਸਤਿਗੁਰਾਂ ਦੇ ਦਰਸ਼ਨ ਨਹੀਂ ਹੁੰਦੇ ਸਨ। ਭਾਵੇਂ ਕੋਈ ਗ਼ਰੀਬ ਹੋਵੇ, ਭਾਵੇਂ ਅਮੀਰ ਹੋਵੇ, ਭਾਵੇਂ ਕਿਸੇ ਵੀ ਜਾਤ ਦਾ ਹੋਵੇ, ਭਾਵੇਂ ਕਿਸੇ ਵੀ ਦੇਸ਼ ਦਾ ਹੋਵੇ, ਹਰ ਇਕ ਨੂੰ ਇਕੋ ਪੰਗਤ ਵਿਚ ਬਿਠਾ ਕੇ ਇਕੋ ਜਿਹਾ ਬਿਨਾਂ ਵਿਤਕਰੇ ਤੋਂ ਭੋਜਨ ਛਕਾਇਆ ਜਾਂਦਾ ਸੀ। ਯਥਾ :—

੧. *'ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।'*

[ਭਾਈ ਗੁਰਦਾਸ ਜੀ, ਵਾਰ-੧, ਪਉੜੀ-੨੩]

੨. *'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥'*

[ਮਾਰੂ ਮਹਲਾ ੪, ਅੰਗ—੧੦੭੦]

ਇਉਂ ਮਾਇਆ ਤੋਂ ਨਿਰਲੇਪ ਰਹਿੰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਤੋਂ ਮਾਇਆ ਬਾਰਾਂ ਕੋਹ ਦੂਰ ਰਹਿੰਦੀ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਛੇ ਕੋਹ ਦੂਰ ਰਹਿੰਦੀ ਸੀ, ਸ੍ਰੀ ਗੁਰੂ ਅਮਰਦਾਸ ਜੀ ਦੇ ਦਰਵਾਜ਼ੇ ਅੱਗੇ ਖੜ੍ਹੀ ਰਹਿੰਦੀ ਸੀ, ਅੰਦਰ ਨਹੀਂ ਸੀ ਪ੍ਰਵੇਸ਼ ਹੋ ਸਕਦੀ। ਸ੍ਰੀ ਗੁਰੂ ਰਾਮਦਾਸ ਜੀ ਨੇ ਅੰਗੀਕਾਰ ਕਰਕੇ ਸਫਲੀ ਕੀਤਾ।

ਇਕ ਵਾਰ ਆਪ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਮੋਹਰੀ ਜੀ ਨੇ ਸੋਚਿਆ ਕਿ ਕਦੀ ਲੱਖ ਟਕੇ ਨਹੀਂ ਵੇਖੇ। ਸਤਿਗੁਰੂ ਜੀ ਨੇ ਸਾਹਿਬਜ਼ਾਦੇ ਦੇ ਦਿਲ ਦੀ ਜਾਣ ਕੇ ਸੰਗਤਾਂ ਨੂੰ ਹੁਕਮ ਕੀਤਾ, "ਅੱਜ ਸਾਨੂੰ ਪੰਜ-ਪੰਜ ਪੈਸੇ ਭੇਟਾ ਕਰੋ।" ਇਉਂ ਮਾਇਆ ਦਾ ਬੇਅੰਤ ਢੇਰ ਲੱਗ ਗਿਆ। ਮੋਹਰੀ ਜੀ ਨੂੰ ਕਿਹਾ, "ਗਿਣੋ! ਕਿਤਨੀ ਹੈ ?" ਮੋਹਰੀ ਜੀ ਖ਼ੁਸ਼ੀ-ਖ਼ੁਸ਼ੀ ਗਿਣਨ ਲੱਗੇ। ਚਿਹਰੇ ਨੂੰ ਪਸੀਨਾ ਆਉਣ ਕਰਕੇ ਹੱਥਾਂ ਨਾਲ ਮੂੰਹ ਪੂੰਝਦੇ ਰਹੇ ਅਤੇ ਬਸਤਰਾਂ ਨੂੰ ਵੀ ਉਹ ਹੱਥ ਲੱਗਦੇ ਰਹੇ, ਇਉਂ ਚਿਹਰਾ ਤੇ ਬਸਤਰ ਕਾਲੇ ਹੋ ਗਏ। ਸਤਿਗੁਰਾਂ ਕਿਹਾ, "ਵੇਖੋ! ਮਾਇਆ ਕੈਸੀ ਹੈ ? ਪ੍ਰੇਮ ਕਰਨ ਵਾਲਿਆਂ ਦੇ ਹੱਥ-ਮੂੰਹ ਕਾਲੇ ਕਰ ਦਿੰਦੀ ਹੈ ਅਤੇ ਪ੍ਰਲੋਕ ਵਿਚ ਵੀ ਮੂੰਹ ਕਾਲਾ ਕਰਾਉਂਦੀ ਹੈ।" ਤਾਂ ਮੋਹਰੀ ਜੀ ਬੜੇ ਸ਼ਰਮਿੰਦੇ ਹੋਏ, ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ ਅਤੇ ਕਿਹਾ, "ਅੱਗੇ ਵਾਸਤੇ ਮੈਂ ਐਸੀ ਇੱਛਾ ਕਦੀ ਨਹੀਂ ਕਰਾਂਗਾ।"

ਇਕ ਦਿਨ ਸ੍ਰੀ ਗੁਰੂ ਅੰਗਦ ਦੇਵ ਜੀ ਆਪ ਜੀ ਨੂੰ ਨਾਲ ਲੈ ਕੇ ਬਿਆਸ ਦਰਿਆ ਵੱਲ ਜਾ ਰਹੇ ਸਨ। ਸ੍ਰੀ ਗੁਰੂ ਅਮਰਦਾਸ ਜੀ ਸਤਿਕਾਰ ਨਾਲ ਖੱਬੇ ਪਾਸੇ ਪਿੱਛੇ-ਪਿੱਛੇ ਤੁਰੇ ਜਾ ਰਹੇ ਹਨ, ਤਾਂ ਅਚਨਚੇਤ ਹੀ ਆਪ ਜੀ ਦੀ ਬਾਂਹ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਅੱਗੇ ਹੋ ਗਈ। ਫਿਰ ਆਪ ਜੀ ਨੇ ਇਸ ਬਾਂਹ ਦਾ ਤਿਆਗ ਕਰ ਦਿੱਤਾ ਕਿ ਇਸ

ਪਾਸੋਂ ਕੋਈ ਕੰਮ ਨਹੀਂ ਲੈਣਾ, ਇਹ ਪ੍ਰਣ ਸਾਰੀ ਉਮਰ ਨਿਭਾਇਆ।

ਇਕ ਵਾਰੀ ਅੰਮ੍ਰਿਤ ਵੇਲੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਕਿਸੇ ਬਿਰਧ ਮਾਈ ਦਾ ਲੜਕਾ ਤੇਈਏ ਤਾਪ ਕਰਕੇ ਚੜ੍ਹਾਈ ਕਰ ਗਿਆ। ਮਾਈ ਦੇ ਰੋਣ ਦੀ ਅਵਾਜ਼ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਕੰਨਾਂ ਵਿਚ ਪਈ। ਸੇਵਕ ਭਾਈ ਬੱਲੂ ਨੂੰ ਭੇਜ ਕੇ ਕਾਰਨ ਪੁੱਛਿਆ ਤਾਂ ਪਤਾ ਲੱਗਾ ਕਿ ਮਾਈ ਦਾ ਲੜਕਾ ਚੜ੍ਹਾਈ ਕਰ ਗਿਆ ਹੈ। ਆਪ ਜੀ ਨੇ ਭਾਈ ਬੱਲੂ ਨੂੰ ਕਿਹਾ, "ਮਾਈ ਨੂੰ ਜਾ ਕੇ ਕਹੋ, ਇਹ ਅੰਮ੍ਰਿਤ ਵੇਲਾ ਨਾਮ ਜਪਣ ਦਾ ਸਮਾਂ ਹੈ, ਇਸ ਲਈ ਨਾਮ ਜਪੇ, ਸਵੇਰ ਹੋਣ ਤੱਕ ਲੜਕਾ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਕਿਰਪਾ ਸਦਕਾ ਜਿਊਂਦਾ ਹੋ ਜਾਵੇਗਾ, ਰੋਣਾ ਛੱਡ ਦੇਵੇ।"

ਮਾਈ ਨੇ ਆਪਣਾ ਲੜਕਾ ਸਤਿਗੁਰੂ ਜੀ ਦੇ ਦਰਵਾਜ਼ੇ ਅੱਗੇ ਲਿਆ ਕੇ ਲੰਮਾ ਪਾ ਦਿੱਤਾ। ਹਜ਼ੂਰ ਨੇ ਆਪਣਾ ਪਵਿੱਤਰ ਚਰਨ-ਕਮਲ ਛੁਹਾ ਕੇ ਉਸਨੂੰ ਜਿਊਂਦਾ ਕੀਤਾ ਅਤੇ ਇਹ ਪ੍ਰਣ ਕੀਤਾ ਕਿ ਜਦੋਂ ਤਕ ਅਸੀਂ ਗੁਰਤਾ ਗੱਦੀ ਕਰਨੀ ਹੈ, ਉਦੋਂ ਤੱਕ ਕੋਈ ਨਹੀਂ ਮਰੇਗਾ। ਖ਼ਾਲਸਾ ਜੀ! ਜਦੋਂ ਤੱਕ ਹਜ਼ੂਰ ਗੁਰਗੱਦੀ ਉੱਪਰ ਰਹੇ ਮਨੁੱਖ ਤਾਂ ਕੀ! ਕੋਈ ਪਸ਼ੂ-ਪੰਛੀ ਵੀ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਨਹੀਂ ਸੀ ਮਰਿਆ। ਯਥਾ :—

*'ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰ੍ਯਉ ॥'*

[ਸਵਈਏ ਮਹਲੇ ਚਉਥੇ ਕੇ, ਨਲ੍ਯ ਭੱਟ, ਅੰਗ—੧੪੦੦]

ਇਸੇ ਕਰਕੇ ਸ੍ਰੀ ਗੋਇੰਦਵਾਲ ਸਾਹਿਬ ਘੁੱਗ ਵੱਸਦਾ ਸ਼ਹਿਰ ਅਤੇ ਵਪਾਰ ਦਾ ਕੇਂਦਰ ਬਣ ਗਿਆ ਸੀ। ਸੋ, ਆਪ ਜੀ ਐਸੇ ਬਚਨਾਂ ਦੇ ਬਲੀ ਸੂਰਮੇ ਸਨ।

**ਉਥਾਨਕਾ** :—ਇਕ ਦਿਨ ਸਿੱਖਾਂ ਨੇ ਬੇਨਤੀ ਕੀਤੀ, "ਆਪ ਜੀ ਸਿੱਖ ਸੰਗਤਾਂ ਦਾ ਧਨ ਪਦਾਰਥ ਗ੍ਰਹਿਣ ਕਰਕੇ ਸਫਲਾ ਕਰਿਆ ਕਰੋ ਤਾਂ ਹਜ਼ੂਰ ਨੇ ਮਾਇਆ ਨੂੰ ਦੁਖ ਰੂਪ ਜਣਾਉਂਦੇ ਹੋਇਆਂ, ਇਸ ਸ਼ਬਦ ਦੁਆਰਾ ਪਰਮ-ਪਵਿੱਤਰ ਉਪਦੇਸ਼ ਬਖ਼ਸ਼ਿਆ :—

**ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥**

ਹੇ ਗੁਰਸਿੱਖੋ! ਇਹ ਜੋ ਕੱਚਾ ਧਨ ਹੈ, ਇਸਨੂੰ ਬੇਸਮਝ ਮੂਰਖ ਪੁਰਸ਼ ਇਕੱਠਾ ਕਰਦੇ ਹਨ। ਯਥਾ :—

੧. *'ਬਾਬਾ ਮਾਇਆ ਸਾਥਿ ਨ ਹੋਇ ॥*
*ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥'*

[ਸੋਰਠਿ ਮਹਲਾ ੧, ਅੰਗ—੫੯੫]

੨. *'ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ॥*
*ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ॥'*

[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ—੯੩੫]

੩. *'ਇਨਿ ਮਾਇਆ ਜਗਦੀਸ ਗੁਸਾਈ ਤੁਮ੍ਹਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥੧॥'*

[ਬਿਲਾਵਲ ਸ੍ਰੀ ਕਬੀਰ ਜੀ, ਅੰਗ—੮੫੭]

੪. *'ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥'*

[ਆਸਾ ਮਹਲਾ ੧, ਅੰਗ—੪੧੭]

ਪ੍ਰਲੋਕ ਵਿਚ ਜੋ ਸਹਾਇਤਾ ਨਾ ਕਰ ਸਕੇ, ਉਸਨੂੰ ਕੱਚਾ ਧਨ ਕਹੀਦਾ ਹੈ। ਇਸ ਧਨ ਨੂੰ ਚੋਰ ਚੁਰਾ ਕੈ ਲੈ ਜਾਂਦੇ ਹਨ, ਅੱਗ ਸਾੜ ਦਿੰਦੀ ਹੈ, ਪਾਣੀ ਡੋਬ ਦਿੰਦਾ ਹੈ, ਹਾਕਮ ਡੰਨ ਦੇ ਕੇ ਖੋਹ ਲੈਂਦੇ ਹਨ। ਪਰ ਇਕ ਨਾਮ ਧਨ ਹੀ ਸੱਚਾ ਹੈ, ਜਿਸਨੂੰ :—

*'ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥'*

[ਧਨਾਸਰੀ ਮਹਲਾ ੫, ਅੰਗ—੬੭੯]

ਇਸ ਲਈ ਹੇ ਗੁਰਸਿੱਖੋ! ਸਾਨੂੰ ਇਸ ਕੱਚੇ ਧਨ ਦੀ ਲੋੜ ਨਹੀਂ ਹੈ, ਕਿਉਂਕਿ ਸਾਨੂੰ ਦਾਦਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਪਿਉ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਬਾਣੀ ਰੂਪ ਖ਼ਜ਼ਾਨਾ ਬਖ਼ਸ਼ਿਆ ਹੈ। ਯਥਾ :—

*'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥...॥੨॥*
*ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥'*

[ਗਉੜੀ ਗੁਆਰੇਰੀ ਮਹਲਾ ੫, ਅੰਗ—੧੮੬]

ਹੇ ਗੁਰਸਿੱਖੋ! ਨਾਮ ਧਨ ਹੀ ਇਕੱਠਾ ਕਰਨਾ ਚਾਹੀਦਾ ਹੈ, ਜੋ ਸਦਾ ਰਹਿਣ ਵਾਲਾ ਹੈ। ਯਥਾ :—

*'ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥*
*ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤਹੀ ਨ ਜਾਵੈ ॥੧॥*
*ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ ॥*
*ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧॥ਰਹਾਉ॥'*

[ਗਉੜੀ ਕਬੀਰ ਜੀ, ਅੰਗ—੩੩੬]

ਇਸ ਧਨ ਨੂੰ ਲੱਭਣ ਵਾਸਤੇ :—

*'ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ ॥*
*ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ ॥੨॥'*

[ਗਉੜੀ ਕਬੀਰ ਜੀ, ਅੰਗ—੩੩੬]

ਇਸ ਨਾਮ ਧਨ ਨੂੰ ਪਾ ਕੇ ਫਿਰ ਸ਼ਾਹੂਕਾਰ ਬਣ ਜਾਈਦਾ ਹੈ। ਯਥਾ :—

੧. *'ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥'*

[ਸੂਹੀ ਮਹਲਾ ੫, ਅੰਗ—੭੪੮]

੨. *'ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ ॥*
*ਸੋ ਛੁਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ ॥੨॥'*

[ਆਸਾ ਮਹਲਾ ੫, ਅੰਗ—੩੯੬-੯੭]

ਮਾਇਕੀ ਕੱਚੇ ਧਨ ਵਾਲਿਆਂ ਨੂੰ ਤਾਂ ਕੰਗਾਲ ਕਿਹਾ ਹੈ। ਯਥਾ :—

੧. *'ਕਹਿ ਕਬੀਰ ਨਿਰਧਨ ਹੈ ਸੋਈ ॥ ਜਾ ਕੈ ਹਿਰਦੈ ਨਾਮੁ ਨ ਹੋਈ ॥੪॥੮॥'*

[ਭੈਰਉ ਕਬੀਰ ਜੀ, ਅੰਗ—੧੧੫੯]

੨. *'ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥*
*ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥'*

[ਵਾਰ ਮਲਾਰ ਕੀ ਮਹਲਾ ੧, ਅੰਗ—੧੨੮੭]

## ਮਨਮੁਖ ਭੂਲੇ ਅੰਧ ਗਾਵਾਰ ॥

**ਮਨਮੁਖ** = ਮਨ ਨੂੰ ਮੁਖੀ ਰੱਖਣ ਵਾਲੇ **ਗਾਵਾਰ** = ਬੇਸਮਝ ਪੁਰਸ਼, **ਅੰਧ** = ਅੰਨ੍ਹੇ, ਅਗਿਆਨੀ ਵਾਹਿਗੁਰੂ ਨੂੰ ਭੁੱਲ ਗਏ ਹਨ।

## ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥

ਜੋ ਵਿਸ਼ਿਆਂ ਨੂੰ ਪੈਦਾ ਕਰਨ ਵਾਲਾ ਕੱਚਾ ਧਨ ਹੈ, ਇਸ ਕਰਕੇ ਸਦਾ ਦੁਖ ਹੀ ਹੁੰਦਾ ਹੈ। ਯਥਾ :—

*'ਬਿਖਿਆ ਮਹਿ ਕਿਨਹੀ ਤ੍ਰਿਪਤਿ ਨ ਪਾਈ ॥*
*ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥'*

[ਧਨਾਸਰੀ ਮਹਲਾ ੫, ਅੰਗ—੬੭੨]

## ਨਾ ਸਾਥਿ ਜਾਇ

ਇਹ ਪ੍ਰਲੋਕ ਵਿਚ ਨਾਲ ਨਹੀਂ ਜਾਂਦਾ।

(ੳ) ਬਾਬਾ ਬੀਰ ਸਿੰਘ ਜੀ ਦੌਧਰ ਵਾਲੇ ਜੋ ਰਾਗ ਵਿਦਿਆ ਸਿਖਾਉਂਦੇ ਹੁੰਦੇ ਸਨ, ਉਨ੍ਹਾਂ ਪਾਸ ਇਕ ਸੰਤ ਗੁਰਬਾਣੀ ਦਾ ਗੁਟਕਾ ਰੱਖ ਗਿਆ। ਦੇਵਨੇਤ ਨਾਲ ਕੁਝ ਦੇਰ ਬਾਅਦ ਉਹ ਸੰਤ ਮਰ ਗਿਆ। ਬਾਬਾ ਜੀ ਨੇ ਇਕ ਦਿਨ ਗੁਟਕਾ ਵੇਖਿਆ ਤਾਂ ਉਸ ਪਾਸ ਸਪੋਲੀਆ ਬੈਠਾ ਸੀ, ਜਦੋਂ ਗੁਟਕਾ ਪ੍ਰਕਾਸ਼ ਕੀਤਾ ਤਾਂ ਵਿਚੋਂ ਪੰਜ ਰੁਪਏ ਦਾ ਨੋਟ ਨਿਕਲਿਆ।

(ਅ) ਏਸੇ ਤਰ੍ਹਾਂ ਹੀ ਇਕ ਆਦਮੀ ਆਪਣੇ ਕੁਝ ਸਾਥੀਆਂ ਸਮੇਤ ਤੀਰਥ ਯਾਤਰਾ ਕਰਨ ਗਿਆ। ਪੰਦਰਾਂ ਪੌਂਡ ਬਾਹਰ ਝਾੜੀਆਂ ਵਿਚ ਰੱਖ ਗਿਆ, ਜੋ ਉਸਦੇ ਸਾਥੀਆਂ ਨੇ ਵੇਖ ਲਏ ਸਨ। ਉਹ ਆਦਮੀ ਬਿਮਾਰ ਹੋ ਕੇ ਉਥੇ ਤੀਰਥ 'ਤੇ ਹੀ ਮਰ ਗਿਆ। ਉਸਦੇ ਸਾਥੀਆਂ ਨੇ ਆ ਕੇ ਝਾੜੀਆਂ ਦੀਆਂ ਜੜ੍ਹਾ ਫਰੋਲੀਆਂ ਤਾਂ ਪੌਂਡਾਂ ਕੋਲ ਛੋਟਾ ਜਿਹਾ ਸਪੋਲੀਆ ਬਣਿਆ ਬੈਠਾ ਸੀ। ਹਜ਼ੂਰ ਨੇ ਤਾਂ ਹੀ ਫ਼ੁਰਮਾਇਆ ਹੈ :—

੧. *'ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥੧॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ਰਹਾਉ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥*
*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥*
*ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥'*

[ਗੂਜਰੀ ਸ੍ਰੀ ਤ੍ਰਿਲੋਚਨ ਜੀ, ਅੰਗ—੫੨੬]

੨. *'ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥੬॥'*

[ਗਉੜੀ ਮਹਲਾ ੫, ਅੰਗ—੨੪੨]

ਇਸ ਮਾਇਕੀ ਧਨ ਨੇ ਨਾਲ ਤਾਂ ਕੀ ਜਾਣਾ ਹੈ, ਸਗੋਂ ਜੀਵ ਨੂੰ ਵੀ ਇਥੇ ਹੀ ਰੱਖ ਲੈਂਦਾ ਹੈ।

## ਸਾਖੀ : ਦੁਨੀਚੰਦ ਦੀ

ਸ੍ਰੀ ਗੁਰੂ ਨਾਨਕ ਦੇਵ ਜੀ ਜੀਵਾਂ ਨੂੰ ਤਾਰਦੇ ਹੋਏ ਜਦੋਂ ਲਾਹੌਰ ਪਹੁੰਚੇ ਤਾਂ ਉਥੋਂ ਦਾ ਇਕ ਬੜਾ ਅਮੀਰ ਬਾਣੀਆਂ ਦੁਨੀਚੰਦ, ਜਿਸ ਨੇ ਛਲ-ਫਰੇਬ ਕਰਕੇ ਸੱਤ ਲੱਖ ਰੁਪਏ ਜਮ੍ਹਾਂ ਕੀਤੇ ਹੋਏ ਸਨ। ਅੱਗੇ ਹੀ ਉਸਨੇ ਮਹਾਰਾਜ ਸਾਹਿਬ ਜੀ ਦੀ ਮਹਿਮਾ ਸੁਣੀ ਹੋਈ ਸੀ। ਜਦੋਂ ਪਤਾ ਲੱਗਾ ਕਿ ਸਤਿਗੁਰੂ ਜੀ ਆਏ ਹਨ ਤਾਂ ਬੇਨਤੀ ਕਰਕੇ ਆਪਣੇ ਘਰ ਲੈ ਗਿਆ, ਸੇਵਾ ਪੁੱਛੀ। ਤਾਂ ਹਜ਼ੂਰ ਨੇ ਕਿਹਾ, "ਆਹ! ਸਾਡੀ ਸੂਈ ਸਾਂਭ ਰੱਖੀਂ, ਅਸੀਂ ਪ੍ਰਲੋਕ ਵਿਚ ਤੇਰੇ ਪਾਸੋਂ ਲਵਾਂਗੇ, ਇਹੀ ਸੇਵਾ ਹੈ।" ਬਾਣੀਆਂ ਸੂਈ ਲੈ ਕੇ ਘਰ ਆ ਗਿਆ, ਆਪਣੀ ਘਰ ਵਾਲੀ ਨੂੰ ਕਹਿਣ ਲੱਗਾ, "ਭਾਗਾਂ ਵਾਲੀਏ! ਇਸਨੂੰ ਸਾਂਭ ਕੇ ਰੱਖ, ਸਤਿਗੁਰੂ ਜੀ ਨੂੰ ਇਹ ਪ੍ਰਲੋਕ ਵਿਚ ਦੇਵਾਂਗੇ।" ਘਰ ਵਾਲੀ ਸਿਆਣੀ ਸੀ, ਕਿਹਾ, "ਪ੍ਰਲੋਕ ਵਿਚ ਤਾਂ ਆਪਣਾ ਸਰੀਰ ਵੀ ਨਾਲ ਨਹੀਂ ਜਾਣਾ ਤੂੰ ਸੂਈ ਕਿਸ ਤਰ੍ਹਾਂ ਨਾਲ ਲੈ ਜਾਵੇਂਗਾ ?" ਤਾਂ ਵਾਪਸ ਆ ਕੇ ਮਹਾਰਾਜ ਜੀ ਨੂੰ ਸੂਈ ਮੋੜਨ ਲੱਗਾ। ਮਹਾਰਾਜ ਸਾਹਿਬ ਜੀ ਨੇ ਸਮਝਾਇਆ, "ਜੇਕਰ ਇਹ ਛੋਟੀ ਜਿਹੀ ਸੂਈ ਨਾਲ ਨਹੀਂ ਜਾਣ ਤਾਂ ਜਿਹੜਾ ਤੂੰ ਪਾਪ, ਛਲ, ਫਰੇਬ ਕਰਕੇ ਸੱਤ ਲੱਖ ਰੁਪਈਆ ਜਮ੍ਹਾ ਕੀਤਾ ਹੈ, ਕੀ ਉਸਨੂੰ ਨਾਲ ਲੈ ਜਾਵੇਂਗਾ ?" ਸਮਝ ਆ ਗਈ। ਬੇਨਤੀ ਕੀਤੀ, "ਜੀ! ਨਾਲ ਕਿਸਨੇ ਜਾਣਾ ਹੈ ?" ਤਾਂ ਮਹਾਰਾਜ ਸਾਹਿਬ ਜੀ ਨੇ ਵਾਹਿਗੁਰੂ ਨਾਮ ਜਪਣ ਦਾ ਅਤੇ ਸਤਿਸੰਗਤ ਕਰਨ ਦਾ ਉਪਦੇਸ਼ ਦਿੱਤਾ। ਸਾਰਾ ਧਨ ਗ਼ਰੀਬਾਂ ਨੂੰ ਵੰਡ ਦਿੱਤਾ ਅਤੇ ਨਾਮ ਜਪਣ ਲੱਗ ਪਿਆ, ਗੁਰੂ-ਪ੍ਰਮੇਸ਼ਰ ਦਾ ਪ੍ਰੇਮੀ ਬਣ ਗਿਆ, ਇਸ ਤਰ੍ਹਾਂ ਉਸਦਾ ਉਧਾਰ ਹੋਇਆ।

## ਨ ਪਰਾਪਤਿ ਹੋਇ ॥੧॥

ਜਿਤਨੀ ਮਾਇਆ ਦੀ ਇੱਛਾ ਹੁੰਦੀ ਹੈ, ਉਤਨਾ ਧਨ ਪ੍ਰਾਪਤ ਵੀ ਨਹੀਂ ਹੁੰਦਾ।

## ਸਾਖੀ : ਕਾਰੂ ਬਾਦਸ਼ਾਹ ਦੀ

ਕਾਰੂ ਬਾਦਸ਼ਾਹ ਨੇ ਚਾਲੀ ਗੰਜ ਧਨ ਜੋੜਿਆ ਸੀ। ਆਪਣੀ ਨੌਜਵਾਨ ਲੜਕੀ ਨੂੰ ਬਜ਼ਾਰ ਵਿਚ ਖੜ੍ਹੀ ਕਰ ਦਿੱਤਾ ਅਤੇ ਕਿਹਾ, "ਜਿਹੜਾ ਇਕ ਰੁਪਈਆ ਦੇਵੇਗਾ, ਉਸਨੂੰ ਮੈਂ ਆਪਣੀ ਲੜਕੀ ਦੇ ਦੇਵਾਂਗਾ।" ਇਕ ਲੜਕੇ ਨੇ ਆਪਣੀ ਮਾਤਾ ਨੂੰ ਘਰ ਜਾ ਕੇ ਕਿਹਾ, "ਮਾਤਾ ਜੀ! ਮੈਨੂੰ ਇਕ ਰੁਪਈਆ ਚਾਹੀਦਾ ਹੈ, ਮੈਂ ਰਾਜੇ ਦੀ ਲੜਕੀ ਨਾਲ ਸ਼ਾਦੀ ਕਰਵਾਉਣੀ ਹੈ।" ਮਾਂ ਨੇ ਕਿਹਾ, "ਬੇਟਾ! ਰਾਜੇ ਨੇ ਤਾਂ ਕਿਸੇ ਪਾਸ ਧੇਲਾ ਵੀ ਨਹੀਂ ਛੱਡਿਆ, ਤੈਨੂੰ ਰੁਪਈਆ ਕਿਥੋਂ ਦੇਵਾਂ ?" ਲੜਕੇ ਦੇ ਬਹੁਤਾ ਹਠ ਕਰਨ 'ਤੇ ਮਾਂ ਨੇ ਕਿਹਾ, "ਤੇਰੇ

ਬਾਪ ਦੇ ਮੂੰਹ ਵਿਚ ਰੁਪਈਆ ਪਾ ਕੇ ਕਬਰ ਵਿਚ ਦੱਬਿਆ ਸੀ, ਜੇ ਨਹੀਂ ਰਿਹਾ ਜਾਂਦਾ ਤਾਂ ਕਬਰ ਪੁੱਟ ਕੇ ਕੱਢ ਲਿਆ।" ਮੁੰਡੇ ਨੇ ਇਸੇ ਤਰ੍ਹਾਂ ਹੀ ਕੀਤਾ। ਜਦ ਰਾਜੇ ਨੂੰ ਪਤਾ ਲੱਗਾ ਕਿ ਰੁਪਈਆ ਕਬਰ ਪੁੱਟ ਕੇ ਮੁਰਦੇ ਦੇ ਮੂੰਹ ਵਿਚੋਂ ਕੱਢ ਕੇ ਲਿਆਂਦਾ ਹੈ ਤਾਂ ਆਪਣੀ ਲੜਕੀ ਤਾਂ ਉਸਨੂੰ ਕੀ ਦੇਣੀ ਸੀ, ਸਗੋਂ ਸਭ ਕਬਰਾਂ ਪੁਟਾ ਕੇ ਸਾਰੇ ਮੁਰਦਿਆਂ ਦੇ ਮੂੰਹਾਂ ਵਿਚੋਂ ਰੁਪਏ ਕੱਢ ਲਏ ਸਨ, ਫਿਰ ਵੀ ਇੱਛਾ ਬਣੀ ਹੀ ਰਹੀ ਸੀ। ਯਥਾ :—

੧. *'ਸਹਸ ਖਟੇ ਲਖ ਕਉ ਉਠਿ ਧਾਵੈ ॥*
*ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥'*

[ਗਉੜੀ ਸੁਖਮਨੀ ਮ: ੫, ਅੰਗ—੨੭੮-੭੯]

੨. *'ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ਰਹਾਉ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥੧॥'*

[ਰਾਗੁ ਗਉੜੀ ਮਹਲਾ ੫, ਅੰਗ—੨੧੩]

ਤਾਂ ਹੀ ਭਰਥਰੀ ਜੀ ਨੇ ਕਿਹਾ ਹੈ :—

*'ਤ੍ਰਿਸਨਾ ਚਿਤ ਵਿਸਾਲ ਜਹਿ, ਵਹੀ ਪਰਮ ਕੰਗਾਲ ॥੩੨॥'*

[ਵੈਰਾਗ ਸ਼ੱਤਕ, ਅਧਿਆਇ-੭, ਕ੍ਰਿਤ ਯੋਗੀ ਰਾਜ ਭਰਥਰੀ ਜੀ]

ਨਸੀਹਤਨਾਮੇ ਵਿਚ ਜ਼ਿਕਰ ਆਉਂਦਾ ਹੈ :—

*'ਚਾਲੀਗੰਜ ਜੋੜੇ ਨ ਰਖਿਓ ਈਮਾਨ ॥ ਦੇਖੋ ਰੇ ਲੋਕੋ ਕਾਰੂ ਹੋਤਾ ਪਰੇਸ਼ਾਨ ॥'*

## ਸਾਚਾ ਧਨੁ ਗੁਰਮਤੀ ਪਾਏ ॥

ਸੱਚਾ ਜੋ ਨਾਮ ਧਨ ਹੈ, ਗੁਰ ਸਿਖਿਆ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਯਥਾ :—

*'ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥'*

[ਗਉੜੀ ਸੁਖਮਨੀ ਮ: ੫, ਅੰਗ—੨੮੮]

## ਕਾਚਾ ਧਨੁ ਫੁਨਿ ਆਵੈ ਜਾਏ ॥ਰਹਾਉ॥

**ਕਾਚਾ** = ਕੱਚਾ ਮਾਇਕੀ ਧਨ ਆ ਕੇ **ਫੁਨਿ** = ਫਿਰ ਚਲਾ ਜਾਂਦਾ ਹੈ। ਯਥਾ :—

*'ਮਾਈ ਮਾਇਆ ਛਲੁ ॥*
*ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥'*

[ਟੋਡੀ ਮਹਲਾ ੫, ਅੰਗ—੭੧੭]

## ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥

ਸਾਰੇ ਬੇਸਮਝ ਮਨਮੁਖ ਅਗਿਆਨ ਕਰਕੇ ਵਾਹਿਗੁਰੂ ਨੂੰ ਭੁੱਲ ਗਏ ਹਨ, ਇਸ ਕਰਕੇ ਮਰਦੇ-ਜੰਮਦੇ ਰਹਿੰਦੇ ਹਨ।

## ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥

ਸੰਸਾਰ ਰੂਪ ਸਮੁੰਦਰ ਦੇ ਵਿਸ਼ਿਆਂ, ਵਾ :—ਪਦਾਰਥਾਂ ਰੂਪ ਜਲ ਵਿਚ ਡੁੱਬ ਜਾਂਦੇ ਹਨ, **ਨ ਉਰਵਾਰਿ** = ਉਰਲਾ ਕਿਨਾਰਾ ਸੰਸਾਰ, ਜੋ ਨਾਮ ਜਪ ਕੇ ਗਿਆਨ ਸਹਿਤ ਹੋਣਾ ਸੀ, ਨਾ ਪ੍ਰਾਪਤ ਹੋਇਆ, **ਨ ਪਾਰਿ** = ਪਾਰਲਾ ਕਿਨਾਰਾ ਜੋ ਮੁਕਤੀ ਪ੍ਰਾਪਤ ਕਰਨੀ ਸੀ, ਵਾਹਿਗੁਰੂ ਵਿਚ ਅਭੇਦ ਹੋਣਾ ਸੀ, ਨਾ ਪ੍ਰਾਪਤ ਹੋਇਆ। ਭਾਵ ਨਾ ਇਸ ਲੋਕ ਦਾ ਸੁਖ ਪ੍ਰਾਪਤ ਹੋਇਆ ਅਤੇ ਨਾ ਹੀ ਪ੍ਰਲੋਕ ਦਾ ਸੁਖ ਪ੍ਰਾਪਤ ਹੋਇਆ।

## ਸਤਿਗੁਰੁ ਭੇਟੇ ਪੂਰੈ ਭਾਗਿ ॥

ਪੂਰੇ ਚੰਗੇ ਭਾਗਾਂ ਕਰਕੇ ਸਤਿਗੁਰੂ ਜੀ ਮਿਲਦੇ ਹਨ। ਯਥਾ :—

੧. *'ਵਡੈ ਭਾਗਿ ਭੇਟੇ ਗੁਰਦੇਵਾ ॥'* [ਧਨਾਸਰੀ ਮਹਲਾ ੫, ਅੰਗ—੬੮੩-੮੪]

੨. *'ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥'*
[ਸੋਰਠਿ ਮਹਲਾ ੫, ਅੰਗ—੬੦੯]

੩. *'ਜਿਨ੍ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥'*
[ਆਸਾ ਮਹਲਾ ੪, ਅੰਗ—੪੫੦]

## ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥

ਜਿਨ੍ਹਾਂ ਨੇ ਮਨ ਨੂੰ ਸੱਚੇ ਨਾਮ ਵਿਚ ਰੰਗਿਆ ਹੈ, ਉਹ ਦਿਨ-ਰਾਤ ਵਿਰਾਗ ਸਹਿਤ ਰਹਿੰਦੇ ਹਨ। ਯਥਾ :—

੧. *'ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥*
*ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥'*
[ਆਸਾ ਮਹਲਾ ੪, ਅੰਗ—੪੪੪]

੨. *'ਵਿਰਾਗ ਲੱਛਣ ॥ ਦੋਹਰਾ ॥*
*ਬ੍ਰਹਮ ਲੋਕ ਲੌ ਭੋਗ ਜੋ, ਚਹੈ ਸਭਨ ਕੋ ਤਿਆਗ ॥*
*ਵੇਦ ਅਰਥ ਗਿਆਤਾ ਮੁਨੀ, ਕਹਤ ਤਾਹਿ ਵਿਰਾਗ ॥੧੪॥'*
[ਵਿਚਾਰ ਸਾਗਰ, ਤਰੰਗ-੧]

## ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥

ਅੰਮ੍ਰਿਤ ਰੂਪ ਸੱਚੀ ਬਾਣੀ ਚਹੁ ਜੁਗਾਂ ਵਿਚ ਜੀਵਾਂ ਦਾ ਉਧਾਰ ਕਰਨ ਵਾਲੀ ਹੈ। ਯਥਾ :—

੧. *'ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮਗਤਿ ਮੇਰੀ ॥*
*ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥'*
[ਮਾਝ ਮਹਲਾ ੫, ਅੰਗ—੧੦੩]

੨. *'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥*
*ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥'*
[ਮਲਾਰ ਮਹਲਾ ੧, ਅੰਗ—੧੨੭੫]

੩. *'ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥'*
[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ—੯੩੫]

੪. *'ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥'*
[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੨]

## ਪੂਰੈ ਭਾਗਿ ਹਰਿ ਨਾਮਿ ਸਮਾਣੀ ॥

ਚੰਗੇ ਭਾਗਾਂ ਕਰਕੇ ਹਰੀ ਨਾਮ-ਬਾਣੀ ਹਿਰਦੇ ਵਿਚ ਸਮਾਉਂਦੀ ਹੈ, ਭਾਵ ਵੱਸਦੀ ਹੈ। ਯਥਾ :—

*'ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥*
*ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥੮॥੨॥'*
[ਵਡਹੰਸੁ ਮਹਲਾ ੪, ਅੰਗ—੫੬੫]

## ਸਿਧ ਸਾਧਿਕ ਤਰਸਹਿ ਸਭਿ ਲੋਇ ॥

ਇਸ ਗੁਰਬਾਣੀ ਨੂੰ **ਸਿਧ** = ਸਿਧੀਆਂ ਸਪੰਨ, **ਸਾਧਿਕ** = ਸਾਧਨਾ ਕਰਨ ਵਾਲੇ ਸਾਰੇ ਲੋਕ **ਤਰਸਹਿ** = ਚਾਹੁੰਦੇ ਹਨ ਕਿ ਸਾਨੂੰ ਗੁਰਬਾਣੀ ਪ੍ਰਾਪਤ ਹੋਵੇ, ਪਰ :—

## ਪੂਰੈ ਭਾਗਿ ਪਰਾਪਤਿ ਹੋਇ ॥੩॥

ਪੂਰੇ ਭਾਗਾਂ ਕਰਕੇ ਹੀ ਗੁਰਬਾਣੀ ਪ੍ਰਾਪਤ ਹੁੰਦੀ ਹੈ।

## ਸਭੁ ਕਿਛੁ ਸਾਚਾ ਸਾਚਾ ਹੈ ਸੋਇ॥

**ਸੋਇ** = ਉਹ ਨਾਮ ਬਾਣੀ ਦੀ ਪ੍ਰਾਪਤੀ ਵਾਲਾ ਆਪ ਸੱਚਾ ਹੈ ਅਤੇ ਸੰਸਾਰ ਵਿਚ ਸਭ ਕੁਛ ਹੀ ਉਸਨੂੰ ਸੱਚਾ ਪ੍ਰਤੀਤ ਹੁੰਦਾ ਹੈ। ਯਥਾ :—

੧. *'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥'*
[ਆਸਾ ਦੀ ਵਾਰ, ਮਹਲਾ ੨, ਅੰਗ—੪੬੩]

੨. *'ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ,*
*ਹਰਿ ਰੂਪੁ ਨਦਰੀ ਆਇਆ॥'*
[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੨]

੩. *'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥*
*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥*
*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥੨॥'*
[ਆਸਾ ਸ੍ਰੀ ਨਾਮਦੇਵ ਜੀ, ਅੰਗ—੪੮੫]

੪. *'ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ॥*
*ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ॥੪॥'*
[ਸਿਰੀ ਰਾਗੁ ਮਹਲਾ ੫, ਅੰਗ—੫੧]

੫. *'ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥'*
[ਦਸਮ, ਅੰਗ—੨੬]

੬. *'ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥*
*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥'*
[ਥਿਤੀ ਗਉੜੀ ਮਹਲਾ ੫, ਅੰਗ—੨੯੬]

੭. *'ਸਰਬੀ ਰੰਗੀ ਰੂਪੀ ਤੂੰ ਹੈ ਤਿਸੁ ਬਖਸੇ ਜਿਸੁ ਨਦਰਿ ਕਰੇ॥੧॥'*
[ਆਸਾ ਮਹਲਾ ੧, ਅੰਗ—੩੫੫]

੮. *'ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ॥'*
[ਆਸਾ ਮਹਲਾ ੧, ਅੰਗ—੩੫੦]

੯. *'ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥'*

[ਤਿਲੰਗ ਮਹਲਾ ੫, ਅੰਗ—੭੨੪]

੧੦. *'ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥੧॥'*

[ਧਨਾਸਰੀ ਮਹਲਾ ੫, ਅੰਗ—੬੭੭]

## ਉਤਮ ਬ੍ਰਹਮੁ ਪਛਾਣੈ ਕੋਇ ॥

ਜੋ ਉੱਤਮ ਬ੍ਰਹਮ ਹੈ, ਉਸਨੂੰ ਕੋਈ ਵਿਰਲਾ ਹੀ ਪਛਾਣਦਾ ਹੈ। ਯਥਾ :—

*'ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥੩॥'*

[ਰਾਗੁ ਗਉੜੀ ਮਾਝ ਮਹਲਾ ੫, ਅੰਗ—੨੧੮]

**ਇਕੁ** = ਬ੍ਰਹਮ ਗਿਆਨੀ, **ਅਧੁ** = ਜਗਿਆਸੂ, ਨਾਮ ਜਪ ਕੇ ਉੱਤਮ ਬ੍ਰਹਮ ਨੂੰ ਪਛਾਣਦਾ ਹੈ। ਵਾਹਿਗੁਰੂ ਦੀ ਪ੍ਰਾਪਤੀ ਚਾਹੁਣ ਵਾਲਾ ਤਾਂ ਕੋਈ ਵਿਰਲਾ ਹੀ ਹੈ। ਯਥਾ :—

੧. *'ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥'*

[ਗੂਜਰੀ ਮਹਲਾ ੫, ਅੰਗ—੪੯੫]

੨. *'ਕੋਟਨ ਮੈ ਨਾਨਕ ਕੋਊ ਨਾਰਾਇਨ ਜਿਹ ਚੀਤਿ ॥੨੪॥'*

[ਸਲੋਕ ਮਹਲਾ ੯, ਅੰਗ—੧੪੨੭]

## ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥

**ਸਚੁ** = ਨਿਸ਼ਚੇ ਕਰਕੇ ਸੱਚਾ ਪ੍ਰਭੂ ਆਪ ਹੀ ਗੁਰੂ ਰੂਪ ਹੋ ਕੇ ਸੱਚੇ ਨਾਮ ਨੂੰ ਦ੍ਰਿੜ੍ਹ ਕਰਵਾਉਂਦਾ ਹੈ।

## ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥੪॥੭॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤੀਜਾ ਸਰੂਪ ਸਤਿਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਆਪ ਹੀ ਸਾਰਿਆਂ ਨੂੰ ਵੇਖਦਾ ਹੈ ਅਤੇ ਆਪ ਹੀ ਆਪਣੇ ਸੱਚ ਸਰੂਪ ਵਿਚ ਲਾਉਂਦਾ ਹੈ।

ਇਉਂ ਨਾਮ-ਬਾਣੀ ਦੇ ਆਸਰੇ ਹੀ ਸਤਿਗੁਰਾਂ ਦੀ ਕਿਰਪਾ ਨਾਲ ਛਲ ਰੂਪ ਮਾਇਕੀ ਧਨ ਤੋਂ ਬਚਿਆ ਜਾ ਸਕਦਾ ਹੈ।

ਪ੍ਰਸ਼ਨ :—ਮਾਇਆ ਦਾ ਸਰੂਪ ਕੀ ਹੈ ? ਉੱਤਰ :—

*'ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੧]

ਹਜ਼ੂਰ ਨੇ ਮਾਇਆਧਾਰੀ ਨੂੰ :—

*'ਮਾਇਆਧਾਰੀ ਅਤਿ ਅੰਨਾ ਬੋਲਾ ॥'* [ਗਉੜੀ ਕੀ ਵਾਰ, ਮ: ੩, ਅੰਗ—੩੧੩]

ਕਿਹਾ ਹੈ। ਜਿਸਨੇ ਜ਼ਿੰਦਗੀ ਨੂੰ ਮਾਇਆ ਇਕੱਠੀ ਕਰਨ ਦਾ ਨਿਸ਼ਾਨਾ ਬਣਾਇਆ ਹੈ, ਉਸਦੇ ਪਾਸ ਭਾਵੇਂ ਸੌ ਰੁਪਿਆ ਹੀ ਹੈ ਤਾਂ ਵੀ ਉਹ ਮਾਇਆਧਾਰੀ ਹੈ। ਪਰ ਜਿਸਨੇ ਆਪਣੀ ਜ਼ਿੰਦਗੀ ਨੂੰ ਪ੍ਰਭੂ ਪ੍ਰਾਪਤੀ ਦਾ ਨਿਸ਼ਾਨਾ ਬਣਾਇਆ ਹੈ, ਨਿਰਯਤਨ ਭਾਵੇਂ ਲੱਖਾਂ ਰੁਪਏ ਉਸਦੇ ਪਾਸ ਆ ਜਾਂਦੇ ਹਨ, ਜੇ ਉਹਨਾਂ ਨਾਲ ਮੋਹ ਨਹੀਂ ਕਰਦਾ, ਪਰਉਪਕਾਰ ਲਈ ਲਾਉਂਦਾ ਰਹਿੰਦਾ ਹੈ। ਜਿਵੇਂ ਕਿ ਗੁਰੂ ਕੇ ਲੰਗਰ, ਗੁਰਦੁਆਰਿਆਂ ਦੀਆਂ ਇਮਾਰਤਾਂ, ਧਾਰਮਿਕ ਵਿਦਿਆਲਿਆਂ, ਧਰਮ ਪ੍ਰਚਾਰ ਅਤੇ ਗ਼ਰੀਬਾਂ ਅਭਿਆਗਤਾਂ ਲਈ 'ਗੁਰੂ ਪ੍ਰਮੇਸ਼ਰ' ਦੀ ਪ੍ਰਸੰਨਤਾ ਵਾਸਤੇ ਖ਼ਰਚ ਕਰਦਾ ਹੈ, ਤਾਂ ਉਹ ਮਾਇਆਧਾਰੀ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਦੀ ਨਵਿਰਤੀ, ਤਿਆਗ ਚਾਹੀਦਾ ਹੈ। ਸੁਤੇ ਨਿਰਯਤਨ ਪਾਸ ਆਈ ਮਾਇਆ ਗੁਰੂ-ਘਰ ਅਤੇ ਗੁਰਸਿੱਖਾਂ ਵਾਸਤੇ ਖ਼ਰਚ ਕਰੇ।

ਜੇ ਪ੍ਰਤੱਖ ਮਾਇਆ ਤਿਆਗ ਦੇਵੇ, ਪਰ ਹੰਕਾਰ ਨਾ ਛੱਡੇ ਤਾਂ ਭਗਤ ਕਬੀਰ ਸਾਹਿਬ ਜੀ ਇਸ ਤਰ੍ਹਾਂ ਕਥਨ ਕਰਦੇ ਹਨ :—

*'ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥'*

[ਸਲੋਕ ਕਬੀਰ, ਅੰਗ—੧੩੭੨]

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

## ੩੨.

### ਧਨਾਸਰੀ ਮਹਲਾ ੪ ॥ [ਅੰਗ—੬੬੭]

### ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸਾਜੀ ਨਿਵਾਜੀ ਪਰਮ ਸਨਮਾਨ ਯੋਗ ਗੁਰੂ ਰੂਪ ਖ਼ਾਲਸਾ ਸਾਧਸੰਗਤ ਜੀ ! ਧੰਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ, ਜਿਨ੍ਹਾਂ ਬਾਰੇ ਭਾਈ ਗੁਰਦਾਸ ਸਾਹਿਬ ਜੀ ਇਉਂ ਲਿਖਦੇ ਹਨ :—

੧. *'ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ।*
*ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।'*

[ਵਾਰ-੧, ਪਉੜੀ-੪੭]

੨. *'ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥*
*ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥*
*ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥*
*ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥*
*ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸ ਪਰਵਾਰਿਆ ॥'*

[ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਅੰਗ—੯੬੮]

ਭੱਟ ਵੀ ਸਵੱਈਆਂ ਵਿਚ ਇਉਂ ਕਥਨ ਕਰਦੇ ਹਨ :—

*'ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਹਿਉ ॥*
*ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਹਿਉ ॥'*

[ਸਵਈਏ ਮਹਲੇ ਚਉਥੇ ਕੇ, ਸਲ੍ਯ ਭੱਟ, ਅੰਗ—੧੪੦੬]

ਇਕ ਵਾਰ ਆਪ ਜੀ ਦੇ ਦਰਸ਼ਨ ਕਰਨ ਵਾਸਤੇ ਬਾਬਾ ਸ੍ਰੀ ਚੰਦ ਜੀ ਆਏ ਤਾਂ ਆਪ ਜੀ ਨੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ। ਬਾਬਾ ਸ੍ਰੀ ਚੰਦ ਜੀ ਨੇ ਆਪ ਜੀ ਦਾ ਲੰਮਾ ਦਾੜ੍ਹਾ ਵੇਖ ਕੇ ਕਿਹਾ, "ਦਾੜ੍ਹਾ ਇਤਨਾ ਲੰਬਾ ਕਿਉਂ ਵਧਾਇਆ ਹੈ ?" ਤਾਂ ਸਤਿਗੁਰਾਂ ਨੇ ਬਾਬਾ ਸ੍ਰੀ ਚੰਦ ਜੀ ਦੇ ਚਰਨਾਂ ਵੱਲ ਦਾੜ੍ਹਾ ਕਰਕੇ ਕਿਹਾ, "ਆਪ ਜੈਸੇ ਮਹਾਂਪੁਰਖਾਂ ਦੇ ਚਰਨ ਝਾੜਨ ਵਾਸਤੇ।" ਇਹ ਸੁਣ ਕੇ ਬਾਬਾ ਸ੍ਰੀ ਚੰਦ ਜੀ ਨੇ ਕਿਹਾ, "ਆਪ ਜੀ

ਇਹਨਾਂ ਨਿਮਰਤਾ ਆਦਿਕ ਸ਼ੁਭ ਗੁਣਾਂ ਕਰਕੇ ਹੀ ਗੁਰਤਾ ਗੱਦੀ ਦੇ ਮਾਲਕ ਬਣੇ ਹੋ, ਅਸੀਂ ਹੰਕਾਰ ਕਰਕੇ ਖ਼ਾਲੀ ਰਹਿ ਗਏ ਹਾਂ।"

ਆਪ ਜੀ ਦਾ ਸੁਭਾਅ ਬਹੁਤ ਹੀ ਹਸਮੁਖ ਅਤੇ ਸ਼ਾਂਤ ਸੀ। ਸਿੱਖਾਂ ਨੇ ਆਪ ਜੀ ਅੱਗੇ ਬੇਨਤੀ ਕੀਤੀ, "ਮਹਾਰਾਜ ਜੀ! ਕਲਿਜੁਗ ਬਹੁਤ ਤੇਜ਼ੀ ਨਾਲ ਵਰਤ ਰਿਹਾ ਹੈ। ਖਿਨ-ਖਿਨ ਕਾਲ ਅੰਦਰ ਸੁਭਾਵਾਂ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਝੱਟ ਹੀ ਮਨ ਮਰਜ਼ੀ ਨਾਲ ਅਉਗਣ ਕਰ ਲੈਂਦੇ ਹਾਂ। ਜਿਸ ਕਰਕੇ ਮਨ ਕਦੇ ਮੋਟਾ ਨਾ ਹੋਵੇ ਅਤੇ ਸਦਾ ਹੀ ਆਪ ਜੀ ਦੇ ਸਨਮੁਖ ਰਹੀਏ ਐਸਾ ਉਪਦੇਸ਼ ਬਖ਼ਸ਼ੋ। ਇਹ ਬੇਨਤੀ ਸੁਣ ਕੇ ਸਤਿਗੁਰੂ ਜੀ ਇਸ ਤਰ੍ਹਾਂ ਪਰਮ-ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ। ਪਹਿਲੀਆਂ ਤੁਕਾਂ ਵਿਚ ਸਿੱਖਾਂ ਵੱਲੋਂ ਪ੍ਰਸ਼ਨ ਹਨ ਕਿ ਸਾਡੀ ਅਜਿਹੀ ਹਾਲਤ ਹੈ:—

## ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ

ਅਸੀਂ **ਅੰਧੁਲੇ** = ਅੰਨ੍ਹੇ, ਅਗਿਆਨੀ, **ਅੰਧ** = ਅੰਨ੍ਹਿਆਂ ਕਰਨ ਵਾਲੇ **ਬਿਖੁ** = ਵਿਸ਼ਿਆਂ ਦੇ **ਬਿਖੈ** = ਵਿਚ ਤਦਾਕਾਰ ਹੋ ਰਹੇ ਹਾਂ।

ਬਾਹਰਲੀਆਂ ਚਮੜੇ ਦੀਆਂ ਅੱਖਾਂ ਤੋਂ ਭਾਵੇਂ ਕਿਤਨਾ ਦਿਸਦਾ ਹੈ, ਪਰ ਮਨ-ਬੁੱਧ ਰੂਪ ਨੇਤ੍ਰਾਂ ਵਿਚ ਭਰਮ ਦੇ ਫੋਲੇ ਪਏ ਹੋਏ ਹਨ, ਵਿਚਾਰ ਰੂਪ ਨਿਗ੍ਹਾ ਨਹੀਂ ਹੈ, ਇਸ ਕਰਕੇ ਅਸੀਂ ਅੰਨ੍ਹਿਆਂ ਦੀ ਗਿਣਤੀ ਵਿਚ ਹਾਂ, ਕਿਉਂਕਿ:—

*'ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੩॥'*

[ਮਾਰੂ ਵਾਰ ਮਹਲਾ ੫, ਅੰਗ—੧੧੦੦]

ਜਿਨ੍ਹਾਂ ਨੂੰ ਮੁਖ ਦੇ ਨੇਤ੍ਰਾਂ ਤੋਂ ਦਿਸਦਾ ਨਹੀਂ, ਉਹ ਅੰਨ੍ਹੇ ਨਹੀਂ ਹਨ। ਉਨ੍ਹਾਂ ਬਾਬਤ ਤਾਂ ਸਤਿਗੁਰੂ ਜੀ ਇਉਂ ਫ਼ੁਰਮਾਉਂਦੇ ਹਨ:—

*'ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥*
*ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥'*

[ਰਾਮਕਲੀ ਕੀ ਵਾਰ, ਸਲੋਕ ਮਃ ੨, ਅੰਗ—੯੫੪]

**ਬਿਖੁ** = ਵਿਸ਼ੇ:—ਸ਼ਬਦ, ਸਪਰਸ਼, ਰੂਪ, ਰਸ, ਗੰਧ, ਇਹਨਾਂ **ਬਿਖੈ** = ਵਿਚ **ਰਾਤੇ** = ਪ੍ਰੇਮ ਕਰਦੇ ਹਾਂ, ਭਾਵ ਖਚਤ ਹਾਂ, ਇਹ ਵਿਸ਼ੇ ਬਹੁਤ ਹੀ ਦੁਖਦਾਇਕ ਹਨ।

(ੳ) **ਸ਼ਬਦ**:—ਘੰਡੇਹੇੜੇ ਦਾ ਸ਼ਬਦ (ਅਵਾਜ਼) ਸੁਣ ਕੇ ਮ੍ਰਿਗ ਬੱਝ ਜਾਂਦਾ ਹੈ। ਯਥਾ:—

*'ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ,*
*ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ ॥'*

[ਆਸਾ ਮਹਲਾ ੫, ਅੰਗ—੪੬੨]

(ਅ) **ਸਪਰਸ਼ :**—ਸਪਰਸ਼ ਕਰਕੇ ਹਾਥੀ ਸਾਰੀ ਉਮਰ ਕੁੰਡੇ ਸਹਾਰਦਾ ਰਹਿੰਦਾ ਹੈ। ਯਥਾ :—

*'ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ।'*

[ਭਾਈ ਗੁਰਦਾਸ ਜੀ, ਵਾਰ-੨੭, ਪਉੜੀ-੩]

ਹਾਥੀ ਨੂੰ ਪਕੜਨ ਵਾਲੇ ਇਕ ਬੜਾ ਵੱਡਾ ਟੋਆ ਪੁੱਟ ਕੇ ਉੱਪਰ ਕਾਨਿਆਂ ਦੀ ਛੱਤ ਪਾ ਕੇ ਕਾਗ਼ਜ਼ ਦੀ ਹਥਨੀ ਬਣਾ ਕੇ ਖੜ੍ਹੀ ਕਰ ਦਿੰਦੇ ਹਨ। ਕਾਮ ਵਿਚ ਮਸਤ ਹੋਇਆ ਹਾਥੀ ਹਥਨੀ ਨਾਲ ਸਪਰਸ਼ ਕਰਨ ਲਈ ਆਉਂਦਾ ਹੈ ਤੇ ਟੋਏ ਵਿਚ ਡਿੱਗ ਪੈਂਦਾ ਹੈ। ਕਈ ਦਿਨ ਭੁੱਖਾ ਰੱਖ ਕੇ ਟੋਏ ਵਿਚ ਹੀ ਉਸਨੂੰ ਆਪਣੀ ਬੋਲੀ ਸਿਖਾ ਕੇ ਬਾਹਰ ਕੱਢ ਕੇ ਵੇਚ ਦਿੰਦੇ ਹਨ। ਫਿਰ ਆਪਣੀ ਇੱਛਾ ਅਨੁਸਾਰ ਨਾ ਵਿਚਰ ਸਕਦਾ ਹੈ ਅਤੇ ਨਾ ਹੀ ਕੁਝ ਖਾ-ਪੀ ਸਕਦਾ ਹੈ। ਸਦਾ ਲਈ ਪਰਾਧੀਨ ਹੋ ਜਾਂਦਾ ਹੈ।

(ੲ) **ਰੂਪ :**—ਦੀਵੇ ਦੀ ਲਾਟ 'ਤੇ ਪਤੰਗਾ ਸੜ ਜਾਂਦਾ ਹੈ, ਪਿੱਛੇ ਨਹੀਂ ਹਟਦਾ।

(ਸ) **ਰਸ :**—ਜ਼ਬਾਨ ਦੇ ਰਸ (ਸੁਆਦ) ਕਰਕੇ ਮੱਛੀ ਮਾਰੀ ਜਾਂਦੀ ਹੈ। ਕੁੰਡੀ ਨੂੰ ਆਟਾ ਜਾਂ ਮਾਸ ਆਦਿਕ ਲਾਇਆ ਹੁੰਦਾ ਹੈ, ਉਸਨੂੰ ਖਾਣ ਲਈ ਕੁੰਡੀ ਆਪਣੇ ਮੂੰਹ ਵਿਚ ਫਸਾ ਲੈਂਦੀ ਹੈ।

(ਹ) **ਗੰਧ :**—ਸੁਗੰਧੀ ਕਰਕੇ ਭੌਰਾ ਮਾਰਿਆ ਜਾਂਦਾ ਹੈ। ਯਥਾ :—

*'ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ ॥'*

[ਆਸਾ ਮਹਲਾ ੧, ਅੰਗ—੪੩੯]

ਭੌਰਾ ਕਵਲਾਂ ਦੀ ਸੁਗੰਧੀ ਲੈਂਦਾ ਹੈ, ਸੂਰਜ ਡੁੱਬਣ 'ਤੇ ਕਵਲ ਬੰਦ ਹੋ ਜਾਂਦੇ ਹਨ, ਭੌਰਾ ਫੁੱਲਾਂ ਦੀ ਸੁਗੰਧੀ ਦੇ ਰਸ ਵਿਚ ਲੱਗਾ ਹੋਇਆ ਵਿਚੇ ਹੀ ਰਹਿ ਜਾਂਦਾ ਹੈ। ਅਗਲੀ ਸਵੇਰ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਮਾਲੀ ਲੋਕ ਫੁੱਲ ਤੋੜ ਕੇ ਲੈ ਜਾਂਦੇ ਹਨ, ਅੱਗੇ ਕੜਾਹੇ ਉਬਲਦੇ ਹੁੰਦੇ ਹਨ, ਜਾਣ ਸਾਰ ਹੀ ਫੁੱਲ ਵਿਚ ਪਾ ਦਿੰਦੇ ਹਨ।

ਇਹਨਾਂ ਸਾਰਿਆਂ ਨੂੰ ਇਕ-ਇਕ ਵਿਸ਼ਾ ਮਾਰ ਦਿੰਦਾ ਹੈ। ਭਗਤ ਰਵਿਦਾਸ ਜੀ ਇਸ ਤਰ੍ਹਾਂ ਫ਼ੁਰਮਾਉਂਦੇ ਹਨ :—

*'ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥*
*ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥'*

[ਆਸਾ ਸ੍ਰੀ ਰਵਿਦਾਸ ਜੀ, ਅੰਗ—੪੮੬]

ਇਸ ਜੀਵ ਨੂੰ ਤਾਂ ਇਹ ਪੰਜੇ ਹੀ ਵਿਸ਼ੇ ਚੰਬੜੇ ਹੋਏ ਹਨ, ਇਸਦੇ ਛੁੱਟਣ ਦੀ ਕੀ ਆਸ ਹੋ ਸਕਦੀ ਹੈ!

## ਸਾਖੀ : ਦਸਤਗੀਰ ਪੀਰ ਦੀ

*'ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰ ਜਾਇ ਕੀਆ ਅਸਥਾਨਾ।*
*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।*
*ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।*
*ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।'*

[ਭਾਈ ਗੁਰਦਾਸ ਜੀ, ਵਾਰ-੧, ਪਉੜੀ-੩੫]

ਕਲਯੁਗੀ ਜੀਵਾਂ ਨੂੰ ਸ਼ੁਭ ਮਾਰਗ 'ਤੇ ਪਾਉਂਦੇ ਹੋਏ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮਹਾਰਾਜ ਇਕ ਸਮੇਂ ਬਗਦਾਦ ਸ਼ਹਿਰ ਤੋਂ ਬਾਹਰ ਜਾ ਕੇ ਬੈਠ ਗਏ। ਉਸ ਵੇਲੇ ਉੱਥੇ ਸਤਾਈਵਾਂ ਦਸਤਗੀਰ ਨਾਮੇ ਪੀਰ ਸੀ, ਕਿਉਂਕਿ ਜਿਹੜਾ ਵੀ ਗੱਦੀ 'ਤੇ ਬੈਠਦਾ, ਉਸਦਾ ਨਾਮ ਦਸਤਗੀਰ ਹੀ ਪੈ ਜਾਂਦਾ ਸੀ। ਸਤਿਗੁਰੂ ਜੀ ਅੰਮ੍ਰਿਤ ਵੇਲੇ ਧੁਰ ਕੀ ਬਾਣੀ ਦਾ ਅਲਾਪ ਕਰ ਰਹੇ ਸਨ :—

*'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥'* [ਜਪੁਜੀ ਸਾਹਿਬ, ਅੰਗ—੫]

ਅਤੇ ਮਰਦਾਨਾ ਰਬਾਬ ਵਜਾ ਰਿਹਾ ਸੀ। ਦਸਤਗੀਰ ਪੀਰ ਦਾ ਇਕ ਮੁਰੀਦ ਸੁਣ ਕੇ ਬੜਾ ਹੈਰਾਨ ਹੋਇਆ ਤੇ ਜਾ ਕੇ ਦਸਤਗੀਰ ਪੀਰ ਨੂੰ ਦੱਸਿਆ, "ਇਥੇ ਇਕ ਫ਼ਕੀਰ ਆਇਆ ਹੈ, ਜੋ ਕੁਫ਼ਰ ਤੋਲ ਰਿਹਾ ਹੈ, ਲੱਖਾਂ ਹੀ ਪਤਾਲ ਅਤੇ ਅਕਾਸ਼ ਦੱਸ ਰਿਹਾ ਹੈ, ਕੁਰਾਨ ਵਿਚ ਤਾਂ ਚੌਦਾਂ ਹੀ ਤਬਕ ਕਹੇ ਹਨ ਅਤੇ ਉਸਦਾ ਸਾਥੀ ਰਬਾਬ ਵਜਾ ਰਿਹਾ ਹੈ। ਬਗਦਾਦ ਮੁਸਲਮਾਨਾਂ ਦਾ ਗੜ੍ਹ ਹੈ, ਜੇ ਇਥੇ ਹੀ ਇਹ ਨਿਯਮ ਟੁੱਟ ਗਿਆ ਤਾਂ ਹੋਰਥੇ ਕੀ ਬਣੇਗਾ?" ਇਹ ਸੁਣ ਕੇ ਪੀਰ ਬੜਾ ਕ੍ਰੋਧਵਾਨ ਹੋਇਆ, ਲੋਕਾਂ ਨੂੰ ਕਿਹਾ, "ਜਾਓ! ਉਸਨੂੰ ਪੱਥਰ ਮਾਰ-ਮਾਰ ਕੇ ਮਾਰ ਦਿਓ।" ਜਦੋਂ ਲੋਕ ਮਾਰਨ ਗਏ ਤਾਂ ਸਾਰੇ ਜੜ੍ਹ ਹੋ ਗਏ, ਕਿਸੇ ਤੋਂ ਸਤਿਗੁਰੂ ਜੀ 'ਤੇ ਪੱਥਰ ਨਾ ਮਾਰਿਆ ਗਿਆ, ਬਾਹਾਂ ਉੱਚੀਆਂ ਕੀਤੀਆਂ ਉਥੇ ਹੀ ਖੜੀ ਗਈਆਂ। ਪੀਰ ਨੇ ਬੜਾ ਯਤਨ ਕੀਤਾ, ਪਰ ਅਖ਼ੀਰ ਹਾਰ ਮੰਨ ਕੇ ਸ਼ਰਨ ਲਈ, ਬੇਨਤੀ ਕਰਕੇ ਜਿਹੜੇ ਜੜ੍ਹ ਹੋਏ ਸਨ, ਉਹਨਾਂ ਨੂੰ ਠੀਕ ਕਰਵਾਇਆ।

ਫਿਰ ਪੀਰ ਨੇ ਸਤਿਗੁਰਾਂ ਨੂੰ ਪੁੱਛਿਆ, "ਮਹਾਰਾਜ! ਆਪ ਜੀ ਨੇ ਲੱਖਾਂ ਪਤਾਲ ਤੇ ਅਕਾਸ਼ ਦੱਸੇ ਹਨ, ਪਰ ਕੁਰਾਨ ਵਿਚ ਤਾਂ ਚੌਦਾਂ ਹੀ ਤਬਕ ਲਿਖੇ ਹਨ।" ਹਜ਼ੂਰ ਨੇ ਕਿਹਾ,

"ਜਿਤਨਾ ਕਿਸੇ ਨੂੰ ਪਤਾ ਹੁੰਦਾ ਹੈ, ਉਹ ਉਤਨਾ ਹੀ ਦੱਸ ਸਕਦਾ ਹੈ, ਸਾਨੂੰ ਨਿਰੰਕਾਰ ਨੇ ਜਿਤਨੀ ਗਿਆਤ ਬਖ਼ਸ਼ੀ ਹੈ ਕਹਿ ਦਿੱਤੇ ਹਨ।" ਪੀਰ ਨੇ ਕਿਹਾ, "ਮੈਨੂੰ ਬਿਨਾਂ ਦੇਖਣ ਤੋਂ ਨਿਸ਼ਚਾ ਨਹੀਂ ਆਉਂਦਾ।" ਤਾਂ ਹਜ਼ੂਰ ਨੇ ਕਿਹਾ, "ਚੱਲ ਸਾਡੇ ਨਾਲ ਦਿਖਾ ਦਿੰਦੇ ਹਾਂ।" ਬੇਨਤੀ ਕੀਤੀ, "ਜੀ! ਮੈਂ ਬਿਰਧ ਹਾਂ ਇਤਨਾ ਚੱਲ ਨਹੀਂ ਸਕਾਂਗਾ, ਮੇਰੇ ਬੇਟੇ ਨੂੰ ਦਿਖਾ ਦੇਵੋ, ਮੈਨੂੰ ਇਸ ਉੱਪਰ ਭਰੋਸਾ ਹੈ।" ਤਾਂ ਮਹਾਰਾਜ ਸਾਹਿਬ ਜੀ ਨੇ ਅੱਖ ਦੇ ਫੋਰ ਵਿਚ ਹੀ ਦਿਖਾ ਦਿੱਤੇ, ਨਿਸ਼ਾਨੀ ਵਜੋਂ ਇਕ ਕਚਕੌਲ* ਕੜਾਹ ਪ੍ਰਸ਼ਾਦਿ ਦਾ ਭਰ ਕੇ ਪੀਰ ਵਾਸਤੇ ਲਿਆਂਦਾ, ਕਿਉਂਕਿ ਜਿਥੇ ਵੀ ਜਾਂਦੇ ਸਨ, ਉਥੇ ਹੀ ਸੰਗਤ ਜੁੜੀ ਹੁੰਦੀ ਸੀ, ਕਿਨਕਾ-ਕਿਨਕਾ ਪ੍ਰਸ਼ਾਦਿ ਲੈਂਦੇ ਗਏ ਤੇ ਭਰ ਗਿਆ। ਭਾਈ ਗੁਰਦਾਸ ਜੀ ਲਿਖਦੇ ਹਨ :—

*'ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਾਵਾਈ।*
*ਲਖ ਅਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ।*
*ਭਰਿ ਕਚਕੌਲ ਪਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।'*

[ਪਉੜੀ-੩੬, ਵਾਰ-੧]

ਜਦੋਂ ਵਾਪਸ ਆਏ ਤਾਂ ਪੀਰ ਦੇ ਬੇਟੇ ਨੇ ਪੀਰ ਨੂੰ ਕਿਹਾ, "ਪੀਰ ਜੀ! ਇਹ ਜੋ ਕਹਿੰਦੇ ਹਨ ਸੱਚ ਕਹਿੰਦੇ ਹਨ, ਮੈਂ ਤਾਂ ਦੇਖਦਾ-ਦੇਖਦਾ ਹੀ ਥੱਕ ਗਿਆ, ਬੇਨਤੀ ਕਰਕੇ ਮਸਾਂ ਵਾਪਸ ਲਿਆਂਦਾ ਹੈ, ਅਜੇ ਹੋਰ ਦਿਖਾਈ ਹੀ ਦਿਖਾਈ ਜਾ ਰਹੇ ਸਨ।" ਤਾਂ ਪੀਰ ਨੂੰ ਨਿਸ਼ਾਨੀ ਵੇਖ ਕੇ ਅਤੇ ਬੇਟੇ ਦੇ ਬਚਨ ਸੁਣ ਕੇ ਨਿਸ਼ਚਾ ਹੋ ਗਿਆ ਤੇ ਹਜ਼ੂਰ ਦੇ ਚਰਨਾਂ 'ਤੇ ਢਹਿ ਕੇ ਮੁਆਫ਼ੀ ਮੰਗੀ।

ਫਿਰ ਪੀਰ ਨੇ ਪ੍ਰਸੰਨ ਹੋ ਕੇ ਦੂਜੀ ਬੇਨਤੀ ਕੀਤੀ, "ਮਹਾਰਾਜ ਜੀ! ਇਸਲਾਮ ਵਿਚ ਰਾਗ ਅਲਾਪਣਾ ਮਨ੍ਹਾ ਹੈ ਕਿਉਂਕਿ ਇਸਨੂੰ ਸੁਣ ਕੇ ਵਿਸ਼ੇ ਪੈਦਾ ਹੁੰਦੇ ਹਨ, ਪਰ ਆਪ ਜੀ ਨੇ ਆਪਣੀ ਕਲਾਮ ਦਾ ਰਾਗ ਵਿਚ ਅਲਾਪ ਕੀਤਾ ਹੈ।" ਤਾਂ ਮਹਾਰਾਜ ਜੀ ਨੇ ਕਿਹਾ, "ਹੇ ਪੀਰ ਜੀ! ਸੋਨੇ ਦੇ ਭਾਂਡੇ ਵਿਚ ਜੇਕਰ ਕੋਈ ਜ਼ਹਿਰ ਪਾ ਕੇ ਪੀ ਲਵੇ ਤਾਂ ਮਰ ਜਾਂਦਾ ਹੈ, ਜੇ ਅੰਮ੍ਰਿਤ ਪਾ ਕੇ ਪੀ ਲਵੇ ਤਾਂ ਸਦਾ ਲਈ ਅਮਰ ਹੋ ਜਾਂਦਾ ਹੈ। ਇਸ ਤਰ੍ਹਾਂ ਰਾਗ ਇਕ ਸੋਨੇ ਦੇ ਬਰਤਨ ਦੀ ਤਰ੍ਹਾਂ ਹੈ, ਜੇਕਰ ਇਸ ਵਿਚ ਜ਼ਹਿਰ ਦੀ ਨਿਆਈਂ ਗੰਦੇ ਗੀਤ ਪਾ ਕੇ ਸੁਣਾਂਗੇ ਤਾਂ ਆਤਮਿਕ ਮੌਤ ਹੋ ਜਾਵੇਗੀ, ਪਰ ਜੇ ਇਸ ਵਿਚ ਖ਼ੁਦਾ ਦੀ ਸਿਫ਼ਤ-ਸਲਾਹ ਰੂਪ ਅੰਮ੍ਰਿਤ ਗਾਇਨ ਕਰਾਂਗੇ ਤਾਂ ਅਮਰ ਹੋ ਜਾਵਾਂਗੇ, ਇਸ ਕਰਕੇ ਰਾਗ ਵਿਚ ਕੋਈ ਦੋਸ਼ ਨਹੀਂ ਹੈ।

(ੳ) **ਮ੍ਰਿਗ** :—ਪਰ ਇਹ ਜੀਵ ਮ੍ਰਿਗ ਦੀ ਨਿਆਈਂ ਨਾ ਸੁਣਨ ਵਾਲੀਆਂ ਗੱਲਾਂ ਸਪੀਕਰਾਂ,

* ਜੋ ਸਾਧੂਆਂ ਪਾਸ ਭੋਜਨ ਪਵਾਉਣ ਲਈ ਵੱਢੇ ਮੂੰਹ ਵਾਲੀ ਚਿੱਪੀ ਹੁੰਦੀ ਹੈ।

ਰੇਡੀਓ, ਟੇਪ-ਰਿਕਾਰਡਾਂ ਰਾਹੀਂ ਸੁਣਦਾ ਰਹਿੰਦਾ ਹੈ, ਜੋ ਵਿਸ਼ਿਆਂ ਵਿਚ ਖਚਤ ਕਰਕੇ ਜੀਵਨ ਬਰਬਾਦ ਕਰਨ ਵਾਲੀਆਂ ਹਨ, ਜਿਨ੍ਹਾਂ ਤੋਂ ਸਤਿਗੁਰਾਂ ਰੋਕਿਆ ਹੈ। ਯਥਾ :—

*'ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥*
*ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥'*

[ਰਾਗੁ ਬਿਲਾਵਲੁ ਮਹਲਾ ੫, ਅੰਗ—੮੨੦]

ਸਤਿਗੁਰੂ ਜੀ ਤਾਂ ਇਉਂ ਸਿਖਿਆ ਦਿੰਦੇ ਹਨ :—

*'ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥*
*ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥*
*ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥*
*ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥*
*ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੨]

ਸੋ, ਖ਼ਾਲਸਾ ਜੀ ! ਜੇ ਆਪਾਂ ਵੀ ਸਪੀਕਰਾਂ, ਰੇਡੀਓ, ਟੇਪ-ਰਿਕਾਰਡ ਆਦਿਕ ਸਾਧਨਾਂ ਰਾਹੀਂ ਵ੍ਰਿਸ਼ਿਆਂ ਨੂੰ ਪੈਦਾ ਕਰਨ ਵਾਲੇ ਗਾਣੇ ਸੁਣਾਂਗੇ ਤਾਂ ਆਪਣੀ ਆਤਮਿਕ ਮੌਤ ਹੋ ਜਾਵੇਗੀ। ਜੇ ਇਹਨਾਂ ਸਾਧਨਾਂ ਰਾਹੀਂ ਗੁਰੂ ਕੀ ਬਾਣੀ ਦਾ ਪਾਠ, ਕੀਰਤਨ, ਕਥਾ ਵਿਚਾਰ ਸੁਣਾਂਗੇ ਤਾਂ ਆਤਮਿਕ ਜ਼ਿੰਦਗੀ ਪ੍ਰਾਪਤ ਹੋ ਜਾਵੇਗੀ ਅਤੇ ਸੁਖੀ ਹੋ ਜਾਵਾਂਗੇ। ਗੁਰੂ ਜੀ ਦੀ ਆਗਿਆ ਮੰਨ ਕੇ ਗੁਰਮੁਖਾਂ ਵਿਚ ਸ਼ਾਮਲ ਹੋਈਏ, ਕਦੇ ਵੀ ਐਸੀਆਂ ਗੱਲਾਂ ਤੇ ਗੀਤ ਨਾ ਸੁਣੀਏ।

(ਅ) **ਮੀਨ** :—ਮੱਛੀ ਦੀ ਨਿਆਈਂ ਇਹ ਜੀਵ ਜ਼ਬਾਨ ਦੇ ਸੁਆਦ ਵਿਚ ਲੱਗ ਕੇ ਨਾ ਖਾਣ ਵਾਲੀਆਂ ਚੀਜ਼ਾਂ ਨੂੰ ਵੀ ਖਾਈ-ਪੀਵੀ ਜਾਂਦਾ ਹੈ। ਯਥਾ :—

*'ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥'*

[ਸਿਰੀ ਰਾਗੁ ਮਹਲਾ ੫, ਅੰਗ—੫੦]

ਜਿਸ ਜਗਤ ਜੂਠ ਨੂੰ ਹੱਥ ਪੈਰ ਲੱਗਣ 'ਤੇ ਵੀ ਪਾਪ ਲੱਗਦਾ ਹੈ, ਉਸਨੂੰ ਮੂੰਹ ਵਿਚ ਪਾਉਣ ਤੋਂ ਵੀ ਸੰਕੋਚ ਨਹੀਂ ਕਰਦਾ। ਯਥਾ :—

੧. *'ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥*
*ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ ॥੨੩੩॥'*

[ਸਲੋਕ ਕਬੀਰ, ਅੰਗ—੧੩੭੭]

੨. *'ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥'*
[ਸਿਰੀ ਰਾਗੁ ਮਹਲਾ ੧, ਅੰਗ—੧੬]

(ੲ) **ਭ੍ਰਿੰਗ** :—ਭੌਰੇ ਦੀ ਨਿਆਈਂ ਇਸਤ੍ਰੀ ਦੇ ਮੁੱਖੜੇ ਰੂਪ ਕਵਲ ਤੇ ਲੁਭਾਇਮਾਨ ਹੋ ਕੇ ਆਪਣੀ ਜ਼ਿੰਦਗੀ ਤਬਾਹ ਕਰ ਲੈਂਦਾ ਹੈ।

(ਸ) **ਪਤੰਗ** :—ਪਤੰਗਾ ਤਾਂ ਨਿਰਬੁੱਧ ਜੀਵ ਹੈ, ਪਰ ਫਿਰ ਵੀ ਅਸਲੀ ਲਾਟ 'ਤੇ ਆਪਣੇ ਆਪ ਨੂੰ ਸਾੜਦਾ ਹੈ। ਇਹ ਇਨਸਾਨ ਬੁੱਧੀ ਵਾਲਾ ਹੋ ਕੇ ਵੀ ਨਕਲੀ ਲਾਟਾਂ ਦੇਖ ਕੇ ਸੜਦਾ ਹੈ। ਜੋ, ਸਿਨਮੇ ਘਰਾਂ ਜਾਂ ਟੈਲੀਵੀਯਨਾਂ ਵਿਚ ਇਸਤ੍ਰੀਆਂ-ਪੁਰਸ਼ਾਂ ਦੀਆਂ ਫ਼ੋਟੋਆਂ ਹਰਕਤ ਕਰਦੀਆਂ ਹਨ, ਇਹ ਨਕਲੀ ਲਾਟਾਂ ਹੀ ਹਨ, ਇਹਨਾਂ ਨੂੰ ਦੇਖਣ ਵਿਚ ਆਪਣੀ ਆਤਮਿਕ ਜ਼ਿੰਦਗੀ ਤਬਾਹ ਕਰ ਰਿਹਾ ਹੈ।

ਇਸ ਲਈ ਜੇ ਆਤਮਿਕ ਜ਼ਿੰਦਗੀ ਪ੍ਰਾਪਤ ਕਰਨੀ ਚਾਹੁੰਦੇ ਹੋ ਤਾਂ ਸਿਨਮੇ ਅਤੇ ਟੈਲੀਵੀਯਨਾਂ ਵਿਚ ਭੈੜੀਆਂ ਹਰਕਤਾਂ ਕਰਨ ਵਾਲੀਆਂ ਫੋਟੋਆਂ ਨਾ ਵੇਖਿਆ ਕਰੋ ਅਤੇ ਨਾ ਹੀ ਗੰਦੀਆਂ ਫੋਟੋਆਂ ਘਰਾਂ ਵਿਚ ਲਾਇਆ ਕਰੋ। ਜੇ ਲਾਉਣੀਆਂ ਹਨ ਤਾਂ ਗੁਰੂ ਸਾਹਿਬਾਂ ਦੀਆਂ, ਸੰਤਾਂ-ਭਗਤਾਂ ਅਤੇ ਸੂਰਬੀਰ ਸ਼ਹੀਦ ਸਿੰਘਾਂ ਦੀਆਂ ਹੀ ਫੋਟੋਆਂ ਲਾਉਣੀਆਂ ਚਾਹੀਦੀਆਂ ਹਨ। ਕਿਉਂਕਿ ਜਿਸ ਤਰ੍ਹਾਂ ਦੀ ਫੋਟੋ ਦੇਖੀਏ ਉਸੇ ਤਰ੍ਹਾਂ ਦਾ ਹੀ ਮਨ 'ਤੇ ਅਸਰ ਪੈਂਦਾ ਹੈ।

(ਹ) **ਕੁੰਚਰ** :—ਹਾਥੀ ਦੀ ਨਿਆਈਂ ਕਾਮ ਦਾ ਸਤਾਇਆ ਹੋਇਆ ਇਹ ਜੀਵ ਪਰਾਏ ਘਰਾਂ ਵਿਚ ਜਾ ਕੇ ਵਿਭਚਾਰ ਕਰਨ ਤੋਂ ਸੰਕੋਚ ਨਹੀਂ ਕਰਦਾ। ਹਜ਼ੂਰ ਫ਼ੁਰਮਾਉਂਦੇ ਹਨ :—

੧. *'ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥.....
ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥੨॥'*
[ਆਸਾ ਮਹਲਾ ੫, ਅੰਗ—੪੦੩]

੨. *'ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹ ॥'*
[ਫੁਨਹੇ ਮਹਲਾ ੫, ਅੰਗ—੧੩੬੨]

੩. *'ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥'*
[ਸਲੋਕ ਸਹਸਕ੍ਰਿਤੀ ਮਹਲਾ ੫, ਅੰਗ—੧੩੫੮]

੫. *'ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥*
*ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥*
*ਰੇ ਨਰ ਕਾਇ ਪਰਗ੍ਰਿਹਿ ਜਾਇ ॥*
*ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਣਿਓ ਧਰਮਰਾਇ ॥੧॥ਰਹਾਉ॥*
*ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥*
*ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥'*

[ਮਾਰੂ ਮਹਲਾ ੫, ਅੰਗ—੧੦੦੧]

ਪ੍ਰਲੋਕ ਵਿਚ ਇਸ ਤਰ੍ਹਾਂ ਦੀ ਸਜ਼ਾ ਮਿਲਦੀ ਹੈ ਅਤੇ ਇਥੇ ਇੱਜ਼ਤ ਖ਼ਰਾਬ ਹੁੰਦੀ ਹੈ, ਪਰ ਇਹ ਜੀਵ ਫਿਰ ਵੀ ਕੁਕਰਮ ਕਰਨ ਤੋਂ ਨਹੀਂ ਡਰਦਾ, ਇਸ ਕਰਕੇ ਇਸਦੇ ਬਚਣ ਦੀ ਕੋਈ ਆਸ ਨਹੀਂ ਹੋ ਸਕਦੀ, ਜੇ ਸਤਿਗੁਰੂ ਜੀ ਕਿਰਪਾ ਕਰਨ ਤਾਂ ਹੀ ਬਚਾ ਹੋ ਸਕਦਾ ਹੈ।

## ਕਿਉ ਚਾਲਹ ਗੁਰ ਚਾਲੀ ॥

ਜੋ ਸਤਿਗੁਰਾਂ ਦੀ **ਚਾਲੀ** = ਮਰਿਆਦਾ ਹੈ, ਉਸ ਅਨੁਸਾਰ ਅਸੀਂ ਕਿਵੇਂ ਚੱਲ ਸਕਦੇ ਹਾਂ ? ਭਾਵ ਨਹੀਂ ਚੱਲ ਸਕਦੇ।

## ਸਤਗੁਰੁ ਦਇਆ ਕਰੇ ਸੁਖ ਦਾਤਾ ਹਮ ਲਾਵੈ ਆਪਨ ਪਾਲੀ ॥੧॥

ਸੁਖਾਂ ਦਾ ਦਾਤਾ ਸਤਿਗੁਰੂ ਜੀ ਜੇਕਰ ਦਇਆ-ਦ੍ਰਿਸ਼ਟੀ ਕਰੇ, ਸਾਨੂੰ ਆਪਣੇ ਨਾਮ ਰੂਪ ਪੱਲੇ ਨਾਲ, ਵਾ :—ਸ਼ਰਨ ਰੂਪ ਪੱਲੇ ਨਾਲ ਲਾ ਲਵੇ ਤਾਂ ਹੀ ਅਸੀਂ ਸਤਿਗੁਰਾਂ ਦੀ ਦੱਸੀ ਹੋਈ ਮਰਿਆਦਾ ਅਨੁਸਾਰ ਚੱਲ ਸਕਦੇ ਹਾਂ।

ਇਥੋਂ ਤਕ ਸਿੱਖ ਮੁਖ ਦੁਆਰਾ ਬੇਨਤੀ ਹੈ। ਹੁਣ ਸਤਿਗੁਰੂ ਜੀ ਉੱਤਰ ਰੂਪ ਵਿਚ ਉਪਦੇਸ਼ ਬਖ਼ਸ਼ਦੇ ਹਨ :—

## ਗੁਰਸਿਖ ਮੀਤ ਚਲਹੁ ਗੁਰ ਚਾਲੀ ॥

ਹੇ ਗੁਰਸਿੱਖ ਮਿੱਤਰੋ* ! ਗੁਰਾਂ ਦੀ **ਚਾਲੀ** = ਮਰਿਆਦਾ ਅਨੁਸਾਰ ਚੱਲਣਾ ਕਰੋ।

---

* ਚੇਤਨ ਦੀ ਅੰਸ਼ ਹੋਣ ਕਰਕੇ ਹਜ਼ੂਰ ਨੇ ਮਿੱਤਰ ਕਿਹਾ ਹੈ।

ਪ੍ਰਸ਼ਨ :—ਸਤਿਗੁਰਾਂ ਦੀ ਕੀ ਮਰਿਆਦਾ ਹੈ ?

ਉੱਤਰ :—ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ 'ਤੇ ਇਸ਼ਨਾਨ ਕਰਨਾ, ਨਾਂਪ ਜਪਣਾ, ਬਾਣੀ ਪੜ੍ਹਨੀ ਅਤੇ ਵਿੱਤ ਅਨੁਸਾਰ ਦਾਨ ਦੇਣਾ। ਯਥਾ :—

੧. *'ਗੁਰਮੁਖਿ ਨਾਮੁ ਦਾਨੁ ਇਸਨਾਨੁ ॥'* [ਰਾਮਕਲੀ ਮਹਲਾ ੧, ਅੰਗ—੯੪੨]

੨. *'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'*
[ਗਉੜੀ ਕੀ ਵਾਰ, ਮਃ ੪, ਅੰਗ—੩੦੫]

ਭਾਈ ਗੁਰਦਾਸ ਸਾਹਿਬ ਜੀ ਮਾਨੋਂ ਇਸ ਸ਼ਬਦ ਦਾ ਟੀਕਾ ਹੀ ਕਰਦੇ ਹਨ :—

੧. *'ਕੁਰਬਾਣੀ ਤਿਨਾ ਗੁਰਸਿਖਾ ਪਿਛਲ ਰਾਤੀ ਉਠਿ ਬਹੰਦੇ।*
*ਕੁਰਬਾਣੀ ਤਿਨਾ ਗੁਰਸਿਖਾ ਅੰਮ੍ਰਿਤੁ ਵੇਲੈ ਸਰਿ ਨਾਵੰਦੇ।*
*ਕੁਰਬਾਣੀ ਤਿਨਾ ਗੁਰਸਿਖਾ ਹੁਇ ਇਕ ਮਨਿ ਗੁਰ ਜਾਪੁ ਜਪੰਦੇ।*
*ਕੁਰਬਾਣੀ ਤਿਨਾ ਗੁਰਸਿਖਾ ਸਾਧ ਸੰਗਤਿ ਚਲਿ ਜਾਇ ਜੁੜੰਦੇ।*
*ਕੁਰਬਾਣੀ ਤਿਨਾ ਗੁਰਸਿਖਾ ਗੁਰਬਾਣੀ ਨਿਤ ਗਾਇ ਸੁਣੰਦੇ।*
*ਕੁਰਬਾਣੀ ਤਿਨਾ ਗੁਰਸਿਖਾ ਮਨ ਮੇਲੀ ਕਰਿ ਮੇਲਿ ਮਿਲੰਦੇ।*
*ਕੁਰਬਾਣੀ ਤਿਨਾ ਗੁਰਸਿਖਾ ਭਾਇ ਭਗਤਿ ਗੁਰਪੁਰਬ ਕਰੰਦੇ।*
*ਗੁਰ ਸੇਵਾ ਫਲੁ ਸੁਫਲੁ ਫਲੰਦੇ ॥੨॥'* [ਵਾਰ-੧੨]

੨. *'ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।*
*ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।*
*ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।*
*ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।*
*ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ।*
*ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।*
*ਗੁਰਮੁਖਿ ਸੋਈ ਸਹਜਿ ਸਮਾਵੈ ॥੪॥'* [ਵਾਰ-੧੨]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਇਸ਼ਟ ਇਕ ਅਕਾਲ ਪੁਰਖ ਦਰਸਾਇਆ ਹੈ। ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਬਖ਼ਸ਼ ਕੇ ਸਿਖਿਆ ਦਿੱਤੀ ਹੈ ਕਿ ਅੱਜ ਤੋਂ ਕਿਸੇ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ, ਪੰਜਾਂ ਕਕਾਰਾਂ ਦੇ ਧਾਰਨੀ ਹੋਣਾ ਹੈ, ਚਾਰ ਬੱਜਰ ਕੁਰਹਿਤਾਂ; ਹੁੱਕਾ, ਹਜਾਮਤ, ਹਲਾਲੋ, ਹਰਾਮ ਇਹ ਕਦੇ ਵੀ ਨਹੀਂ ਕਰਨੀਆਂ। ਭਾਈ ਦੇਸਾ ਸਿੰਘ ਜੀ ਰਹਿਤਨਾਮੇ ਵਿਚ ਇਸ ਤਰ੍ਹਾਂ ਲਿਖਦੇ ਹਨ :—

੧. *'ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ। ਤਾਂ ਕੋ ਸਿਰ ਧਰ ਛਕ ਪੁਨ ਲੇਵੈ।*
*ਪੁਨ ਮਿਲ ਪਾਂਚੋ ਰਹਿਤ ਜੋ ਭਾਖੈਂ। ਤਾਂ ਕੋ ਮਨ ਮੇਂ ਦ੍ਰਿੜ ਕਰ ਰਾਖੈ।੭।'*

੨. *'ਜੋ ਹਮਰੀ ਫੁਨ ਰਹਿਤ ਸੁ ਰਾਖੈ॥ ਗੁਰਬਾਣੀ ਰਸ ਨਿਤ ਉਠਿ ਚਾਖੈ॥*
*ਮੈਂ ਤਾ ਕੇ ਸਦ ਰਹਉ ਸਹਾਇਕ॥ ਦੁਖ ਬਿਘਨ ਸਗਲੇ ਤਿਨ ਘਾਇਕ॥'*

੩. *'ਬਿਨਾਂ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ॥*
*ਗਹੈ ਕਾਨ ਤਾ ਕੋ ਕਿਤੈ ਲੈ ਸਿਧਾਨੋ॥੯੯॥*
*ਇਹੈ ਮੋਰ ਆਗਿਆ ਸੁਨੋ ਹੇ ਪਿਆਰੇ॥*
*ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ॥'*

[ਗੁਰਬਿਲਾਸ ਪਾਤਸ਼ਾਹੀ ਦਸਵੀਂ, ਕ੍ਰਿਤ ਸੁੱਖਾ ਸਿੰਘ, ਅਧਿਆਇ-੨੩, ਪੰਨਾ—੪੯੨]

ਗੁਰੂ ਜੀ ਨੇ ਮੋਹਰ ਲਾ ਦਿੱਤੀ ਹੈ ਕਿ ਪੰਜਾਂ ਕਕਾਰਾਂ ਦੀ ਰਹਿਤ ਵਾਲਾ ਹੀ ਗੁਰਸਿਖ ਹੋ ਸਕਦਾ ਹੈ। ਸਾਨੂੰ ਸਿੱਖ ਨਹੀਂ, ਬਲਕਿ ਉਸਦੀ ਰਹਿਤ ਪਿਆਰੀ ਹੈ :—

*'ਰਹਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ।*
*ਸਿਖ ਪਿਆਰਾ ਨਾਹਿ ਮਮ ਰਹਿਤ ਪਿਆਰੀ ਆਹਿ।'*

ਕਲਗੀਧਰ ਸਤਿਗੁਰੂ ਜੀ ਨਿਮਰਤਾ ਦੀ ਹੱਦ ਮੁਕਾਉਂਦੇ ਹੋਏ ਇਉਂ ਫ਼ੁਰਮਾਉਂਦੇ ਹਨ :—

੧. *'ਰਹਿਣੀ ਰਹੈ ਸੋਈ ਸਿਖੁ ਮੇਰਾ। ਓਹੁ ਸਾਹਿਬ ਮੈ ਉਸ ਕਾ ਚੇਰਾ।'*

[ਰਹਿਤਨਾਮਾ ਭਾਈ ਦੇਸਾ ਸਿੰਘ ਜੀ]

੨. *'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੇ ਗਰੀਬ ਕਰੋਰ ਪਰੇ॥'*

[ਦਸਮ, ਅੰਗ—੭੧੭]

ਪੰਜ ਕਕਾਰ ਸਾਨੂੰ ਇਹ ਸਿਖਿਆ ਦਿੰਦੇ ਹਨ :—

*'ਕੜਾ ਕਹੇ ਚੋਰੀ ਯਾਰੀ ਘਾਤ ਕੋ ਨ ਹੱਥ ਲਾਈਂ,*
*ਕੱਛ ਕਹੇ ਜਤੀ ਰਹੇ ਤਿਆਗ ਪਰ ਨਾਰ ਕੋ।*
*ਕੇਸ ਕਹਿਨ ਸਾਡੇ ਵਾਂਗੂੰ ਗੁਣਾਂ ਰੂਪ ਕੇਸ ਧਾਰ,*
*ਕਹੇ ਕ੍ਰਿਪਾਨ ਕੱਟ ਕਾਮ ਕ੍ਰੋਧ ਅਹੰਕਾਰ ਕੋ।*
*ਕੰਘਾ ਕਹੇ ਟੁਟੇ ਰੋਮਾਂ ਵਾਂਗੂੰ ਤਜ ਪਾਪ ਨਿੰਦਾ,*
*ਅੰਮ੍ਰਿਤ ਕਹੇ ਅਮਰ ਹੋ ਜਾ ਪੀ ਕੇ ਸਬਦ ਸਾਰ ਕੋ।*
*ਐਸੇ ਪੰਜ ਕੱਕੇ ਜਿਨ ਧਾਰੇ ਸੰਗਤ ਖ਼ਾਲਸਾ ਜੀ !,*
*ਪਾਵੇਗਾ ਸ੍ਰੀ ਗੁਰੂ ਗੋਬਿੰਦ ਸਿੰਘ ਕੇ ਦਿਦਾਰ ਕੋ।'*

## ਜੋ ਗੁਰੁ ਕਹੈ ਸੋਈ ਭਲ ਮਾਨਹੁ

ਜੋ ਸਤਿਗੁਰੂ ਜੀ ਕਹਿੰਦੇ ਹਨ, ਉਹ ਭਲਾ ਕਰਕੇ ਮੰਨਣਾ ਕਰੋ। ਸਤਿਗੁਰੂ ਜੀ ਕਹਿੰਦੇ ਹਨ, "ਸ਼ਰਾਬ ਨਹੀਂ ਪੀਣੀ, ਸਿਨਮੇ ਨਹੀਂ ਵੇਖਣੇ, ਜਗਤ ਝੂਠ (ਤਮਾਕੂ) ਨੂੰ ਹੱਥ-ਪੈਰ ਨਹੀਂ ਲੱਗਣ ਦੇਣਾ, ਪ੍ਰਮੇਸ਼ਰ ਤੋਂ ਬੇਮੁਖਾਂ ਦੀ ਸੰਗਤ ਨਹੀਂ ਕਰਨੀ, ਭਗਤੀ ਕਰਨੀ ਹੈ।" ਯਥਾ :—

*'ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥'*

[ਗਉੜੀ ਸੁਖਮਨੀ ਮਃ ੫, ਅੰਗ—੨੮੮]

ਪਰ ਅਸੀਂ ਉਲਟ ਚੱਲਦੇ ਹਾਂ, ਇਸੇ ਲਈ ਤਾਂ ਦੁਖ ਪਾਉਂਦੇ ਹਾਂ।

## ਹਰਿ ਹਰਿ ਕਥਾ ਨਿਰਾਲੀ ॥੧॥ਰਹਾਉ॥

ਅਤੇ ਨਿਰਾਲਿਆਂ ਕਰਨ ਵਾਲੀ ਹਰਿ-ਹਰਿ ਦੀ ਕਥਾ ਸੁਣਨਾ ਕਰੋ। **ਹਰਿ ਹਰਿ** = ਹਰੀ ਪ੍ਰਮੇਸ਼ਰ ਦੇ ਸਰੂਪ ਲੱਖਣਾਂ ਵਾਲੀ, ਤਟੱਸਥੀ ਲੱਖਣਾ ਵਾਲੀ ਜੋ ਦੁਨਿਆਵੀ ਕਥਾਵਾਂ ਨਾਲੋਂ **ਨਿਰਾਲੀ** = ਵੱਖਰੀ ਹੈ। ਜਿਸ ਵਿਚ ਰਾਜੇ ਰਾਣੀਆਂ ਦੀਆਂ ਕਹਾਣੀਆਂ ਨਹੀਂ, ਕਦੇ ਰਾਧਕਾਂ ਰੁੱਸ ਗਈ, ਕਦੇ ਚੰਦ੍ਰਭਗਾਂ ਰੁੱਸ ਗਈ, ਕਦੇ ਉਨ੍ਹਾਂ ਨੂੰ ਮਨਾਉਣ ਚਲੇ ਗਏ, ਕਦੇ ਰੁਕਮਣੀ ਨੂੰ ਮਖੌਲ ਕਰਨ ਲੱਗ ਪਏ। ਫਿਰ ਰਾਵਣ ਨੂੰ ਸਮੇਤ ਪਰਿਵਾਰ ਮਾਰ ਕੇ ਸੀਤਾ ਵਾਪਸ ਲਿਆਉਣੀ। ਰਾਮਾਇਣ ਦੀ ਕਥਾ ਬਾਰੇ ਇਕ ਪ੍ਰੇਮੀ ਨੇ ਇਉਂ ਲਿਖਿਆ ਹੈ :—

*'ਰਾਮ ਰਾਮ ਰਾਵੜਾ। ਉਸਨੇ ਉਸਦੀ ਜੋਰੂ ਖੋਹ ਲਈ, ਉਸਨੇ ਢਾਹਤਾ ਗਾਂਵੜਾ।*

ਹਜ਼ੂਰ ਦੀ ਬਾਣੀ ਵਿਚ ਤਾਂ ਕੇਵਲ ਇਕ ਬ੍ਰਹਮ ਦਾ ਹੀ ਕਥਨ ਹੈ। ਜੋ ਸ੍ਰਵਣ ਕਰਦਾ ਹੈ, ਉਸਦੇ ਸਭ ਦੁਖ ਤੇ ਪਾਪ ਨਾਸ ਹੋ ਜਾਂਦੇ ਹਨ। ਯਥਾ :—

੧. *'ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥'*
[ਗਉੜੀ ਸੁਖਮਨੀ ਮਃ ੫, ਅੰਗ—੨੬੫]

੨. *'ਸੁਨਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥'*
[ਗਉੜੀ ਗੁਆਰੇਰੀ ਮਹਲਾ ੫, ਅੰਗ—੧੭੮]

੩. *'ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ; ਸਗਲੀ ਛਾਰੁ ॥'*
[ਰਾਮਕਲੀ ਮਹਲਾ ੧, ਅੰਗ—੯੦੪]

੪. *'ਹਰਿ ਕੀ ਕਥਾ ਰਿਦ ਮਾਹਿ ਬਸਾਈ ॥ ਮਨ ਬਾਂਛਤ ਸਗਲੇ ਫਲ ਪਾਈ ॥'*
[ਗਉੜੀ ਮਹਲਾ ੫, ਅੰਗ—੧੯੫]

੫. *'ਝਰਹਿ ਕਸੰਮਲ ਪਾਪ ਤੇਰੇ ਮਨੂਆ ॥ ਅੰਮ੍ਰਿਤ ਕਥਾ ਸੰਤ ਸੰਗਿ ਸੁਨੂਆ ॥'*
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੫]

੬. *'ਊਤਮ ਕਥਾ ਸੁਣੀਜੈ ਸ੍ਰਵਣੀ ਮਇਆ ਕਰਹੁ ਭਗਵਾਨ ॥*
*ਆਵਤ ਜਾਤ ਦੋਊ ਪਖ ਪੂਰਨ ਪਾਈਐ ਸੁਖ ਬਿਸ੍ਰਾਮ ॥੧॥'*
[ਸਾਰਗ ਮਹਲਾ ੫, ਅੰਗ—੧੨੨੦-੨੧]

੭. *'ਗੁਣ ਗਾਵਤ ਮਨੁ ਹਰਿਆ ਹੋਵੈ ॥ ਕਥਾ ਸੁਣਤ ਮਲੁ ਸਗਲੀ ਖੋਵੈ ॥'*
[ਮਾਝ ਮਹਲਾ ੫, ਅੰਗ—੧੦੪]

੮. *'ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥'*
[ਸੂਹੀ ਮਹਲਾ ੫, ਅੰਗ—੭੮੩]

**ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ ॥**

ਹੇ ਹਰੀ ਦੇ ਸੰਤੋ, **ਜਨ** = ਪਿਆਰਿਓ, **ਭਾਈ** = ਭਰਾਵੋ*! ਸੁਨਣਾ ਕਰੋ, **ਬੇਗਿ ਬੇਗਾਲੀ** = ਛੇਤੀ ਤੋਂ ਛੇਤੀ ਗੁਰਾਂ ਦੀ ਸੇਵਾ ਕਰੋ। ਅਥਵਾ :—**ਬੇ** = ਦ੍ਵੈਤ ਦੇ **ਗਾਲੀ** = ਗਾਲਣ ਵਾਲੀ ਜੋ ਗੁਰ ਸੇਵਾ ਹੈ, ਉਸਨੂੰ **ਬੇਗਿ** = ਛੇਤੀ ਕਰਨਾ ਕਰੋ। ਪਤਾ ਨਹੀਂ ਕਦੋਂ ਸੁਆਸ ਖ਼ਤਮ ਹੋ ਜਾਣੇ ਹਨ। ਯਥਾ :—

* ਚੇਤਨ ਦੀ ਅੰਸ ਹੋਣ ਕਰਕੇ ਹਜ਼ੂਰ ਨੇ ਭਰਾ ਕਿਹਾ ਹੈ।

*'ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥*
*ਨਾਨਕ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥੧॥'*
[ਧਨਾਸਰੀ ਮਹਲਾ ੧, ਅੰਗ—੬੬੦]

ਜੋ ਪ੍ਰਭੂ ਦਾ ਨਾਮ ਜਪਣਾ ਹੈ, ਇਹ ਵੀ ਸੇਵਾ ਹੈ। ਯਥਾ :—

*'ਹਰਿ ਸੇਵਾ ਮਹਿ ਪਰਮ ਨਿਧਾਨੁ ॥ ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ ॥੧॥'*
[ਆਸਾ ਮਹਲਾ ੫, ਅੰਗ—੩੭੫]

**ਬੇਗਿ** = ਛੇਤੀ ਨਾਮ ਜਪਣਾ ਕਰੋ, ਫਿਰ ਤੁਹਾਡੀ **ਬੇ** = ਦ੍ਵੈਤ **ਗਾਲੀ** = ਗਲ ਜਾਵੇਗੀ। ਦ੍ਵੈਤ ਬਾਰੇ ਭਗਤ ਕਬੀਰ ਸਾਹਿਬ ਜੀ ਇਉਂ ਕਥਨ ਕਰਦੇ ਹਨ :—

੧. *'ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ ॥*
*ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥੨੦੨॥'*
[ਸਲੋਕ ਕਬੀਰ, ਅੰਗ—੧੩੭੫]

੨. *'ਦੁਬਿਧਾ ਬਉਰੀ ਮਨੁ ਬਉਰਾਇਆ ॥*
*ਝੂਠੈ ਲਾਲਚਿ ਜਨਮੁ ਗਵਾਇਆ ॥*
*ਲਪਟਿ ਰਹੀ ਫੁਨਿ ਬੰਧੁ ਨ ਪਾਇਆ ॥'* [ਪ੍ਰਭਾਤੀ ਮਹਲਾ ੧, ਅੰਗ—੧੩੪੨]

੩. *'ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥.....॥੪॥*
*ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸਕੀ ਨਿਰਮਲ ਜੁਗਤਾ ॥*
*ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥*
*ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥*
*ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥'*
[ਗਉੜੀ ਮਹਲਾ ੫, ਅੰਗ—੨੩੭-੩੮]

## ਸਤਗੁਰੁ ਸੇਵਿ ਖਰਚੁ ਹਰਿ ਬਾਧਹੁ

ਸਤਿਗੁਰਾਂ ਦੀ ਸੇਵਾ ਕਰਕੇ ਹਰੀ ਨਾਮ ਜਪਣ ਰੂਪ ਖ਼ਰਚ ਅੱਜ ਹੀ ਬੁੱਧੀ ਰੂਪ ਪੱਲੇ ਵਿਚ ਬੰਨ੍ਹ ਲਵੋ ਪ੍ਰਲੋਕ ਵਾਸਤੇ। ਯਥਾ :—

*'ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*

*ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥'*

[ਗਉੜੀ ਸੁਖਮਨੀ ਮਃ ੫, ਅੰਗ—੨੬੪]

## ਮਤ ਜਾਣਹੁ ਆਜੁ ਕਿ ਕਾਲੑੀ ॥੨॥

ਇਹ ਗੱਲ ਮਤਾਂ ਜਾਣੋ ਕਿ ਕੱਲ੍ਹ ਨੂੰ ਸੇਵਾ-ਸਿਮਰਨ ਕਰ ਲਵਾਂਗੇ। ਕੀ ਪਤਾ ਹੈ! ਕੱਲ੍ਹ ਆਉਣਾ ਹੈ ਕਿ ਨਹੀਂ! ਯਥਾ :—

*'ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇਤਾਲ ॥*
*ਪਾਛੈ ਕਛੂ ਨ ਹੋਇਗਾ ਜਉ ਸਿਰ ਪਰ ਆਵੈ ਕਾਲੁ ॥੧੩੮॥'*

[ਸਲੋਕ ਕਬੀਰ, ਅੰਗ—੧੩੭੧]

ਜੋ ਕੰਮ ਕੱਲ੍ਹ ਨੂੰ ਕਰਨਾ ਹੈ, ਸੋ ਹੁਣੇ ਕਰੋ। ਜੋ ਹੁਣ ਕਰਨਾ ਹੈ, ਸੋ **ਸੁਇਤਾਲ** = ਛੇਤੀ ਕਰੋ। ਮਗਰੋਂ ਕੁਝ ਨਹੀਂ ਹੋ ਸਕਣਾ, ਜਦ ਕਾਲ ਦਾ ਡੰਕਾ ਸਿਰ 'ਤੇ ਆ ਵੱਜਿਆ।

## ਹਰਿ ਕੇ ਸੰਤ ਜਪਹੁ ਹਰਿ ਜਪਣਾ

ਹਰੀ ਦੇ ਸੰਤਾਂ ਨਾਲ ਮਿਲ ਕੇ ਹਰੀ ਜਾਪ ਨੂੰ ਜਪਣਾ ਕਰੋ।

## ਹਰਿ ਸੰਤੁ ਚਲੈ ਹਰਿ ਨਾਲੀ ॥

ਹੇ ਹਰੀ ਦੇ ਸੰਤੋ! **ਹਰਿ** = ਪ੍ਰਮੇਸ਼ਰ ਦਾ ਨਾਮ ਜਪਿਆ ਹੀ ਅੰਤ ਨੂੰ ਸਾਥ ਜਾਵੇਗਾ। ਉਥੇ ਪੁੰਨ, ਦਾਨ, ਯੱਗ ਆਦਿਕ ਕੋਈ ਵੀ ਕਰਮ ਨਾਲ ਨਹੀਂ ਜਾਣਾ। ਯਥਾ :—

੧. *'ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥'*

[ਬਿਲਾਵਲ ਮਹਲਾ ੯, ਅੰਗ—੮੩੧]

੨. *'ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥*
*ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥'*

[ਆਸਾ ਮਹਲਾ ੫, ਅੰਗ—੪੦੧]

ਜਿਨ੍ਹਾਂ ਨੇ ਨਾਮ ਜਪਿਆ ਹੈ, ਅੱਗੇ ਉਨ੍ਹਾਂ ਦੀ ਮਹਾਨਤਾ ਕਥਨ ਕਰਦੇ ਹਨ :—

## ਜਿਨ ਹਰਿ ਜਪਿਆ ਸੇ ਹਰਿ ਹੋਏ

ਜਿੰਨ੍ਹਾਂ ਨੇ ਹਰੀ-ਪ੍ਰਮੇਸ਼ਰ ਦਾ ਨਾਮ ਜਪਿਆ ਹੈ, ਉਹ ਹਰੀ ਦਾ ਹੀ ਰੂਪ ਹੋ ਗਏ ਹਨ।

ਕੋਈ ਭੇਦ ਨਹੀਂ ਰਿਹਾ। ਯਥਾ :—

੧. *'ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥'*
[ਮਾਰੂ ਸੋਲਹੇ ਮਹਲਾ ੫, ਅੰਗ—੧੦੭੬]

੨. *'ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥'*
[ਮਲਾਰ ਮਹਲਾ ੪, ਅੰਗ—੧੨੬੪]

੩. *'ਹਰਿਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥'*
[ਸਲੋਕ ਮਹਲਾ ੯, ਅੰਗ—੧੪੨੭]

੪. *'ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੬੦॥'*
[ਦਸਮ, ਅੰਗ—੫੯]

੫. *'ਸੰਤ ਅਨੰਤ ਅੰਤਰ ਕਿਛ ਨਾਹਿ ॥ ਜਲੁ ਤਰੰਗ ਮਹਿ ਭੇਦ ਨ ਆਹਿ ॥'*
[ਸ੍ਰੀ ਸਰਬਲੋਹ ਗ੍ਰੰਥ, ਪੰਨਾ—੧੦੨੭]

ਭਾਵ ਜਿਹੋ ਜਿਹੇ ਵਾਹਿਗੁਰੂ ਵਿਚ ਗੁਣ ਹਨ, ਓਹੋ ਜਿਹੇ ਹੀ ਗੁਣ ਉਨ੍ਹਾਂ ਵਿਚ ਆ ਜਾਂਦੇ ਹਨ—ਗੰਭੀਰਤਾ, ਉਦਾਰਤਾ, ਦਿਆਲਤਾ, ਨਿਰਭੈਤਾ, ਨਿਰਵੈਰਤਾ ਆਦਿਕ।

## ਹਰਿ ਮਿਲਿਆ ਕੇਲ ਕੇਲਾਲੀ ॥੩॥

**ਕੇਲਾਲੀ** = ਜਲ ਵਿਚ **ਕੇਲ** = ਕੇਲਾਂ (ਖ਼ੁਸ਼ੀਆਂ) ਕਰਨ ਵਾਲਾ ਹਰੀ ਉਨ੍ਹਾਂ ਨੂੰ ਮਿਲਿਆ ਹੈ। ਅਥਵਾ :—ਸੰਸਾਰ ਰੂਪ **ਕੇਲ** = ਖੇਡ **ਕੇਲਾਲੀ** = ਖੇਡਣ ਵਾਲਾ ਹਰੀ ਉਨ੍ਹਾਂ ਨੂੰ ਮਿਲਿਆ ਹੈ। ਅਥਵਾ :—ਉਹ ਇਉਂ ਮਿਲੇ ਹਨ, ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ। ਯਥਾ :—

*'ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥'*
[ਗਉੜੀ ਸੁਖਮਨੀ ਮ: ੫, ਅੰਗ—੨੭੮]

## ਹਰਿ ਹਰਿ ਜਪਨੁ ਜਪਿ ਲੋਚ ਲੋਚਾਨੀ ਹਰਿ ਕਿਰਪਾ ਕਰਿ ਬਨਵਾਲੀ ॥

ਜਿਨ੍ਹਾਂ ਦੇ ਮਨ ਵਿਚ ਹਰਿ-ਹਰਿ ਨਾਮ ਜਪ ਜਪਣ ਦੀ **ਲੋਚ** = ਚਾਹ **ਲੋਚਾਨੀ** = ਲੱਗੀ ਹੈ, **ਬਨਵਾਲੀ** = ਸੰਸਾਰ ਬਨ ਦਾ ਵਾਲੀ ਹਰੀ-ਪ੍ਰਮਾਤਮਾ ਉਹਨਾਂ 'ਤੇ ਕਿਰਪਾ-ਦ੍ਰਿਸ਼ਟੀ ਕਰਦਾ ਹੈ।

**ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗ ਰਾਲੀ ॥੪॥੪॥**

ਗੁਰੂ ਜੀ ਕਥਨ ਕਰਦੇ ਹਨ, ਹੇ ਹਰੀ ! ਮੈਨੂੰ ਸੰਤ ਜਨਾਂ ਦੀ ਸੰਗਤ ਵਿਚ ਮੇਲੋ। ਮੈਂ ਸੰਤ ਜਨਾਂ ਦੇ **ਪਗ** = ਚਰਨਾਂ ਦੀ **ਰਾਲੀ** = ਧੂੜ ਹਾਂ। ਵਾ :—ਧੂੜ ਬਣ ਕੇ ਰਹਾਂ, ਵਾ :—ਸੰਤ ਜਨਾਂ ਦੇ ਚਰਨਾਂ ਦੀ ਚਰਨ-ਧੂੜੀ ਮੈਨੂੰ ਪ੍ਰਾਪਤ ਹੋਵੇ, ਜੋ ਮੈਂ ਆਪਣੇ ਮੱਥੇ 'ਤੇ ਲਾ ਕੇ ਪਵਿੱਤਰ ਹੋਵਾਂ। ਯਥਾ :—

੧. *'ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥*
*ਕਰਉ ਬਿਨੰਤੀ ਮਾਨੁ ਤਿਆਗਉ ॥*
*ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥੧॥'*
[ਆਸਾ ਮਹਲਾ ੫, ਅੰਗ—੯੯]

੨. *'ਡਖਣਾ ॥ ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥*
*ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥੧॥'*
[ਸਿਰੀ ਰਾਗੁ ਮਹਲਾ ੫, ਅੰਗ—੮੦]

੩. *'ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ ॥੪॥੫॥'*
[ਰਾਗੁ ਗਉੜੀ ਪੂਰਬੀ ਮਹਲਾ ੫, ਅੰਗ—੧੩]

ਜਿਹੜੇ ਕਹਿੰਦੇ ਹਨ ਕਿ ਨਾਮ ਜਪਣ ਵਾਲੇ ਨੂੰ ਬਾਣੀ ਪੜ੍ਹਨ ਦੀ ਕੋਈ ਲੋੜ ਨਹੀਂ ! ਗੁਰਮਤਿ ਅਨੁਸਾਰ ਉਨ੍ਹਾਂ ਦਾ ਇਹ ਵਿਚਾਰ ਠੀਕ ਨਹੀਂ, ਕਿਉਂਕਿ ਹਜ਼ੂਰ ਤਾਂ ਇਉਂ ਫੁਰਮਾਉਂਦੇ ਹਨ :—

੧. *'ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥'*
[ਪ੍ਰਭਾਤੀ ਮਹਲਾ ੫, ਅੰਗ—੧੩੪੦]

੨. *'ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥*
*ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥'*
[ਸਲੋਕ ਮਹਲਾ ੪, ਅੰਗ—੧੪੨੨]

੩. *'ਸਾਧ ਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥*
*ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥੪॥'*
[ਸੋਰਠਿ ਮਹਲਾ ੫, ਅੰਗ—੬੧੪]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੩੩.

**ਧਨਾਸਰੀ ਮਹਲਾ ੪ ॥** [ਅੰਗ—੬੬੯]

**ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਚੌਥੇ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਜੋ ਦਾਸਾਂ ਨੂੰ ਰਾਮ ਨਾਮ ਦੀ ਦਾਤ ਬਖ਼ਸ਼ ਕੇ ਸੰਸਾਰ-ਸਮੁੰਦਰ ਤੋਂ ਤਾਰਨ ਵਾਲੇ ਹਨ। ਜਿਨ੍ਹਾਂ ਬਾਬਤ ਭਾਈ ਗੁਰਦਾਸ ਜੀ ਲਿਖਦੇ ਹਨ :—

*'ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ।*
*ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।'*

[ਵਾਰ-੧, ਪਉੜੀ-੪੭]

ਸੱਤਾ ਬਲਵੰਡਾ ਜੀ ਵੀ ਇਉਂ ਫ਼ੁਰਮਾਉਂਦੇ ਹਨ :—

*'ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥*
*ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥*
*ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥*
*ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥*
*ਜਿਨੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸ ਪਰਵਾਰਿਆ ॥'*

[ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਅੰਗ—੯੬੮]

ਭੱਟ ਵੀ ਸਵੱਈਆਂ ਵਿਚ ਇਉਂ ਕਥਨ ਕਰਦੇ ਹਨ :—

*'ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਹਿਉ ॥*
*ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਹਉ ॥'*

[ਸਵਈਏ ਮਹਲੇ ਚਉਥੇ ਕੇ, ਸਲ੍ਯ ਭੱਟ, ਅੰਗ—੧੪੦੬]

**ਉਥਾਨਕਾ** :—ਦੁਖਭੰਜਨੀ ਬੇਰੀ ਹੇਠ ਸਤਿਗੁਰਾਂ ਦੇ ਹਜ਼ੂਰ ਦੀਵਾਨ ਸੱਜਿਆ ਹੋਇਆ ਹੈ। ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਜੀ ਅਤੇ ਹੋਰ ਬੇਅੰਤ ਗੁਰਸਿਖ ਚਕੋਰਾਂ ਦੀ ਨਿਆਈਂ ਸਤਿਗੁਰੂ ਰੂਪ ਚੰਦ੍ਰਮਾਂ ਦੇ ਦਰਸ਼ਨ ਕਰ ਰਹੇ ਹਨ, ਸ਼ਾਂਤੀ ਵਰਤੀ ਹੋਈ ਹੈ,

ਸਿੱਖਾਂ ਨੇ ਬੇਨਤੀ ਕੀਤੀ, "ਸਤਿਗੁਰੂ ਜੀ ! ਜੋ ਜੀਵਾਂ ਦੀਆਂ ਅਨੇਕਾਂ ਪ੍ਰਕਾਰ ਦੀਆਂ ਕਾਮਨਾ ਹਨ, ਕਿਵੇਂ ਪੂਰੀਆਂ ਹੋ ਸਕਦੀਆ ਹਨ ?" ਤਾਂ ਸਤਿਗੁਰਾਂ ਨੇ ਆਪਣੇ ਮੁਖਾਰਬਿੰਦ ਤੋਂ ਇਹ ਸ਼ਬਦ ਉਚਾਰਿਆ :—

## ਇਛਾ ਪੂਰਕੁ ਸਰਬ ਸੁਖ ਦਾਤਾ ਹਰਿ

ਇਕ **ਹਰਿ** = ਪ੍ਰਮੇਸ਼ਰ ਵਾਹਿਗੁਰੂ ਅਕਾਲ ਪੁਰਖ ਹੀ ਹੈ, ਜੋ ਜੀਵਾਂ ਦੀਆਂ ਸਾਰੀਆਂ **ਇਛਾ** = ਕਾਮਨਾਂ ਪੂਰੀਆਂ ਕਰਨ ਵਾਲਾ ਹੈ ਅਤੇ ਸਾਰਿਆਂ ਸੁਖਾਂ ਦੇ ਦੇਣ ਵਾਲਾ ਹੈ। ਇਸ ਲਈ ਐਸੇ ਗੁਰੂ-ਪ੍ਰਮੇਸ਼ਰ ਦੀ ਸ਼ਰਨ ਹੀ ਪੈਣਾ ਚਾਹੀਦਾ ਹੈ। ਯਥਾ :—

*'ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ ॥'*
[ਸੋਰਠਿ ਮਹਲਾ ੫, ਅੰਗ—੬੩੦]

ਹੋਰ ਕਿਸੇ ਪਾਸੋਂ ਸਾਰੀਆਂ ਕਾਮਨਾਂ ਪੂਰੀਆਂ ਨਹੀਂ ਹੋ ਸਕਦੀਆਂ। ਜੇ ਕੋਈ ਰਾਜਿਆਂ ਪਾਸੋਂ ਸਾਰੇ ਸੁਖ ਮੰਗੇ ਤਾਂ ਨਹੀਂ ਮਿਲ ਸਕਦੇ ਕਿਉਂਕਿ ਉਹ ਤਾਂ ਆਪ ਹੀ ਦੁਖੀ ਹਨ। ਯਥਾ :—

੧. *'ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥'*
[ਗਉੜੀ ਸੁਖਮਨੀ ਮ: ੫, ਅੰਗ—੨੬੪]

੨. *'ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥੧॥'*
[ਸਿਰੀ ਰਾਗੁ ਮਹਲਾ ੫, ਅੰਗ—੪੨]

ਨਾਮ ਜਪਣ ਵਾਲੇ ਗੁਰਮੁਖ ਹੀ ਸੁਖੀ ਹਨ। ਜਾਂ :—

*'ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥*
*ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥੨॥'* [ਗਉੜੀ ਮਹਲਾ ੫, ਅੰਗ—੧੯੦]

ਇਸ ਤਰ੍ਹਾਂ ਗੁਰਮੁਖ ਬਿਦੇਹ ਮੁਕਤ ਹੋ ਜਾਂਦੇ ਹਨ। ਦੇਹ ਦੀ ਹੰਗਤਾ ਜ਼ਰਾ ਵੀ ਨਹੀਂ ਰੱਖਦੇ। ਉਨ੍ਹਾਂ ਦੇ ਸਰੀਰ ਨੂੰ ਭਾਵੇਂ ਕੋਈ ਟੁੱਕੜੇ-ਟੁੱਕੜੇ ਕਰ ਦੇਵੇ ਤਾਂ ਵੀ ਕੋਈ ਦੁਖ ਨਹੀਂ ਮੰਨਦੇ। ਜਿਵੇਂ ਕੋਈ ਬੈਠਾ ਤਾਂ ਕੋਠੇ ਦੇ ਵਿਚ ਹੋਵੇ, ਪਰ ਕੁੱਟੀ ਕੋਠੇ ਨੂੰ ਹੀ ਜਾਈਏ, ਵਿਚ ਬੈਠੇ ਬੰਦੇ ਨੂੰ ਕੋਈ ਦੁਖ ਨਹੀਂ ਹੁੰਦਾ। ਇਸ ਤਰ੍ਹਾਂ ਉਹ ਮਹਾਂਪੁਰਖ ਦੇਹ ਤੋਂ ਪਰੇ ਰਹਿੰਦੇ ਹਨ। ਯਥਾ :—

*'ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ ॥੩॥'*
[ਮਾਲੀਗਉੜਾ ਮਹਲਾ ੪, ਅੰਗ—੯੮੫]

ਜਿਵੇਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਜੀ, ਭਾਈ ਸ਼ੁਬੇਗ ਸਿੰਘ ਜੀ, ਭਾਈ ਸ਼ਾਹਬਾਜ ਸਿੰਘ, ਬਾਬਾ ਦੀਪ ਸਿੰਘ ਜੀ ਆਦਿਕ ਬੇਅੰਤ ਸਿੱਖ-ਸਿੰਘ ਹੋਏ ਹਨ। ਉਹ ਤਾਂ :—

*'ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ ॥੧੦॥'*

[ਮਾਰੂ ਸੋਲਹੇ ਮਹਲਾ ੫, ਅੰਗ—੧੦੭੬]

## ਜਾ ਕੈ ਵਸਿ ਹੈ ਕਾਮਧੇਨਾ ॥

ਜੋ ਕਾਮਧੇਨ ਗਊ ਅਤੇ ਚਿੰਤਾਮਣੀਆਂ ਆਦਿਕ, ਕਾਮਨਾਂ ਚਿਤਵਨੀਆਂ ਪੂਰੀਆਂ ਕਰਨ ਵਾਲੀਆਂ ਮੰਨੀਆਂ ਹਨ, ਤਿਸ ਹਰੀ ਅਕਾਲ ਪੁਰਖ ਵਾਹਿਗੁਰੂ ਦੇ **ਵਸਿ** = ਅਧੀਨ ਹਨ।

## ਸਾਖੀ : ਮੂਰਖ ਜ਼ਿਮੀਂਦਾਰ ਦੀ

ਇਕ ਜ਼ਿਮੀਂਦਾਰ ਖੇਤ ਵਿਚ ਹਲ ਵਾਹੁਣ ਗਿਆ, ਜੇਠ ਮਹੀਨੇ ਦੇ ਦਿਨ ਸਨ, ਹਲ ਵਾਹ ਕੇ ਇਕ ਕਿੱਕਰ ਥੱਲੇ ਲੰਮਾ ਪੈ ਗਿਆ, ਜਿਸਦੀ ਥੋੜ੍ਹੀ ਜਿਹੀ ਛਾਂ ਸੀ। ਉਪਰੋਂ ਗਰਮ ਰੇਤਾ ਪਾਸੇ ਕਰਕੇ ਹੇਠੋਂ ਠੰਢਾ ਰੇਤਾ ਪੁੱਟਣ ਲੱਗ ਪਿਆ। ਪੁੱਟਦਿਆਂ-ਪੁੱਟਦਿਆਂ ਇਕ ਕੱਚ ਦੀ ਗੋਲੀ ਜਿਹੀ ਮਿਲੀ। ਚੰਗੀ ਸੋਹਣੀ ਜਾਣ ਕੇ ਪੱਲੇ ਬੰਨ੍ਹ ਲਈ ਕਿ ਬਾਲਕ ਖੇਡੇਗਾ, ਪਰ ਸੀ ਉਹ ਚਿੰਤਾਮਣੀ। ਥੋੜ੍ਹੀ ਛਾਂ ਵੇਖ ਕੇ ਫੁਰਨਾ ਕੀਤਾ ਕਿ ਛਾਂ ਸੰਘਣੀ ਹੁੰਦੀ ਤਾਂ ਚੰਗਾ ਸੀ, ਫੁਰਨਾ ਕਰਨ ਦੀ ਦੇਰ ਹੀ ਸੀ ਕਿ ਛਾਂ ਸੰਘਣੀ ਹੋ ਗਈ। ਇਕ ਬਗ਼ੀਚੇ ਦਾ ਫੁਰਨਾ ਕੀਤਾ ਤਾਂ ਝੱਟ ਹੀ ਸੋਹਣਾ ਬਗ਼ੀਚਾ ਵੀ ਬਣ ਗਿਆ। ਫਿਰ ਚਿਤਵਿਆ ਕਿ ਤਲਾਅ ਵਿਚ ਕਿਸ਼ਤੀ ਹੋਵੇ ਤੇ ਮੈਂ ਵਿਚ ਬੈਠ ਕੇ ਸੈਰ ਕਰਾਂ। ਕਿਸ਼ਤੀ ਸਮੇਤ ਤਲਾਅ ਵੀ ਬਣ ਗਿਆ, ਵਿਚ ਬੈਠ ਕੇ ਸੈਰ ਵੀ ਕਰਨ ਲੱਗ ਪਿਆ। ਬੜਾ ਅਨੰਦ ਮਾਣ ਰਿਹਾ ਹੈ, ਮਨ ਵਿਚ ਹੰਕਾਰ ਵੀ ਬੜਾ ਹੈ ਕਿ ਮੇਰੀ ਚਿਤਵਨੀਆਂ ਪੂਰੀਆਂ ਹੋਣ ਲੱਗ ਪਈਆਂ ਹਨ। ਏਨੇ ਚਿਰ ਨੂੰ ਇਕ ਕਾਂ ਤਲਾਅ 'ਤੇ ਪਾਣੀ ਪੀਣ ਆ ਬੈਠਾ, ਕਿਸ਼ਤੀ ਵਿਚ ਬੈਠਾ ਕਹਿਣ ਲੱਗਾ, "ਉੱਡ ਜਾ! ਉੱਡ ਜਾ! ਰੱਬ ਦੇ ਤਲਾਅ 'ਤੇ ਜਾ ਕੇ ਪਾਣੀ ਪੀ! ਇਹ ਮੇਰਾ ਤਲਾਅ ਹੈ।" ਪਰ ਕਾਂ ਬੜਾ ਢੀਠ ਹੁੰਦਾ ਹੈ, ਛੇਤੀ ਕਰਕੇ ਉੱਡਦਾ ਨਹੀਂ, ਇਸਨੇ ਬਾਂਹ ਦੇ ਬਹੁਤ ਇਸ਼ਾਰੇ ਕੀਤੇ, ਪਰ ਕਾਂ ਨਾ ਉੱਡਿਆ। ਅਖ਼ੀਰ ਇਸਨੇ ਉਹ ਮਣਕਾ ਜਿਹਾ ਜੋ ਪੱਲੇ ਬੰਨ੍ਹਿਆ ਸੀ, ਵਗਾਹ ਕੇ ਮਾਰਿਆ। ਬਸ! ਮਾਰਨ ਦੀ ਹੀ ਦੇਰ ਸੀ ਕਿ ਨਾ ਉਥੇ ਸੰਘਣੀ ਛਾਂ, ਨਾ ਬਗ਼ੀਚਾ, ਨਾ ਤਲਾਬ, ਨਾ ਬੇੜੀ ਅਤੇ ਨਾ ਹੀ ਉਹ ਕਾਂ ਸੀ। ਵਿਚਾਰਾ ਉਸੇ ਕਿੱਕਰ ਦੀ ਥੋੜ੍ਹੀ ਜਿਹੀ ਛਾਂ ਥੱਲੇ ਪਿਆ ਹੈ। ਸੋ, ਚਿੰਤਾਮਣੀ ਵੀ ਚਿੰਤਾ ਰੂਪ ਹੀ ਹੈ, ਸੁਖ ਨਹੀਂ ਦੇ ਸਕਦੀ।

ਇਸੇ ਤਰ੍ਹਾਂ ਜੀਵ ਹੈ ਜ਼ਿਮੀਂਦਾਰ, ਸਕਾਮ ਕਰਨ ਹਨ ਕਿੱਕਰ, ਜੇਠ ਦਾ ਮਹੀਨਾ ਹੈ ਅਗਿਆਨ ਜੋ ਰਾਗ-ਦ੍ਵੈਖ ਦੀਆਂ ਤਿੱਖੀਆਂ ਕਿਰਨਾਂ ਨਾਲ ਤਪ ਰਿਹਾ ਹੈ, ਤ੍ਰਿਸ਼ਨਾਂ ਰੂਪ ਧੁੱਪ ਪੈ ਰਹੀ ਹੈ, ਨਿਮਰਤਾ ਧਾਰਨ ਕਰਨ ਰੂਪ ਠੰਢਾ ਰੇਤਾ ਪੁੱਟਣਾ ਸ਼ੁਰੂ ਕੀਤਾ ਤਾਂ ਭਗਤੀ ਰੂਪ ਚਿੰਤਾਮਣੀ ਪ੍ਰਾਪਤ ਹੋਈ। ਜਿਸ ਭਗਤੀ ਦੇ ਪ੍ਰਤਾਪ ਕਰਕੇ ਮੱਸਿਆ, ਪੁੰਨਿਆਂ ਦੇ ਮੇਲੇ ਲੱਗਣ ਲੱਗ ਪਏ, ਸੋਨੇ ਦੇ ਕਲਸਾਂ ਵਾਲੇ ਮੰਦਿਰ ਬਣ ਗਏ, ਦੁਨੀਆਂ ਪਿੱਛੇ ਲੱਗ ਕੇ ਸੋਭਾ-ਵਡਿਆਈ ਕਰਨ ਲੱਗ ਪਈ। ਜੀਵ ਰੂਪ ਜ਼ਿਮੀਂਦਾਰ ਨੇ ਭਗਤੀ ਰੂਪ ਚਿੰਤਾਮਣੀ ਦੀ ਸ਼ਕਤੀ ਨਾ ਸਮਝੀ, ਹੰਕਾਰ ਕਰ ਬੈਠਾ ਕਿ ਮੈਂ ਕਿਤਨਾ ਵਡਭਾਗੀ ਹਾਂ, ਜੋ ਲੋਕ ਮੇਰੀ ਮੰਨਤਾ ਕਰਦੇ ਹਨ ਤਾਂ ਮਾੜਾ ਕਰਮ ਰੂਪ ਕਾਂ ਆ ਪ੍ਰਗਟਿਆ। ਇਸ ਕਰਕੇ ਭਗਤੀ ਰੂਪ ਚਿੰਤਾਮਣੀ ਗਵਾ ਕੇ, ਭਾਵ ਛੱਡ ਕੇ ਉਹੋ ਜਿਹਾ ਹੀ ਖ਼ਾਲੀ ਦਾ ਖ਼ਾਲੀ ਰਹਿ ਗਿਆ।

ਜਿਵੇਂ ਨੁਸ਼ਹਿਰੇ ਵਾਲੇ ਸਹੁ ਸੁਹਾਗਣ ਦਾ ਪਖੰਡ ਜ਼ਾਹਰ ਹੋ ਗਿਆ ਸੀ, ਇਵੇਂ ਹੀ ਭਗਤੀ ਛੱਡਣ ਤੋਂ ਲੋਕ ਮੰਨਣੋ ਪੂਜਣੋ ਹਟ ਜਾਂਦੇ ਹਨ ਅਤੇ ਫਿਰ ਪਿਆ ਝੂਰਦਾ ਹੈ।

ਕਾਮਧੇਨ ਗਊ ਵੀ ਵਾਹਿਗੁਰੂ ਦੀ ਕਿਰਪਾ ਤੋਂ ਬਿਨਾਂ ਜੀਵ ਨੂੰ ਸੁਖੀ ਨਹੀਂ ਕਰ ਸਕਦੀ।

## ਸਾਖੀ : ਜਮਦਗਨੀ ਰਿਖੀ ਦੀ

ਜਮਦਗਨੀ ਰਿਖੀ ਪਰਸਰਾਮ ਦਾ ਪਿਤਾ ਸੀ ਅਤੇ ਸਹੰਸਰਬਾਹੂ ਰਾਜੇ ਦਾ ਸਾਂਢੂ ਸੀ। ਇਕ ਵਾਰ ਜਮਦਗਨੀ ਦੇ ਘਰ ਵਾਲੀ ਰੇਣੁਕਾ ਸਹੰਸਰਬਾਹੂ ਦੇ ਘਰ ਆਪਣੀ ਭੈਣ ਨੂੰ ਮਿਲਣ ਗਈ। ਤਾਂ ਸਹੰਸਰਬਾਹੂ ਰਾਜੇ ਨੇ ਜੋ ਬੜਾ ਹੰਕਾਰੀ ਸੀ, ਤਾਨ੍ਹਾ ਮਾਰਿਆ, "ਆ ਗਈ ਹੈ, ਇਹਨਾਂ ਕਿਹੜਾ ਨਿਉਂਦਾ ਕਰ ਦੇਣਾ ਹੈ।" ਰੇਣੁਕਾ ਨੇ ਜਾ ਕੇ ਆਪਣੇ ਪਤੀ ਜਮਦਗਨੀ ਨੂੰ ਕਿਹਾ, "ਮੈਂ ਤਾਂ ਜਿਊਂਦੀ ਹਾਂ, ਜੇ ਮੇਰੀ ਭੈਣ-ਭਣਵਈਏ ਨੂੰ ਸਮੇਤ ਫ਼ੌਜਾਂ ਦੇ ਨਿਉਂਦਾ ਦਿਉ।" ਜਮਦਗਨੀ ਨੇ ਕਿਹਾ, "ਆਪਾਂ ਸਾਧੂ-ਫ਼ਕੀਰ ਤੇ ਉਹ ਰਾਜਾ, ਆਪਣਾ ਤੇ ਉਨ੍ਹਾਂ ਦਾ ਮੇਲ ਨਹੀਂ ਬਣਨਾ।" ਰੇਣੁਕਾ ਜਦ ਨਾ ਮੰਨੀ ਤਾਂ ਰਿਖੀ ਨੇ ਸਹੰਸਰਬਾਹੂ ਨੂੰ ਸਮੇਤ ਫ਼ੌਜਾਂ ਦੇ ਨਿਉਂਦਾ ਦੇ ਦਿੱਤਾ ਅਤੇ ਪ੍ਰਮੇਸ਼ਰ ਅੱਗੇ ਬੇਨਤੀਆਂ ਕਰਕੇ ਸੁਅਰਗ ਵਿਚੋਂ ਕਾਮਧੇਨ ਗਊ ਮੰਗਾ ਕੇ, ਆਪਣੀ ਕੁਟੀਆ ਵਿਚ ਬੰਨ੍ਹ ਲਈ।

ਜਦ ਰਾਜਾ ਫ਼ੌਜਾਂ ਸਮੇਤ ਆਇਆ ਤਾਂ ਛੇ ਰਸਾਂ ਦੇ ਬਣੇ ਹੋਏ ਛੱਤੀ ਪ੍ਰਕਾਰ ਦੇ ਭੋਜਨ ਛਕਾਏ। ਸਹੰਸਰਬਾਹੂ ਬੜਾ ਹੈਰਾਨ ਹੋਇਆ ਕਿ ਇਹ ਤਾਂ ਸਾਧੂ ਹੈ, ਭੋਜਨ ਕਿਥੋਂ ਆ ਰਿਹਾ ਹੈ! ਕਾਮਧੇਨ ਗਊ ਦਾ ਪਤਾ ਲੱਗਣ 'ਤੇ ਰਾਜੇ ਨੇ ਜਮਦਗਨੀ ਰਿਖੀ ਨੂੰ ਕਿਹਾ, "ਇਤਨੀ ਸ਼ਕਤੀ ਵਾਲੀ ਕਾਮਧੇਨ ਗਊ ਮੈਨੂੰ ਦੇ ਦੇ, ਜੋ ਸਾਰੀਆਂ ਕਾਮਨਾ ਪੂਰੀਆਂ ਕਰਦੀ ਹੈ।" ਰਿਖੀ ਨੇ ਕਿਹਾ, "ਮੈਂ ਤਾਂ ਪ੍ਰਮੇਸ਼ਰ ਅੱਗੇ ਬੇਨਤੀਆਂ ਕਰਕੇ ਲਿਆਂਦੀ ਹੈ, ਤੈਨੂੰ ਨਹੀਂ

ਦੇ ਸਕਦਾ।" ਇਉਂ ਕਹਿ ਕੇ ਸੁਅਰਗ ਨੂੰ ਉਡਾ ਦਿੱਤੀ। ਉੱਡੀ ਜਾਂਦੀ ਦੇ ਪੈਰਾਂ ਵਿਚ ਸਹੰਸਰਬਾਹੂ ਦੀ ਫ਼ੌਜ ਦੇ ਤੀਰ ਲੱਗਣ 'ਤੇ ਜੋ ਖ਼ੂਨ ਨਿਕਲ ਕੇ ਧਰਤੀ 'ਤੇ ਡਿੱਗਿਆ, ਕਹਿੰਦੇ ਹਨ ਕਿ ਉਸ ਤੋਂ ਤਮਾਕੂ ਆਦਿਕ ਪੈਦਾ ਹੋਇਆ ਹੈ। ਤਾਂ ਨਰਾਜ਼ ਹੋ ਕੇ ਸਹੰਸਰਬਾਹੂ ਨੇ ਜਮਦਗਨੀ ਰਿਖੀ ਨੂੰ ਮਾਰ ਦਿੱਤਾ। ਜਮਦਗਨੀ ਦੀ ਪਤਨੀ ਰੇਣੁਕਾ ਨੇ ਪਤੀ ਦੇ ਮਰਨ ਤੋਂ ਆਪਣੇ ਸਰੀਰ ਨੂੰ ਇੱਕੀ ਵਾਰ ਤਾੜਨਾ* ਕੀਤੀ।

ਜਦੋਂ ਤਪ ਕਰਦੇ ਹੋਏ ਪਰਸਰਾਮ ਨੂੰ ਪਤਾ ਲੱਗਾ ਕਿ ਮੇਰੇ ਪਿਤਾ ਨੂੰ ਸਹੰਸਰਬਾਹੂ ਨੇ ਮਾਰ ਦਿੱਤਾ ਹੈ ਅਤੇ ਮੇਰੀ ਮਾਤਾ ਨੇ ਇੱਕੀ ਵਾਰ ਸਰੀਰ ਨੂੰ ਤਾੜਨਾ ਕੀਤੀ ਹੈ। ਤਾਂ ਪਰਸਰਾਮ ਨੇ ਪ੍ਰਣ ਕੀਤਾ ਕਿ ਮੈਂ ਇੱਕੀ ਵਾਰ ਛੱਤ੍ਰੀ ਰਾਜਿਆਂ ਨੂੰ ਕੁਹਾੜੇ ਨਾਲ ਵੱਢ ਕੇ ਖ਼ਤਮ ਕਰਾਂਗਾ। ਇੱਕੀ ਵਾਰ ਛੱਤ੍ਰੀ ਰਾਜਿਆਂ ਨੂੰ ਮਾਰ ਕੇ, ਉਨ੍ਹਾਂ ਦੇ ਖ਼ੂਨ ਵਿਚ ਨਹਾ ਕੇ ਆਪਣਾ ਪ੍ਰਣ ਪੂਰਾ ਕੀਤਾ। ਇਸ ਤਰ੍ਹਾਂ ਕਾਮਧੇਨ ਗਊ ਵੀ ਪ੍ਰਮੇਸ਼ਰ ਦੀ ਕਿਰਪਾ ਤੋਂ ਬਿਨਾਂ ਸਾਰੀਆਂ ਇੱਛਾਵਾਂ ਪੂਰੀਆਂ ਕਰਕੇ ਜੀਵ ਨੂੰ ਸੁਖੀ ਨਹੀਂ ਕਰ ਸਕਦੀ।

ਜੀਵਾਂ ਦੀਆਂ ਇੱਛਾਵਾਂ ਤਾਂ ਭਾਵੇਂ ਅਨੇਕਾਂ ਹਨ, ਪਰ ਚਾਰ ਇੱਛਾਵਾਂ ਮੁਖ ਹਨ :—

੧. ਮੇਰੇ ਕਿਸੇ ਕਾਰਜ ਵਿਚ ਵਿਘਨ ਨਾ ਪਵੇ, ਨਿਰਵਿਘਨ ਸਮਾਪਤ ਹੋ ਜਾਵੇ।

੨. ਸਾਰੇ ਲੋਕ ਮੇਰੀ ਵਡਿਆਈ, ਸਤਿਕਾਰ, ਪੂਜਾ ਕਰਨ।

੩. ਸਦੀਵੀ ਸੁਖ ਪ੍ਰਾਪਤ ਹੋਵੇ, ਕਦੇ ਵੀ ਦੁਖ ਨਾ ਦੇਖਣਾ ਪਵੇ।

੪. ਪ੍ਰਮੇਸ਼ਰ ਦੀ ਪ੍ਰਾਪਤੀ ਹੋਵੇ।

ਇਹ ਚਾਰੇ ਇੱਛਾਵਾਂ ਗੁਰਮੁਖਾਂ ਦੀਆਂ ਇਸ ਤਰ੍ਹਾਂ ਪੂਰੀਆਂ ਹੁੰਦੀਆਂ ਹਨ, ਜਿਵੇਂ ਚੌਥੇ ਸਤਿਗੁਰਾਂ ਨੇ ਆਸਾ ਦੀ ਵਾਰ ਦੇ ਇਕੋ ਛੱਕੇ ਵਿਚ ਕਥਨ ਕੀਤੀਆਂ ਹਨ :—

੧. *'ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥*

੨. *ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥*

੩. *ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨਾ ਸੁਖੁ ਸਦ ਹੋਈ ॥*

੪. *ਜਿਨਾ ਨਾਨਕੁ ਸਤਿਗੁਰੁ ਭੇਟਿਆ ਤਿਨਾ ਮਿਲਿਆ ਹਰਿ ਸੋਈ ॥੨॥'*

[ਆਸਾ ਮਹਲਾ ੪, ਅੰਗ—੪੫੧]

---

* ਸੱਤ ਵਾਰੀ ਮੂੰਹ, ਸੱਤ ਵਾਰੀ ਛਾਤੀ ਅਤੇ ਸੱਤ ਵਾਰੀ ਪੱਟਾਂ 'ਤੇ ਹੱਥ ਮਾਰੇ। ਕਹਿੰਦੇ ਹਨ ਕਿ ਉਦੋਂ ਤੋਂ ਸਿਆਪਾ ਕਰਨਾ ਚੱਲਿਆ ਹੈ, ਜੋ ਮਾਈਆਂ ਕਰਦੀਆਂ ਹਨ। ਪਰ ਗੁਰਸਿਖਾਂ ਵਾਸਤੇ ਸਿਆਪਾ ਕਰਨ ਦੀ ਮਨਾਹੀ ਹੈ, ਪ੍ਰਮੇਸ਼ਰ ਦੇ ਭਾਣੇ ਵਿਚ ਹੀ ਰਹਿਣਾ ਚਾਹੀਦਾ ਹੈ।

ਕਿਸੇ ਕਵੀ ਨੇ ਬੜਾ ਹੀ ਸੁੰਦਰ ਲਿਖਿਆ ਹੈ :—

*'ਦੂਧ ਪੂਤ ਨੂਤ ਚਾਹੈ ਗਜ ਬਾਜ ਸੁਤ ਚਾਹੈ,*
*ਭਲੀ ਕਰਤੂਤ ਚਾਹੈ ਆਰਜਾ ਅਰੋਗ ਕੋ।*
*ਧਨ ਕੀ ਬਿਰਧਾਨ ਚਾਹੈ ਭਲੀ ਸੰਤਾਨ ਚਾਹੈ,*
*ਆਗਿਆ ਮੇਂ ਜਹਾਨ ਚਾਹੈ ਹਰਖੋ ਚਾਹੈ ਸੋਗ ਕੋ।*
*ਗਯਾਨ ਧਯਾਨ ਮੋਖ ਚਾਹੈ ਸਦਾ ਸੰਤੋਖ ਚਾਹੈ,*
*ਕਾਟਿਓ ਕਾਮ ਰੋਗ ਚਾਹੈ ਸਾਧਿਓ ਚਾਹੈ ਜੋਗ ਕੋ।*
*ਸ੍ਰੀ ਗੁਰੂ ਗ੍ਰੰਥ ਸਾਹਿਬ ਭਾਵਨਾ ਭਗਤ ਸੋਈ,*
*ਸਾਰੋ ਜੇ ਨ ਸੁਣਿਓ ਜਾਇ ਆਇ ਸੁਣੈ ਭੋਗ ਕੋ।'*

ਇਉਂ ਸਾਰੀਆਂ ਕਾਮਨਾਂ ਪੂਰੀਆਂ ਕਰਕੇ ਸਾਰੇ ਸੁਖ ਬਖ਼ਸ਼ਣ ਵਾਲਾ ਪ੍ਰਮੇਸ਼ਰ ਆਪ ਹੀ ਹੈ। ਸੁਖ ਦੇ ਗਿਆਰਾਂ ਦਰਜੇ ਮੰਨੇ ਹਨ :—

੧. ਚੱਕ੍ਰਵਰਤੀ ਰਾਜਾ ਹੋਣਾ, ਦੁਸ਼ਮਣ ਵੀ ਕੋਈ ਨਾ ਹੋਣਾ। ਸੁੰਦਰ ਅਤੇ ਜਵਾਨੀ ਦੀ ਅਵਸਥਾ ਹੋਣੀ। ਰਾਣੀਆਂ ਵੀ ਸੁੰਦਰ ਅਤੇ ਆਗਿਆਕਾਰੀ ਹੋਣੀਆਂ, ਫ਼ੌਜਾਂ ਅਤੇ ਪਰਜਾ ਹੁਕਮ ਵਿਚ ਚੱਲਦੀ ਹੋਵੇ। ਇਹ ਪਹਿਲੇ ਦਰਜੇ ਦਾ ਸੁਖ ਮੰਨਿਆ ਹੈ।
੨. ਇਸ ਨਾਲੋਂ ਸੌ ਗੁਣਾਂ ਵੱਧ ਸੁਖ, ਮਨੁੱਖ ਗੰਧਰਬ (ਰਾਗੀ) ਨੂੰ ਮੰਨਿਆ ਹੈ, ਜਦ ਉਹ ਇਕਾਗਰਤਾ ਨਾਲ ਰਾਗ ਗਾਇਨ ਕਰਦਾ ਹੈ।
੩. ਇਸ ਤੋਂ ਸੌ ਗੁਣਾਂ ਵੱਧ ਸੁਖ, ਦੇਵਤਿਆਂ ਦੇ ਗੰਧਰਬਾਂ ਨੂੰ ਪ੍ਰਾਪਤ ਹੁੰਦਾ ਹੈ।
੪. ਇਨ੍ਹਾਂ ਤੋਂ ਸੌ ਗੁਣਾਂ ਵੱਧ ਸੁਖ, ਪਿੱਤਰ ਦੇਵ ਨੂੰ।
੫. ਉਸ ਤੋਂ ਸੌ ਗੁਣਾਂ ਵੱਧ ਸੁਖ, ਅਜਾਨ ਦੇਵ ਨੂੰ।
੬. ਉਸ ਤੋਂ ਸੌ ਗੁਣਾਂ ਵੱਧ ਸੁਖ, ਕਰਮ ਦੇਵ ਨੂੰ।
੭. ਉਸ ਤੋਂ ਸੌ ਗੁਣਾਂ ਵੱਧ ਸੁਖ, ਮੁੱਖ ਦੇਵ ਨੂੰ।
੮. ਉਸ ਤੋਂ ਸੌ ਗੁਣਾਂ ਵੱਧ ਸੁਖ, ਇੰਦਰ ਨੂੰ।
੯. ਉਸ ਤੋਂ ਸੌ ਗੁਣਾਂ ਵੱਧ ਸੁਖ, ਬ੍ਰਿਹਸਪਤਿ ਨੂੰ।
੧੦. ਉਸ ਤੋਂ ਸੌ ਗੁਣਾਂ ਵੱਧ ਸੁਖ, ਪ੍ਰਜਾਪਤਿ ਨੂੰ।
੧੧. ਉਸ ਤੋਂ ਸੌ ਗੁਣਾਂ ਵੱਧ ਸੁਖ, ਬ੍ਰਹਮਾ ਜੀ ਨੂੰ ਹੈ।

ਪਰ ਇਹ ਸਭ ਸੁਖ (ਅਨੰਦ) ਬ੍ਰਹਮਾਨੰਦ ਦੀ ਇਕ ਬੂੰਦ ਦੇ ਸਮਾਨ ਹਨ :—

੧. *'ਵਿਸ਼ਿਆਨੰਦ ਸੰਸਾਰ ਹੈ ਭਜਨਾਨੰਦ ਹਰਿ ਦਾਸ।*
*ਬ੍ਰਹਮਾਨੰਦ ਜੀਵਨ ਮੁਕਤ ਭਈ ਬਾਸ਼ਨਾ ਨਾਸ਼।੧੨।'*

[ਵਿਚਾਰ ਮਾਲਾ, ਅਧਿਆਇ-੮]

੨. *'ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੧੭]

ਐਸਾ ਦ੍ਵੈਤ ਤੋਂ ਰਹਿਤ ਜੋ ਸੁਖ ਹੈ, ਜੀਵਨ-ਮੁਕਤ ਲਿਵਲੀਨ ਮਹਾਂਪੁਰਖਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਜਿਤਨਾ ਸੁਖ ਬ੍ਰਹਮਾ ਜੀ ਨੂੰ ਸਾਰੀ ਉਮਰ ਵਿਚ ਪ੍ਰਾਪਤ ਹੁੰਦਾ ਹੈ, ਉਸ ਤੋਂ ਸੌ ਗੁਣਾਂ ਵੱਧ ਸੁਖ ਜੀਵਨ-ਮੁਕਤ ਬ੍ਰਹਮ ਗਿਆਨੀ ਨੂੰ ਇਕ ਵਾਰੀ ਅੱਖ ਖੋਲ੍ਹਣ-ਮੀਟਣ ਜਿੰਨੇ ਸਮੇਂ ਵਿਚ ਹੀ ਪ੍ਰਾਪਤ ਹੋ ਜਾਂਦਾ ਹੈ।

**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥**

ਹੇ ਮੇਰੇ ਜੀਅੜੇ ! ਉਸ ਐਸੇ ਹਰੀ ਨੂੰ ਧਿਆਉਣਾ ਕਰ, ਹੇ ਮੇਰੇ ਮਨਾ ! ਤਾਂ ਤੂੰ ਸਾਰਿਆਂ ਸੁਖਾਂ ਨੂੰ ਪਾ ਲਵੇਂਗਾ।

**ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥**

(ੳ) ਹੇ ਮੇਰੇ ਮਨ ! ਸਤਿਨਾਮੁ ਮੰਤ੍ਰ ਨੂੰ ਜਪਣਾ ਕਰ। ਇਕ ਵਾਰੀ ਨਹੀਂ ਸਦਾ ਹੀ ਸਤਿਨਾਮੁ ਮੰਤ੍ਰ ਨੂੰ ਜਪਣਾ ਕਰ।

(ਅ) ਮਨ, ਬਾਣੀ, ਸਰੀਰ ਕਰਕੇ ਸਦਾ ਸਤਿਨਾਮੁ ਮੰਤ੍ਰ ਨੂੰ ਜਪਣਾ ਕਰ। ਯਥਾ :—

੧. *'ਸਤਿਨਾਮੁ ਪ੍ਰਭ ਕਾ ਸੁਖਦਾਈ॥*
*ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥੬॥'*

[ਗਉੜੀ ਸੁਖਮਨੀ ਮਃ ੫, ਅੰਗ—੨੮੪]

੨. *'ਕਿਰਤਮ ਨਾਮ* ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥'*

[ਮਾਰੂ ਮਹਲਾ ੫, ਅੰਗ—੧੦੮੩]

---

* ੧. **ਕਿਰਿਆ ਕਰਕੇ** :—ਦਮੋਦਰ, ਮੁਰਾਰੀ ਆਦਿਕ।
੨. **ਜਾਤੀ ਕਰਕੇ** :—ਰਾਘਵਾਂ ਦੀ ਕੁਲ ਵਿਚ ਹੋਣ ਕਰਕੇ 'ਰਾਘਵਰਾਇਆ', ਯਾਦਵਾਂ ਦੀ ਕੁਲ ਵਿਚ ਹੋਣ ਕਰਕੇ 'ਯਾਦਵਰਾਇਆ' ਆਦਿਕ।

**ਸਤਿਨਾਮੁ** :—੧ਓ ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤੱਕ ਮੂਲਮੰਤ੍ਰ ਹੈ, ਜਿਸ ਵਿਚ ਸਤਿਨਾਮੁ ਵੀ ਆਉਂਦਾ ਹੈ। ਵਾ :—**ਸਤਿਨਾਮੁ** = ਸੱਚਾ ਨਾਮ ਜੋ ਸਦਾ ਹੋਵੇ, ਸੋ 'ਵਾਹਿਗੁਰੂ' ਹੀ ਸੱਚਾ ਨਾਮ ਹੈ, ਜੋ ਪਹਿਲਾਂ ਗੁਪਤ ਸੀ। ਯਥਾ :—

*'ਨਾਮੁ ਰਤਨੁ ਲੈ ਗੁਝਾ ਰਖਿਆ ॥'* [ਮਾਝ ਮਹਲਾ ੫, ਅੰਗ—੧੩੦]

ਵਾਹਿਗੁਰੂ ਮੰਤ੍ਰ ਦਾ ਇਕ-ਇਕ ਅੱਖਰ ਚਹੁੰ ਜੁਗਾਂ ਵਿਚ ਸੰਸਾਰ ਨੂੰ ਜਪਣ ਵਾਸਤੇ ਬਖ਼ਸ਼ਿਆ। ਜੋ ਸਤਿਜੁਗ ਵਿਚ ਬ੍ਰਹਮਾ ਨੂੰ 'ਵ' ਅੱਖਰ, 'ਵਾਸਦੇਵ' ਪ੍ਰਾਪਤ ਹੋਇਆ; ਤ੍ਰੇਤੇ ਜੁਗ ਵਿਚ ਮਨੂੰ ਨੂੰ 'ਹ' ਅੱਖਰ, 'ਹਰਿ' ਪ੍ਰਾਪਤ ਹੋਇਆ; ਦੁਆਪਰ ਜੁਗ ਵਿਚ ਬਿਆਸ ਜੀ ਨੂੰ 'ਗ' ਅੱਖਰ, 'ਗੋਬਿੰਦ' ਪ੍ਰਾਪਤ ਹੋਇਆ; ਕਲਿਜੁਗ ਵਿਚ ਸ਼ੰਕਰਾਚਾਰਯ ਨੂੰ 'ਰ' ਅੱਖਰ 'ਰਾਮ' ਪ੍ਰਾਪਤ ਹੋਇਆ, ਸੋ ਇਨ੍ਹਾਂ ਸਾਰਿਆਂ ਨਾਮਾਂ ਦਾ ਬੀਜ* ਰੂਪ ਮੰਤ੍ਰ 'ਵਾਹਿਗੁਰੂ' ਮੰਤ੍ਰ ਹੈ। ਜੋ ਪਹਿਲਾਂ ਗੁਪਤ ਸੀ, ਫਿਰ ਅਕਾਲ ਪੁਰਖ ਨੇ ਆਪ ਹੀ ਸਤਿਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਕੀਤਾ ਹੈ। ਯਥਾ :—

੧. *'ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥'* [ਜੈਤਸਰੀ ਮਹਲਾ ੪, ਅੰਗ—੬੯੭]

੨. *'ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।'* [ਭਾਈ ਗੁਰਦਾਸ ਜੀ, ਵਾਰ-੧੨, ਪਉੜੀ-੧੭]

੩. *'ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।'* [ਭਾਈ ਗੁਰਦਾਸ ਜੀ, ਵਾਰ-੧੩, ਪਉੜੀ-੨]

ਸ੍ਰੀ ਲੋਹ ਪ੍ਰਕਾਸ਼ ਗ੍ਰੰਥ ਵਿਚ ਲਿਖਿਆ ਹੈ ਕਿ ਬੇੜੀਆਂ ਦਰਿਆ ਤੋਂ ਪਾਰ ਉਤਾਰਨ ਨੂੰ ਸਮਰੱਥ ਤਾਂ ਸਾਰੀਆਂ ਹੀ ਹਨ, ਪਰ ਜਿਹੜੀ ਬੇੜੀ ਦੀ ਵਾਰੀ ਹੋਵੇ, ਜੇਕਰ ਉਸ ਵਿਚ ਚੜ੍ਹਿਆ ਜਾਵੇ ਤਾਂ ਛੇਤੀ ਪਾਰ ਹੋ ਜਾਈਦਾ ਹੈ। ਇਸ ਤਰ੍ਹਾਂ ਹੀ ਸਾਰੇ ਨਾਮਾਂ ਰੂਪ ਬੇੜੇ ਸੰਸਾਰ ਰੂਪ ਸਮੁੰਦਰ ਤੋਂ ਪਾਰ ਉਤਾਰਨ ਲਈ ਸਮਰੱਥ ਹਨ।

---

੩. **ਸੰਬੰਧ ਕਰਕੇ** :—ਸੀਤਾ ਰਾਮ, ਰਾਧੇ ਕ੍ਰਿਸ਼ਨ ਆਦਿ।

੪. **ਗੁਣਾਂ ਕਰਕੇ** :—ਸਿਆਮ ਸੁੰਦਰ (ਸਿਆਮ ਰੰਗ ਅਲਸੀ ਦੇ ਫੁੱਲ ਵਰਗਾ ਹੁੰਦਾ ਹੈ, ਅਲਸੀ ਦੇ ਫੁੱਲ ਵਰਗਾ ਹੋਣ ਕਰਕੇ ਸਿਆਮ ਸੁੰਦਰ ਨਾਮ ਪੈ ਗਿਆ।)

੫. **ਵਿਅਕਤੀ ਕਰਕੇ** :—ਬਾਵਨ ਨਾਮ ਪੈ ਗਿਆ।

* ਗੁਰਮਤਿ ਵਿਚ ੧ਓ ਨੂੰ ਬੀਜ ਮੰਤ੍ਰ ਆਖੀਦਾ ਹੈ। ਕਿਸੇ ਮੰਤ੍ਰ ਦਾ ਪਹਿਲਾ ਅੱਖਰ ਜਾਂ ਪਹਿਲਾ ਪਦ ਬੀਜ ਮੰਤ੍ਰ ਕਹੀਦਾ ਹੈ।

ਪਰ ਕਲਜੁਗ ਵਿਚ ਵਾਹਿਗੁਰੂ ਨਾਮ ਦੀ ਵਾਗੀ ਹੈ, ਜੋ ਇਸ 'ਤੇ ਚੜ੍ਹੇਗਾ ਭਾਵ ਜਪੇਗਾ, ਉਹ ਛੇਤੀ ਹੀ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਵੇਗਾ :—

੧. *'ਵਾਹਿਗੁਰੂ ਨਾਮੁ ਜਹਾਜ ਹੈ ਚੜ੍ਹੇ ਸੋ ਉਤਰੇ ਪਾਰ ॥*
*ਜੋ ਸ਼ਰਧਾ ਕਰ ਸੇਂਵਦੇ ਪਾਰ ਉਤਾਰਨਿ ਹਾਰ ॥'*

[ਸ੍ਰੀ ਗੁਰਮੁਖ ਪ੍ਰਕਾਸ਼, ਅਧਿਆਇ-੪੮, ਪੰਨਾ—੮੫੦]

੨. *'ਲਗਜੋ ਹਮਾਉ ਪੰਖ ਜਜੋਂ ਸੰਗਾ। ਜਬ ਛੂਟਹਿ ਧਨੁ ਤੇ ਸੁ ਖਤੰਗਾ ॥੯॥*
*ਪਰ ਕੇ ਬਲ ਕਰਿ ਹੋਤਿ ਉੜਾਊ। ਪਹੁੰਚੈ ਸੋ ਜਹਿੰ ਦੇਸ਼ ਹੁਮਾਊ।*
*ਬਹੁਰ ਨ ਆਇ ਪਰੈ ਕਬ ਧਰਨੀ। ਤੈਸੀ ਰੀਤਿ ਨਾਮ ਕੀ ਬਰਨੀ ॥੧੦॥*
*ਇਕ ਚਿਤ ਸਿਮਰਹਿ ਜੋ ਦਿਨ ਰਾਤੀ। ਛੁਟੇ ਦੇਹਿ ਤੇ ਹੋਇ ਸੰਗਾਤੀ।*
*ਜਹਿ ਨਾਮੀ ਕੋ ਦੇਸ਼ ਸੁਹਾਵਨ। ਤਹਾਂ ਕਰਹਿ ਬਿਨ ਬਿਲਮ ਪੁਚਾਵਨ ॥੧੧॥*
*ਬਹੁਰ ਨ ਜਗ ਮਹਿ ਪਾਵਹਿ ਦੇਹੀ। ਸਤਿਨਾਮੁ ਕੇ ਭੇ ਜੁ ਸਨੇਹੀ।'*

[ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਜਾਯ-੨੪, ਜਿਲਦ-੧, ਪੰਨਾ—੩੨੯]

ਇਸ ਲਈ ਪੰਜ ਪਿਆਰਿਆਂ ਤੋਂ ਪ੍ਰਾਪਤ ਕਰਕੇ ਵਾਹਿਗੁਰੂ ਮੰਤ੍ਰ ਅਤੇ ਮੂਲਮੰਤ੍ਰ ਦਾ ਹੀ ਸਿਮਰਨ ਕਰਨਾ ਹੈ, ਵੱਧ ਤੋਂ ਵੱਧ ਬਾਣੀ ਵੀ ਪੜ੍ਹਨੀ ਹੈ।

ਜਿਹੜੇ ਕਹਿੰਦੇ ਹਨ, ਨਾਮ ਜਪਣ ਵਾਲੇ ਨੂੰ ਬਾਣੀ ਪੜ੍ਹਨ ਦੀ ਕੋਈ ਲੋੜ ਨਹੀਂ! ਗੁਰਮਤਿ ਅਨੁਸਾਰ ਉਨ੍ਹਾਂ ਦਾ ਇਹ ਵਿਚਾਰ ਠੀਕ ਨਹੀਂ, ਕਿਉਂਕਿ ਹਜ਼ੂਰ ਤਾਂ ਇਉਂ ਫ਼ੁਰਮਾਉਂਦੇ ਹਨ :—

*'ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥੨॥'*

[ਪ੍ਰਭਾਤੀ ਮਹਲਾ ੫, ਅੰਗ—੧੩੪੦]

ਪਰ ਗੁਰਸਿਖ ਨੇ ਕਿਸੇ ਵੀ ਨਾਮ ਦੀ ਨਿੰਦਾ ਨਹੀਂ ਕਰਨੀ। ਯਥਾ :—

*'ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥'*

[ਮਹਲਾ ੧ ਬਸੰਤੁ, ਅੰਗ—੧੧੬੮]

**ਹਲਤਿ ਪਲਤਿ ਮੁਖ ਊਜਲ ਹੋਈ ਹੈ,**
**ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ਰਹਾਉ॥**

ਤਾਂ **ਹਲਤਿ** = ਲੋਕ **ਪਲਤਿ** = ਪ੍ਰਲੋਕ ਵਿਚ ਤੇਰਾ ਮੂੰਹ ਉੱਜਲਾ ਹੋਵੇਗਾ, ਤੂੰ ਹਰੀ ਨਿਰੰਜਨ ਪੁਰਖ ਨੂੰ ਸਦਾ ਹੀ ਧਿਆਉਣਾ ਕਰ। ਯਥਾ :—

੧. *'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥'* [ਜਪੁਜੀ ਸਾਹਿਬ, ਅੰਗ–੮]

੨. *'ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥*
*ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥'*
[ਸਲੋਕ ਮਹਲਾ ੪, ਅੰਗ–੧੪੨੨]

ਨਾਮ ਜਪਣ ਕਰਕੇ ਇਸ ਲੋਕ ਵਿਚ ਵੀ ਪ੍ਰਸਿੱਧ ਹੋ ਜਾਈਦਾ ਹੈ। ਯਥਾ :—

੧. *'ਆਠ ਪਹਰ ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥'*
[ਗਉੜੀ ਸੁਖਮਨੀ ਮਃ ੫, ਅੰਗ–੨੬੫]

੨. *'ਹਰਿ ਕੇ ਨਾਮ ਕਬੀਰ ਉਜਾਗਰ ॥ ਜਨਮ ਜਨਮ ਕੇ ਕਾਟੇ ਕਾਗਰ ॥੧॥'*
[ਆਸਾ ਸ੍ਰੀ ਰਵਿਦਾਸ ਜੀ, ਅੰਗ–੪੮੭],

ਜਿਵੇਂ ਕਬੀਰ ਸਾਹਿਬ ਜੀ ਦੇ ਸਮੇਂ ਸਿਕੰਦਰ ਲੋਧੀ ਬਾਦਸ਼ਾਹ ਸੀ। ਨਾਮਦੇਵ ਜੀ ਦੇ ਸਮੇਂ ਸਲੇਮ ਸ਼ਾਹ ਬਾਦਸ਼ਾਹ ਸੀ। ਇਤਿਆਦਿਕ ਰਾਜਿਆਂ ਦੇ ਨਾਮ ਤਾਂ ਇਤਿਹਾਸ ਪੜ੍ਹਨ ਵਾਲਾ ਕੋਈ ਵਿਰਲਾ ਹੀ ਜਾਣਦਾ ਹੈ, ਪਰ ਭਗਤ ਕਬੀਰ ਸਾਹਿਬ ਅਤੇ ਨਾਮਦੇਵ ਜੀ ਆਦਿਕ ਭਗਤਾਂ ਦੇ ਨਾਮ ਸੂਰਜ ਦੀ ਤਰ੍ਹਾਂ ਇਸ ਸੰਸਾਰ ਵਿਚ ਚਮਕ ਰਹੇ ਹਨ, ਜਿਨ੍ਹਾਂ ਨੂੰ ਬੱਚਾ-ਬੱਚਾ ਜਾਣਦਾ ਹੈ। ਇਸੇ ਲਈ ਸਤਿਗੁਰਾਂ ਕਥਨ ਕੀਤਾ ਹੈ :—

*'ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ ਅੰਤਰਿ ਉਰਿਧਾਰਿ ॥*
[ਗਉੜੀ ਸੁਖਮਨੀ ਮਃ ੫, ਅੰਗ–੨੯੩]

ਜੇਕਰ ਆਪਾਂ ਵੀ ਐਸੀ ਸਿੱਖਿਆ ਗ੍ਰਹਿਣ ਕਰਾਂਗੇ ਤਾਂ ਗੁਰੂ ਸਾਹਿਬ ਜੀ ਕਿਰਪਾ ਕਰਕੇ ਸਾਡਾ ਵੀ ਲੋਕ-ਪ੍ਰਲੋਕ ਸਵਾਰ ਦੇਣਗੇ। ਯਥਾ :—

*'ਦੋਵੈ ਥਾਵ ਰਖੇ ਗੁਰ ਸੂਰੇ ॥*
*ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ਰਹਾਉ॥'*
[ਬਿਲਾਵਲੁ ਮਹਲਾ ੫, ਅੰਗ–੮੨੫]

## ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ

ਜਿਥੇ ਹਰੀ ਦਾ ਸਿਮਰਨ ਹੋਇਆ ਹੈ, ਉਥੋਂ ਹਰੀ ਨੇ ਉਪਾਧੀ **ਗਤੁ** = ਨਾਸ ਕਰ ਦਿੱਤੀ ਹੈ, ਭਾਵ ਆਧੀ, ਬਿਆਧੀ, ਉਪਾਧੀ ਤਿੰਨ ਤਾਪ ਨਾਸ ਹੋ ਜਾਂਦੇ ਹਨ। **ਆਧੀ** = ਮਾਨਸਿਕ ਤਾਪ, ਚਿੰਤਾ ਆਦਿਕ, **ਬਿਆਧੀ** = ਸਰੀਰਕ ਤਾਪ, ਟਾਈਫਾਈਡ, ਟੀ.ਬੀ., ਕੈਂਸਰ

ਆਦਿਕ ਬਿਮਾਰੀਆਂ ਸਰੀਰ ਨੂੰ ਲੱਗ ਜਾਣੀਆਂ, **ਉਪਾਧੀ** = ਉਪਰੋਂ ਆ ਪਇਆ ਦੁਖ, ਪ੍ਰੇਤ-ਪੀੜਾ ਜਾਂ ਡਾਂਗ-ਸੋਟਾ, ਲੜਾਈ-ਫ਼ਸਾਦ ਆਦਿਕ ਇਹ ਸਾਰੇ ਤਾਪ ਨਾਸ ਹੋ ਜਾਂਦੇ ਹਨ।

ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਨੂੰ ਬੁਖਾਰ ਚੜ੍ਹ ਗਿਆ ਤਾਂ ਪੰਚਮ ਪਿਤਾ ਨੇ ਸਤਿਨਾਮੁ ਮੰਤ੍ਰ ਸੁਣਾ ਕੇ ਲਾਹ ਦਿੱਤਾ, ਫਿਰ ਸਿੱਖਾਂ ਨੂੰ ਸਤਿਨਾਮੁ ਮੰਤਰ ਜਪਣ ਦਾ ਮਹਾਤਮ ਇਉਂ ਸਮਝਾਇਆ :—

*'ਇਹ ਮੰਤ੍ਰ ਮਹਾਂ ਸਤਿਨਾਮ ਅਹੈ। ਨਿਜ ਜੀਹ ਜਪੈ ਜੁ ਅਰੋਗ ਚਹੈ ॥੧੬॥*
*ਤਨ ਤਾਪ ਕਹਾਂ ਇਸ ਤੇ ਜੁ ਰਹੈ। ਜਗ ਤੀਨਹੁ ਤਾਪਨਿ ਖਾਪਦ ਹੈ।*
*ਮੁਖਿ ਧੰਨ, ਜਪੈ ਸਤਿਨਾਮ ਸਦਾ। ਕਿਹ ਸੰਕਟ ਹੋਨਿ ਨ ਦੇਤਿ ਕਦਾ ॥੧੭॥'*
[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ-੩, ਅੰਸੂ-੩੦, ਜਿਲਦ-੬, ਪੰਨਾ—੨੦੩੧]

## ਵਡਭਾਗੀ ਹਰਿ ਜਪਨਾ ॥

ਪਰ ਵੱਡਿਆਂ ਭਾਗਾਂ ਵਾਲਿਆਂ ਨੇ ਹੀ ਹਰੀ ਨੂੰ ਸਿਮਰਿਆ ਅਤੇ ਜਪਿਆ ਹੈ।*

## ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ,
## ਜਪਿ ਹਰਿ ਭਵਜਲੁ ਤਰਨਾ ॥੨॥੬॥੧੨॥

ਗੁਰੂ ਜੀ ਕਥਨ ਕਰਦੇ ਹਨ, ਮੈਂ ਸੇਵਕ ਜਨ ਨੂੰ ਗੁਰਾਂ ਨੇ ਇਹੋ **ਮਤਿ** = ਸਿਖਿਆ ਦਿੱਤੀ ਹੈ ਕਿ ਹਰੀ ਨਾਮ ਜਪਣ ਕਰਕੇ ਹੀ **ਭਵਜਲੁ** = ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ। ਯਥਾ :—

੧. *'ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥.....॥੧॥ਰਹਾਉ॥*
*ਗਨਿਕਾ ਉਧਰੀ ਹਰਿ ਕਹੈ ਤੋਤ ॥*
*ਗਜਇੰਦ੍ਰ ਧਿਆਇਓ ਹਰਿ ਕੀਓ ਮੋਖ ॥'* [ਬਸੰਤੁ ਮਹਲਾ ੫, ਅੰਗ—੧੧੯੨]

੨. *'ਹਰਿ ਹਰਿ ਕਰਤ ਪੂਤਨਾ ਤਰੀ ॥*
*ਬਾਲਘਾਤਨੀ ਕਪਟਹਿ ਭਰੀ ॥'* [ਗੋਂਡ ਸ੍ਰੀ ਨਾਮਦੇਵ ਜੀ, ਅੰਗ—੮੭੪]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

---

* ਸਿਮਰਨ ਹਿਰਦੇ ਨਾਲ ਕਰੀਦਾ ਹੈ ਅਤੇ ਜਾਪ ਰਸਨਾ ਨਾਲ ਕਰੀਦਾ ਹੈ।

## ੩੪.

**ਧਨਾਸਰੀ ਮਹਲਾ ੫ ॥** [ਅੰਗ—੬੭੧]

**ਜਿਸਕਾ ਤਨੁ ਮਨੁ ਧਨੁ ਸਭੁ ਤਿਸਕਾ ਸੋਈ ਸੁਘੜੁ ਸੁਜਾਨੀ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸਾਜੀ ਨਿਵਾਜੀ ਪਰਮ ਸਨਮਾਨ ਯੋਗ ਗੁਰੂ ਰੂਪ ਖ਼ਾਲਸਾ ਸਾਧਸੰਗਤ ਜੀ ! ਅੱਜ ਪੂਰਨਮਾਸ਼ੀ ਦਾ ਦਿਹਾੜਾ ਹੈ, ਇਸ ਪਵਿੱਤਰ ਦਿਹਾੜੇ ਨੂੰ ਭਾਗ ਲਾਉਣ ਵਾਸਤੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣਾ ਸਰੂਪ ਇਸੇ ਦਿਨ ਪ੍ਰਗਟ ਕੀਤਾ ਹੈ, ਸੰਗਤਾਂ ਇਸਨੂੰ ਸਾਲ ਵਿਚ ਬਾਰਾਂ ਵਾਰ ਹੀ ਮਨਾਉਂਦੀਆਂ ਹਨ।

ਜਿਸ ਤਰ੍ਹਾਂ ਪੂਰਨਮਾਸ਼ੀ ਵਾਲੀ ਰਾਤ ਨੂੰ ਚੰਦ੍ਰਮਾਂ ਅਕਾਸ਼ ਵਿਚ ਪੂਰਾ ਹੁੰਦਾ ਹੈ। ਇਸ ਤਰ੍ਹਾਂ ਮਨੁੱਖਾ ਜਨਮ ਰੂਪ ਪੂਰਨਮਾਸ਼ੀ ਵਿਚ ਵੈਰਾਗ ਰੂਪ, ਅਥਵਾ ਗਿਆਨ ਰੂਪ ਚੰਦ੍ਰਮਾਂ ਹਿਰਦੇ ਰੂਪ ਅਕਾਸ਼ ਵਿਚ ਪ੍ਰਗਟ ਹੋਣਾ ਚਾਹੀਦਾ ਹੈ, ਜਿਸਦੀ ਸ਼ਾਂਤੀ ਰੂਪ ਚਾਨਣੀ ਹੈ। ਜਿਵੇਂ ਪੂਰਨਮਾਸ਼ੀ ਵਾਲੇ ਦਿਨ :—

੧. *'ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥'*

[ਗਉੜੀ ਥਿਤੀ ਕਬੀਰ ਜੀ, ਅੰਗ—੩੪੪]

੨. *'ਸਲੋਕੁ ॥ ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥*
*ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥੧੬॥'*

[ਥਿਤੀ ਗਉੜੀ ਮਹਲਾ ੫, ਅੰਗ—੩੦੦]

ਜਿਸ ਤਰ੍ਹਾਂ ਚੰਦ੍ਰਮਾਂ ਏਕਮ ਤੋਂ ਦੂਜ ਵੱਲ ਵਧਦਾ ਹੈ, ਇਸੇ ਤਰ੍ਹਾਂ ਹੀ ਗੁਰਮੁਖਾਂ ਦੇ ਹਿਰਦੇ ਅੰਦਰ ਸ਼ਬਦ ਦਾ ਪ੍ਰਕਾਸ਼ ਵਧਦਾ ਹੈ ਅਤੇ ਉਹ ਨਿਮਰਤਾ ਸਹਿਤ ਹੁੰਦੇ ਹਨ, ਸਮਝਦੇ ਹਨ :—

*'ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥*
*ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥'*

[ਬਾਣੀ ਸਧਨੇ ਕੀ ਰਾਗੁ ਬਿਲਾਵਲੁ, ਅੰਗ—੮੫੮]

ਜੋ ਨਾਮ ਜਪਣਾ ਹੈ, ਇਹੋ ਗੁਰਮੁਖਾਂ ਦੀ ਏਕਮ ਹੈ। ਜੋ ਨਾਮ ਜਪਣਾ ਤੇ ਦਾਨ ਕਰਨਾ

ਹੈ, ਇਹ ਦੂਜ ਹੈ। ਨਾਮ, ਦਾਨ, ਇਸ਼ਨਾਨ ਤੀਜ ਹੈ। ਮਨ, ਬੁੱਧ, ਚਿੱਤ, ਅਹੰਕਾਰ 'ਤੇ ਫ਼ਤਹ ਪਾਉਣ ਰੂਪ ਗੁਰਮੁਖਾਂ ਦੀ ਚੌਥ ਹੈ। ਸਤ, ਸੰਤੋਖ, ਦਇਆ, ਧਰਮ, ਵੀਚਾਰ ਰੂਪ ਸ਼ੁਭ ਗੁਣਾਂ ਨੂੰ ਧਾਰਨ ਕਰਨ ਰੂਪ ਪੰਚਮੀ ਹੈ। ਪੰਜ ਗਿਆਨ ਇੰਦ੍ਰੇ ਅਤੇ ਛੇਵਾਂ ਮਨ ਨੂੰ ਜਿੱਤਣ ਰੂਪ ਛੇਵੀਂ ਥਿੱਤ ਹੈ। ਪੰਜ ਕਲੇਸ਼; ਅਵਿਦਿਆ, ਅਸੰਮਤਾ, ਅਭੀਨਿਵੇਸ਼, ਰਾਗ, ਦ੍ਵੈਖ ਅਤੇ ਆਸਾ, ਤ੍ਰਿਸ਼ਨਾਂ, ਇਹਨਾਂ ਸੱਤਾਂ ਦੀ ਨਵਿਰਤੀ ਰੂਪ ਸੱਤਵੀਂ ਹੈ। ਅੱਠਾਂ ਧਾਤਾਂ ਦੀ ਦੇਹ ਦੇ ਅਭਿਮਾਨ ਦੀ ਨਵਿਰਤੀ ਰੂਪ ਅਸ਼ਟਮੀ ਹੈ। ਨੌਂ ਗੋਲਕਾਂ ਦੀਆਂ ਵਾਸ਼ਨਾਂ ਤੋਂ ਪਰੇ ਹੋਣ ਰੂਪ ਨੌਮੀ ਹੈ:—

*'ਦਸੇ ਦਿਸਾ ਰਵਿਆ ਪ੍ਰਭੁ ਏਕੁ ॥'* [ਥਿਤੀ ਗਉੜੀ ਮਹਲਾ ੫, ਅੰਗ—੨੯੯]

ਸਮਝਣ ਰੂਪ ਦਸਵੀਂ ਹੈ। ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ ਅਤੇ ਗਿਆਰਵਾਂ ਮਨ ਇਨ੍ਹਾਂ ਗਿਆਰਾਂ 'ਤੇ ਕਾਬੂ ਪਾਉਣ ਰੂਪ ਗਿਆਰਵੀਂ ਥਿੱਤ ਹੈ। ਪੰਜ ਵਿਸ਼ੇ; ਸ਼ਬਦ, ਸਪਰਸ਼, ਰੂਪ, ਰਸ, ਗੰਧ ਅਤੇ ਪੰਜ ਕਲੇਸ਼, ਮਨ ਤੇ ਬੁੱਧ ਇਨ੍ਹਾਂ ਬਾਰਾਂ ਤੋਂ ਪਰੇ ਹੋਣ ਰੂਪ ਦੁਆਦਸੀ ਥਿੱਤ ਹੈ। ਨੌਂ ਵਿਆਕਰਣ ਅਤੇ ਚਾਰ ਵੇਦਾਂ ਦੇ ਸਿਧਾਂਤ ਨੂੰ ਜਾਨਣ ਰੂਪ ਤ੍ਰਉਦਸੀ ਥਿੱਤ ਹੈ। ਪੰਜ ਸੂਖਮ ਤੱਤ ਅਤੇ ਪੰਜ ਅਸਥੂਲ ਤੱਤ, ਉੱਤਮ, ਮੱਧਮ, ਕਨਿਸ਼ਟ ਅਤੇ ਅਧਮ ਇਨ੍ਹਾਂ ਚੌਦਾਂ ਦੀ ਜਿੱਤ ਰੂਪ ਚੌਦੇ ਹੈ। ਪੂਰਨ ਪ੍ਰਮੇਸ਼ਰ ਦਾ ਪ੍ਰਕਾਸ਼ ਹੋਣ ਰੂਪ ਪੂਰਨਮਾਸ਼ੀ ਹੈ। ਉਹ ਗੁਰਮੁਖ ਫਿਰ ਇਕ ਰਸ ਚਕੋਰ ਵੱਤ ਬਿਰਤੀ ਲਾ ਕੇ ਦਰਸ਼ਨ ਕਰਦੇ ਹਨ:—

*'...ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥'* [ਮਾਝ ਮਹਲਾ ੫, ਅੰਗ—੧੦੮]

ਫਿਰ ਰਿਦੇ ਰੂਪ ਅਕਾਸ਼ ਵਿਚ ਗਿਆਨ ਰੂਪ ਚੰਦ੍ਰਮਾਂ ਪ੍ਰਕਾਸ਼ਦਾ ਹੈ, ਜਿਸਦੀ ਸ਼ਾਂਤੀ ਰੂਪ ਚਾਨਣੀ ਜਨਮਾਂ-ਜਨਮਾਂ ਤੋਂ ਲੱਗੀ ਹੋਈ ਅਗਿਆਨ ਦੀ ਤਪਸ਼ ਨੂੰ ਮੇਟ ਦਿੰਦੀ ਹੈ ਅਤੇ ਰਾਗ-ਦ੍ਵੈਖ ਰੂਪ ਕਿਰਨਾਂ ਦੀ ਤਪਸ਼ ਨੂੰ ਮਿਟਾ ਕੇ ਸਤੋ-ਮੈ ਬਿਰਤੀ ਅਤੇ ਦਿਬ-ਦ੍ਰਿਸ਼ਟੀ ਪ੍ਰਕਾਸ਼ ਆਉਂਦੀ ਹੈ। ਫਿਰ ਚੰਮ-ਦ੍ਰਿਸ਼ਟੀ ਨਾਸ ਹੋ ਜਾਂਦੀ ਹੈ, ਜਿਵੇਂ ਸਰਾਫ਼ ਭਿੰਨ-ਭਿੰਨ ਗਹਿਣਿਆਂ ਨੂੰ ਕੁਠਾਲੀ ਵਿਚ ਢਾਲ ਕੇ ਬਾਰਾਂ ਵੰਨੀ ਦਾ ਸੋਨਾ ਬਣਾਉਂਦਾ ਹੈ, ਇਸੇ ਤਰ੍ਹਾਂ ਹੀ ਪ੍ਰੇਮ ਰੂਪ ਕੁਠਾਲੀ ਵਿਚ ਚਿੱਤ ਦੀ ਇਕਾਗਰਤਾ ਕਰਨ ਰੂਪ ਅੱਗ ਬਾਲਣੀ ਹੈ, ਭੈ ਰੂਪ ਖੱਲਾ ਦੁਆਰਾ (ਮਨ ਵਿਚ ਜੋ ਸ਼ਰਧਾ ਰੱਖਣੀ ਹੈ) ਹਵਾ ਝੱਲਣੀ ਹੈ। ਇਉਂ ਬਾਰਾਂ ਵੰਨੀ ਦੇ ਸੋਨੇ ਦੀ ਤਰ੍ਹਾਂ ਸ਼ੁੱਧ ਕਰਕੇ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਮਨ ਅਤੇ ਬੁੱਧ ਨੂੰ ਅਭਾਵ ਕਰਨ ਰੂਪ ਸ਼ੁੱਧ ਸੋਨਾ ਬਨਾਉਣਾ ਹੈ। ਤਾਂ ਫਿਰ:—

*'ਨਿਰੰਕਾਰ ਮਹਿ ਆਕਾਰੁ ਸਮਾਵੈ ॥'* [ਆਸਾ ਮਹਲਾ ੧, ਅੰਗ—੪੧੪]

ਜਿਵੇਂ ਖੰਡ ਦੇ ਖਿਡਾਉਣਿਆਂ ਵਿਚ ਇਕ ਖੰਡ ਹੀ ਹੁੰਦੀ ਹੈ ਅਤੇ ਜਿਵੇਂ ਲੋਹੇ ਦੇ ਅਨੇਕ ਪ੍ਰਕਾਰ ਦੇ ਸ਼ਸਤਰਾਂ ਵਿਚ ਇਕ ਲੋਹਾ ਹੀ ਹੁੰਦਾ ਹੈ, ਜਿਵੇਂ ਸੋਨੇ ਦੇ ਸਾਰੇ ਗਹਿਣਿਆਂ ਵਿਚ ਇਕ ਸੋਨਾ ਹੀ ਹੁੰਦਾ ਹੈ, ਇਸੇ ਤਰ੍ਹਾਂ ਭਿੰਨ-ਭਿੰਨ ਜੀਆਂ ਅਤੇ ਸਰਬੱਤ ਵਿਚ ਇਕ ਪ੍ਰਮੇਸ਼ਰ ਹੀ ਹੈ, ਉਸਨੂੰ ਜਾਨਣਾ ਹੀ ਅਸਲ ਪੁੰਨਿਆ* ਮਨਾਉਣੀ ਹੈ।

## ਜਿਸਕਾ ਤਨੁ ਮਨੁ ਧਨੁ ਸਭੁ ਤਿਸਕਾ

ਜਿਸ ਪ੍ਰਮੇਸ਼ਰ ਨੇ ਤਨ, ਮਨ ਦਿੱਤਾ ਹੈ, ਧਨ ਵੀ ਤਿਸਦਾ ਹੀ ਦਿੱਤਾ ਹੋਇਆ ਹੈ। ਆਪਣੇ ਯਤਨ ਨਾਲ ਤਾਂ ਬਥੇਰੇ ਧਨੀ ਬਨਣਾ ਚਾਹੁੰਦੇ ਹਨ, ਪਰ ਨਹੀਂ ਬਣ ਸਕਦੇ। ਯਥਾ :—

੧. *'ਦੇਸੁ ਕਮਾਵਨ ਧਨ ਜੋਰਨ ਕੀ ਮਨਸਾ; ਬੀਚੇ ਨਿਕਸੇ ਸਾਸ॥'*

[ਗੂਜਰੀ ਮਹਲਾ ੫, ਅੰਗ—੪੯੬]

੨. *'ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥*
*ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥੩॥'*

[ਗਉੜੀ ਮਹਲਾ ੧, ਅੰਗ—੧੫੭]

੩. *'ਸਰਬ ਨਿਧਾਨ ਪ੍ਰਭ ਤੇਰੀ ਮਇਆ॥ ਆਪਹੁ ਕਛੂ ਨ ਕਿਨਹੂ ਲਇਆ॥'*

[ਗਉੜੀ ਸੁਖਮਨੀ ਮ: ੫, ਅੰਗ—੨੭੧]

ਇਸੇ ਕਰਕੇ ਗੁਰਮੁਖ ਤਨ, ਮਨ ਅਤੇ ਧਨ ਸਭ ਵਾਹਿਗੁਰੂ ਦੀ ਦਾਤ ਹੀ ਸਮਝਦੇ ਹਨ।

## ਸੋਈ ਸੁਘੜੁ ਸੁਜਾਣੀ॥

ਉਹੀ ਵਾਹਿਗੁਰੂ ਸ੍ਰੇਸ਼ਟ ਘਾੜਤਾਂ ਨੂੰ ਘੜਨ ਵਾਲਾ ਹੈ। ਯਥਾ :—

*'ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥*
*ਕੋਇ ਨ ਕਿਸਹੀ ਜੇਹਾ ਉਪਾਇਆ॥*
*ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ॥੧॥'*

[ਮਾਰੂ ਮਹਲਾ ੩, ਅੰਗ—੧੦੫੬]

ਵੇਖੋ! ਇਕ ਦੂਜੇ ਨਾਲ ਅੰਗੂਠੇ ਦਾ ਨਿਸ਼ਾਨ ਹੀ ਨਹੀਂ ਮਿਲਦਾ, ਕਿਸੇ ਦੀ ਰਫ਼ਤਾਰ,

---

* ਇਹ ਅਲੰਕਾਰ ਪੂਰਨਮਾਸ਼ੀ ਵਾਲੇ ਦਿਨ ਲਾਓ ਜੀ।

ਗੁਫ਼ਤਾਰ, ਦਸਤਾਰ ਵੀ ਨਹੀਂ ਮਿਲਦੀ। ਕੋਈ ਕਾਲੇ ਰੰਗ ਦਾ, ਕੋਈ ਗੋਰੇ ਰੰਗ ਦਾ ਹੈ, ਕੋਈ ਮਧਰਾ ਹੈ, ਕੋਈ ਲੰਮਾ ਹੈ, ਕੋਈ ਪਤਲਾ ਹੈ, ਕੋਈ ਮੋਟਾ ਹੈ, ਕੋਈ ਸਤੋ ਗੁਣੀ ਹੈ, ਕੋਈ ਰਜੋ ਗੁਣੀ ਹੈ, ਕੋਈ ਤਮੋ ਗੁਣੀ ਹੈ।

**ਸੁਜਾਨੀ** = ਸਾਰਿਆਂ ਦੇ ਦਿਲਾਂ ਦੀ ਜਾਨਣ ਵਾਲਾ ਅੰਤਰਜਾਮੀ ਹੈ। ਯਥਾ :—

*'ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥'*

[ਦਸਮ, ਅੰਗ—੧੩੮੭]

**ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥੧॥**

ਉਸੇ ਨੇ ਹੀ ਮੇਰਾ ਦੁਖ-ਸੁਖ ਸੁਣਿਆ ਹੈ, ਤਦੇ ਹੀ ਚੰਗੀ ਬਿਧੀ **ਖਟਾਨੀ** = ਮਿਲੀ, ਭਾਵ ਪ੍ਰਾਪਤ ਹੋਈ ਹੈ।

ਉਹ ਵਾਹਿਗੁਰੂ ਹੀ ਜੰਮਣ-ਮਰਨ ਦਾ ਦੁਖ, ਵਿਛੋੜੇ ਦਾ ਦੁਖ, ਹੋਰ ਵੀ ਅਨੇਕ ਪ੍ਰਕਾਰ ਦਾ ਦੁਖ ਸੁਣ ਕੇ ਸੁਖ ਬਖ਼ਸ਼ਣ ਵਾਲਾ ਹੈ, ਉਸ ਪਾਸ ਹੀ ਬੇਨਤੀ ਕਰਨੀ ਚਾਹੀਦੀ ਹੈ। ਯਥਾ :—

*'ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥'*

[ਸਿਰੀ ਰਾਗੁ ਮਹਲਾ ੧, ਅੰਗ—੧੬]

ਆਪਣੇ ਦੁਖ ਉਸ ਵਾਹਿਗੁਰੂ ਪਾਸ ਦੱਸੀਏ, ਜਿਸ ਪਾਸ ਸਾਰੇ ਸੁਖ ਹਨ। ਬਾਕੀ ਤਾਂ :—

*'ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥'* [ਗਉੜੀ ਸੁਖਮਨੀ ਮਃ ੫, ਅੰਗ—੨੬੪]

ਜੇ ਹੋਰ ਕਿਸੇ ਨੂੰ ਆਪਣਾ ਦੁਖ ਦੱਸੀਏ ਤਾਂ ਉਹ ਅੱਗੋਂ ਆਪਣੀਆਂ ਹੀ ਦੁਖ ਦੀਆਂ ਪੰਡਾਂ ਖੋਲ੍ਹਣ ਲੱਗ ਜਾਂਦਾ ਹੈ। ਯਥਾ :—

੧. *'ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥*
*ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥'*

[ਸਾਰੰਗ ਕੀ ਵਾਰ, ਸਲੋਕ ਮਹਲਾ ੧, ਅੰਗ—੧੨੪੦]

੨. *'ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ ॥*
*ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ ॥'*

[ਸੂਹੀ ਮਹਲਾ ੧, ਅੰਗ—੭੬੭]

ਜੋ ਗੁਰਮੁਖ ਹਨ, ਉਹ ਤਾਂ ਇਉਂ ਸਮਝ ਕੇ ਪ੍ਰਮੇਸ਼ਰ ਦੇ ਭਾਣੇ ਵਿਚ ਪ੍ਰਸੰਨ ਰਹਿੰਦੇ ਹਨ। ਯਥਾ :—

੧. *'ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥*
*ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥੧੪॥'*
[ਮਾਰੂ ਮਹਲਾ ੧, ਅੰਗ–੧੦੩੦]

੨. *'ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥'*
[ਆਸਾ ਮਹਲਾ ੧, ਅੰਗ–੪੩੩]

## ਜੀਅ ਕੀ ਏਕੈ ਹੀ ਪਹਿ ਮਾਨੀ ॥

ਜੀਵ ਦੀ ਬੇਨਤੀ ਇਕ ਪ੍ਰਭੂ ਦੇ ਪਾਸ ਹੀ ਮੰਨੀ ਜਾਂਦੀ ਹੈ। ਜੇ ਉਸ ਤੋਂ ਬਿਨਾਂ ਹੋਰ ਕਿਸੇ ਪਾਸ ਕਰਾਂਗੇ ਤਾਂ ਉਹ ਅੱਗੋਂ ਆਪਣੇ ਹੀ ਦੁਖ ਦੱਸਣ ਲੱਗ ਪਵੇਗਾ। ਯਥਾ :–

*'ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ,*
*ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ ॥*
*ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ,*
*ਜੋ ਤੁਮਰੇ ਦੂਖ ਤਤਕਾਲ ਕਟਾਸਾ ॥*
*ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ,*
*ਅਵਰਾ ਪਹਿ ਕਹਿ ਮਨ ਲਾਜ ਮਰਾਸਾ ॥੨॥'* [ਗੌਂਡ ਮਹਲਾ ੪, ਅੰਗ–੮੬੦]

**ਜੀਅ ਕੀ** = ਦਿਲੋਂ ਕੀਤੀ ਹੋਈ ਅਰਦਾਸ ਹੀ ਇਕ ਪ੍ਰਭੂ ਦੇ ਦਰ 'ਤੇ ਮੰਨੀ ਜਾਂਦੀ ਹੈ, ਪਰ ਅਰਦਾਸੀਏ ਪਾਸ ਇਸ ਤਰ੍ਹਾਂ ਦਾ ਟਕਾ ਹੋਵੇ। ਯਥਾ :–

*'ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥'*
[ਰਾਮਕਲੀ ਮਹਲਾ ੧, ਅੰਗ–੮੭੮]

ਅਰਦਾਸ ਵਿਚ ਨਿਮਰਤਾ ਤੇ ਤਰਲਾ ਹੁੰਦਾ ਹੈ, ਜਿਸ ਵਿਚ ਪ੍ਰਾਣੀ ਪ੍ਰਭੂ ਨਾਲ ਇਕ ਸੁਰ ਹੁੰਦਾ ਹੈ। ਜਿਵੇਂ ਕਿ ਪੰਛੀ ਨੂੰ ਉਡਾਰੀ ਲਈ ਜਿਸ ਤਰ੍ਹਾਂ ਖੰਭਾਂ ਦੀ, ਖਾਲ ਨੂੰ ਵਗਣ ਹਿਤ ਖੁੱਲ੍ਹੇ ਮੋਘੇ ਦੀ, ਬਿਰਖ ਨੂੰ ਮੌਲਣ ਲਈ ਜਿਵੇਂ ਜੜ੍ਹਾਂ ਦੀ ਜ਼ਰੂਰਤ ਹੈ। ਪੰਛੀ ਕਿਤਨਾ ਵੀ ਮੋਟਾ-ਤਾਜਾ ਤੇ ਸੋਹਣਾ ਕਿਉਂ ਨਾ ਹੋਵੇ, ਜੇ ਉਸਦੇ ਖੰਭ ਕੱਟ ਦਿੱਤੇ ਜਾਣ ਤਾਂ ਉਹ ਅਕਾਸ਼ ਵਿਚ ਉਡਾਰੀ ਨਹੀਂ ਮਾਰ ਸਕਦਾ। ਖਾਲ ਕਿਤਨਾ ਵੀ ਗਹਿਰਾ ਤੇ ਪੱਧਰਾ ਕਿਉਂ ਨਾ ਖੋਦਿਆ ਹੋਵੇ, ਜੇ ਮੋਘਾ, ਗਾਰ, ਇੱਟਾਂ ਜਾਂ ਫੱਟੀ ਨਾਲ ਬੰਦ ਹੋ ਜਾਵੇ ਤਾਂ ਖਾਲ ਪਾਣੀ ਨਾਲ ਭਰ ਕੇ ਨਹੀਂ ਵਗ ਸਕਦਾ। ਲੰਬਾ-ਉੱਚਾ ਤੇ ਫਲਿਆ-ਫੁੱਲਿਆ ਦਰੱਖਤ ਜੜ੍ਹਾਂ ਦੇ ਸੁੱਕ ਜਾਣ ਨਾਲ ਦਿਨਾਂ ਵਿਚ ਰੁੰਡ-ਮੁੰਡ ਹੋ ਕੇ ਜ਼ਮੀਨ 'ਤੇ ਆ ਪੈਂਦਾ ਹੈ। ਇਹੋ ਹੀ ਮਨਮੁਖ ਦੇ ਜੀਵਨ ਦੀ ਹਾਲਤ ਹੈ।

ਜੀਵ ਦੀ ਜਿਸਮਾਨੀ, ਮਾਨਸਿਕ ਤੇ ਰੂਹਾਨੀ ਪ੍ਰਫੁੱਲਤਾ, ਅਰਦਾਸ ਦੇ ਬਲ 'ਤੇ ਹੀ ਕਾਇਮ ਰਹਿ ਸਕਦੀ ਹੈ। ਜੇ ਅਭਾਗ ਵੱਸ ਮਨੁੱਖ ਅਰਦਾਸ ਨੂੰ ਛੱਡ ਬਹੇ ਤਾਂ ਜੀਵਨ ਦਾ ਬਣਿਆ ਬ੍ਰਿਖ ਸੁੱਕ ਕੇ ਢਹਿ ਢੇਰੀ ਹੋ ਜਾਂਦਾ ਹੈ। ਇਹ ਇਕ ਜਗਤ ਪ੍ਰਸਿੱਧ ਸਚਾਈ ਹੈ, ਇਸਦੀ ਗਵਾਹੀ ਸੰਸਾਰ ਦੀ ਕਾਮਯਾਬ ਜ਼ਿੰਦਗੀ ਦੇ ਹਰ ਪਹਿਲੂ ਤੋਂ ਮਿਲਦੀ ਹੈ।

ਗੁਰਮਤਿ ਨੇ ਅਰਦਾਸ ਨੂੰ ਮਨੁੱਖ ਜ਼ਿੰਦਗੀ ਲਈ ਸੰਜੀਵਨੀ ਬੂਟੀ ਕਰਾਰ ਦਿੱਤਾ ਹੈ। ਪਰ ਸ਼ਰਧਾ, ਨਿਰਮਾਣਤਾ, ਪ੍ਰੇਮ ਤੇ ਚਿੱਤ ਦੀ ਇਕਾਗਰਤਾ ਨਾਲ ਕੀਤੀ ਅਰਦਾਸ ਹੀ ਸਫਲੀ ਤੇ ਫਲੀਭੂਤ ਹੁੰਦੀ ਹੈ। ਜਿਵੇਂ ਕਿਸੇ ਕਵੀ ਨੇ ਠੀਕ ਹੀ ਲਿਖਿਆ ਹੈ :—

*'ਖ਼ੁਦਾ ਮਨਜ਼ੂਰ ਕਰਤਾ ਹੈ ਦੁਆ ਜਬ ਦਿਲ ਸੇ ਹੋਤੀ ਹੈ।*
*ਮੁਸ਼ਕਿਲ ਤੋ ਯੇਹੀ ਹੈ ਕਿ ਯਿਹ ਮੁਸ਼ਕਿਲ ਸੇ ਹੋਤੀ ਹੈ।'* [ਲੋਕਕ]

**ਅਵਰਿ ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ ॥ਰਹਾਉ॥**

ਨਾਮ ਤੋਂ ਬਿਨਾਂ ਹੋ ਕੇ **ਅਵਰਿ** = ਹੋਰ ਬਹੁਤ ਸਾਰੇ ਯਤਨ ਕਰ ਰਹੇ ਹਨ, ਪਰ ਉਨ੍ਹਾਂ ਨੇ ਇਕ ਤਿਲ ਜਿੰਨੀ ਵੀ ਕੀਮਤ ਨਹੀਂ ਜਾਣੀ। ਯਥਾ :—

*'ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥*
*ਗਿਆਨੀ ਧਿਆਨੀ ਗੁਰ ਗੁਰਹਾਈ ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥'*
[ਆਸਾ ਮਹਲਾ ੧, ਅੰਗ—੯]

**ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥**

ਪ੍ਰਭੂ ਦਾ ਨਾਮ-ਅੰਮ੍ਰਿਤ ਇਕ ਅਮੋਲਕ ਹੀਰਾ ਹੈ, ਗੁਰਾਂ ਨੇ ਮੈਨੂੰ ਉਹੋ ਹੀ **ਮੰਤਾਨੀ** = ਮੰਤ੍ਰ ਦਿੱਤਾ ਹੈ।

ਜਦੋਂ ਵਾਹਿਗੁਰੂ ਕਿਰਪਾ ਕਰਕੇ ਸਾਰਾ ਦੁਖ ਸੁਣ ਕੇ ਅਰਜ ਪ੍ਰਵਾਨ ਕਰ ਲੈਂਦਾ ਹੈ ਤਾਂ ਪ੍ਰਸੰਨ ਹੋ ਕੇ ਅੰਮ੍ਰਿਤ ਦੇ ਚੁਲੇ ਨਾਲ ਪੰਜਾਂ ਪਿਆਰਿਆਂ ਰਾਹੀਂ ਹੀਰੇ ਦੀ ਨਿਆਈਂ ਅਮੋਲਕ ਨਾਮ ਬਖ਼ਸ਼ ਦਿੰਦਾ ਹੈ। ਜਿਸ ਨਾਮ ਰੂਪ ਹੀਰੇ ਦੀ ਕੀਮਤ ਪਾਈ ਨਹੀਂ ਜਾ ਸਕਦੀ। ਯਥਾ :—

੧. *'ਸਲੋਕੁ ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥'*
[ਗਉੜੀ ਸੁਖਮਨੀ ਮਃ ੫, ਅੰਗ—੨੬੫]

੨. *'ਡਖਣਾ ॥ ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥'*
[ਸਿਰੀ ਰਾਗੁ ਮਹਲਾ ੫, ਅੰਗ—੮੧]

੩. *'ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭ ਕੂੜੁ ਗਾਲ੍ਹੀ ਹੋਛੀਆ ॥੧॥'* [ਸੂਹੀ ਮਹਲਾ ੫, ਅੰਗ—੭੬੧]

੪. *'ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥*
*ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥'*
[ਧਨਾਸਰੀ ਮਹਲਾ ੧, ਅੰਗ—੬੬੩]

ਨਾਮ ਤੋਂ ਹੀਣਿਆਂ ਬਾਬਤ ਗੁਰੂ ਜੀ ਇਉਂ ਫ਼ੁਰਮਾਉਂਦੇ ਹਨ :—

੧. *'ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥੨॥'*
[ਗਉੜੀ ਮਹਲਾ ੫, ਅੰਗ—੨੩੯]

੨. *'ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥.....*
*ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥'*
[ਗਉੜੀ ਮਹਲਾ ੫, ਅੰਗ—੨੪੦]

ਜਿਹੜੇ ਨਾਮ ਜਪਦੇ ਹਨ, ਉਹਨਾਂ ਬਾਬਤ ਤਾਂ ਸਤਿਗੁਰੂ ਜੀ ਇਉਂ ਫ਼ੁਰਮਾਉਂਦੇ ਹਨ :—

੧. *'ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ*
*ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥'*
[ਸੋਰਠਿ ਕੀ ਵਾਰ ਮਹਲਾ ੪, ਅੰਗ—੬੪੮]

੨. *'ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥'*
[ਆਸਾ ਮਹਲਾ ੫, ਅੰਗ—੩੯੭]

੩. *'ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥'*
[ਵਡਹੰਸੁ ਮਹਲਾ ੧, ਅੰਗ—੫੭੯]

੪. *'ਆਇਆ ਸਫਲ ਤਾਹੂ ਕੋ ਗਨੀਐ ॥*
*ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥'*
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੨]

ਸਤਿਗੁਰੂ ਜੀ ਨਾਮ ਜਪਣ ਲਈ ਇਉਂ ਹੁਕਮ ਕਰਦੇ ਹਨ:—

੧. *'ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥.....*
*ਮਨ ਰੁਤਿ ਨਾਮ ਰੇ ॥'* [ਬਸੰਤੁ ਮਹਲਾ ੫, ਅੰਗ—੧੧੮੫]

੨. *'ਕੁਰਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥੫॥'*
[ਮਾਰੂ ਸੋਲਹੇ ਮਹਲਾ ੫, ਅੰਗ—੧੦੭੫]

੩. *'ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥*
*ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥'*
[ਪ੍ਰਭਾਤੀ ਕਬੀਰ ਜੀ, ਅੰਗ—੧੩੪੯]

ਇਸ ਲਈ ਸਤਿਗੁਰਾਂ ਤੋਂ ਨਾਮ ਹੀ ਮੰਗੀਏ:—

੧. *'ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥'*
[ਗਉੜੀ ਸੁਖਮਨੀ ਮਃ ੫, ਅੰਗ—੨੮੯]

੨. *'ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ,*
*ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥'* [ਸੋਰਠਿ ਮਹਲਾ ੧, ਅੰਗ—੫੯੭]

੩. *'ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥*
*ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥੮॥'*
[ਸੂਹੀ ਮਹਲਾ ੧, ਅੰਗ—੭੫੩]

੪. *'ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥'*
[ਸੂਹੀ ਮਹਲਾ ੫, ਅੰਗ—੭੬੨]

੫. *'ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥'*
[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੫੮]

੬. *'ਕਰਤਾ ਤੂ ਮੇਰਾ ਜਜਮਾਨੁ ॥*
*ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥'*
[ਪ੍ਰਭਾਤੀ ਮਹਲਾ ੧, ਅੰਗ—੧੩੨੯]

੭. *'ਮਾਗਉ ਦਾਨੁ ਠਾਕੁਰ ਨਾਮ ॥*
*ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥*
[ਟੋਡੀ ਮਹਲਾ ੫, ਅੰਗ—੭੧੩]

੮. *'ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ ॥*
*ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥੧॥'*
[ਰਾਗੁ ਧਨਾਸਿਰੀ ਮਹਲਾ ੩, ਅੰਗ—੬੬੬]

੯. *'ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥*
*ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥'**
[ਸੂਹੀ ਮਹਲਾ ੧ ਕਾਫੀ, ਅੰਗ—੭੫੨]

**ਗੁਰਿ** = ਸਤਿਗੁਰੂ ਨਾਨਕ ਦੇਵ ਜੀ ਨੇ ਮੰਤ੍ਰ ਰੂਪ ਕਰਕੇ ਵਾਹਿਗੁਰੂ ਮੰਤ੍ਰ ਸਚਖੰਡ ਵਿਚੋਂ ਲਿਆ ਕੇ ਦਿੱਤਾ ਹੈ। ਯਥਾ :—

੧. *'ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।'*
[ਭਾਈ ਗੁਰਦਾਸ ਜੀ, ਵਾਰ-੧੨, ਪਉੜੀ-੧੭]

੨. *'ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।'*
[ਭਾਈ ਗੁਰਦਾਸ ਜੀ, ਵਾਰ-੧੩, ਪਉੜੀ-੨]

ਜਦੋਂ :—

*'ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥'*
[ਰਾਮਕਲੀ ਮਹਲਾ ੧ ਸਿਧ ਗੋਸਟਿ, ਅੰਗ—੯੪੩]

ਬਣਾਵਾਂਗੇ ਤਾਂ :—

*'ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥'*
[ਰਾਮਕਲੀ ਮਹਲਾ ੧, ਅੰਗ—੮੭੯]

ਵਾਲੀ ਅਵਸਥਾ ਪ੍ਰਾਪਤ ਹੋਵੇਗੀ। ਅਭਿਆਸ ਕਰਦਿਆਂ-ਕਰਦਿਆਂ ਗੁਰਸਿੱਖ ਨੇ ਇਸ ਅਵਸਥਾ 'ਤੇ ਪਹੁੰਚਣਾ ਹੈ :—

੧. *'ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥'*
[ਮਲਾਰ ਮਹਲਾ ੪, ਅੰਗ—੧੨੬੫]

---

* ਨਾਮ ਦੇ ਨਿਰਮੋਲਕ ਬਾਰੇ ਤਿੰਨ ਸਾਖੀਆਂ ਇਸ ਪੋਥੀ ਦੇ ਪਹਿਲੇ ਭਾਗ ਵਿਚ ੩੬੯ ਪੰਨੇ ਤੋਂ ਪੜ੍ਹੋ ਜੀ।

੨. *'ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥੧॥ਰਹਾਉ॥*
*ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥*
*ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥*
*ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥*
*ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥'*
[ਮਾਲੀਗਉੜਾ ਨਾਮਦੇਵ ਜੀ, ਅੰਗ—੯੮੮]

## ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥੨॥

ਜਦੋਂ ਦਾ ਮੈਂ ਨਾਮ-ਅੰਮ੍ਰਿਤ ਆਪਣੇ ਮਨ ਵਿਚ ਦ੍ਰਿੜ੍ਹ ਕਰ ਰਿਹਾ ਹਾਂ, ਤਦੋਂ ਦਾ ਮੇਰਾ ਮਨ ਡਿੱਗਦਾ ਨਹੀਂ ਹੈ। ਅਥਵਾ :—ਤਦੋਂ ਦਾ ਮੇਰਾ ਮਨ ਨਾ ਸੰਸਾਰ ਵੱਲ ਡਿੱਗਦਾ ਹੈ ਅਤੇ ਨਾ ਹੀ ਕੁਮਾਰਗਾਂ ਵਿਚ ਡੋਲਦਾ ਹੈ, ਸ਼ੁਭ ਗੁਣਾਂ ਨਾਲ ਪੂਰਨ ਹੋ ਕੇ ਮਨ ਤ੍ਰਿਪਤ ਹੋ ਗਿਆ ਹੈ।

ਅਥਵਾ :—ਜੋ ਨਾਮ ਨੂੰ ਦ੍ਰਿੜ੍ਹ ਕਰ ਰਿਹਾ ਹੈ, ਭਾਵ ਜਿਸਨੇ ਨਾਮ ਜਪਿਆ ਹੈ, ਉਹ **ਡਿਗੈ ਨ** = ਵਿਸ਼ਿਆਂ ਵਿਚ ਡਿੱਗਦਾ ਨਹੀਂ ਹੈ, ਭਾਵ ਖਚਤ ਨਹੀਂ ਹੁੰਦਾ ਹੈ। ਜਿਵੇਂ ਗੋਰਖ ਨਾਥ ਦਾ ਗੁਰੂ ਮਛੰਦਰ ਨਾਥ ਸੰਗਲਾਦੀਪ ਵਿਖੇ ਅਮਰੂ ਰਾਜੇ ਦੀ ਮੁਰਦਾ ਦੇਹ ਵਿਚ ਪ੍ਰਵੇਸ਼ ਹੋ ਕੇ ਰਾਣੀਆਂ ਨਾਲ ਵਿਸ਼ੇ ਭੋਗਣ ਲੱਗ ਪਿਆ ਸੀ।*

ਅਤੇ ਵਿਸ਼ਿਆਂ ਵਿਚ ਵੀ **ਨ ਡੋਲੈ** = ਨਹੀਂ ਡੋਲਦਾ ਹੈ, ਜਿਵੇਂ ਇੰਦ੍ਰ ਅਹੱਲਿਆ 'ਤੇ ਡੋਲਿਆ ਸੀ। ਜਿਵੇਂ ਭਾਈ ਸੰਤ ਰਾਮ ਨੇ ਜਹਾਂਗੀਰ ਦੀ ਸ਼ਹਿਜ਼ਾਦੀ ਨਾਲ ਮਨ ਨੂੰ ਧਰਮ ਵੱਲੋਂ ਡੁਲਾ ਕੇ ਨਿਕਾਹ ਨਹੀਂ ਸੀ ਕਰਾਇਆ ਸ਼ਹੀਦ ਭਾਵੇਂ ਹੋ ਗਿਆ।

## ਸਾਖੀ : ਭਾਈ ਸੰਤ ਰਾਮ ਜੀ ਦੀ

ਭਾਈ ਸੰਤ ਰਾਮ ਜੀ ਪੰਜਵੇਂ ਪਾਤਸ਼ਾਹ ਜੀ ਦੇ ਵੇਲੇ ਤੋਂ ਗੁਰਸਿੱਖ ਬਣੇ ਹੋਏ ਸਨ ਅਤੇ ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਦੇ ਨਿਤਨੇਮੀ ਸਨ। ਸਤਿਗੁਰਾਂ ਦੀ ਕਿਰਪਾ ਸਦਕਾ ਇਨ੍ਹਾਂ ਦਾ ਮਨ ਹਜ਼ੂਰ ਦੇ ਪਵਿੱਤਰ ਨਾਮ ਵਿਚ ਰੰਗਿਆ ਗਿਆ, ਸਿੱਖੀ ਵਿਚ ਪ੍ਰਪੱਕ ਹੋ ਗਿਆ। ਇਹ ਜਹਾਂਗੀਰ ਬਾਦਸ਼ਾਹ ਦਾ ਡਿਉਢੀਦਾਰ ਸੀ, ਇਸਦਾ ਸਰੂਪ ਬਹੁਤ ਸੁੰਦਰ ਸੀ।

ਇਕ ਵਾਰੀ ਦੀ ਗੱਲ ਹੈ ਕਿ ਭਾਈ ਸੰਤ ਰਾਮ ਜੀ ਪਹਿਰੇ 'ਤੇ ਖੜ੍ਹੇ ਸਨ। ਜਹਾਂਗੀਰ ਦੀ ਸ਼ਹਿਜ਼ਾਦੀ ਨੇ ਸਿੱਖ ਦੇ ਸੁੰਦਰ ਸਰੂਪ ਨੂੰ ਵੇਖਿਆ ਤਾਂ ਸ਼ਹਿਜ਼ਾਦੀ ਦਾ ਚਿੱਤ ਸਿੱਖ 'ਤੇ

* ਇਹ ਸਾਖੀ ਇਸ ਪੋਥੀ ਦੇ ਪਹਿਲੇ ਭਾਗ ਵਿਚ ੩੯੪ ਪੰਨੇ ਤੋਂ ਪੜ੍ਹੋ ਜੀ।

ਡੋਲ ਗਿਆ। ਮਹਿਲਾਂ ਤੋਂ ਉੱਤਰ ਕੇ ਆਪਣੀ ਮਾਤਾ ਨੂੰ ਕਿਹਾ, "ਮੈਂ ਤਾਂ ਉਸ ਸਿੱਖ ਨਾਲ ਹੀ ਨਿਕਾਹ ਕਰਵਾਉਣਾ ਹੈ, ਨਹੀਂ ਤਾਂ ਨਹੀਂ ਕਰਵਾਉਣਾ।" ਬੇਗਮ ਨੇ ਸਮਝਾਇਆ, "ਐ ਪੁੱਤਰੀ! ਆਪਾਂ ਰਾਜੇ ਲੋਕ ਹਾਂ, ਤੇਰਾ ਨਿਕਾਹ ਕਿਸੇ ਇਲਾਕੇ ਦੇ ਸੂਬੇ ਨਾਲ ਕਰਾਂਗੇ।" ਜਦ ਲੜਕੀ ਨੇ ਜ਼ਿਦ ਕੀਤੀ ਤਾਂ ਬੇਗਮ ਨੇ ਜਹਾਂਗੀਰ ਬਾਦਸ਼ਾਹ ਨੂੰ ਇਹ ਗੱਲ ਦੱਸੀ। ਬਾਦਸ਼ਾਹ ਨੇ ਕਿਹਾ, "ਮੈਂ ਇਸ ਸਿੱਖ ਨੂੰ ਹੀ ਮੁਸਲਮਾਨ ਬਣਾ ਕੇ ਕਿਸੇ ਇਲਾਕੇ ਦਾ ਸੂਬੇਦਾਰ ਬਣਾ ਦੇਵਾਂਗਾ। ਇਸ ਨਾਲ ਹੁਣ ਵਿਆਹ ਆਪਾਂ ਕਰ ਦਿੰਦੇ ਹਾਂ। ਇਹ ਸਾਰੀ ਗੱਲ ਬੇਗਮ ਦੀ ਗੋਲੀ ਨੇ ਸੁਣ ਲਈ, ਜਾ ਕੇ ਆਪਣੇ ਪਤੀ ਨੂੰ ਦੱਸਿਆ, ਜਿਹੜਾ ਭਾਈ ਸੰਤ ਰਾਮ ਦੇ ਨਾਲ ਪਹਿਰੇਦਾਰ ਸੀ ਅਤੇ ਭਾਈ ਸਾਹਿਬ ਦਾ ਸ਼ਰਧਾਲੂ ਸੀ। ਇਸਨੇ ਇਹ ਗੱਲ ਭਾਈ ਸੰਤ ਰਾਮ ਨੂੰ ਦੱਸੀ ਤਾਂ ਸਿੱਖੀ ਧਰਮ ਛੱਡਣ ਦੇ ਡਰ ਕਰਕੇ ਰਾਤੋ ਰਾਤ ਬਹੁਤ ਪੈਂਡਾ ਤਹਿ ਕਰ ਗਿਆ। ਇਸ ਤਰ੍ਹਾਂ ਚੱਲਦਾ-ਚੱਲਦਾ ਪਸ਼ੌਰ ਵਿਚ ਜਾ ਰਿਹਾ।

ਉਧਰੋਂ ਜਹਾਂਗੀਰ ਨੇ ਭਾਈ ਸੰਤ ਰਾਮ ਦਾ ਹੁਲੀਆ ਅਤੇ ਖ਼ਬਰ ਸਾਰੇ ਦੇਸ਼ ਵਿਚ ਭੇਜ ਦਿੱਤੀ ਕਿ ਜਿਥੇ ਵੀ ਮਿਲੇ, ਜੇ ਤਾਂ ਸ਼ਾਦੀ ਮਨਜ਼ੂਰ ਕਰੇ ਤਾਂ ਸਤਿਕਾਰ ਨਾਲ ਮੇਰੇ ਕੋਲ ਪਹੁੰਚਾਉ, ਪਰ ਜੇ ਨਾ ਮੰਨੇ ਤਾਂ ਸਿਰ ਵੱਢ ਕੇ ਮੇਰੇ ਪਾਸ ਲਿਆਉ। ਸੰਤ ਰਾਮ ਦਾ ਹੁਲੀਆ ਪਸ਼ੌਰ ਵਿਚ ਵੀ ਆ ਗਿਆ। ਉਸ ਹੁਲੀਏ ਅਨੁਸਾਰ ਧਰਮਸਾਲ ਵਿਚ ਪ੍ਰਵੇਸ਼ ਹੁੰਦੇ ਨੂੰ ਪਛਾਣ ਕੇ ਸਿਪਾਹੀਆਂ ਨੇ ਪਕੜ ਕੇ ਸੂਬੇ ਪਾਸ ਪੇਸ਼ ਕੀਤਾ ਤਾਂ ਸੂਬੇ ਨੇ ਸ਼ਾਦੀ ਵਾਸਤੇ ਬੜਾ ਮਨਾਇਆ ਪਰ ਨਾ ਮੰਨਿਆ। ਅਖ਼ੀਰ ਭਾਈ ਸਾਹਿਬ ਨੇ ਦਰਿਆ 'ਤੇ ਇਸ਼ਨਾਨ ਕਰਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਕੇ ਜਦ ਸੀਸ ਝੁਕਾ ਕੇ ਉਤਾਂਹ ਕੀਤਾ ਤਾਂ ਜ਼ਾਲਮਾਂ ਨੇ ਤਲਵਾਰ ਚਲਾ ਕੇ ਸੀਸ ਉਤਾਰ ਲਿਆ ਅਤੇ ਸੀਸ ਜਹਾਂਗੀਰ ਪਾਸ ਭੇਜ ਦਿੱਤਾ।

ਜਹਾਂਗੀਰ ਨੇ ਸੀਸ ਥਾਲ ਵਿਚ ਰੱਖ ਕੇ ਆਪਣੀ ਸ਼ਹਿਜ਼ਾਦੀ ਦੇ ਪਾਸ ਮਹਿਲਾਂ ਵਿਚ ਲਿਆ ਕੇ ਕਿਹਾ, "ਬੇਟੀ! ਵੇਖ, ਸਿੱਖ ਐਹੋ ਜਿਹੇ ਹਨ, ਉਹ ਆਪਣਾ ਸਿੱਖੀ ਧਰਮ ਛੱਡ ਕੇ ਮੇਰੇ ਵਰਗੇ ਬਾਦਸ਼ਾਹ ਦੀ ਵੀ ਲੜਕੀ ਨਹੀਂ ਕਬੂਲਦੇ, ਸਿਰ ਤਾਂ ਭਾਵੇਂ ਆਪਣਾ ਲੁਹਾ ਲੈਂਦੇ ਹਨ।" ਉਸ ਵਕਤ ਲੜਕੀ ਸਿਰ ਨੂੰ ਹੱਥ ਪਾਉਣ ਲੱਗੀ ਤਾਂ :-

*'ਸਵਾ ਗਲਿਸਟ ਸਿਰ ਊਠਿਓ ਤਊ ਨ ਕਬੂਲੀ ਨਾਰ।'*

ਸਵਾ ਗਿੱਠ ਸਿਰ ਉਸ ਲੜਕੀ ਦੇ ਹੱਥ ਤੋਂ ਉੱਚਾ ਉੱਠਿਆ, ਹੱਥ ਛੋਹ ਨਹੀਂ ਸੀ ਸਕਿਆ।

ਅਥਵਾ :-**ਡਿਗੈ ਨ** = ਡਿੱਗਦਾ ਨਹੀਂ ਹੈ ਸੁਅਰਗ ਵਿਚੋਂ ਜਾ ਕੇ, ਜਿਵੇਂ ਨੌਖ ਰਾਜਾ ਅਤੇ ਜੁਜਾਤੀ ਰਾਜਾ ਡਿਗੇ ਸਨ।

## ਸਾਖੀ : ਨੌਂਖ ਰਾਜੇ ਦੀ

ਜਦੋਂ ਇੰਦ੍ਰ ਗੌਤਮ ਦੇ ਘਰ ਜਾ ਕੇ ਅਹੱਲਿਆ ਦਾ ਸਤ ਤੋੜਨ ਤੋਂ ਸਰਾਪ ਲੈ ਕੇ ਕਵਲਾਂ ਦੀ ਬਗੀਚੀ ਵਿਚ ਜਾ ਛੁਪਿਆ ਤਾਂ ਉਸ ਵੇਲੇ ਪੁੰਨਾਂ ਦੇ ਪ੍ਰਤਾਪ ਕਰਕੇ ਨੌਂਖ ਰਾਜੇ ਦੀ ਇੰਦ੍ਰਾਸਣ 'ਤੇ ਬੈਠਣ ਦੀ ਵਾਰੀ ਆ ਗਈ। ਭਾਵੇਂ ਇੰਦਰ ਰਾਜੇ ਨੇ ਤਾਂ ਗੌਤਮ ਦੇ ਘਰ ਜਾ ਕੇ ਕੁਕਰਮ ਕੀਤਾ, ਪਰ ਇੰਦ੍ਰ ਦੀ ਰਾਣੀ 'ਸਚੀ' ਪਤਿਬ੍ਰਤਾ ਧਰਮ ਵਿਚ ਪ੍ਰਪੱਕ ਸੀ। ਇੰਦ੍ਰ ਦੀ ਪਦਵੀ 'ਤੇ ਬੈਠਣ ਤੋਂ ਬਾਅਦ ਨੌਂਖ ਰਾਜੇ ਨੇ ਸਚੀ ਦਾ ਸਤ ਤੋੜਨਾ ਚਾਹਿਆ, ਪਰ ਸਚੀ ਨੇ ਦੇਵਤਿਆਂ ਦੇ ਗੁਰੂ ਬ੍ਰਿਹਸਪਤਿ ਪਾਸ ਬੇਨਤੀ ਕੀਤੀ। ਬ੍ਰਿਹਸਪਤਿ ਨੇ ਕਿਹਾ, "ਤੂੰ ਨੌਂਖ ਰਾਜੇ ਨੂੰ ਕਹਿ ਕਿ ਆਪਣੀ ਪਾਲਕੀ ਰਿਖੀਆਂ ਤੋਂ ਚੁਕਾ ਕੇ ਮੈਨੂੰ ਵਰਨ ਵਾਸਤੇ ਮੇਰੇ ਮਹਿਲਾਂ ਵਿਚ ਆ।" ਸਚੀ ਨੇ ਇਵੇਂ ਹੀ ਆਖਿਆ, ਜੋ ਨੌਂਖ ਰਾਜੇ ਨੇ ਪ੍ਰਵਾਣ ਕਰ ਲਿਆ। ਉਦਿਆਲਕ, ਜੜ੍ਹ ਭਰਥ ਆਦਿਕ ਰਿਖੀ ਪਾਲਕੀ ਨੂੰ ਚੁੱਕਣ ਵਾਸਤੇ ਲਾਏ ਗਏ। ਚੁੱਕ ਕੇ ਲਈ ਆਉਂਦੇ ਸਨ।

ਨੌਂਖ ਦੇ ਚਿਤ ਵਿਚ ਵਿਕਾਰ ਦੀ ਇੱਛਾ ਕਰਕੇ ਬੜੀ ਛੇਤੀ ਪੁੱਜਣ ਦੀ ਕਾਹਲੀ ਵਰਤ ਰਹੀ ਸੀ। 'ਵਿਸ਼ਨ ਪੁਰਾਣ' ਵਿਚ ਲਿਖਿਆ ਹੈ ਕਿ ਜੜ੍ਹ ਭਰਥ ਮੌਜ ਵਿਚ ਅੱਗੇ ਪਿੱਛੇ ਪੈਰ ਧਰਦਾ ਸੀ। ਨੌਂਖ ਨੇ ਕੋਰੜਾ ਮਾਰ ਕੇ ਕਿਹਾ, "ਸਰਪ! ਸਰਪ!" ਭਾਵ ਛੇਤੀ ਚੱਲ! ਛੇਤੀ ਚੱਲ! ਤਾਂ ਰਿਖੀ ਨੂੰ ਦਰਦ ਹੋਇਆ, ਦੁਖੀ ਹੋ ਕੇ ਆਖਿਆ, "ਓਇ ਕਾਮੀਆਂ! ਸਰਪ ਤੂੰ ਬਣ।" ਬੱਸ! ਰਿਖੀ ਦੇ ਕਹਿਣ ਦੀ ਹੀ ਦੇਰ ਸੀ ਕਿ ਉਹ ਨੌਂਖ ਰਾਜਾ ਪਾਲਕੀ ਵਿਚੋਂ ਸੱਪ ਬਣ ਕੇ ਮਾਤ ਲੋਕ ਵਿਚ ਆ ਡਿੱਗਾ।

## ਸਾਖੀ : ਜੁਜਾਤੀ ਰਾਜੇ ਦੀ

ਜੁਜਾਤੀ ਰਾਜੇ ਨੇ ਇੰਦ੍ਰ ਪਦਵੀ ਦੀ ਇੱਛਾ ਰੱਖ ਕੇ ਤੀਰ-ਤੀਰ ਦੇ ਫਾਸਲੇ ਪਰ ਯੱਗ ਕੀਤੇ, ਭਾਵ ਧਨੁੱਖ ਵਿਚੋਂ ਤੀਰ ਛੱਡਣਾ, ਉਸ ਤੀਰ ਨੇ ਜਿਥੇ ਵੀ ਜਾ ਕੇ ਡਿੱਗਣਾ, ਉਥੇ ਹੀ ਯੱਗ ਕਰਨਾ। ਇਸ ਤਰੀਕੇ ਨਾਲ ਬਹੁਤ ਯੱਗ ਕੀਤੇ, ਜਿਸ ਕਰਕੇ ਇੰਦ੍ਰ ਪਦਵੀ ਪ੍ਰਾਪਤ ਕਰ ਲਈ। ਇੰਦ੍ਰ ਰਾਜੇ ਨੇ ਇਹ ਸਾਰੀ ਗੱਲ ਆਪਣੇ ਗੁਰੂ ਬ੍ਰਿਹਸਪਤਿ ਨੂੰ ਦੱਸ ਕੇ ਮਦਦ ਮੰਗੀ, ਤਾਂ ਬ੍ਰਿਹਸਪਤਿ ਨੇ ਕਿਹਾ, "ਜੁਜਾਤੀ ਪਾਸ ਜਾ ਕੇ ਉਸਦੀ ਮਹਿਮਾ ਕਰ, ਫਿਰ ਉਸਨੂੰ ਹੰਕਾਰ ਹੋ ਜਾਵੇਗਾ।" ਜਦੋਂ ਇੰਦ੍ਰ ਰਾਜੇ ਨੇ ਇਸ ਤਰ੍ਹਾਂ ਹੀ ਕੀਤਾ ਤਾਂ ਜੁਜਾਤੀ ਲੱਗ ਗਿਆ, ਆਪਣੇ ਪੁੰਨਾ ਦਾ ਆਪ ਵਰਨਣ ਕਰਨ। ਜਿਸ ਕਰਕੇ ਉਸਦੇ ਸਾਰੇ ਪੁੰਨ ਨਾਸ ਹੋ ਗਏ ਅਤੇ ਉਸਨੂੰ ਸੁਅਰਗ ਲੋਕ ਵਿਚੋਂ ਹੇਠਾਂ ਮਾਤ ਲੋਕ ਦੀ ਧਰਤੀ 'ਤੇ ਸੁੱਟ

ਦਿੱਤਾ ਗਿਆ। ਨੀਮਖਾਰ ਤੀਰਥ 'ਤੇ ਆ ਕੇ ਡਿੱਗਾ, ਜਿਥੇ ਇਸਦੇ ਦੋਹਤਰੇ ਤਪ ਕਰ ਰਹੇ ਸਨ। ਉਨ੍ਹਾਂ ਨੇ ਕਿਹਾ, "ਨਾਨਾ ਜੀ! ਆਪ ਸਾਥੋਂ ਪੁੰਨ ਲੈ ਕੇ ਫਿਰ ਸੁਅਰਗ ਵਿਚ ਚਲੇ ਜਾਉ।" ਤਾਂ ਜੁਜਾਤੀ ਨੇ ਕਿਹਾ, "ਦੋਹਤਰਿਆਂ ਪਾਸੋਂ ਲੈਣ ਦਾ ਹੱਕ ਨਹੀਂ ਬਣਦਾ, ਇਸ ਕਰਕੇ ਹੁਣ ਇਥੇ ਹੀ ਠੀਕ ਹੈ।"

ਸੋ, ਇਸ ਪ੍ਰਕਾਰ ਕੀਤੇ ਹੋਏ ਪੁੰਨਾਂ ਦਾ ਫਲ ਨਾਸ ਹੋਣ ਤੋਂ ਖ਼ਾਲੀ ਹੀ ਰਹਿ ਜਾਂਦੇ ਹਨ। ਸਦਾ ਥਿਰ ਰਹਿਣ ਵਾਲਾ ਸੁਖ ਪ੍ਰਾਪਤ ਨਹੀਂ ਹੁੰਦਾ। ਪਰ ਗੁਰਮੁਖ ਨਾਮ ਦਾ ਅਭਿਆਸ ਦ੍ਰਿੜ੍ਹ ਕਰਕੇ ਮੁੜ ਕੇ ਡਿੱਗਦਾ ਨਹੀਂ ਅਤੇ **ਨ ਡੋਲੈ** = ਡੋਲਦਾ ਵੀ ਨਹੀਂ, ਅਚੱਲ ਪਦਵੀ (ਕੈਵਲ ਮੁਕਤੀ) ਪ੍ਰਾਪਤ ਕਰ ਲੈਂਦਾ ਹੈ। ਯਥਾ :—

*'ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥*
*ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ ॥੧॥'*

[ਮਾਰੂ ਮਹਲਾ ੫, ਅੰਗ—੯੯੯]

## ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨਕੀ ਬਾਤ ਬਿਲਾਨੀ ॥

ਅੰਤਹਕਰਣ **ਬੀਚ** = ਵਿਚ, ਅਥਵਾ :—**ਬੀਚ** = ਭੇਦ ਪਾਉਣ ਵਾਲੇ ਉਹ ਜਿਹੜੇ **ਹਮ ਤੁਮ** = ਹੰਗਤਾ-ਤੁਮਤਾ ਆਦਿਕ ਕੁਝ ਕੁ ਵਿਕਾਰ ਹੁੰਦੇ ਸਨ, ਉਹਨਾਂ ਦੀ ਤਾਂ ਗੱਲ ਹੀ **ਬਿਲਾਨੀ** = ਦੂਰ ਹੋ ਗਈ ਹੈ।

ਉਹ ਜੋ ਅੰਤਹਕਰਨ ਵਿਚ ਜੀਵ ਤੇ ਈਸ਼ ਦਾ ਭੇਦ ਸੀ। **ਹਮ** = ਜੀਵ ਦਾ ਅਲਪੱਗ ਪੁਣਾ ਸੀ, **ਤੁਮ** = ਈਸ਼ਰ ਦਾ ਸਰਬੱਗ ਪੁਣਾ, ਜੀਵ ਦੇ ਖਟ ਵਿਕਾਰ; ਜੰਮਣ-ਮਰਨ, ਭੁੱਖ-ਤ੍ਰੇਹ, ਹਰਖ-ਸੋਗ ਅਤੇ ਈਸ਼ਰ ਦਾ ਸਰਬੱਗ ਪੁਣਾ; ਸ੍ਰਿਸ਼ਟੀ ਦੀ ਉਤਪਤੀ, ਪਾਲਣਾ, ਲੈਤਾ, ਅੰਤਰਯਾਮਤਾ, ਕਰਮਾਂ ਅਨੁਸਾਰ ਫਲ ਦੇਣਾ, ਜੂਨਾਂ ਵਿਚ ਪਾਉਣਾ ਤੇ ਕੱਢਣਾ, ਉਨ੍ਹਾਂ ਦੀ ਤਾਂ ਗੱਲ ਹੀ **ਬਿਲਾਨੀ** = ਦੂਰ ਹੋ ਗਈ ਹੈ।

## ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥

ਜਿਵੇਂ **ਅਲੰਕਾਰ** = ਗਹਿਣੇ ਮਿਲ ਕੇ, ਭਾਵ ਕੁਠਾਲੀ ਵਿਚ ਗਲ ਕੇ **ਥੈਲੀ** = ਰੇਣੀ, ਭਾਵ ਡਲੀ ਹੋ ਜਾਂਦੇ ਹਨ, ਤਾਂ ਉਸਨੂੰ **ਕਨਿਕ** = ਸੋਨਾ ਹੀ ਕਥਨ ਕਰੀਦਾ ਹੈ। ਤਿਵੇਂ ਜੀਵਾਂ ਰੂਪ ਗਹਿਣੇ ਮਿਲ ਕੇ, ਭਾਵ ਸਾਧਨਾਂ ਰੂਪ, ਅਥਵਾ :—ਭਗਤੀ ਰੂਪ ਕੁਠਾਲੀ ਵਿਚ ਜਪ-ਤਪ, ਵਾ :—ਬ੍ਰਹਮ ਅਭਿਆਸ ਰੂਪ ਅੱਗ ਦੇ ਸੇਕ ਨਾਲ ਗਲ ਕੇ ਰੇਣੀ (ਡਲੀ) ਹੋ ਗਏ। ਭਾਵ ਜੀਵ, ਈਸ਼ ਅਭੇਦ ਹੋ ਗਏ। **ਤਾ ਤੇ** = ਤਦ ਤੋਂ ਸਤ, ਚਿੱਤ, ਅਨੰਦ ਸਰੂਪ ਸੋਨਾ ਹੀ ਕਥਨ ਕਰੀਦਾ ਹੈ।

**ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥**

(ੳ) **ਜੋਤਿ** = ਜੋਤੀ ਸਰੂਪ ਪ੍ਰਮਾਤਮਾ ਦੇ ਪ੍ਰਗਟ ਹੋਣ ਕਰਕੇ ਸਹਜੇ ਹੀ ਸੁਖ ਅਤੇ ਸੋਭਾ ਪ੍ਰਾਪਤ ਹੋਈ ਹੈ, **ਅਨਹਤ** = ਇਕ ਰਸ ਮਹਾਂਵਾਕਾਂ ਰੂਪ ਵਾਜੇ ਵੱਜੇ ਹਨ।

(ਅ) ਜਦੋਂ **ਅਨਹਤ** = ਇਕ ਰਸ ਗੁਰ ਉਪਦੇਸ਼ ਰੂਪ ਬਾਣੀ ਨੂੰ **ਬਾਜੇ** = ਉਚਾਰਿਆ ਤਾਂ ਜੋਤੀ-ਸਰੂਪ ਪ੍ਰਮਾਤਮਾ ਪ੍ਰਗਟਿਆ, ਉਸਦੇ ਪ੍ਰਗਟ ਹੋਣ ਕਰਕੇ ਸਹਿਜੇ ਸੁਖ ਅਤੇ ਸੋਭਾ ਹੋਈ।

(ੲ) ਜਦੋਂ ਜੀਵਨ ਬਾਰਾਂ ਵੰਨੀ ਦੇ ਸੋਨੇ ਦੀ ਤਰ੍ਹਾਂ ਸ਼ੁੱਧ ਹੋ ਗਿਆ, ਤਾਂ :—

*'ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥'*

[ਰਾਗੁ ਧਨਾਸਰੀ ਮਹਲਾ ੧, ਅੰਗ—੧੩]

ਦੀ ਅਵਸਥਾ ਪ੍ਰਾਪਤ ਹੋ ਗਈ ਅਤੇ ਬਾਣੀ ਰੂਪ ਵਾਜੇ **ਅਨਹਤ** = ਇਕ ਰਸ ਵੱਜ ਪਏ। ਭਾਵ ਅਜਪਾ-ਜਾਪ ਦੀ ਧੁਨੀ ਪ੍ਰਾਪਤ ਹੋ ਜਾਂਦੀ ਹੈ ਅਤੇ ਅਚੁੱਤ ਸੁਖ ਮਿਲ ਜਾਂਦਾ ਹੈ।

**ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥੪॥੫॥**

ਗੁਰੂ ਜੀ ਕਥਨ ਕਰਦੇ ਹਨ, ਅਚੱਲ ਸਰੂਪ ਵਿਚ ਘਰ ਬੰਨ੍ਹਿਆ ਹੈ। ਪਰ ਇਹ ਘਰ ਸਤਿਗੁਰੂ ਜੀ ਨੇ ਮੇਰੇ ਪਾਸੋਂ **ਬੰਧਾਨੀ** = ਬੰਨ੍ਹਾਉਣਾ ਕੀਤਾ ਹੈ। ਜਿਸ ਘਰ ਨੂੰ ਕਾਮਾਦਿਕਾਂ ਰੂਪ ਚੋਰ ਲੁੱਟ ਨਹੀਂ ਸਕਦੇ, ਕਾਲ ਰੂਪ ਮੀਂਹ ਢਾਹ ਨਹੀਂ ਸਕਦਾ, ਐਸਾ ਨਾਸ ਤੋਂ ਰਹਿਤ ਜੋ ਸਰੂਪ ਰੂਪ ਘਰ ਹੈ, ਗੁਰਾਂ ਨੇ ਕਿਰਪਾ ਕਰਕੇ ਮਨ ਨੂੰ ਇਸਥਿਤ ਕਰਕੇ ਬਨ੍ਹਾਉਣਾ ਕੀਤਾ ਹੈ। ਯਥਾ :—

*'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥'*

[ਰਾਮਕਲੀ ਕਬੀਰ ਜੀ, ਅੰਗ—੯੬੯]

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕਾ ਫ਼ਤਹ ॥

## ੩੫.

**ਧਨਾਸਰੀ ਮਹਲਾ ੫ ॥** [ਅੰਗ—੬੭੩]

**ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਸਤਿਗੁਰੂ ਮਹਾਰਾਜ ਜੀ ਦੀ ਸਾਜੀ ਨਿਵਾਜੀ ਪਰਮ ਸਨਮਾਨ ਯੋਗ ਗੁਰੂ ਰੂਪ ਖ਼ਾਲਸਾ ਸਾਧਸੰਗਤ ਜੀ! ਸ੍ਰੀ ਗੁਰੂ ਅਰਜਨ ਦੇਵ ਜੀ ਅੱਜ ਦੇ ਸ੍ਰੀ ਮੁਖਵਾਕ ਵਿਚ ਮਾਇਆ ਦੀ ਪ੍ਰਬਲਤਾ ਦਰਸਾਉਂਦੇ ਹਨ। ਪਹਿਲਾਂ ਜਗਿਆਸੂ ਨੂੰ ਮਾਇਆ ਦੇ ਸਰੂਪ ਦਾ ਗਿਆਨ ਵੀ ਹੋਣਾ ਚਾਹੀਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਸਿੱਖਾਂ ਦੇ ਪੁੱਛਣ 'ਤੇ ਅਨੰਦ ਸਾਹਿਬ ਵਿਚ ਮਾਇਆ ਦਾ ਸਰੂਪ ਇਸ ਪ੍ਰਕਾਰ ਕਥਨ ਕੀਤਾ ਹੈ:—

੧. *'ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੧]

੨. *'ਮਾਇਆ ਮੋਹਿ ਸਗਲ ਜਗੁ ਛਾਇਆ ॥*
*ਕਾਮਣਿ ਦੇਖਿ ਕਾਮਿ ਲੋਭਾਇਆ ॥*
*ਸੁਤ ਕੰਚਨ ਸਿਉ ਹੇਤੁ ਵਧਾਇਆ ॥*
*ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥'*

[ਪ੍ਰਭਾਤੀ ਮਹਲਾ ੧, ਅੰਗ—੧੩੪੨]

ਜੇ ਸਰੀਰ, ਧਨ, ਇਸਤ੍ਰੀ, ਮਾਤਾ-ਪਿਤਾ ਅਤੇ ਜ਼ਮੀਨ ਦੇ ਮੋਹ ਕਰਕੇ ਪ੍ਰਮੇਸ਼ਰ ਭੁੱਲਦਾ ਹੈ, ਤਦ ਤਾਂ ਇਤਿਆਦਿਕ ਸਾਰੀਆਂ ਚੀਜ਼ਾਂ ਹੀ ਮਾਇਆ ਹਨ। ਪਰ ਜੇ ਇਤਿਆਦਿਕ ਚੀਜ਼ਾਂ ਨੂੰ ਵੇਖ ਕੇ ਪ੍ਰਮੇਸ਼ਰ ਦਾ ਪ੍ਰੇਮ ਪੈਦਾ ਹੁੰਦਾ ਹੈ, ਭਾਵ ਪ੍ਰਮੇਸ਼ਰ ਦਾ ਸ਼ੁਕਰ ਗੁਜ਼ਾਰ ਹੁੰਦਾ ਹੈ ਕਿ ਹੇ ਨਿਰੰਕਾਰ! ਆਪ ਜੀ ਨੇ ਕਿਰਪਾ ਕਰਕੇ ਮੇਰੀ ਸੇਵਾ ਲਈ, ਮਾਤਾ-ਪਿਤਾ ਦਿੱਤੇ ਹਨ, ਸਹਾਇਤਾ ਲਈ ਇਸਤ੍ਰੀ, ਪੁੱਤਰ, ਭੈਣ, ਭਰਾ, ਬਸਤਰ ਦਿੱਤੇ ਹਨ ਅਤੇ ਖਾਣ ਲਈ ਸੋਹਣੇ-ਸੋਹਣੇ ਭੋਜਨ ਦਿੱਤੇ ਹਨ। ਇਉਂ ਜਾਣ ਕੇ ਸਿਮਰਨ ਕਰਦਾ ਹੈ ਤਾਂ ਇਤਿਆਦਿਕ ਚੀਜ਼ਾਂ ਮਾਇਆ ਨਹੀਂ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਫ਼ੁਰਮਾਨ ਹੈ ਕਿ ਹੰਗਤਾ-ਮਮਤਾ ਤਿਆਗਣ ਤੋਂ ਬਿਨਾਂ ਕੋਈ ਤਿਆਗੀ ਨਹੀਂ ਹੋ ਸਕਦਾ। ਯਥਾ:—

੧. *'ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥'*
[ਭੈਰਉ ਮਹਲਾ ੫, ਅੰਗ—੧੧੪੦]

੨. *'ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥੧੫੬॥'*
[ਸਲੋਕ ਕਬੀਰ, ਅੰਗ—੧੩੭੨]

ਜੋ ਰੋਟੀ ਖਾਂਦੇ ਹਾਂ, ਬਸਤਰ ਪਹਿਨਦੇ ਹਾਂ, ਇਤਿਆਦਿਕ ਸਭ ਮਾਇਆ ਹੀ ਹੈ। ਯਥਾ :—

*'ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥ ਤਬ ਛੂਟੇ ਜਬ ਸਾਧੂ ਪਾਇਆ ॥'*
[ਭੈਰਉ ਕਬੀਰ ਜੀ, ਅੰਗ—੧੧੬੦]

ਮੰਦ ਕਾਰਨ ਵੈਰਾਗ ਧਾਰਨ ਕਰਕੇ ਘਰ ਛੱਡਣ ਦਾ ਕੋਈ ਲਾਭ ਨਹੀਂ ਹੈ। ਯਥਾ :—

੧. *'ਫਿਰਦੀ ਫਿਰਦੀ ਦਹਦਿਸਾ ਜਲ ਪਰਬਤ ਬਨਰਾਇ ॥*
*ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥੨॥'*
[ਗਉੜੀ ਕੀ ਵਾਰ ਮਹਲਾ ੫, ਅੰਗ—੩੨੨]

੨. *'ਨਾਰਿ ਮੁਈ ਗ੍ਰਿਹ ਸੰਪਤ ਨਾਸੀ।*
*ਮੂੰਡ ਮੁੰਡਾਈ ਹੋਹਿ ਸਨਿਆਸੀ।.....॥੧੦੦॥'*
[ਰਾਮ ਚਰਿਤ ਮਾਨਸ ਤੁਲਸੀ ਰਾਮਾਇਣ, ਉਤਰਾ ਕਾਂਡ, ਪੰਨਾ—੫੨੮]

ਘਰ ਵਾਲੀ ਇਸਤ੍ਰੀ ਮਰ ਗਈ ਅਤੇ ਧਨ-ਪਦਾਰਥ ਆਦਿਕ ਸਭ ਕੁਝ ਨਾਸ ਹੋ ਗਿਆ ਤਾਂ ਸਿਰ ਮੂੰਹ ਮੁਨਾ ਕੇ ਸੰਨਿਆਸੀ ਬਣ ਗਿਆ। ਸਾਧੂਆਂ ਵਾਲਾ ਲਿਬਾਸ ਬਣਾ ਕੇ, ਕਈ ਚੇਲੇ-ਚੇਲੀਆਂ ਬਣਾ ਲਏ ਅਤੇ ਮਾਇਆ ਇਕੱਠੀ ਕਰਨ ਲੱਗ ਪਿਆ ਜਾਂ ਸਿੱਧਾ ਹੀ ਚੇਲੇ-ਚੇਲੀਆਂ ਦੇ ਮੋਹ ਵਿਚ ਫਸ ਗਿਆ, ਭਾਵ ਦਾਅ ਲੱਗਣ 'ਤੇ ਮਾੜਾ ਕਰਮ ਕਰਨੋਂ ਵੀ ਨਾ ਟਲਿਆ। ਇਸੇ ਲਈ ਭਗਤ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ :—

੧. *'ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥*
*ਅਜਹੁ ਬਿਕਾਰੁ ਨ ਛੋਡਈ ਪਾਪੀ ਮਨੁ ਮੰਦਾ ॥੧॥'*
[ਬਿਲਾਵਲੁ ਕਬੀਰ ਜੀ, ਅੰਗ—੮੫੫]

੨. *'ਦੇਸੁ ਛੋਡਿ ਪਰਦੇਸਹਿ ਧਾਇਆ ॥*
*ਪੰਚ ਚੰਡਾਲ ਨਾਲੇ ਲੈ ਆਇਆ ॥'* [ਪ੍ਰਭਾਤੀ ਮਹਲਾ ੫, ਅੰਗ—੧੩੪੮]

ਜੋ ਕਾਮ, ਕ੍ਰੋਧ ਆਦਿਕਾਂ ਦਾ ਤਿਆਗ ਕਰਨਾ ਹੈ, ਇਹੀ ਤਿਆਗ ਚੰਗਾ ਹੈ। ਯਥਾ :—

*'ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥'*

[ਮਾਰੂ ਮਹਲਾ ੫, ਅੰਗ—੧੦੧੮]

ਹੰਗਤਾ ਨਹੀਂ ਕਰਨੀ, ਤਿਆਗ ਦਾ ਵੀ ਤਿਆਗ ਕਰਨਾ ਹੈ। ਯਥਾ :—

*'ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ,*
*ਹਾਂ ਹਾਂ ਮਨ ਚਰਨ ਰੇਨ ॥੧॥'* [ਕਾਨੜਾ ਮਹਲਾ ੫, ਅੰਗ—੧੩੦੫]

ਸਾਧੂ-ਮਹਾਤਮਾ ਦਾ ਸੁਭਾਅ ਤਾਂ ਐਸਾ ਹੋਣਾ ਚਾਹੀਦਾ ਹੈ :—

੧. *'ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰੁ ॥'*

[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੫੯]

੨. *'ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥*
*ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥੧॥'*

[ਸਿਰੀ ਰਾਗੁ ਮਹਲਾ ੫, ਅੰਗ—੫੧]

ਹਜ਼ੂਰ ਨੇ ਤਾਂ ਮਾਇਆਧਾਰੀ ਨੂੰ *'ਅਤਿ ਅੰਨਾ ਬੋਲਾ ॥'* ਕਿਹਾ ਹੈ। ਜਿਸਨੇ ਜ਼ਿੰਦਗੀ ਨੂੰ ਮਾਇਆ ਇਕੱਠੀ ਕਰਨ ਦਾ ਨਿਸ਼ਾਨਾ ਬਣਾਇਆ ਹੈ, ਉਸਦੇ ਪਾਸ ਭਾਵੇਂ ਸੌ ਰੁਪਈਆ ਹੀ ਹੈ ਤਾਂ ਵੀ ਉਹ ਮਾਇਆਧਾਰੀ ਹੈ। ਪਰ ਜਿਸਨੇ ਆਪਣੀ ਜ਼ਿੰਦਗੀ ਨੂੰ ਪ੍ਰਭੂ ਪ੍ਰਾਪਤੀ ਦਾ ਨਿਸ਼ਾਨਾ ਬਣਾਇਆ ਹੈ, ਨਿਰਯਤਨ ਭਾਵੇਂ ਲੱਖਾਂ ਰੁਪਏ ਉਸਦੇ ਪਾਸ ਆ ਜਾਂਦੇ ਹਨ, ਜੇ ਉਹਨਾਂ ਨਾਲ ਮੋਹ ਨਹੀਂ ਕਰਦਾ, ਪਰਉਪਕਾਰ ਲਈ ਲਾਉਂਦਾ ਰਹਿੰਦਾ ਹੈ; ਜਿਵੇਂ ਗੁਰੂ ਕੇ ਲੰਗਰ, ਗੁਰਦੁਆਰਿਆਂ ਦੀਆਂ ਇਮਾਰਤਾਂ, ਧਾਰਮਿਕ ਵਿਦਿਆਲਿਆਂ, ਧਰਮ ਪ੍ਰਚਾਰ, ਗ਼ਰੀਬਾਂ ਅਤੇ ਅਭਿਆਗਤਾਂ ਲਈ ਗੁਰੂ-ਪ੍ਰਮੇਸ਼ਰ ਦੀ ਪ੍ਰਸੰਨਤਾ ਵਾਸਤੇ ਖ਼ਰਚ ਕਰਦਾ ਹੈ, ਤਾਂ ਉਹ ਮਾਇਆਧਾਰੀ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਦੀ ਨਵਿਰਤੀ, ਤਿਆਗ ਹੋਣਾ ਚਾਹੀਦਾ ਹੈ।

ਮਾਇਆ ਦੇ ਹੁਲਾਰੇ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ, ਜੇ ਸੁਤੇ (ਨਿਰਯਤਨ) ਆਈ ਮਾਇਆ ਗੁਰੂ-ਘਰ ਅਤੇ ਗੁਰਸਿੱਖਾਂ ਵਾਸਤੇ ਖ਼ਰਚ ਕਰੇ।

ਉਥਾਨਕਾ :—ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਬਹੁਤ ਸਾਰੇ ਸਾਧੂਆਂ ਨੇ (ਜੋ ਸੰਸਾਰ ਤੋਂ ਅਤੀਤ ਹੋ ਕੇ ਵੈਰਾਗ ਧਾਰਨਾ ਚਾਹੁੰਦੇ ਸਨ) ਬੇਨਤੀ

ਕੀਤੀ, "ਮਹਾਰਾਜ ਜੀ ! ਆਪ ਜੀ ਸਾਨੂੰ ਐਸਾ ਉਪਦੇਸ਼ ਬਖ਼ਸ਼ੋ, ਜਿਸ ਕਰਕੇ ਅਸੀਂ ਮਾਇਆ ਤੋਂ ਛੁਟਕਾਰਾ ਪਾ ਕੇ ਆਪਣਾ ਜਨਮ-ਮਰਨ ਮੇਟ ਲਈਏ ਅਤੇ ਕਿਰਪਾ ਕਰਕੇ ਇਹ ਵੀ ਦੱਸੋ ਕਿ ਮਾਇਆ ਵਿਚ ਕਿਤਨਾ ਕੁ ਬਲ ਹੈ ? ਤਾਂ ਸਤਿਗੁਰੁ ਜੀ ਵੱਡਿਆਂ-ਵੱਡਿਆਂ ਦੇ ਨਾਮ ਲੈ ਕੇ ਮਾਇਆ ਦੀ ਪ੍ਰਬਲਤਾ ਵਿਖਾਉਂਦੇ ਹਨ :—

## ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥

(ੳ) ਜਿਸ ਮਾਇਆ ਨੇ ਤ੍ਰੈ-ਗੁਣੀ ਜੀਵ ਆਪਣੇ ਵੱਸ ਕੀਤੇ ਹੋਏ ਹਨ ਅਤੇ ਸੰਸਾਰ ਦੀਆਂ **ਭਵਣ ਚਤੁਰ** = ਚਾਰ ਖਾਣੀਆਂ ਭੀ ਵੱਸ ਕੀਤੀਆਂ ਹੋਈਆਂ ਹਨ।

(ਅ) ਸੰਸਾਰ ਵਿਚ **ਭਵਣ** = ਫਿਰਨ ਵਾਲੇ ਚਤੁਰ ਪੁਰਸ਼ਾਂ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ।

ਜਿਸ ਮਾਇਆ ਨੇ ਤ੍ਰਿਗੁਣੀਏ; ਰਾਜਸੀ, ਤਾਮਸੀ, ਸ਼ਾਂਤਕੀ ਸੁਭਾਅ ਵਾਲੇ; ਬ੍ਰਹਮਾ, ਵਿਸ਼ਨੂੰ, ਸ਼ਿਵਜੀ ਵੱਸ ਕੀਤੇ ਹਨ। ਵਿਸ਼ਨੂੰ ਨੇ ਜਲੰਧਰ ਦੈਂਤ ਦਾ ਰੂਪ ਧਾਰ ਕੇ ਬ੍ਰਿੰਦਾ ਰਾਖਸ਼ਣੀ ਦਾ ਸਤ ਤੋੜਿਆ ਸੀ। ਉਸਨੇ ਸਰਾਪ ਦਿੱਤਾ ਕਿ ਪੱਥਰ ਬਣ ਤਾਂ ਵਿਸ਼ਨੂੰ ਜੀ ਨੇ ਖ਼ੁਸ਼ ਹੋ ਕੇ ਕਿਹਾ ਕਿ ਤੂੰ ਮੇਰੇ 'ਤੇ ਤੁਲਸੀ ਦੇ ਪੱਤਰੇ ਬਣ ਕੇ ਚੜ੍ਹਿਆ ਕਰੇਂਗੀ। ਇਉਂ ਬ੍ਰਿੰਦਾ ਰਾਖਸ਼ਣੀ ਦੇ ਸਰਾਪ ਕਰਕੇ ਵਿਸ਼ਨੂੰ ਵੀ ਮਾਇਆ ਦੇ ਅਧੀਨ ਹੈ। ਬ੍ਰਹਮਾ ਵੀ ਆਪਣੀ ਪੁੱਤਰੀ 'ਤੇ ਮੋਹਿਤ ਹੋ ਗਿਆ ਸੀ।

## ਸਾਖੀ : ਬ੍ਰਹਮਾ ਦੇ ਸੁਰਸਤੀ 'ਤੇ ਮੋਹਿਤ ਹੋਣ ਦੀ

ਸੁੰਭ ਨਿਸੁੰਭ ਦੋ ਦੈਂਤਾਂ ਨੇ ਤਪ ਕਰਕੇ ਸ਼ਿਵਜੀ ਤੋਂ ਵਰ ਲਿਆ ਕਿ ਸਾਨੂੰ ਕੋਈ ਵੀ ਮਾਰ ਨਾ ਸਕੇ। ਸ਼ਿਵਜੀ ਨੇ ਕਿਹਾ, "ਤਥਾ ਅਸਤੁ ! (ਏਸੇ ਤਰ੍ਹਾਂ ਹੀ ਹੋਵੇਗਾ)। ਪਰ ਜਦੋਂ ਆਪਸ ਵਿਚ ਲੜੋਗੇ ਤਾਂ ਮਰ ਜਾਓਗੇ।" ਇਹਨਾਂ ਕਿਹਾ, "ਅਸੀਂ ਕਦੀ ਲੜਾਂਗੇ ਹੀ ਨਹੀਂ।" ਤਾਂ ਸ਼ਿਵਜੀ ਨੇ ਕਿਹਾ, "ਫਿਰ ਕਦੀ ਮਰੋਗੇ ਵੀ ਨਹੀਂ।" ਜਦੋਂ ਇਹਨਾਂ ਨੇ ਦੇਵਤਿਆਂ ਨੂੰ ਬਹੁਤ ਤੰਗ ਕੀਤਾ ਤਾਂ ਇੰਦ੍ਰ ਨੇ ਬ੍ਰਹਮਾ ਪਾਸ ਬੇਨਤੀ ਕੀਤੀ। ਬ੍ਰਹਮਾ ਨੇ ਆਪਣੀ ਪੁੱਤਰੀ ਬਣਾ ਕੇ ਤਿਲੋਤਮਾ* ਭੇਜੀ।

ਇਹ ਤਿਲੋਤਮਾ ਸੁੰਭ ਨਿਸੁੰਭ ਦੇ ਬਾਗ਼ ਵਿਚ ਜਾ ਬੈਠੀ। ਦੇਖ ਕੇ ਦੂਤਾਂ ਨੇ ਦੱਸਿਆ,

---

* ਜਿਸਦਾ ਅਸਲੀ ਨਾਮ ਸੁਰਸਤੀ ਹੈ, ਤਿਲੋਤਮਾ ਉਪਨਾਮ ਹੈ। ਜਿਸਦੀ ਤਿਲ ਮਾਤਰ ਉਤਮਤਾਈ ਨਹੀਂ ਕਹੀ ਜਾ ਸਕਦੀ ਕਿ ਇਤਨੀ ਸੁੰਦਰ ਹੈ।

"ਇਕ ਬਹੁਤ ਸੁੰਦਰ ਇਸਤ੍ਰੀ ਤੁਹਾਡੇ ਬਾਗ ਵਿਚ ਬੈਠੀ ਹੈ।" ਜਦੋਂ ਸੁੰਭ ਨਿਸੁੰਭ ਨੇ ਜਾ ਕੇ ਦੇਖਿਆ ਤਾਂ ਦੋਨੋਂ ਉਸਦੇ ਸੁੰਦਰ ਸਰੂਪ 'ਤੇ ਮੋਹਿਤ ਹੋ ਗਏ। ਤਿਲੋਤਮਾ ਨੇ ਕਿਹਾ, "ਮੈਂ ਦੋਹਾਂ ਵਿਚੋਂ ਇਕ ਨਾਲ ਹੀ ਸ਼ਾਦੀ ਕਰਾਂਗੀ।" ਉਹ ਦੋਨੋਂ ਝਗੜਨ ਲੱਗ ਪਏ। ਸੁਰਸਤੀ ਨੇ ਕਿਹਾ, "ਤੁਸੀਂ ਜੰਗ ਕਰੋ, ਜਿਹੜਾ ਜਿੱਤ ਜਾਵੇਗਾ, ਉਹ ਮੈਨੂੰ ਵਰ ਲਵੇ।" ਇਹ ਸੁਣ ਕੇ ਦੋਨਾਂ ਨੇ ਜੰਗ ਕਰਨਾ ਸ਼ੁਰੂ ਕਰ ਦਿੱਤਾ। ਪ੍ਰਮੇਸ਼ਰ ਦੀ ਐਸੀ ਨੇਤ ਹੋਈ ਕਿ ਦੋਹਾਂ ਦੇ ਵਾਰ ਇਕੱਠੇ ਚੱਲ ਪਏ, ਜਿਸ ਕਰਕੇ ਦੋਨੋਂ ਦੈਂਤ ਮਰ ਗਏ।

ਫਿਰ ਸੁਰਸਤੀ ਬ੍ਰਹਮਾ ਪਾਸ ਆ ਗਈ ਤਾਂ ਬ੍ਰਹਮਾ ਵੀ ਇਸਦੇ ਸੁੰਦਰ ਸਰੂਪ 'ਤੇ ਲੁਭਾਇਮਾਨ ਹੋ ਗਿਆ। ਪਿਤਾ ਦੀ ਖੋਟੀ-ਦ੍ਰਿਸ਼ਟੀ ਵੇਖ ਕੇ ਦੂਜੇ ਪਾਸੇ ਹੋਈ। ਬ੍ਰਹਮਾ ਨੇ ਉਸੇ ਪਾਸੇ ਮੂੰਹ ਬਣਾ ਲਿਆ। ਇਉਂ ਲੜਕੀ ਚਾਰੇ ਪਾਸੇ ਘੁੰਮੀ, ਬ੍ਰਹਮਾ ਨੇ ਵੀ ਚਾਰੇ ਪਾਸੇ ਮੂੰਹ ਬਣਾ ਲਏ। ਫਿਰ ਜਦ ਲੜਕੀ ਬਚਣ ਵਾਸਤੇ ਉੱਪਰ ਅਕਾਸ਼ ਨੂੰ ਉੱਡਣ ਲੱਗੀ ਤਾਂ ਪੰਜਵਾਂ ਮੂੰਹ ਉੱਪਰ ਲਾ ਲਿਆ। ਸ਼ਿਵਜੀ ਨੇ ਧੱਫਾ ਮਾਰ ਕੇ ਪੰਜਵਾਂ ਮੂੰਹ ਕੱਟ ਦਿੱਤਾ, ਜਿਸ ਕਰਕੇ ਸ਼ਿਵਜੀ ਦੇ ਹੱਥ ਨਾਲ ਕਪਾਲੀ (ਖੋਪਰੀ) ਲੱਗ ਗਈ।

ਫਿਰ ਵੀ ਬ੍ਰਹਮਾ ਨਾ ਟਲਿਆ, ਐਸਾ ਕਾਮ ਦੇ ਅਧੀਨ ਹੋਇਆ ਕਿ ਆਪਣੀ ਪੁੱਤਰੀ ਸੁਰਸਤੀ ਤੋਂ ਰੋਹਣੀ ਨਾਮੇ ਪੁੱਤਰ ਪੈਦਾ ਕਰ ਹੀ ਦਿੱਤਾ। ਭਾਈ ਗੁਰਦਾਸ ਸਾਹਿਬ ਜੀ ਨੇ ਬ੍ਰਹਮਾ ਬਾਰੇ ਇਉਂ ਲਿਖਿਆ ਹੈ :—

*'ਚਾਰੇ ਬੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।*
*ਲੋਕਾਂ ਨੋ ਸਮਝਾਇਦਾ ਦੇਖਿ ਸੁਰਸਤੀ ਰੂਪ ਲੋਭਾਣਾ।'*

[ਭਾਈ ਗੁਰਦਾਸ ਜੀ, ਵਾਰ-੧੨, ਪਉੜੀ-੭]

## ਸਾਖੀ : ਸ਼ਿਵਜੀ ਨੇ ਮੋਹਣੀ ਅਵਤਾਰ 'ਤੇ ਮੋਹਿਤ ਹੋਣਾ

ਸ਼ਿਵਜੀ ਨੇ ਵਿਸ਼ਨੂੰ ਪਾਸ ਜਾ ਕੇ ਕਿਹਾ, "ਜੋ ਚੋਦਾਂ ਰਤਨ ਵੰਡਣ ਵੇਲੇ ਮੋਹਣੀ ਰੂਪ ਧਾਰਿਆ ਸੀ, ਦਿਖਾਉ।" ਵਿਸ਼ਨੂੰ ਜੀ ਨੇ ਬਥੇਰਾ ਸਮਝਾਇਆ, "ਤੂੰ ਮੋਹਣੀ ਰੂਪ ਦੇਖ ਕੇ ਕੀ ਲੈਣਾ ਹੈ ? ਤੈਨੂੰ ਸਾਰਾ ਗਿਆਨ-ਧਿਆਨ ਭੁੱਲ ਜਾਵੇਗਾ, ਤੇਰਾ ਮਨ ਇਸਥਿਤ ਨਹੀਂ ਰਹਿਣਾ।" ਨਾ ਮੰਨਿਆਂ ਤੇ ਕਿਹਾ, "ਜ਼ਰੂਰ ਦਿਖਾਉ।" ਤਾਂ ਵਿਸ਼ਨੂੰ ਜੀ ਉਥੋਂ ਹੀ ਗੁਪਤ ਹੋ ਗਏ।

ਥੋੜ੍ਹੇ ਸਮੇਂ ਬਾਅਦ ਸ਼ਿਵਜੀ ਦੀ ਤਰਫ਼ ਅਠਾਰਾਂ ਸਾਲ ਦੀ ਸੁੰਦਰ ਲੜਕੀ ਗੇਂਦ ਖੇਡਦੀ ਆਈ, ਜਿਸਦੀ ਚਾਲ ਬੜੀ ਅਨੋਖੀ ਸੀ। ਸ਼ਿਵਜੀ ਮੋਹਿਤ ਹੋ ਕੇ ਫੜਨ ਲੱਗਾ। ਅੱਗੇ-ਅੱਗੇ

ਮੋਹਣੀ ਅਵਤਾਰ ਅਤੇ ਪਿੱਛੇ-ਪਿੱਛੇ ਸ਼ਿਵਜੀ ਦੌੜਿਆ। ਸ਼ਿਵਜੀ ਦੇ ਜਿੰਨੇ ਵੀ ਉਪਾਸ਼ਕ ਸਨ; ਜੋਗੀ, ਜੰਗਮ, ਮਦਾਰੀ ਆਦਿਕ ਸਾਰਿਆਂ ਦੇ ਆਸ਼ਰਮਾਂ 'ਤੇ ਮੋਹਣੀ ਅਵਤਾਰ ਨੇ ਫਿਰ ਕੇ ਸ਼ਿਵਜੀ ਦੀ ਐਸੀ ਹਾਲਤ ਦਿਖਾਈ। ਸ਼ਿਵਜੀ ਇਤਨਾ ਮੋਹਿਤ ਹੋਇਆ, ਕਾਮ ਦੇ ਅਧੀਨ ਹੋ ਕੇ ਸ਼ਰਮ ਨਾ ਕੀਤੀ ਕਿ ਮੇਰੇ ਸੇਵਕ ਮੈਨੂੰ ਕੀ ਕਹਿਣਗੇ ? ਉਸਦੀ ਧਾਤੂ ਜੋ ਗੋਹੇ ਵਿਚ ਡਿੱਗੀ, ਉਸ ਤੋਂ ਗੋਰਖ ਦੀ ਉਤਪਤੀ ਹੋਈ। ਜੋ ਸਮੁੰਦਰ ਵਿਚ ਡਿੱਗੀ, ਉਹ ਮੱਛੀ ਨੇ ਨਿਗਲ ਲਈ, ਜਿਸ ਤੋਂ ਮਛੰਦਰ ਦੀ ਪੈਦਾਇਸ਼ ਹੋਈ। ਖੂਹ ਵਿਚ ਡਿੱਗੀ, ਉਥੋਂ ਪਾਰਾ ਪੈਦਾ ਹੋਇਆ। ਮੋਹਣੀ ਅਵਤਾਰ ਵੇਲੇ ਸ਼ਿਵਜੀ ਦੀ ਐਸੀ ਹਾਲਤ ਹੋਈ।

ਸੋ ਤ੍ਰਿਗੁਣੀਆਂ; ਰਾਜਸੀ (ਬ੍ਰਹਮਾ), ਤਾਮਸੀ (ਸ਼ਿਵਜੀ), ਸ਼ਾਂਤਕੀ (ਵਿਸ਼ਨੂੰ), ਇਨ੍ਹਾਂ ਦੀ ਮਾਇਆ ਨੇ ਐਸੀ ਹਾਲਤ ਕੀਤੀ ਹੈ। ਤਾਂ ਹੀ ਭਗਤ ਕਬੀਰ ਸਾਹਿਬ ਜੀ ਨੇ ਕਥਨ ਕੀਤਾ ਹੈ :—

*'ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥'*

[ਆਸਾ ਕਬੀਰ ਜੀ, ਅੰਗ—੪੮੦]

ਜਿਸ ਪ੍ਰਕਾਰ ਸੱਪਨੀ ਕੁੰਡਲ ਮਾਰ ਕੇ ਬੈਠ ਜਾਂਦੀ ਹੈ ਅਤੇ ਆਪਣੇ ਜਾਏ ਬੱਚਿਆਂ ਨੂੰ ਆਪ ਹੀ ਖਾਂਦੀ ਹੈ। ਪਰ ਜਿਹੜਾ ਕੁੰਡਲ ਤੋਂ ਬਾਹਰ ਨਿਕਲ ਜਾਵੇ, ਉਹ ਬਚ ਜਾਂਦਾ ਹੈ। ਨਹੀਂ ਤਾਂ ਸਾਰਿਆਂ ਨੂੰ ਖਾ ਜਾਂਦੀ ਹੈ। ਏਸੇ ਤਰ੍ਹਾਂ ਮਾਇਆ ਰੂਪ ਸੱਪਨੀ ਨੇ ਭੂਤ, ਭਵਿਖਤ ਤੇ ਵਰਤਮਾਨ, ਤਿੰਨਾਂ ਸਮਿਆਂ ਰੂਪ ਕੁੰਡਲ ਮਾਰਿਆ ਹੈ ਅਤੇ ਆਪਣੇ ਜਾਏ ਜੀਵਾਂ ਨੂੰ ਖਾਈ ਜਾਂਦੀ ਹੈ। ਭਾਵ ਇਸ ਮਾਇਆ ਨੇ ਸਾਰੇ ਜਗਤ ਨੂੰ ਮੋਹਿਆ ਹੋਇਆ ਹੈ। ਯਥਾ :—

੧. *'ਮਾਇਆ ਐਸੀ ਮੋਹਨੀ ਭਾਈ ॥*
*ਜੇਤੇ ਜੀਅ ਤੇਤੇ ਡਹਕਾਈ ॥੧॥'*

[ਭੈਰਉ ਕਬੀਰ ਜੀ, ਅੰਗ—੧੧੬੦]

੨. *'ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥*
*ਜਿਨਿ ਤ੍ਰਿਭਵਣੁ ਡਸੀਅਲੇ ਗੁਰਪ੍ਰਸਾਦਿ ਡੀਠੀ ॥੧॥'*

[ਆਸਾ ਕਬੀਰ ਜੀ, ਅੰਗ—੪੮੦]

੩. *'ਅਗਰਕ ਉਸਕੇ ਵਡੇ ਠਗਾਊ ॥*
*ਛੋਡਹਿ ਨਾਹੀ ਬਾਪ ਨ ਮਾਊ ॥*
*ਮੇਲੀ ਅਪਨੇ ਉਨਿ ਲੇ ਬਾਂਧੇ ॥*
*ਗੁਰ ਕਿਰਪਾ ਤੇ ਮੈ ਸਗਲੇ ਸਾਧੇ ॥੩॥'* [ਆਸਾ ਮਹਲਾ ੫, ਅੰਗ—੩੯੨]

## ਸਾਖੀ : ਮਾਈ ਮਾਇਆ ਛਲੁ ॥

ਮਾਇਆ ਇਕ ਇਸਤ੍ਰੀ ਦਾ ਰੂਪ ਧਾਰ ਕੇ ਕੰਡਿਆਲਾ ਲਈ ਫਿਰਦੀ ਸੀ। ਇਕ ਮਹਾਤਮਾ ਨੇ ਪੁੱਛਿਆ, "ਬੀਬੀ! ਕੰਡਿਆਲਾ ਕਿਸ ਲਈ ਫੜ੍ਹੀ ਫਿਰਦੀ ਹੈਂ?" ਤਾਂ ਮਾਇਆ ਨੇ ਕਿਹਾ, "ਜਿਹੜੇ ਆਪਣੇ ਆਪ ਨੂੰ ਬੜੇ ਤਿਆਗੀ ਕਹਾਉਂਦੇ ਹਨ, ਉਹਨਾਂ ਦੇ ਮੂੰਹ ਵਿਚ ਪਾ ਕੇ ਉਹਨਾਂ ਉੱਪਰ ਅਸਵਾਰ ਹੋ ਜਾਂਦੀ ਹਾਂ।" ਤਾਂ ਮਹਾਤਮਾ ਨੇ ਕਿਹਾ, "ਤੈਨੂੰ ਮੇਰੇ ਵਰਗਾ ਕੋਈ ਤਿਆਗੀ ਨਹੀਂ ਮਿਲਿਆ ਹੋਣਾਂ?" ਮਾਇਆ ਨੇ ਅੱਗੋਂ ਹੱਸ ਕੇ ਆਖਿਆ, "ਤੇਰੇ ਲਈ ਤਾਂ ਕੰਡਿਆਲੇ ਦੀ ਵੀ ਲੋੜ ਨਹੀਂ, ਬਿਨਾਂ ਕੰਡਿਆਲੇ ਤੋਂ ਹੀ ਅਸਵਾਰ ਹੋ ਸਕਦੀ ਹਾਂ।"

ਕੁਝ ਦੇਰ ਬਾਅਦ ਇਕ ਸੁੰਦਰ ਸਰੂਪ ਵਾਲੀ ਲੜਕੀ ਦਾ ਰੂਪ ਧਾਰ ਕੇ ਮਹਾਤਮਾ ਦੇ ਆਸ਼ਰਮ 'ਤੇ ਦੁੱਧ ਦੀ ਗੜਵੀ ਲੈ ਆਈ ਅਤੇ ਆਪਣੀ ਸ਼ਕਤੀ ਨਾਲ ਵਰਖਾ ਕਰਕੇ ਨਾਲਾ ਭਰ ਦਿੱਤਾ, ਫਿਰ ਰੋਣ ਲੱਗ ਪਈ ਤੇ ਕਿਹਾ, "ਜੀ! ਮੈਂ ਹੁਣ ਘਰ ਕਿਸ ਤਰ੍ਹਾਂ ਜਾਵਾਂਗੀ? ਰਸਤੇ ਵਿਚ ਨਾਲਾ ਵਗ ਰਿਹਾ ਹੈ।" ਮਹਾਤਮਾ ਨੇ ਕਿਹਾ, "ਬੀਬੀ! ਸਾਡੇ ਮੋਢਿਆਂ 'ਤੇ ਬੈਠ, ਅਸੀਂ ਤੈਨੂੰ ਪਾਰ ਕਰ ਦਿੰਦੇ ਹਾਂ।" ਜਦੋਂ ਮੋਢਿਆਂ 'ਤੇ ਬੈਠਾ ਕੇ ਨਾਲੇ ਦੇ ਵਿਚਕਾਰ ਪਹੁੰਚਿਆ ਤਾਂ ਮਹਾਤਮਾ ਦੇ ਅੱਡੀਆਂ ਮਾਰਨ ਲੱਗ ਪਈ ਅਤੇ ਕਿਹਾ, "ਦੇਖੋ! ਤੁਹਾਡੇ ਉੱਪਰ ਤਾਂ ਮੈਂ ਬਿਨਾਂ ਕੰਡਿਆਲੇ ਤੋਂ ਹੀ ਅਸਵਾਰ ਹੋਈ ਹਾਂ।" ਇਹ ਕਹਿ ਕੇ ਫਿਰ ਝੱਟ ਹੀ ਗੁਪਤ ਹੋ ਗਈ, ਨਾ ਉਥੇ ਨਾਲਾ, ਨਾ ਵਰਖਾ ਅਤੇ ਨਾ ਹੀ ਲੜਕੀ।

**ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥੧॥**

ਮਾਇਆ ਵਿਚ ਇਤਨੀ ਤਾਕਤ ਹੈ ਕਿ ਯੱਗ ਕਰਨ ਵਾਲੇ, ਇਸ਼ਨਾਨ ਕਰਨ ਵਾਲੇ ਅਤੇ ਤਪ ਕਰਨ ਵਾਲੇ ਸਭ ਅਸਥਾਨ ਇਸਨੇ ਖੰਡ ਦਿੱਤੇ ਹਨ, ਭਾਵ ਭ੍ਰਿਸ਼ਟ ਕਰ ਦਿੱਤੇ ਹਨ। **ਜਗ** = ਵਿਸ਼ਵਾਮਿੱਤਰ ਯੱਗ ਕਰਵਾਉਂਦਾ ਸੀ, ਸੁਬਾਹ ਅਤੇ ਮਰੀਚ ਦੋਵੇਂ ਦੈਂਤ ਯੱਗ ਦੀ ਸਾਰੀ ਸਮੱਗਰੀ ਖਾ ਜਾਂਦੇ ਸਨ ਅਤੇ ਹੱਡ ਸੁੱਟ ਜਾਂਦੇ ਸਨ। ਸ੍ਰੀ ਰਾਮਚੰਦਰ ਜੀ ਨੇ ਮਰੀਚ ਦੇ ਬਿਨਾਂ ਮੁਖੀ ਤੋਂ ਤੀਰ ਮਾਰ ਕੇ ਲੰਕਾ ਵਿਚ ਸੁੱਟ ਦਿੱਤਾ ਤੇ ਸੁਬਾਹ ਨੂੰ ਥਾਏਂ ਮਾਰ ਦਿੱਤਾ। **ਇਸਨਾਨ** = ਵਿਸ਼ਵਾਮਿੱਤਰ ਇਸ਼ਨਾਨ ਕਰਕੇ ਪਾਣੀ ਵਿਚ ਖੜ੍ਹ ਕੇ ਤਪ ਕਰਦਾ ਸੀ, ਇੰਦਰ ਦੀ 'ਉਰਵਸੀ' ਨਾਮੇਂ ਅਪੱਛਰਾਂ ਫਿਰਦੀ-ਫਿਰਦੀ ਇਸ ਕੋਲ ਆ ਗਈ, ਦੇਖ ਕੇ ਵਿਸ਼ਵਾਮਿੱਤਰ ਮੋਹਿਤ ਹੋ ਗਿਆ। ਆਪਣੀ ਸ਼ਕਤੀ ਦੁਆਰਾ ਪਾਣੀ ਵਿਚ ਕੱਚ ਦਾ ਮੰਦਿਰ ਬਣਾ ਕੇ ਦਸ ਹਜ਼ਾਰ ਵਰ੍ਹਾ ਵਿਸ਼ੇ ਸੁਖ ਵਿਚ ਪਰਚਿਆ ਰਿਹਾ ਸੀ, ਇਸ ਕਰਕੇ ਇਸਦਾ ਵਿਸ਼ਵਾਮਿੱਤਰ ਨਾਉਂ ਪੈ ਗਿਆ।

**ਤਾਪ ਥਾਨ ਖੰਡੇ** = ਤਪ ਕਰਨ ਵਾਲੇ ਅਸਥਾਨ ਵੀ ਖੰਡਿਤ ਕਰ ਦਿੱਤੇ। ਸੌਰਭ ਰਿਖੀ ਦੇ ਤਪ ਕਰਦੇ ਉੱਪਰ ਵਰਮੀ ਜੰਮ ਗਈ ਸੀ। ਮਾਨਧਾਤਾ ਰਾਜੇ ਦੀਆਂ ਲੜਕੀਆਂ ਨੇ ਕੋਈ ਚਮਕੀਲੀ ਚੀਜ਼ ਜਾਣ ਕੇ ਅੱਖਾਂ ਵਿਚ ਸੂਲਾਂ ਖੁਭੋਈਆਂ ਤਾਂ ਲਹੂ ਨਿਕਲਿਆ, ਲੜਕੀਆਂ ਡਰ ਗਈਆਂ ਅਤੇ ਜਾ ਕੇ ਆਪਣੇ ਪਿਤਾ ਮਾਨਧਾਤਾ ਨੂੰ ਦੱਸ ਦਿੱਤਾ। ਮਾਨਧਾਤਾ ਰਾਜੇ ਨੇ ਆ ਕੇ ਜਦ ਰਿਖੀ ਪਾਸੋਂ ਮੁਆਫ਼ੀ ਮੰਗੀ ਤਾਂ ਰਿਖੀ ਨੇ ਕਿਹਾ, "ਤੂੰ ਮੇਰੇ ਨਾਲ ਆਪਣੀ ਇਕ ਲੜਕੀ ਦੀ ਸ਼ਾਦੀ ਕਰ ਦੇ।" ਤਾਂ ਮਾਨਧਾਤਾ ਨੇ ਵਿਚਾਰ ਕੀਤੀ ਕਿ ਰਿਖੀ ਦਾ ਸਰੀਰ ਬਹੁਤ ਬਿਰਧ ਹੈ, ਪਰ ਮੇਰੀਆਂ ਲੜਕੀਆਂ ਨੌਜਵਾਨ ਹਨ। ਸੋਚ ਕੇ ਤਰੀਕੇ ਨਾਲ ਕਿਹਾ, "ਚੰਗਾ ਰਿਖੀ ਜੀ! ਜਿਹੜੀ ਵੀ ਮੇਰੀ ਲੜਕੀ ਤੁਹਾਨੂੰ ਪਸੰਦ ਕਰ ਲਵੇ, ਤੁਸੀਂ ਉਸ ਨਾਲ ਹੀ ਸ਼ਾਦੀ ਕਰਵਾ ਲਉ।" ਤਾਂ ਰਿਖੀ ਆਪਣੇ ਤਪ ਦੇ ਬਲ ਨਾਲ ਐਸਾ ਸੁੰਦਰ ਸਰੂਪ ਵਾਲਾ ਨੌਜਵਾਨ ਬਣ ਗਿਆ ਕਿ ਰਾਜੇ ਦੀਆਂ ਸੌ ਲੜਕੀਆਂ ਨੇ ਹੀ ਖ਼ੁਸ਼ ਹੋ ਕੇ ਸੌਰਭ ਰਿਖੀ ਨਾਲ ਸ਼ਾਦੀ ਕਰਵਾ ਲਈ।

ਇਸ ਪ੍ਰਕਾਰ ਮਾਇਆ ਨੇ ਤਪ ਅਸਥਾਨਾਂ ਨੂੰ ਵੀ ਭ੍ਰਿਸ਼ਟ ਕਰ ਦਿੱਤਾ ਹੈ, ਇਹ ਜੀਵ ਵਿਚਾਰਾ ਕੀ ਹੈ! ਜਿਹੜਾ ਮਾਇਆ ਤੋਂ ਬਚ ਸਕੇ, ਮਾਇਆ ਨੇ ਤਾਂ ਵੱਡੇ-ਵੱਡੇ ਉਲਟਾ ਦਿੱਤੇ ਹਨ। ਜੈਮਨ ਮੁਨੀ ਜੋ ਬਿਆਸ ਜੀ ਦਾ ਚੇਲਾ ਸੀ, ਮੱਟ ਪਾੜ ਕੇ ਹੇਠਾਂ ਉੱਤਰ ਗਿਆ ਸੀ। ਨਾਰਦ ਮੁਨੀ ਨੂੰ ਬਾਂਦਰ ਦਾ ਮੂੰਹ* ਲਵਾਉਣਾ ਪਿਆ।

## ਪ੍ਰਭ ਕੀ ਓਟ ਗਹੀ ਤਉ ਛੂਟੋ॥

ਹੇ ਭਾਈ! ਪ੍ਰਭੂ ਦੀ ਓਟ ਨੂੰ ਗ੍ਰਹਿਣ ਕਰੋਗੇ ਤਾਂ ਤੁਸੀਂ ਮਾਇਆ ਤੋਂ ਛੁੱਟ ਜਾਉਗੇ। ਯਥਾ :—

੧. *'ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ॥'*
[ਗਉੜੀ ਕਬੀਰ ਜੀ, ਅੰਗ—੩੩੧]

੨. *'ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਜਨ ਨਹੀ ਛੁਟਕਾਰਾ॥'*
[ਗਉੜੀ ਸੁਖਮਨੀ ਮ: ੫, ਅੰਗ—੨੬੦]

## ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ॥੧॥ਰਹਾਉ॥

ਇਥੇ ਸਾਧ ਸਤਿਗੁਰਾਂ ਦਾ ਵਾਚਕ ਹੈ। ਯਥਾ :—

੧. *'ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨਹੇਰਾ॥੨॥'*
[ਬਿਲਾਵਲੁ ਮਹਲਾ ੫, ਅੰਗ—੮੨੭]

* ਜੋ ਵਿਸ਼ਨੂੰ ਜੀ ਨੇ ਲਾ ਦਿੱਤਾ ਸੀ, ਮੰਗਿਆ ਤਾਂ 'ਹਰਿ' ਦਾ ਰੂਪ ਸੀ, ਪਰ 'ਹਰਿ' ਨਾਮ ਬਾਂਦਰ ਦਾ ਵੀ ਹੈ।

੨. *'ਸਾਧ ਰੂਪ ਅਪਣਾ ਤਨੁ ਧਾਰਿਆ ॥ ਮਹਾ ਅਗਨਿ ਤੇ ਆਪਿ ਉਬਾਰਿਆ ॥'*

[ਮਾਰੂ ਮਹਲਾ ੫, ਅੰਗ—੧੦੦੫]

੩. *'ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ ॥'*

[ਭਾਈ ਗੁਰਦਾਸ ਜੀ, ਵਾਰ-੧, ਪਉੜੀ-੨੨]

ਜਿਨ੍ਹਾਂ ਨੇ **ਸਾਧ** = ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਕਿਰਪਾ ਨਾਲ ਮਨ, ਬਾਣੀ, ਸਰੀਰ ਕਰਕੇ **ਹਰਿ** = ਹਰੀ ਅਕਾਲ ਪੁਰਖ ਵਾਹਿਗੁਰੂ, ਜੋ **ਹਰਿ** = ਹਰ ਇਕ ਨੂੰ **ਹਰਿ** = ਹਰੇ-ਭਰੇ ਕਰਨ ਵਾਲਾ ਹੈ, ਦਾ ਜੱਸ ਗਾਇਆ ਹੈ, ਉਹ **ਬਿਖੈ** = ਵਿਸ਼ੇ ਰੂਪ **ਬਿਆਧਿ** = ਰੋਗਾਂ ਤੋਂ **ਛੂਟੇ** = ਹਟ ਗਏ ਹਨ ॥੧॥ਰਹਾਉ॥

ਅੱਗੇ ਹੁਣ ਮਾਇਆ ਦੀ ਪ੍ਰਬਲਤਾ ਦਿਖਾਉਂਦੇ ਹਨ :—

**ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥**

(ੳ) ਉਹ ਮਾਇਆ ਕਿਸੇ ਅਸਥਾਨ 'ਤੇ ਉੱਤਰੀ ਹੋਈ ਭੀ ਨਹੀਂ ਸੁਣੀਦੀ, ਨਾ ਹੀ ਮੂੰਹ ਤੋਂ **ਬਕੀਐ** = ਬੋਲਦੀ ਹੈ ਕਿ ਤਕੜੇ ਹੋ ਜਾਓ! ਮੈਂ ਆਈ ਜੇ! ਅਤੇ ਨਾ ਹੀ ਉਹ ਕਿਸੇ ਨੂੰ ਮੋਂਹਦੀ ਹੋਈ **ਡੀਠੀ** = ਦੇਖਣ ਵਿਚ ਆਉਂਦੀ ਹੈ।

(ਅ) ਜਿਹੜੇ ਮਾਇਆ ਦੇ ਤਿਆਗੀ ਸਨ, ਮਾਇਆ ਦੀ ਗੱਲ ਕੰਨੀ ਨਹੀਂ ਸੀ ਸੁਣਦੇ, ਮੂੰਹੋਂ ਵੀ ਮਾਇਆ ਦੀ ਗੱਲ ਨਹੀਂ ਸੀ ਬੋਲਦੇ ਅਤੇ ਜੋ ਅੱਖਾਂ ਨਾਲ ਦੇਖਦੇ ਵੀ ਨਹੀਂ ਸਨ, ਮਾਇਆ ਨੇ ਉਨ੍ਹਾਂ ਨੂੰ ਵੀ **ਮੋਹੈ** = ਮੋਹਿਤ ਕਰ ਲਿਆ।

ਸ੍ਰਿੰਗੀ ਰਿਖੀ ਵਰਗੇ ਜਿਸਨੂੰ ਇਸਤ੍ਰੀ ਜਾਤੀ ਦਾ ਗਿਆਨ ਵੀ ਨਹੀਂ ਸੀ, ਵੇਸਵਾ ਦੇ ਸੁੰਦਰ ਚਿਹਰੇ ਨੂੰ ਦੇਖ ਕੇ ਮੱਥਾ ਟੇਕਦਾ ਹੈ, ਲੱਡੂ-ਜਲੇਬੀਆਂ ਨੂੰ ਸੁਰਗਾਂ ਦੇ ਮੇਵੇ ਕਹਿੰਦਾ ਹੈ, ਲਮਕਦੇ ਅਸਥਨਾਂ ਨੂੰ ਵੇਖ ਕੇ ਫੋੜੇ ਕਹਿੰਦਾ ਹੈ, ਉਸਨੂੰ ਕਈ ਮੁੰਡਿਆਂ-ਕੁੜੀਆਂ ਦਾ ਬਾਪ ਬਨਣਾ ਪਿਆ, ਇਹ ਐਸੀ ਤਾਕਤ ਵਾਲੀ ਹੈ। ਯਥਾ :—

*'ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੧]

**ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥੨॥**

ਅਜਿਹੀ ਠੱਗ ਬੂਟੀ ਪਾ ਕੇ ਜੀਵਾਂ ਨੂੰ ਭੁਲਾ ਲੈਂਦੀ ਹੈ, ਜੋ ਸਾਰਿਆਂ ਦੇ ਮਨ ਵਿਚ

ਪਿਆਰੀ ਲੱਗਣ ਲੱਗ ਪੈਂਦੀ ਹੈ ॥੨॥ ਕੋਈ ਛੱਡਣਾ ਨਹੀਂ ਚਾਹੁੰਦਾ, ਜੇਕਰ ਨਿੱਕੇ ਜਿਹੇ ਬੱਚੇ ਨੂੰ ਵੀ ਪੈਸਾ ਫੜਾ ਦੇਈਏ ਤਾਂ ਉਹ ਖ਼ੁਸ਼ ਹੋ ਜਾਂਦਾ ਹੈ, ਫਿਰ ਮੰਗਿਆਂ ਦੇਣ ਨੂੰ ਤਿਆਰ ਨਹੀਂ ਹੁੰਦਾ। ਯਥਾ :—

*'ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥*
*ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ ॥੧੯॥'*

[ਸਲੋਕ ਮਹਲਾ ੫, ਅੰਗ—੧੪੨੬]

**ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ॥**

ਮਾਂ, ਪਿਉ, ਪੁੱਤਰ, **ਹਿਤ** = ਪਿਆਰੇ ਮਿੱਤਰ, ਭਰਾ ਇਤਿਆਦਿਕ ਸਬੰਧੀਆਂ ਅਤੇ ਹਰ ਘਰ-ਘਰ ਵਿਚ ਉਸ ਮਾਇਆ ਨੇ **ਦੂਆ** = ਦ੍ਵੈਤ ਭਾ ਮੇਲਿਆ ਹੋਇਆ ਹੈ, ਭਾਵ ਆਪਸ ਵਿਚ ਫ਼ਰਕ ਪਾਇਆ ਹੋਇਆ ਹੈ।

**ਕਿਸਹੀ ਵਾਧਿ ਘਾਟਿ ਕਿਸਹੀ ਪਹਿ ਸਗਲੇ ਲਰਿ ਲਰਿ ਮੂਆ ॥੩॥**

ਕਿਸੇ ਕੋਲ ਮਾਇਆ ਵੱਧ ਤੇ ਕਿਸੇ **ਪਹਿ** = ਪਾਸ ਘੱਟ ਹੈ, ਸਾਰੇ ਹੀ ਆਪਸ ਵਿਚ ਲੜ-ਲੜ ਕੇ ਮਰ ਰਹੇ ਹਨ। ਇਸਨੂੰ ਪਾ ਕੇ ਵੀ ਕੋਈ ਤ੍ਰਿਪਤ ਨਹੀਂ ਹੁੰਦਾ, ਉਸ ਤੋਂ ਵੱਧ ਚਾਹੁੰਦਾ ਹੈ। ਯਥਾ :—

੧. *'ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ਰਹਾਉ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥੧॥*
*ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥*
*ਬੁਰਾ ਭਲਾ ਨਹੀ ਸੁਝੀ ਹੇ ॥੨॥'* [ਰਾਗੁ ਗਉੜੀ ਮਹਲਾ ੫, ਅੰਗ—੨੧੩]

੨. *'ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥*
*ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥*
*ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥'*

[ਮਾਰੂ ਮਹਲਾ ੫, ਅੰਗ—੧੦੧੯]

੩. *'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥'*

[ਜਪੁਜੀ ਸਾਹਿਬ, ਅੰਗ—੧]

੪. *'ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥'*

[ਗਉੜੀ ਸੁਖਮਨੀ ਮਃ ੫, ਅੰਗ—੨੭੮-੭੯]

ਭਾਵੇਂ ਥੋੜ੍ਹੀ, ਭਾਵੇਂ ਬਹੁਤੀ ਹੋਵੇ, ਸਭ ਦੀ ਐਸੀ ਹਾਲਤ ਹੁੰਦੀ ਹੈ, ਸਾਰੇ ਹੀ ਲੜ ਕੇ ਮਰ ਜਾਂਦੇ ਹਨ, ਇਸ ਸੰਸਾਰ ਤੋਂ ਕੂਚ ਕਰ ਜਾਂਦੇ ਹਨ, ਮਾਇਆ ਇਥੇ ਹੀ ਰਹਿ ਜਾਂਦੀ ਹੈ, ਪਿੱਛੋਂ ਪੁੱਤਰ, ਭਰਾ, ਮਿੱਤਰ, ਪਿਆਰੇ, ਹੋਰ ਅੰਗ-ਸਾਕ ਮੁਕੱਦਮੇ ਅਤੇ ਜੇਲ੍ਹਾਂ ਭੁਗਤਦੇ ਰਹਿੰਦੇ ਹਨ। ਇਸ ਲਈ :—

*'ਮਾਇਆ ਮਮਤਾ ਹੈ ਬਹੁ ਰੰਗੀ ॥ ਬਿਨੁ ਨਾਵੈ ਕੋ ਸਾਥਿ ਨ ਸੰਗੀ ॥੨॥'*

[ਪ੍ਰਭਾਤੀ ਮਹਲਾ ੧, ਅੰਗ—੧੩੪੨]

## ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ ॥

ਮੈਂ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਮੈਨੂੰ ਇਸ ਮਾਇਆ ਦਾ ਛਲ ਰੂਪ **ਚਲਤੁ** = ਕੌਤਕ ਵਿਖਾਇਆ ਹੈ। ਯਥਾ :—

*'ਮਾਈ ਮਾਇਆ ਛਲੁ ॥*
*ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥'*

[ਟੋਡੀ ਮਹਲਾ ੫, ਅੰਗ—੭੧੭]

## ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥੪॥

ਜਿਸ **ਗੂਝੀ** = ਲੁੱਕਵੀਂ ਮਾਇਆ ਦੀ ਤ੍ਰਿਸ਼ਨਾਂ ਰੂਪ ਅੱਗ ਵਿਚ ਸਾਰਾ ਸੰਸਾਰ ਸੜ ਰਿਹਾ ਹੈ, ਉਸ ਮਾਇਆ ਦਾ ਬਲ ਪ੍ਰਭੂ ਦੇ ਭਗਤਾਂ 'ਤੇ ਨਹੀਂ **ਬਿਆਪੈ** = ਲੱਗਦਾ, ਸਗੋਂ ਭਗਤਾਂ ਦੀ ਸਹਾਇਤਾ ਕਰਦੀ ਹੈ। ਯਥਾ :—

੧. *'ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥'*

[ਗਉੜੀ ਮਹਲਾ ੩, ਅੰਗ—੨੩੧]

੨. *'ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥'*

[ਗਉੜੀ ਮਹਲਾ ੫, ਅੰਗ—੨੦੧]

੩. *'ਭਗਤਿ ਕਰਤਿ ਮਾਯਾ ਨਹਿੰ ਮੋਹਹਿ ਰਾਚਹਿ ਹਰਿ ਕੇ ਰੰਗਾ ॥੨੧॥'*

[ਸ੍ਰੀ ਗੁਰੁ ਨਾਨਕ ਪ੍ਰਕਾਸ਼, ਪੂਰਬਾਰਧ ਅਧ੍ਯਾਯ-੩੯, ਜਿਲਦ-੨, ਪੰਨਾ—੪੪੯]

ਇਸ ਲਈ :—

*'ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥*
*ਹਰਿ ਕੀ ਭਗਤਿ ਕਰਹੁ ਮਨ ਮੀਤ ॥ ਨਿਰਮਲ ਹੋਇ ਤੁਮਾਰੋ ਚੀਤ ॥'*

[ਗਉੜੀ ਸੁਖਮਨੀ ਮਃ ੫, ਅੰਗ—੨੮੮]

**ਸੰਤ ਪ੍ਰਸਾਦਿ ਮਹਾ ਸੁਖੁ ਪਾਇਆ ਸਗਲੇ ਬੰਧਨ ਕਾਟੇ॥**

**ਸੰਤ** = ਸਤਿਗੁਰੂ ਰਾਮਦਾਸ ਜੀ ਦੀ ਕਿਰਪਾ ਕਰਕੇ ਵੱਡੇ (ਆਤਮਿਕ) ਸੁਖ ਨੂੰ ਪਾ ਲਿਆ ਹੈ, ਜੋ ਅਤੁੱਲ ਹੈ, ਜਿਤਨੇ ਬੰਧਨ ਸੀ; ਕਰਤਾ-ਭੋਗਤਾ, ਹੰਗਤਾ-ਮਮਤਾ, ਜੰਮਣ-ਮਰਨ ਆਦਿਕ ਸਭ ਕੱਟ ਦਿੱਤੇ ਹਨ।

ਜਿਸ ਸੁਖ ਨੂੰ ਸਾਰੀ ਦੁਨੀਆਂ ਲੱਭਦੀ ਹੈ, ਪਰ ਆਪੇ ਪ੍ਰਾਪਤ ਨਹੀਂ ਹੁੰਦਾ, ਸਤਿਗੁਰਾਂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦਾ ਹੈ, ਜੋ ਸਮੁੰਦਰ ਦੀ ਨਿਆਈਂ ਅਥਾਹ ਹੈ। ਵਿਸ਼ੇ ਸੁਖ ਕਟੋਰੇ ਦੇ ਪਾਣੀ ਦੀ ਨਿਆਈਂ ਹੈ :—

*'ਵਿਸ਼ਿਆਨੰਦ ਸੰਸਾਰ ਹੈ ਭਜਨਾਨੰਦ ਹਰਿ ਦਾਸ।*
*ਬ੍ਰਹਮਾਨੰਦ ਜੀਵਨ ਮੁਕਤ ਭਈ ਬਾਸ਼ਨਾ ਨਾਸ।੧੨।'*

[ਵਿਚਾਰਮਾਲਾ, ਅਧਿਆਇ-੮]

**ਹਰਿ ਹਰਿ ਨਾਮੁ ਨਾਨਕ ਧਨੁ ਪਾਇਆ,**
**ਅਪੁਨੈ ਘਰਿ ਲੈ ਆਇਆ ਖਾਟੇ॥੫॥੧੧॥**

(ੳ) ਗੁਰੂ ਜੀ ਕਥਨ ਕਰਦੇ ਹਨ, ਮੈਂ ਸਤਿਗੁਰਾਂ ਤੋਂ ਹਰਿ ਹਰਿ ਨਾਮ ਰੂਪ ਧਨ ਪਾਇਆ ਹੈ ਅਤੇ ਖੱਟ ਕੇ, ਭਾਵ ਲਾਭ ਸੰਯੁਕਤ ਹੋ ਕੇ, ਆਪਣੇ ਸਰੂਪ ਘਰ ਵਿਚ ਮਨ ਨੂੰ ਲੈ ਆਏ ਹਾਂ।

(ਅ) ਗੁਰੂ ਜੀ ਕਥਨ ਕਰਦੇ ਹਨ, ਹਰੀ ਅਕਾਲ ਪੁਰਖ ਵਾਹਿਗੁਰੂ ਜੋ ਹਰੇਕ ਨੂੰ ਹਰੇ-ਭਰੇ ਕਰਨ ਵਾਲਾ ਅਤੇ ਹਰ ਇਕ ਪਾਪਾਂ ਦੇ ਨਾਸ ਕਰਨ ਵਾਲਾ ਹੈ, ਤਿਸਦੇ ਨਾਮ ਧਨ ਨੂੰ ਪਾਇਆ ਹੈ। ਆਪਣਾ ਜੋ ਸਰੂਪ ਰੂਪ, ਵਾ :—ਹਿਰਦਾ ਰੂਪ ਘਰ ਹੈ, ਤਿਸ ਵਿਚ ਨਾਮ ਧਨ ਨੂੰ ਖੱਟ ਕੇ ਲੈ ਆਏ ਹਾਂ। ਇਹ ਨਾਮ ਧਨ ਐਸਾ ਹੈ :—

੧. *'ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ॥*
*ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ॥੨॥'*

[ਮਾਰੂ ਮਹਲਾ ੧, ਅੰਗ—੯੯੧]

੨. *'ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ॥*
*ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ॥'*

[ਗੂਜਰੀ ਕੀ ਵਾਰ ਮਹਲਾ ੩, ਅੰਗ—੫੧੧]

ਇਸ ਲਈ ਆਪਾਂ ਵੀ ਸਤਿਗੁਰਾਂ ਤੋਂ ਨਾਮ-ਧਨ ਮੰਗਣਾ ਕਰੀਏ। ਯਥਾ :—

੧. *'ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥'*
[ਗਉੜੀ ਸੁਖਮਨੀ ਮਃ ੫, ਅੰਗ—੨੮੯]

੨. *'ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ,*
*ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥'* [ਸੋਰਠਿ ਮਹਲਾ ੧, ਅੰਗ—੫੯੭]

੩. *'ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥*
*ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥੧॥'*
[ਸੂਹੀ ਮਹਲਾ ੧, ਅੰਗ—੭੫੩]

੪. *'ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥'*
[ਸੂਹੀ ਮਹਲਾ ੫, ਅੰਗ—੭੬੨]

੫. *'ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥'*
[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੫੮]

੬. *'ਕਰਤਾ ਤੂ ਮੇਰਾ ਜਜਮਾਨੁ ॥*
*ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥'*
[ਪ੍ਰਭਾਤੀ ਮਹਲਾ ੧, ਅੰਗ—੧੩੨੯]

੭. *'ਮਾਗਉ ਦਾਨੁ ਠਾਕੁਰ ਨਾਮ ॥*
*ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥*
[ਟੋਡੀ ਮਹਲਾ ੫, ਅੰਗ—੭੧੩]

੮. *'ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ ॥*
*ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥੧॥'*
[ਰਾਗੁ ਧਨਾਸਿਰੀ ਮਹਲਾ ੩, ਅੰਗ—੬੬੬]

੯. *'ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥*
*ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥'*
[ਸੂਹੀ ਮਹਲਾ ੧ ਕਾਫੀ, ਅੰਗ—੭੫੨]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੩੬.

**ਧਨਾਸਰੀ ਮਹਲਾ ੫ ॥** [ਅੰਗ—੬੭੫]

**ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥**

ਹੇ ਭਾਈ ! ਉਹ ਠਾਕੁਰ ਦੀਨਾਂ ਦੇ **ਦਰਦ** = ਦੁਖ ਨਵਿਰਤ ਕਰਨ ਵਾਲਾ ਹੈ ਅਤੇ ਆਪਣਿਆਂ ਦਾਸਾਂ ਦੀ ਆਪ ਹੀ **ਪਤਿ** = ਇੱਜ਼ਤ ਰੱਖਦਾ ਹੈ।

ਸੰਸਕ੍ਰਿਤ ਦੀਆਂ ਪੁਸਤਕਾਂ ਵਿਚ ਜੋ ਇੱਛਾ ਅਤੇ ਭੈ ਸੰਜੁਗਤ ਹੋਵੇ, ਉਸਨੂੰ ਦੀਨ ਮੰਨਿਆ ਹੈ। ਇੱਛਾ ਹੋਣੀ ਮੁਕਤ ਹੋਣ ਦੀ, ਪ੍ਰਭੂ ਪ੍ਰਾਪਤੀ ਦੀ ਅਤੇ ਭੈ ਹੋਣਾਂ ਜਮਾਂ ਦਾ, ਨਰਕਾਂ ਦਾ, ਜੰਮਣ-ਮਰਨ ਦਾ। ਸਿਆਣਿਆਂ ਨੇ ਭੈ ਸੱਤ ਪ੍ਰਕਾਰ ਦਾ ਮੰਨਿਆ ਹੈ :—

*'ਦੋਹਰਾ ॥ ਯਹ ਭਵ ਭੈ [੧], ਪਰਲੋਕ ਭੈ [੨], ਮਰਨ ਬੇਦਨਾ [੩], ਜਾਤ [੪] ॥*
*ਅਨ ਰਖਯਾ [੫], ਅਰ ਗੁਪਤ ਭੈ [੬], ਅਕਸ ਮਾਤ੍ਰ [੭] ਭੈ ਸਾਤ ॥੧॥'*

[ਅਨਭਵ ਸ਼ੱਤਕ ਕ੍ਰਿਤ ਗਿਰਧਰ ਕਵਿ ਰਾਇ, ਦੂਜੀ ਛਾਪ, ਪੰਨਾ—੧੨੮]

ਹੇ ਸੱਚੇ ਪਾਤਸ਼ਾਹ ! ਅਸੀਂ ਦੀਨ ਹਾਂ ਅਤੇ ਆਪ ਜੀ ਦਿਆਲੂ ਸੁਭਾਅ ਵਾਲੇ ਹੋ। ਯਥਾ :—

੧. *'ਹਮ ਸਰਿ ਦੀਨੁ, ਦਇਆਲੁ ਨ ਤੁਮ ਸਰਿ; ਅਬ ਪਤੀਆਰੁ ਕੀਆ ਕੀਜੈ ॥'*

[ਧਨਾਸਰੀ ਰਵਿਦਾਸ ਜੀ, ਅੰਗ—੬੯੪]

੨. *'ਹਮ ਦੀਨ ਤੁਮ ਜੁਗੁ ਜੁਗੁ ਦਾਤੇ ਸਬਦੇ ਦੇਹਿ ਬੁਝਾਈ ॥'*

[ਸੋਰਠਿ ਮਹਲਾ ੩, ਅੰਗ—੬੦੩]

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਆਗਿਆ ਨਾਲ ਜਦੋਂ ਭਾਈ ਕਲਿਆਣਾ ਜੀ ਸਕੇਤ ਮੰਡੀ ਪਹੁੰਚੇ ਤਾਂ ਉਥੋਂ ਦੇ ਰਾਜੇ ਨੇ ਸਾਰਿਆਂ ਨੂੰ ਠਾਕੁਰ ਦੀ ਪੂਜਾ ਕਰਨ ਅਤੇ ਵਰਤ ਰੱਖਣ ਦਾ ਹੁਕਮ ਦਿੱਤਾ। ਪਰ ਭਾਈ ਸਾਹਿਬ ਨੇ ਠਾਕੁਰ ਪੂਜਨ ਬਾਰੇ ਇਸ ਤਰ੍ਹਾਂ ਕਿਹਾ :—

*'ਜੋ ਪਾਥਰ ਕੀ ਪਾਂਈ ਪਾਇ ॥ ਤਿਸਕੀ ਘਾਲ ਅਜਾਂਈ ਜਾਇ ॥੧॥*
*ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ਰਹਾਉ॥'*

[ਭੈਰਉ ਕਬੀਰ ਜੀ, ਅੰਗ—੧੧੬੦]

ਜਿਸ ਵਕਤ ਰਾਜੇ ਨੇ ਸੁਣਿਆ ਕਿ ਇਹ ਠਾਕੁਰ ਨੂੰ ਪੱਥਰ ਕਹਿੰਦਾ ਹੈ ਤਾਂ ਕ੍ਰੋਧ ਵਿਚ ਆ ਕੇ ਭਾਈ ਕਲਿਆਣਾ ਜੀ ਦੀ ਲੱਤ ਵੱਢਣ ਦਾ ਹੁਕਮ ਕਰ ਦਿੱਤਾ। ਉਸ ਵਕਤ

ਭਾਈ ਸਾਹਿਬ ਨੇ ਦੀਨ ਹੋ ਕੇ ਸਤਿਗੁਰਾਂ ਨੂੰ ਯਾਦ ਕੀਤਾ ਤਾਂ ਗੁਰੂ ਸਾਹਿਬਾਂ ਨੇ ਝੱਟ ਹੀ ਸਾਰਾ ਦੁਖ-ਦਰਦ ਨਾਸ ਕਰ ਦਿੱਤਾ ਸੀ। ਰਾਜਾ ਸ਼ਰਧਾਲੂ ਬਣ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਇਆ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਅਤੇ ਸੇਵਾ ਕਰਕੇ ਨਿਹਾਲ ਹੋਇਆ।*

ਇਸ ਪ੍ਰਕਾਰ ਮਹਾਰਾਜ ਸਾਹਿਬ ਕਿਰਪਾ ਕਰਕੇ, ਆਪ ਹੀ ਆਪਣੇ ਦਾਸਾਂ ਦੀ ਇੱਜ਼ਤ-ਪਤਿ ਰੱਖਦੇ ਹਨ। ਯਥਾ :—

*'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥.....॥੪॥'*

[ਆਸਾ ਮਹਲਾ ੪, ਅੰਗ—੪੫੧]

ਸਤਿਜੁਗ ਵਿਚ ਧ੍ਰੂ ਭਗਤ ਦੀ ਇੱਜ਼ਤ ਰੱਖੀ। ਜਦੋਂ ਮਤ੍ਰੇਈ ਮਾਤਾ ਨੇ ਪਿਤਾ ਦੀ ਗੋਦ ਵਿਚੋਂ ਉਠਾ ਦਿੱਤਾ ਤਾਂ ਬੜਾ ਦੁਖੀ ਹੋਇਆ। ਆਪਣੀ ਮਾਤਾ ਨੂੰ ਜਾ ਕੇ ਪੁੱਛਿਆ, "ਮਾਤਾ ਜੀ! ਮੈਨੂੰ ਰਾਜ ਗੱਦੀ ਕਿਵੇਂ ਮਿਲੇ ?" ਤਾਂ ਮਾਤਾ ਨੇ ਪ੍ਰਭੂ-ਭਗਤੀ ਦਾ ਉਪਦੇਸ਼ ਦਿੱਤਾ। ਪੰਜ ਸਾਲਾਂ ਦੇ ਬਾਲਕ ਧ੍ਰੂ ਨੇ ਜੰਗਲ ਵਿਚ ਇਤਨੀ ਘੋਰ ਤਪੱਸਿਆ ਕੀਤੀ ਕਿ ਪ੍ਰਮੇਸ਼ਰ ਨੂੰ ਪ੍ਰਗਟ ਕਰ ਲਿਆ। ਇਥੇ ਛੱਤੀ ਹਜ਼ਾਰ ਵਰ੍ਹਾ ਰਾਜ ਕਰਵਾ ਕੇ ਫਿਰ ਅਟੱਲ ਪਦਵੀ 'ਤੇ ਪਹੁੰਚਾ ਦਿੱਤਾ।* ਯਥਾ :—

*'ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥'*

[ਮਾਰੂ ਮਹਲਾ ੫, ਅੰਗ—੯੯੯]

ਫਿਰ ਦੁਸ਼ਟ ਹਰਣਾਖਸ਼ ਨੂੰ ਮਾਰ ਕੇ ਪ੍ਰਹਿਲਾਦ ਭਗਤ ਜੀ ਦੀ ਰੱਖਿਆ ਕੀਤੀ। ਭਗਤ ਜੀ ਨੂੰ ਬੜਾ ਰੋਕਿਆ ਗਿਆ ਕਿ ਪ੍ਰਭੂ ਦਾ ਨਾਮ ਲੈਣਾ ਛੱਡ ਦੇ। ਬੜੇ ਯਤਨ ਕੀਤੇ ਗਏ, ਅੱਗ ਵਿਚ ਸਾੜਿਆ, ਪਹਾੜ ਤੋਂ ਸੁੱਟਿਆ, ਪਾਣੀ ਵਿਚ ਡੋਬਿਆ, ਤਪਦੇ ਥੰਮ੍ਹ ਨਾਲ ਜੱਫੀ ਪੁਆਈ ਗਈ, ਪਰ ਹਰ ਵਾਰੀ ਪ੍ਰਮੇਸ਼ਰ ਨੇ ਰੱਖਿਆ ਕੀਤੀ :—

*'ਜਲ ਅਗਨੀ ਵਿਚ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।'*

[ਭਾਈ ਗੁਰਦਾਸ ਜੀ, ਵਾਰ-੧੦, ਪਉੜੀ-੨]

ਜਦੋਂ ਭਗਤ ਜੀ ਕਿਸੇ ਵੀ ਯਤਨ ਨਾਲ ਨਾ ਡੋਲੇ ਤਾਂ ਹਰਣਾਖਸ਼ ਨੇ ਮਾਰਨ ਵਾਸਤੇ ਲਿਸ਼ਕਦੀ ਕ੍ਰਿਪਾਨ ਕੱਢ ਲਈ, ਤਾਂ ਪ੍ਰਮੇਸ਼ਰ ਨੇ ਭਗਤ ਜੀ ਦੀ ਰੱਖਿਆ ਨਰਸਿੰਘ ਅਵਤਾਰ ਧਾਰ ਕੇ ਕੀਤੀ।*

ਫਿਰ ਕਲਿਜੁਗ ਵਿਚ ਭਗਤ ਕਬੀਰ ਸਾਹਿਬ, ਭਗਤ ਨਾਮਦੇਵ ਜੀ ਅਤੇ ਭਗਤ ਸਧਨਾ ਜੀ ਆਦਿਕਾਂ ਦੀ ਰੱਖਿਆ ਕੀਤੀ।

---

* ਸਮੇਂ ਮੁਤਾਬਿਕ ਇਸ ਸਾਖੀ ਦਾ ਵਿਸਥਾਰ ਕਰੋ ਜੀ।

## ਸਾਖੀ : ਭਗਤ ਕਬੀਰ ਜੀ ਦੀ

ਬ੍ਰਾਹਮਣਾਂ ਅਤੇ ਮੁਲਾਣਿਆਂ ਦੇ ਕਹਿਣ 'ਤੇ ਕਿ ਕਬੀਰ ਹਿੰਦੂ ਅਤੇ ਮੁਸਲਮਾਨ ਧਰਮ, ਦੋਹਾਂ ਦੀ ਨਿੰਦਿਆ ਕਰਦਾ ਹੈ। ਸਿਕੰਧਰ ਲੋਧੀ ਬਾਦਸ਼ਾਹ ਨੇ ਆਪਣੀ ਕਚਹਿਰੀ ਵਿਚ ਕਬੀਰ ਸਾਹਿਬ ਨੂੰ ਬੁਲਾ ਕੇ ਕਿਹਾ, "ਤੂੰ ਮੁਸਲਮਾਣ ਹੋਣ ਦੇ ਨਾਤੇ ਵੀ ਰਾਮ ਦਾ ਨਾਮ ਜਪਦਾ ਹੈਂ ਅਤੇ ਗ਼ਲਤ ਪ੍ਰਚਾਰ ਕਰਕੇ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈਂ, ਤੇਰੇ ਵਰਗੇ ਕਾਫ਼ਰ ਦਾ ਮੇਰੇ ਰਾਜ ਵਿਚ ਹੋਣਾ ਖ਼ਤਰੇ ਤੋਂ ਖ਼ਾਲੀ ਨਹੀਂ ਹੈ, ਇਸ ਲਈ ਤੈਨੂੰ ਸਜਾ-ਇ-ਮੌਤ ਦਿੱਤੀ ਜਾਂਦੀ ਹੈ।" ਬਾਦਸ਼ਾਹ ਦੇ ਹੁਕਮ ਨਾਲ ਕਬੀਰ ਸਾਹਿਬ ਜੀ ਨੂੰ ਪਹਿਲਾਂ ਬੜੇ ਭਾਰੀ ਲੋਹੇ ਦੇ ਸੰਗਲਾਂ ਨਾਲ ਚੰਗੀ ਤਰ੍ਹਾਂ ਜਕੜ ਕੇ ਗੰਗਾ ਦੇ ਤੇਜ਼ ਵਗਦੇ ਪ੍ਰਵਾਹ ਵਿਚ ਸੁੱਟਿਆ ਗਿਆ।

ਪਰ ਪ੍ਰਮੇਸ਼ਰ ਨੇ ਆਪਣੇ ਭਗਤ ਦੀ ਜਲ ਵਿਚ ਵੀ ਰੱਖਿਆ ਕੀਤੀ। ਇਕ ਟੁਬਕੀ ਲੈਣ ਤੋਂ ਸਾਰੇ ਸੰਗਲ ਟੁੱਟ ਗਏ ਅਤੇ ਹੱਥ, ਪੈਰ ਖੁੱਲ੍ਹ ਗਏ, ਜਲ 'ਤੇ ਇਕ ਮ੍ਰਿਗਸ਼ਾਲਾ ਵਿਛ ਗਈ, ਉਸ 'ਤੇ ਕਬੀਰ ਸਾਹਿਬ ਜੀ ਇਸ ਤਰ੍ਹਾਂ ਅਡੋਲ ਬੈਠ ਕੇ ਸਿਮਰਨ ਕਰਨ ਲੱਗ ਪਏ, ਜਿਸ ਤਰ੍ਹਾਂ ਧਰਤੀ 'ਤੇ ਆਸਣ ਲਾ ਕੇ ਬੈਠਦੇ ਸਨ। ਯਥਾ :—

*'ਗੰਗ ਗੁਸਾਇਨਿ ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ ਖਰੇ ਕਬੀਰ ॥.....*
*ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥'*

[ਭੈਰਉ ਕਬੀਰ ਜੀ, ਅੰਗ—੧੧੬੨]

ਜਦੋਂ ਜਲ ਨੇ ਵੀ ਨਾ ਡੋਬਿਆ ਤਾਂ ਫਿਰ ਪੰਡ ਦੀ ਤਰ੍ਹਾਂ ਬੰਨ੍ਹ ਕੇ ਹਾਥੀ ਅੱਗੇ ਸੁੱਟਿਆ ਗਿਆ। ਹਾਥੀ ਨੇ ਵੀ ਭਗਤ ਜੀ ਨੂੰ ਮਾਰਨਾ ਤਾਂ ਕੀ ਸੀ, ਸਗੋਂ ਦੋਵੇਂ ਲੱਤਾਂ ਹੇਠਾਂ ਲਾ ਕੇ ਸਿਰ ਨਿਵਾ ਕੇ ਨਮਸਕਾਰ ਕੀਤੀ ਅਤੇ ਜੰਗਲ ਵੱਲ ਦੌੜ ਗਿਆ, ਮਹਾਵਤ ਨੂੰ ਆਪਣੇ ਤੋਂ ਹੇਠਾਂ ਡੇਗ ਕੇ ਪੈਰਾਂ ਹੇਠ ਲਿਤਾੜ ਕੇ ਮਾਰ ਦਿੱਤਾ।

ਭਗਤ ਨਾਮਦੇਵ ਜੀ ਦੀ ਮੋਈ ਹੋਈ ਗਊ ਜਿਊਂਦੀ ਕਰਕੇ ਅਤੇ ਦੇਹੁਰਾ ਫੇਰ ਕੇ ਪ੍ਰਮੇਸ਼ਰ ਨੇ ਆਪ ਸਹਾਇਤਾ ਕੀਤੀ।* ਭਾਈ ਗੁਰਦਾਸ ਜੀ ਲਿਖਦੇ ਹਨ :—

*'ਗਾਇ ਮੁਈ ਜੀਵਾਲੀਓਨੁ ਨਾਮਦੇਉ ਛਪਰ ਛਾਇਆ।*
*ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।'*

[ਵਾਰ-੧੦, ਪਉੜੀ-੧੧]

---

* ਕਬੀਰ ਸਾਹਿਬ ਜੀ ਦੀ ਵਿਸਥਾਰ ਸਹਿਤ ਸਾਖੀ 'ਭਗਤਮਾਲ' ਗ੍ਰੰਥ ਦੇ ੪੬ ਪੰਨੇ ਤੋਂ ਅਤੇ ਨਾਮਦੇਵ ਜੀ ਦੀ ੧੬੨ ਪੰਨੇ ਤੋਂ ਪੜ੍ਹੋ ਜੀ।

## ਸਾਖੀ : ਭਗਤ ਸਧਨਾ ਜੀ ਦੀ

ਭਗਤ ਸਧਨਾ ਜੀ ਇਕ ਵਾਰੀ ਜਗਨਨਾਥ ਪੁਰੀ ਦੀ ਯਾਤਰਾ ਕਰਨ ਗਏ ਤਾਂ ਚੱਲਦਿਆਂ-ਚੱਲਦਿਆਂ ਰਸਤੇ ਵਿਚ ਰਾਤ ਪੈ ਗਈ। ਰਾਤ ਕੱਟਣ ਵਾਸਤੇ ਇਕ ਘਰ ਠਹਿਰ ਪਏ। ਜਿਸ ਘਰ ਇਕ ਇਸਤ੍ਰੀ ਤੇ ਪੁਰਸ਼ ਹੀ ਰਹਿੰਦੇ ਸਨ। ਇਸਤ੍ਰੀ ਨੇ ਭਗਤ ਜੀ ਨੂੰ 'ਜੀ ਆਇਆਂ' ਆਖਿਆ ਅਤੇ ਸਤਿਕਾਰ ਨਾਲ ਅੰਦਰ ਲੈ ਆਈ, ਕਿਉਂਕਿ ਭਗਤ ਜੀ ਦਾ ਸੁੰਦਰ ਸਰੂਪ ਦੇਖ ਕੇ ਉਸ ਇਸਤ੍ਰੀ ਦਾ ਮਨ ਡੋਲ ਗਿਆ। ਉਸ ਇਸਤ੍ਰੀ ਦਾ ਪੁਰਸ਼ ਕੋਝਾ ਅਤੇ ਰੋਗੀ ਸੀ, ਜਿਸ ਕਰਕੇ ਉਹ ਸਦਾ ਹੀ ਦੁਖੀ ਰਹਿੰਦੀ ਸੀ।

ਜਦੋਂ ਰਾਤ ਪਈ ਤਾਂ ਹਾਰ-ਸ਼ਿੰਗਾਰ ਕਰਕੇ ਭਗਤ ਜੀ ਨੂੰ ਰੋਟੀ ਖੁਆਉਣ ਵਾਸਤੇ ਆਈ ਅਤੇ ਆਪਣੀ ਬੁਰੀ ਇੱਛਾ ਭਗਤ ਜੀ ਅੱਗੇ ਪ੍ਰਗਟ ਕੀਤੀ ਤਾਂ ਭਗਤ ਜੀ ਨੇ ਕਿਹਾ, "ਹਰ ਇਕ ਇਸਤ੍ਰੀ ਨੂੰ ਆਪਣੇ ਪਤਿਬ੍ਰਤਾ ਧਰਮ ਵਿਚ ਪ੍ਰਪੱਕ ਰਹਿਣਾ ਚਾਹੀਦਾ ਹੈ।" ਉਸ ਇਸਤ੍ਰੀ ਨੇ ਜਾ ਕੇ ਝੱਟ ਆਪਣੇ ਪਤੀ ਦਾ ਸੀਸ ਕੱਟ ਕੇ ਭਗਤ ਜੀ ਨੂੰ ਦਿਖਾਉਣ ਲਈ ਲੈ ਆਂਦਾ ਅਤੇ ਕਿਹਾ, "ਤੂੰ ਸਿਰਫ਼ ਮੇਰੇ ਪਤੀ ਪਾਸੋਂ ਹੀ ਡਰਦਾ ਹੋਵੇਂਗਾ ! ਉਹ ਤਾਂ ਨਿਕੰਮਾ ਸੀ, ਦੇਖ ! ਮੈਂ ਉਸਨੂੰ ਮਾਰ ਦਿੱਤਾ ਹੈ, ਹੁਣ ਤੂੰ ਬੇਫ਼ਿਕਰ ਹੋ ਜਾ।" ਭਗਤ ਜੀ ਨੇ ਕਿਹਾ, "ਮੈਂ ਤਾਂ ਤੇਰੇ ਵਰਗੀ ਪਾਪਣ ਨੂੰ ਵੇਖਣਾ ਵੀ ਨਹੀਂ ਚਾਹੁੰਦਾ, ਜਾਹ ! ਚਲੀ ਜਾਹ ਮੇਰੇ ਪਾਸੋਂ।"

ਸਵੇਰ ਹੋਣ 'ਤੇ ਉਸ ਇਸਤ੍ਰੀ ਨੇ ਰੌਲਾ ਪਾ ਦਿੱਤਾ ਕਿ ਇਸ ਪੁਰਸ਼ ਨੇ ਮੇਰੇ ਪਤੀ ਦਾ ਕਤਲ ਕਰ ਦਿੱਤਾ ਹੈ ਅਤੇ ਮੈਨੂੰ ਆਪਣੇ ਨਾਲ ਲੈ ਜਾਣ ਲਈ ਕਹਿ ਰਿਹਾ ਹੈ। ਤਾਂ ਲੋਕਾਂ ਨੇ ਫੜ ਕੇ ਹਾਕਮ ਨੂੰ ਫੜਾ ਦਿੱਤਾ, ਉਸਨੇ ਕੰਧ ਵਿਚ ਚਿਣਨ ਦਾ ਹੁਕਮ ਦਿੱਤਾ। ਜਦ ਕੰਧ ਵਿਚ ਚਿਣ ਰਹੇ ਸਨ, ਤਾਂ ਭਗਤ ਜੀ ਨੇ ਇਕ ਮਨ ਹੋ ਕੇ ਪ੍ਰਮੇਸ਼ਰ ਅੱਗੇ ਬੇਨਤੀ ਕੀਤੀ, "ਮਹਾਰਾਜ ਸਾਹਿਬ ਜੀ ! ਸਹਾਇਤਾ ਕਰੋ।" ਤਾਂ ਅੱਗੋਂ ਵਾਹਿਗੁਰੂ ਨੇ ਬੇਨਤੀ ਸੁਣ ਕੇ ਕਿਹਾ, "ਪਹਿਲੇ ਜਨਮ ਦਾ ਤੇਰਾ ਕੋਈ ਕਰਮ ਹੀ ਐਸਾ ਹੈ, ਜਿਸ ਕਰਕੇ ਤੈਨੂੰ ਇਹ ਦੁਖ ਮਿਲ ਰਿਹਾ ਹੈ, ਆਪਣੇ ਕਰਮ ਦਾ ਫਲ ਭੁਗਤ ਲੈ, ਫਿਰ ਤੈਨੂੰ ਮੁਕਤ ਕਰ ਦੇਵਾਂਗੇ। ਤਾਂ ਭਗਤ ਜੀ ਨੇ ਇਸ ਪ੍ਰਕਾਰ ਬੇਨਤੀ ਕੀਤੀ :–

*'ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥*
*ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥....॥੪॥੧॥'*

[ਬਾਣੀ ਸਧਨੇ ਕੀ ਰਾਗੁ ਬਿਲਾਵਲੁ, ਅੰਗ–੮੫੮]

ਤਾਂ ਉਸੇ ਵਕਤ ਇਕ ਦਮ ਹੀ ਕੰਧ ਦਾੜ-ਦਾੜ ਕਰਦੀ ਡਿੱਗ ਪਈ, ਜਿਸਦੀਆਂ ਕੁਝ ਕੁ ਇੱਟਾਂ ਉੱਡ ਕੇ ਹਾਕਮ ਦੇ ਮੱਥੇ ਵਿਚ ਵੱਜੀਆਂ ਅਤੇ ਉਹ ਮਰ ਗਿਆ। ਇਸ

ਪਿੱਛੋਂ ਲੋਕਾਂ ਨੇ ਸਧਨਾ ਜੀ ਨੂੰ ਨਿਰੋਦਸ਼ ਜਾਣ ਕੇ ਛੱਡ ਦਿੱਤਾ।*

ਇਸ ਤਰ੍ਹਾਂ ਪ੍ਰਮੇਸ਼ਰ ਆਪਣੇ ਭਗਤਾਂ ਦੀ ਆਪ ਸਹਾਇਤਾ ਕਰਦਾ ਹੈ। ਯਥਾ :—

੧. *'ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ ॥'*

[ਆਸਾ ਮਹਲਾ ੫, ਅੰਗ—੪੫੬-੫੭]

੨. *'ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥'*

[ਆਸਾ ਮਹਲਾ ੫, ਅੰਗ—੪੦੩]

## ਤਰਣ ਤਾਰਣ ਹਰਿ ਨਿਧਿ

ਹਰੀ ਦਾ ਨਾਮ ਸੰਸਾਰ-ਸਮੁੰਦਰ ਤੋਂ ਤਾਰਨ ਵਾਸਤੇ **ਤਰਣ** = ਜਹਾਜ਼ ਦੀ ਨਿਆਈਂ ਹੈ। ਯਥਾ :—

*'ਵਾਹਿਗੁਰੂ ਨਾਮੁ ਜਹਾਜ ਹੈ ਚੜ੍ਹੇ ਸੁ ਉਤਰੈ ਪਾਰ ॥'*

[ਸ੍ਰੀ ਗੁਰਮੁਖ ਪ੍ਰਕਾਸ਼, ਅਧਿਆਇ-੪੮, ਪੰਨਾ—੮੫੦]

## ਦੂਖੁ ਨ ਸਕੈ ਬਿਆਪਿ ॥੧॥

ਨਾਮ ਜਪਣ ਵਾਲਿਆਂ ਨੂੰ ਕੋਈ ਵੀ ਦੁਖ ਨਹੀਂ **ਬਿਆਪਿ** = ਲੱਗ ਸਕਦਾ। ਕਾਮ ਆਦਿਕ ਵਿਸ਼ੇ ਰੂਪ ਜਲ ਦੀਆਂ ਇੱਛਾ ਰੂਪ ਲਹਿਰਾਂ ਦਾ ਕੋਈ ਡਰ ਨਹੀਂ ਰਹਿੰਦਾ। ਤਿੰਨਾਂ ਗੁਣਾਂ ਦੀਆਂ ਘੁੰਮਣ ਘੇਰੀਆਂ ਤੋਂ ਵੀ ਸਤਿਗੁਰੂ ਜੀ ਕਿਰਪਾ ਕਰਕੇ ਮਲਾਹ ਰੂਪ ਹੋ ਕੇ ਆਪ ਹੀ ਬਚਾ ਲੈਂਦੇ ਹਨ।

## ਸਾਧੂ ਸੰਗਿ ਭਜਹੁ ਗੁਪਾਲ ॥

ਸਾਧੂਆਂ ਦੀ ਸੰਗਤ ਵਿਚ ਮਿਲ ਕੇ **ਗੁ** = ਪ੍ਰਿਥਵੀ, ਭਾਵ ਸ੍ਰਿਸ਼ਟੀ ਦੇ **ਪਾਲ** = ਪਾਲਕ ਅਕਾਲ ਪੁਰਖ ਵਾਹਿਗੁਰੂ ਦਾ ਭਜਨ ਕਰੋ। ਸਾਧੂ ਕਿਹੜੇ ਹਨ ? ਉੱਤਰ :—

੧. *'ਸਾਧ ਨਾਮ ਨਿਰਮਲ ਤਾ ਕੇ ਕਰਮ ॥'*

[ਗਉੜੀ ਸੁਖਮਨੀ ਮਃ ੫, ਅੰਗ—੨੯੬]

੨. *'ਜਾਸੁ ਜਪਤ ਹਰਿ, ਹੋਵਹਿ ਸਾਧ ॥'* [ਗਉੜੀ ਮਹਲਾ ੫, ਅੰਗ—੨੩੬]

---

* ਵਿਸਥਾਰ ਸਹਿਤ ਇਹ ਸਾਖੀ 'ਭਗਤਮਾਲ' ਗ੍ਰੰਥ ਦੇ ੧੯੧ ਪੰਨੇ ਤੋਂ ਪੜ੍ਹੋ ਜੀ।

ਅਸਲ ਵਿਚ ਸਤਿਗੁਰੂ ਨਾਨਕ ਦੇਵ ਜੀ ਹੀ ਸਾਧ ਹਨ। ਯਥਾ :—

੧. *'ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ।'*
[ਭਾਈ ਗੁਰਦਾਸ ਜੀ, ਵਾਰ-੧, ਪਉੜੀ-੨੨]

੨. *'ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨਹੇਰਾ ॥੨॥'*
[ਰਾਗੁ ਬਿਲਾਵਲੁ ਮਹਲਾ ੫, ਅੰਗ—੮੨੭]

੩. *'ਸਾਧ ਰੂਪ ਅਪਣਾ ਤਨੁ ਧਾਰਿਆ ॥ ਮਹਾ ਅਗਨਿ ਤੇ ਆਪਿ ਉਬਾਰਿਆ ॥'*
[ਮਾਰੂ ਮਹਲਾ ੫, ਅੰਗ—੧੦੦੫]

## ਆਨ ਸੰਜਮ ਕਿਛੁ ਨ ਸੂਝੈ

**ਆਨ** = ਹੋਰ ਕੋਈ **ਸੰਜਮ** = ਉਪਾਅ ਨਹੀਂ ਸੁੱਝਦਾ।

## ਇਹ ਜਤਨ ਕਾਟਿ ਕਲਿ ਕਾਲ ॥ਰਹਾਉ॥

ਇਹ ਨਾਮ ਜਪਣ ਦਾ ਯਤਨ ਕਰਕੇ ਕਲਿਜੁਗ ਦਾ ਸਮਾਂ ਕੱਟਣਾ ਕਰੋ। ਯਥਾ :—

੧. *'ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥.....*
*ਮਨ ਗੁਤਿ ਨਾਮ ਰੇ ॥'* [ਬਸੰਤ ਮਹਲਾ ੫, ਅੰਗ—੧੧੮੫]

੨. *'ਕੂਰਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥੫॥'*
[ਮਾਰੂ ਸੋਲਹੇ ਮਹਲਾ ੫, ਅੰਗ—੧੦੭੫]

੩. *'ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥'*
[ਗਉੜੀ ਬੈਰਾਗਣਿ ਰਵਿਦਾਸ ਜੀ, ਅੰਗ—੩੪੬]

੪. *'ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥*
*ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥'*
[ਪ੍ਰਭਾਤੀ ਕਬੀਰ ਜੀ, ਅੰਗ—੧੩੪੯]

## ਆਦਿ ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ ॥

ਉਹ ਦਿਆਲੂ ਆਦਿ ਤੋਂ ਲੈ ਕੇ ਅੰਤ ਤੱਕ ਪੂਰਨ ਹੈ, ਉਸ ਤੋਂ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ।

**ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ ॥੨॥**

ਜਿਨ੍ਹਾਂ ਨੇ ਉਸ ਸੁਆਮੀ ਨੂੰ ਸਿਮਰਿਆ* ਹੈ, ਉਨ੍ਹਾਂ ਨੇ ਆਪਣਾ ਜਨਮ-ਮਰਨ ਨਵਿਰਤ ਕਰ ਲਿਆ ਹੈ। ਇਸ ਕਰਕੇ ਤੂੰ ਭੀ ਹਰੀ ਨੂੰ ਜਪਣਾ ਕਰ ॥੨॥ ਯਥਾ :—

*'ਜਪਿ ਮਨ ਗੋਬਿੰਦ ਏਕੋ ਅਵਰੁ ਨਹੀ ਕੋ ਲੇਖੈ.....'*

[ਸੂਹੀ ਮਹਲਾ ੫, ਅੰਗ—੭੪੬]

ਉਸ ਸੁਆਮੀ ਦਾ ਹਿਰਦੇ ਨਾਲ ਵੀ ਸਿਮਰਨ ਕਰੀਏ। ਕਬੀਰ ਸਾਹਿਬ ਜੀ ਇਉਂ ਫੁਰਮਾਉਂਦੇ ਹਨ :—

੧. *'ਕਹੁ ਕਬੀਰ ਜਾਨੈਗਾ ਸੋਇ ॥ ਹਿਰਦੈ ਰਾਮੁ ਮੁਖਿ ਰਾਮੈ ਹੋਇ ॥੩॥'*

[ਗਉੜੀ ਕਬੀਰ ਜੀ, ਅੰਗ—੩੨੯]

੨. *'ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ ॥*
*ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ ॥੧॥'*

[ਸੋਰਠਿ ਮਹਲਾ ੫, ਅੰਗ—੬੧੯]

੩. *'ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥'*

[ਸੋਰਠਿ ਮਹਲਾ ੫, ਅੰਗ—੬੧੧]

੪. *'ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥'*

[ਰਾਗੁ ਗੂਜਰੀ ਵਾਰ ਮਹਲਾ ੫, ਅੰਗ—੫੧੭]

**ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥**

ਚਾਰ ਵੇਦ, ਸਤਾਈ ਸਿੰਮ੍ਰਿਤੀਆਂ, ਛੇ ਸ਼ਾਸਤ੍ਰਾਂ ਦਾ ਕਥਨ ਹੈ ਅਤੇ ਭਗਤ ਲੋਕ ਭੀ ਇਸ ਵਿਚਾਰ ਨੂੰ ਪ੍ਰਗਟ ਕਰਦੇ ਹਨ ਕਿ :—

**ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥੩॥**

ਸਤਿਸੰਗਤਿ ਕਰਨ ਨਾਲ ਅਗਿਆਨ ਰੂਪ ਹਨੇਰਾ ਬਿਨਸਿ = ਨਾਸ ਹੋ ਜਾਂਦਾ ਹੈ ਅਤੇ ਮੁਕਤੀ ਪਦ ਪ੍ਰਾਪਤ ਹੁੰਦਾ ਹੈ। ਯਥਾ :—

---

* ਇਥੇ ਨਾਮ ਬਾਰੇ ਪ੍ਰਮਾਣ ਇਸ ਪੋਥੀ ਦੇ ੫੨੫ ਪੰਨੇ ਤੋਂ ਪੜ੍ਹੋ ਜੀ।

*'ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥'*
[ਨਟ ਮਹਲਾ ੪, ਅੰਗ–੯੮੧]

## ਚਰਨ ਕਮਲ ਅਧਾਰੁ ਜਨ ਕਾ

ਪ੍ਰਭੂ ਦੇ ਚਰਨ-ਕਮਲ ਹੀ ਦਾਸ ਦਾ ਆਸਰਾ ਹਨ। ਹੇ ਸਤਿਗੁਰੂ ਜੀ! ਅਸੀਂ ਜਨਾਂ ਨੇ ਆਪ ਜੀ ਦੇ ਚਰਨ ਕਮਲਾਂ ਦਾ ਆਸਰਾ ਲਿਆ ਹੈ, ਕਿਉਂਕਿ :–

੧. *'ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ ॥'*
[ਸੋਰਠਿ ਮਹਲਾ ੫, ਅੰਗ–੬੧੨]

੨. *'ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥*
*ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥'*
[ਬਿਲਾਵਲੁ ਮਹਲਾ ੫, ਅੰਗ–੮੧੦]

## ਰਾਸਿ ਪੂੰਜੀ ਏਕ ॥

ਇਕ ਪ੍ਰਭੂ ਦਾ ਸਿਮਰਨ ਹੀ ਦਾਸ ਦੀ ਰਾਸ ਅਤੇ ਪੂੰਜੀ ਹੈ, ਜਾਂ **ਰਾਸਿ** = ਸੱਚੀ ਪੂੰਜੀ ਹੈ, ਅਥਵਾ :–**ਰਾਸਿ** = ਸਚਿਆਈ ਤੇ **ਪੂੰਜੀ** = ਸ਼ਰਧਾ, ਤੇਰੇ ਇਕ ਨਾਮ ਕਰਕੇ ਹੀ ਪ੍ਰਾਪਤ ਹੁੰਦੀ ਹੈ, ਇਸ ਲਈ ਸਭ ਕੁਝ ਆਪ ਜੀ ਦਾ ਨਾਮ ਹੀ ਹੈ। ਯਥਾ :–

*'ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ ॥ ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥੧॥*
*ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥ ਤੁਮਹਿ ਛੋਡਿ ਜਾਨਉ ਨਹੀ ਦੂਜੀ ॥੨॥'*
[ਭੈਰਉ ਕਬੀਰ ਜੀ, ਅੰਗ–੧੧੫੭]

## ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥੪॥੨॥੨੦॥

ਗੁਰੂ ਜੀ ਕਥਨ ਕਰਦੇ ਹਨ ਕਿ ਤਾਣ ਤਨ ਦਾ, ਮਾਣ ਮਨ ਦਾ ਅਤੇ **ਦੀਬਾਣੁ** = ਆਸਰਾ ਸੱਚਾ ਵਾਹਿਗੁਰੂ ਹੀ ਹੈ, ਮੈਂ ਦਾਸ ਦੀ **ਟੇਕ** = ਓਟ ਭੀ ਉਹ ਇਕ ਪ੍ਰਭੂ ਹੀ ਹੈ। ਹੇ ਪ੍ਰਭੂ ਜੀ! ਜੋ ਤੁਹਾਡੀ ਓਟ ਲੈਣੀ ਹੈ, ਇਹੋ ਹੀ ਸਾਡਾ ਸਰੀਰਕ ਬਲ ਹੈ, ਸਤਿਕਾਰ ਹੈ ਅਤੇ ਇਹੋ ਹੀ ਲੋਕ-ਪ੍ਰਲੋਕ ਵਿਚ ਸੱਚਾ ਆਸਰਾ ਹੈ। ਯਥਾ :–

*'ਦੀਬਾਨੁ ਹਮਾਰੋ ਤੁਹੀ ਏਕ ॥ ਸੇਵਾ ਥਾਰੀ ਗੁਰਹਿ ਟੇਕ ॥੧॥'*
[ਗਉੜੀ ਮਹਲਾ ੫, ਅੰਗ–੨੧੦]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੩੭.

### ਧਨਾਸਰੀ ਮਹਲਾ ੫ ॥ [ਅੰਗ—੬੭੭]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

**ਉਥਾਨਕਾ** :—ਗੁਰਸਿੱਖਾਂ ਨੇ ਬੇਨਤੀ ਕੀਤੀ, "ਮਹਾਰਾਜ ਸਾਹਿਬ ਜੀ! ਕੋਈ ਕਹਿੰਦਾ ਹੈ, ਪ੍ਰਮੇਸ਼ਰ ਖੀਰ ਸਮੁੰਦਰ ਵਿਚ ਸ਼ੇਸ਼ਨਾਗ ਦੀ ਸੇਜਾ 'ਤੇ ਰਹਿੰਦਾ ਹੈ, ਕੋਈ ਕਹਿੰਦਾ ਹੈ, ਸੱਤਵੇਂ ਅਕਾਸ਼ ਵਿਚ ਰਹਿੰਦਾ ਹੈ, ਆਪ ਜੀ ਕਿਰਪਾ ਕਰਕੇ ਦੱਸੋ, ਪ੍ਰਮੇਸ਼ਰ ਕਿਥੇ ਰਹਿੰਦਾ ਹੈ?" ਤਾਂ ਹਜ਼ੂਰ ਨੇ ਇਹ ਸ਼ਬਦ ਉਚਾਰਨ ਕੀਤਾ :—

### ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥

ਜਿਥੇ-ਜਿਥੇ ਵੇਖਦੇ ਹਾਂ, ਉਥੇ ਹੀ ਨੇੜੇ ਹੈ, ਕਦੇ ਭੀ ਕਿਧਰੇ ਦੂਰ ਨਹੀਂ ਜਾਂਦਾ। ਮਨ, ਬੁੱਧ ਨੇਤ੍ਰਾਂ ਕਰਕੇ ਜਿਥੇ-ਕਿਥੇ ਦੇਖੀਏ, ਉਥੇ ਹੀ ਦਿਸਦਾ ਹੈ, ਦੂਰ ਨਹੀਂ। ਯਥਾ :—

੧. *'ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥੨॥'*
[ਮਾਰੂ ਮਹਲਾ ੫, ਅੰਗ—੧੦੦੦]

੨. *'ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ॥'*
[ਬਿਲਾਵਲ ਕੀ ਵਾਰ ਮਹਲਾ ੪, ਅੰਗ—੮੫੧]

੩. *'ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥*
*ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸਹੀ ਜੇਹਾ॥੨॥'*
[ਸੋਰਠਿ ਮਹਲਾ ੧, ਅੰਗ—੫੯੬]

੪. *'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥'*
[ਆਸਾ ਦੀ ਵਾਰ ਮਹਲਾ ੧, ਅੰਗ—੪੬੩]

੫. *'ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ,*
*ਹਰਿ ਰੂਪੁ ਨਦਰੀ ਆਇਆ॥'* [ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੨]

੬. *'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥*
*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥*
*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥੨॥'*
[ਆਸਾ ਸ੍ਰੀ ਨਾਮਦੇਵ ਜੀ, ਅੰਗ—੪੮੫]

੭. *'ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ ॥*
*ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥'*
[ਸਿਰੀ ਰਾਗੁ ਮਹਲਾ ੫, ਅੰਗ—੫੧]

੮. *'ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ ॥*
*ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ ॥'* [ਦਸਮ, ਅੰਗ—੨੬]

੯. *'ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥*
*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥'*
[ਥਿਤੀ ਗਉੜੀ ਮਹਲਾ ੫, ਅੰਗ—੨੯੬]

੧੦. *'ਸਰਬੀ ਰੰਗੀ ਰੂਪੀ ਤੂੰ ਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥'*
[ਆਸਾ ਮਹਲਾ ੧, ਅੰਗ—੩੫੫]

੧੧. *'ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥'*
[ਆਸਾ ਮਹਲਾ ੧, ਅੰਗ—੩੫੦]

ਜਦੋਂ ਮਨ, ਬੁੱਧ ਨੇਤ੍ਰਾਂ ਵਿਚ ਦਿਬ-ਦ੍ਰਿਸ਼ਟੀ ਖੁੱਲ੍ਹਦੀ ਹੈ ਤਾਂ ਸਾਰਿਆਂ ਵਿਚ ਇਕ ਬ੍ਰਹਮ ਹੀ ਪ੍ਰਤੀਤ ਹੁੰਦਾ ਹੈ। ਜਿਸ ਤਰ੍ਹਾਂ ਭਾਈ ਨੰਦ ਲਾਲ ਜੀ ਹਰ ਥਾਂ ਹੀ ਸਤਿਗੁਰੂ ਕਲਗੀਧਰ ਜੀ ਦਾ ਸਰੂਪ ਵੇਖਦਾ ਸੀ, ਦੱਸ ਰਹੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ, ਸਾਰੇ ਪਾਸੇ, ਸਾਰਿਆਂ ਵਿਚ ਸਤਿਗੁਰੂ ਸ੍ਰੀ ਗੋਬਿੰਦ ਸਿੰਘ ਜੀ ਹੀ ਹਨ :—

*'ਰੂਹ ਦਰ ਹਰ ਜਿਸਮ ਗੁਰੂ ਗੋਬਿੰਦ ਸਿੰਘ।*
*ਨੂਰ ਦਰ ਹਰ ਚਸ਼ਮ ਗੁਰੂ ਗੋਬਿੰਦ ਸਿੰਘ ॥੧੫੨॥'*
[ਅਜ਼ ਸਲਤਨਤਿ ਦਹਮ (ਗੰਜਨਾਮਾ), ਕ੍ਰਿਤ ਭਾਈ ਨੰਦ ਲਾਲ ਜੀ]

ਜਿਸ ਤਰ੍ਹਾਂ ਭਾਈ ਘਨੱਈਆ ਜੀ ਨੇ ਦੁਸ਼ਮਣਾਂ ਵਿਚ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਦਰਸ਼ਨ ਕੀਤੇ ਸਨ। ਜਦ ਸਿੰਘਾਂ ਨੇ ਸਤਿਗੁਰੂ ਜੀ ਪਾਸ ਸ਼ਿਕਾਇਤ ਕੀਤੀ ਕਿ ਭਾਈ ਘਨੱਈਆ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਈ ਜਾ ਰਿਹਾ ਹੈ। ਤਾਂ ਸਤਿਗੁਰਾਂ ਨੇ ਬੁਲਾ ਕੇ ਪੁੱਛਿਆ, ਅੱਗੋਂ ਭਾਈ ਘਨੱਈਆ ਜੀ ਨੇ ਬੇਨਤੀ ਕੀਤੀ, "ਮਹਾਰਾਜ ਸਾਹਿਬ ਜੀ! ਆਪ ਤੋਂ ਬਿਨਾਂ ਤਾਂ ਮੈਨੂੰ ਹੋਰ ਕੋਈ ਦਿਸਦਾ ਹੀ ਨਹੀਂ, ਤੁਸੀਂ ਆਪ ਹੀ ਦੱਸੋ ਕਿ ਜਦ ਤੁਸੀਂ ਮੇਰੇ ਪਾਸੋਂ ਪਾਣੀ ਮੰਗੋ ਤਾਂ ਮੈਂ ਨਾ ਦੇਵਾਂ ? ਭਾਵ ਆਪ ਜੀ ਨੂੰ ਹੀ ਮੈਂ ਪਾਣੀ ਪਿਲਾਉਂਦਾ ਹਾਂ, ਮੈਨੂੰ ਕੋਈ ਦੁਸ਼ਮਣ ਨਹੀਂ ਦਿਸਦਾ।" ਇਸ ਤਰ੍ਹਾਂ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਜ਼ਖ਼ਮਾਂ 'ਤੇ ਲਾਉਣ ਲਈ ਮਲ੍ਹਮ ਪੱਟੀ ਵੀ ਦਿੱਤੀ।

## ਸਾਖੀ : ਨੇਰੈ, ਨਾਹੀ ਦੂਰਿ ॥

ਉਜਾੜ ਵਾਲੀ ਥਾਂ 'ਤੇ ਇਕ ਮੰਦਿਰ ਵਿਚ ਬ੍ਰਾਹਮਣ ਲੋਕ ਆਰਤੀ ਕਰ ਰਹੇ ਸਨ। ਭਗਤ ਨਾਮਦੇਵ ਜੀ ਵੀ ਜਾ ਕੇ ਛੈਣੇ ਵਜਾਉਣ ਲੱਗ ਪਏ। ਪੰਡਿਤਾਂ ਨੇ ਈਰਖਾ ਕਰਕੇ ਨਾਮਦੇਵ ਜੀ ਨੂੰ ਪਾਣੀ ਲੈਣ ਵਾਸਤੇ ਇਕ ਖੂਹੀ 'ਤੇ ਭੇਜਿਆ, ਜਿਥੇ ਇਕ ਦਿਉ ਰਹਿੰਦਾ ਸੀ। ਪੰਡਿਤਾਂ ਨੇ ਸੋਚਿਆ ਕਿ ਦਿਉ ਭਗਤ ਨਾਮਦੇਵ ਜੀ ਨੂੰ ਮਾਰ ਦੇਵੇਗਾ, ਫਿਰ ਕਦੇ ਵੀ ਮੰਦਿਰ ਵਿਚ ਨਹੀਂ ਆਵੇਗਾ। ਭਗਤ ਜੀ ਗੜਵਾ ਲੈ ਕੇ ਚਲੇ ਗਏ। ਉਸ ਦਿਉ ਨੇ ਗੜਵਾ ਅਤੇ ਛੈਣੇ ਖੋਹ ਲਏ। ਭਗਤ ਨਾਮਦੇਵ ਜੀ ਨੇ ਕਿਹਾ :—

*'ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥ਰਹਾਉ॥'*

[ਭੈਰਉ ਨਾਮਦੇਵ ਜੀ, ਅੰਗ—੧੧੬੭]

ਹੇ **ਕੇ** = ਪਾਣੀ 'ਤੇ **ਸਵਾ** = ਸੈਨ ਕਰਨ ਵਾਲੇ ਪ੍ਰਮੇਸ਼ਰ! ਤੁਸੀਂ ਹੀ **ਕਲੰਦਰ** = ਦਿਉ ਦਾ ਰੂਪ ਧਾਰਿਆ ਹੈ। **ਕਰਿ ਅਬਦਾਲੀ ਭੇਸਵਾ** = ਆਪ ਜੀ ਨੇ ਹੀ ਅਬਦਾਲ* ਭੇਸ ਧਾਰਿਆ ਹੈ, ਭਾਵ ਇਹ ਛੋਟਾ ਜਿਹਾ ਰੂਪ ਧਾਰਿਆ ਹੈ, ਪਰ ਹੋ ਤਾਂ ਤੁਸੀਂ ਬਹੁਤ ਵੱਡੇ। ਯਥਾ :—

*'ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ ॥'*

[ਭੈਰਉ ਨਾਮਦੇਵ ਜੀ, ਅੰਗ—੧੧੬੭]

ਸਿਰ 'ਤੇ ਅਕਾਸ਼ ਦੀ **ਕੁਲਹ** = ਟੋਪੀ ਕੀਤੀ ਹੈ ਅਤੇ ਸੱਤ ਪਤਾਲ ਖੜਾਵਾਂ ਹਨ। ਇਸ ਤਰ੍ਹਾਂ ਵੈਰਾਟ ਸਰੂਪ ਕਥਨ ਕਰਨ ਤੋਂ ਦਿਉ ਦੇ ਰੂਪ ਵਿਚ ਪ੍ਰਮੇਸ਼ਰ ਨੇ ਦਰਸ਼ਨ ਦਿੱਤੇ, ਕਿਹਾ, "ਸਾਰੇ ਪੰਡਿਤਾਂ ਨੂੰ ਮਾਰ ਦਿਆਂ ? ਜਿਨ੍ਹਾਂ ਨੇ ਤੇਰੇ ਨਾਲ ਈਰਖਾ ਕਰਕੇ ਤੈਨੂੰ ਮਾਰਨ ਵਾਸਤੇ ਇਥੇ ਭੇਜਿਆ ਹੈ।" ਤਾਂ ਭਗਤ ਜੀ ਨੇ ਕਿਹਾ, "ਆਪ ਜੀ ਸਦਾ ਦਰਸ਼ਨ ਹੀ ਦਿੰਦੇ ਰਹੋ।"

ਭਗਤ ਨਾਮਦੇਵ ਜੀ ਦੀ ਨਿਗ੍ਹਾ ਖੁੱਲ੍ਹੀ ਹੋਈ ਸੀ। ਪੰਜ ਕੋਹ ਕੁੱਤੇ ਪਿੱਛੇ ਘਿਉ ਦਾ ਕੁੱਜਾ ਲੈ ਕੇ ਭੱਜੇ ਗਏ, ਉੱਚੀ-ਉੱਚੀ ਅਵਾਜ਼ਾਂ ਦੇ ਰਹੇ ਸਨ, "ਪ੍ਰਭੂ ਜੀ! ਰੁੱਖੀਆਂ ਨਾ ਛਕੋ, ਚੋਪੜ ਲੈਣ ਦਿਉ।"

ਇਉਂ ਉਹ ਪ੍ਰਭੂ ਸਾਰਿਆਂ ਵਿਚ ਅਨੇਕਾਂ ਰੂਪ ਹੋ ਕੇ ਮਿਲ ਰਿਹਾ ਹੈ ਅਤੇ ਸਾਰੇ ਭੋਗ ਆਪ ਹੀ ਲਾਉਂਦਾ ਹੈ। ਯਥਾ :—

---

* ਸਾਧਸੰਗਤ ਜੀ! ਅਬਦਾਲ ਚਾਰ ਮੰਨੇ ਹਨ, ਜੋ ਧਰਤੀ ਨੂੰ ਚਾਰੇ ਪਾਸਿਓਂ ਟਿਕਾ ਕੇ ਰੱਖਦੇ ਹਨ।

੧. *'ਜਤ੍ਰ ਜਾਉ ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥੧॥'*
[ਆਸਾ ਸ੍ਰੀ ਨਾਮਦੇਵ ਜੀ, ਅੰਗ—੪੮੫]

੨. *'ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ ॥*
*ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥'*
[ਸੋਰਠਿ ਸ੍ਰੀ ਰਵਿਦਾਸ ਜੀ, ਅੰਗ—੬੫੮]

ਉਹ ਪ੍ਰਮੇਸ਼ਰ ਹੱਥਾਂ-ਪੈਰਾਂ ਤੋਂ ਵੀ ਨੇੜੇ ਹੈ, ਹੱਥ-ਪੈਰ ਵੀ ਦੂਜੀ ਚੀਜ਼ ਹਨ, ਅੱਖਾਂ ਤੋਂ ਵੀ ਨੇੜੇ ਹੈ। ਜੋ ਅੱਖਾਂ ਨੂੰ ਵੀ ਪ੍ਰਕਾਸ਼ਣ ਵਾਲਾ ਹੈ, ਸਾਹ ਰਗ ਤੋਂ ਵੀ ਨੇੜੇ ਹੈ। ਯਥਾ :—

*'ਨੇਰੈ; ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥'*
[ਸੋਰਠਿ ਨਾਮਦੇਵ ਜੀ, ਅੰਗ—੬੫੭]

## ਰਵਿ ਰਹਿਆ ਸਰਬਤ੍ਰ ਮੈ

ਪ੍ਰਮੇਸ਼ਰ ਸਾਰਿਆਂ ਵਿਚ ਮਿਲ ਰਿਹਾ ਹੈ। ਯਥਾ :—

੧. *'ਮਹਲਾ ੫ ॥ ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥*
*ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥'*
[ਸਲੋਕ ਸੇਖ ਫਰੀਦ, ਅੰਗ—੧੩੮੧]

੨. *'ਜਿਮੀ ਤੁਹੀ ॥ ਜਮਾ ਤੁਹੀ ॥ ਮਕੀ ਤੁਹੀ ॥ ਮਕਾ ਤੁਹੀ ॥'* [ਦਸਮ, ਅੰਗ—੧੬]

## ਮਨ ਸਦਾ ਧਿਆਈ ॥੧॥

ਐਸੇ ਪ੍ਰਮੇਸ਼ਰ ਨੂੰ ਸਦਾ ਮਨ ਵਿਚ ਧਿਆਉਣਾ ਕਰੋ। ਯਥਾ :—

੧. *'ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥'*
[ਸੋਰਠਿ ਮਹਲਾ ੫, ਅੰਗ—੬੧੧]

੨. *'ਸੰਤਹੁ ਹਰਿ ਹਰਿ ਹਰਿ ਆਰਾਧਹੁ ॥*
*ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥'*
[ਸੋਰਠਿ ਮਹਲਾ ੫, ਅੰਗ—੬੨੭]

## ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥

ਜੋ ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਵਿੱਛੜਦਾ ਨਹੀਂ, ਅਸਲ ਵਿਚ ਉਸਨੂੰ ਹੀ ਆਪਣਾ ਸੰਗੀ ਜਾਣੀਏ।

**ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ਰਹਾਉ॥**

(ੳ) ਜੋ ਪਦਾਰਥ ਇਕ ਛਿਨ ਵਿਚ ਨਾਸ ਹੋ ਜਾਂਦੇ ਹਨ, ਉਹਨਾਂ ਪਦਾਰਥਾਂ ਦਾ **ਅਲਪ** = ਤੁੱਛ ਸੁਖ ਕਥਨ ਕਰੀਦਾ ਹੈ।

(ਅ) ਜੋ ਵਿਸ਼ੇ ਸੁਖ ਇਕ ਨਿਮਖ ਵਿਚ ਨਾਸ ਹੋ ਜਾਂਦਾ ਹੈ, ਉਸਦਾ ਤੁੱਛ ਸੁਖ ਕਥਨ ਕਰੀਦਾ ਹੈ। ਯਥਾ :—

੧. *'ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥*
*ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥*

[ਆਸਾ ਮਹਲਾ ੫, ਅੰਗ—੪੦੩]

੨. *'ਵਿਸ਼ਿਆਨੰਦ ਸੰਸਾਰ ਹੈ ਭਜਨਾਨੰਦ ਹਰਿ ਦਾਸ।*
*ਬ੍ਰਹਮਾਨੰਦ ਜੀਵਨ ਮੁਕਤ ਭਈ ਬਾਸ਼ਨਾ ਨਾਸ।੧੨।'*

[ਵਿਚਾਰਮਾਲਾ, ਅਧਿਆਇ-੮]

ਵਿਸ਼ੇ ਅਨੰਦ ਕਟੋਰੇ ਦੇ ਪਾਣੀ ਦੀ ਨਿਆਈਂ ਹੈ, ਜੋ ਜੂਠਾ ਹੋ ਜਾਂਦਾ ਹੈ, ਗਰਮੀਆਂ ਵਿਚ ਗਰਮ ਅਤੇ ਸਰਦੀਆਂ ਵਿਚ ਸਰਦ ਹੋ ਜਾਂਦਾ ਹੈ, ਡੁੱਲ੍ਹ ਵੀ ਜਾਂਦਾ ਹੈ। ਜੋ ਸਰੀਰਾਂ ਦਾ ਅਪਵਿੱਤਰ ਹੋ ਜਾਣਾ ਹੈ, ਇਹ ਪਾਣੀ ਜੂਠਾ ਹੋਣ ਦੀ ਤਰ੍ਹਾਂ ਹੈ, ਜੋ ਸਰੀਰਾਂ ਨੂੰ ਗਰਮੀ, ਸਰਦੀ ਦਾ ਰੋਗ ਲੱਗ ਜਾਣਾ ਹੈ, ਇਹ ਗਰਮ-ਸਰਦ ਹੋਣਾ ਹੈ, ਜੋ ਸਰੀਰਾਂ ਦਾ ਵਿਛੋੜਾ ਪੈ ਜਾਣਾ, ਇਹ ਪਾਣੀ ਦਾ ਡੁੱਲ੍ਹਣਾ ਹੈ। ਭਜਨ ਕਰਨ ਦਾ ਅਨੰਦ ਬਰਸਾਤੀ ਨਾਲੇ ਦੀ ਤਰ੍ਹਾਂ ਹੈ, ਜਿਨਾਂ ਚਿਰ ਵਰਖਾ ਹੁੰਦੀ ਰਹੇ, ਉਤਨਾ ਚਿਰ ਚੱਲਦਾ ਰਹਿੰਦਾ ਹੈ, ਇਸੇ ਤਰ੍ਹਾਂ ਹੀ ਜਿਤਨਾ ਚਿਰ ਭਜਨ ਕਰਦਾ ਹੈ, ਉਤਨਾ ਚਿਰ ਅਨੰਦ ਰਹਿੰਦਾ ਹੈ, ਜਦੋਂ ਬਾਣੀ ਪੜ੍ਹਣੋਂ, ਨਾਮ ਜਪਣੋਂ ਹਟ ਜਾਂਦਾ ਹੈ ਤਾਂ ਮਨ ਫਿੱਕਾ ਪੈ ਜਾਂਦਾ ਹੈ। ਬਾਣੀ ਪੜ੍ਹਦਿਆਂ, ਨਾਮ ਜਪਦਿਆਂ ਜੋ ਪ੍ਰਮੇਸ਼ਰ ਦੀ ਸਾਖਿਆਤਤਾ ਹੋਣੀ ਹੈ, ਇਸਨੂੰ ਬ੍ਰਹਮਾਨੰਦ ਕਹੀਦਾ ਹੈ, ਬ੍ਰਹਮਾਨੰਦ ਸਮੁੰਦਰ ਦੇ ਪਾਣੀ ਦੀ ਤਰ੍ਹਾਂ ਹੈ, ਜੋ ਕਦੀ ਜੂਠਾ ਨਹੀਂ ਹੁੰਦਾ, ਗਰਮ-ਸਰਦ ਨਹੀਂ ਹੁੰਦਾ ਅਤੇ ਡੁੱਲ੍ਹਦਾ ਵੀ ਨਹੀਂ, ਸਦਾ ਇਕ ਰਸ ਰਹਿੰਦਾ ਹੈ।

## ਪ੍ਰਤਿਪਾਲੈ ਅਪਿਆਉ ਦੇਇ

ਜੋ ਪ੍ਰਮੇਸ਼ਰ ਅੰਮ੍ਰਿਤ ਸਰੀਖੇ ਮਿੱਠੇ-ਮਿੱਠੇ **ਅਪਿਆਉ** = ਭੋਜਨ ਦੇ ਕੇ ਸਭ ਦੀ **ਪ੍ਰਤਿਪਾਲੈ** = ਪਾਲਣਾ ਕਰਦਾ ਹੈ। ਯਥਾ :—

੧. 'ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਧ ॥
ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥'
[ਗਉੜੀ ਸੁਖਮਨੀ ਮਃ ੫, ਅੰਗ—੨੬੬]

੨. 'ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥'
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੭]

੩. 'ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ ॥
ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥'
[ਦਸਮ, ਅੰਗ—੩੫]

੪. 'ਪੋਖਤ ਹੈ ਜਲ ਮੈ ਥਲ ਮੈ ਪਲ ਮੈ; ਕਲ ਕੇ ਨਹੀ ਕਰਮ ਬਿਚਾਰੈ ॥
ਦੀਨ ਦਇਆਲ ਦਇਆਨਿਧਿ; ਦੋਖਨ ਦੇਖਤ ਹੈ ਪਰ ਦੇਤ ਨ ਹਾਰੈ ॥'
[ਦਸਮ, ਅੰਗ—੩੪]

੫. 'ਰੋਜੀ ਹੀ ਰਾਜ ਬਿਲੋਕਤ ਰਾਜਕ ਰੋਖ ਰੂਹਾਨ ਕੀ ਰੋਜੀ ਨ ਟਾਰੈ ॥'
[ਦਸਮ, ਅੰਗ—੩੪]

੬. 'ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ ॥
ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ ॥੩॥'
[ਗਉੜੀ ਬੈਰਾਗਣਿ ਮਹਲਾ ੪, ਅੰਗ—੧੬੭]

੭. 'ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ ॥
ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ ॥੧॥
ਮੇਰੇ ਮਨ ਨਾਮ ਕੀ ਕਰਿ ਟੇਕ ॥' [ਮਾਰੂ ਮਹਲਾ ੫, ਅੰਗ—੧੦੦੭]

## ਕਛੂ ਊਨ ਨ ਹੋਈ ॥

ਜਿਸ ਪ੍ਰਮੇਸ਼ਰ ਪਾਸ ਕਿਸੇ ਪਦਾਰਥ ਦੀ ਊਨ = ਕਮੀ ਨਹੀਂ ਹੁੰਦੀ।

(ੳ) ਇਕ ਸਮੇਂ ਮੂਸੇ ਪੈਗੰਬਰ ਨੇ ਖ਼ੁਦਾ ਨੂੰ ਕਿਹਾ, "ਮਹਾਰਾਜ! ਮੈਨੂੰ ਵੀ ਕੋਈ ਸੇਵਾ ਬਖ਼ਸ਼ਿਸ਼ ਕਰੋ।" ਅੱਗੋਂ ਖ਼ੁਦਾ ਨੇ ਕਿਹਾ, "ਸਭ ਪ੍ਰਬੰਧ ਠੀਕ ਚੱਲ ਰਿਹਾ ਹੈ।" ਕਹਿਣ ਲੱਗਾ, "ਜੀ! ਜ਼ਰੂਰ ਸੇਵਾ ਬਖ਼ਸ਼ੋ, ਰੋਜ਼ੀ ਆਦਿ ਦੇਣ ਦੀ।" ਖ਼ੁਦਾ ਨੇ ਕਿਹਾ, "ਚੰਗਾ! ਇਕ ਨਗਰ ਨੂੰ ਰੋਜ਼ੀ ਦੇ, ਜੇਕਰ ਤੈਥੋਂ ਪ੍ਰਬੰਧ ਠੀਕ ਹੋਇਆ, ਤਾਂ ਮੈਂ ਹੋਰ ਸੇਵਾ-ਸੰਭਾਲ

ਦੇਵਾਂਗਾ। ਮੂਸੇ ਪੈਗੰਬਰ ਨੇ ਸਭ ਨੂੰ ਰੋਜ਼ੀ ਦੇ ਦਿੱਤੀ, ਪਰ ਸੂਰ ਨੂੰ ਨਾ ਦਿੱਤੀ। ਦੂਜੇ ਵਿਕਾਰੀ ਪੁਰਸ਼ ਨੂੰ ਨਾ ਦਿੱਤੀ, ਜੋ ਕਬਰ ਪੁੱਟ ਕੇ ਮਰੀ ਹੋਈ ਇਸਤ੍ਰੀ ਕੱਢ ਕੇ ਉਸ ਨਾਲ ਕੁਕਰਮ ਕਰ ਰਿਹਾ ਸੀ।" ਜਦੋਂ ਖ਼ੁਦਾ ਨੇ ਪੁੱਛਿਆ, "ਸਾਰਿਆਂ ਨੂੰ ਰੋਜ਼ੀ ਦੇ ਦਿੱਤੀ ਹੈ ?" ਤਾਂ ਕਿਹਾ, "ਇਕ ਸੂਰ ਨੂੰ ਅਤੇ ਦੂਸਰੇ ਵਿਕਾਰੀ ਪੁਰਸ਼ ਨੂੰ ਨਹੀਂ ਦਿੱਤੀ।" ਖ਼ੁਦਾ ਨੇ ਕਿਹਾ, "ਜੇ ਅਸੀਂ ਜੀਵਾਂ ਦੇ ਇਸ ਤਰ੍ਹਾਂ ਕੁਕਰਮ ਦੇਖਣ ਲੱਗੀਏ ਤਾਂ ਕਈ ਭੁੱਖੇ ਹੀ ਮਰ ਜਾਣ, ਆਪਣੀ ਕੀਤੀ ਦਾ ਫਲ ਆਪ ਹੀ ਭੁਗਤਣਗੇ। ਯਥਾ :—

੧. *'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੦-੭੧]

੨. *'ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ॥ ਕੋਈ ਨ ਪਕੜੀਐ ਕਿਸੈ ਥਾਇ ॥੩॥'*

[ਆਸਾ ਮਹਲਾ ੫, ਅੰਗ—੪੦੬]

ਮੂਸੇ ਨੇ ਕਿਹਾ, "ਤੁਸੀਂ ਹੋਰ ਜੀਵਾਂ ਨੂੰ ਰੋਜ਼ੀ ਦੇ ਦਿੱਤੀ ਹੈ ਕਿ ਕੋਈ ਰਹਿ ਵੀ ਗਿਆ ਹੈ ?" ਤਾਂ ਖ਼ੁਦਾ ਨੇ ਕਿਹਾ, "ਹਾਂ! ਸਭ ਨੂੰ ਦਿੱਤੀ ਹੈ।" ਮੂਸੇ ਪੈਗੰਬਰ ਨੇ ਖ਼ੁਦਾ ਦੀ ਪਰਖ ਕਰਨ ਵਾਸਤੇ ਆਪਣੀ ਸਿਰ ਦੀ ਟੋਪੀ ਵਿਚ ਇਕ ਛੋਟੀ ਜਿਹੀ ਡੱਬੀ ਵਿਚ ਜੋ ਕੀੜਾ ਪਾਇਆ ਹੋਇਆ ਸੀ। ਜਦ ਉਹ ਕੀੜਾ ਡੱਬੀ ਵਿਚੋਂ ਕੱਢ ਕੇ ਦੇਖਿਆ ਤਾਂ ਉਸਦੇ ਮੂੰਹ ਵਿਚ ਵੀ ਇਕ ਚੌਲਾਂ ਦਾ ਦਾਣਾ ਸੀ। ਦੇਖ ਕੇ ਖ਼ੁਦਾ ਦੇ ਚਰਨਾਂ 'ਤੇ ਢਹਿ ਪਿਆ।

(ਅ) ਇਸੇ ਤਰ੍ਹਾਂ ਹੀ ਧਾਰੀਵਾਲ ਨਹਿਰ 'ਤੇ ਕੁਝ ਮਜ਼ਦੂਰ ਪੱਥਰ ਚੀਰ ਰਹੇ ਸਨ। ਦਮਦਮੀ ਟਕਸਾਲ ਦੇ ੧੧ਵੇਂ ਮੁਖੀ ਸ੍ਰੀ ਮਾਨ ਸੰਤ ਬਾਬਾ ਸੁੰਦਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਤੁਰੇ ਜਾ ਰਹੇ ਸਨ। ਚੀਰਦਿਆਂ-ਚੀਰਦਿਆਂ ਇਕ ਪੱਥਰ ਵਿਚੋਂ ਸ਼ੱਕਰ ਖੋਰ ਕੀੜਾ ਨਿਕਲਿਆ, ਜਿਸਦੇ ਮੂੰਹ ਵਿਚ ਸ਼ੱਕਰ ਦੇ ਦਾਣੇ ਸਨ। ਤਾਂ ਮਹਾਪੁਰਸ਼ਾਂ ਨੇ ਗੁਰਬਾਣੀ ਦੀ ਇਹ ਪੰਗਤੀ ਪੜ੍ਹੀ :—

*'ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥'*

[ਰਾਗੁ ਗੂਜਰੀ ਮਹਲਾ ੫, ਅੰਗ—੧੦]

(ੲ) ਪਾਕਿਸਤਾਨ ਬਨਣ ਤੋਂ ਪਹਿਲਾਂ ਦੀ ਗੱਲ ਹੈ ਕਿ ਮਹਿਤੇ, ਤਕੀਏ ਵਾਲੇ ਮੁਸਲਮਾਨਾਂ ਘਰ ਇਕ ਮਿੱਟੀ ਦਾ ਤਵਾ ਸੀ, ਜਿਸ 'ਤੇ ਉਨ੍ਹਾਂ ਨੇ ਤਕਰੀਬਨ ਸੱਤ ਸਾਲ ਰੋਟੀਆਂ ਪਕਾਈਆਂ। ਜਦ ਟੁੱਟਿਆ ਤਾਂ ਵਿਚੋਂ ਇਕ ਜਿਉਂਦਾ ਕੀੜਾ ਨਿਕਲਿਆ। ਜਿਥੇ ਇਹ ਕੀੜਾ ਰਹਿੰਦਾ ਸੀ, ਉਥੋਂ ਰੋਟੀ ਕੱਚੀ ਹੀ ਰਹਿੰਦੀ ਹੁੰਦੀ ਸੀ।

**ਸਾਸਿ ਸਾਸਿ ਸੰਮ੍ਹਲਤਾ ਮੇਰਾ ਪ੍ਰਭੁ ਸੋਈ ॥੨॥**

ਉਹ ਮੇਰਾ ਪ੍ਰਭੂ ਹੀ ਸੁਾਸ-ਸੁਾਸ ਜੀਵਾਂ ਦੀ ਸੰਭਾਲ ਕਰਦਾ ਹੈ ॥੨॥

ਪ੍ਰਸ਼ਨ :—ਸਿੱਖਾਂ ਨੇ ਕਿਹਾ, "ਗੁਰੂ ਜੀ ! ਜੋ ਸੁਾਸ-ਸੁਾਸ ਜੀਵਾਂ ਨੂੰ ਸੰਭਾਲਦਾ ਹੈ, ਜੀਵਾਂ ਨਾਲ ਮਿਲ ਕੇ ਉਸਦਾ ਜੀਵਾਂ ਜੈਸਾ ਹੀ ਸੁਭਾਅ ਹੋ ਜਾਂਦਾ ਹੋਵੇਗਾ ?

ਉੱਤਰ :—ਜੀਵਾਂ ਜੈਸਾ ਸੁਭਾ ਨਹੀਂ ਹੁੰਦਾ, ਉਹ ਤਾਂ ਸੁਤੰਤਰ ਹੈ।

**ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ ॥**

ਜਿਸ ਪ੍ਰਭੂ ਦਾ **ਰੂਪੁ** = ਸਰੂਪ ਸਾਰਿਆਂ ਤੋਂ ਉੱਚਾ ਹੈ, ਉਹ ਪ੍ਰਭੂ **ਅਛਲ** = ਛਲਣ ਤੋਂ ਰਹਿਤ ਹੈ, **ਅਛੇਦ** = ਕੱਟਣੇ ਤੋਂ ਰਹਿਤ ਹੈ, ਕਿਸੇ ਭੀ ਜਾਤੀ ਦੇ ਸ਼ਸਤਰ ਉਸਨੂੰ ਕੱਟ ਨਹੀਂ ਸਕਦੇ। **ਅਪਾਰ** = ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰੇ ਹੈ।

**ਪ੍ਰਭ** = (ੳ) ਸਭ ਦਾ ਮਾਲਕ ਹੈ, ਪਰ ਉਸਦਾ ਕੋਈ ਮਾਲਕ ਨਹੀਂ। (ਅ) ਸਮੱਰਥ ਹੈ। (ੲ) ਪੰਜਾਂ ਤੱਤਾਂ ਨੂੰ ਪ੍ਰਵਿਰਤ ਕਰਨ ਵਾਲਾ ਹੈ। (ਸ) ਪੰਜਾਂ ਤੱਤਾਂ ਦਾ ਪਰਾ ਰੂਪ ਹੈ।

**ਊਚਾ ਜਾ ਕਾ ਰੂਪੁ** = ਜਿਸ ਵਾਹਿਗੁਰੂ ਦਾ ਸਰੂਪ ਸਭ ਤੋਂ ਉੱਚਾ, ਭਾਵ ਵੱਡਾ ਤੇ ਸੁੰਦਰ ਹੈ। ਵਾ :—ਜਿਸਦਾ ਸਰੂਪ ਰੂਪ ਅਸਥਾਨ ਸਭ ਤੋਂ ਉੱਚਾ ਹੈ। ਯਥਾ :—

੧. *'ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਾਹੀ ਕਿਛੁ ਪਾਰਾਵਾਰਾ ॥*
*ਕੋਟਿ ਕੋਟਿ ਕੋਟਿ ਲਖ ਧਾਵੈ ॥ ਇਕੁ ਤਿਲੁ ਤਾ ਕਾ ਮਹਲੁ ਨ ਪਾਵੈ ॥'*

[ਵਡਹੰਸ ਮਹਲਾ ੫, ਅੰਗ—੫੬੨]

੨. *'ਸੁਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥੧॥'*

[ਸੂਹੀ ਮਹਲਾ ੫, ਅੰਗ—੭੩੯]

ਪ੍ਰਸ਼ਨ :—ਜਿਸ ਤਰ੍ਹਾਂ ਕਿਸੇ ਉੱਚੇ ਮਕਾਨ ਉੱਪਰ ਚੜ੍ਹਨ ਲਈ ਪਉੜੀ ਵੀ ਉੱਚੀ ਹੀ ਚਾਹੀਦੀ ਹੈ, ਇਸੇ ਤਰ੍ਹਾਂ ਉੱਚੇ ਪ੍ਰਭੂ ਕੋਲ ਪਹੁੰਚਣ ਵਾਸਤੇ ਉੱਚੀ ਪਉੜੀ ਕਿਹੜੀ ਹੈ ?

ਉੱਤਰ :—ਨਾਮ ਰੂਪ ਉੱਚੀ ਪਉੜੀ ਹੈ। ਯਥਾ :—

*'ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥'*

[ਜਪੁਜੀ ਸਾਹਿਬ, ਅੰਗ—੫]

ਵਾ :—**ਰੂਪੁ** = ਪ੍ਰਕਾਸ਼ ਜਿਸਦਾ ਬਹੁਤ ਉੱਚਾ ਹੈ, ਸਾਰੀਆਂ ਥਾਵਾਂ ਵਿਚ ਅਤੇ ਘਟ ਜੋਤੀਆਂ ਵਿਚ ਉਸਦਾ ਹੀ ਪ੍ਰਕਾਸ਼ ਹੈ। ਯਥਾ :—

*'ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥'*

[ਧਨਾਸਰੀ ਮਹਲਾ ੧, ਅੰਗ—੧੩]

## ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ ॥੩॥

ਉਸ ਅਸਚਰਜ ਅਤੇ ਅਨੂਪ ਪ੍ਰਭੂ ਨੂੰ ਸੇਵਕ ਜਨ ਜਪ-ਜਪ ਕੇ ਅਨੰਦ ਪ੍ਰਾਪਤ ਕਰਦੇ ਹਨ ॥੩॥

## ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥

ਹੇ ਦਿਆਲੂ ਪ੍ਰਭੂ ! ਮੈਨੂੰ ਉਹ **ਮਤਿ** = ਬੁੱਧੀ ਦਿਉ, ਜਿਸ ਬੁੱਧੀ ਕਰਕੇ ਆਪ ਜੀ ਨੂੰ ਹੀ ਅਰਾਧਦਾ ਰਹਾਂ, ਭਾਵ ਐਸੀ ਆਤਮ ਵਿਸ਼ੇਣੀ ਮੱਤ ਬਖ਼ਸ਼ੋ, ਜਿਸ ਕਰਕੇ ਤੈਨੂੰ ਹੀ ਵੇਖਦੇ ਅਤੇ ਚੇਤੇ ਕਰਦੇ ਰਹੀਏ। ਯਥਾ :—

੧. *'ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥'*

[ਸੂਹੀ ਮਹਲਾ ੫, ਅੰਗ—੭੭੯]

੨. *'ਉਤਮ ਮਤਿ ਮੇਰੈ ਰਿਦੈ ਤੂੰ ਆਉ ॥*
*ਧਿਆਵਉ ਗਾਵਉ ਗੁਣ ਗੋਵਿੰਦਾ ਅਤਿ ਪ੍ਰੀਤਮ ਮੋਹਿ ਲਾਗੈ ਨਾਉ ॥੧॥'*

[ਆਸਾ ਮਹਲਾ ੫, ਅੰਗ—੩੭੭]

ਕਿਉਂਕਿ :—

੧. *'ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥*
*ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥*
*ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥'*

[ਸਾਰੰਗ ਕੀ ਵਾਰ ਮਹਲਾ ੪, ਅੰਗ—੧੨੪੫]

੨. *'ਇਹ ਨਹ ਬੁਧ ਬਹੁ ਸਾਸਤ੍ਰ ਪੜ੍ਹੇ। ਇਹ ਨਹ ਬੁਧ ਬਹੁ ਤੋੜੇ ਗੜ੍ਹੇ।*
*ਇਹ ਨਹ ਬੁਧ ਬਹੁ ਦੇਸ ਕਮਾਏ। ਇਹ ਨਹ ਬੁਧ ਬਹੁ ਲੋਕ ਰੀਝਾਏ।'*

[ਲੋਕਕ]

ਜਿਨ੍ਹਾਂ ਨੇ ਚੰਗੀ ਬੁੱਧੀ ਪ੍ਰਾਪਤ ਕਰ ਲਈ ਹੈ, ਉਹ ਇਉਂ ਕਹਿੰਦੇ ਹਨ :—

*'ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ ॥*
*ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ ॥੧੪੦॥'*

[ਸਲੋਕ ਕਬੀਰ, ਅੰਗ—੧੩੭੧]

## ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥੪॥੩॥੨੭॥

ਗੁਰੂ ਜੀ ਕਥਨ ਕਰਦੇ ਹਨ, "ਹੇ ਪ੍ਰਭੂ ! ਮੈਂ ਆਪ ਜੀ ਪਾਸੋਂ **ਸਾਧਾ** = ਸੰਤਾਂ-ਮਹਾਤਮਾਂ ਦੇ **ਪਗ** = ਚਰਨਾਂ ਦੀ **ਰੇਨ** = ਧੂੜੀ ਦਾ ਦਾਨ ਮੰਗਦਾ ਹਾਂ। ਯਥਾ :—

੧. *'ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ ॥੪॥੫॥'*
[ਗਉੜੀ ਮਹਲਾ ੫, ਅੰਗ—੧੩]

੨. *'ਡਖਣਾ ॥ ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥*
*ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥੧॥'*
[ਸਿਰੀ ਰਾਗੁ ਮਹਲਾ ੫, ਅੰਗ—੮੦]

੩. *'ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥ ਕਰਉ ਬਿਨੰਤੀ ਮਾਨੁ ਤਿਆਗਉ ॥*
*ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥੧॥'*
[ਮਾਝ ਮਹਲਾ ੫, ਅੰਗ—੯੯]

### ਸਾਖੀ : ਸੰਤਾਂ ਦੀ ਧੂੜੀ ਦਾ ਫਲ

ਇਕ ਆਦਮੀ ਨੇ ਸਾਰੀ ਉਮਰ ਮਾੜੇ ਕਰਮ ਹੀ ਕੀਤੇ, ਜੋ ਨਰਕਾਂ ਵਿਚ ਜਾਣ ਦਾ ਕਾਰਨ ਸਨ। ਪਰ ਅੰਤ ਸਮੇਂ ਸੰਗਤ ਦੇ ਚਰਨਾਂ ਦੀ ਧੂੜ ਉੱਡ ਕੇ ਉਸਦੇ ਸਰੀਰ 'ਤੇ ਪੈ ਗਈ। ਕੁਝ ਸਮਾਂ ਪਾ ਕੇ ਉਹ ਮਰ ਗਿਆ ਤਾਂ ਧਰਮਰਾਜਾ ਨੇ ਨਰਕਾਂ ਵਿਚ ਪਾ ਦਿੱਤਾ, ਸਭ ਨਰਕ ਠੰਢੇ-ਠਾਰ ਹੋ ਗਏ, ਜੀਵ ਵਿਰਲਾਪ ਕਰਨੋਂ ਹਟ ਗਏ। ਫਿਰ ਜਦ ਉਸਦੀ ਵਹੀ ਦੇਖੀ, ਜਿਸ ਵਿਚ ਚੰਗਾ-ਮੰਦਾ ਕਰਮ ਲਿਖਿਆ ਹੁੰਦਾ ਹੈ, ਕੋਈ ਚੰਗਾ ਕਰਮ ਨਾ ਨਿਕਲਿਆ। ਦੁਬਾਰਾ ਨਰਕਾਂ ਵਿਚ ਪਾਉਣ ਤੋਂ ਫਿਰ ਜੀਵ ਵਿਰਲਾਪ ਕਰਨੋਂ ਹਟ ਗਏ। ਜਦ ਅਖ਼ੀਰਲੇ ਸਮੇਂ ਦਾ ਹਿਸਾਬ ਕੀਤਾ ਤਾਂ ਪਤਾ ਲੱਗਾ ਕਿ ਸੰਤਾਂ ਦੀ ਧੂੜੀ ਪੈਣ ਤੋਂ ਇਸਨੂੰ ਇਹ ਫਲ ਮਿਲਿਆ ਹੈ।

ਅਸਲ ਵਿਚ ਸਾਧੂ ਵੀ ਉਹੀ ਹੈ, ਜਿਸਦੇ ਉੱਜਲ ਕਰਮ ਹਨ, ਕੇਵਲ ਲਿਬਾਸ ਧਾਰਨ ਨਾਲ ਸਾਧੂ ਨਹੀਂ ਬਣਿਆ ਜਾ ਸਕਦਾ। ਯਥਾ :—

*'ਸਾਧ ਨਾਮ ਨਿਰਮਲ ਤਾ ਕੇ ਕਰਮ ॥'* [ਗਉੜੀ ਸੁਖਮਨੀ ਮਃ ੫, ਅੰਗ—੨੯੬]

ਅਰਦਾਸ ਕਰੀਏ ਕਿ ਆਪਾਂ ਨੂੰ ਵੀ ਸਾਧੂ-ਸੰਤਾਂ ਦੀ ਚਰਨ-ਧੂੜੀ ਪ੍ਰਾਪਤ ਹੋਵੇ, ਸੰਗ ਪ੍ਰਾਪਤ ਹੋਵੇ, ਜਿਸ ਕਰਕੇ ਸੰਸਾਰ-ਸਮੁੰਦਰ ਤੋਂ ਤਰ ਜਾਈਏ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੩੮.

**ਧਨਾਸਰੀ ਮਹਲਾ ੫ ॥** [ਅੰਗ—੬੨੮]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

**ਉਥਾਨਕਾ** :—ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਿਥੀਚੰਦ ਦੇ ਵਿਰੋਧ ਕਰਕੇ ਜਦ ਸੁਲਹੀ ਦਾ ਆਉਣਾਂ ਸੁਣਿਆਂ ਤਾਂ ਬਾਬਾ ਬੁੱਢਾ ਸਾਹਿਬ ਜੀ ਦਾ ਬਚਨ ਪੂਰਾ ਕਰਨ ਵਾਸਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਤਿੰਨ ਕੋਹ ਵਡਾਲੀ ਸਾਹਿਬ ਜਾ ਕੇ ਨਿਵਾਸ ਕੀਤਾ। ਸ੍ਰੀ ਵਡਾਲੀ ਸਾਹਿਬ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਹੋਇਆ, ਤਿੰਨ ਸਾਲ ਤੱਕ ਉਥੇ ਹੀ ਰਹੇ। ਫਿਰ ਜਦ ਆਪ ਜੀ ਪਹਿਲੇ ਪਾਤਸ਼ਾਹ ਜੀ ਦਾ ਅਵਤਾਰ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤਿਆਰ ਕਰਵਾ ਕੇ ਅਤੇ ਸਿੱਖ-ਸੰਗਤਾਂ ਨੂੰ ਉਪਦੇਸ਼ ਦੇ ਕੇ ਵਾਪਸ ਸ੍ਰੀ ਅੰਮ੍ਰਿਤਸਰ ਆਏ ਤਾਂ ਉਸ ਵਕਤ ਆਪਣੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਪ੍ਰਤੀ ਇਹ ਸ਼ਬਦ ਉਚਾਰ ਕੇ ਵਡਾਲੀ ਸਾਹਿਬ ਤੋਂ ਬੁਲਵਾਇਆ ਸੀ :—

**ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥**

ਜਿਸ ਵਾਹਿਗੁਰੂ ਨੇ ਤੁਹਾਨੂੰ ਬਾਹਰ ਵਡਾਲੀ ਸਾਹਿਬ ਭੇਜਿਆ ਸੀ, ਹੁਣ ਤਿਸਨੇ ਹੀ ਤੁਹਾਨੂੰ ਇਥੇ ਸ੍ਰੀ ਅੰਮ੍ਰਿਤਸਰ ਸਾਹਿਬ ਬੁਲਾਇਆ ਹੈ, ਸੁਖ-ਸ਼ਾਂਤੀ ਸਹਿਤ ਆਪਣੇ ਘਰ 'ਗੁਰੂ ਕੇ ਮਹਿਲਾਂ' ਵਿਚ ਆਵੋ।

**ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥**

ਅਨੰਦ-ਦਾਇਕ ਜਿਸਦੇ ਮੰਗਲ ਹਨ, ਉਸ ਪ੍ਰਮੇਸ਼ਰ ਦੇ ਗੁਣਾਂ ਨੂੰ **ਸਹਜ ਧੁਨਿ** = ਸ਼ਾਂਤੀ ਪੂਰਬਕ, ਵਾ :—ਸਹਜੇ ਹੀ **ਧੁਨਿ** = ਬਾਣੀ ਦੁਆਰਾ ਗਾਉਣਾ ਕਰੋ ਅਤੇ ਗੁਰਤਾ ਗੱਦੀ ਦੇ ਤਖ਼ਤ ਉੱਪਰ ਇਸਥਿਤ ਹੋ ਕੇ ਅਚੱਲ ਰਾਜ ਕਮਾਉਣਾ ਕਰੋ।

**ਤੁਮ ਘਰਿ ਆਵਹੁ ਮੇਰੇ ਮੀਤ ॥**
**ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ਰਹਾਉ॥**

(ਵਾਹਿਗੁਰੂ ਦੀ ਅੰਸ ਰੂਪ ਹੋਣ ਕਰਕੇ ਆਪ ਅਸਾਡੇ ਮਿੱਤਰ ਹੋ।) ਹੇ ਮੇਰੇ ਮਿੱਤਰੋ! ਤੁਸੀ ਆਪਣੇ **ਘਰਿ** = ਗੁਰੂ ਕੇ ਮਹਿਲਾਂ ਵਿਚ ਆਉਣਾ ਕਰੋ, ਤੁਹਾਡੇ ਦੋਖੀ (ਸੁਲਹੀ ਆਦਿਕ) ਹਰੀ ਨੇ ਆਪ ਹੀ **ਨਿਵਾਰੇ** = ਦੂਰ ਕਰ ਦਿੱਤੇ ਹਨ, ਹੋਰ ਸਭ ਬਿਪਤਾ ਬਤੀਤ

ਹੋ ਗਈ ਹੈ। ਯਥਾ :—

*'ਸੁਲਹੀ ਤੇ ਨਾਰਾਇਣ ਰਾਖੁ ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥*
*ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥'*

[ਬਿਲਾਵਲੁ ਮਹਲਾ ੫, ਅੰਗ—੮੨੫]

**ਪ੍ਰਗਟ ਕੀਨੇ ਪ੍ਰਭ ਕਰਨੈਹਾਰੇ ਨਾਸਨ ਭਾਜਨ ਥਾਕੇ ॥**

ਕਰਨਹਾਰ ਪ੍ਰਭੂ ਨੇ ਜਿਥੇ-ਕਿਥੇ ਤੁਹਾਡਾ ਪ੍ਰਤਾਪ ਪ੍ਰਗਟ ਕਰ ਦਿੱਤਾ ਹੈ, ਨੱਸਣਾ-ਭੱਜਣਾ ਮੁੱਕ ਗਿਆ ਹੈ, ਨੱਸਣਾ ਚੋਰੀ ਹੁੰਦਾ ਹੈ ਤੇ ਭੱਜਣਾ ਪ੍ਰਤੱਖ ਹੁੰਦਾ ਹੈ, ਇਹ ਦੋਵੇਂ ਹੀ ਦੂਰ ਹੋ ਗਏ ਹਨ।

**ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥**

ਹੁਣ ਘਰ ਵਿਚ ਹੀ ਖ਼ੁਸ਼ੀਆਂ ਦੇ ਵਾਜੇ ਸਦਾ ਵੱਜਦੇ ਹਨ ਕਿਉਂਕਿ **ਅਪੁਨੈ ਖਸਮਿ** = ਆਪਣੇ ਮਾਲਕ ਅਕਾਲ ਪੁਰਖ ਨੇ **ਨਿਵਾਜੇ** = ਵਡਿਆਇਆ ਹੈ।

**ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥**

ਸਤਿਗੁਰਾਂ ਦੇ ਬਚਨਾਂ ਦੇ ਆਸਰੇ ਹੋ ਕੇ ਸਦਾ ਇਸਥਿਤ ਰਹੋ, ਮਤਾਂ ਡੋਲੋ! ਭਾਵ ਨਾ ਡੋਲੋ।

**ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥**

ਸਭ ਪ੍ਰਿਥਵੀ ਮੰਡਲ ਉੱਪਰ ਤੁਹਾਡਾ ਜੈ ਜੈ ਕਾਰ ਹੋ ਰਿਹਾ ਹੈ ਅਤੇ ਵਾਹਿਗੁਰੂ ਦੇ ਦਰਬਾਰ ਵਿਚ ਵੀ ਮੁਖ ਉੱਜਲਾ ਹੋਵੇਗਾ।

**ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥**

ਜਿਸ ਵਾਹਿਗੁਰੂ ਦੇ ਇਹ ਸੁਲਹੀ ਆਦਿਕ ਜੀਵ ਸਨ, ਤਿਸਨੇ ਆਪ ਹੀ ਇਵੇਂ **ਫੇਰੇ** = ਮੋੜ ਦਿੱਤੇ ਹਨ ਅਤੇ ਆਪ ਹੀ ਸਾਡਾ ਸਹਾਈ ਹੋਇਆ ਹੈ।

**ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥**

ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ, ਤਿਸ ਕਰਨਹਾਰ ਵਾਹਿਗੁਰੂ ਨੇ ਬੜੀ ਅਸਚਰਜ ਗੱਲ ਕੀਤੀ ਹੈ, ਜੋ ਸਾਨੂੰ ਸੱਚੀ ਵਡਿਆਈ ਬਖ਼ਸ਼ੀ ਹੈ।

*ਅੰਤ੍ਰੀਵ ਅਰਥ :*

**ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥**

ਹੇ ਜਗਿਆਸੂ, ਵਾ :—ਸੰਤ! ਪ੍ਰਮੇਸ਼ਰ ਨੇ ਤੈਨੂੰ ਸੰਸਾਰ ਵਿਚ ਭੇਜਿਆ ਸੀ, ਸਿਮਰਨ-ਭਜਨ ਕਰਵਾ ਕੇ ਆਪਣੇ ਸਰੂਪ ਦੀ ਪ੍ਰਾਪਤੀ ਕਰਾਉਣ ਲਈ, ਹੁਣ ਉਸੇ ਪ੍ਰਮੇਸ਼ਰ ਨੇ ਹੀ ਤੈਨੂੰ ਬੁਲਾਇਆ ਹੈ। ਜੋ ਸੁਖ ਅਤੇ ਸ਼ਾਂਤੀ ਵਾਲਾ ਸਰੂਪ ਰੂਪ ਘਰ ਹੈ, ਤੁਸੀਂ ਤਿਸ ਵਿਚ **ਆਉ** = ਆਉਣਾ ਕਰੋ।

**ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥**

ਜੋ ਪ੍ਰਮੇਸ਼ਰ ਅਨੰਦ ਸਰੂਪ ਹੈ, ਜਿਸਦਾ **ਮੰਗਲ** = ਜੱਸ ਗਾਉਣ ਕਰਕੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਜੀਵ-ਈਸ਼ ਦਾ ਭੇਦ ਮਿਟ ਜਾਂਦਾ ਹੈ, ਉਸਦੀ ਪ੍ਰਾਪਤੀ ਲਈ ਉਸਦੇ ਗੁਣ ਗਾਉ, ਜਿਹੜੇ ਗੁਣ ਸ਼ਾਂਤੀ ਵਾਲੀ ਧੁਨੀ ਪੈਦਾ ਕਰਦੇ ਹਨ, ਜਿਨ੍ਹਾਂ ਕਰਕੇ ਸਾਰੇ ਦੁਖ ਮਿਟ ਜਾਂਦੇ ਹਨ, **ਨਿਹਚਲ** = ਜੋ ਕਾਲ ਕਰਕੇ ਕਦੇ ਚਲਾਇਮਾਨ ਨਹੀਂ ਹੁੰਦਾ, ਉਸ ਅਚੱਲ ਸਰੂਪ ਦੀ ਪ੍ਰਾਪਤੀ ਰੂਪ ਰਾਜ ਕਮਾਉਣਾ ਕਰੋ, ਭਾਵ ਅਚੱਲ ਸਰੂਪ ਵਿਚ ਅਭੇਦ ਹੋਣਾ ਕਰੋ।

**ਤੁਮ ਘਰਿ ਆਵਹੁ ਮੇਰੇ ਮੀਤ ॥**

ਹੇ ਮੇਰੇ ਮਿੱਤਰ ਜਗਿਆਸੂ, ਵਾ :—ਸੰਤ! ਤੂੰ ਸਰੂਪ ਰੂਪ ਘਰ ਵਿਚ ਆਉਣਾ ਕਰ।

**ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ਰਹਾਉ॥**

ਜੋ ਤੇਰੇ ਦੋਖੀ ਕਾਮਾਦਿਕ ਸਨ, ਆਪੋ ਆਪਣੇ ਵਿਸ਼ਿਆਂ ਵੱਲ ਖਿੱਚਦੇ ਸਨ, ਜਿਵੇਂ ਇਕ ਪੁਰਖ ਨੂੰ ਪੰਜ ਦੁਸ਼ਮਣ ਆਪੋ ਆਪਣੇ ਵੱਲ ਖਿੱਚਣ ਤਾਂ ਉਹ ਕਿਵੇਂ ਬਚ ਸਕਦਾ ਹੈ। ਯਥਾ :—

*'ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥*
*ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥'**

[ਆਸਾ ਸ੍ਰੀ ਰਵਿਦਾਸ ਜੀ, ਅੰਗ—੪੮੬]

---

* ਇਸ ਪੰਗਤੀ ਦੀ ਵਿਸਥਾਰ ਸਹਿਤ ਵਿਆਖਿਆ ਇਸ ਪੋਥੀ ਦੇ ੪੯੪ ਪੰਨੇ ਤੋਂ ਪੜ੍ਹੋ ਜੀ।

ਅੱਖਾਂ ਪਰਾਇਆ ਰੂਪ ਦੇਖਣ ਵਿਚ, ਕੰਨ ਮਾੜੀਆਂ ਗੱਲਾਂ ਸੁਣਨ ਵਿਚ, ਨੱਕ ਸੁਗੰਧੀ ਲੈਣ ਵਿਚ, ਚਮੜੀ ਕੋਮਲਤਾ ਨੂੰ ਸਪਰਸ਼ ਕਰਨ ਵਿਚ, ਫਿਰ ਦੱਸੋ! ਕੋਈ ਕਿਵੇਂ ਬਚ ਸਕਦਾ ਹੈ? ਯਥਾ :—

*'ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।*
*ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।*
*ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।*
*ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।'*

[ਭਾਈ ਗੁਰਦਾਸ ਜੀ, ਵਾਰ-੨੭, ਪਉੜੀ-੯]

ਪਰ ਤੁਹਾਡੇ ਇਹ ਦੋਖੀ ਹਰੀ ਨੇ ਆਪ ਨਿਵਾਰ ਦਿੱਤੇ ਹਨ, ਸਭ **ਅਪਦਾ** = ਬਿਪਤਾ ਮਿਟ ਗਈ ਹੈ। ਕਿਉਂਕਿ :—

੧. *'ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥੭॥'*

[ਗਉੜੀ ਸੁਖਮਨੀ ਮਃ ੫, ਅੰਗ—੨੯੩]

੨. *'ਜਿਸਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥'*

[ਸੂਹੀ ਮਹਲਾ ੫, ਅੰਗ—੭੪੯]

## ਪ੍ਰਗਟ ਕੀਨੇ ਪ੍ਰਭ ਕਰਨੈਹਾਰੇ ਨਾਸਨ ਭਾਜਨ ਥਾਕੇ॥

ਕਰਨਹਾਰ ਪ੍ਰਮੇਸ਼ਰ ਨੇ ਆਪਣੇ ਭਗਤ ਗੁਪਤ ਨਹੀਂ ਰਹਿਣ ਦਿੱਤੇ, ਸੂਰਜ ਵਾਂਗ ਸਾਰੇ ਸੰਸਾਰ ਵਿਚ ਪ੍ਰਗਟ ਕਰ ਦਿੱਤੇ ਹਨ* ਅਤੇ ਨੱਸਣਾ-ਭੱਜਣਾ ਥੱਕ ਗਿਆ ਹੈ, ਭਾਵ ਜੰਮਣਾ-ਮਰਨਾ ਮੁੱਕ ਗਿਆ ਹੈ।

## ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ॥੨॥

ਜਿਨ੍ਹਾਂ ਨੂੰ ਕਿਰਪਾ ਕਰਕੇ **ਖਸਮਿ** = ਮਾਲਕ ਅਕਾਲ ਪੁਰਖ ਨੇ **ਨਿਵਾਜੇ** = ਵਡਿਆਇਆ ਹੈ, ਉਨ੍ਹਾਂ ਦੇ **ਘਰਿ** = ਹਿਰਦੇ ਵਿਚ **ਮੰਗਲ** = ਖ਼ੁਸ਼ੀਆਂ ਦੇ ਵਾਜੇ ਨਿੱਤ ਵੱਜਦੇ ਹਨ।

---

* ਜਿਵੇਂ ਭਗਤ ਕਬੀਰ ਸਾਹਿਬ, ਨਾਮਦੇਵ ਜੀ, ਰਵਿਦਾਸ ਜੀ ਆਦਿਕ ਹੁਣ ਤਕ ਪ੍ਰਗਟ ਹਨ, ਪਰ ਉਸ ਸਮੇਂ ਦੇ ਹਾਕਮਾਂ ਦਾ ਨਾਮ ਕੋਈ ਇਤਿਹਾਸ ਪੜ੍ਹਨ ਵਾਲਾ ਵਿਰਲਾ ਹੀ ਜਾਣਦਾ ਹੈ।

**ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥**

ਸਤਿਗੁਰੂ ਜੀ ਦੇ ਬਚਨਾਂ ਦਾ ਆਸਰਾ ਲੈ ਕੇ ਸਦਾ ਟਿਕਾ ਸਹਿਤ ਰਹੋ, ਫਿਰ ਕਦੇ ਡੋਲੋਗੇ ਨਹੀਂ, ਸਭ ਡੋਲਣਾ = ਭਟਕਣਾ ਮਿਟ ਜਾਵੇਗੀ।

**ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥**

ਜੇ ਸਤਿਗੁਰਾਂ ਦੇ ਚਰਨਾਂ ਦਾ ਆਸਰਾ ਲਵੋਗੇ ਤਾਂ ਫਿਰ ਤੁਹਾਡੀ ਸਾਰੇ ਸੰਸਾਰ ਵਿਚ ਜੈ ਜੈ ਕਾਰ ਹੋਵੇਗੀ ਅਤੇ ਪ੍ਰਮੇਸ਼ਰ ਦੇ ਦਰਬਾਰ ਵਿਚ ਵੀ ਮੁਖ ਉੱਜਲਾ ਹੋਵੇਗਾ।

**ਜਿਨਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥**

ਜਿਸ ਪ੍ਰਮੇਸ਼ਰ ਨੇ ਸਾਰੇ ਜੀਅ ਪੈਦਾ ਕੀਤੇ ਹਨ, ਉਸਨੇ ਹੀ ਮਨਮੁਖਾਂ ਤੋਂ **ਫੇਰੇ** = ਹਟਾ ਕੇ ਗੁਰਮੁਖ ਬਣਾ ਦਿੱਤਾ ਹੈ ਅਤੇ ਫਿਰ ਆਪ ਹੀ ਗੁਰਮੁਖ-ਪਿਆਰਿਆਂ ਦੀ ਅੰਗ-ਸੰਗ ਹੋ ਕੇ **ਸਹਾਈ** = ਸਹਾਇਤਾ ਕਰਦਾ ਹੈ।

**ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥**

ਕਰਨਹਾਰ ਪ੍ਰਮੇਸ਼ਰ ਨੇ ਆਪਣਾ ਅਸਚਰਜ ਸਰੂਪ ਆਪਣਿਆਂ ਸੇਵਕਾਂ ਸੰਤਾਂ-ਭਗਤਾਂ ਦੇ ਹਿਰਦੇ ਵਿਚ ਪ੍ਰਗਟ ਕਰ ਦਿੱਤਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ, ਇਸ ਤਰ੍ਹਾਂ ਪ੍ਰਭੂ ਨੇ ਗੁਰਮੁਖਾਂ ਨੂੰ ਸਰੂਪ ਦੀ ਪ੍ਰਾਪਤੀ ਰੂਪ ਸੱਚੀ ਵਡਿਆਈ ਬਖ਼ਸ਼ੀ ਹੈ। ਵਾ :—ਇਸ ਲਈ ਆਪਾਂ ਸਭ ਨੂੰ ਉਸ ਪ੍ਰਭੂ ਦੀ ਹੀ ਵਡਿਆਈ ਕਰਨੀ ਚਾਹੀਦੀ ਹੈ। ਯਥਾ :—

੧. *'ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥*
*ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥*
*ਵਾਹੁ ਮੇਰੇ ਸਾਹਿਬਾ ਵਾਹੁ ॥*
*ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥੧॥ਰਹਾਉ॥'*
[ਸੂਹੀ ਮਹਲਾ ੩, ਅੰਗ—੭੫੫]

੨. *'ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥*
*ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥'*
[ਗਉੜੀ ਸੁਖਮਨੀ ਮਃ ੫, ਅੰਗ—੨੮੯]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੩੯.

**ਧਨਾਸਰੀ ਮਹਲਾ ੫ ॥** [ਅੰਗ—੬੭੯]

ਸੰਗਤ ਨੇ ਬੇਨਤੀ ਕੀਤੀ, "ਆਪ ਜੀ ਕਿਰਪਾ ਕਰਕੇ ਸੂਰਮੇ ਦੇ ਲੱਛਣ ਦੱਸੋ ?" ਤਾਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਨਾਸਰੀ ਰਾਗਣੀ ਵਿਚ ਇਹ ਸ਼ਬਦ ਉਚਾਰਿਆ :—

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**

ਇਸ ਕਲਿਜੁਗ ਵਿਚ **ਜਾ ਕਉ** = ਜਿਸਨੂੰ ਹਰੀ ਨਾਲ **ਰੰਗੁ** = ਪ੍ਰੇਮ **ਲਾਗੋ** = ਲੱਗਾ ਹੈ, ਉਹ **ਸੂਰਾ** = ਸੂਰਬੀਰ **ਕਹੀਅਤ** = ਕਿਹਾ ਜਾਂਦਾ ਹੈ। ਜਿਸ ਕਲਿਜੁਗ ਵਿਚ :—

੧. *'ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥'*

[ਆਸਾ ਦੀ ਵਾਰ ਮਹਲਾ ੧, ਅੰਗ—੪੬੮]

੨. *'ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੦]

੩. *'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥'*

[ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਅੰਗ—੧੪੫]

੪. *'ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥'*

[ਵਾਰ ਮਲਾਰ ਕੀ, ਸਲੋਕ ਮਃ ੨, ਅੰਗ—੧੨੮੮]

੫. *'ਕਲਿਜੁਗਿ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ।*
*ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨ ਠੌਰ ਨ ਥਾਈ।'*

[ਭਾਈ ਗੁਰਦਾਸ ਜੀ, ਵਾਰ-੧, ਪਉੜੀ-੧੬]

ਐਸੇ ਕਲਿਜੁਗ ਦੇ ਸਮੇਂ ਵਿਚ ਜਿਸਨੂੰ ਹਰੀ-ਪ੍ਰਮੇਸ਼ਰ ਦਾ ਪ੍ਰੇਮ ਪ੍ਰਾਪਤ ਹੋਇਆ ਹੈ, ਉਹੀ ਸੂਰਮਾ ਕਿਹਾ ਜਾਂਦਾ ਹੈ।

ਸੂਰਮੇ ਤਿੰਨ ਤਰ੍ਹਾਂ ਦੇ ਮੰਨੇ ਹਨ; ਰਥੀ, ਮਹਾਂਰਥੀ ਅਤੇ ਅਤਿਰਥੀ। ਰਥੀ ਸੂਰਮਾ ਉਹ ਹੁੰਦਾ ਹੈ, ਜੋ ਬਰਾਬਰ ਦੇ ਨਾਲ ਮੁਕਾਬਲਾ ਕਰੇ। ਮਹਾਂਰਥੀ ਸੂਰਮਾ ਉਹ ਹੁੰਦਾ ਹੈ, ਜੋ ਦਸ ਸੌ ਨਾਲ ਮੁਕਾਬਲਾ ਕਰੇ। ਅਤਿਰਥੀ ਸੂਰਮਾ ਉਹ ਹੁੰਦਾ ਹੈ, ਜੋ ਅਨਗਿਣਤਾਂ ਨਾਲ

ਮੁਕਾਬਲਾ ਕਰੇ।

ਬਹੁਤੇ ਲੋਕ ਲੜਾਈ ਕਰਨ ਨੂੰ ਹੀ ਸੂਰਮਤਾਈ ਕਹਿੰਦੇ ਹਨ, ਦੋ ਚਾਰ ਨੂੰ ਕੁੱਟ ਦੇਣਾ, ਇਹ ਕਿਹੜੀ ਸੂਰਮਤਾਈ ਹੈ ? ਜੇਲ੍ਹਾਂ ਵਿਚ ਜਾ ਕੇ ਇਸ ਸੰਸਾਰ ਅੰਦਰ ਵੀ ਦੁਖ ਸਹਾਰਨੇ ਪੈਂਦੇ ਹਨ ਅਤੇ ਫਿਰ ਪ੍ਰਲੋਕ ਵਿਚ ਵੀ ਦੁਖ ਸਹਾਰਨੇ ਪੈਂਦੇ ਹਨ।

ਜੋ ਆਪਣੇ ਸਰੀਰ ਨੂੰ ਕੁਸੰਗਤ ਵੱਲੋਂ ਬਚਾ ਕੇ ਰੱਖੇ, ਉਹ ਰਥੀ ਸੂਰਮਾ ਹੈ, ਜੋ ਆਪਣੀਆਂ ਦਸਾਂ ਇੰਦ੍ਰੀਆਂ (ਪੰਜ ਕਰਮ ਇੰਦ੍ਰੀਆਂ ਅਤੇ ਪੰਜ ਗਿਆਨ ਇੰਦ੍ਰੀਆਂ) ਨੂੰ ਆਪਣੇ ਵੱਸ ਵਿਚ ਰਖੇ, ਭਾਵ ਮਰਿਆਦਾ ਵਿਚ ਚਲਾਵੇ ਉਹ ਮਹਾਂਰਥੀ ਸੂਰਮਾ ਹੈ, ਜੋ ਮਨ ਨੂੰ ਆਪਣੇ ਵੱਸ ਵਿਚ ਰਖੇ ਉਹ ਅਤਿਰਥੀ ਸੂਰਮਾ ਹੈ। ਯਥਾ :—

*'.....ਮਨਿ ਜੀਤੈ ਜਗੁ ਜੀਤੁ ॥'* [ਜਪੁਜੀ ਸਾਹਿਬ, ਅੰਗ—੬]

ਪਰ ਮਨ ਵੱਸ ਵਿਚ ਆਉਣਾ ਬੜੀ ਔਖੀ ਗੱਲ ਹੈ, ਵਾਹਿਗੁਰੂ ਦੀ ਕਿਰਪਾ ਨਾਲ ਹੀ ਮਨ ਵੱਸ ਵਿਚ ਆਉਂਦਾ ਹੈ।

ਅਥਵਾ :—ਸ੍ਰਵਣ ਕਰਨ ਵਾਲਾ ਰਥੀ ਸੂਰਮਾ ਹੈ, ਜਿਹੜਾ ਸਦਾ ਹੀ ਗੁਰਬਾਣੀ ਦਾ ਪਾਠ, ਕੀਰਤਨ ਤੇ ਕਥਾ ਪ੍ਰੇਮ ਸਹਿਤ ਸ੍ਰਵਣ ਕਰਦਾ ਹੈ। ਮੰਨਣ ਕਰਨ ਵਾਲਾ ਮਹਾਂਰਥੀ ਸੂਰਮਾ ਹੁੰਦਾ ਹੈ, ਜੋ ਸਤਿਗੁਰਾਂ ਵੱਲੋਂ ਦਿੱਤਾ ਉਪਦੇਸ਼ ਸ੍ਰਵਣ ਕਰਕੇ ਦ੍ਰਿੜ੍ਹ ਕਰਦਾ ਹੈ। ਨਿਧਿਆਸਣ (ਕਮਾਈ) ਕਰਨ ਵਾਲਾ ਅਤਿਰਥੀ ਸੂਰਮਾ ਕਿਹਾ ਜਾਂਦਾ ਹੈ।

ਚਮਕੌਰ ਦੀ ਗੜ੍ਹੀ ਵਿਚ ਸਤਿਗੁਰੂ ਜੀ ਨੂੰ ੧੯ ਲੱਖ ਵੈਰੀ ਦਲ ਨੇ ਘੇਰਾ ਪਾਇਆ, ਜਿਸ ਵਿਚ ੯ ਲੱਖ ਫ਼ੌਜ ਉਹ ਸੀ, ਜਿਸਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਸੀ, ਪਹਾੜੀ ਰਾਜਿਆਂ ਦੀ, ਸੂਬਿਆਂ ਦੀ, ਲੁਟੇਰਿਆਂ ਦੀ ਅਤੇ ਦਸ ਲੱਖ ਦਿੱਲੀ ਤੋਂ ਆਈ ਨਵੀਂ ਫ਼ੌਜ ਸੀ। ਸਤਿਗੁਰੂ ਕਲਗੀਧਰ ਜੀ ਔਰੰਗਜ਼ੇਬ ਨੂੰ ਜ਼ਫ਼ਰਨਾਮੇ ਵਿਚ ਲਿਖਦੇ ਹਨ :—

*"ਚਮਕੌਰ ਦੀ ਗੜ੍ਹੀ ਵਿਚ ਸਾਡੇ ਨਾਲ ਚਾਲੀ ਸਿੰਘ ਸਨ, ਪਰ ਉਹ ਵੀ ਕਈ ਦਿਨਾਂ ਦੇ ਭੁੱਖੇ ਅਤੇ ਥੱਕੇ ਹੋਏ ਸਨ, ਤੇਰੀ ਦਸ ਲੱਖ ਫ਼ੌਜ ਦਾ ਜਰਨੈਲ ਖ਼ੁਆਜਾ ਮਰਦੂਦ ਸਾਡੇ ਤੀਰਾਂ ਦੀ ਤਾਬ ਨਾ ਝੱਲਦਾ ਹੋਇਆ ਕੱਚੀ ਗੜ੍ਹੀ ਦੇ ਉਹਲੇ ਲੁਕ ਕੇ ਆਪਣੀ ਜਾਨ ਬਚਾਉਂਦਾ ਰਿਹਾ। ਹਾਂ ! ਤੇਰਾ ਇਕ ਨਾਹਰ ਖ਼ਾਂ ਸੂਰਮਾ ਦੇਖਿਆ ਸੀ, ਜੋ ਸਾਡੇ ਨਾਲ ਸਾਹਮਣੇ ਮੱਥੇ ਲੜਨ ਆਇਆ ਸੀ ਤਾਂ ਉਸਨੂੰ ਅਸੀਂ ਇਕ ਤੀਰ ਮਾਰ ਕੇ ਸਦਾ ਦੀ ਨੀਂਦੇ ਸੁਆਂ ਦਿੱਤਾ। ਇਸ ਤਰ੍ਹਾਂ ਤੇਰੀ ਇਤਨੀ ਸੈਨਾ ਸਾਡਾ ਵਾਲ ਵੀ ਵਿੰਗਾ ਨਾ ਕਰ ਸਕੀ, ਅਕਾਲ ਪੁਰਖ ਨੇ ਸਾਡੀ ਰੱਖਿਆ ਕੀਤੀ।"*

ਇਸ ਤਰ੍ਹਾਂ ਸਤਿਗੁਰੂ ਜੀ ਆਪ ਹੀ ਅਤਿਰਥੀ ਸੂਰਮੇ ਹਨ ਅਤੇ ਜਿਨ੍ਹਾਂ 'ਤੇ ਆਪਣੀ ਕਿਰਪਾ-ਦ੍ਰਿਸ਼ਟੀ ਕਰ ਦਿੰਦੇ ਹਨ, ਉਹਨਾਂ ਨੂੰ ਵੀ ਅਤਿਰਥੀ ਸੂਰਮੇ ਬਣਾ ਦਿੰਦੇ ਹਨ, ਜਿਵੇਂ ਕਿ ਸਤਿਗੁਰਾਂ ਨੇ ਸਾਹਿਬਜ਼ਾਦਿਆਂ ਨੂੰ ਅਤੇ ਹੋਰ ਅਨੇਕਾਂ ਸਿੰਘਾਂ ਨੂੰ ਅਤਿਰਥੀ ਸੂਰਮੇ ਬਣਾਇਆ।

ਚਮਕੌਰ ਦੀ ਗੜ੍ਹੀ ਵਿਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਨੂੰ ਸਤਿਗੁਰਾਂ ਨੇ ਆਪਣੇ ਹੱਥੀਂ ਸ਼ਸਤਰ-ਬਸਤਰ ਸਜਾ ਕੇ ਕਮਰਕੱਸਾ ਕਰਕੇ ਖ਼ੁਸ਼ੀ ਨਾਲ ਥਾਪੜਾ ਦੇ ਕੇ ਮੈਦਾਨੇ ਜੰਗ ਵਿਚ ਭੇਜਿਆ। ਸਤਿਗੁਰਾਂ ਦੀ ਮਿਹਰ ਭਰੀ ਨਿਗ੍ਹਾ ਕਰਕੇ ਸਾਹਿਬਜ਼ਾਦਿਆਂ ਨੇ ਜਾਂਦਿਆਂ ਸਾਰ ਹੀ ਵੈਰੀ ਦਲ ਨੂੰ ਭਾਜੜਾਂ ਪਾ ਦਿੱਤੀਆਂ, ਡਟ ਕੇ ਮੁਕਾਬਲਾ ਕੀਤਾ, ਅਨਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਫਿਰ ਸ਼ਹੀਦੀਆਂ ਪ੍ਰਾਪਤ ਕੀਤੀਆਂ। ਪੰਜ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਜੀ ਨੇ ਸਤਿਗੁਰਾਂ ਦੀ ਕਿਰਪਾ ਸਦਕਾ ਅਨਗਿਣਤ ਦੁਸ਼ਮਣਾਂ ਨੂੰ ਤਲਵਾਰ ਦੇ ਘਾਟ ਉਤਾਰ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸ ਤਰ੍ਹਾਂ ਹੋਰ ਵੀ ਜਿਨ੍ਹਾਂ 'ਤੇ ਸਤਿਗੁਰਾਂ ਜੀ ਕਿਰਪਾ-ਦ੍ਰਿਸ਼ਟੀ ਕਰਦੇ ਹਨ, ਅਤਿਰਥੀ ਸੂਰਮੇ ਬਣਾ ਦਿੰਦੇ ਹਨ।

ਜਿਸਨੂੰ ਪ੍ਰਮੇਸ਼ਰ ਦਾ **ਰੰਗੁ** = ਪ੍ਰੇਮ ਲੱਗ ਜਾਂਦਾ ਹੈ, ਉਸਦੀ ਐਸੀ ਅਵਸਥਾ ਬਣ ਜਾਂਦੀ ਹੈ; ਜੈਸੀ ਕਿ ਬਾਬਾ ਦੀਪ ਸਿੰਘ ਜੀ ਸ਼ਹੀਦ ਧੜ ਨਾਲੋਂ ਸੀਸ ਅਲੱਗ ਹੋਣ ਤੋਂ ਵੀ ਤਿੰਨ ਕੋਹ ਲੜਦੇ ਆਏ, ਵੈਰੀਆਂ ਨੂੰ ਭਾਜੜਾਂ ਪਾਈਆਂ ਸਨ। ਭਾਈ ਮਨੀ ਸਿੰਘ ਜੀ ਦੇ ਗੁੱਟ 'ਤੇ ਜਲਾਦ ਟੋਕਾ ਮਾਰਨ ਲੱਗਾ ਤਾਂ ਭਾਈ ਸਾਹਿਬ ਨੇ ਕਿਹਾ, "ਤੁਹਾਡੇ ਮਾਲਕ ਦਾ ਕੀ ਹੁਕਮ ਹੈ ?" ਕਿਹਾ, "ਬੰਦ-ਬੰਦ ਕੱਟਣ ਦਾ।" ਤਾਂ ਭਾਈ ਮਨੀ ਸਿੰਘ ਜੀ ਨੇ ਆਪ ਕਹਿ ਕੇ ਇਕ-ਇਕ ਉਂਗਲ ਦੇ ਤਿੰਨ-ਤਿੰਨ ਟੋਟੇ ਕਰਵਾਏ। ਜਿਵੇਂ ਕੋਈ ਕੱਪੜਾ ਕਟਵਾਉਂਦਾ ਹੈ, ਭਾਈ ਸਾਹਿਬ ਜੀ ਇਸੇ ਤਰ੍ਹਾਂ ਕਹਿ ਕੇ ਆਪ ਆਪਣੇ ਸਰੀਰ ਦਾ ਬੰਦ-ਬੰਦ ਕਟਵਾ ਰਹੇ ਹਨ। ਜ਼ਕਰੀਆ ਖ਼ਾਨ ਸੂਬੇ ਨੇ ਭਾਈ ਸਾਹਿਬ ਦੇ ਚਿਹਰੇ ਦਾ ਜਲਾਲ ਦੇਖਿਆ ਕਿ ਤਪਾਏ ਹੋਏ ਸੋਨੇ ਵਾਂਗ ਡਲ੍ਹਕਾਂ ਮਾਰ ਰਿਹਾ ਹੈ, ਵੇਖ ਕੇ ਹੈਰਾਨ ਹੋ ਗਿਆ। ਅੱਠ ਅਸਟਪਦੀਆਂ ਸ੍ਰੀ ਸੁਖਮਨੀ ਸਾਹਿਬ ਜੀ ਦੀਆਂ ਸੰਪੂਰਨ ਹੋਣ ਤੱਕ ਸਰੀਰ ਟੋਟੇ-ਟੋਟੇ ਹੋ ਗਿਆ, ਪਰ ਟੋਟਿਆਂ ਵਿਚੋਂ ਇਕ ਰਸ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਪੜ੍ਹ ਕੇ ਅਤੇ ਫ਼ਤਹਿ ਬੁਲਾ ਕੇ ਫਿਰ ਸਰੀਰ ਸ਼ਾਂਤ ਕੀਤਾ। ਇਸੇ ਤਰ੍ਹਾਂ ਭਾਈ ਮਤੀ ਦਾਸ ਦੇ ਸਰੀਰ 'ਤੇ ਜਦੋਂ ਆਰਾ ਚਲਾਉਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਅਰੰਭ ਕਰ ਲਿਆ, ਜਦ 'ਪੰਚ ਪਰਵਾਣ' ਤੱਕ ਪਾਠ ਆਇਆ ਤਾਂ ਸਰੀਰ ਦੋ ਫਾੜ ਹੋ ਗਿਆ,

ਦੋਹਾਂ ਫਾੜਿਆਂ ਵਿਚੋਂ ਇਸ ਤਰ੍ਹਾਂ ਇਕ ਰਸ ਪਾਠ ਸੁਣਾਈ ਦੇ ਰਿਹਾ ਹੈ, ਜਿਸ ਤਰ੍ਹਾਂ ਦੋ ਗ੍ਰੰਥੀ ਸਿੰਘ ਮਿਲ ਕੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਉਂਦੇ ਹਨ, ਸਾਰਾ ਪਾਠ ਸੰਪੂਰਨ ਕਰਕੇ, ਫਿਰ ਫ਼ਤਹਿ ਬੁਲਾ ਕੇ ਭਾਈ ਸਾਹਿਬ ਸਚਖੰਡ ਗਏ ਸਨ। ਇਸ ਤਰ੍ਹਾਂ ਜਿੰਨ੍ਹਾਂ ਨੂੰ ਸੱਚੇ ਦਿਲੋਂ ਪ੍ਰਮੇਸ਼ਰ ਦਾ **ਰੰਗੁ** = ਪ੍ਰੇਮ ਲੱਗਾ ਹੈ, ਉਹੀ ਸੂਰਮੇ ਹਨ।

## ਸਾਖੀ : ਪਰਉਪਕਾਰੀ ਸੰਤਾਂ ਦੀ

ਇਕ ਸ਼ਾਹੂਕਾਰ ਦੇ ਨਿਉਂਦਾ ਦੇਣ 'ਤੇ ਇਕ ਪੂਰਨ ਸੰਤ ਉਸਦੇ ਘਰ ਪ੍ਰਸ਼ਾਦਾ ਛਕਣ ਗਏ। ਸ਼ਾਹੂਕਾਰ ਦਾ ਇਕ ਬੜਾ ਹੋਣਹਾਰ ਲੜਕਾ ਸੀ, ਸੰਤਾਂ ਨੇ ਸ਼ਾਹੂਕਾਰ ਕੋਲੋਂ ਉਹ ਲੜਕਾ ਮੰਗਿਆ ਕਿ ਸਾਨੂੰ ਦੇ ਦਿਉ, ਅਸੀਂ ਇਸਨੂੰ ਬ੍ਰਹਮ ਵਿਦਿਆ ਪੜ੍ਹਾ ਦੇਈਏ, ਸ਼ਾਹੂਕਾਰ ਨੇ ਸਤਿ ਬਚਨ ਕਹਿ ਕੇ ਦੇ ਦਿੱਤਾ। ਜਦੋਂ ਉਹ ਲੜਕਾ ਬਹੁਤ ਸਾਰੀ ਵਿਦਿਆ ਪੜ੍ਹ ਗਿਆ ਤਾਂ ਇਕ ਚੁਗਲ ਨੇ ਸ਼ਾਹੂਕਾਰ ਪਾਸ ਜਾ ਕੇ ਚੁਗਲੀ ਕੀਤੀ ਕਿ ਤੇਰਾ ਮੁੰਡਾ ਸਾਧ ਨੇ ਵਿਗਾੜ ਦਿੱਤਾ ਹੈ, ਘਰ ਦੇ ਕੰਮਾਂ ਤੋਂ ਵਿਹਲਾ ਫਿਰਦਾ ਰਹੇਗਾ, ਸਾਧਾਂ ਨਾਲ ਹੀ ਰਲ ਜਾਵੇਗਾ। ਸ਼ਾਹੂਕਾਰ ਨੇ ਕਿਹਾ, "ਮੈਂ ਤਾਂ ਸੰਤਾਂ ਦੀ ਭੇਟਾ ਕਰ ਚੁੱਕਾ ਹਾਂ, ਹੁਣ ਮੈਂ ਕਿਵੇਂ ਲੈ ਸਕਦਾ ਹਾਂ?" ਚੁਗਲ ਨੇ ਸ਼ਾਹੂਕਾਰ ਨੂੰ ਕਿਹਾ, "ਮੈਂ ਤੈਨੂੰ ਜੁਗਤੀ ਦੱਸਦਾ ਹਾਂ, ਤੂੰ ਸੰਤਾਂ ਕੋਲੋਂ ਲਾਲ ਮੰਗ ਲੈ, ਜੇਕਰ ਨਹੀਂ ਦੇਣਗੇ ਤਾਂ ਮੁੰਡਾ ਲੈ ਆਵੀਂ।" ਸੰਤਾਂ ਨੂੰ ਸ਼ਾਹੂਕਾਰ ਨੇ ਕਿਹਾ, "ਜੀ! ਲਾਲ ਦਿਉ।" ਸੰਤਾਂ ਨੇ ਕਿਹਾ, "ਮਿਲ ਜਾਵੇਗਾ।" ਜਦ ਸੰਤ ਬਾਹਰ ਫਿਰਨ-ਤੁਰਨ ਗਏ ਤਾਂ ਇਕ ਥਾਂ ਤੋਂ ਲਾਲਾਂ ਦੀ ਮੱਘੀ ਲੱਭੀ, ਲਿਆ ਕੇ ਸ਼ਾਹੂਕਾਰ ਨੂੰ ਕਿਹਾ, "ਜਿਤਨੇ ਮਰਜ਼ੀ ਹੈ ਲੈ-ਲੈ, ਪਰ ਲੜਕੇ ਨੂੰ ਹੋਰ ਬ੍ਰਹਮ ਵਿਦਿਆ ਪੜ੍ਹ ਲੈਣ ਦੇ, ਫਿਰ ਇਸਨੇ ਤੇਰੇ ਪਾਸ ਹੀ ਰਹਿਣਾ ਹੈ।" ਸ਼ਾਹੂਕਾਰ ਲਾਲਾਂ ਦੀ ਮੱਘੀ ਲੈ ਕੇ ਘਰ ਆ ਗਿਆ।

ਉਸੇ ਚੁਗਲ ਨੇ ਫਿਰ ਸ਼ਾਹੂਕਾਰ ਨੂੰ ਕਿਹਾ, "ਤੂੰ ਤਾਂ ਆਪਣਾ ਮੁੰਡਾ ਵੇਚ ਆਇਆ ਹੈਂ, ਹੁਣ ਤੇਰਾ ਕੋਈ ਵੱਸ ਨਹੀਂ ਚੱਲੇਗਾ, ਜ਼ਰੂਰ ਹੀ ਤੇਰਾ ਮੁੰਡਾ ਸਾਧ ਬਣ ਜਾਵੇਗਾ। ਸ਼ਾਹੂਕਾਰ ਨੇ ਪੁੱਛਿਆ, "ਕੋਈ ਹੋਰ ਉਪਾਅ ਦੱਸ, ਜਿਸ ਕਰਕੇ ਮੇਰਾ ਲੜਕਾ ਘਰ ਆ ਜਾਵੇ।" ਤਾਂ ਚੁਗਲ ਨੇ ਕਿਹਾ, "ਤੂੰ ਸਾਧ ਨੂੰ ਨਿਉਂਦਾ ਛਕਾਉਣ ਦੇ ਬਹਾਨੇ ਘਰ ਸੱਦ ਕੇ ਮਾਰ ਦੇ ਅਤੇ ਫਿਰ ਘਰ ਵਿਚ ਹੀ ਟੋਆ ਪੁੱਟ ਕੇ ਦੱਬ ਦੇਈਂ।" ਸ਼ਾਹੂਕਾਰ ਨੇ ਇਸੇ ਤਰ੍ਹਾਂ ਹੀ ਕੀਤਾ, ਪਰ ਦੱਬਿਆ ਨਾ, ਕਸਾਈ ਪਾਸ ਵੇਚ ਦਿੱਤਾ। ਕਸਾਈ ਪਾਸ ਇਕ ਪਾਈਆ ਮਾਸ ਹੀ ਰਹਿ ਗਿਆ, ਬਾਕੀ ਵਿਕ ਗਿਆ। ਇਕ ਸਿਪਾਹੀ ਜੋ ਹਰ ਰੋਜ਼ ਇਕ ਸੇਰ ਮਾਸ ਦਾ ਗਾਹਕ ਸੀ, ਕਸਾਈ ਪਾਸ ਮਾਸ ਲੈਣ ਵਾਸਤੇ ਆਇਆ ਤਾਂ ਕਸਾਈ ਨੇ

ਕਿਹਾ, "ਇਕ ਪਾਈਆ ਹੀ ਰਹਿ ਗਿਆ ਹੈ, ਇਹ ਲੈ ਜਾਹ! ਤਾਂ ਸਿਪਾਹੀ ਨੇ ਕਿਹਾ, "ਇਕ ਸੇਰ ਹੀ ਚਾਹੀਦਾ ਹੈ।" ਕਸਾਈ ਨੇ ਕਿਹਾ, "ਸੇਰ ਨਹੀਂ ਘੱਟ ਹੈ।" ਤਾਂ ਵਾਹਿਗੁਰੂ ਦੀ ਐਸੀ ਨੇਤ ਹੋਈ ਕਿ ਉਸ ਪਾਈਏ ਕੁ ਮਾਸ ਵਿਚੋਂ ਅਵਾਜ਼ ਆਈ ਸੰਤ ਪੂਰੇ ਸੇਰ ਹੀ ਹੁੰਦੇ ਹਨ, ਘੱਟ ਨਹੀਂ। ਸਿਪਾਹੀ ਬੜਾ ਹੈਰਾਨ ਹੋਇਆ ਤੇ ਪੁੱਛਿਆ, "ਤੁਸੀਂ ਜਿਉਂਦੇ ਵੀ ਹੋ ਸਕਦੇ ਹੋ ਕਿ ਨਹੀਂ?" ਅੱਗੋਂ ਅਵਾਜ਼ ਆਈ ਕਿ ਸਾਡਾ ਕੀ ਵਿਗੜਿਆ ਹੈ! ਕੱਪੜਾ ਪਾ ਕੇ 'ਵਾਹਿਗੁਰੂ' ਕਹਿ ਕੇ ਉੱਪਰ ਪਾਣੀ ਦਾ ਛਿੱਟਾ ਦਿਉ। ਇਵੇਂ ਹੀ ਕੀਤਾ ਗਿਆ, ਤਾਂ ਸੰਤ ਝੱਟ ਹੀ ਜਿਉਂਦੇ ਹੋ ਕੇ ਵਾਹਿਗੁਰੂ-ਵਾਹਿਗੁਰੂ ਕਹਿੰਦੇ ਉੱਠ ਕੇ ਬੈਠ ਗਏ। ਸਿਪਾਹੀ ਦੇ ਪੁੱਛਣ ਤੋਂ ਸਾਰੀ ਵਾਰਤਾ ਦੱਸੀ।

ਉਸ ਸ਼ਾਹੂਕਾਰ ਨੂੰ ਰਾਜੇ ਪਾਸ ਮੁਸ਼ਕਾਂ ਦੇ ਕੇ ਲਿਆਂਦਾ ਗਿਆ। ਰਾਜੇ ਨੇ ਕਿਹਾ, "ਸੰਤ ਜੀ! ਆਪ ਜੀ ਹੀ ਇਸਨੂੰ ਦੰਡ ਦਿਉ।" ਤਾਂ ਸੰਤਾਂ ਨੇ ਕਿਹਾ, "ਜੇਕਰ ਮੇਰੀ ਮੰਨਦੇ ਹੋ ਤਾਂ ਇਸਨੂੰ ਇਕ ਪਿੰਡ ਦੇ ਦਿਉ।" ਰਾਜਾ ਹੈਰਾਨ ਹੋ ਕੇ ਕਹਿਣ ਲੱਗਾ, "ਤੁਸੀਂ ਇਸਨੂੰ ਦੰਡ ਦੀ ਬਜਾਇ ਸਗੋਂ ਇਕ ਪਿੰਡ ਇਨਾਮ ਦਿਵਾ ਰਹੇ ਹੋ।" ਤਾਂ ਕਿਹਾ, "ਇਹ ਮਾਇਆ ਦਾ ਭੁੱਖਾ ਹੈ, ਅਸੀਂ ਤਾਂ ਇਸਦੇ ਲੜਕੇ ਨੂੰ ਬ੍ਰਹਮ ਵਿਦਿਆ ਪੜ੍ਹਾ ਕੇ ਸਫਲੀ ਕਰਨੀ ਚਾਹੁੰਦੇ ਸੀ।" ਸ਼ਾਹੂਕਾਰ ਨੂੰ ਸੋਝੀ ਆ ਗਈ, ਗਲ ਵਿਚ ਪੱਲਾ ਪਾ ਕੇ ਮੁਆਫ਼ੀ ਮੰਗੀ ਤੇ ਕਿਹਾ, "ਸਦਾ ਲਈ ਇਹ ਸਾਰਾ ਪਰਿਵਾਰ ਤੁਹਾਡਾ ਹੀ ਹੈ, ਇਕ ਚੁਗਲ ਨੇ ਮੇਰਾ ਸੁਭਾਅ ਵਿਗਾੜ ਦਿੱਤਾ ਸੀ, ਪਰ ਆਪ ਨੇ ਖਿਮਾ ਕੀਤੀ ਹੈ।"

ਇਉਂ ਸੰਤ ਸੂਰਮੇ ਹਨ। ਯਥਾ :—

੧. *'ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥'*

[ਸਲੋਕ ਮ: ੩, ਅੰਗ—੮੬]

੨. *'ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥*
*ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥'*

[ਮਾਰੂ ਮਹਲਾ ੫, ਅੰਗ—੧੦੧੭]

ਤਿੱਖੇ ਸ਼ਸਤਰਾਂ ਨਾਲ ਕੱਟ-ਕੱਟ ਕੇ ਸੁੱਟ ਦਿੱਤਾ, ਪਰ ਤਿਲ-ਮਾਤਰ ਵੀ ਦੋਸ਼ ਨਹੀਂ ਦਿੱਤਾ ਕਿ ਮੈਨੂੰ ਮਾਰਿਆ ਹੈ, ਸਗੋਂ ਰਾਜੇ ਪਾਸੋਂ ਪਿੰਡ ਦਿਵਾ ਕੇ, ਉਸ ਸ਼ਾਹੂਕਾਰ ਦਾ ਕਾਰਜ ਸਵਾਰਿਆ, ਸੰਤਾਂ ਨੇ ਮਨ ਵਿਚ ਉਲਟੀ ਰੀਤੀ ਧਾਰਨ ਨਹੀਂ ਕੀਤੀ, ਸਗੋਂ ਸ਼ਾਹੂਕਾਰ ਦਾ ਭਲਾ ਹੀ ਕਰਦੇ ਰਹੇ। ਸ਼ਾਹੂਕਾਰ ਦੇ ਮੁੰਡੇ ਨੂੰ ਬ੍ਰਹਮ ਵਿਦਿਆ ਵੀ ਪੜ੍ਹਾਈ ਅਤੇ ਘਰ ਵਿਚ ਧਨ-ਪਦਾਰਥ ਵੀ ਦਿੱਤੇ।

## ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥

ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ ਪੂਰਾ ਸਤਿਗੁਰੂ ਜਿਸਦਾ ਰਖਵਾਲਾ ਹੈ, ਉਹ **ਆਤਮ** = ਮਨ ਨੂੰ ਜਿੱਤ ਲੈਂਦਾ ਹੈ, ਸਾਰੇ ਲੋਕ ਜਾਂ ਸਾਰੇ ਇੰਦ੍ਰੇ ਉਸਦੇ ਵੱਸ ਵਿਚ ਹੋ ਜਾਂਦੇ ਹਨ। ਇਹ ਮਨੁੱਖ ਬਹੁਤ ਭਿਆਨਕ ਪਾੜ ਖਾਣੇ ਜਾਨਵਰਾਂ ਨੂੰ ਤਾਂ ਵੱਸ ਵਿਚ ਕਰ ਲੈਂਦਾ ਹੈ, ਪਰ ਮਨ ਨੂੰ ਵੱਸ ਵਿਚ ਕਰਨਾ ਬੜੀ ਔਖੀ ਗੱਲ ਹੈ।

### ਸਾਖੀ : ਪਾਰਸ ਨਾਥ ਦੀ

ਦੱਤਾਤ੍ਰੇਉ ਦੇ ਸਮਾਉਣ ਤੋਂ ਇਕ ਲੱਖ ਗਿਆਰਾਂ ਬਰਸ ਪੂਰੇ ਹੋਣ ਪਿੱਛੋਂ ਸ਼ਿਵਜੀ ਦੇ ਅਵਤਾਰ ਪਾਰਸ ਨਾਥ ਜੀ ਰੋਹ ਰੁਹੇਲੇ ਦੇਸ਼ ਵਿਚ ਸੁੰਦਰ ਜਟਾਂ ਸਹਿਤ ਪੈਦਾ ਹੋਏ। ਪ੍ਰਭਾਵਸ਼ਾਲੀ ਚਿਹਰਾ ਤੇਜ ਸਹਿਤ ਹੋਣ ਕਰਕੇ ਦੂਰੋਂ-ਦੂਰੋਂ ਆ ਕੇ ਲੋਕਾਂ ਨੇ ਨਮਸਕਾਰਾਂ ਕੀਤੀਆਂ। ਵੱਡਾ ਹੋ ਕੇ ਸ਼ਾਸਤ੍ਰ ਵਿਦਿਆ ਨਾਲ ਸਭ ਪੰਡਿਤ-ਵਿਦਵਾਨ ਅਤੇ ਸ਼ਸਤ੍ਰ ਵਿਦਿਆ ਨਾਲ ਸਾਰੇ ਰਾਜੇ ਜਿੱਤ ਲਏ। ਬੜੇ ਤੇਜ ਪ੍ਰਤਾਪ ਸਹਿਤ ਦਸ ਹਜ਼ਾਰ ਵਰ੍ਹਾ ਰਾਜ ਕੀਤਾ। ਦੇਸ਼ਾਂ-ਦੇਸ਼ਾਤਰਾਂ ਦੇ ਇਕ ਲੱਖ ਰਾਜੇ ਬੰਨ੍ਹ ਕੇ ਕੈਦ ਕਰ ਲਏ। ਅਖ਼ੀਰ ਜਦ ਇਸਨੇ ਭੂਪਮੇਧ ਯੱਗ* ਕਰਨ ਦੀ ਸਲਾਹ ਕੀਤੀ ਤਾਂ ਇਕ ਗਿਆਨ ਦੇਵ ਰਾਜੇ ਨੇ ਕਿਹਾ, "ਮਹਾਰਾਜ! ਯੱਗ ਤਾਂ ਹੋ ਸਕਦਾ ਹੈ, ਜੇ ਸਭ ਰਾਜੇ ਫ਼ਤਹਿ ਕੀਤੇ ਜਾਣ।" ਇਕ ਰਾਜਾ ਅਜੇ ਫ਼ਤਹਿ ਕਰਨ ਵਾਲਾ ਬਾਕੀ ਹੈ। ਤਾਂ ਪਾਰਸ ਨਾਥ ਨੇ ਪੁੱਛਿਆ, "ਉਹ ਕੌਣ ਹੈ? ਦੱਸ! ਮੈਂ ਫ਼ਤਹਿ ਕਰਾਂਗਾ।" ਤਾਂ ਕਿਹਾ, "ਖੀਰ ਸਮੁੰਦਰ ਵਿਚ ਇਕ ਮੱਛੀ ਦੇ ਪੇਟ ਵਿਚ ਮੁਨੀ ਹੈ, ਉਹ ਦੱਸੇਗਾ।" ਰਾਜੇ ਨੇ ਬੜੇ ਯਤਨ ਕਰਕੇ ਮੱਛੀ ਪਕੜੀ, ਉਸਦਾ ਪੇਟ ਚੀਰ ਕੇ ਮਛੰਦਰ ਨਾਥ ਨੂੰ ਕੱਢ ਕੇ ਜਦ ਪੁੱਛਿਆ, ਤਾਂ ਉਸਨੇ ਕਿਹਾ, "ਹੇ ਰਾਜਨ! ਤੇਰੇ ਕੋਲੋਂ ਮਨ ਰੂਪ ਰਾਜਾ ਨਹੀਂ ਜਿੱਤਿਆ ਗਿਆ। ਜੇਕਰ ਮਨ ਨੂੰ ਜਿੱਤ ਲਵੋ ਤਾਂ ਭੂਪਮੇਧ ਯੱਗ ਕਰ ਸਕਦੇ ਹੋ।" ਬੜੇ ਯਤਨ ਕਰਨ 'ਤੇ ਵੀ ਜਦ ਨਾ ਟਿਕਿਆ ਤਾਂ ਕਟਾਸ਼ ਤੀਰਥ 'ਤੇ ਚਿਖਾ ਬਣਾ ਕੇ ਜੋਗ-ਅਗਨਿ ਨਾਲ ਸੜ ਗਿਆ ਸੀ।

ਸੋ, ਮਨ ਨੂੰ ਵੱਸ ਕਰਨਾ ਬਹੁਤ ਹੀ ਕਠਿਨ ਹੈ। ਮਨ, ਤਾਂ ਵੱਸ ਵਿਚ ਹੋ ਸਕਦਾ ਹੈ, ਜੇ ਗੁਰੂ-ਪ੍ਰਮੇਸ਼ਰ ਦੀ ਕਿਰਪਾ ਹੋਵੇ। ਯਥਾ :—

*'ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥੧੦॥'*

[ਥਿਤੀ ਗਉੜੀ ਮਹਲਾ ੫, ਅੰਗ—੨੯੮]

---

* ਜਿਵੇਂ ਸਤਿਜੁਗ ਵਿਚ ਰਾਜੇ ਜੰਭ ਨੇ ਕੀਤਾ ਸੀ।

## ਠਾਕੁਰੁ ਗਾਈਐ ਆਤਮ ਰੰਗਿ ॥

**ਆਤਮ ਰੰਗਿ** = ਮਨ ਦੇ ਪ੍ਰੇਮ ਕਰਕੇ ਠਾਕੁਰ ਦੇ ਜੱਸ ਨੂੰ ਗਾਉਣਾ ਕਰੋ। ਯਥਾ :—

੧. *'ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥'*

[ਜਪੁਜੀ ਸਾਹਿਬ, ਅੰਗ—੨]

੨. *'ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥'*

[ਧਨਾਸਰੀ ਮਹਲਾ ੪, ਅੰਗ—੬੬੯]

ਸਿੱਖਾਂ ਨੇ ਫਿਰ ਪ੍ਰਸ਼ਨ ਕੀਤਾ ਕਿ ਸਰੂਪ ਵਿਚ ਕਿਵੇਂ ਮਿਲਣਾ ਹੁੰਦਾ ਹੈ ? ਉੱਤਰ :—

## ਸਰਣੀ ਪਾਵਨ

ਹੇ ਭਾਈ ! ਆਪਣੇ ਆਪ ਨੂੰ ਸਤਿਗੁਰਾਂ ਦੀ ਸ਼ਰਨੀ ਪਾਈਏ। ਯਥਾ :—

੧. *'ਤੇਰੀ ਸਰਣਿ ਮੇਰੇ ਦੀਨ ਦਇਆਲਾ ॥ ਸੁਖ ਸਾਗਰ ਮੇਰੇ ਗੁਰ ਗੋਪਾਲਾ ॥*
*ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ ॥੪॥'*

[ਮਾਝ ਮਹਲਾ ੫, ਅੰਗ—੧੦੫]

੨. *'ਸਰਨਿ ਨਾਥ ਤੋਰੀਯੰ ॥ ਉਬਾਰ ਲਾਜ ਮੋਰੀਯੰ ॥੪੮॥'*

[ਦਸਮ, ਅੰਗ—੪੨]

੩. *'ਜਿਤੇ ਸਰਨ ਜੈ ਹੈ ॥ ਤਿਤਿਓ ਰਾਖ ਲੈ ਹੈ ॥੭੫॥'* [ਦਸਮ, ਅੰਗ—੪੪]

੪. *'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥'*

[ਬਿਹਾਗੜਾ ਮਹਲਾ ੫, ਅੰਗ—੫੪੪]

## ਨਾਮ ਧਿਆਵਨ

ਆਪਣੇ ਆਪ ਨੂੰ ਸਤਿਗੁਰਾਂ ਦੀ ਸ਼ਰਨੀ ਪਾ ਕੇ, ਭਾਵ ਸਿੱਖੀ ਧਾਰਨ ਕਰਕੇ ਫਿ[illegible] ਨਾਮ ਨੂੰ ਧਿਆਉਣਾ ਕਰੀਏ। ਸੰਗਤ ਵਿਚ ਮੁਕਾਣ ਆਇਆ ਵਾਂਗ ਚੁੱਪ ਕਰਕੇ ਨ[illegible] ਬੈਠਣਾ, ਨਾਮ ਸਿਮਰਨਾ ਤੇ ਜਪਣਾ ਹੈ। ਯਥਾ :—

੧. *'ਉਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥'*

[ਗਉੜੀ ਸੁਖਮਨੀ ਮਃ ੫, ਅੰਗ—੨੮੬

੨. *'ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥੧॥'*

[ਆਸਾ ਮਹਲਾ ੫, ਅੰਗ—੩੮੬]

੩. *'ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥'*

[ਸੋਰਠਿ ਮਹਲਾ ੫, ਅੰਗ—੬੧੧]

੪. *'ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥'*

[ਜੈਤਸਰੀ ਮਹਲਾ ੫, ਅੰਗ—੭੦੦]

## ਸਹਜਿ ਸਮਾਵਨ ਸੰਗਿ ॥੧॥ਰਹਾਉ॥

ਇਉਂ **ਸਹਜਿ** = ਸਰੂਪ ਦੇ **ਸੰਗਿ** = ਸਾਥ ਸਮਾਉਣਾ ਹੁੰਦਾ ਹੈ। ਭਾਵ ਵਾਹਿਗੁਰੂ ਵਿਚ ਅਭੇਦ ਹੋਈਦਾ ਹੈ।

ਅੱਗੇ ਹੁਣ ਗਰੀਬ ਨਿਵਾਜ ਜੀ ਬੇਨਤੀ ਕਰਨ ਦਾ ਢੰਗ (ਤਰੀਕਾ, ਜਾਚ) ਸਿਖਾਉਂਦੇ ਹਨ, ਜਿਸ ਕਰਕੇ ਸਾਡੇ ਮਨ ਵਿਚ ਨਿਮਰਤਾ ਆਵੇ।

## ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥

ਸੰਤ ਜਨਾਂ ਦੇ ਚਰਨ ਮੇਰੇ ਹਿਰਦੇ ਵਿਚ ਵੱਸ ਜਾਣ, ਕਿਉਂਕਿ ਸੰਤਾਂ ਦੇ ਸੰਗ ਕਰਕੇ ਦੇਹ ਪਵਿੱਤਰ ਹੁੰਦੀ ਹੈ। ਯਥਾ :—

੧. *'ਜਿਨ੍ਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥'*

[ਗਉੜੀ ਕੀ ਵਾਰ ਮਹਲਾ ੫, ਅੰਗ—੩੧੯]

੨. *'ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥*
*ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥'*

[ਬਿਲਾਵਲੁ ਮਹਲਾ ੫, ਅੰਗ—੮੧੦]

ਅਸਲ 'ਚ ਸਤਿਗੁਰੂ ਜੀ ਆਪ ਹੀ ਹਰੀ ਦੇ ਜਨ, ਭਾਵ ਸੰਤ ਹਨ। ਜਿਵੇਂ ਚੌਥੇ ਪਾਤਸ਼ਾਹ ਜੀ ਤੀਜੇ ਸਤਿਗੁਰਾਂ ਬਾਬਤ ਫ਼ੁਰਮਾਉਂਦੇ ਹਨ :—

*'ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥'*

[ਰਾਗੁ ਗੂਜਰੀ ਮਹਲਾ ੪, ਅੰਗ—੧੦]

**ਜਨ ਕੀ ਧੂਰਿ ਦੇਹੁ ਕਿਰਪਾਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥**

ਗੁਰੂ ਜੀ ਕਥਨ ਕਰਦੇ ਹਨ, ਹੇ ਕਿਰਪਾ ਦੇ ਸਮੁੰਦਰ ਪ੍ਰਭੂ ! ਸੰਤਾਂ ਦੀ ਚਰਨ-ਧੂੜੀ ਦੇਣਾ ਕਰੋ, ਮੈਂ ਨਾਨਕ ਦੇ ਤਾਈਂ ਏਹੋ ਹੀ ਸੁਖ ਦੇਣ ਵਾਲੀ ਹੈ। ਯਥਾ :—

੧. *'ਡਖਣਾ ॥ ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥*
*ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥੧॥'*
[ਸਿਰੀ ਰਾਗੁ ਮਹਲਾ ੫, ਅੰਗ—੮੦]

੨. *'ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ ॥੪॥੫॥'*
[ਰਾਗੁ ਗਉੜੀ ਪੂਰਬੀ ਮਹਲਾ ੫, ਅੰਗ—੧੩]

੩. *'ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥*
*ਕਰਉ ਬਿਨੰਤੀ ਮਾਨੁ ਤਿਆਗਉ ॥*
*ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥੧॥'*
[ਮਾਝ ਮਹਲਾ ੫, ਅੰਗ—੯੯]

੪. *'ਚੁ ਸੁਰਮਹ ਦੀਦਹ ਕੁਨੀ ਖਾਕਿ ਮੁਰਸ਼ਦ ਐ ਗੋਯਾ ॥*
*ਜਮਾਲੇ ਹੱਕ ਨਿਗਾਹ ਬਾ ਤੋ ਤੂਤੀਆ ਚਿ ਕੁਨਦ ॥'*
[ਭਾਈ ਨੰਦ ਲਾਲ ਜੀ, ਗ਼ਜ਼ਲ—੧੯]

ਅਰਥ :—**ਗੋਯਾ** = ਭਾਈ ਨੰਦ ਲਾਲ ਜੀ ਕਥਨ ਕਰਦੇ ਹਨ—ਹੇ ਪੁਰਸ਼ਾ ! ਜੇਕਰ ਤੂੰ **ਮੁਰਸ਼ਦ** = ਗੁਰਾਂ ਦੇ ਚਰਨਾਂ ਦੀ **ਖਾਕਿ** = ਧੂੜ ਨੂੰ ਆਪਣੀਆਂ **ਦੀਦਹ** = ਅੱਖੀਆਂ ਦਾ ਸੁਰਮਾ **ਕੁਨੀ** = ਕਰੇਂ, ਤਾਂ ਤੂੰ **ਹੱਕ** + **ਜਮਾਲੇ** = ਸੱਚੇ ਪ੍ਰਭੂ ਦੇ ਸਰੂਪ ਨੂੰ **ਨਿਗਾਹ** = ਵੇਖੇਂਗਾ, ਫਿਰ ਤੈਨੂੰ **ਤੂਤੀਆ** = ਮਮੀਰੇ* ਦੀ ਕੀ ਲੋੜ ਰਹੇਗੀ।

**ਪੰਜਾਬੀ ਉਲੱਥਾ** :— *'ਚਰਨ ਧੂੜ ਦਾ ਸੁਰਮਾ ਜੇਕਰ ਵਿਚ ਨੈਣਾਂ ਦੇ ਪਾਵੇਂ ਤੂੰ।*
*ਲੋੜ ਨ ਹੋਰ ਮਮੀਰੇ ਸੰਦੀ ਦਰਸ ਗੁਰੂ ਦਾ ਮਾਣੇ ਤੂੰ।'*

## ਸਾਖੀ : ਸੰਤਾਂ ਦੀ ਧੂੜੀ ਦੇ ਫਲ ਦੀ

ਇਕ ਆਦਮੀ ਨੂੰ ਛੂਤ ਦੀ ਬਿਮਾਰੀ ਕੋੜ੍ਹ ਹੋ ਗਿਆ। ਉਸਦੇ ਘਰ ਦਿਆਂ ਨੇ ਉ…

---

* ਮਮੀਰਾ ਇਕ ਐਸਾ ਪੌਦਾ ਹੈ, ਜੋ ਪਹਾੜਾਂ ਵਿਚ ਹੁੰਦਾ ਹੈ। ਇਸਦੀ ਜੜ੍ਹ ਸੁਰਮੇ ਵਿਚ ਵਰਤੀ ਜਾਂਦੀ ਹੈ, ਜੋ ਨੇਤ੍ਰਾਂ ਦੇ ਰੋਗਾਂ ਲਈ ਉੱਤਮ ਮੰਨੀ ਗਈ ਹੈ।

ਕੇ ਬਾਹਰ ਰਸਤੇ ਵਿਚ ਰੱਖ ਦਿੱਤਾ ਕਿ ਇਸਨੇ ਮਰ ਤਾਂ ਜਾਣਾ ਹੀ ਹੈ, ਜੇਕਰ ਘਰ ਰੱਖਾਂਗੇ ਤਾਂ ਬਿਮਾਰੀ ਫੈਲ ਜਾਵੇਗੀ। ਸੰਗਤ ਕੀਰਤਨ ਕਰਦੀ ਆ ਰਹੀ ਸੀ, ਬਿਮਾਰ ਪੁਰਸ਼ 'ਤੇ ਸੰਗਤ ਦੇ ਚਰਨਾਂ ਦੀ ਧੂੜੀ ਉੱਡ ਕੇ ਪੈ ਗਈ। ਬਾਅਦ 'ਚ ਉਸਦੇ ਸਰੀਰ ਦਾ ਅੰਤ ਹੋ ਗਿਆ, ਧਰਮਰਾਜਾ ਦੇ ਕਹੇ ਅਨੁਸਾਰ ਨਰਕਾਂ ਵਿਚ ਪਾ ਦਿੱਤਾ ਗਿਆ, ਕਿਉਂਕਿ ਸਾਰੀ ਉਮਰ ਕੋਈ ਚੰਗਾ ਕੰਮ ਨਹੀਂ ਸੀ ਕੀਤਾ, ਤਾਂ ਸਭ ਨਰਕ ਸ਼ਾਂਤ ਹੋ ਗਏ। ਯਥਾ :—

*'ਪਾਪ ਬਿਨਾਸਨੁ ਸੇਵਿਆ ਪਵਿਤ੍ਰ ਸੰਤਨ ਕੀ ਧੂਰੇ ॥੫॥*
*ਸਭ ਛਡਾਈ ਖਸਮਿ ਆਪਿ ਹਰਿ ਜਪਿ ਭਈ ਠਰੂਰੇ ॥੬॥'*

[ਮਾਝ ਮਹਲਾ ੫, ਅੰਗ—੧੩੩]

ਨਰਕਾਂ ਦੇ ਜੀਵ ਵਿਰਲਾਪ ਕਰਨ ਤੋਂ ਹਟ ਗਏ, ਦੂਤਾਂ ਨੇ ਧਰਮਰਾਜਾ ਨੂੰ ਆ ਕੇ ਕਿਹਾ, "ਜੀ! ਉਹ ਤਾਂ ਪੁੰਨਾਂ ਵਾਲਾ ਸੀ।" ਨਰਕਾਂ ਵਿਚੋਂ ਕੱਢ ਕੇ ਬਾਹਰ ਲਿਆਂਦਾ ਗਿਆ। ਧਰਮਰਾਜਾ ਨੇ ਵਹੀ ਫੋਲ ਕੇ ਦੇਖੀ, ਸਾਰਾ ਹਿਸਾਬ ਦੁਬਾਰਾ ਲਾਇਆ, ਪਰ ਕੋਈ ਪੁੰਨ ਨਾ ਨਿਕਲਿਆ। ਦੂਤਾਂ ਨੇ ਫੜ ਕੇ ਫਿਰ ਨਰਕਾਂ ਵਿਚ ਪਾ ਦਿੱਤਾ। ਫਿਰ ਨਰਕ ਠੰਢੇ ਹੋ ਗਏ। ਤਾਂ ਧਰਮਰਾਜਾ ਨੇ ਅਖ਼ੀਰਲੇ ਸਮੇਂ ਦਾ ਖ਼ਿਆਲ ਕੀਤਾ, ਜੋ ਕੀਰਤਨ ਕਰਦੀ ਜਾਂਦੀ ਸੰਗਤ ਦੇ ਚਰਨਾਂ ਦੀ ਧੂੜ ਇਸਦੇ ਸਰੀਰ 'ਤੇ ਪਈ ਸੀ ਅਤੇ ਜਿਸ ਕਰਕੇ ਕੀਤੇ ਹੋਏ ਸਾਰੇ ਪਾਪ ਨਾਸ ਹੋ ਗਏ ਸਨ। ਯਥਾ :—

੧. *'ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥'*

[ਮਲਾਰ ਮਹਲਾ ੪, ਅੰਗ—੧੨੬੩]

੨. *'ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥'*

[ਮਾਝ ਮਹਲਾ ੫, ਅੰਗ—੧੩੫-੩੬]

ਇਸੇ ਲਈ ਤਾਂ ਧਰਮਰਾਜਾ ਜੀ ਆਪਣੇ ਦੂਤਾਂ ਨੂੰ ਹੁਕਮ ਕਰਦੇ ਹਨ :—

*'ਸਲੋਕੁ ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੬]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

## ੪੦.

**ਧਨਾਸਰੀ ਮਹਲਾ ੫ ॥** [ਅੰਗ—੬੮੧]

**ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਪਰਮ ਸਨਮਾਨ ਯੋਗ ਗੁਰੂ ਰੂਪ ਖ਼ਾਲਸਾ ਸਾਧਸੰਗਤ ਜੀ ! ਆਪ ਵੱਡੇ ਭਾਗਾਂ ਵਾਲੇ ਹੋ, ਜੋ ਅੰਮ੍ਰਿਤ ਵੇਲੇ ਤੋਂ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਸ੍ਰਵਣ ਕੀਤਾ ਹੈ, ਜਿਸਦੇ ਕਰਨ-ਸੁਣਨ ਕਰਕੇ ਚੁਰਾਸੀ* ਦਾ ਗੇੜਾ ਕੱਟਿਆ ਜਾਂਦਾ ਹੈ। ਜਦੋਂ ਪਰਮ-ਪਵਿੱਤਰ ਅੰਮ੍ਰਿਤ ਰੂਪ ਗੁਰਬਾਣੀ ਦੇ ਕੀਰਤਨ ਦੀ ਧੁਨ ਸੁਣ ਕੇ ਮਨ ਕੁਝ ਕੁ ਟਿਕਾਉ 'ਚ ਆ ਜਾਵੇ ਤਾਂ ਕੀਰਤਨ ਦੀ ਧੁਨੀ ਵਿਚ ਜਿਹੜਾ ਰਸ ਪ੍ਰਤੀਤ ਹੁੰਦਾ ਹੈ, ਉਸ ਰਸ ਦੀ ਮਸਤੀ ਨਾਲ ਮਨ ਦਾ ਸਾਰਾ ਬੋਝ ਦੂਰ ਹੋ ਜਾਂਦਾ ਹੈ, ਜਿਹੜਾ ਮਨ ਸੰਕਲਪਾਂ-ਵਿਕਲਪਾਂ ਦੇ ਭਾਰ ਕਰਕੇ ਦੱਬਿਆ ਰਹਿੰਦਾ ਹੈ। ਜਾਂ ਇਉਂ ਸਮਝ ਲਉ, ਜਿਵੇਂ ਕਿਸੇ ਮਨੁੱਖ ਦੇ ਸਿਰ ਉੱਪਰ ਤਕੜੀ ਭਾਰੀ ਪੰਡ ਚੁੱਕੀ ਹੋਵੇ, ਸੁੱਟਣ ਵੇਲੇ ਉਸਨੂੰ ਬੜਾ ਸੁਖ ਮਹਿਸੂਸ ਹੁੰਦਾ ਹੈ, ਸਿਰ ਵੀ ਹਲਕਾ ਜਿਹਾ ਹੋ ਜਾਂਦਾ ਹੈ। ਇਸ ਤਰ੍ਹਾਂ ਕੀਰਤਨ ਦੇ ਅਨੰਦ ਕਰਕੇ ਮਨ ਆਪਣੇ ਆਪ ਨੂੰ ਵਿਸ਼ਿਆਂ ਅਤੇ ਪਾਪਾਂ ਦੀ ਮੈਲ ਤੋਂ ਰਹਿਤ ਮਹਿਸੂਸ ਕਰਦਾ ਹੈ ਅਤੇ ਸਹਿਜੇ-ਸਹਿਜੇ ਅਕਾਲ ਪੁਰਖ ਵਿਚ ਜੁੜ ਜਾਂਦਾ ਹੈ। ਕੀਰਤਨ ਦੇ ਅਨੰਦ ਨੂੰ ਉਹੀ ਅਨੁਭਵ ਕਰਦੇ ਹਨ, ਜਿਨ੍ਹਾਂ 'ਤੇ ਨਿਰੰਕਾਰ ਦੀ ਮਿਹਰ ਹੁੰਦੀ ਹੈ।

ਜਿਵੇਂ ਚੁੰਬਕ ਪੱਥਰ ਲੋਹੇ ਦੇ ਕਿਣਕਿਆਂ ਨੂੰ ਖਿੱਚ ਕੇ ਆਪਣੇ ਪਾਸ ਇਕੱਠੇ ਕਰ ਲੈਂਦਾ ਹੈ, ਏਸੇ ਤਰ੍ਹਾਂ ਮਨ ਦੀਆਂ ਬਿਰਤੀਆਂ ਵਾਸ਼ਨਾਂ ਰੂਪ ਰੇਤੀ ਨਾਲ ਰਿਤਣੇ ਕਰਕੇ ਜੋ ਪਦਾਰਥਾਂ ਰੂਪ ਰੇਤ ਵਿਚ ਮਿਲੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਇਕੱਠੀਆਂ ਕਰ ਦਿੰਦਾ ਹੈ, ਭਾਵ ਮਨ ਨੂੰ ਇਕਾਗਰ ਕਰ ਦਿੰਦਾ ਹੈ, ਇਕਾਗਰਤਾ ਵਿਚ ਹੀ ਨਿਰੰਕਾਰ ਦੀ ਅਨੁਭਵਤਾ ਦਾ ਅਨੰਦ ਪ੍ਰਾਪਤ ਹੁੰਦਾ ਹੈ। ਗੁਰਮਤਿ ਵਿਚ ਕੀਰਤਨ ਕਰਨਾ-ਸੁਣਨਾ ਅਤਿਅੰਤ ਜ਼ਰੂਰੀ ਹੈ। ਯਥਾ :—

੧. *'ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥੬॥'*
[ਮਾਰੂ ਸੋਲਹੇ ਮਹਲਾ ੫, ਅੰਗ—੧੦੭੫-੭੬]

---

* ਸਲੋਕ, ਮਹੱਲੇ ਤੇ ਪਉੜੀਆਂ ਮਿਲਾ ਕੇ ਚੁਰਾਸੀ ਬਣਦੇ ਹਨ।

੨. *'ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥*
*ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥੨॥'* [ਗਉੜੀ ਮਹਲਾ ੫, ਅੰਗ—੧੯੦]

੩. *'ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥*
*ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥੨॥'*
[ਕਾਨੜਾ ਮਹਲਾ ੫, ਅੰਗ—੧੩੦੦]

੪. *'ਹਰਿ ਦਿਨੁ ਰੈਣਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥'*
[ਸੋਰਠਿ ਮਹਲਾ ੫, ਅੰਗ—੬੨੩-੨੪]

੫. *'ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥'*
[ਰਾਮਕਲੀ ਮਹਲਾ ੫, ਅੰਗ—੮੯੩]

੬. *'ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥*
*ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥'*
[ਗਉੜੀ ਮਹਲਾ ੫, ਅੰਗ—੨੧੪]

ਆਪਣੇ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੀ ਕਿਰਪਾ ਕੀਤੀ ਹੈ, ਜੋ ਕੀਰਤਨ ਦੀ ਦਾਤ ਗੁਰਸਿੱਖਾਂ ਨੂੰ ਬਖ਼ਸ਼ੀ ਹੈ। ਜਿਸ ਵਕਤ ਸੱਤਾ ਅਤੇ ਬਲਵੰਡਾ ਰੁੱਸ ਗਏ, ਹੰਕਾਰ ਕਰਕੇ ਕਈ ਤਰ੍ਹਾਂ ਦੇ ਬਚਨ ਬੋਲੇ, ਜਦ ਗੁਰੂ ਨਾਨਕ ਸਾਹਿਬ ਜੀ ਦੀ ਨਿੰਦਿਆ ਕੀਤੀ ਕਿ ਸਾਡੀ ਜਾਤ ਦਾ ਮਰਦਾਨਾ ਨਾਲ ਹੋਣ ਕਰਕੇ ਹੀ ਲੋਕ ਗੁਰੂ ਨਾਨਕ ਨੂੰ ਮੰਨਦੇ ਸਨ। ਵੱਡਿਆਂ ਸਤਿਗੁਰਾਂ ਦੀ ਨਿੰਦਿਆ ਸੁਣ ਕੇ ਸਤਿਗੁਰਾਂ ਨੇ ਕਿਹਾ, "ਓਇ ਮਰਾਸੀਓ! ਤੁਸੀਂ ਫਿੱਟ ਗਏ ਹੋ।" ਤਾਂ ਝੱਟ ਹੀ ਸਰੀਰ ਗਲ਼ ਗਿਆ, ਸਰੀਰ ਵਿਚੋਂ ਪਾਕ ਨਿਕਲਨ ਲੱਗ ਪਈ, ਮੱਖੀਆਂ ਭਿਣਕਨ ਲੱਗ ਪਈਆਂ, ਕੋਈ ਨੇੜੇ ਬੈਠਣ-ਖੜ੍ਹਨ ਨਾ ਦੇਵੇ।

ਉਨ੍ਹਾਂ ਦੇ ਜਵਾਬ ਦੇਣ ਤੋਂ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਜੋੜੀ ਵਜਾਉਣ ਲਾਈ ਦਿੱਤੀ, ਬਾਬਾ ਬੁੱਢਾ ਜੀ ਨੂੰ ਤਾਊਸ ਦਿੱਤਾ, ਆਪ ਸਤਿਗੁਰਾਂ ਨੇ ਸਰੰਦਾ ਲਿਆ। ਬਾਬਾ ਬੁੱਢਾ ਸਾਹਿਬ ਅਤੇ ਭਾਈ ਗੁਰਦਾਸ ਜੀ ਨੇ ਬੇਨਤੀ ਕੀਤੀ, "ਮਹਾਰਾਜ ਜੀ! ਸਾਨੂੰ ਸਾਜ ਵਜਾਉਣ ਦੀ ਜਾਚ ਨਹੀਂ।" ਤਾਂ ਗੁਰੂ ਸਾਹਿਬ ਜੀ ਨੇ ਕਿਹਾ, "ਤੁਸੀਂ ਨਿਸਚਿੰਤ ਹੋ ਕੇ ਵਜਾਉ।" ਸਾਧਸੰਗਤ ਜੀ! ਐਸੇ ਸਾਜ ਮਿਲੇ ਕਿ ਸੁਣਨ ਵਾਲਿਆਂ ਦੇ ਮਨ ਢਲ ਗਏ, ਇੱਟਾਂ ਵੀ ਮੋਮ ਵਾਂਗ ਨਰਮ ਹੋ ਗਈਆਂ। ਤਾਂ ਸਤਿਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ, "ਅੱਜ ਤੋਂ ਸਾਡੇ ਸਿੱਖ ਹੀ ਕੀਰਤਨ ਕਰਿਆ ਕਰਨਗੇ।"

ਸ੍ਰੀ ਗੁਰੂ ਅਰਜਨ ਦੇਵ ਜੀ, ਜੋ ਸਿੱਖ-ਸੇਵਕਾਂ ਦੀਆਂ ਅਰਜਾਂ ਸੁਣਨ ਵਾਲੇ ਹਨ,

ਜਿੰਨ੍ਹਾਂ ਨੂੰ ਚੇਤੇ ਕਰਨ ਤੋਂ ਜਨਮ-ਮਰਨ ਦਾ ਦੁਖ ਅਤੇ ਮਾਤਾ ਦੇ ਗਰਭ ਦਾ ਦੁਖ ਮਿਟ ਜਾਂਦਾ ਹੈ। ਯਥਾਂ :—

*'ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥'*

[ਸਵਈਏ ਮਹਲੇ ਪੰਜਵੇ ਕੇ, ਮਥੁਰਾ ਭੱਟ, ਅੰਗ—੧੪੦੯]

ਆਪਾਂ ਨੂੰ ਇਸ ਤਰ੍ਹਾਂ ਉਪਦੇਸ਼ ਬਖ਼ਸ਼ਦੇ ਹਨ :—

## ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥

ਜਿਸ ਪ੍ਰਭੂ ਨੇ ਚਾਰੇ ਦਿਸ਼ਾਂ ਵਿਚ ਆਪਣਾ ਬਲ ਕੀਤਾ ਹੋਇਆ ਹੈ, ਉਸਨੇ ਦਾਸ ਦੇ ਸਿਰ 'ਤੇ ਆਪਣਾ ਕਿਰਪਾ ਰੂਪ ਹੱਥ ਰੱਖਿਆ ਹੈ।

ਆਪਣੀ ਸ਼ਕਤੀ ਨਾਲ ਚਾਰੇ ਦਿਸ਼ਾਂ ਨੂੰ ਆਪਣੇ ਪਿਆਰਿਆਂ ਦੇ **ਬਲੁ** = ਪੱਖ ਵਿਚ ਕਰ ਦਿੰਦਾ ਹੈ, ਜੇਕਰ ਉਹ ਪੂਰਬ ਦਿਸ਼ਾ ਵਿਚ ਜਾਂਦੇ ਹਨ ਤਾਂ ਨਰ ਆਦਿਕ ਉਨ੍ਹਾਂ ਦਾ ਸਤਿਕਾਰ ਕਰਦੇ ਹਨ, ਜੇਕਰ ਦੱਖਣ ਦਿਸ਼ਾ ਵੱਲ ਜਾਣ ਤਾਂ ਦੈਂਤ ਆਦਿਕ ਉਨ੍ਹਾਂ ਦਾ ਸਤਿਕਾਰ ਕਰਦੇ ਹਨ, ਪੱਛਮ ਦਿਸ਼ਾ ਵੱਲ ਜਾਂਦੇ ਹਨ ਤਾਂ ਤੁਰਕ ਅਤੇ ਗਿਲਜੇ ਉਨ੍ਹਾਂ ਦਾ ਸਤਿਕਾਰ ਕਰਦੇ ਹਨ, ਜੇ ਉੱਤਰ ਦਿਸ਼ਾ ਵੱਲ ਜਾਂਦੇ ਹਨ ਤਾਂ ਜੱਛ, ਸ਼ੇਰ ਆਦਿਕ ਸਤਿਕਾਰ ਕਰਦੇ ਹਨ, ਉਨ੍ਹਾਂ ਨੂੰ ਕੁਝ ਨਹੀਂ ਕਹਿੰਦੇ। ਇਉਂ ਉਨ੍ਹਾਂ ਦਾ ਸਤਿਕਾਰ ਚਾਰ ਦਿਸ਼ਾਵਾਂ ਵਿਚ ਹੁੰਦਾ ਹੈ। ਯਥਾ :—

*'ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥੧॥'*

[ਸੋਰਠਿ ਮਹਲਾ ੫, ਅੰਗ—੬੨੩]

## ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥

ਉਸੇ ਪ੍ਰਭੂ ਨੇ ਕਿਰਪਾ-ਦ੍ਰਿਸ਼ਟੀ ਨਾਲ **ਅਵਲੋਕਨੁ** = ਦੇਖਣਾ ਕੀਤਾ* ਤਾਂ ਦਾਸ ਦਾ ਦੁਖ ਦੂਰ ਕਰ ਦਿੱਤਾ।

ਸਤਿਗੁਰਾਂ ਦੀ ਨਿਗ੍ਹਾ ਵਿਚ ਇਤਨੀ ਤਾਕਤ ਹੈ ਕਿ ਮਰਦੇ ਹੋਏ ਨੂੰ ਬਚਾ ਦਿੰਦੀ ਹੈ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਸਵੇਰੇ ਅੰਮ੍ਰਿਤ ਵੇਲੇ ਦੀ ਸਮਾਧੀ ਤੋਂ ਉਥਾਨ ਹੋ ਕੇ ਬਾਹਰ ਨਿਕਲਿਆ ਕਰਦੇ ਸਨ ਤਾਂ ਜਿਸ ਵੱ

---

* ਅੱਖਾਂ ਦੀਆਂ ਡੇਲੀਆਂ ਨੂੰ ਇਕ ਪਾਸੇ ਖਿੱਚ ਕੇ ਵੇਖਣ ਦਾ ਨਾਮ ਕਟਾਖ ਹੈ, ਭਾਵ ਕਿਸੇ ਖਾਸ ਚੀਜ਼ ਨੂੰ ਟੇਢੀਆਂ ਅੱਖਾਂ ਕਰਕੇ ਚੰਗੀ ਤਰ੍ਹਾਂ ਦੇਖਣਾ।

ਅਸਾਧ ਰੋਗੀ 'ਤੇ ਸਤਿਗੁਰਾਂ ਦੀ ਨਜ਼ਰ ਪੈਂਦੀ ਸੀ, ਉਸਦੇ ਸਾਰੇ ਦੁਖ ਕੱਟੇ ਜਾਂਦੇ ਸਨ, ਇਸੇ ਲਈ ਸਵੇਰੇ-ਸਵੇਰ ਕੋੜ੍ਹੀ ਆਦਿਕ ਸਤਿਗੁਰਾਂ ਦੇ ਦਰਵਾਜ਼ੇ ਅੱਗੇ ਬੈਠੇ ਰਹਿੰਦੇ ਸਨ।

## ਸਾਖੀ : ਡੱਗੀ ਵਾਲੇ ਵਪਾਰੀ ਦੀ

ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਬਾਲੇ ਅਤੇ ਮਰਦਾਨੇ ਸਮੇਤ ਰਸਤੇ ਵਿਚ ਤੁਰੇ ਜਾ ਰਹੇ ਹਨ, ਸਾਹਮਣਿਓਂ ਇਕ ਵਪਾਰੀ ਮਿਲਿਆ। ਹਜ਼ੂਰ ਨੇ ਪੁੱਛਿਆ, "ਹੇ ਭਾਈ! ਇਸ ਗਠੜੀ ਵਿਚ ਕੀ ਬੰਨ੍ਹਿਆ ਹੈ?" ਦੋਵੇਂ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ ਜੀ! ਇਸ ਵਿਚ ਲੂਣ, ਹਲਦੀ, ਘਿਉ, ਤੇਲ ਆਦਿਕ ਹੈ, ਰੋਜ਼ੀ ਵਾਸਤੇ ਨਗਰਾਂ ਵਿਚ ਫਿਰ-ਫਿਰ ਕੇ ਸੌਦਾ ਵੇਚਦਾ ਹਾਂ।" ਉਸਦੀ ਕਲਿਆਣ ਕਰਨ ਵਾਸਤੇ ਹਜ਼ੂਰ ਬੋਲੇ, "ਇਹ ਗਠੜੀ ਖੋਲ੍ਹ ਕੇ ਦਿਖਾ।" ਬਚਨ ਮੰਨ ਕੇ ਝੱਟ ਹੀ ਗਠੜੀ ਖੋਲ੍ਹ ਕੇ ਸਾਹਮਣੇ ਰੱਖ ਦਿੱਤੀ। ਹਜ਼ੂਰ ਨੇ ਤੋਲਣ ਵਾਲੇ ਪੱਥਰ ਦੇ ਵੱਟਿਆਂ ਵਿਚ ਸਭ ਤੋਂ ਛੋਟਾ ਇਕ ਪਾਅ ਦਾ ਵੱਟਾ ਹੱਥ 'ਤੇ ਰੱਖ ਲਿਆ। ਗਠੜੀ ਵਿਚ ਪਏ ਵੱਟਿਆਂ ਵੱਲ ਦੇਖ ਕੇ ਪੁੱਛਿਆ, "ਇਨ੍ਹਾਂ ਦੇ ਨਾਮ ਦੱਸ।" ਵਪਾਰੀ ਨੇ ਦੱਸਿਆ, "ਜੀ! ਇਹ ਦੋ ਸੇਰ ਦਾ ਹੈ, ਇਹ ਇਕ ਸੇਰ ਹੈ, ਇਹ ਅੱਧਾ ਸੇਰ ਹੈ ਅਤੇ ਜੋ ਆਪ ਜੀ ਦੇ ਪਵਿੱਤਰ ਹਸਤ ਕਮਲਾਂ ਵਿਚ ਹੈ, ਇਹ ਇਕ ਪਾਅ ਦਾ ਹੈ।" ਮਹਾਰਾਜ ਸਾਹਿਬ ਬੜੇ ਪ੍ਰਸੰਨ ਹੋਏ ਤੇ ਕਿਹਾ, "ਧੰਨ ਹੈ ਇਹ ਪਾਈਆ! ਜਿਸਨੇ ਆਪਣਾ ਨਾਮ ਛੋਟਾ ਰਖਾਇਆ ਹੈ।" ਅਤੇ ਨਾਲ ਹੀ ਕਿਰਪਾ ਭਰੀ ਨਿਗ੍ਹਾ ਨਾਲ ਤੱਕਿਆ। ਤਾਂ ਸਤਿਗੁਰੂ ਜੀ ਦੀ ਅਮੋਲਕ ਰਸਨਾ ਤੋਂ ਅੰਮ੍ਰਿਤ ਬਚਨ ਸੁਣਦਿਆਂ ਸਾਰ ਹੀ ਵਪਾਰੀ ਨੇ ਜਾਣਿਆ ਕਿ ਇਹ ਨਿਰੰਕਾਰ ਦਾ ਸਰਗੁਨ ਸਰੂਪ ਪੂਰਨ ਸੰਤ ਹਨ, ਪੂਰਨ ਭਾਗ ਜਾਗੇ ਆਪਾ ਭਾਵ ਮੇਟ ਕੇ ਪਵਿੱਤਰ ਚਰਨ ਕਵਲਾਂ 'ਤੇ ਆਪਣਾ ਸਿਰ ਰੱਖਿਆ, ਪ੍ਰੇਮ ਵਿਚ ਐਸਾ ਲੀਨ ਹੋਇਆ ਕਿ ਚਰਨਾਂ ਤੋਂ ਸਿਰ ਚੁੱਕਿਆ ਹੀ ਨਹੀਂ। ਇਸਦੀ ਨਿਮਰਤਾ ਅਤੇ ਪ੍ਰੇਮ ਦੇਖ ਕੇ ਹਜ਼ੂਰ ਨੇ ਇਸਦੇ ਸੀਸ ਉੱਪਰ ਆਪਣਾ ਹਸਤ-ਕਮਲ ਰੱਖ ਕੇ ਐਸੀ ਕਿਰਪਾ ਭਰੀ ਦ੍ਰਿਸ਼ਟੀ ਨਾਲ ਤੱਕਿਆ ਕਿ ਝੱਟ ਹੀ ਬੱਜਰ ਕਪਾਟ, ਭਾਵ ਆਸਾ ਅੰਦੇਸਾ ਦੇ ਤਖ਼ਤੇ ਖੁੱਲ੍ਹ ਗਏ, ਹਿਰਦੇ ਵਿਚੋਂ ਦ੍ਵੈਤ ਭਾ ਮਿਟ ਗਿਆ :—

*'ਨਾਨਕ ਨਦਰੀ ਨਦਰਿ ਨਿਹਾਲ ॥੩੮॥'* [ਜਪੁਜੀ ਸਾਹਿਬ, ਅੰਗ—੮]

ਹੋ ਗਿਆ। ਇਸਨੂੰ ਛਿਨ ਵਿਚ ਨਿਹਾਲ ਹੋਇਆ ਵੇਖ ਕੇ ਭਾਈ ਬਾਲਾ ਜੀ ਨੇ ਬੇਨਤੀ ਕੀਤੀ :—

*'ਇਨ ਵੈਪਾਰੀ ਤਤਛਿਨ ਪਾਈ। ਕਛੁ ਚਿਰ ਕਾਲ ਨ ਸੇਵ ਕਮਾਈ ॥੨੮॥'*
[ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ ਅਧਯਾਯ-੧੫, ਜਿਲਦ-੪, ਪੰਨਾ—੮੯੭]

ਹਜ਼ੂਰ ਨੇ ਦੱਸਿਆ ਕਿ ਇਸਦੀ ਪਿਛਲੇ ਜਨਮ ਦੀ ਕਮਾਈ ਹੀ ਇਤਨੀ ਸੀ ਕਿ ਸਾਡੀ ਨਿਗ੍ਹਾ ਪੈਣ ਦੀ ਹੀ ਦੇਰ ਸੀ। ਜਿਸ ਤਰ੍ਹਾਂ ਦੀਵੇ ਵਿਚ ਤੇਲ ਅਤੇ ਵੱਟੀ ਪਈ ਹੋਵੇ, ਜੇ ਉਸਨੂੰ ਤੀਲ੍ਹੀ ਲਾ ਦੇਈਏ ਤਾਂ ਉਸੇ ਵੇਲੇ ਪ੍ਰਕਾਸ਼ ਹੋ ਜਾਂਦਾ ਹੈ, ਇਸੇ ਤਰ੍ਹਾਂ ਇਸਦੇ ਸਾਧਨ ਪੂਰਨ ਹੋ ਚੁੱਕੇ ਸਨ, ਸਿਰਫ਼ ਸਾਡੇ ਮਿਲਾਪ ਦੀ ਹੀ ਦੇਰ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਦੀਪਾਲਪੁਰ ਗਏ ਤਾਂ ਬਾਹਰਵਾਰ ਇਕ ਕੋੜ੍ਹੀ ਦੀ ਛਪਰੀ ਪਾਸ ਜਾ ਕੇ ਬੈਠ ਗਏ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਉਸਦੀ ਸਾਰੀ ਪੀੜ ਮਿਟ ਗਈ ਅਤੇ ਸ਼ਾਂਤੀ ਆ ਗਈ। ਹਨੇਰਾ ਹੋਣ 'ਤੇ ਜਦ ਦਰਸ਼ਨ ਹੋਣੋਂ ਹਟ ਗਏ ਤਾਂ ਉਹ ਫਿਰ ਵਿਰਲਾਪ ਕਰਨ ਲੱਗ ਪਿਆ ਤਾਂ ਸਤਿਗੁਰਾਂ ਨੇ ਕਿਰਪਾ-ਦ੍ਰਿਸ਼ਟੀ ਕਰਕੇ ਇਹ ਸ਼ਬਦ ਉਚਾਰ ਕੇ ਉਸਦਾ ਕੋੜ੍ਹ ਮੇਟ ਦਿੱਤਾ :—

*'ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥'*

[ਧਨਾਸਰੀ ਮਹਲਾ ੧, ਅੰਗ—੬੬੧]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਜੰਗ ਵਿਚ ਫੱਟੜ ਹੋਏ ਸਿੰਘਾਂ 'ਤੇ ਕਿਰਪਾ ਭਰੀ ਨਿਗ੍ਹਾ ਪਾਉਂਦੇ ਸਨ ਤਾਂ ਉਨ੍ਹਾਂ ਦੀ ਸਭ ਪੀੜ ਦੂਰ ਹੋ ਜਾਇਆ ਕਰਦੀ ਸੀ।

ਸੈਦ ਖਾਂ ਸਵਾ ਲੱਖ ਫ਼ੌਜ ਦਾ ਜਰਨੈਲ ਬਣ ਕੇ ਆਇਆ ਸੀ, ਭਾਵੇਂ ਉਹ ਵੈਰ ਨਾਲ ਹੀ ਚੇਤੇ ਕਰਦਾ ਸੀ, ਸਤਿਗੁਰਾਂ ਨੇ ਕਿਰਪਾ-ਦ੍ਰਿਸ਼ਟੀ ਕਰਕੇ ਸਭ ਦੁਖ ਦੂਰ ਕਰ ਦਿੱਤੇ, ਸ਼ਸਤਰ ਨਹੀਂ ਸੀ ਉਠਾ ਸਕਿਆ।* ਸੋ, ਸਤਿਗੁਰਾਂ ਦੀ ਦ੍ਰਿਸ਼ਟੀ ਵਿਚ ਬੜੀ ਤਾਕਤ ਹੈ।

## ਹਰਿ ਜਨ ਰਾਖੇ ਗੁਰ ਗੋਵਿੰਦ ॥

ਗੋਬਿੰਦ ਰੂਪ ਗੁਰਾਂ ਨੇ, ਯਾਂ **ਗੁਰ** = ਪੂਜਨੀਕ ਗੋਬਿੰਦ ਨੇ ਹਰੀ ਜਨਾਂ ਨੂੰ ਰੱਖ ਲਿਆ ਹੈ।

ਉਂਜ ਤਾਂ ਜਿਸਨੂੰ ਪੁੱਛੀਏ, ਉਹੀ ਕਹਿੰਦਾ ਹੈ ਕਿ ਮੈਂ ਹਰੀ ਜਨ ਹਾਂ। ਪਰ ਸਾਧਸੰਗਤ ਜੀ ! ਹਰੀ ਦਾ ਜਨ ਬਣਨਾ ਬੜਾ ਔਖਾ ਹੈ, ਕਈ ਸ਼੍ਰੇਣੀਆਂ ਨੇ ਵੀ ਆਪਣਾ ਨਾਮ ਹਰੀਜਨ ਰਖਾ ਲਿਆ ਹੈ। ਵੈਸੇ ਤਾਂ ਹਰੇਕ ਪ੍ਰਾਣੀ ਹਰੀਜਨ ਹੈ, ਕਿਉਂਕਿ ਸਾਰੇ ਉਸ ਹਰੀ ਦੇ ਹੀ ਬਣਾਏ ਹੋਏ ਹਨ। ਭਗਤ ਕਬੀਰ ਸਾਹਿਬ ਜੀ ਹਰੀਜਨ ਦੇ ਲੱਖਣ ਇਸ ਤਰ੍ਹਾਂ ਕਥਨ ਕਰਦੇ ਹਨ :—

*'ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥*
*ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥੧੪੬॥'*

[ਸਲੋਕ ਕਬੀਰ, ਅੰਗ—੧੩੭੨]

---

* ਸੈਦ ਖ਼ਾਂ ਦੀ ਸਾਰੀ ਸਾਖੀ ਇਸ ਪੋਥੀ ਦੇ ੬੯੪ ਪੰਨੇ 'ਤੇ ਪੜ੍ਹੋ ਜੀ।

ਜਿਵੇਂ ਰਾਹ ਦੇ ਰੋੜੇ ਦੀ ਕੋਈ ਮੇਰ ਨਹੀਂ ਹੁੰਦੀ, ਸਾਰੇ ਹੀ ਝੱਟ ਚੁੱਕ ਕੇ ਪਾਸੇ ਸੁੱਟ ਦਿੰਦੇ ਹਨ, ਹਰੀ ਦੇ ਜਨ ਦਾ ਐਸਾ ਜੀਵਨ ਹੋਣਾ ਚਾਹੀਦਾ ਹੈ। ਫਿਰ ਕਹਿੰਦੇ ਹਨ :—

*'ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ ॥*
*ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥੧੪੭॥'*

[ਸਲੋਕ ਕਬੀਰ, ਅੰਗ—੧੩੭੨]

ਜੇ ਰੋੜੇ ਦੀ ਤਰ੍ਹਾਂ ਜੀਵਨ ਬਣਾ ਕੇ ਰਾਹੀਆਂ ਨੂੰ ਦੁਖ ਦੇਣ ਦੀ ਤਰ੍ਹਾਂ ਸਰਾਪ ਦੇ ਕੇ ਲੋਕਾਂ ਦੇ ਕੰਮਾਂ ਵਿਚ ਰੁਕਾਵਟਾਂ ਪਾਉਂਦਾ ਰਿਹਾ, ਤਾਂ ਵੀ ਹਰੀ ਦਾ ਜਨ ਸੋਭਦਾ ਨਹੀਂ, ਇਸ ਲਈ ਧੂੜੀ ਵਰਗਾ ਜੀਵਨ ਚਾਹੀਦਾ ਹੈ। ਫਿਰ ਕਹਿੰਦੇ ਹਨ :—

*'ਕਬੀਰ ਖੇਹ ਹੂਈ ਤਉ ਕਿਆ ਭਇਆ ਜੌ ਉਡਿ ਲਾਗੈ ਅੰਗ ॥*
*ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥੧੪੮॥'* [ਅੰਗ—੧੩੭੨]

ਖੇਹ ਉੱਡ ਕੇ ਅੰਗਾਂ ਨਾਲ ਲੱਗਣ ਦੀ ਤਰ੍ਹਾਂ ਲੋਕਾਂ ਦੇ ਅੰਗਾਂ ਨਾਲ ਲੱਗਣ ਲੱਗ ਪਿਆ, ਭਾਵ ਮੋਹ ਕਰਨ ਲੱਗ ਗਿਆ, ਆਪਣਾ ਘਰ ਤਿਆਗ ਕੇ ਹੋਰ ਅਨੇਕਾਂ ਚੇਲੇ ਚੇਲੀਆਂ ਬਣਾ ਲਏ, ਹਰੀ ਜਨ ਦਾ ਐਸਾ ਜੀਵਨ ਵੀ ਨਹੀਂ ਫੱਬਦਾ, ਪਾਣੀ ਵਰਗਾ ਜੀਵਨ ਹੋਣਾ ਚਾਹੀਦਾ ਹੈ। ਫਿਰ ਕਹਿੰਦੇ ਹਨ ਕਿ ਹਰੀ ਜਨ ਦਾ ਜੀਵਨ ਪਾਣੀ ਵਰਗਾ ਵੀ ਨਹੀਂ ਸੋਭਦਾ। ਯਥਾ :—

*'ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ ॥*
*ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥੧੪੯॥'* [ਅੰਗ—੧੩੭੨]

ਪਾਣੀ ਦਾ ਸੁਭਾਅ ਹੈ; ਗਰਮੀ ਵਿਚ ਗਰਮ ਅਤੇ ਸਰਦੀ ਵਿਚ ਸਰਦ ਹੋ ਜਾਣਾ। ਇਸ ਤਰ੍ਹਾਂ ਗਰਮ ਸੁਭਾਅ ਵਾਲਿਆਂ ਨਾਲ ਮਿਲ ਕੇ ਕ੍ਰੋਧੀ ਹੋਣਾ ਅਤੇ ਸਤੋ ਗੁਣੀ ਸੁਭਾਅ ਵਾਲਿਆਂ ਨਾਲ ਮਿਲ ਕੇ ਸ਼ਾਂਤ ਹੋ ਜਾਣਾ, ਮਨ ਦੀ ਅਵਸਥਾ ਇਕ ਰਸ ਨਾ ਰਹਿਣੀ। ਇਸ ਲਈ ਹਰੀ ਦਾ ਜਨ ਹਰੀ ਵਰਗਾ ਹੀ ਹੋਣਾ ਚਾਹੀਦਾ ਹੈ। ਹਰੀ ਹੈ ਸੱਤ, ਹਰੀ ਦੇ ਪਿਆਰਿਆਂ ਨੂੰ ਵੀ ਸੱਤ ਸਰੂਪ ਤੇ ਅਡੋਲ ਨਿਸ਼ਚਾ ਅਤੇ ਸੱਤਵਾਦੀ ਹੋਣਾ ਚਾਹੀਦਾ ਹੈ, ਹਰੀ ਹੈ ਨਿਰਭਉ, ਨਿਰਵੈਰ, ਦਿਆਲੂ, ਹਰੀ ਦੇ ਪਿਆਰਿਆਂ ਨੂੰ ਵੀ ਨਿਰਭਉ, ਨਿਰਵੈਰ ਅਤੇ ਦਿਆਲੂ ਸੁਭਾਅ ਵਾਲੇ ਹੋਣਾ ਚਾਹੀਦਾ ਹੈ। ਯਥਾ :—

੧. *'ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥'*

[ਮਲਾਰ ਮਹਲਾ ੪, ਅੰਗ—੧੨੬੪]

੨. *'ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥੮॥'*

[ਮਾਰੂ ਸੋਲਹੇ ਮਹਲਾ ੫, ਅੰਗ—੧੦੭੬]

੩. *'ਜੋ ਪ੍ਰਾਨੀ ਨਿਸਦਿਨਿ ਭਜੈ ਰੂਪ ਰਾਮ ਤਿਹ ਜਾਨੁ ॥*
*ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥'*

[ਸਲੋਕ ਮਹਲਾ ੯, ਅੰਗ—੧੪੨੭]

੪. *'ਦੋਹਰਾ ॥ ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੬੦॥'*

[ਦਸਮ, ਅੰਗ—੫੯]

ਅਸਲ 'ਚ ਐਸੇ ਹਰਿ ਜਨ ਤਾਂ ਸਤਿਗੁਰੂ ਜੀ ਆਪ ਹੀ ਹਨ। ਚੌਥੇ ਪਾਤਸ਼ਾਹ ਜੀ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੂੰ ਹਰਿ ਜਨ ਕਥਨ ਕਰਦੇ ਹਨ। ਯਥਾ :—

*'ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥'*

[ਰਾਗੁ ਗੂਜਰੀ ਮਹਲਾ ੪, ਅੰਗ—੧੦]

ਹਰੀ ਪ੍ਰਮੇਸ਼ਰ ਨੇ ਆਪਣੇ ਜਨਾਂ ਦੀ ਆਪ ਹੀ ਰੱਖਿਆ ਕੀਤੀ ਹੈ ਅਤੇ ਕਰਦਾ ਹੈ। ਯਥਾ :—

੧. *'ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ ॥'* [ਆਸਾ ਮਹਲਾ ੫, ਅੰਗ—੪੦੩]

੨. *'ਦੋਵੈ ਥਾਵ ਰਖੇ ਗੁਰ ਸੂਰੇ ॥*
*ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ਰਹਾਉ॥'*

[ਬਿਲਾਵਲੁ ਮਹਲਾ ੫, ਅੰਗ—੮੨੫]

੩. *'ਜਨ ਕੇ ਪੂਰਨ ਹੋਏ ਕਾਮ ॥*
*ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ ॥੧॥ਰਹਾਉ॥'*

[ਧਨਾਸਰੀ ਮਹਲਾ ੫, ਅੰਗ—੬੮੨]

**ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ਰਹਾਉ॥**

(ੳ) ਬਖ਼ਸ਼ਣਹਾਰ ਦਿਆਲੂ ਪੁਰਖ ਨੇ ਸਾਰੇ ਔਗੁਣ ਮੇਟ ਕੇ ਆਪਣੇ ਗਲ ਨਾਲ ਲਾ ਲਿਆ ਹੈ ॥ਰਹਾਉ॥

(ਅ) ਅਭੇਦ ਨਿਸ਼ਚੇ ਰੂਪ ਕੰਠ ਨਾਲ ਲਾ ਕੇ ਸਾਰੇ ਅਉਗੁਣ; ਈਰਖਾ, ਨਿੰਦਿਆ, ਚੁਗਲੀ ਵਿਸ਼ਿਆਂ ਦੀ ਲਾਲਸਾ ਆਦਿਕ ਮੇਟ ਦਿੱਤੇ ਹਨ, ਵਾ :—ਪ੍ਰਤੱਖ ਗਲੇ ਨਾਲ ਲਾ

ਕੇ ਵੀ ਸਾਰੇ ਹੀ ਅਉਗਣ ਮੇਟ ਦਿੰਦੇ ਹਨ, ਜਿਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਮੰਝ ਜੀ ਦੀ ਸੇਵਾ 'ਤੇ ਪ੍ਰਸੰਨ ਹੋ ਕੇ ਖੂਹ ਵਿਚੋਂ ਕੱਢ ਕੇ ਚਿੱਕੜ ਨਾਲ ਲਿੱਬੜੇ ਹੋਏ ਨੂੰ ਆਪਣੇ ਗਲ ਨਾਲ ਲਾਇਆ ਅਤੇ ਇਹ ਵਰ ਦਿੱਤਾ :—

*'ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ।*
*ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ ॥੧॥'*

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ-੨, ਅੰਸੂ-੪੪, ਜਿਲਦ-੬, ਪੰਨਾ—੧੯੨੩]

ਜਿਵੇਂ ਬਾਬਾ ਬਿਧੀਚੰਦ ਜੀ ਨੂੰ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗਲ ਨਾਲ ਲਾਇਆ ਅਤੇ ਇਹ ਵਰ ਦਿੱਤਾ :—

*'ਬਿਧੀ ਚੰਦ ਛੀਨਾ ਗੁਰੂ ਕਾ ਸੀਨਾ..... ।'*

[ਤਵਾਰੀਖ਼ ਗੁਰੂ ਖ਼ਾਲਸਾ, ਭਾਗ-ਪਹਿਲਾ, ਪੰਨਾ—੫੪੨]

ਜਿਵੇਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਦਿੱਲੀਓਂ ਸੀਸ ਲੈ ਕੇ ਆਉਣ 'ਤੇ ਭਾਈ ਜੈਤਾ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗਲ ਨਾਲ ਲਾ ਕੇ, ਸਾਰੇ ਗੁਨਾਹ ਮੇਟ ਦਿੱਤੇ, ਪ੍ਰਸੰਨ ਹੋ ਕੇ ਇਹ ਵਰ ਦਿੱਤਾ :—

*'ਰੰਘਰੇਟੇ ਗੁਰੂ ਕੇ ਬੇਟੇ।'* [ਤਵਾਰੀਖ਼ ਗੁਰੂ ਖ਼ਾਲਸਾ, ਭਾਗ-ਪਹਿਲਾ, ਪੰਨਾ—੭੫੭]

## ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ॥

ਆਪਣੇ ਮਾਲਕ ਪ੍ਰਭੂ ਤੋਂ ਜੋ ਕੁਝ ਭੀ ਮੰਗਦੇ ਹਨ, ਵਾਹਿਗੁਰੂ ਉਹਨਾਂ ਨੂੰ ਉਹੀ-ਉਹੀ ਪਦਾਰਥ ਦਿੰਦਾ ਹੈ। ਯਥਾ :—

੧. *'ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥*
*ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੭]

੨. *'ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ ॥*
*ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥'*

[ਦਸਮ, ਅੰਗ—੩੫]

੩. *'ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ ॥*
*ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ ॥੧॥*
*ਮੇਰੇ ਮਨ ਨਾਮ ਕੀ ਕਰਿ ਟੇਕ ॥'* [ਮਾਰੂ ਮਹਲਾ ੫, ਅੰਗ—੧੦੦੭]

ਪਰ ਸਾਨੂੰ ਮੰਗਣ ਦੀ ਵੀ ਜਾਚ ਨਹੀਂ। ਯਥਾ :–

*'ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ–੨੫੮]

ਤਾਂ ਹੀ ਭਗਤ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ :–

*'ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥'*

[ਗਉੜੀ ਕਬੀਰ ਜੀ, ਅੰਗ–੩੩੦]

ਜੇ ਮੰਗਣਾ ਹੀ ਹੈ! ਤਾਂ ਇਸ ਮੰਗ ਨੂੰ ਮੰਗਣਾ ਕਰੀਏ :–

੧. *'ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥'*

[ਮਾਰੂ ਮਹਲਾ ੫, ਅੰਗ–੧੦੧੮]

੨. *'ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥'*

[ਗਉੜੀ ਸੁਖਮਨੀ ਮः ੫, ਅੰਗ–੨੮੯]

੩. *'ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ,*
*ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥'* [ਸੋਰਠਿ ਮਹਲਾ ੧, ਅੰਗ–੫੯੭]

੪. *'ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥*
*ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥੮॥'*

[ਸੂਹੀ ਮਹਲਾ ੧, ਅੰਗ–੭੫੩]

੫. *'ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥'*

[ਸੂਹੀ ਮਹਲਾ ੫, ਅੰਗ–੭੬੨]

੬. *'ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥'*

[ਰਾਮਕਲੀ ਕੀ ਵਾਰ ਮਹਲਾ ੫, ਅੰਗ–੯੫੮]

੭. *'ਕਰਤਾ ਤੂ ਮੇਰਾ ਜਜਮਾਨੁ ॥*
*ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥'*

[ਪ੍ਰਭਾਤੀ ਮਹਲਾ ੧, ਅੰਗ–੧੩੨੯]

੮. 'ਮਾਗਉ ਦਾਨੁ ਠਾਕੁਰ ਨਾਮ ॥
ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥
[ਟੋਡੀ ਮਹਲਾ ੫, ਅੰਗ—੭੧੩]

੯. 'ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ ॥
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥੧॥'
[ਰਾਗੁ ਧਨਾਸਿਰੀ ਮਹਲਾ ੩, ਅੰਗ—੬੬੬]

੧੦. 'ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥
ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥'
[ਸੂਹੀ ਮਹਲਾ ੧, ਅੰਗ—੭੫੨]

## ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥

ਗੁਰੂ ਜੀ ਕਥਨ ਕਰਦੇ ਹਨ, ਦਾਸ ਆਪਣੇ ਮੂੰਹ ਤੋਂ ਜੋ ਵੀ ਬਚਨ ਬੋਲਦਾ ਹੈ, ਉਹ ਬਚਨ **ਈਹਾ ਊਹਾ** = ਲੋਕ-ਪ੍ਰਲੋਕ ਵਿਚ ਸੱਚਾ, ਭਾਵ ਪੂਰਾ ਹੁੰਦਾ ਹੈ ॥੨॥

ਦਾਸਾ ਭਾਵ ਧਾਰ ਕੇ, ਵਾ :—ਦਾਸ-ਸੇਵਕ ਜਿਹੜੇ ਆਪ ਜੀ ਦੇ ਪਿਆਰੇ ਸੰਤ ਜਨ ਹਨ, ਸੁਭਾਵਕ ਹੀ ਜੋ ਮੁਖੋਂ ਬਚਨ ਬੋਲਦੇ ਹਨ, ਉਹ ਇਸ ਲੋਕ ਵਿਚ ਵੀ ਅਤੇ ਅੱਗੇ ਪ੍ਰਲੋਕ ਵਿਚ ਵੀ ਸੱਚੇ ਹੁੰਦੇ ਹਨ। ਯਥਾ :—

੧. 'ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥'
[ਗਉੜੀ ਕੀ ਵਾਰ ਮਹਲਾ ੫, ਅੰਗ—੩੦੬]

੨. 'ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥'
[ਸਾਰਗ ਮਹਲਾ ੫, ਅੰਗ—੧੨੦੪]

੩. 'ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ ॥੧੦॥'
[ਮਾਰੂ ਮਹਲਾ ੫, ਅੰਗ—੧੦੭੬]

੪. 'ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥'
[ਆਸਾ ਮਹਲਾ ੫, ਅੰਗ—੪੦੩]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੪੧.

**ਧਨਾਸਰੀ ਮਹਲਾ ੫ ਘਰੁ ੧੨**

**ੴ ਸਤਿਗੁਰ ਪ੍ਰਸਾਦਿ ॥** [ਅੰਗ—੬੮੩]

**ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ਰਹਾਉ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਸੋਮੇ, ਗੁਰਬਾਣੀ ਰਚਨਹਾਰ, ਜਿਨ੍ਹਾਂ ਨੇ ਸੰਸਾਰ ਦੇ ਕਲਿਆਣ ਲਈ ਆਪਣਾ ਅਵਤਾਰ ਧਾਰਿਆ ਹੈ, ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਧਨਾਸਰੀ ਰਾਗਣੀ ਵਿਚ ਬਾਰ੍ਹਵੇਂ **ਘਰੁ** = ਸੁਰ ਤਾਲ ਵਿਚ ਇਹ ਸ਼ਬਦ ਉਚਾਰਨ ਕਰਦੇ ਹਨ। ਸਿਰਲੇਖ ਉਪਰੰਤ ਹਜ਼ੂਰ ਮੰਗਲ ਕਰਦੇ ਹਨ :—

**੧** = ਅਦ੍ਵੈਤ ਸਰੂਪ ਪ੍ਰਮੇਸ਼ਰ, **ੴ** = ਸਰਬ ਦਾ ਪ੍ਰਕਾਸ਼ਕ, **ਸਤਿ** = ਤ੍ਰੈ ਕਾਲ (ਭੂਤ, ਭਵਿੱਖਤ ਤੇ ਵਰਤਮਾਨ ਸਮਿਆਂ ਵਿਚ) ਅਬਾਧ (ਨਾਸ ਤੋਂ ਰਹਿਤ), **ਗੁਰ** = ਚੇਤਨ ਸਰੂਪ, **ਪ੍ਰਸਾਦਿ** = ਅਨੰਦ ਸਰੂਪ ਹੈ। ਮੰਗਲ ਤੋਂ ਉਪਰੰਤ ਪ੍ਰਮੇਸ਼ਰ ਨੂੰ ਨਮਸਕਾਰ ਕਰਨ ਦਾ ਅਤੇ ਉਸਦੇ ਗੁਣ ਗਾਉਣ ਦਾ ਉਪਦੇਸ਼ ਬਖ਼ਸ਼ਦੇ ਹਨ :—

ਸਾਧਸੰਗਤ ਜੀ! ਕੋਈ ਗੁੱਗੇ ਨੂੰ, ਕੋਈ ਪੀਰਾਂ-ਫ਼ਕੀਰਾਂ ਅਤੇ ਕੋਈ ਸ਼ੇਖ਼ਾਂ ਆਦਿਕਾਂ ਨੂੰ ਮਨਾਉਂਦਾ ਹੈ। ਕੋਈ ਜੰਡਾਂ ਨੂੰ ਸੰਧੂਰ ਭੁੱਕਦਾ ਹੈ, ਕੋਈ ਦੇਵੀ-ਦੇਵਤਿਆਂ ਨੂੰ ਮਨਾਉਂਦਾ ਹੈ, ਕੋਈ ਮੜ੍ਹੀਆਂ ਅਤੇ ਕਬਰਾਂ ਨੂੰ ਪੂਜਦਾ ਹੈ। ਯਥਾ :—

੧. *'ਕਊ ਬੁਤਾਨ ਕੋ ਪੂਜਤ ਹੈ ਪਸੁ ਕਊ ਮ੍ਰਿਤਾਨ ਕੋ ਪੂਜਨ ਧਾਇਓ ॥*
*ਕੂਰ ਕ੍ਰਿਆ ਉਰਝਿਓ ਸਭ ਹੀ ਜਗੁ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥'*
[ਦਸਮ, ਅੰਗ—੧੫]

੨. *'ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨ ਉਹੁ ਛਾਰ ਉਡਾਵੈ ॥੧॥*
*ਹਉ ਤਉ ਏਕ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥'*
[ਗੋਂਡ ਸ੍ਰੀ ਨਾਮਦੇਵ ਜੀ, ਅੰਗ—੮੭੪]

ਪਰ :—

**ਬੰਦਨਾ ਹਰਿ ਬੰਦਨਾ**

ਹੇ ਭਾਈ! ਬੰਦਨਾ ਕਰਨਾ ਯੋਗ ਤਾਂ ਉਹ ਹਰੀ ਪ੍ਰਮੇਸ਼ਰ ਹੀ ਹੈ, ਉਸੇ ਨੂੰ ਹੀ ਬੰਦਨਾ

ਕਰੋ। **ਹਰਿ ਬੰਦਨਾ** = ਜਿਸਨੂੰ ਨਮਸਕਾਰ ਕਰਨ ਨਾਲ ਕਰਤਾ-ਭੋਗਤਾ, ਹੰਗਤਾ-ਮਮਤਾ, ਜੰਮਣ-ਮਰਨ ਆਦਿਕ ਸਭ ਬੰਧਨ ਹਰੇ ਜਾਂਦੇ ਹਨ, ਭਾਵ ਨਾਸ ਹੋ ਜਾਂਦੇ ਹਨ। ਯਥਾ :—

*'ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ,*
*ਜੋ ਜਾਇ ਲਗੈ ਗੁਰ ਪੈਰੇ ਰਾਮ ॥'* [ਬਿਹਾਗੜਾ ਮਹਲਾ ੪, ਅੰਗ—੫੪੦]

ਪ੍ਰਸ਼ਨ :—ਜੇ ਨਮਸਕਾਰ ਨਾ ਕਰੀਏ ਤਾਂ ਕੀ ਨੁਕਸਾਨ ਹੁੰਦਾ ਹੈ ?

ਉੱਤਰ :—ਭਗਤ ਫਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ :—

*'ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥*
*ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥*
*ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥*
*ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥'*

[ਸਲੋਕ ਸੇਖ ਫਰੀਦ, ਅੰਗ—੧੩੮੧]

ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਵੀ ਫ਼ੁਰਮਾਉਂਦੇ ਹਨ :—

*'ਸਲੋਕ ਮਃ ੨ ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥*
*ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥੧॥'*

[ਸਿਰੀ ਰਾਗ ਕੀ ਵਾਰ, ਅੰਗ—੮੯]

ਸਿਆਣਿਆਂ ਦਾ ਕਹਿਣਾ ਹੈ :—

੧. *'ਸੀਸ ਨਿਵਾਇਐ ਗਿਰ ਪੜੈ ਸਭ ਪਾਪਨ ਕੀ ਪੋਟ।*
*ਤਾਂ ਤੇ ਸੀਸ ਨਿਵਾਈਐ ਲਗੈ ਨ ਜਮ ਕੀ ਚੋਟ।'* [ਲੋਕਕ]

੨. *'ਤੇਰੀ ਅੱਖ ਦੀ ਸਿੱਪ ਦਾ ਇਕ ਮੋਤੀ,*
*ਜੇਕਰ ਗੁਰੂ ਚਰਨਾਂ ਅੰਦਰ ਡੁੱਲ੍ਹ ਜਾਵੇ।*
*ਓਹਦੀ ਮੇਹਰ ਦੀ ਨਦਰ ਦਾ ਕੁਲ ਸਾਗਰ,*
*ਤੇਰੇ ਇਕ ਕਤਰੇ ਅੰਦਰ ਘੁਲ ਜਾਵੇ।*
*ਮੱਥਾ ਰਗੜ ਜਾ ਕੇ ਪਾਇਦਾਨ ਉੱਤੇ,*
*ਤੇਰਾ ਦੇਖ ਸਿਜਦਾ ਪੈ ਮੁੱਲ ਜਾਵੇ।*
*ਤੇਰੇ ਮੱਥੇ ਦੀ ਰੇਖਾ ਦਾ ਬੰਦ ਬੂਹਾ,*
*ਮਤਾਂ ਖੁੱਲ੍ਹਦਿਆਂ-ਖੁੱਲ੍ਹਦਿਆਂ ਖੁੱਲ੍ਹ ਜਾਵੇ।'* [ਲੋਕਕ]

## ਸਾਖੀ : ਸਲਾਰਦੀਨ ਕਾਜ਼ੀ ਦੀ

ਇਕ ਵਾਰ ਸਲਾਰਦੀਨ ਕਾਜ਼ੀ ਦਸਵੇਂ ਪਾਤਸ਼ਾਹ ਜੀ ਪਾਸ ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ ਵਾਸਤੇ ਆਇਆ, ਉਸਨੇ ਵੇਖਿਆ ਕਿ ਸਭ ਦੇਸ਼ਾਂ-ਪ੍ਰਦੇਸ਼ਾਂ ਦੀਆਂ ਸੰਗਤਾਂ ਆ ਕੇ ਭੇਟਾਵਾਂ ਅੱਗੇ ਧਰ ਕੇ ਸਤਿਗੁਰੂ ਮਹਾਰਾਜ ਜੀ ਦੇ ਪਵਿੱਤਰ ਚਰਨ-ਕਮਲਾਂ 'ਤੇ ਨਮਸਕਾਰਾਂ ਕਰਦੀਆਂ ਹਨ ਅਤੇ ਸਤਿਗੁਰੂ ਜੀ ਸਭ ਦੀਆਂ ਮਨੋਂ-ਕਾਮਨਾਂ ਪੂਰਨ ਕਰਨ ਵਾਸਤੇ ਵਰ ਬਖ਼ਸ਼ਦੇ ਹਨ। ਸਲਾਰਦੀਨ ਕਾਜ਼ੀ ਨੇ ਸ਼ੰਕਤ ਹੋ ਕੇ ਕਿਹਾ, "ਮਹਾਰਾਜ ਸਾਹਿਬ ਜੀ! ਜੇ ਤਾਂ ਇਹਨਾਂ ਸਾਰਿਆਂ ਦੇ ਜੋ ਮਾੜੇ ਕਰਮ ਹਨ, ਤੁਸੀਂ ਵਰ ਦੇ ਕੇ ਮੇਟੀ ਜਾਂਦੇ ਹੋ, ਤਾਂ ਪ੍ਰਮੇਸ਼ਰ ਦੇ ਭਾਣੇ ਤੋਂ ਉਲਟ ਹੈ, ਜੇ ਇਹਨਾਂ ਦੇ ਕਰਮ ਉਸੇ ਤਰ੍ਹਾਂ ਹੀ ਮਾੜੇ ਰਹਿੰਦੇ ਹਨ, ਤਾਂ ਚਰਨਾਂ 'ਤੇ ਮੱਥਾ ਟੇਕਣ ਦਾ ਕੋਈ ਫਾਇਦਾ ਨਹੀਂ ਹੈ।" ਸਤਿਗੁਰੂ ਜੀ ਨੇ ਕਾਜ਼ੀ ਦੀ ਤਸੱਲੀ ਕਰਵਾਉਣ ਲਈ ਤੋਸ਼ੇਖ਼ਾਨੇ ਵਿਚੋਂ ਇਕ ਸਫੈਦ ਕਾਗਜ਼, ਮੋਹਰ ਅਤੇ ਸਿਆਹੀ ਮੰਗਾਈ ਤੇ ਕਾਜ਼ੀ ਨੂੰ ਕਿਹਾ, "ਇਸ ਮੋਹਰ ਦੇ ਅੱਖਰ ਪੜ੍ਹ।" ਤਾਂ ਕਾਜ਼ੀ ਨੇ ਕਿਹਾ, "ਜੀ! ਪੁੱਠੇ ਹੋਣ ਕਰਕੇ ਮੋਹਰ ਦੇ ਅੱਖਰ ਸਹੀ ਨਹੀਂ ਪੜ੍ਹੇ ਜਾਂਦੇ।" ਸਤਿਗੁਰਾਂ ਨੇ ਮੋਹਰ ਨਾਲ ਸਿਆਹੀ ਲਾ ਕੇ ਕਾਗਜ਼ 'ਤੇ ਠੱਪਾ ਲਾਇਆ। ਤਾਂ ਕਾਜ਼ੀ ਨੇ ਝੱਟ ਪੜ੍ਹ ਦਿੱਤੇ, ਜੋ ਇਹ ਸਨ :—

*'ਦੇਗ ਦੇਗ ਫ਼ਤਹ ਨੁਸਰਤ ਬੇਦਰੰਗ ॥*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥*
*ਸ੍ਰੀ ਅਕਾਲ ਜੀ ਸਹਾਇ ॥'*

ਫਿਰ ਸਤਿਗੁਰਾਂ ਨੇ ਕਿਹਾ, "ਅਸੀਂ ਪ੍ਰਮੇਸ਼ਰ ਦੇ ਭਾਣੇ ਤੋਂ ਉਲਟ ਨਹੀਂ ਚੱਲਦੇ ਅਤੇ ਲੇਖ ਵੀ ਸਿੱਧੇ ਕਰ ਦਿੰਦੇ ਹਾਂ, ਜੋ ਸ਼ਰਧਾ ਨਾਲ ਚਰਨਾਂ 'ਤੇ ਮੱਥਾ ਰੱਖਦੇ ਹਨ, ਉਹਨਾਂ ਦੇ ਲੇਖ ਮੋਹਰ ਦੀ ਤਰ੍ਹਾਂ ਪੁੱਠਿਆਂ ਤੋਂ ਸਿੱਧੇ ਹੋ ਜਾਂਦੇ ਹਨ।" ਸ਼ਰਧਾ ਤੋਂ ਬਿਨਾਂ ਤਾਂ ਇਸ ਤਰ੍ਹਾਂ ਹੈ :—

*'ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥*
*ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੦]

ਜਿਵੇਂ ਡੰਡ ਕੱਢਣੀ ਨਮਸਕਾਰ ਨਹੀਂ, ਉਹ ਤਾਂ ਕਸਰਤ ਹੈ, ਨਮਸਕਾਰ ਸ਼ਰਧਾ ਭਾਵਨਾ ਨਾਲ ਕਰਨੀ ਹੈ, ਸਤਿਗੁਰੂ ਜੀ ਨੂੰ ਹਾਜ਼ਰ-ਨਾਜ਼ਰ ਜਾਣ ਕੇ। ਰਹਿਤਨਾਮਿਆਂ ਵਿਚ ਵੀ ਬਚਨ ਆਉਂਦਾ ਹੈ :—

*'ਸ਼ਬਦ ਭੋਗ ਨ ਨਿਵਾਵੈ ਸੀਸ ॥ ਮਿਲੈ ਨਾ ਤਾਹਿ ਕਦੇ ਜਗਦੀਸ ॥'*

## ਸਾਖੀ : ਹੰਕਾਰੀ ਪੁਰਸ਼ਾਂ ਦੀ

ਜਨਮਸਾਖੀ ਵਿਚ ਇਉਂ ਲਿਖਿਆ ਹੈ ਕਿ ਪਹਿਲੇ ਪਾਤਸ਼ਾਹ ਜੀ ਪਾਸ ਦੂਜੇ ਪਾਤਸ਼ਾਹ ਜੀ ਨੇ ਬੇਨਤੀ ਕੀਤੀ, "ਕਿਰਪਾ ਕਰਕੇ ਸੁੰਨ-ਸਮਾਧੀਆਂ ਦੇ ਦਰਸ਼ਨ ਕਰਾਉ।" ਤਾਂ ਹਜ਼ੂਰ ਨੇ ਕਿਹਾ, "ਤੁਸੀਂ ਜਾਓ ! ਤੁਹਾਨੂੰ ਸੁੰਨ-ਸਮਾਧੀਆਂ ਦੇ ਦਰਸ਼ਨ ਹੋਣਗੇ।" ਸ੍ਰੀ ਗੁਰੂ ਅੰਗਦ ਦੇਵ ਜੀ ਹੁਕਮ ਮੰਨ ਕੇ ਤੁਰੇ ਗਏ। ਅੱਗੇ ਉਜਾੜ ਵਿਚ ਜਾ ਕੇ ਇਕ ਨਗਰ ਵੇਖਿਆ, ਉਸ ਵਿਚ ਉਹ ਲੋਕ ਵੱਸਦੇ ਵੇਖੇ, ਜਿਨ੍ਹਾਂ ਦੇ ਮੂੰਹ ਕਾਲੇ ਸਨ। ਅੱਗੇ ਗਏ ਵੇਖਿਆ, ਉਹ ਲੋਕ ਸਨ, ਜਿਨ੍ਹਾਂ ਨੂੰ ਸੂਰਾਂ ਦੇ ਮੂੰਹ ਲੱਗੇ ਹੋਏ ਸਨ। ਉਥੋਂ ਹੋਰ ਅੱਗੇ ਗਏ ਤਾਂ ਗਰਦਨਾਂ ਵਿਚ ਕਿੱਲੇ ਠੁਕਿਆਂ ਵਾਲੇ ਲੋਕ ਦੇਖੇ। ਫਿਰ ਅੱਗੇ ਇਸ ਤਰ੍ਹਾਂ ਦੇ ਲੋਕ ਵੇਖੇ, ਜਿਨ੍ਹਾਂ ਦੇ ਪੈਰ ਪ੍ਰੇਤਾਂ ਵਾਂਗ ਪੁੱਠੇ ਸਨ ਅਤੇ ਮੂੰਹ ਪਿੱਠਾਂ ਵੱਲ ਲੱਗੇ ਸਨ। ਇਸ ਤੋਂ ਅੱਗੇ ਲੜਕੀਆਂ ਆਪਣੇ ਪਿਤਾ ਅਤੇ ਭਰਾਵਾਂ ਸਹਿਕਦਿਆਂ ਦੇ ਮਾਸ ਨੂੰ ਕੱਟ-ਕੱਟ ਕੇ ਖਾਂਦੀਆਂ ਹੋਈਆਂ ਦੇਖੀਆਂ। ਉਥੋਂ ਹੋਰ ਅੱਗੇ ਜਾ ਕੇ ਫਿਰ ਸੁੰਨ-ਸਮਾਧੀਆਂ ਦੇ ਦਰਸ਼ਨ ਹੋਏ। ਦਰਸ਼ਨ ਕਰਕੇ ਤੇ ਪਰਸਪਰ ਪ੍ਰੇਮ ਨਾਲ ਬਚਨ-ਬਿਲਾਸ ਕਰਕੇ ਵਾਪਸ ਸਤਿਗੁਰਾਂ ਪਾਸ ਆ ਗਏ। ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ ਜੀ ! ਜੋ ਅੱਡ-ਅੱਡ ਹਾਲਤਾਂ ਅਤੇ ਸ਼ਕਲਾਂ ਵਾਲੇ ਲੋਕ ਰਸਤੇ ਵਿਚ ਮਿਲੇ ਸਨ, ਉਨ੍ਹਾਂ ਬਾਬਤ ਦੱਸੋ।" ਤਾਂ ਹਜ਼ੂਰ ਨੇ ਫ਼ੁਰਮਾਇਆ, "ਸਭ ਤੋਂ ਪਹਿਲਾਂ ਤੁਸੀਂ ਜੋ ਕਾਲੇ ਮੂੰਹਾਂ ਵਾਲੇ ਦੇਖੇ, ਉਹ ਐਸੇ ਸਨ, ਜੋ ਕਿਸੇ ਪਾਸੋਂ ਕਰਜ਼ਾ ਲੈ ਕੇ ਮੁੱਕਰੇ ਸਨ। ਅੱਗੇ ਉਹ ਸਨ, ਜਿਹੜੇ ਸੂਰਾਂ ਵਾਂਗ ਪਰਾਈ ਨਿੰਦਾ ਰੂਪ ਵਿਸ਼ਟਾ ਆਪਣੀ ਜ਼ਬਾਨ ਨਾਲ ਖਾਂਦੇ ਰਹੇ ਸਨ। ਇਸ ਕਰਕੇ ਪ੍ਰਮੇਸ਼ਰ ਨੇ ਸਜ਼ਾ ਵਜੋਂ ਉਹਨਾਂ ਨੂੰ ਸੂਰਾਂ ਦੇ ਮੂੰਹ ਲਗਾ ਦਿੱਤੇ। ਤੀਜੇ ਜੋ ਸਤਿਗੁਰਾਂ ਦੇ ਆਉਣ ਤੋਂ ਸਤਿਕਾਰ ਵਜੋਂ ਖੜ੍ਹੇ ਨਹੀਂ ਸਨ ਹੁੰਦੇ, ਕਦੀ ਸਿਰ ਝੁਕਾ ਕੇ ਨਮਸਕਾਰ ਨਹੀਂ ਸੀ ਕੀਤੀ, ਇਸ ਕਰਕੇ ਉਨ੍ਹਾਂ ਦੀਆਂ ਧੌਣਾਂ ਵਿਚ ਕਿੱਲੇ ਠੁਕੇ ਹੋਏ ਸਨ ਕਿ ਸਦਾ ਆਕੜੀਆਂ ਹੀ ਰਹਿਣ। ਅੱਗੇ ਫਿਰ ਉਹ ਸਨ, ਜੋ ਸਤਿਗੁਰਾਂ ਤੋਂ ਬੇਮੁਖ ਸਨ, ਇਸ ਕਰਕੇ ਉਹਨਾਂ ਦੇ ਮੂੰਹ ਪਿੱਛੇ ਪਿੱਠ ਵੱਲ ਅਤੇ ਪੈਰ ਪ੍ਰੇਤਾਂ ਵਾਂਗ ਪੁੱਠੇ ਲੱਗੇ ਹੋਏ ਸਨ। ਅੱਗੇ ਜਿਨ੍ਹਾਂ ਨੇ ਆਪਣੀਆਂ ਲੜਕੀਆਂ ਵੇਚ ਕੇ ਉਹਨਾਂ ਦੇ ਪੈਸੇ ਖਾਧੇ ਸਨ, ਹੁਣ ਲੜਕੀਆਂ ਉਹਨਾਂ ਦਾ ਮਾਸ ਖਾ ਕੇ ਆਪਣਾ ਬਦਲਾ ਲੈ ਰਹੀਆਂ ਸਨ।

ਸੋ, ਸਤਿਗੁਰਾਂ ਨੂੰ ਨਾ ਨਮਸਕਾਰ ਕਰਨ ਦੀ ਇਤਨੀ ਭਾਰੀ ਸਜ਼ਾ ਅੱਗੇ ਪ੍ਰਲੋਕ ਵਿਚ ਮਿਲਦੀ ਹੈ। ਇਸ ਲਈ ਆਪਾਂ ਨੂੰ ਚਾਹੀਦਾ ਹੈ ਕਿ ਜਦੋਂ ਗੁਰਦੁਆਰੇ ਸਾਹਿਬ ਆਈਏ ਤਾਂ ਸ਼ਰਧਾ ਭਾਵਨਾ ਨਾਲ ਹੱਥਾਂ ਦੀਆਂ ਦੋਵੇਂ ਤਲੀਆਂ ਜ਼ਮੀਨ 'ਤੇ ਲਾ ਕੇ ਅਤੇ ਮੱਥਾ ਧਰਤੀ 'ਤੇ ਲਾ ਕੇ ਸਤਿਗੁਰਾਂ ਨੂੰ ਨਮਸਕਾਰ ਕਰਿਆ ਕਰੀਏ, ਭਾਵਨਾ ਇਹ ਕਰਨੀ ਹੈ ਕਿ ਮੱਥਾ ਸਤਿਗੁਰਾਂ ਦੇ ਚਰਨਾਂ 'ਤੇ ਰੱਖਿਆ ਹੈ। ਪੁੱਠੇ ਹੱਥ ਕਰਕੇ ਨਹੀਂ ਮੱਥਾ ਟੇਕਣਾ

(ਕਿਉਂਕਿ ਪੁੱਠੇ ਹੱਥ ਤਾਂ ਮੁਸਲਮਾਨ ਲੋਕ ਸਜ਼ਦਾ ਕਰਨ ਵੇਲੇ ਕਰਦੇ ਹਨ)। ਜੇਕਰ ਇਸ ਤਰ੍ਹਾਂ ਮਹਾਰਾਜ ਸਾਹਿਬ ਅੱਗੇ ਸ਼ਰਧਾ-ਭਾਵਨਾ ਸਹਿਤ ਮੱਥਾ ਟੇਕਾਂਗੇ ਤਾਂ ਮੱਥੇ ਦੇ ਪੁੱਠੇ ਲੇਖ ਵੀ ਸਿੱਧੇ ਹੋ ਜਾਣਗੇ।

ਸਿਰ ਝੁਕਾ ਕੇ ਨਮਸਕਾਰ ਕਰਨ ਨੂੰ ਬੰਦਨਾ ਕਹੀਦਾ ਹੈ; ਜੋ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਨੀ ਹੈ, ਇਹ ਅੰਜੁਲੀ ਕਹਿਲਾਉਂਦੀ ਹੈ; ਲੰਮੇ ਪੈ ਕੇ ਅੱਠਾਂ ਅੰਗਾਂ* ਕਰਕੇ ਨਮਸਕਾਰ ਕਰਨ ਨੂੰ ਡੰਡਉਤ ਕਹੀਦਾ ਹੈ।

ਸੋ, ਗੁਰੂ ਪ੍ਰਮੇਸ਼ਰ ਅੱਗੇ ਹੀ ਨਮਸਕਾਰ ਕਰਨੀ ਹੈ। ਫਿਰ ਜਦ ਅਰਦਾਸ ਹੋਵੇ ਤਾਂ ਦੋਹਾਂ ਲੱਤਾਂ 'ਤੇ ਬਰਾਬਰ ਭਾਰ ਪਾ ਕੇ ਖੜ੍ਹੇ ਹੋਣਾ ਹੈ, ਦੋਵੇਂ ਹੱਥ ਸਿੱਧੇ ਛਾਤੀ ਅੱਗੇ ਜੋੜ ਕੇ (ਉਂਗਲਾਂ 'ਚ ਉਂਗਲਾਂ ਫਸਾ ਕੇ, ਹੱਥ ਲੱਕ ਅੱਗੇ ਨਹੀਂ ਕਰਨੇ ਹਨ), ਨਿਗ੍ਹਾ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰੱਖਣੀ ਅਤੇ ਕੰਨਾਂ ਦਾ ਧਿਆਨ ਅਰਦਾਸ ਦੇ ਅੱਖਰਾਂ ਵੱਲ ਹੋਣਾ ਚਾਹੀਦਾ ਹੈ। ਜੇ ਮਹਾਰਾਜ ਸਾਹਿਬ ਜੀ ਦਾ ਸਰੂਪ ਇਕ ਥਾਂ ਤੋਂ ਦੂਜੀ ਥਾਂ ਲਿਜਾਂਦਿਆਂ ਰਸਤੇ ਵਿਚ ਦਰਸ਼ਨ ਹੋਣ ਤਾਂ ਪੈਰਾਂ ਤੋਂ ਜੋੜਾ ਉਤਾਰ ਕੇ ਨਮਸਕਾਰ ਕਰਨੀ ਹੈ, ਜਦ ਤੱਕ ਮਹਾਰਾਜ ਸਾਹਿਬ ਜੀ ਦਾ ਸਰੂਪ ਕਾਫੀ ਦੂਰ ਤੱਕ ਨਾ ਚਲਿਆ ਜਾਵੇ, ਤਦ ਤੱਕ ਜੋੜਾ ਉਤਾਰ ਕੇ ਦੋਵੇਂ ਹੱਥ ਜੋੜ ਕੇ ਖੜ੍ਹੇ ਰਹਿਣਾ ਹੈ। ਸੋ, ਆਪਣੇ ਭਲੇ ਲਈ ਮਹਾਰਾਜ ਸਾਹਿਬ ਜੀ ਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਹੈ, ਅਤੇ :—

**ਗੁਣ ਗਾਵਹੁ ਗੋਪਾਲ ਰਾਇ ॥ਰਹਾਉ॥**

ਜੋ **ਗੋ** = ਪ੍ਰਿਥਵੀ, ਭਾਵ ਸ੍ਰਿਸ਼ਟੀ ਨੂੰ **ਪਾਲ** = ਪਾਲਣ ਵਾਲਾ ਹੈ, **ਰਾਇ** = ਰਾਜਾ ਰੂਪ, ਅਥਵਾ :—ਪ੍ਰਕਾਸ਼ ਸਰੂਪ ਪ੍ਰਮੇਸ਼ਰ ਹੈ, ਉਸਦੇ ਗੁਣ ਗਾਉਣਾ ਕਰੋ। ਉਸ ਤੋਂ ਬਿਨਾਂ :—

੧. *'ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥*
*ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥*
*ਵਾਹੁ ਮੇਰੇ ਸਾਹਿਬਾ ਵਾਹੁ ॥*
*ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥'* [ਸੂਹੀ ਮਹਲਾ ੩, ਅੰਗ—੭੫੫]

੨. *'ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥*
*ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥'*
[ਗਉੜੀ ਸੁਖਮਨੀ ਮਃ ੫, ਅੰਗ—੨੮੯]

* ਦੋ ਹੱਥ, ਦੋ ਪੈਰ, ਦੋ ਗੋਡੇ, ਛਾਤੀ ਅਤੇ ਮੱਥਾ ਇਹ ਅੱਠ ਅੰਗ ਹਨ।

ਹੋਰ ਤਾਂ :—

*'ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ ॥'*

[ਸੋਰਠਿ ਮਹਲਾ ੫, ਅੰਗ—੬੦੮]

## ਸਾਖੀ : ਖੜਗ ਸਿੰਘ ਦੀ

ਖੜਗ ਸਿੰਘ ਬੜਾ ਭਾਰੀ ਬਲਵਾਨ ਸੂਰਮਾ ਹੋਇਆ ਹੈ, ਜੋ ਸ੍ਰੀ ਕ੍ਰਿਸ਼ਨ ਜੀ ਨਾਲ ਜੰਗ ਕਰਕੇ, ਹਰਾ ਕੇ ਕੇਸਾਂ ਤੋਂ ਪਕੜ ਲੈਂਦਾ ਸੀ ਅਤੇ ਫਿਰ ਇਹ ਕਹਿ ਕੇ ਛੱਡ ਦਿੰਦਾ ਸੀ ਕਿ ਤੂੰ ਮੈਨੂੰ ਬਹੁਤ ਸੋਹਣਾ ਲੱਗਦਾ ਹੈਂ, ਇਸ ਕਰਕੇ ਮੇਰਾ ਤੈਨੂੰ ਮਾਰਨ ਨੂੰ ਦਿਲ ਨਹੀਂ ਕਰਦਾ।" ਕ੍ਰਿਸ਼ਨ ਜੀ ਨੇ ਵਿਸ਼ਨੂੰ ਅੱਗੇ ਬੇਨਤੀ ਕੀਤੀ, "ਕਿਸੇ ਤਰੀਕੇ ਨਾਲ ਖੜਗ ਸਿੰਘ ਨੂੰ ਮਾਰੋ, ਮੈਥੋਂ ਤਾਂ ਉਹ ਤਕੜਾ ਹੈ।" ਤਾਂ ਵਿਸ਼ਨੂੰ ਬ੍ਰਾਹਮਣ ਦਾ ਰੂਪ ਧਾਰ ਕੇ ਖੜਗ ਸਿੰਘ ਕੋਲ ਆਇਆ ਅਤੇ ਕਿਹਾ, "ਤੂੰ ਮੈਨੂੰ ਆਪਣਾ ਧਨੁਖ ਦੇਣਾ ਕਰ (ਕਿਉਂਕਿ ਉਸਦੇ ਧਨੁਖ ਵਿਚ ਹੀ ਸ਼ਕਤੀ ਸੀ, ਜਿਸ ਕਰਕੇ ਉਹ ਮਰਦਾ ਨਹੀਂ ਸੀ)।" ਖੜਗ ਸਿੰਘ ਨੇ ਕਿਹਾ, "ਤੁਸੀਂ ਪੰਡਿਤ ਨਹੀਂ ਹੋ, ਮੈਨੂੰ ਤਾਂ ਵਿਸ਼ਨੂੰ ਦਾ ਸਰੂਪ ਮਲੂਮ ਹੁੰਦੇ ਹੋ।" ਪਰ ਮਨ ਵਿਚ ਸੋਚਣ ਲੱਗਾ, "ਓਇ ਮਨਾਂ! ਇਕ ਦਿਨ ਤਾਂ ਮਰਨਾ ਹੀ ਹੈ, ਵਿਸ਼ਨੂੰ ਭਗਵਾਨ ਬ੍ਰਾਹਮਣ ਦਾ ਰੂਪ ਧਾਰ ਕੇ ਮੰਗਤੇ ਦੀ ਸ਼ਕਲ ਵਿਚ ਤੇਰੇ ਪਾਸ ਆਇਆ ਹੈ, ਜੋ ਕੁਝ ਵੀ ਮੰਗਦਾ ਹੈ ਦੇ ਦੇ।" ਇਸ ਤਰ੍ਹਾਂ ਸੋਚ ਕੇ ਆਪਣਾ ਧਨੁਖ ਆਦਿਕ ਵਿਸ਼ਨੂੰ ਜੀ ਨੂੰ ਦੇ ਦਿੱਤਾ।

ਫਿਰ ਸ਼ਕਤੀ-ਹੀਣ ਹੋਇਆ ਜਾਣ ਕੇ ਭਗਵਾਨ ਕ੍ਰਿਸ਼ਨ ਨੇ ਜੰਗ ਕੀਤਾ, ਫਿਰ ਵੀ ਨਾ ਜਿੱਤ ਸਕਿਆ, ਤਾਂ ਨਾਰਦ ਨੇ ਖੜਗ ਸਿੰਘ ਨੂੰ ਭਗਤੀ ਦੀਆਂ ਗੱਲਾਂ ਵਿਚ ਲਾਇਆ, ਫਿਰ ਕ੍ਰਿਸ਼ਨ ਜੀ ਨੇ ਧੋਖੇ ਨਾਲ ਇਸਦਾ ਸਿਰ ਉਤਾਰਿਆ। ਜਦ ਸੀਸ ਕੱਟਿਆ ਗਿਆ ਤਾਂ ਕ੍ਰਿਸ਼ਨ ਦੀ ਸੈਨਾ ਨੇ ਨਾਹਰਾ ਲਾਇਆ 'ਭਗਵਾਨ ਸ੍ਰੀ ਕ੍ਰਿਸ਼ਨ ਦੀ ਜੈ।' ਤਾਂ ਖੜਗ ਸਿੰਘ ਨੇ ਆਪਣਾ ਸਿਰ ਕ੍ਰਿਸ਼ਨ ਦੀ ਛਾਤੀ ਵਿਚ ਮਾਰਿਆ ਅਤੇ ਕਿਹਾ, "ਧੋਖੇ ਨਾਲ ਮਾਰ ਕੇ ਆਪਣੀ ਜੈ ਜੈ ਕਾਰ ਕਰਾਉਂਦਾ ਹੈਂ, ਕਹੁ! ਸ੍ਰੀ ਪ੍ਰਮੇਸ਼ਰ ਦੀ ਜੈ।' ਸੋ, ਇਸ ਕਰਕੇ ਗੋਪਾਲ ਰਾਇ ਦੇ ਹੀ ਗੁਣ ਗਾਉਣੇ ਹਨ, ਹੋਰ ਕਿਸੇ ਦੇ ਨਹੀਂ।

## ਵਡੈ ਭਾਗਿ ਭੇਟੇ ਗੁਰਦੇਵਾ ॥

ਵੱਡਿਆਂ ਭਾਗਾਂ ਕਰਕੇ **ਦੇਵਾ** = ਪ੍ਰਕਾਸ਼ ਸਰੂਪ ਸਤਿਗੁਰੂ ਜੀ **ਭੇਟੇ** = ਮਿਲਦੇ ਹਨ।

ਸਿਆਣਿਆਂ ਦਾ ਕਹਿਣਾ ਹੈ ਕਿ ਬੋਹੜ ਦੇ ਦਰਖਤ ਦੇ ਪੱਤਿਆਂ ਜਿੰਨੇ ਪੁੰਨ ਕਰਮ ਹੋਣ ਤਾਂ ਗੁਰਸਿੱਖਾਂ ਦੇ ਘਰ ਮਨੁੱਖਾ ਜਨਮ ਮਿਲਦਾ ਹੈ। ਬੋਹੜ ਦੀਆਂ ਗੋਲ੍ਹਾਂ ਜਿੰਨੇ ਪੁੰਨ ਕਰਮ ਕੀਤੇ

ਹੋਣ ਤਾਂ ਸਤਿਸੰਗਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਬੋਹੜ ਦੀਆਂ ਸਾਰੀਆਂ ਗੋਲ੍ਹਾਂ ਵਿਚ ਜਿਤਨੇ ਬੀਜ ਹੁੰਦੇ ਹਨ, ਇਤਨੇ ਚੰਗੇ ਕਰਮ ਕੀਤੇ ਹੋਣ ਤਾਂ ਅਗਿਆਨ ਦਾ ਹਨੇਰਾ ਕੱਟ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਪ੍ਰਕਾਸ਼ ਸਰੂਪ ਸਤਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਯਥਾ :—

੧. *'ਹਰਿਹਾਂ ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ ॥੨॥'*

[ਫੁਨਹੇ ਮਹਲਾ ੫, ਅੰਗ—੧੩੬੧]

੨. *'ਜਿਨ੍ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮਰਾਜੇ ॥'*

[ਆਸਾ ਮਹਲਾ ੪, ਅੰਗ—੪੫੦]

## ਕੋਟਿ ਪਰਾਧ ਮਿਟੇ ਹਰਿ ਸੇਵਾ ॥੧॥

**ਹਰਿ** = ਪ੍ਰਮੇਸ਼ਰ ਜੋ ਪਾਪਾਂ ਨੂੰ **ਹਰਿ** = ਹਰਨ ਵਾਲਾ ਹੈ ਅਤੇ ਜੋ **ਹਰਿ** = ਹਰ ਇਕ ਨੂੰ **ਹਰਿ** = ਹਰੇ-ਭਰੇ ਕਰਨ ਵਾਲਾ ਹੈ, ਉਸਦੀ ਸੇਵਾ ਕਰਨ ਕਰਕੇ ਕ੍ਰੋੜਾਂ ਜਨਮਾਂ ਦੇ ਸਮੂਹ ਗੁਨਾਹ-ਪਾਪ ਮਿਟ ਜਾਂਦੇ ਹਨ।

ਸੇਵਾ ਤਿੰਨ ਪ੍ਰਕਾਰ ਦੀ ਹੈ; ਤਨ ਦੀ, ਧਨ ਦੀ ਅਤੇ ਮਨ ਦੀ, ਜੋ ਕਰਨੀ ਅਤੀ ਜ਼ਰੂਰੀ ਹੈ। ਕਿਉਂਕਿ :—

੧. *'ਤਨ ਪਵਿਤਰ ਸੇਵਾ ਕਰੀਏ ਧਨ ਪਵਿਤਰ ਕੀਏ ਦਾਨ।*
*ਮਨ ਪਵਿਤਰ ਹਰੀ ਭਜਨ ਸੇ ਤ੍ਰਿਬਿਧ ਹੋਤ ਕਲਿਆਨ।'* [ਲੋਕਕ]

੨. *'ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥*
*ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੫]

੩. *'ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥*
*ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ,*
*ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥੧॥'* [ਗੂਜਰੀ ਮਹਲਾ ੩, ਅੰਗ—੪੯੦]

੪. *'ਸਤਿਗੁਰ ਸੇਵਾ ਜਮ ਕੀ ਕਾਣਿ ਚੁਕਾਈ ॥*
*ਹਰਿ ਪ੍ਰਭੁ ਮਿਲਿਆ ਮਹਲੁ ਘਰੁ ਪਾਈ ॥੧॥'*

[ਮਲਾਰ ਮਹਲਾ ੩, ਅੰਗ—੧੨੬੧]

੧. ਜਿਸ ਤਰ੍ਹਾਂ ਪਹਿਲੇ ਪਾਤਸ਼ਾਹ ਜੀ ਦੀ ਸੇਵਾ ਦੂਜੇ ਪਾਤਸ਼ਾਹ ਜੀ ਨੇ ਕੀਤੀ। ਮਹਾਰਾਜ ਸਾਹਿਬ ਜੀ ਨੇ ਸਾਹਿਬਜ਼ਾਦਿਆਂ ਨੂੰ ਹੁਕਮ ਕੀਤਾ ਕਿ ਚਿੱਕੜ ਵਿਚੋਂ ਕਟੋਰਾ ਕੱਢ

ਕੇ ਲਿਆਉ, ਤਾਂ ਸਾਹਿਬਜ਼ਾਦਿਆਂ ਨੇ ਇਨਕਾਰ ਕਰ ਦਿੱਤਾ, ਜਦ ਪਾਵਨ ਸ੍ਰੀ ਲਹਿਣਾ ਜੀ ਨੂੰ ਹੁਕਮ ਹੋਇਆ ਤਾਂ ਉਸੇ ਵਕਤ ਸਣੇ ਕੱਪੜੀਂ ਚਿੱਕੜ ਦੇ ਟੋਏ ਵਿਚ ਛਾਲ ਮਾਰ ਕੇ ਝੱਟ ਹੀ ਕਟੋਰਾ ਕੱਢ ਕੇ ਬਾਹਰ ਲੈ ਆਂਦਾ।

ਜਦੋਂ ਫਿਰ ਮਹਾਰਾਜ ਸਾਹਿਬ ਨੇ ਕਈ ਦਿਨਾਂ ਦੀਆਂ ਭੁੱਖੀਆਂ ਸੰਗਤਾਂ ਦੇਖ ਕੇ ਸਾਹਿਬਜ਼ਾਦਿਆਂ ਨੂੰ ਹੁਕਮ ਕੀਤਾ ਕਿ ਇਸ ਦਰੱਖਤ ਤੋਂ ਮਠਿਆਈ ਝਾੜ ਕੇ ਭੁੱਖੀਆਂ ਸੰਗਤਾਂ ਨੂੰ ਛਕਾ ਕੇ ਤ੍ਰਿਪਤ ਕਰੋ, ਤਾਂ ਸਾਹਿਬਜ਼ਾਦਿਆਂ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਦਰੱਖਤਾਂ ਤੋਂ ਵੀ ਕਦੇ ਮਠਿਆਈਆਂ ਝੜੀਆਂ ਹਨ ? ਜਦ ਪਾਵਨ ਸ੍ਰੀ ਲਹਿਣਾ ਜੀ ਨੂੰ ਹੁਕਮ ਹੋਇਆ ਤਾਂ ਉਸੇ ਵਕਤ ਦਰੱਖਤ 'ਤੇ ਚੜ੍ਹ ਕੇ ਐਸਾ ਹਲੂਣਿਆ ਕਿ ਸੰਗਤਾਂ ਪਾਸੋਂ ਉਹ ਮਠਿਆਈਆਂ ਖਾਧੀਆਂ ਨਾ ਗਈਆਂ, ਬਚ ਗਈਆਂ।

ਫਿਰ ਜਦੋਂ ਮਹਾਰਾਜ ਸਾਹਿਬ ਜੀ ਨੇ ਸਾਂਗ ਬਣਾਇਆ, ਇਹ ਪਰਖਣ ਵਾਸਤੇ ਕਿ ਸੇਵਾ ਵਿਚ ਕਿਤਨੇ ਪ੍ਰਪੱਕ ਹਨ। ਉਜਾੜ ਜੰਗਲ ਵਿਚ ਜਾ ਕੇ ਮੁਰਦਾ ਖਾਣ ਲਈ ਹੁਕਮ ਕੀਤਾ, ਤਾਂ ਬਾਬਾ ਬੁੱਢਾ ਸਾਹਿਬ, ਭਾਈ ਭਗੀਰਥ ਅਤੇ ਭਾਈ ਸਧਾਰਣ ਜੀ ਵਰਗੇ ਸ਼ਰਧਾਵਾਨ ਗੁਰਸਿੱਖ ਵੀ ਝਾੜੀਆਂ ਉਹਲੇ ਲੁਕ ਗਏ। ਫਿਰ ਜਦੋਂ ਸ੍ਰੀ ਪਾਵਨ ਲਹਿਣਾ ਜੀ ਨੂੰ ਮੁਰਦਾ ਖਾਣ ਲਈ ਕਿਹਾ ਤਾਂ ਝੱਟ ਹੀ ਮੁਰਦਾ ਖਾਣ ਨੂੰ ਤਿਆਰ ਹੋ ਗਏ, ਪਰ ਜਦੋਂ ਕੱਪੜਾ ਲਾਹਿਆ ਤਾਂ ਕੜਾਹ ਪ੍ਰਸ਼ਾਦਿ ਸੀ।

ਸੋ, ਇਸ ਤਰ੍ਹਾਂ ਦੂਜੇ ਪਾਤਸ਼ਾਹ ਜੀ ਨੇ ਪਹਿਲੇ ਪਾਤਸ਼ਾਹ ਜੀ ਦੀ ਮਹਾਨ ਸੇਵਾ ਕਰਕੇ ਆਪਾਂ ਨੂੰ ਸੇਵਾ ਕਰਨ ਦੀ ਜਾਚ ਸਿਖਾਈ ਹੈ।

੨. ਫਿਰ ਦੂਜੇ ਪਾਤਸ਼ਾਹ ਜੀ ਦੀ ਤੀਜੇ ਪਾਤਸ਼ਾਹ ਜੀ ਨੇ ਬੇਮਿਸਾਲ ਸੇਵਾ ਕੀਤੀ। ਬਹੱਤਰ ਸਾਲ ਦੀ ਉਮਰ ਹੈ, ਸਰੀਰ ਕਮਜ਼ੋਰ ਹੋ ਚੁੱਕਾ ਹੈ, ਦਾੜ੍ਹਾ ਚਿੱਟਾ ਹੈ, ਫਿਰ ਵੀ ਹਰ ਰੋਜ਼ ਅੰਮ੍ਰਿਤ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉੱਠਣ ਤੋਂ ਪਹਿਲਾਂ ਹੀ ਬਿਆਸ ਦਰਿਆ ਤੋਂ ਜਲ ਦੀ ਗਾਗਰ ਆਪਣੇ ਸੀਸ 'ਤੇ ਚੁੱਕ ਕੇ ਨੰਗੇ ਚਰਨੀਂ ਤੁਰ ਕੇ ਖਡੂਰ ਸਾਹਿਬ ਲਿਆਉਂਦੇ ਅਤੇ ਫਿਰ ਸਾਰਾ ਦਿਨ ਲੰਗਰ ਆਦਿਕ ਦੀ ਸੇਵਾ ਕਰਿਆ ਕਰਦੇ ਸਨ।

ਸਾਧਸੰਗਤ ਜੀ ! ਅੱਜ-ਕੱਲ੍ਹ ਦੇ ੭੨ ਸਾਲ ਦੇ ਬੁੱਢੇ ਤਾਂ ਮੰਜੇ ਤੋਂ ਹੀ ਨਹੀਂ ਉੱਠਦੇ, ਕੁਝ ਕਰਨਾ ਤਾਂ ਕੀ ਹੈ। ਸੋ, ਆਪ ਜੀ ਨੇ ਆਪਣੀ ਪਿਛਲੀ ਉਮਰ ਵਿਚ ਸਤਿਗੁਰਾਂ ਦੀ ਇਤਨੀ ਮਹਾਨ ਸੇਵਾ ਕਰਕੇ ਸਾਨੂੰ ਜਾਚ ਸਿਖਾਈ ਹੈ, ਐਸੀ ਕਠਿਨ ਸੇਵਾ ਬਲਵਾਨ ਅਤੇ ਨੌਜਵਾਨ ਵੀ ਨਹੀਂ ਕਰ ਸਕਦਾ।

੩. ਫਿਰ ਤੀਜੇ ਪਾਤਸ਼ਾਹ ਜੀ ਦੀ ਚੌਥੇ ਪਾਤਸ਼ਾਹ ਜੀ ਨੇ ਸੇਵਾ ਕੀਤੀ। ਕਰਦੇ ਤਾਂ ਭਾਵੇਂ ਭਾਈ ਰਾਮਾ ਜੀ ਵੀ ਸਨ, ਪਰ ਆਪ ਜੀ ਆਪਾ ਭਾਵ ਮੇਟ ਕੇ ਨਿਮਰਤਾ ਸਹਿਤ ਸੇਵਾ ਕਰਦੇ ਸਨ।

੪. ਫਿਰ ਸੇਵਾ ਕੀਤੀ ਹੁਕਮ ਮੰਨਣ ਦੀ ਪੰਜਵੇਂ ਪਾਤਸ਼ਾਹ ਜੀ ਨੇ ਚੌਥੇ ਪਾਤਸ਼ਾਹ ਜੀ ਦੀ। ਹੁਕਮ ਹੋਇਆ ਕਿ ਲਾਹੌਰ ਜਾਓ! ਤਾਂ ਜਾਣ ਵਾਸਤੇ ਝੱਟ ਹੀ ਤਿਆਰ ਹੋ ਪਏ, ਹੁਕਮ ਹੋਇਆ ਕਿ ਜਿਤਨਾ ਚਿਰ ਅਸੀਂ ਨਾ ਬੁਲਾਈਏ ਉਤਨਾ ਚਿਰ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਨਹੀਂ ਆਉਣਾ। ਭਾਵੇਂ ਆਪ ਜੀ ਪਿਤਾ ਸਤਿਗੁਰੂ ਜੀ ਤੋਂ ਇਕ ਛਿਨ ਵੀ ਵਿਛੜਣਾ ਨਹੀਂ ਸਨ ਚਾਹੁੰਦੇ, ਫਿਰ ਵੀ ਹੁਕਮ ਮੰਨ ਕੇ ਬਹੁਤ ਸਮਾਂ ਲਾਹੌਰ ਵਿਚ ਰਹੇ। ਕਿਉਂਕਿ :—

*'ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੧]

੫. ਜਿਸ ਤਰ੍ਹਾਂ ਸੇਵਾ ਕੀਤੀ ਭਾਈ ਮੰਞ ਜੀ ਨੇ ਪੰਜਵੇਂ ਪਾਤਸ਼ਾਹ ਜੀ ਦੀ, ਸੇਵਾ ਨਾਲ ਸਤਿਗੁਰਾਂ ਨੂੰ ਪ੍ਰਸੰਨ ਕਰਕੇ ਇਹ ਵਰ ਪ੍ਰਾਪਤ ਕੀਤਾ :—

*'ਮੰਞ ਪਿਆਰਾ ਗੁਰੂ ਨੂੰ ਗੁਰ ਮੰਞ ਪਿਆਰਾ।*
*ਮੰਞ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ ॥੧॥'*

[ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ-੨, ਅੰਸੂ-੪੪, ਜਿਲਦ-੬, ਪੰਨਾ—੧੯੨੩]

੬. ਜਿਸ ਤਰ੍ਹਾਂ ਸੇਵਾ ਕੀਤੀ ਭਾਈ ਬਿਧੀਚੰਦ ਨੇ ਛੇਵੇਂ ਪਾਤਸ਼ਾਹ ਜੀ ਦੀ। ਮਹਾਰਾਜ ਜੀ ਨੇ ਪ੍ਰਸੰਨ ਹੋ ਕੇ ਆਖਿਆ :—

*'ਬਿਧੀ ਚੰਦ ਛੀਨਾ ਗੁਰੂ ਕਾ ਸੀਨਾ ॥'*

[ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ-੭, ਅੰਸੂ-੩੭, ਜਿਲਦ-੬, ਪੰਨਾ—੩੨੦੪]

੭. ਜਿਸ ਤਰ੍ਹਾਂ ਸੇਵਾ ਕੀਤੀ ਬਾਬਾ ਬੰਦਾ ਸਿੰਘ ਬਹਾਦਰ ਨੇ ਸਾਹਿਬਜ਼ਾਦਿਆਂ ਅਤੇ ਹੋਰਨਾਂ ਗੁਰਮੁਖ-ਪਿਆਰਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਦੀ।

੮. ਜਿਸ ਤਰ੍ਹਾਂ ਸੇਵਾ ਕੀਤੀ ਭਾਈ ਕਪੂਰ ਸਿੰਘ ਨਵਾਬ* ਨੇ।

---

* ਸਰਦਾਰ ਕਪੂਰ ਸਿੰਘ ਜੀ ਦਾ ਜਨਮ ਵਿਰਕ ਜੱਟ ਘਰਾਣੇ ਵਿਚ ਸਰਦਾਰ ਸਾਧੂ ਸਿੰਘ ਜੀ ਦੇ ਘਰ, ਪਿੰਡ ਫ਼ੈਜਲਪੁਰ ਵਿਚ, ੧੬੯੭ ਈ: ਵਿਚ ਹੋਇਆ। ਸਿੱਖੀ ਸਿਦਕ ਅਤੇ ਗੁਰੂ-ਘਰ ਦੀ ਸੇਵਾ, ਸਰਦਾਰ ਕਪੂਰ ਸਿੰਘ ਨੂੰ ਵਿਰਸੇ ਵਿਚ ਹੀ ਮਿਲੀ।

੯. ਜਿਸ ਤਰ੍ਹਾਂ ਸੇਵਾ ਕੀਤੀ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਮੱਸੇ ਰੰਘੜ ਦਾ ਸਿਰ ਵੱਢ ਕੇ ਸ੍ਰੀ ਹਰਿਮੰਦਰ ਸਾਹਿਬ ਅਜ਼ਾਦ ਕਰਵਾਉਣ ਦੀ।

੧੦. ਜਿਸ ਤਰ੍ਹਾਂ ਸੇਵਾ ਕੀਤੀ ਭਾਈ ਰਣਜੀਤ ਸਿੰਘ ਅਤੇ ਭਾਈ ਕਾਬਲ ਸਿੰਘ ਨੇ ਨਰਕਧਾਰੀ ਗੁਰਬਚਨੇ ਤੋਂ ਸਿੰਘਾਂ ਦੀਆਂ ਸ਼ਹੀਦੀਆਂ ਦਾ ਬਦਲਾ ਲੈਣ ਦੀ।

੧੧. ਜਿਸ ਪ੍ਰਕਾਰ ਸੇਵਾ ਕੀਤੀ ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਨੇ ਬਾਮ੍ਹਣੀ ਤੋਂ ਸਿੰਘਾਂ ਦੀਆਂ ਸ਼ਹੀਦੀਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦਾ ਬਦਲਾ ਲੈਣ ਦੀ।

੧੨. ਜਿਵੇਂ ਸੇਵਾ ਕੀਤੀ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਜਨਰਲ ਵੈਦਿਆ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਸਜ਼ਾ ਭੁਗਤਾਉਣ ਦੀ।

**ਚਰਨ ਕਮਲ ਜਾ ਕਾ ਮਨੁ ਰਾਪੈ॥**
**ਸੋਗ ਅਗਨਿ ਤਿਸੁ ਜਨ ਨ ਬਿਆਪੈ॥੨॥**

ਜਿਸਦਾ ਮਨ ਗੁਰੂ ਦੇ ਚਰਨ ਕਮਲਾਂ ਦੇ ਪ੍ਰੇਮ ਰੰਗ ਵਿਚ ਰੰਗਿਆ ਗਿਆ ਹੈ, ਉਸ ਗੁਰਮੁਖ ਜਨ ਨੂੰ ਸੋਗ ਰੂਪ ਅੱਗ ਨਹੀਂ ਵਿਆਪਦੀ॥੨॥

## ਸਾਖੀ : ਭਾਈ ਗੋਂਦਾ ਜੀ ਦੀ

ਜਿਵੇਂ ਭਾਈ ਗੋਂਦਾ ਜੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਧਾਰ ਕੇ ਚਾਰ ਪਹਿਰ ਸਮਾਧੀ ਵਿਚ ਬੈਠੇ ਰਹੇ ਸਨ, ਇਨ੍ਹਾਂ ਨੂੰ ਮਹਾਰਾਜ ਸਾਹਿਬ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਕਾਬਲ ਭੇਜਿਆ ਸੀ, ਆਪ ਜੀ ਨੇ ਜਾ ਕੇ ਸਿੱਖੀ ਦਾ ਬੜਾ ਪ੍ਰਚਾਰ ਕੀਤਾ। ਇਕ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਮਾਧੀ ਵਿਚ ਇਤਨੇ ਲੀਨ ਹੋਏ ਕਿ ਆਪਣੇ ਮਨ ਰੂਪ ਹੱਥਾਂ ਨਾਲ ਸਤਿਗੁਰਾਂ ਦੇ ਚਰਨਾਂ ਨੂੰ ਚਾਰ ਪਹਿਰ ਨਾ ਛੱਡਿਆ।

ਉਧਰ ਮਹਾਰਾਜ ਸਾਹਿਬ ਜੀ ਵੀ ਦੀਵਾਨ ਵਿਚ ਬੈਠੇ ਸਨ, ਸਿੱਖਾਂ ਨੇ ਬਹੁਤ ਵਾਰ ਬੇਨਤੀ ਕੀਤੀ, "ਪ੍ਰਸ਼ਾਦਾ ਤਿਆਰ ਹੈ, ਆਪ ਪ੍ਰਸ਼ਾਦਾ ਛਕੋ ਜੀ।" ਪਰ ਮਹਾਰਾਜ ਸਾਹਿਬ ਜੀ ਨਾ ਉੱਠੇ। ਜਦੋਂ ਸ਼ਾਮ ਦੇ ਸਮੇਂ ਭਾਈ ਗੋਂਦਾ ਜੀ ਸਮਾਧੀ ਤੋਂ ਉੱਠੇ ਤਾਂ ਫਿਰ ਮਹਾਰਾਜ ਸਾਹਿਬ ਜੀ ਨੇ ਪ੍ਰਸ਼ਾਦਾ ਛਕਿਆ। ਸਿੱਖਾਂ ਦੇ ਪੁੱਛਣ ਤੋਂ ਦੱਸਿਆ ਕਿ ਸਾਡਾ ਇਕ ਪ੍ਰੇਮੀ ਸਿੱਖ ਭਾਈ ਗੋਂਦਾ ਜੀ ਕਾਬਲ ਵਿਚ ਸਾਡੇ ਚਰਨਾਂ ਦਾ ਧਿਆਨ ਕਰਕੇ ਬੈਠਾ ਸੀ, ਜੇਕਰ

ਅਸੀਂ ਉਸ ਵੇਲੇ ਉੱਠ ਪੈਂਦੇ ਤਾਂ ਸਿੱਖ ਦੀ ਸਮਾਧੀ ਖੁੱਲ੍ਹ ਜਾਣੀ ਸੀ, ਇਸ ਕਰਕੇ ਅਸੀਂ ਉੱਠ ਕੇ ਪ੍ਰਸ਼ਾਦਾ ਨਹੀਂ ਛਕਿਆ, ਹੁਣ ਜਦ ਉਸਨੇ ਸਾਡੇ ਚਰਨ ਛੱਡੇ ਹਨ, ਤਾਂ ਅਸੀਂ ਉੱਠੇ ਹਾਂ।

ਇਉਂ ਜਿੰਨ੍ਹਾਂ ਗੁਰਮੁਖ-ਪਿਆਰਿਆਂ ਦਾ ਮਨ ਵਾਹਿਗੁਰੂ ਦੇ ਨਾਮ-ਬਾਣੀ ਰੂਪ ਚਰਨ ਕਮਲਾਂ ਵਿਚ ਰੰਗਿਆ ਜਾਂਦਾ ਹੈ, ਫਿਰ ਉਨ੍ਹਾਂ ਨੂੰ **ਸੋਗ ਅਗਨਿ** = ਸੋਗ ਰੂਪ ਅੱਗ ਨਹੀਂ ਵਿਆਪਦੀ। ਯਥਾ :—

੧. *'ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥*
*ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥*
*ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨॥'*
[ਕਾਨੜਾ ਮਹਲਾ ੫, ਅੰਗ—੧੩੦੨]

੨. *'ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥'*
[ਸੋਰਠਿ ਮਹਲਾ ੯, ਅੰਗ—੬੩੩]

੩. *'ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥'*
[ਬਸੰਤ ਕੀ ਵਾਰ ਮਹਲੁ ੫, ਅੰਗ—੧੧੯੩]

੪. *'ਰੋਗ ਸੋਗ ਦੂਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥'*
[ਟੋਡੀ ਮਹਲਾ ੫, ਅੰਗ—੭੧੧]

ਉਹ ਤਾਂ ਭਾਈ ਭਿਖਾਰੀ ਜੀ ਦੀ ਤਰ੍ਹਾਂ :—
*'ਸੋਇ ਅਚਿੰਤਾ ਜਾਗਿ ਅਚਿੰਤਾ ॥'* [ਭੈਰਉ ਮਹਲਾ ੫, ਅੰਗ—੧੧੩੬]
ਵਾਲੀ ਅਵਸਥਾ ਵਿਚ ਇਸਥਿਤ ਰਹਿੰਦੇ ਹਨ।*

ਚਰਨ ਕਮਲਾਂ ਵਿਚ ਮਨ ਜੁੜਨ ਤੋਂ ਬਿਨਾਂ ਤਾਂ :—

੧. *'ਵਡੇ ਵਡੇ ਜੋ ਦੀਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥੧॥'*
[ਗਉੜੀ ਮਹਲਾ ੫, ਅੰਗ—੧੮੮]

੨. *'ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥'*
[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ—੯੩੨]

---

* ਸਮੇਂ ਮੁਤਾਬਿਕ ਇਸ ਸਾਖੀ ਦਾ ਵਿਸਥਾਰ ਕਰੋ ਜੀ!

## ਸਾਖੀ : ਦੁਖੀ ਸ਼ਾਹੂਕਾਰ ਦੀ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਗਤਾਂ ਨੂੰ ਤਾਰਦੇ ਹੋਏ ਸਤਿ ਘਰੇ ਨਗਰ ਵਿਚ ਇਕ ਸ਼ਾਹੂਕਾਰ ਦੀ ਦੁਕਾਨ 'ਤੇ ਜਾ ਬੈਠੇ, ਉਸ ਸ਼ਾਹੂਕਾਰ ਵੱਲ ਦੇਖ ਕੇ ਭਾਈ ਮਰਦਾਨਾ ਜੀ ਨੇ ਕਿਹਾ, "ਦੇਖੋ ਮਹਾਰਾਜ ਜੀ! ਇਹ ਸ਼ਾਹੂਕਾਰ ਕਿੰਨਾ ਸੁਖੀ ਹੈ।" ਤਾਂ ਮਹਾਰਾਜ ਸਾਹਿਬ ਜੀ ਨੇ ਕਿਹਾ, "ਉਸ ਪਾਸ ਜਾ ਕੇ ਪੁੱਛ ਤਾਂ ਸਹੀ ਦੁਖੀ ਹੈ ਕਿ ਸੁਖੀ।" ਜਿਸ ਵਕਤ ਭਾਈ ਮਰਦਾਨਾ ਜੀ ਨੇ ਜਾ ਕੇ ਕਿਹਾ ਕਿ ਆਪ ਜੀ ਬੜੇ ਸੁਖੀ ਪ੍ਰਤੀਤ ਹੋ ਰਹੇ ਹੋ, ਤਾਂ ਸ਼ਾਹੂਕਾਰ ਲੱਗ ਪਿਆ ਆਪਣੇ ਦੁਖ ਸੁਣਾਉਣ ਕਿ ਮੇਰੇ ਵਰਗਾ ਸਾਰੇ ਜਗਤ ਵਿਚ ਕੋਈ ਵੀ ਦੁਖੀ ਨਹੀਂ। ਮੇਰੇ ਘਰ ਵਾਲੀ ਕੁਝ ਸਮਾਂ ਪਹਿਲਾਂ ਬਿਮਾਰ ਹੋ ਗਈ, ਜਿਊਣ ਦੀ ਆਸ ਮੁੱਕ ਗਈ, ਤਾਂ ਮੈਂ ਉਸਨੂੰ ਆਪਣਾ ਪ੍ਰੇਮ ਜਣਾਉਣ ਲੱਗਾ। ਅੱਗੋਂ ਉਸਨੇ ਕਿਹਾ, "ਜਿੰਨਾ ਚਿਰ ਮੈਂ ਜਿਊਂਦੀ ਹਾਂ, ਓਨਾਂ ਚਿਰ ਹੀ ਤੇਰਾ ਪ੍ਰੇਮ ਹੈ, ਮੇਰੇ ਮਰਨ ਤੋਂ ਬਾਅਦ ਤੂੰ ਹੋਰ ਵਿਆਹ ਕਰਵਾ ਲਵੇਂਗਾ।" ਤਾਂ ਮੈਂ ਉਸਨੂੰ ਵਿਸ਼ਵਾਸ ਦਿਵਾਉਣ ਲਈ ਆਪਣਾ ਸ਼ਿਸ਼ਨ (ਪਿਸ਼ਾਬ ਵਾਲਾ ਇੰਦ੍ਰਾ) ਕੱਟ ਦਿੱਤਾ। ਫਿਰ ਉਹ ਕੁਝ ਸਮਾਂ ਪਾ ਕੇ ਠੀਕ-ਠਾਕ ਹੋ ਗਈ, ਹੁਣ ਵਿਭਚਾਰਨ ਬਣ ਗਈ ਹੈ, ਇਸ ਕਰਕੇ ਮੈਂ ਬੜਾ ਦੁਖੀ ਹਾਂ। ਤਾਂ ਸਤਿਗੁਰੂ ਮਹਾਰਾਜ ਜੀ ਨੇ ਸ਼ਾਹੂਕਾਰਨੀ ਨੂੰ ਬੁਲਾ ਕੇ ਪਤੀਬ੍ਰਤਾ ਧਰਮ ਵਿਚ ਪ੍ਰਪੱਕ ਰਹਿਣ ਦੀ ਸ਼ੁਭ ਸਿਖਿਆ ਦੇ ਕੇ ਅਤੇ ਪ੍ਰਮੇਸ਼ਰ ਦੇ ਸਿਮਰਨ ਵਿਚ ਜੋੜ ਕੇ, ਦੋਹਾਂ ਨੂੰ ਨਿਹਾਲ ਕੀਤਾ।

**ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥**

ਜਿਸਨੇ ਸਾਧੂਆਂ ਦੀ ਸੰਗਤ ਨਾਲ ਮਿਲ ਕੇ ਨਿਰਭਉ ਹਰੀ ਦੇ ਨਾਮ ਨੂੰ **ਰੰਗੇ** = ਪ੍ਰੇਮ ਨਾਲ ਜਪਿਆ ਹੈ, ਉਹ ਸੰਸਾਰ-ਸਮੁੰਦਰ ਤੋਂ ਤਰ ਗਿਆ ਹੈ ॥੩॥ ਯਥਾ :—

੧. *'ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥*
*ਪਰਸ ਨਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ ॥੧॥'*

[ਨਟ ਮਹਲਾ ੪, ਅੰਗ—੯੮੧]

੨. *'ਖੋਜਤ ਖੋਜਤ ਸੁਨੀ ਇਹ ਸੋਇ ॥ ਸਾਧ ਸੰਗਤਿ ਬਿਨੁ ਤਰਿਓ ਨ ਕੋਇ ॥'*

[ਆਸਾ ਮਹਲਾ ੫, ਅੰਗ—੩੭੩]

੩. *'ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧॥'*

[ਬਿਲਾਵਲੁ ਮਹਲਾ ੫, ਅੰਗ—੮੦੯]

੪. *'ਵਡਭਾਗੀ ਸਾਧ ਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥'*
[ਸੋਰਠਿ ਮਹਲਾ ੫, ਅੰਗ—੬੧੮]

੫. *'ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥'*
[ਜੈਤਸਰੀ ਮਹਲਾ ੪, ਅੰਗ—੬੯੮]

ਹੇ ਭਾਈ! **ਸਾਧ** = ਸਤਿਗੁਰੂ ਜੀ ਦੀ ਸੰਗਤ ਕਰਕੇ, **ਰੰਗੇ** = ਪ੍ਰੇਮ ਨਾਲ ਹਰੀ ਨਾਮ ਨੂੰ ਜਪੋ, ਜੋ **ਨਿਰਭਉ** = ਭੈ ਤੋਂ ਰਹਿਤ ਕਰਨ ਵਾਲਾ ਹੈ। ਯਥਾ :—

੧. *'ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ,*
*ਤਿਨ ਕਾ ਭਉ ਸਭੁ ਗਵਾਸੀ ॥'* [ਆਸਾ ਮਹਲਾ ੪, ਅੰਗ—੧੧]

੨. *'ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥'*
[ਗਉੜੀ ਸੁਖਮਨੀ ਮਃ ੫, ਅੰਗ—੨੯੩]

ਫਿਰ ਪਸ਼ੂ ਬਿਰਤੀ ਨਹੀਂ ਰਹਿੰਦੀ ਕਿ ਮਾੜਿਆਂ ਨੂੰ ਡਰਾਉਣਾ ਅਤੇ ਤਕੜਿਆਂ ਤੋਂ ਡਰਨਾ, ਉਹ ਤਾਂ ਭਾਈ ਮਤੀ ਦਾਸ ਜੀ ਦੀ ਤਰ੍ਹਾਂ ਆਰਿਆਂ ਨਾਲ ਚੀਰੇ ਜਾਣ ਦਾ ਵੀ ਭੈ ਨਹੀਂ ਮੰਨਦੇ। ਭਾਈ ਮਨੀ ਸਿੰਘ ਜੀ ਦੀ ਤਰ੍ਹਾਂ ਬੰਦ-ਬੰਦ ਕਟਵਾਉਣ ਦਾ, ਭਾਈ ਸ਼ਾਹਬਾਜ ਸਿੰਘ ਅਤੇ ਭਾਈ ਸ਼ੁਬੇਗ ਸਿੰਘ ਜੀ ਦੀ ਤਰ੍ਹਾਂ ਚਰਖੜੀਆਂ 'ਤੇ ਚੜ੍ਹਣ ਦਾ, ਭਾਈ ਦਿਆਲਾ ਜੀ ਦੀ ਤਰ੍ਹਾਂ ਦੇਗ ਵਿਚ ਉਬਲਣ ਦਾ ਵੀ ਭੈ ਨਹੀਂ ਮੰਨਦੇ। ਹੱਸ-ਹੱਸ ਕੇ ਰੇਲ ਗੱਡੀਆਂ ਦੇ ਇੰਜਨਾਂ ਅੱਗੇ ਪੈ ਜਾਂਦੇ ਹਨ, ਨੌਂ ਸਾਲ ਅਤੇ ਸੱਤ ਸਾਲ ਦੀ ਉਮਰ ਵਿਚ ਵਜੀਦ ਖ਼ਾਂ ਅਤੇ ਕਾਜ਼ੀ ਨੂੰ ਨਿਰਭੈ ਹੋ ਕੇ ਉੱਤਰ ਦਿੰਦੇ ਹਨ, ਇਹ ਸਭ ਤਾਕਤਾਂ ਨਿਰਭਉ ਕਰਨ ਵਾਲਾ ਨਾਮ ਜਪਣ ਦੀਆਂ ਹੀ ਹਨ।

## ਪਰ ਧਨ ਦੇਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥੪॥

ਜਿਸਨੇ ਪਰਾਏ ਧਨ ਨੂੰ ਚੁਰਾਉਣ ਰੂਪ ਦੋਸ਼ ਅਤੇ ਪਰ-ਇਸਤ੍ਰੀ ਦਾ ਸੰਗ ਕਰਨੇ ਰੂਪ ਕੁਝ ਵੀ ਪਾਪ ਕਰਮ ਨਹੀਂ **ਫੇੜੇ** = ਕੀਤੇ; ਜਿੰਦ ਦਾ ਅਰੀ (ਵੈਰੀ) ਜੋ ਜਮ ਹੈ, ਉਹ **ਜੰਦਾਰੁ** = ਡੰਡਾ ਲੈ ਕੇ ਉਸਦੇ ਨੇੜੇ ਨਹੀਂ ਆਉਂਦਾ।

ਇਸ ਲਈ ਜੀਵ ਨੂੰ ਚਾਹੀਦਾ ਹੈ ਕਿ ਪਰ-ਧਨ ਚੁਰਾਉਣ ਆਦਿਕ ਦਾ ਦੋਸ਼ ਅਤੇ ਪਾਪ ਨਾ ਕਰੇ, ਪਾਪਾਂ ਤੋਂ ਸਦਾ ਹੀ ਡਰਦਾ ਰਹੇ। ਯਥਾ :—

੧. *'ਨਰ ਅਚੇਤ ਪਾਪ ਤੇ ਡਰੁ ਰੇ ॥'*
[ਗਉੜੀ ਮਹਲਾ ੯, ਅੰਗ—੨੨੦]

੨. 'ਅਨਕਾਏ ਰਾਤੜਿਆ ਵਾਟ ਦੁਹੇਲੀ ਰਾਮ ॥
ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥
ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥
ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ ॥'

[ਬਿਹਾਗੜਾ ਮਹਲਾ ੫ ਛੰਤ, ਅੰਗ—੫੪੬]

੩. 'ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥੯॥'

[ਸਲੋਕ ਮਹਲਾ ੫, ਅੰਗ—੧੪੨੫]

੪. 'ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥'

[ਮਾਰੂ ਮਹਲਾ ੫, ਅੰਗ—੧੦੧੯-੨੦]

੫. 'ਹੇ ਪਰ ਧਨ ਪਾਹਨ ਤੁੱਲਿ ਤ੍ਰਿਯਾ ਪਰ ਮਾਤ ਹਮਾਰੈ ॥'

[ਦਸਮ, ਅੰਗ—੮੪੨]

੬. 'ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।'

[ਭਾਈ ਗੁਰਦਾਸ ਜੀ, ਵਾਰ-੧੨, ਪਉੜੀ-੪]

ਕਿਉਂਕਿ :—

'ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥੩॥'

[ਆਸਾ ਮਹਲਾ ੫, ਅੰਗ—੪੦੬]

ਜਿਹੜੇ ਜੀਵ ਪਾਪਾਂ ਤੋਂ ਬਚੇ ਰਹਿੰਦੇ ਹਨ, ਜਮ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ।

ਯਥਾ :—

੧. 'ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ਰਹਾਉ॥'

[ਸੂਹੀ ਮਹਲਾ ੫, ਅੰਗ—੭੪੯-੫੦]

੨. 'ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥'

[ਜੈਤਸਰੀ ਮਹਲਾ ੪, ਅੰਗ—੬੯੮]

**ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥੫॥੧॥੫੫॥**

ਗੁਰੂ ਜੀ ਕਥਨ ਕਰਦੇ ਹਨ, ਜੋ ਪ੍ਰਭੂ ਦੀ ਸ਼ਰਨ ਵਿਚ ਆਏ ਹਨ, ਉਨ੍ਹਾਂ ਦੀ ਤ੍ਰਿਸ਼ਨਾ ਰੂਪ ਅੱਗ ਪ੍ਰਭੂ ਨੇ ਆਪ ਹੀ ਬੁਝਾਈ ਹੈ ਅਤੇ ਉਹ ਸੰਸਾਰ-ਸਮੁੰਦਰ ਤੋਂ ਤਰ ਗਏ ਹਨ। ਯਥਾ :—

*'ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੧]

ਸੰਸਾਰ ਅੱਗ ਦਾ ਸਮੁੰਦਰ ਹੈ। ਯਥਾ :—

*'ਮਿਥਨ ਮੋਹ ਅਗਨਿ ਸੋਕ ਸਾਗਰ ॥ ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥'*

[ਰਾਗੁ ਸੂਹੀ ਮਹਲਾ ੫, ਅੰਗ—੭੬੦]

ਜਿਸ ਤਰ੍ਹਾਂ ਪਾਣੀ ਦੇ ਸਮੁੰਦਰ ਵਿਚ ਪਾਣੀ ਦੀਆਂ ਨਦੀਆਂ ਪੈਂਦੀਆਂ ਹਨ, ਇਸ ਅੱਗ ਦੇ ਸਮੁੰਦਰ ਵਿਚ ਵੀ ਇਹ ਚਾਰ ਨਦੀਆਂ ਅੱਗ ਦੀਆਂ ਪੈ ਰਹੀਆਂ ਹਨ :—

*'ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥*
*ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥'*

[ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਅੰਗ—੧੪੭]

ਐਸੇ ਭਿਆਨਕ ਸੰਸਾਰ-ਸਮੁੰਦਰ ਤੋਂ ਨਾਮ-ਬਾਣੀ ਰੂਪ ਚਰਨ ਹੀ ਤਾਰਨ ਲਈ ਸਮਰੱਥ ਹਨ। ਯਥਾ :—

*'ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥'*

[ਗਉੜੀ ਮਹਲਾ ੫, ਅੰਗ—੨੪੧]

### ਸਾਰੇ ਸ਼ਬਦ ਦਾ ਭਾਵ

ਬੰਦਨਾ ਉਸ ਪ੍ਰਭੂ ਨੂੰ ਕਰੋ, ਜੋ ਹਰ ਇਕ ਦੇ ਬੰਦਨਾ ਕਰਨ ਯੋਗ ਹੈ ਅਤੇ ਜੋ ਹਰ ਇਕ ਦੇ ਬੰਧਨ ਕੱਟਣ ਵਾਲਾ ਹੈ। ਪੂਰਬਲੇ ਵੱਡੇ ਭਾਗਾਂ ਕਰਕੇ ਗੁਰੂ ਜੀ ਨੂੰ ਪ੍ਰਾਪਤ ਕਰਕੇ ਉਨ੍ਹਾਂ ਦੀ ਤਨ, ਮਨ, ਧਨ ਨਾਲ ਸੇਵਾ ਕਰਨ ਤੋਂ ਸਭ ਗੁਨਾਹ ਅਤੇ ਪਾਪ ਮੁਆਫ਼ ਹੋ ਜਾਂਦੇ ਹਨ। ਜਿਨ੍ਹਾਂ ਦਾ ਮਨ ਚਰਨਾਂ ਵਿਚ ਰੰਗਿਆ ਜਾਂਦਾ ਹੈ, ਉਨ੍ਹਾਂ ਨੂੰ ਰੋਗ-ਸੋਗ ਆਦਿਕ ਨਹੀਂ ਪੋਹਦੇ। ਸਾਧਸੰਗਤ ਕਰਨ ਨਾਲ ਸੰਸਾਰ-ਸਮੁੰਦਰ ਤੋਂ ਤਰੀਦਾ ਹੈ, ਨਿਰਭਉ ਨਾਮ ਜਪ ਕੇ, ਹਰੀ ਦੇ ਰੰਗ ਵਿਚ ਰੰਗੇ ਜਾਣ ਕਰਕੇ ਅਤੇ ਪਾਪਾਂ ਤੋਂ ਬਚੇ ਰਹਿਣ ਕਰਕੇ ਜਮਾਂ ਦਾ ਡਰ ਨਹੀਂ ਰਹਿੰਦਾ, ਪ੍ਰਭੂ ਦੀ ਸ਼ਰਨ ਆਉਣ ਕਰਕੇ ਹੀ ਮੁਕਤ ਹੋਈਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੪੨.

## ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥ [ਅੰਗ—੬੮੫]

**ਗੁਰੁ ਸਾਗਰੁ ਰਤਨੀ ਭਰਪੂਰੇ ॥**

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸਾਜੀ ਨਿਵਾਜੀ ਪਰਮ ਸਨਮਾਨ ਯੋਗ ਗੁਰੂ ਰੂਪ ਖ਼ਾਲਸਾ ਸਾਧਸੰਗਤ ਜੀ! ਕਰਨ-ਕਾਰਨ, ਪਤਿਤ-ਪਾਵਨ, ਭਗਤ-ਵਛਲ, ਕਿਰਪਾ ਦੇ ਖ਼ਜ਼ਾਨੇ, ਗ਼ਰੀਬ-ਨਿਵਾਜ, ਜੋਤੀ-ਸਰੂਪ, ਅਕਾਲ ਪੁਰਖ, ਅੰਤਰਜਾਮੀ ਵਾਹਿਗੁਰੂ ਸਾਹਿਬ ਜੀ ਦੀ ਅਤਿਅੰਤ ਕਿਰਪਾ ਦਾ ਸਦਕਾ ਵੱਡਿਆਂ ਭਾਗਾਂ ਵਾਲਿਆਂ ਨੇ ਸਤਿਗੁਰੂ ਜੀ ਦੀ ਅੰਮ੍ਰਿਤ ਰੂਪ ਬਾਣੀ ਦਾ ਪਾਠ ਅਤੇ ਕੀਰਤਨ* ਸੁਣ ਕੇ ਅਨੰਦ ਪ੍ਰਾਪਤ ਕੀਤਾ ਹੈ।

ਕਿਰਪਾ ਕਰਕੇ ਸਤਿਗੁਰੂ ਜੀ ਨੇ ਜੋ ਆਪਾਂ ਨੂੰ ਅੱਜ ਸ੍ਰੀ ਮੁਖਵਾਕ ਬਖ਼ਸ਼ਿਆ ਹੈ, ਆਪਣੇ ਮਨਾਂ ਦੀਆਂ ਬਿਰਤੀਆਂ ਨੂੰ ਇਕਾਗਰ ਕਰਕੇ ਸ਼ਰਧਾ-ਭਾਵਨਾ ਨਾਲ ਇਸ ਪਰਮ ਪਵਿੱਤਰ ਸ੍ਰੀ ਮੁਖਵਾਕ ਦੀ ਕਥਾ ਵਿਚਾਰ ਸ੍ਰਵਣ ਕਰਕੇ ਲਾਹਾ ਪ੍ਰਾਪਤ ਕਰੀਏ।

**ਉਥਾਨਕਾ** :—ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ਕਰਤਾਰਪੁਰ ਸਾਹਿਬ ਵਿਖੇ ਸਿੱਧ ਆਏ, ਆ ਕੇ ਆਦੇਸ-ਆਦੇਸ ਕਿਹਾ। ਅੱਗੋਂ ਸਤਿਗੁਰਾਂ ਕਿਹਾ, "ਨਿਰੰਕਾਰ ਨੂੰ ਆਦੇਸ ਹੈ।" ਸਿੱਧਾਂ ਨੇ ਕਿਹਾ, "ਮਹਾਰਾਜ ਜੀ! ਆਓ ਤੁਹਾਨੂੰ ਮਾਨ ਸਰੋਵਰ 'ਤੇ ਲੈ ਚੱਲੀਏ, ਉਹ ਜਗ੍ਹਾ ਬੜੀ ਸੁੰਦਰ ਹੈ।" ਤਾਂ ਹਜ਼ੂਰ ਨੇ ਇਹ ਸ਼ਬਦ ਉਚਾਰਨ ਕੀਤਾ :—

**ਗੁਰੁ ਸਾਗਰੁ ਰਤਨੀ ਭਰਪੂਰੇ ॥**

ਹੇ ਸਿੱਧੋ! ਮਾਨ ਸਰੋਵਰ ਰੂਪ ਸਤਿਗੁਰੂ ਜੀ ਖੀਰ ਸਮੁੰਦਰ ਦੀ ਨਿਆਈਂ ਅਥਾਹ ਹਨ; ਜੋ ਸਤਿ, ਸੰਤੋਖ, ਵੈਰਾਗ, ਗਿਆਨ ਆਦਿਕ ਸ਼ੁਭ ਗੁਣਾਂ ਰੂਪ ਰਤਨਾਂ ਨਾਲ **ਭਰਪੂਰੇ** = ਪੂਰਨ ਭਰੇ ਹੋਏ ਹਨ।

ਮਾਨ ਸਰੋਵਰ ਖੀਰ ਸਮੁੰਦਰ ਵਿਚ ਮੰਨਿਆ ਹੈ, ਜਿਸ ਖੀਰ ਸਮੁੰਦਰ ਵਿਚੋਂ ਇਹ ਚੌਦਾਂ ਰਤਨ ਨਿਕਲੇ ਹਨ :—

---

* ਜੇਕਰ ਪਾਠ ਨਾ ਹੋਇਆ ਹੋਵੇ ਤਾਂ ਇਕੱਲੇ ਕੀਰਤਨ ਦਾ ਹੀ ਨਾਮ ਲੈਣਾ।

*'ਸ੍ਰੀ[੧] ਮਨਿ[੨] ਰੰਭਾ[੩] ਬਾਰਨੀ[੪] ਧਨੁਖ[੫] ਧਨੰਤਰ[੬] ਬਾਜ[੭]।*
*ਕਾਮਧੇਨ[੮] ਵਿਖ[੯] ਸਸਿ[੧੦] ਕਲਪਤਰ[੧੧] ਸੰਖ[੧੨] ਅਮੀ[੧੩] ਗਜਰਾਜ[੧੪]।'*

ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਖੀਰ ਸਮੁੰਦਰ ਦੀ ਨਿਆਈਂ ਅਥਾਹ ਹਨ, ਜਿਨ੍ਹਾਂ ਵਿਚ ਬੇਅੰਤ ਹੀ ਸ਼ੁਭ ਗੁਣਾਂ ਰੂਪ ਰਤਨ ਹਨ। ਯਥਾ :—

*'ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥*
*ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥*
*ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥*
*ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥'*

[ਆਸਾ ਮਹਲਾ ੪, ਅੰਗ—੪੪੨]

ਜੇ ਸਮਾਨਤਾ ਦੇਖਣੀ ਹੋਵੇ ਤਾਂ ਇਸ ਪ੍ਰਕਾਰ ਹੈ :—

੧. **ਸ੍ਰੀ** :—ਭਗਤੀ ਰੂਪੀ ਲੱਛਮੀ ਹੈ, ਜੋ ਸਾਰੇ ਸੁਖਾਂ ਦੀ ਦਾਤੀ ਹੈ। ਯਥਾ :—

(ੳ) *'ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤਹੀ ਹੈ ਭਿਗਾ ॥੧੩॥'*

[ਮਾਰੂ ਸੋਲਹੇ ਮਹਲਾ ੫, ਅੰਗ—੧੦੮੩]

(ਅ) *'ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥੨॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੦]

(ੲ) *'ਭਗਤਿ ਕਰਤਿ ਮਾਇਆ ਨਹਿੰ ਮੋਹਹਿ ਰਾਚਹਿ ਹਰਿ ਕੇ ਰੰਗਾ ॥੨੧॥'*

[ਸ੍ਰੀ ਗੁਰੁ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ-੩੮, ਜਿਲਦ-੩, ਪੰਨਾ—੪੪੯]

(ਸ) *'ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥*
*ਹਰਿ ਕੀ ਭਗਤਿ ਕਰਹੁ ਮਨ ਮੀਤ ॥ ਨਿਰਮਲ ਹੋਇ ਤੁਮ੍ਹਾਰੋ ਚੀਤ ॥'*

[ਗਉੜੀ ਸੁਖਮਨੀ ਮਃ ੫, ਅੰਗ—੨੮੮]

੨. **ਮਨਿ** :—ਸ਼ਰਧਾ ਰੂਪ ਕੌਸਤਕ ਮਣੀ ਹੈ। ਯਥਾ :—

(ੳ) *'ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ ॥'*

[ਰਾਮਕਲੀ ਮਹਲਾ ੫, ਅੰਗ—੯੨੮]

(ਅ) *'ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥*
*ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥'*

[ਆਸਾ ਮਹਲਾ ੪, ਅੰਗ—੪੪੪]

੩. **ਰੰਭਾ** :—ਸ਼ਾਂਤੀ ਰੂਪ ਅਪੱਛਰਾਂ ਹੈ। ਯਥਾ :—

(ੳ) *'ਸਲੋਕੁ ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥*
*ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥੧॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੪]

(ਅ) *'ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥'*

[ਜੈਤਸਰੀ ਕੀ ਵਾਰ ਮਹਲਾ ੫, ਅੰਗ—੭੦੯]

੪. **ਬਾਰਨੀ** :—ਪ੍ਰੇਮ ਰੂਪ ਸ਼ਰਾਬ ਹੈ। ਯਥਾ :—

(ੳ) *'ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥'* [ਗੋਂਡ ਮਹਲਾ ੪, ਅੰਗ—੮੬੧]

(ਅ) *'ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥'*

[ਦਸਮ, ਅੰਗ—੧੪]

ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਤਾਰੂ ਸਿੰਘ ਜੀ ਆਦਿਕ ਗੁਰਸਿੱਖਾਂ ਨੇ ਸਤਿਗੁਰਾਂ ਨਾਲ ਪ੍ਰੇਮ ਕਰਕੇ ਹੀ ਕੁਰਬਾਨੀਆਂ ਦੇ ਕੇ ਮੋਖ ਨੂੰ ਪ੍ਰਾਪਤ ਕੀਤਾ ਹੈ।

੫. **ਧਨੁਖ** :—ਧਰਮ ਰੂਪ ਧਨੁਖ ਹੈ। ਯਥਾ :—

*'ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥'*

[ਸਵਈਏ ਮਹਲੇ ਤੀਜੇ ਕੇ, ਅੰਗ—੧੩੯੬]

ਅਥਵਾ :—

*'ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ ॥'*

[ਰਾਮਕਲੀ ਕੀ ਵਾਰ ਰਾਇ ਬਲਵੰਡਿ....., ਅੰਗ—੯੬੮]

੬. **ਧਨੰਤਰ** :—ਉੱਦਮ ਰੂਪ ਧਨੰਤਰ ਵੈਦ ਹੈ। ਯਥਾ :—

*'ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥'*

[ਰਾਗੁ ਗੂਜਰੀ ਵਾਰ ਮਹਲਾ ੫, ਅੰਗ—੫੨੨]

੭. **ਬਾਜ** :—ਜੋਗ ਰੂਪ ਘੋੜਾ ਹੈ। ਯਥਾ :—

*'ਲਗੜੀ ਸੁਥਾਨਿ ਜੋੜਣਹਾਰੈ ਜੋੜੀਆ ॥'*

[ਰਾਗੁ ਗੂਜਰੀ ਵਾਰ ਮਹਲਾ ੫, ਅੰਗ—੫੧੯]

ਜੋਗ ਇਥੇ ਜੋਗੀਆਂ ਦੇ ਪੰਥਾਂ ਦਾ ਨਾਮ ਨਹੀਂ ਹੈ।

*'ਜੋਗਾਸ ਚਿਤ ਵ੍ਰਿਤੀ ਨਿਰੋਧਾ।'*

[ਮਹਾਨ ਕੋਸ਼, ਪੰਨਾ—੫੩੫, 'ਜੋਗ' ਸ਼ਬਦ ਦੀ ਟੂਕ]

ਜੋ ਸੰਸਾਰ ਵੱਲੋਂ ਬਿਰਤੀ ਰੋਕ ਕੇ ਪ੍ਰਮੇਸ਼ਰ ਵਿਚ ਜੋੜਨੀ ਹੈ, ਇਹੀ ਅਸਲ ਜੋਗ ਹੈ।

ਅਥਵਾ :—

*'ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ ॥'*

[ਰਾਮਕਲੀ ਕੀ ਵਾਰ ਰਾਇ ਬਲਵੰਡਿ....., ਅੰਗ—੯੬੮]

੮. **ਕਾਮਧੇਨ** :—ਸਤਿਸੰਗਤ ਰੂਪ ਕਾਮਧੇਨ ਗਊ ਹੈ, ਸਤਿਸੰਗਤ ਵਿਚੋਂ ਸਾਰੀਆਂ ਹੀ ਵਸਤੂਆਂ ਪ੍ਰਾਪਤ ਹੁੰਦੀਆਂ ਹਨ। ਯਥਾ :—

*'ਕਾਮਧੇਨੁ ਸੋਹੀ ਦਰਬਾਰੇ ॥'* [ਮਾਰੂ ਮਹਲਾ ੫, ਅੰਗ—੧੦੭੮]

੯. **ਬਿਖ** :—ਨਿੰਦਾ ਰੂਪ ਜ਼ਹਿਰ ਹੈ। ਯਥਾ :—

(ੳ) *'ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥*
*ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥'*

[ਮਾਰੂ ਮਹਲਾ ੫, ਅੰਗ—੧੦੦੧]

(ਅ) *'ਨਿੰਦਾ ਕਰਿ ਕਰਿ ਪਚਹਿ ਘਨੇਰੇ ॥ ਮਿਰਤਕ ਫਾਸ ਗਲੈ ਸਿਰਿ ਪੈਰੇ ॥੩॥'*

[ਬਿਲਾਵਲੁ ਮਹਲਾ ੫, ਅੰਗ—੮੦੬]

(ੲ) *'ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥'*

[ਰਾਗੁ ਸੂਹੀ ਮਹਲਾ ੩, ਅੰਗ—੭੫

੧੦. **ਸਸਿ** :—ਵੈਰਾਗ ਰੂਪ ਚੰਦ੍ਰਮਾਂ ਹੈ। ਯਥਾ :—

(ੳ) *'ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥'* [ਮਾਰੂ ਮਹਲਾ ੫, ਅੰਗ—੧੦੮

(ਅ) *'ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥੧॥'*

[ਸਾਰੰਗ ਮਹਲਾ ੯, ਅੰਗ—੧੨

(ੲ) *'ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ,*
*ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥'* [ਸੋਰਠਿ ਮਹਲਾ ੧, ਅੰਗ—੫੯੭]

੧੧. **ਕਲਪਤਰ** :—ਹਰ ਪ੍ਰਕਾਰ ਦੇ ਦੁਖਾਂ ਨੂੰ ਹਰਨੇ ਵਾਲਾ ਹਰੀ ਦਾ ਨਾਮ ਹੀ ਕਲਪ ਬ੍ਰਿਛ ਹੈ। ਯਥਾ :—

*'ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥'*
[ਟੋਡੀ ਮਹਲਾ ੫, ਅੰਗ—੭੧੭]

ਅਥਵਾ :—ਅਭਿਆਸ ਰੂਪ ਕਲਪ ਬ੍ਰਿਛ ਹੈ। ਜਿਸ ਕੰਮ ਦਾ ਅਭਿਆਸ ਕਰੀਏ, ਉਸਦੀ ਹੀ ਕਾਮਯਾਬੀ ਹੁੰਦੀ ਹੈ, ਅਭਿਆਸ ਤੋਂ ਬਿਨਾਂ ਤਾਂ ਵਿਦਿਆ ਵੀ ਵਿਹੁ ਬਣ ਜਾਂਦੀ ਹੈ, ਭਾਵ ਭੁੱਲ ਜਾਂਦੀ ਹੈ :—

*'ਵਿਖ ਵਿਦਿਆ ਅਭਿਆਸ ਬਿਨੁ... ।....॥੨੨॥'* [ਸਾਰਕੁਤਾਵਲੀ, ਅਧਿਆਇ-੩]

ਜੇਕਰ ਨਾਮ ਜਪਣ ਦਾ ਬਹੁਤਾ ਅਭਿਆਸ ਕਰਾਂਗੇ ਤਾਂ ਬਹੁਤਾ ਅਨੰਦ ਪ੍ਰਾਪਤ ਹੋਵੇਗਾ, ਜੇ ਥੋੜ੍ਹਾ ਅਭਿਆਸ ਕਰਾਂਗੇ ਤਾਂ ਥੋੜ੍ਹਾ ਅਨੰਦ ਪ੍ਰਾਪਤ ਹੋਵੇਗਾ। ਜੇ ਛੇਤੀ ਦੁੱਧ ਰਿੜਕੀਏ ਤਾਂ ਤ੍ਰਿਵਰਾ ਹੋ ਜਾਂਦਾ ਹੈ, ਘਿਉ ਨਹੀਂ ਆਉਂਦਾ, ਜੇ ਹੌਲੀ-ਹੌਲੀ ਰਿੜਕੀਏ ਤਾਂ ਝੱਗ ਜਿਹੀ ਆ ਜਾਂਦੀ ਹੈ, ਫਿਰ ਵੀ ਮੱਖਣ ਨਹੀਂ ਆਉਂਦਾ। ਕਦੇ ਬਹੁਤਾ ਅਭਿਆਸ ਕਰਨ ਲੱਗ ਗਿਆ, ਕਦੇ ਉੱਕਾ ਹੀ ਨਾ ਕੀਤਾ, ਇਸ ਤਰ੍ਹਾਂ ਸਫਲਤਾ ਨਹੀਂ ਹੁੰਦੀ। ਸਫਲਤਾ ਤਾਂ ਹੀ ਹੁੰਦੀ ਹੈ, ਜੇਕਰ ਲਗਾਤਾਰ ਅਭਿਆਸ ਕਰੇ। ਯਥਾ :—

*'ਸਹਜਿ ਬੈਰਾਗ ਸਹਜੇ ਹੀ ਹਸਨਾ ॥ ਸਹਜੇ ਚੂਪ ਸਹਜੇ ਹੀ ਜਪਨਾ ॥੩॥'*
[ਗਉੜੀ ਮਹਲਾ ੫, ਅੰਗ—੨੩੬]

੧੨. **ਸੰਖ** :—ਕੀਰਤਨ ਰੂਪ ਸੰਖ ਹੈ। ਯਥਾ :—

(ੳ) *'ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥'*
[ਰਾਮਕਲੀ ਮਹਲਾ ੫, ਅੰਗ—੮੯੩]

(ਅ) *'ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥'*
[ਮਾਰੂ ਮਹਲਾ ੫, ਅੰਗ—੧੦੭੫-੭੬]

(ੲ) *'ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥*
*ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥੨॥'* [ਗਉੜੀ ਮਹਲਾ ੫, ਅੰਗ—੧੯੦]

(ਸ) *'ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥'*

[ਰਾਗੁ ਗੌੜੀ ਮਾਲਵਾ ਮਹਲਾ ੫, ਅੰਗ—੨੧੪]

੧੩. **ਅਮੀ** :—ਨਾਮ ਰੂਪ ਅੰਮ੍ਰਿਤ ਹੈ। ਯਥਾ :—

*'ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥
ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥'*

[ਗਉੜੀ ਕੀ ਵਾਰ ਮਹਲਾ ੫, ਅੰਗ—੩੧੮]

ਅਥਵਾ :—

*'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ ਪੀਤੀ ਤਿਸੁ ਮੋਖਦੁਆਰ ॥੫॥'*

[ਮਲਾਰ ਮਹਲਾ ੧, ਅੰਗ—੧੨੭੫

ਖੰਡੇ-ਬਾਟੇ ਦਾ ਅੰਮ੍ਰਿਤ ਵੀ ਬਾਣੀ ਪੜ੍ਹ ਕੇ ਹੀ ਤਿਆਰ ਹੁੰਦਾ ਹੈ।

੧੪. **ਗਜਰਾਜ** :—ਮਸਤ ਹੋਣ ਰੂਪ ਐਰਾਵਤ ਹਾਥੀ ਹੈ, ਨਾਮ ਦੀ ਮਸਤੀ ਕਰਕੇ ਹਾ
ਵਾਂਗ ਜੋ ਝੂਮਣਾ ਹੈ। ਯਥਾ :—

(ੳ) *'ਮਾਤਿਆ ਹਰਿ ਰਸ ਮਹਿ ਰਾਤੇ ਤਿਸੁ ਬਹੁੜਿ ਨ ਕਬਹੂ ਅਉਖੀਵਨਾ*

[ਮਾਰੂ ਮਹਲਾ ੫, ਅੰਗ—੧੦੧

(ਅ) *'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ ॥'* [ਇਤਿਹਾ

(ੲ) *'ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮਰਾਮ ਪ੍ਰਗਾਸ ॥੧੬*

[ਸਲੋਕ ਮਹਲਾ ੩, ਅੰਗ—੧੪

ਇਸ ਲਈ ਮਾਨ ਸਰੋਵਰ ਰੂਪ ਸਤਿਗੁਰੂ ਜੀ ਖੀਰ ਸਮੁੰਦਰ ਦੀ ਨਿਆਈਂ ਅ
ਹਨ, ਤਿਨ੍ਹਾਂ ਵਿਚ ਇਹ ਚੌਦਾਂ ਗੁਣਾਂ ਰੂਪ ਰਤਨ ਹੀ ਨਹੀਂ, ਸਗੋਂ ਹੋਰ ਵੀ ਬੇਅੰਤ ਸ
ਸੰਤੋਖ, ਗਿਆਨ ਆਦਿਕ ਸ਼ੁਭ ਗੁਣਾਂ ਰੂਪ ਰਤਨ ਹਨ। ਯਥਾ :—

੧. *'ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥'*

[ਆਸਾ ਮਹਲਾ ੫, ਅੰਗ—

੨. 'ਖਾਰ ਸਮੁਦ੍ਰੁ ਢੰਢੋਲੀਐ ਇਕੁ ਮਣੀਆ ਪਾਵੈ ॥
ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥
ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ ॥੬॥'

[ਮਾਰੂ ਮਹਲਾ ੧, ਅੰਗ—੧੦੧੨]

ਪਰ ਇਨ੍ਹਾਂ ਗੁਣਾਂ ਨੂੰ ਜਿਹੜਾ-ਜਿਹੜਾ ਖੋਜਦਾ ਹੈ, ਉਹੋ-ਉਹੋ ਹੀ ਪ੍ਰਾਪਤ ਕਰ ਸਕਦਾ ਹੈ। ਯਥਾ :—

'ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਵਿਖੈ,
ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ ॥
ਜੈਸੇ ਪਰਬਤਿ ਹੀਰਾ ਮਾਨਿਕ ਪਾਰਸ ਸਿਧ,
ਖਨਵਾਰਾ ਖਨਿ ਜਗ ਵਿਖੈ ਪ੍ਰਗਟਾਵਈ ॥
ਜੈਸੇ ਬਨ ਬਿਖੈ ਮਲਿਆਗਰ ਸੋਧਾ ਕਪੂਰ,
ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ ॥
ਤੈਸੇ ਗੁਰਬਾਣੀ ਵਿਖੈ ਸਕਲ ਪਦਾਰਥ ਹੈ,
ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ ॥੫੪੬॥'

[ਕਬਿੱਤ ਸਵੱਯੇ ਭਾਈ ਗੁਰਦਾਸ ਜੀ]

ਸਿੱਧਾਂ ਨੇ ਫਿਰ ਪ੍ਰਸ਼ਨ ਕੀਤਾ, "ਮਹਾਰਾਜ ਸਾਹਿਬ ਜੀ! ਖੀਰ ਸਮੁੰਦਰ ਵਿਚ ਮਾਨ ਸਰੋਵਰ 'ਤੇ ਹੰਸ ਰਹਿੰਦੇ ਹਨ ਅਤੇ ਹੀਰੇ ਮੋਤੀਆਂ ਦਾ ਚੋਗ ਚੁਗਦੇ ਹਨ, ਇਧਰ ਹੰਸ ਕਿਹੜੇ ਹਨ?" ਸਤਿਗੁਰੂ ਜੀ ਫ਼ੁਰਮਾਉਂਦੇ ਹਨ :—

## ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥

ਨਾਮ-ਅੰਮ੍ਰਿਤ ਰੂਪ ਚੋਗੇ ਨੂੰ ਚੁਗਣ ਵਾਲੇ ਸੰਤ ਹੰਸਾਂ ਦੀ ਨਿਆਈਂ ਹਨ, ਜਿਵੇਂ ਹੰਸ ਮਾਨ ਸਰੋਵਰ ਤੋਂ ਦੂਰ ਨਹੀਂ ਹੁੰਦੇ, ਇਸੇ ਤਰ੍ਹਾਂ ਹੀ ਸੰਤਾਂ ਰੂਪ ਹੰਸ ਗੁਰੂ ਰੂਪ ਮਾਨ ਸਰੋਵਰ ਤੋਂ ਪਰੇ ਨਹੀਂ ਹੁੰਦੇ। ਯਥਾ :—

'ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ ॥
ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ ॥'

[ਰਾਮਕਲੀ ਕੀ ਵਾਰ, ਸਲੋਕੁ ਮਃ ੧, ਅੰਗ—੯੫੬]

ਗੁਰੂ ਰੂਪ ਮਾਨ ਸਰੋਵਰ ਨਾਲ ਸੰਤਾਂ ਰੂਪ ਹੰਸਾਂ ਦਾ ਧੁਰੋਂ ਹੀ ਮਿਲਾਪ ਹੈ, ਪ੍ਰਮੇਸ਼ਰ ਨੂੰ ਇਸ ਤਰ੍ਹਾਂ ਹੀ ਭਾਉਂਦਾ ਹੈ। **ਬਗੁਲਾ** = ਦੰਭੀ ਪੁਰਸ਼, **ਕਾਗੁ** = ਪਾਪੀ ਪੁਰਸ਼ ਉਥੇ ਨਹੀਂ ਟਿਕ ਸਕਦਾ, ਕਿਉਂਕਿ ਉਥੇ ਉਨਾਂ ਪਾਪੀਆਂ, ਦੰਭੀਆਂ ਪੁਰਸ਼ਾਂ ਦਾ ਖਾਣਾ ਨਹੀਂ ਹੁੰਦਾ। ਉਹ ਸ਼ੁਭ ਗੁਣਾਂ ਰੂਪ ਮੋਤੀ, ਨਾਮ ਰੂਪ ਹੀਰਾ, ਇਹ ਨਹੀਂ ਖਾ ਸਕਦੇ, ਭਾਵ ਧਾਰਨ ਨਹੀਂ ਕਰ ਸਕਦੇ।

**ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥**

ਸੰਤਾਂ ਰੂਪ ਹੰਸ ਹਰਿ ਨਾਮ ਰਸ ਰੂਪ ਚੋਗੇ ਨੂੰ ਚੁਗਦੇ ਹਨ, ਪ੍ਰਭੂ ਨੂੰ ਭਾਉਂਦੇ ਹਨ, ਭਾਵ ਚੰਗੇ ਲੱਗਦੇ ਹਨ।

**ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥**

ਸੰਤਾਂ ਰੂਪ ਹੰਸ ਗੁਰੂ ਰੂਪ ਮਾਨ ਸਰੋਵਰ ਵਿਚੋਂ, ਭਾਵ ਸਤਿਗੁਰਾਂ ਪਾਸੋਂ, ਪ੍ਰਾਣਾਂ ਦੇ ਪਤੀ ਪ੍ਰਮੇਸ਼ਰ ਨੂੰ ਪਾ ਲੈਂਦੇ ਹਨ।

**ਕਿਆ ਬਗੁ ਬਪੁੜਾ ਛਪੜੀ ਨਾਇ ॥ ਕੀਚੜਿ ਡੂਬੈ ਮੈਲੁ ਨ ਜਾਇ ॥੧॥ਰਹਾਉ॥**

ਇਹ **ਬਪੁੜਾ** = ਵਿਚਾਰਾ **ਬਗੁ** = ਬਗਲਾ (ਪਖੰਡੀ ਜੀਵ) ਕੁਸੰਗਤ ਰੂਪ ਛਪੜੀ ਵਿਚ ਕੀ ਇਸ਼ਨਾਨ ਕਰ ਰਿਹਾ ਹੈ। ਕਿਸੇ ਪਦਾਰਥ ਦੀ ਪ੍ਰਾਪਤੀ ਹੋ ਜਾਣ ਰੂਪ ਚਿੱਕੜ ਵਿਚ ਡੁੱਬਣ ਕਰਕੇ ਅਵਿਦਿਆ ਰੂਪ ਮੈਲ ਨਹੀਂ ਜਾਂਦੀ।੧॥ਰਹਾਉ॥

ਜਿਸ ਤਰ੍ਹਾਂ ਬਗਲਾ ਛਪੜੀ ਦੇ ਚਿੱਕੜ ਵਿਚ ਡੁੱਬ ਜਾਂਦਾ ਹੈ ਅਤੇ ਡੱਡੀਆਂ ਖਾਣ ਰੂਪ ਮੈਲ ਨਹੀਂ ਜਾਂਦੀ, ਏਸੇ ਤਰ੍ਹਾਂ ਬਗਲਾ ਰੂਪ ਦੰਭੀ ਪੁਰਸ਼ ਕੁਸੰਗਤ ਰੂਪ ਛਪੜੀ ਵਿਚ ਨਹਾਉਂਦਾ ਹੋਇਆ ਵਿਸ਼ਿਆਂ ਰੂਪ ਚਿੱਕੜ ਵਿਚ ਡੁੱਬ ਜਾਂਦਾ ਹੈ। ਜਿਨ੍ਹਾਂ ਨੂੰ ਮਾਈਆਂ ਬੀਬੀਆਂ ਆਖਦਾ ਹੈ, ਫਿਰ ਉਨ੍ਹਾਂ ਨੂੰ ਹੀ ਭੈੜੀ ਨਜ਼ਰ ਨਾਲ ਵੇਖਦਾ ਹੈ। ਯਥਾ :—

*'ਮਾਈ ਮਾਗਤ ਤ੍ਰੈ ਲੋਭਾਵਹਿ ॥'* [ਰਾਮਕਲੀ ਮਹਲਾ ੧, ਅੰਗ—੯੦੩]

ਵਿਸ਼ਿਆਂ ਦੀ ਇੱਛਾ ਰੂਪ ਮੈਲ ਨਹੀਂ ਜਾਂਦੀ। ਯਥਾ :—

*'ਮੈਲਾ ਹਰਿ ਕੇ ਨਾਮ ਬਿਨੁ ਜੀਉ ॥*
*ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ ॥੧॥'*

[ਸਾਰਗ ਮਹਲਾ ੫, ਅੰਗ—੧੨੨੪]

ਤਾਂ ਸਿੱਧਾ ਨੇ ਕਿਹਾ, "ਜੀ! ਵਿਸ਼ਿਆਂ ਦੇ ਚਿੱਕੜ ਤੋਂ ਬਚਣ ਦਾ ਕੀ ਸਾਧਨ ਹੈ?"
ਉੱਤਰ :—

**ਰਖਿ ਰਖਿ ਚਰਨ ਧਰੇ ਵੀਚਾਰੀ॥ ਦੁਬਿਧਾ ਛੋਡਿ ਭਏ ਨਿਰੰਕਾਰੀ॥**

ਜੋ ਵਿਚਾਰਵਾਨ ਪੁਰਸ਼ ਪੈਰਾਂ ਨੂੰ **ਰਖਿ ਰਖਿ** = ਰੋਕ-ਰੋਕ ਕੇ ਪ੍ਰਿਥਵੀ 'ਤੇ ਧਰਦੇ ਹਨ, ਭਾਵ ਜੀਵ ਹਿੰਸਿਆ ਨਹੀਂ ਹੋਣ ਦਿੰਦੇ। ਅਥਵਾ :—ਮਨ ਬੁੱਧ ਰੂਪ ਪੈਰਾਂ ਨੂੰ ਵਿਸ਼ੇ-ਵਿਕਾਰਾਂ ਵੱਲੋਂ ਰੋਕ-ਰੋਕ ਕੇ ਸਤਿਸੰਗਤ ਰੂਪ ਧਰਤੀ 'ਤੇ ਧਰਦੇ ਹਨ। ਉਹ ਵਿਚਾਰਵਾਨ ਦੁਬਿਧਾ ਨੂੰ ਛੱਡ ਕੇ ਨਿਰੰਕਾਰ ਦਾ ਸਰੂਪ ਹੋਏ ਹਨ।

## ਸਾਖੀ : ਦੁਬਿਧਾ ਮਹਲੁ ਨ ਪਾਵੈ

ਫ਼ਿਰੋਜ਼ਪੁਰ ਜ਼ਿਲ੍ਹੇ ਦੇ ਨਗਰ ਦੌਧਰ ਵਿਚ ਇਕ ਵਿਦਵਾਨ ਪੰਡਿਤ ਢੋਲ ਵਜਾਉਂਦਾ, ਇਹ ਕਹਿੰਦਾ ਹੋਇਆ ਆ ਰਿਹਾ ਸੀ ਕਿ ਮੈਂ ਦ੍ਵੈਤ ਸਿੱਧ ਕਰਦਾ ਹਾਂ, ਮੇਰੇ ਨਾਲ ਕੋਈ ਚਰਚਾ ਕਰੇ।

ਇਥੋਂ ਦੇ ਸੰਤ ਈਸ਼ਰ ਸਿੰਘ ਜੀ ਪੰਡਿਤ ਬੜੇ ਬਿਰੱਕਤ ਸਾਧੂ ਹੋਏ ਹਨ, ਇਹ ਇਤਨੇ ਤਿਆਗੀ ਸਨ ਕਿ ਇਕ ਵਾਰੀ ਨਾਭੇ ਵਾਲੇ ਰਾਜੇ ਨੇ ਇਹਨਾਂ ਨੂੰ ਇਕ ਲੱਖ ਰੁਪਏ ਭੇਟਾ ਕੀਤੇ, ਜੋ ਅੱਜ ਦੇ ਕ੍ਰੋੜ ਤੋਂ ਵੀ ਵੱਧ ਸਨ, ਪਰ ਆਪ ਜੀ ਨੇ ਮੋੜ ਦਿੱਤੇ। ਰਾਜੇ ਨੇ ਕਿਹਾ, "ਸੰਤ ਜੀ! ਰੱਖ ਲਓ, ਕਿਤੇ ਸੇਵਾ ਵਿਚ ਲਾ ਦੇਣੇ, ਇਤਨੇ ਪੈਸੇ ਫਿਰ ਕਿਸੇ ਨੇ ਨਹੀਂ ਦੇਣੇ, ਪਰ ਆਪ ਨੇ ਨਾ ਲਏ।

ਪੰਡਿਤ ਜਦੋਂ ਸੰਤਾਂ ਦੇ ਡੇਰੇ ਆ ਪਹੁੰਚਾ ਤਾਂ ਸੰਤਾਂ ਨੇ ਬੜੇ ਅਦਬ ਸਤਿਕਾਰ ਨਾਲ ਕੋਲ ਬਿਠਾਇਆ ਅਤੇ ਕਿਹਾ, "ਤੁਸੀਂ ਬੜੇ ਵਿਦਵਾਨ ਹੋ, ਤੁਹਾਡੇ ਨਾਲ ਕੋਈ ਚਰਚਾ ਨਹੀਂ ਕਰ ਸਕਦਾ।" ਪਾਸ ਹੀ ਇਕ ਝਿਊਰਾਂ ਦਾ ਲੜਕਾ ਪਾਣੀ ਛਿੜਕਾ ਰਿਹਾ ਸੀ। ਸੰਤਾਂ ਨੇ ਅਵਾਜ਼ ਮਾਰ ਕੇ ਕੋਲ ਸੱਦਿਆ ਅਤੇ ਬਾਹੋਂ ਫੜ ਕੇ ਲੜਕੇ ਨੂੰ ਕਹਿਣ ਲੱਗੇ, "ਤੂੰ ਪ੍ਰਮੇਸ਼ਰ ਸਰੂਪ ਹੈਂ! ਇਸ ਲਈ ਆਸਣ 'ਤੇ ਬੈਠ ਜਾ।" ਸੰਤ ਨਾਲ-ਨਾਲ ਤਾਂ ਇਹ ਬਚਨ ਕਹਿੰਦੇ ਗਏ ਅਤੇ ਨਾਲ-ਨਾਲ ਜ਼ਬਰਦਸਤੀ ਉਸਨੂੰ ਬਿਠਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਾ ਬੈਠੇ। ਇਹ ਕਹਿ ਕੇ ਬਾਂਹ ਜ਼ਬਰਦਸਤੀ ਛੁਡਾਈ ਜਾਵੇ, "ਨਹੀਂ ਮਹਾਰਾਜ ਜੀ! ਮੈਂ ਤਾਂ ਬੜਾ ਪਾਪੀ ਹਾਂ, ਮੈਂ ਨਹੀਂ ਤੁਹਾਡੇ ਆਸਣ 'ਤੇ ਬੈਠਣਾ।" ਤਾਂ ਸੰਤ ਈਸ਼ਰ ਸਿੰਘ ਜੀ ਨੇ ਕਿਹਾ, "ਪੰਡਿਤ ਜੀ! ਦ੍ਵੈਤ ਤਾਂ ਇਹ ਇਕ ਅਨਪੜ੍ਹ ਝਿਊਰਾਂ ਦਾ ਮੁੰਡਾ ਹੀ ਸਿੱਧ ਕਰੀ ਜਾਂਦਾ ਹੈ, ਜੋ ਇਕ ਵੀ ਅੱਖਰ ਨਹੀਂ ਪੜ੍ਹਿਆ, ਤੁਸੀਂ ਤਾਂ ਬਹੁਤ ਵਿਦਿਆ

ਪੜ੍ਹੀ ਹੋਈ ਹੈ, ਜੇ ਤੁਸੀਂ ਸਿੱਧ ਕਰ ਦੇਵੋਗੇ ਤਾਂ ਇਹ ਕਿਹੜਾ ਔਖੀ ਗੱਲ ਹੈ ? ਔਖੀ ਤਾਂ ਅਦ੍ਵੈਤ ਸਿੱਧ ਕਰਨੀ ਹੈ।" ਇਹ ਸੁਣ ਕੇ ਪੰਡਿਤ ਬੜਾ ਸ਼ਰਮਿੰਦਾ ਹੋਇਆ।

ਦ੍ਵੈਤ ਬਾਰੇ ਭਗਤ ਕਬੀਰ ਸਾਹਿਬ ਜੀ ਇਉਂ ਫ਼ੁਰਮਾਉਂਦੇ ਹਨ :—

੧. *'ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ ॥*
*ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥੨੦੨॥'*
[ਸਲੋਕ ਕਬੀਰ, ਅੰਗ—੧੩੭੫]

੨. *'ਦੁਬਿਧਾ ਬਉਰੀ ਮਨੁ ਬਉਰਾਇਆ ॥ ਝੂਠੈ ਲਾਲਚਿ ਜਨਮੁ ਗਵਾਇਆ ॥*
*ਲਪਟਿ ਰਹੀ ਫੁਨਿ ਬੰਧੁ ਨ ਪਾਇਆ ॥'* [ਪ੍ਰਭਾਤੀ ਮਹਲਾ ੧, ਅੰਗ—੧੩੪੨]

੩. *'ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥.....॥੪॥*
*ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸਕੀ ਨਿਰਮਲ ਜੁਗਤਾ ॥*
*ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥*
*ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥'*
[ਗਉੜੀ ਮਹਲਾ ੫, ਅੰਗ—੨੩੭-੩੮]

ਇਸ ਲਈ ਜਿਨ੍ਹਾਂ ਨੇ ਦ੍ਵੈਤ ਨੂੰ ਨਾਸ ਕਰ ਲਿਆ ਹੈ, ਉਹ ਪ੍ਰਮੇਸ਼ਰ ਦਾ ਹੀ ਸਰੂਪ ਬਣ ਗਏ ਹਨ। ਯਥਾ :—

*'ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥'*
[ਸਲੋਕ ਕਬੀਰ, ਅੰਗ—੧੩੭੫]

## ਮੁਕਤਿ ਪਦਾਰਥੁ ਹਰਿ ਰਸ ਚਾਖੇ ॥

ਹਰੀ ਦੇ ਨਾਮ ਰਸ ਨੂੰ **ਚਾਖੇ** = ਧਾਰਨ ਕਰਕੇ ਕੈਵਲ ਮੁਕਤੀ ਰੂਪ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ, ਭਾਵੇਂ ਮੁਕਤੀ ਆਦਿਕ ਦੀ ਇੱਛਾ ਨਹੀਂ ਰੱਖਦੇ, ਮੁਖੋਂ ਇਉਂ ਕਹਿੰਦੇ ਹਨ :—

੧. *'ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥'*
[ਦੇਵਗੰਧਾਰੀ ੫, ਅੰਗ—੫੩

੨. *'ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥'*
[ਆਸਾ ਮਹਲਾ ੧, ਅੰਗ—੩੬

੩. *'ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥'* [ਮਾਰੂ ਮਹਲਾ ੫, ਅੰਗ—੧੦੭

**ਆਵਣ ਜਾਣ ਰਹੇ ਗੁਰਿ ਰਾਖੇ ॥੨॥**

ਜਿਨ੍ਹਾਂ ਦੇ ਗੁਰੂ ਸਾਹਿਬ ਜੀ ਆਪ ਰਾਖੇ ਹੋਏ ਹਨ, ਉਹ ਸੰਸਾਰ ਵਿਚ ਆਉਣ-ਜਾਣ ਤੋਂ ਰਹਿ ਗਏ ਹਨ। ਭਾਵ ਉਨ੍ਹਾਂ ਦਾ ਆਉਣਾ-ਜਾਣਾ ਮੁੱਕ ਗਿਆ ਹੈ।

**ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥**

ਸਤਿਗੁਰੂ ਜੀ ਮਾਨ ਸਰੋਵਰ ਦੀ ਨਿਆਈਂ ਹਨ, ਤਿਨ੍ਹਾਂ ਨੂੰ ਸੰਤਾਂ ਰੂਪ ਹੰਸ ਛੱਡ ਕੇ ਕਿਤੇ ਨਹੀਂ ਜਾਂਦੇ, ਪ੍ਰੇਮਾ-ਭਗਤੀ ਕਰਕੇ **ਸਹਜਿ** = ਸਰੂਪ ਵਿਚ **ਸਮਾਇ** = ਮਿਲ ਗਏ ਹਨ। ਭਾਵ ਅਭੇਦ ਹੋ ਗਏ ਹਨ, ਫਿਰ ਵਿਛੋੜਾ ਨਹੀਂ ਹੁੰਦਾ। ਯਥਾ :—

੧. *'ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥'*

[ਗਉੜੀ ਸੁਖਮਨੀ ਮਃ ੫, ਅੰਗ—੨੭੮]

੨. *'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥'*

[ਬਿਲਾਵਲੁ ਮਹਲਾ ੫, ਅੰਗ—੮੪੬]

੩. *'ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥*
*ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥੧॥'*

[ਧਨਾਸਰੀ ਸ੍ਰੀ ਕਬੀਰ ਜੀ, ਅੰਗ—੬੯੨]

੪. *'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥'*

[ਰਾਮਕਲੀ ਕਬੀਰ ਜੀ, ਅੰਗ—੯੬੯]

੫. *'ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ,*
*ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤਿ ॥੨॥'*

[ਸਾਰਗ ਮਹਲਾ ੪, ਅੰਗ—੧੨੦੧]

ਇਸੇ ਕਰਕੇ ਭਗਤ ਫ਼ਰੀਦ ਜੀ ਪ੍ਰੇਮ ਨੂੰ ਪਾਤਸ਼ਾਹ ਕਥਨ ਕਰਦੇ ਹਨ :—

*'ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥'*

[ਸਲੋਕ ਸੇਖ ਫਰੀਦ, ਅੰਗ—੧੩੭੯]

## ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥

ਸਤਿਗੁਰੂ ਰੂਪ ਮਾਨ ਸਰੋਵਰ ਵਿਚ ਤੱਤਬੇਤੇ ਰੂਪ ਹੰਸ ਮਿਲੇ ਰਹਿੰਦੇ ਹਨ ਅਤੇ ਤੱਤਬੇਤਿਆਂ ਰੂਪ ਹੰਸਾਂ ਨਾਲ ਸਮੁੰਦਰ ਰੂਪ ਸਤਿਗੁਰੂ ਜੀ ਮਿਲੇ ਹੋਏ ਹਨ, ਤਾਣੇ ਪੇਟੇ ਦੀ ਤਰ੍ਹਾਂ। ਯਥਾ :—

੧. *'ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥*
*ਏਕਹਿ ਆਪਿ ਨਹੀ ਕਛੁ ਭਰਮੁ ॥'* [ਗਉੜੀ ਸੁਖਮਨੀ ਮ: ੫, ਅੰਗ—੨੮੭]

੨. *'ਜੋ ਪ੍ਰਾਨੀ ਨਿਸਿਦਿਨਿ ਭਜੇ ਰੂਪ ਰਾਮ ਤਿਹ ਜਾਨੁ ॥*
*ਹਰਿਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥'*
[ਸਲੋਕ ਮਹਲਾ ੯, ਅੰਗ—੧੪੨੭]

੩. *'ਦੋਹਰਾ ॥ ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੨॥'*
[ਦਸਮ, ਅੰਗ—੫੯]

੪. *'ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌਂ ਕਰੌਂ ਨਿਵਾਸ ॥'*
[ਸ੍ਰੀ ਸਰਬਲੋਹ ਗ੍ਰੰਥ, ਪੰਨਾ—੬੬੭]

## ਅਕਥ ਕਥਾ ਗੁਰ ਬਚਨੀ ਆਦਰੁ ॥੩॥

ਅਕਥ ਰੂਪ ਪ੍ਰਮੇਸ਼ਰ ਦੀ ਕਥਾ ਸੁਣੇ। ਯਥਾ :—

੧. *'ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ,*
*ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ॥'* [ਸੂਹੀ ਮਹਲਾ ੪, ਅੰਗ—੭੩੩]

੨. *'ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ*
[ਨਟ ਮਹਲਾ ੪, ਅੰਗ—੬੭

੩. *'ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨*
[ਰਾਗੁ ਗਉੜੀ ਪੂਰਬੀ ਮਹਲਾ ੫, ਅੰਗ—੧

ਅਤੇ ਸਤਿਗੁਰਾਂ ਦੇ ਬਚਨਾਂ ਦਾ ਆਦਰ ਸਤਿਕਾਰ ਕਰੇ। ਯਥਾ :—

੧. *'ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥'*
[ਧਨਾਸਰੀ ਮਹਲਾ ੪, ਅੰਗ—੬੬

੨. *'ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥*
*ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥੪॥੪॥'*
[ਧਨਾਸਰੀ ਮਹਲਾ ੫, ਅੰਗ—੬੭੧]

**ਸੁੰਨ ਮੰਡਲ ਇਕੁ ਜੋਗੀ ਬੈਸੇ ॥**

ਇਕ ਅੱਧ ਕੋਈ ਵਿਰਲੇ ਹੀ **ਜੋਗੀ** = ਮਹਾਤਮਾ **ਸੁੰਨ ਮੰਡਲ** = ਪ੍ਰਮਾਤਮਾ ਵਿਚ ਬੈਠੇ ਹਨ।

ਪ੍ਰਸ਼ਨ :—ਜਿਸ ਪ੍ਰਭੂ ਵਿਚ ਜੁੜ ਕੇ ਬੈਠੇ ਹਨ, ਉਹ ਕੈਸਾ ਹੈ ? ਉੱਤਰ :—

**ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥**

ਉਹ ਪ੍ਰਭੂ ਨਾ ਇਸਤ੍ਰੀ ਹੈ, ਨਾ ਪੁਰਸ਼ ਹੈ, ਕਹੁ ਖਾਂ ! ਉਸਨੂੰ ਕੋਈ ਇਸਤ੍ਰੀ ਪੁਰਸ਼ ਕਿਵੇਂ ਕਹਿ ਸਕਦਾ ਹੈ ? ਯਥਾ :—

*'ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥'*
[ਮਾਰੂ ਮਹਲਾ ੧, ਅੰਗ—੧੦੧੦]

**ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥੪॥**

ਤਿੰਨਾਂ ਭਵਣਾਂ ਦੇ ਮਾਲਕ **ਜੋਤਿ** = ਪ੍ਰਕਾਸ਼ ਰੂਪ ਪ੍ਰਮਾਤਮਾ ਵਿਚ ਮਹਾਤਮਾ ਲੋਕ ਲਿਵ ਲਗਾ ਰਹੇ ਹਨ। ਜਿਸ ਸੱਚੇ ਨਾਥ ਦੀ ਸ਼ਰਨ ਵਿਚ ਦੇਵਤਾ ਤੇ ਮਨੁੱਖ ਆ ਰਹੇ ਹਨ ॥੪॥ ਕਿਉਂਕਿ :—

੧. *'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥'*
[ਬਿਹਾਗੜਾ ਮਹਲਾ ੫, ਅੰਗ—੫੪੪]

੨. *'ਜਿਤੇ ਸਰਨ ਜੈਹੈ ॥ ਤਿਤਿਓ ਰਾਖ ਲੈਹੈ ॥੭੫॥'* [ਦਸਮ, ਅੰਗ—੪੪]

**ਆਨੰਦ ਮੂਲੁ ਅਨਾਥ ਅਧਾਰੀ ॥**

ਉਹ ਪ੍ਰਮਾਤਮਾ ਸਾਰੇ ਅਨੰਦਾਂ ਦਾ **ਮੂਲੁ** = ਮੁੱਢ ਹੈ, ਉਹ ਆਪ ਅਨਾਥ ਹੈ, ਉਸਦਾ ਕੋਈ ਮਾਲਕ ਨਹੀਂ ਹੈ। ਪਰ ਉਹ ਸਾਰਿਆਂ ਦਾ **ਅਧਾਰੀ** = ਆਸਰਾ ਰੂਪ ਹੈ। ਯਥਾ :—

*'ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥*
*ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥*

*ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥੨॥'*
[ਸਿਰੀ ਰਾਗੁ ਮਹਲਾ ੫, ਅੰਗ—੭੦]

## ਗੁਰਮੁਖਿ ਭਗਤਿ ਸਹਜਿ ਬੀਚਾਰੀ ॥

(ੳ) ਗੁਰਮੁਖਾਂ ਨੇ ਗੁਰਾਂ ਦੁਆਰੇ ਸਹਜੇ ਹੀ ਉਸਦੀ ਭਗਤੀ ਕਰਨੀ ਵਿਚਾਰੀ ਹੈ।

(ਅ) ਗੁਰਮੁਖ ਭਗਤੀ ਕਰਦੇ ਹਨ ਅਤੇ **ਸਹਜਿ** = ਸਰੂਪ ਦੀ ਵਿਚਾਰ ਕਰਦੇ ਹਨ।

(ੲ) ਗੁਰਮੁਖ ਭਗਤੀ ਕਰਦੇ ਹਨ ਅਤੇ **ਸਹਜਿ** = ਗਿਆਨ ਦੀ ਵਿਚਾਰ ਕਰਦੇ ਹਨ ਕਿ ਅਸੀਂ ਕੀ ਹਾਂ, ਅਸੀਂ ਕੀ ਕਰਦੇ ਹਾਂ, ਸਾਨੂੰ ਕੀ ਕਰਨਾ ਚਾਹੀਦਾ ਹੈ, ਮਾਇਆ ਕੀ ਵਸਤੂ ਹੈ ? ਸੱਤ-ਅਸੱਤਿ ਦਾ ਨਿਰਣਾ ਰੂਪ ਵਿਚਾਰ ਕਰਦੇ ਹਨ।

## ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥

ਜੋ ਪ੍ਰਮਾਤਮਾ ਭਗਤਾਂ ਦਾ ਪਿਆਰਾ ਹੈ ਅਤੇ ਭਗਤਾਂ ਦੇ ਡਰ ਕੱਟਣ ਵਾਲਾ ਹੈ, ਐਸੇ ਪ੍ਰਮਾਤਮਾ ਦੇ ਨਾਮ-ਬਾਣੀ ਰੂਪ **ਪਗੁ** = ਚਰਨ ਜਿਨ੍ਹਾਂ ਨੇ ਆਪਣੇ ਹਿਰਦੇ ਵਿਚ ਧਾਰੇ ਹਨ, ਉਨ੍ਹਾਂ ਨੇ ਹੰਗਤਾ-ਮਮਤਾ ਮਾਰ ਲਈ ਹੈ ਅਤੇ ਪ੍ਰਮੇਸ਼ਰ ਵਿਚ ਮਿਲ ਗਏ ਹਨ। ਯਥਾ :—

੧. *'ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥੮॥'*
[ਮਾਰੂ ਸੋਲਹੇ ਮਹਲਾ ੫, ਅੰਗ—੧੦੭੬]

੨. *'ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥'*
[ਮਲਾਰ ਮਹਲਾ ੪, ਅੰਗ—੧੨੬੪]

## ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥

ਨਾਮ-ਸਿਮਰਨ ਤੋਂ ਬਿਨਾਂ ਹੋਰ ਅਨੇਕ ਤਰ੍ਹਾਂ ਦੇ ਯਤਨ ਕਰਨ ਨਾਲ ਇਸ ਜੀਵ ਨੂੰ ਕਾਲ ਦੁਖ ਦਿੰਦਾ ਹੈ। ਕਿਉਂਕਿ ਸਾਰੇ ਜੀਵ ਮਰਨਾ ਲਿਖਾ ਕੇ ਸੰਸਾਰ ਮੰਡਲ ਵਿਚ ਆਏ ਹੋਏ ਹਨ। ਯਥਾ :—

*'ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥*
*ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥*
*ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥*

*ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥*
*ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥'*

[ਸਲੋਕ ਸੇਖ ਫਰੀਦ, ਅੰਗ—੧੩੭੭]

ਕਾਲ ਕਿਸੇ ਨਾਲ ਵੀ ਲਿਹਾਜ ਨਹੀਂ ਕਰਦਾ। ਯਥਾ :—

੧. *'ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੪]

੨. *'ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥*
*ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥'*

[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ—੯੩੬]

੩. *'ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥*
*ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥੨॥*
*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥'*

[ਬਿਲਾਵਲੁ ਸ੍ਰੀ ਕਬੀਰ ਜੀ, ਅੰਗ—੮੫੫]

ਪ੍ਰਮੇਸ਼ਰ ਨੇ ਇਸ ਸਰੀਰ ਵਿਚ ਗਿਣ ਕੇ ਸੁਆਸ ਪਾਏ ਹਨ, ਇਕ ਸੁਆਸ ਵੀ ਘੱਟ ਵੱਧ ਨਹੀਂ ਸਕਦਾ। ਯਥਾ :—

*'ਸਲੋਕੁ ॥ ਝਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥*
*ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥੧॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੪]

ਪਰ ਇਸ ਜੀਵ ਨੇ :—

*'ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥'*

[ਆਸਾ ਮਹਲਾ ੩, ਅੰਗ—੪੩੦]

**ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥**

ਮਨਮੁਖ ਪੁਰਸ਼ ਦੁਬਿਧਾ ਵਿਚ ਲੱਗ ਕੇ ਆਪਣੇ ਅਮੋਲਕ ਜਨਮ-ਪਦਾਰਥ ਨੂੰ ਵਿਅਰਥ ਗੁਆ ਰਿਹਾ ਹੈ। ਆਪਣੇ ਸਰੂਪ ਨੂੰ ਜਾਣਦਾ ਨਹੀਂ ਹੈ ਅਤੇ ਪਦਾਰਥਾਂ ਵਿਚ, ਲਖ-ਚੁਰਾਸੀ ਦੇ ਚੱਕਰ ਵਿਚ ਭੌਂਦਾ ਹੋਇਆ ਰੋਂਦਾ ਹੈ ॥੬॥ ਯਥਾ :—

੧. *'ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥*
*ਸਾਧ ਸੰਗਿ ਭਇਓ ਜਨਮੁ ਪਰਾਪਤਿ ॥*
*ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥*
*ਤਿਆਗਿ ਮਾਨੁ ਝੂਠੁ ਅਭਿਮਾਨੁ ॥*
*ਜੀਵਤ ਮਰਹਿ ਦਰਗਹ ਪਰਵਾਨੁ ॥੩॥'*

[ਗਉੜੀ ਗੁਆਰੇਰੀ ਮਹਲਾ ੫, ਅੰਗ—੧੭੬

੨. *'ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥'*

[ਸੋਰਠਿ ਮਹਲਾ ੯, ਅੰਗ—੬੩੧-੩

੩. *'ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥'* [ਆਸਾ ਮਹਲਾ ੫, ਅੰਗ—੧

## ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥

ਗੁਰਮੁਖ ਇੰਞ ਨਿਸ਼ਚਾ ਕਰਦੇ ਹਨ ਕਿ ਸਰਬ ਰੂਪ ਹੋਣ ਕਰਕੇ ਕਹਿਣ ਵਾਲਾ, ਪੜ੍ਹ ਵਾਲਾ, ਸੁਣਨ ਵਾਲਾ ਇਕ **ਧਰਣੀਧਰ** = ਪ੍ਰਭੂ ਆਪ ਹੀ ਹੈ। ਅਥਵਾ :—ਗੁਰਮੁਖ ਇ ਦਾ ਹੀ ਜਸ ਕਹਿੰਦੇ ਹਨ, ਇਕ ਪ੍ਰਭੂ ਦਾ ਹੀ ਪੜ੍ਹਨਾ-ਸੁਣਨਾ ਕਰਦੇ ਹਨ ਅਤੇ ਧਰਣੀ ਪ੍ਰਭੂ ਦੀ **ਟੇਕ** = ਓਟ ਲੈ ਕੇ ਧੀਰਜ ਤੇ ਧਰਮ ਵਿਚ ਰਹਿਣਾ ਕਰਦੇ ਹਨ। ਯਥਾ :—

*'ਏਕੋ ਜਪਿ ਏਕੋ ਸਾਲਾਹਿ ॥*
*ਏਕੁ ਸਿਮਰਿ ਏਕੋ ਮਨ ਆਹਿ ॥*

*ਏਕਸ ਕੇ ਗੁਨ ਗਾਉ ਅਨੰਤ ॥*
*ਮਨਿ ਤਨਿ ਜਾਪਿ ਏਕ ਭਗਵੰਤ ॥'*

[ਗਉੜੀ ਸੁਖਮਨੀ ਮ: ੫, ਅੰਗ—੨੮੯]

**ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥**

ਜਤ, ਸਤ, **ਸੰਜਮੁ** = ਇੰਦ੍ਰੀਆਂ ਦਾ ਦਮਨ ਕਰਨਾ ਜਾਂ ਖਾਣ-ਪੀਣ ਦਾ ਸੰਜਮ ਰੱਖਣਾ, ਇਤਿਆਦਿਕ ਸਾਰੇ ਸ਼ੁਭ ਗੁਣ ਉਹਨਾਂ ਦੇ ਹਿਰਦੇ ਵਿਚ ਸਮਾਉਂਦੇ ਹਨ, ਜਿਹੜੇ ਮਨ ਦੇ **ਪਤੀਆਏ** = ਭਰੋਸੇ ਕਰਕੇ **ਚਉਥੇ** = ਤੁਰੀਆ ਪਦ ਨੂੰ ਪ੍ਰਾਪਤ ਹੋਏ ਹਨ ॥੭॥

**ਸਾਚੇ ਨਿਰਮਲ ਮੈਲੁ ਨ ਲਾਗੈ ॥**

ਸੱਚਾ ਨਾਮ ਜਪਣ ਕਰਕੇ ਉਹ ਗੁਰਮੁਖ ਨਿਰਮਲ ਹਨ, ਉਹਨਾਂ ਨੂੰ ਪਾਪਾਂ ਅਤੇ ਵਿਸ਼ਿਆਂ ਦੀ ਮੈਲ ਨਹੀਂ ਲੱਗਦੀ। ਯਥਾ :—

*'ਜੀਅਹੁ ਨਿਰਮਲ ਬਾਹਰਹੁ ਨਿਰਮਲ ॥*
*ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥*
*ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੧੯]

**ਗੁਰ ਕੈ ਸਬਦਿ ਭਰਮ ਭਉ ਭਾਗੈ ॥**

ਸਤਿਗੁਰਾਂ ਦੇ ਸ਼ਬਦ ਦੁਆਰਾ ਭਰਮ ਅਤੇ **ਭਉ** = ਡਰ **ਭਾਗੈ** = ਨਾਸ ਹੋ ਜਾਂਦਾ ਹੈ।

**ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥**

ਉਹ ਪ੍ਰਮੇਸ਼ਰ ਸਭ ਦਾ ਆਦਿ ਅਤੇ ਉਪਮਾ ਤੋਂ ਰਹਿਤ **ਸੂਰਤਿ** = ਸੁੰਦਰ **ਮੂਰਤਿ** = ਸਰੂਪ ਵਾਲਾ ਹੈ। ਗੁਰੂ ਜੀ ਕਥਨ ਕਰਦੇ ਹਨ, ਅਸੀਂ ਤਾਂ ਐਸੇ ਸੱਚੇ ਸਰੂਪ ਦੇ ਦਰਸ਼ਨ **ਜਾਚੈ** = ਚਾਹੁੰਦੇ ਹਾਂ। ਵਾ :—ਉਸ ਸਤ, ਚਿਤ, ਅਨੰਦ ਸਰੂਪ ਪ੍ਰਭੂ ਪਾਸੋਂ ਮੈਂ ਸੱਚ ਨਾਮ ਮੰਗਦਾ ਹਾਂ। ਆਪਾਂ ਵੀ ਅਕਾਲ ਪੁਰਖ ਪਾਸੋਂ ਨਾਮ ਅਤੇ ਦਰਸ਼ਨ ਹੀ ਮੰਗੀਏ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੪੩.

## ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥ [ਅੰਗ—੬੯੨]

### ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਸਾਧਸੰਗਤ ਜੀ ! ਸੰਸਾਰਕ ਜੇਲ੍ਹਖ਼ਾਨੇ ਤੋਂ ਬਾਹਰ ਆਉਣ ਦੇ ਤਾਂ ਜੀਵ ਅਨੇਕਾਂ ਯਤਨ ਕਰਦੇ ਹਨ, ਪਰ ਜਿਹੜਾ ਚੁਰਾਸੀ ਲੱਖ ਜੂਨਾਂ ਰੂਪ ਜੇਲ੍ਹਖ਼ਾਨੇ ਤੋਂ ਛੁਟਕਾਰਾ ਪਾਉਣਾ ਹੈ, ਇਸਦਾ ਕੋਈ ਵੀ ਯਤਨ ਇਹ ਜੀਵ ਨਹੀਂ ਕਰਦੇ।

ਇਕ-ਇਕ ਜੂਨ ਹਜ਼ਾਰਾਂ ਸਾਲ ਭੋਗਣੀ ਪੈਂਦੀ ਹੈ। ਜਿਸ ਪ੍ਰਕਾਰ ਪੱਥਰ ਜੂਨੀ ਹੈ, ਅਨੇਕਾਂ ਜੁਗ ਹੀ ਇਕ ਜਗ੍ਹਾ ਟਿਕੇ ਰਹਿੰਦੇ ਹਨ। ਯਥਾ :—

*'ਪਾਹਨ ਅਨੇਕ ਜੁਗ ਏਕ ਠਉਰ ਬਾਸੁ ਕਰੈ..... ॥'* [ਦਸਮ, ਅੰਗ—੧੮]

ਭੂਤਾਂ ਦੀ ਜੂਨ ਵੀ ਬੜੀ ਲੰਮੀ ਮੰਨੀ ਹੈ, ਭੂਤ ਦੀ ਸਵਾ ਮਣ ਦੀ ਭੁੱਖ ਹੁੰਦੀ ਹੈ, ਪਰ ਮੂੰਹ ਉਸਦਾ ਸੂਈ ਦੇ ਨੱਕੇ ਜਿੰਨਾ ਹੁੰਦਾ ਹੈ, ਖਾਣ ਵਾਸਤੇ ਜਿਸ ਵਸਤੂ ਨੂੰ ਹੱਥ ਲਾਉਂਦਾ ਹੈ, ਉਹ ਚੀਜ਼ ਵਿਸ਼ਟਾ ਬਣ ਜਾਂਦੀ ਹੈ। ਸੱਪਾਂ ਦੀ ਉਮਰ ਵੀ ਲੱਖਾਂ ਵਰ੍ਹੇ ਦੀ ਮੰਨੀ ਹੈ, ਖਾਣ ਵਾਸਤੇ ਮਿੱਟੀ ਮਿਲਦੀ ਹੈ ਅਤੇ ਡਰਦੇ ਹੋਏ ਹਮੇਸ਼ਾ ਹੀ ਖੁੱਡਾਂ ਵਿਚ ਵੜੇ ਰਹਿੰਦੇ ਹਨ, ਸਦਾ ਹੀ ਜ਼ਹਿਰ ਨਾਲ ਸੜਦੇ ਰਹਿੰਦੇ ਹਨ। ਨਾਮ ਤੋਂ ਹੀਣੇ ਜੀਵਾਂ ਨੂੰ ਸਰਪ ਆਦਿਕ ਚੁਰਾਸੀ ਲੱਖ ਜੂਨਾਂ ਵਿਚ ਪੈਣਾ ਪੈਂਦਾ ਹੈ। ਯਥਾ :—

੧. *'ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟਿ ਪੰਚਾਸਾ ॥'*

[ਪ੍ਰਭਾਤੀ ਮਹਲਾ ੧, ਅੰਗ—੧੩੨੮]

੨. *'ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥*
*ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥*
*ਸਾਧ ਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥*

[ਗਉੜੀ ਮਹਲਾ ੫, ਅੰਗ—੧੭੬]

ਚੁਰਾਸੀ ਦੇ ਗੇੜੇ ਤੋਂ ਛੁੱਟਣ ਵਾਸਤੇ ਮਨੁੱਖਾ ਜਨਮ ਹੀ ਹੈ, ਜੋ ਚੁਰਾਸੀ ਲੱਖ ਜੂਨਾਂ ਦਾ ਸਰਦਾਰ ਹੈ। ਯਥਾ :—

੧. *'ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥'*

[ਆਸਾ ਮਹਲਾ ੫, ਅੰਗ—੩੭੪]

੨. *'ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥'*

[ਰਾਮਕਲੀ ਮਹਲਾ ੫, ਅੰਗ—੯੧੩]

ਇਹ ਮਨੁੱਖਾ ਜਨਮ ਮਿਲਿਆ ਹੀ ਨਾਮ ਜਪ ਕੇ ਪ੍ਰਮੇਸ਼ਰ ਦੀ ਪ੍ਰਾਪਤੀ ਕਰਨ ਵਾਸਤੇ ਹੈ। ਯਥਾ :—

੧. *'ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥'*

[ਆਸਾ ਮਹਲਾ ੫, ਅੰਗ—੧੨]

੨. *'ਆਇਓ ਸੁਨਨ ਪੜਨ ਕਉ ਬਾਣੀ ॥*
*ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥੧॥'*

[ਸਾਰਗ ਮਹਲਾ ੫, ਅੰਗ—੧੨੧੯]

੩. *'ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥੧॥ਰਹਾਉ॥'*

[ਸਿਰੀ ਰਾਗੁ ਮਹਲਾ ੫, ਅੰਗ—੪੩]

੪. *'ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥'*

[ਸੋਰਠਿ ਮਹਲਾ ੯, ਅੰਗ—੬੩੧-੩੨]

ਸੰਸਾਰ ਵਿਚ ਸਰੀਰ ਕਰਕੇ ਕੋਈ ਵੀ ਸਥਿਰ ਨਹੀਂ ਰਹਿੰਦਾ। ਯਥਾ :—

੧. *'ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੪]

੨. *'ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥*
*ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥'*

[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ—੯੩੬]

੩. 'ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥
ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥੨॥
ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥੩॥'

[ਬਿਲਾਵਲੁ ਕਬੀਰ ਜੀ, ਅੰਗ—੮੫੫]

੪. 'ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥'

[ਸਲੋਕ ਮਹਲਾ ੯, ਅੰਗ—੧੪੨੯-੨੯]

ਪ੍ਰਮੇਸ਼ਰ ਵੱਲੋਂ ਮਿਲੇ ਸੁਆਸ ਇਕ ਤਿਲ ਮਾਤਰ ਵੀ ਘੱਟ-ਵੱਧ ਨਹੀਂ ਹੋ ਸਕਦੇ। ਯਥਾ :—

੧. 'ਸਲੋਕੁ ॥ ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥
ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥੧॥'

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੪]

੨. 'ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ,
ਉਠਿ ਚਲੇ ਕਮਾਣਾ ਸਾਥਿ ॥
ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ,
ਓਨੀ ਤਕੜੇ ਪਾਏ ਹਾਥ ॥' [ਸਿਰੀ ਰਾਗੁ ਮਹਲਾ ੫, ਅੰਗ—੭੮]

੩. 'ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥'

[ਸਲੋਕ ਸੇਖ ਫਰੀਦ, ਅੰਗ—੧੩੭੭]

੪. 'ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨ ਨਉ ਹੁਲਾ ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ਰਹਾਉ॥'

[ਸਿਰੀ ਰਾਗੁ ਮਹਲਾ ੧, ਅੰਗ—੨੩]

੫. *'ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥*
*ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥*
*ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥*
*ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥*
*ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥*
*ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ ॥*
*ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥*
*ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥*
*ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ ॥*
*ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥'*

[ਸਲੋਕ ਸੇਖ ਫਰੀਦ, ਅੰਗ—੧੩੮੩]

## ਸਾਖੀ : ਇਕੋ ਸਮੇਂ ਕਈ ਮੌਤਾਂ !

ਸਤਿਗੁਰੂ ਕਲਗੀਧਰ ਜੀ ਸਤਲੁਜ ਦੇ ਕਿਨਾਰੇ ਵੱਲ ਵੇਖ ਰਹੇ ਸਨ ਕਿ ਇਕ ਬਾਰਾਂ ਸਿੰਗਾ ਪਾਣੀ ਪੀਣ ਵਾਸਤੇ ਆਇਆ, ਉਸਦੀ ਚਮਕਦੀ ਅੱਖ ਵੱਲ ਵੇਖ ਕੇ ਇਕ ਮੱਛੀ ਨੇ ਝਪਟ ਮਾਰੀ ਤਾਂ ਮੱਛੀ ਸਿੰਗ ਵਿਚ ਫਸ ਗਈ। ਮੱਛੀ ਵੇਖ ਕੇ, ਅਕਾਸ਼ ਵਿਚ ਉੱਡਦੀ ਹੋਈ ਇੱਲ ਨੇ ਝਪਟ ਮਾਰੀ ਤਾਂ ਦੂਸਰੇ ਸਿੰਗ ਵਿਚ ਉਹ ਵੀ ਫਸ ਗਈ। ਫਿਰ ਇਕ ਸ਼ਿਕਾਰੀ ਆਇਆ, ਉਸਨੇ ਤੀਰ ਮਾਰ ਕੇ ਬਾਰਾਂ ਸਿੰਗਾ ਮਾਰ ਦਿੱਤਾ, ਇਕੋ ਸਮੇਂ ਤਿੰਨ ਮੌਤਾਂ ਵੇਖ ਕੇ ਹਜ਼ੂਰ ਨੇ ਇਹ ਬਚਨ ਕਹੇ :—

*'ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ,*
*ਕਾਲ ਕੇ ਬਨਾਇ ਸਭੈ ਕਾਲ ਹੀ ਚਬਾਹ ਗੇ ॥'* [ਦਸਮ, ਅੰਗ—੨੦]

ਕਬੀਰ ਸਾਹਿਬ ਜੀ ਵੀ ਫ਼ੁਰਮਾਉਂਦੇ ਹਨ :—

*'ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥*
*ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥੯੧॥'*

[ਸਲੋਕ ਕਬੀਰ, ਅੰਗ—੧੩੬੯]

ਜੰਗਲ ਵਿਚ ਸ਼ਿਕਾਰੀ ਨੇ ਇਕ ਹਰਨੀ ਦੇ ਤੀਰ ਮਾਰਿਆ ਤਾਂ ਉਹ ਵਿਚਾਰੀ ਮਰ ਗਈ, ਉਸਦੇ ਪੇਟ ਵਿਚ ਇਕ ਬੱਚਾ ਸੀ, ਉਹ ਵੀ ਮਰ ਗਿਆ। **ਦੋਇ ਮਰੰਤਹ ਚਾਰਿ** = ਫਿਰ

ਸ਼ਿਕਾਰੀ ਦੇ ਪੈਰ 'ਤੇ ਸੱਪ ਨੇ ਡੰਗ ਮਾਰਿਆ ਅਤੇ ਸ਼ਿਕਾਰੀ ਦੇ ਹੱਥੋਂ ਧਨੁਖ ਡਿੱਗ ਕੇ ਸੱਪ ਦੇ ਫੱਨ੍ਹ 'ਤੇ ਜਾ ਵੱਜਾ, ਜਿਸ ਕਰਕੇ ਸੱਪ ਤੇ ਸ਼ਿਕਾਰੀ ਦੋਵੇਂ ਮਰ ਗਏ। **ਚਾਰਿ ਮਰੰਤਹ ਛਹ ਮੂਏ** = ਸ਼ਿਕਾਰੀ ਦੀ ਇਸਤ੍ਰੀ ਆਪਣੇ ਪਤੀ ਨਾਲ ਚਿਖਾ 'ਤੇ ਸਤੀ ਹੋ ਗਈ, ਜਿਸਦੇ ਪੇਟ ਵਿਚ ਇਕ ਬੱਚਾ ਸੀ, ਉਹ ਬੱਚਾ ਵੀ ਨਾਲ ਹੀ ਮਰ ਗਿਆ। **ਚਾਰਿ ਪੁਰਖ ਦੁਇ ਨਾਰਿ** = ਇਹਨਾਂ ਵਿਚ ਚਾਰ ਪੁਰਸ਼ ਅਤੇ ਦੋ ਇਸਤ੍ਰੀਆਂ, ਹਰਨੀ ਅਤੇ ਸ਼ਿਕਾਰੀ ਦੀ ਇਸਤ੍ਰੀ, ਸ਼ਿਕਾਰੀ, ਸੱਪ, ਸ਼ਿਕਾਰੀ ਦਾ ਬੱਚਾ ਅਤੇ ਹਰਨੀ ਦਾ ਬੱਚਾ।

## ਸਾਖੀ : ਮਾਈ ਅਤੇ ਬੱਚੇ ਦੀ

ਇਕ ਵਾਰ ਕਬੀਰ ਸਾਹਿਬ ਜੀ ਗੰਗਾ 'ਤੇ ਇਸ਼ਨਾਨ ਕਰਨ ਜਾ ਰਹੇ ਸਨ, ਰਸਤੇ ਵਿਚ ਦੇਖਿਆ ਕਿ ਇਕ ਮਾਈ ਕੋਠੇ 'ਤੇ ਬੈਠੀ ਦੁੱਧ ਰਿੜਕ ਰਹੀ ਹੈ ਅਤੇ ਨਾਲ ਬੱਚੇ ਦੇ ਖੇਡਣ ਵਾਸਤੇ ਗੇਂਦ ਰੋੜ੍ਹ ਦਿੰਦੀ ਹੈ, ਬੱਚਾ ਭੱਜ ਕੇ ਚੁੱਕ ਲਿਆਉਂਦਾ ਹੈ। ਇਕ ਵਾਰ ਮਾਈ ਦੇ ਹੱਥੋਂ ਗੇਂਦ ਜ਼ੋਰ ਨਾਲ ਰੇੜ੍ਹੀ ਗਈ, ਜਿਸ ਕਰਕੇ ਕੋਠੇ ਤੋਂ ਹੇਠਾਂ ਜਾ ਡਿੱਗੀ ਅਤੇ ਬੱਚਾ ਵੀ ਗੇਂਦ ਨੂੰ ਪਕੜਨ ਲੱਗਾ ਨਾਲ ਹੀ ਹੇਠਾਂ ਸਿਰ ਪਰਨੇ ਜਾ ਡਿੱਗਾ, ਜਿਸ ਕਰਕੇ ਮਰ ਗਿਆ।

ਕਬੀਰ ਸਾਹਿਬ ਜੀ ਜਦੋਂ ਇਸ਼ਨਾਨ ਕਰਕੇ ਵਾਪਸ ਆਏ, ਤਾਂ ਉਸ ਮਰੇ ਹੋਏ ਬੱਚੇ ਵੱਲ ਵੇਖ ਕੇ ਇਹ ਸ਼ਬਦ ਉਚਾਰਨ ਕੀਤਾ :—

*'ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥'*

[ਸਿਰੀ ਰਾਗੁ ਕਬੀਰ ਜੀ, ਅੰਗ—੯੧]

ਮਾਈ ਆਪਣੇ ਬੱਚੇ ਨੂੰ ਲਾਡ ਵਜੋਂ ਕਹਿ ਰਹੀ ਸੀ; ਇਹ ਮੇਰਾ ਮੋਰ! ਇਹ ਮੇਰਾ ਤਿੱਤਰ! ਆਦਿਕ, ਪਰ ਕੀ ਪਤਾ ਸੀ ਕਿ ਹੁਣੇ ਹੀ ਕਾਲ ਨੇ ਆ ਜਾਣਾ ਹੈ, ਜਮ ਵੇਖ-ਵੇਖ ਕੇ ਹੱਸਦਾ ਪਿਆ ਸੀ; ਮਾਈ ਨੂੰ ਇਹ ਖ਼ਬਰ ਨਹੀਂ ਸੀ ਕਿ ਇਸ ਬੱਚੇ ਨੂੰ ਹੁਣੇ ਕਾਲ ਨੇ ਆ ਕੇ ਖਾ ਜਾਣਾ ਹੈ।

ਇਸ ਜੀਵ ਦੇ ਤਿੰਨ ਮਿੱਤਰ ਮੰਨੇ ਹਨ :—ਧਨ, ਸਬੰਧੀ ਅਤੇ ਕਰਮ।

(ੳ) **ਧਨ** :—ਧਨ ਉਤਨਾ ਚਿਰ ਹੀ ਮਿੱਤਰ ਹੈ, ਜਿਤਨਾ ਚਿਰ ਜੀਵ ਜਿਊਂਦਾ ਹੈ।

## ਸਾਖੀ : ਮਾਇਆ ਬਿਉਹਾਰੀ ਰਾਮ ॥

ਇਕ ਬਿਮਾਰ ਲੜਕੀ ਨੂੰ ਕੁਝ-ਕੁਝ ਮਹਿਸੂਸ ਹੋਣ ਲੱਗਾ ਕਿ ਹੁਣ ਮੇਰੇ ਬਚਣ ਦੀ

ਆਸ ਨਹੀਂ ਹੈ, ਇਸ ਲਈ ਮੈਂ ਆਪਣੇ ਭਲੇ ਵਾਸਤੇ ਕੁਝ ਪੁੰਨ-ਦਾਨ ਕਰਾਂ। ਇਸ ਤਰ੍ਹਾਂ ਸੋਚ ਕੇ ਆਪਣੇ ਪਿਤਾ ਨੂੰ ਕਿਹਾ, "ਪਿਤਾ ਜੀ! ਮੇਰੇ ਸਾਰੇ ਸੋਨੇ ਦੇ ਗਹਿਣੇ ਪੁੰਨ-ਦਾਨ ਕਰ ਦਿਉ।" ਤਾਂ ਪਿਤਾ ਨੇ ਇਹ ਕਹਿ ਕੇ ਟਾਲ ਦਿੱਤਾ, "ਬੱਚੀ! ਤੂੰ ਬਿਲਕੁਲ ਠੀਕ ਹੋ ਜਾਵੇਂਗੀ, ਫਿਰ ਤੂੰ ਗਹਿਣੇ ਪਾਇਆ ਕਰੇਂਗੀ।" ਲੜਕੀ ਨੇ ਬਹੁਤ ਵਾਰੀ ਕਿਹਾ, ਪਰ ਹਰ ਵਾਰ ਉਸਦਾ ਪਿਤਾ ਟਾਲ ਦਿਆ ਕਰੇ। ਹੌਲੀ-ਹੌਲੀ ਲੜਕੀ ਦੀ ਹਾਲਤ ਵਿਗੜ ਗਈ। ਇਥੋਂ ਤੱਕ ਕਿ ਬੋਲਣਾ ਵੀ ਬੰਦ ਹੋ ਗਿਆ, ਬਹੁਤ ਸਾਰੇ ਲੋਕ ਪਤਾ ਲੈਣ ਆਉਣ ਲੱਗੇ। ਇਕ ਦਿਨ ਪਾਸ ਬੜੀ ਭੀੜ ਲੱਗੀ ਹੋਈ ਸੀ ਤਾਂ ਲੜਕੀ ਨੇ ਆਪਣੇ ਹੱਥਾਂ, ਪੈਰਾਂ, ਕੰਨਾਂ ਆਦਿਕ ਵੱਲ ਇਸ਼ਾਰਾ ਕਰਕੇ ਆਪਣੇ ਪਿਤਾ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੇਰੇ ਹੱਥਾਂ ਪੈਰਾਂ ਦੇ ਗਹਿਣੇ ਗ਼ਰੀਬਾਂ ਨੂੰ ਵੰਡ ਦਿਉ। ਪਿਤਾ ਇਹ ਗੱਲ ਸਮਝ ਤਾਂ ਗਿਆ ਪਰ ਪਾਸ ਬੈਠੇ ਲੋਕਾਂ ਨੂੰ ਪਤਾ ਨਾ ਲੱਗ ਜਾਏ, ਇਹ ਸੋਚ ਕੇ ਕਹਿਣ ਲੱਗਾ, "ਹੇ ਬੇਟੀ! ਮੈਂ ਦੇਖ ਰਿਹਾ ਹਾਂ ਕਿ ਤੇਰੇ ਹੱਥਾਂ ਪੈਰਾਂ ਨੂੰ ਬੜੀ ਦਰਦ (ਪੀੜ) ਹੋ ਰਹੀ ਹੈ, ਪਰ ਮੈਂ ਕੀ ਕਰ ਸਕਦਾ ਹਾਂ ? ਸਭ ਪ੍ਰਮੇਸ਼ਰ ਦੇ ਵੱਸ ਹੈ!" ਸੋ, ਲੜਕੀ ਮਰ ਗਈ, ਪਰ ਉਸਦੇ ਪਿਤਾ ਨੇ ਗਹਿਣੇ ਦਾਨ ਨਾ ਕੀਤੇ।

ਇਕ ਬਜ਼ੁਰਗ ਨੇ ਸਾਰੀ ਉਮਰ ਬੜੀ ਮਿਹਨਤ ਅਤੇ ਯਤਨ ਕਰਕੇ ਬਹੁਤ ਸਾਰਾ ਧਨ ਇਕੱਠਾ ਕੀਤਾ, ਸਾਰੀ ਉਮਰ ਨਾ ਭਜਨ-ਸਿਮਰਨ ਕੀਤਾ ਅਤੇ ਨਾ ਹੀ ਕੁਝ ਪੁੰਨ-ਦਾਨ ਕੀਤਾ। ਅਖ਼ੀਰ ਬਿਮਾਰ ਹੋ ਗਿਆ, ਜ਼ਬਾਨ ਬੰਦ ਹੋ ਗਈ, ਬੋਲਣ ਦੀ ਤਾਕਤ ਨਾ ਰਹੀ, ਤਾਂ ਸੋਚਿਆ ਕਿ ਕੁਝ ਪੁੰਨ-ਦਾਨ ਕਰਾ ਦਿਆਂ, ਜਿਸ ਕਰਕੇ ਪ੍ਰਲੋਕ ਵਿਚ ਸੁਖ ਮਿਲ ਸਕੇ। ਇਕ ਦਿਨ ਸਬੰਧੀ ਆਦਿਕ ਪਤਾ ਲੈਣ ਵਾਸਤੇ ਆਏ, ਪੁੱਤਰ ਵੀ ਪਾਸ ਹੀ ਬੈਠੇ ਸਨ, ਤਾਂ ਬਜ਼ੁਰਗ ਨੇ ਕੰਧ ਵੱਲ ਇਸ਼ਾਰਾ ਕਰਕੇ ਆਪਣੇ ਪੁੱਤਰਾਂ ਨੂੰ ਇਹ ਸਮਝਾਇਆ ਕਿ ਉਸ ਕੰਧ ਵਿਚ ਧਨ ਦੱਬਿਆ ਹੈ, ਕੱਢ ਕੇ ਗ਼ਰੀਬਾਂ ਨੂੰ ਦਾਨ ਕਰ ਦਿਉ। ਪੁੱਤਰਾਂ ਨੇ ਸਮਝ ਤਾਂ ਲਿਆ ਪਰ ਸੋਚਿਆ ਕਿ ਇਹਨਾਂ ਸਬੰਧੀਆਂ ਨੂੰ ਪਤਾ ਨਾ ਲੱਗ ਜਾਵੇ, ਉਹਨਾਂ ਨੂੰ ਕਹਿਣ ਲੱਗੇ, "ਸਾਡਾ ਪਿਤਾ ਜੀ ਇਹ ਗੱਲ ਦੱਸ ਰਿਹਾ ਹੈ ਕਿ ਮੇਰੇ ਕੋਲ ਧਨ ਤਾਂ ਬਹੁਤ ਸੀ, ਪਰ ਮੈਂ ਸਾਰਾ ਧਨ ਇਹਨਾਂ ਮਕਾਨਾਂ 'ਤੇ ਖ਼ਰਚ ਕਰ ਦਿੱਤਾ ਹੈ।"

ਇਸ ਪ੍ਰਕਾਰ ਜੇ ਜਿਉਂਦਿਆਂ-ਜਿਉਂਦਿਆਂ ਹੱਥੀਂ ਦਾਨ ਕਰ ਦੇਵੇ ਤਾਂ ਕਰ ਹੀ ਦੇਵੇ ਨਹੀਂ ਤਾਂ ਜਦੋਂ ਘੋਰੜੂ ਵੱਜਣ ਲੱਗ ਪੈਂਦਾ ਹੈ, ਉਦੋਂ ਹੀ ਸਬੰਧੀ ਆਪਣਿਆਂ ਮਨਾਂ ਵਿਚ ਵੰਡੀਆਂ ਪਾਉਣ ਲੱਗ ਜਾਂਦੇ ਹਨ।

(ਅ) **ਸਬੰਧੀ** :—ਦੂਜੇ ਇਸ ਜੀਵ ਦੇ ਸਬੰਧੀ ਮਿੱਤਰ ਮੰਨੇ ਹਨ, ਸਬੰਧੀ ਵੀ ਉਤਨਾ

ਚਿਰ ਹੀ ਮਿੱਤਰ ਹਨ, ਜਿਤਨਾ ਚਿਰ ਚਿਖਾ 'ਤੇ ਨਹੀਂ ਰੱਖਦੇ। ਫਿਰ ਤੀਲ੍ਹੇ ਤੋੜ ਕੇ ਕਹਿ ਆਉਂਦੇ ਹਨ :—

'ਜੱਤ੍ਰ ਆਇਆ ਤੱਤ੍ਰ ਗੱਛਤੀ ॥' [ਲੋਕਕ]

ਭਾਵ ਜਿਧਰੋਂ ਆਇਆ ਸੀ, ਉਧਰ ਹੀ ਚਲਾ ਜਾਹ ! ਸਾਡੇ ਪਿੱਛੇ ਨਾ ਆਵੀਂ, ਤੂੰ ਸਾਡਾ ਨਹੀਂ, ਅਸੀਂ ਤੇਰੇ ਨਹੀਂ। ਇਸ ਲਈ ਸਬੰਧੀ ਵੀ ਮਤਲਬ ਦੇ ਹੀ ਭਾਈਵਾਲ ਹਨ। ਯਥਾ :—

੧. 'ਦੇਵਗੰਧਾਰੀ ਮਹਲਾ ੯ ॥ ਜਗਤ ਮੈ ਝੂਠੀ ਦੇਖੀ ਪ੍ਰੀਤਿ ॥
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥੧॥ਰਹਾਉ
ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥
ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥੧॥
ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥
ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥'

[ਅੰਗ—੫੩੬]

੨. 'ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ ॥
ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥੩॥੧੨॥੧੩੯

[ਸੋਰਠਿ ਮਹਲਾ ੯, ਅੰਗ—੬੩੪]

੩. 'ਆਸਾ ॥ ਜਬ ਲਗ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ ॥
ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ ॥੧॥
ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥ ਤੂੰ ਰਾਮ ਨਾਮੁ ਜਪਿ ਸੋਈ ॥੧॥ਰਹਾਉ
ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ ॥
ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ ॥੨॥
ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥
ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥੩॥
ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ ॥
ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ ॥੪॥੯॥ਦੁਤੁਕੇ

[ਅੰਗ—੪੭੭-

(ੲ) **ਕਰਮ** :—ਤੀਜੇ ਇਸਦੇ ਕਰਮ ਮਿੱਤਰ ਹਨ, ਉਹ ਜੀਵ ਨਾਲ ਪ੍ਰਲੋਕ ਵਿਚ ਵੀ ਜਾਂਦੇ ਹਨ। ਯਥਾ :—

੧. *'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੦-੭੧]

੨. *'ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥੩॥'*

[ਆਸਾ ਮਹਲਾ ੫, ਅੰਗ—੪੦੬]

੩. *'ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥*
*ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥*
*ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥'*

[ਸਲੋਕ ਸੇਖ ਫਰੀਦ, ਅੰਗ—੧੩੮੦]

੪. *'ਅਮਲੁ ਸਿਰਾਨੋ ਲੇਖਾ ਦੇਨਾ ॥*
*ਆਏ ਕਠਿਨ ਦੂਤ ਜਮ ਲੇਨਾ ॥*
*ਕਿਆ ਤੈ ਖਟਿਆ ਕਹਾ ਗਵਾਇਆ ॥*
*ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥*
*ਚਲੁ ਦਰਹਾਲੁ ਦੀਵਾਨਿ ਬੁਲਾਇਆ ॥*
*ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ਰਹਾਉ॥*
*ਕਰਉ ਅਰਦਾਸਿ ਗਾਵ ਕਿਛੁ ਬਾਕੀ ॥*
*ਲੇਉ ਨਿਬੇਰਿ ਆਜੁ ਕੀ ਰਾਤੀ ॥*
*ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ ॥*
*ਸੁਬਹ ਨਿਵਾਜ ਸਰਾਇ ਗੁਜਾਰਉ ॥੨॥'* [ਸੂਹੀ ਕਬੀਰ ਜੀਉ, ਅੰਗ—੭੯੨]

ਪਰ ਉਹ ਕਦ ਸੁਣਦੇ ਹਨ। ਯਥਾ :—

*'ਕੰਠ ਗਹਨ ਤਬ ਕਰਨ ਪੁਕਾਰਾ ॥ ਕਹਿ ਕਬੀਰ ਆਗੇ ਤੇ ਨ ਸੰਮ੍ਹਾਰਾ ॥'*

[ਸੂਹੀ ਸ੍ਰੀ ਕਬੀਰ ਜੀ, ਅੰਗ—੭੯੨]

ਇਸ ਲਈ ਚਾਹੀਦਾ ਹੈ :—

*'ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗ ਪਾਨੀ ॥੨॥*

*ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ॥੩॥'*
[ਭੈਰਉ ਕਬੀਰ ਜੀ, ਅੰਗ—੧੧੫੯]

ਜਪਿਆ ਹੋਇਆ ਪ੍ਰਮੇਸ਼ਰ ਦਾ ਨਾਮ ਹੀ ਲੋਕ-ਪ੍ਰਲੋਕ ਵਿਚ ਜੀਵ ਦੀ ਸਹਾਇਤਾ ਕਰਦਾ ਹੈ। ਯਥਾ :—

੧. *'ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥*
*ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ॥੩॥'*
[ਆਸਾ ਮਹਲਾ ੫, ਅੰਗ—੪੦੧]

੨. *'ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥.....॥੩॥*
*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥੪॥'*
[ਗਉੜੀ ਸੁਖਮਨੀ ਮ: ੫, ਅੰਗ—੨੬੪]

## ਸਾਖੀ : ਜੋਰੁ ਨ ਜੀਵਣਿ ਮਰਣਿ ਨਹ ਜੋਰੁ॥

ਇਕ ਵਾਰ ਜਹਾਜ਼ ਸਮੁੰਦਰ ਵਿਚ ਡੁੱਬ ਗਿਆ, ਕੁਦਰਤ ਨਾਲ ਇਕ ਗਰਭਵਤੀ ਇਸਤ੍ਰੀ ਫੱਟੇ 'ਤੇ ਤਰ ਕੇ ਬਚ ਗਈ, ਫੱਟੇ 'ਤੇ ਹੀ ਉਸਨੂੰ ਇਕ ਲੜਕਾ ਜਨਮਿਆ, ਫਿਰ ਉਹ ਇਸਤ੍ਰੀ ਵੀ ਮਰ ਗਈ। ਵਾਹਿਗੁਰੂ ਦੇ ਹੁਕਮ ਅਨੁਸਾਰ ਉਹ ਬੱਚਾ ਫੱਟੇ 'ਤੇ ਤਰਦਾ-ਤਰਦਾ ਸਮੁੰਦਰ ਦੇ

ਕਿਨਾਰੇ ਆ ਲੱਗਾ, ਕਿਸੇ ਨੇ ਫੜ੍ਹ ਕੇ ਉਸ ਦੇਸ਼ ਦੇ ਰਾਜੇ ਪਾਸ ਪਹੁੰਚਾ ਦਿੱਤਾ, ਰਾਜੇ ਨੇ ਪੁੱਤਰ ਹੀਣ ਹੋਣ ਕਰਕੇ ਬੱਚੇ ਨੂੰ ਪਿਆਰ ਨਾਲ ਪਾਲਿਆ-ਪੋਸਿਆ, ਵਿਦਿਆ ਪੜ੍ਹਾ ਕੇ ਚੰਗੀ ਤਰ੍ਹਾਂ ਯੋਗ ਬਣਾਇਆ। ਅਜੇ ਸਭ ਕੰਮ ਮੁਕੰਮਲ ਹੋਇਆ ਹੀ ਸੀ ਕਿ ਰਾਜਾ ਵੀ ਮਰ ਗਿਆ ਤੇ ਉਹ ਜਵਾਨ ਲੜਕਾ ਹੁਣ ਤਖ਼ਤ 'ਤੇ ਬੈਠਣ ਨੂੰ ਤਿਆਰ ਹੋਇਆ। ਸਿੰਘਾਸਣ ਉੱਚੀ ਥਾਂ 'ਤੇ ਸੀ, ਜਿਸ ਉੱਪਰ ੧੦੧ ਪੌੜੀਆਂ ਚੜ੍ਹ ਕੇ ਜਾਈਦਾ ਸੀ, ਜਦ ਉਹ ਲੜਕਾ ਚੜ੍ਹਦਾ-ਚੜ੍ਹਦਾ ਇਕ ਸੌ ਇੱਕਵੀਂ ਪੌੜੀ 'ਤੇ ਗਿਆ ਤਾਂ ਵਿਚਾਰਾ ਉਹ ਵੀ ਮਰ ਗਿਆ।

ਇਸੇ ਤਰ੍ਹਾਂ ਸਾਡੇ ਕਈ ਭਰਾਵਾਂ ਨਾਲ ਹੁੰਦਾ ਹੈ, ਜਿਵੇਂ ਇਹ ਭਾਈ.....ਸਿੰਘ* ਜੀ ਸਨ। ਐਹੋ ਜਿਹੇ ਮੌਕੇ ਬੜਾ ਦੁਖ ਹੁੰਦਾ ਹੈ, ਪਰ ਇਸਨੂੰ ਸਹਿਣ ਕਰਨਾ ਸਿੱਖ ਦਾ ਹੀ ਕੰਮ ਹੈ, ਸਿੱਖ ਇਸ ਅਸਹਿ ਦੁਖ ਨੂੰ ਭਾਈ ਭਿਖਾਰੀ ਜੀ ਵਾਂਗ ਸਹਿਣ ਕਰਦੇ ਹਨ।†

## ਸਾਖੀ : ਪ੍ਰੀਛਤ ਰਾਜੇ ਦੀ

ਅਰਜਨ ਦਾ ਪੋਤਰਾ, ਅਭਿਮਨੂੰ ਦਾ ਪੁੱਤਰ ਪ੍ਰੀਛਤ ਰਾਜਾ ਹੋਇਆ ਹੈ। ਇਕ ਦਿਨ ਸ਼ਿਕਾਰ ਖੇਡਣ ਵਾਸਤੇ ਗਿਆ ਤਾਂ ਕਲਿਜੁਗ ਨੇ ਮੱਖੀ ਬਣ ਕੇ ਇਸਦੇ ਸੋਨੇ ਦੇ ਮੁਕਟ 'ਤੇ ਬੈਠ ਕੇ ਇਸਦੀ ਬੁੱਧੀ ਵਿਚਲਾ ਦਿੱਤੀ, ਰਾਜੇ ਪ੍ਰੀਛਤ ਨੇ ਇਕ ਹਰਨ ਪਿੱਛੇ ਘੋੜਾ ਦੌੜਾਇਆ, ਪਰ ਹਰਨ ਭੱਜ ਕੇ ਉਹਲੇ ਹੋ ਗਿਆ। ਅੱਗੇ ਜੰਗਲ ਵਿਚ ਬਿਭਾਂਡਵ ਰਿਖੀ ਸਮਾਧੀ ਲਾਈ ਬੈਠਾ ਸੀ, ਉਸਨੂੰ ਰਾਜਾ ਪੁੱਛਣ ਲੱਗਾ, "ਸ਼ਿਕਾਰ ਕਿਧਰ ਗਿਆ ਹੈ ?" ਇਕ ਦੋ ਵਾਰੀ ਪੁੱਛਣ 'ਤੇ ਜਦ ਰਿਖੀ ਨਾ ਬੋਲਿਆ ਤਾਂ ਰਿਖੀ ਪਾਸ ਮਰਿਆ ਹੋਇਆ ਸੱਪ ਪਿਆ ਸੀ, ਪ੍ਰੀਛਤ ਨੇ ਕਮਾਨ ਦੇ ਗੋਸ਼ੇ ਨਾਲ ਰਿਖੀ ਦੇ ਗਲ ਵਿਚ ਪਾ ਦਿੱਤਾ ਤੇ ਆਪ ਅੱਗੇ ਚਲਾ ਗਿਆ।

ਬਿਭਾਂਡਵ ਰਿਖੀ ਦਾ ਪੁੱਤਰ ਸ੍ਰਿੰਗੀ ਰਿਖੀ ਬ੍ਰਹਮ ਲੋਕ ਤੋਂ ਵਰ ਲੈ ਕੇ ਆ ਰਿਹਾ ਸੀ ਕਿ ਮੈਂ ਜੋ ਬਚਨ ਕਰਾਂ ਪੂਰਾ ਹੋ ਜਾਇਆ ਕਰੇ, ਇਸਨੂੰ ਰਸਤੇ ਵਿਚ ਮੁੰਡਿਆਂ ਨੇ ਦੱਸਿਆ ਕਿ ਤੇਰੇ ਪਿਤਾ ਦੇ ਗਲ ਵਿਚ ਪ੍ਰੀਛਤ ਰਾਜਾ ਮਰਿਆ ਹੋਇਆ ਸੱਪ ਪਾ ਗਿਆ ਹੈ। ਜਦੋਂ ਆ ਕੇ ਵੇਖਿਆ ਤਾਂ ਸਰਾਪ ਦੇ ਦਿੱਤਾ ਕਿ ਜਿਸਨੇ ਮੇਰੇ ਪਿਤਾ ਦੇ ਗਲ ਵਿਚ ਸੱਪ ਪਾਇਆ ਹੈ, ਉਸਨੂੰ ਸੱਤਾਂ ਦਿਨਾਂ ਦੇ ਅੰਦਰ-ਅੰਦਰ ਤੱਛਕ ਨਾਗ ਲੜ ਕੇ ਮਾਰ ਦੇਵੇਗਾ। ਜਦ ਇਸ ਸਰਾਪ ਦਾ ਪਤਾ ਬਿਭਾਂਡਵ ਰਿਖੀ ਨੂੰ ਲਗਾ ਤਾਂ ਕਿਹਾ, "ਤੂੰ ਬੜਾ ਮਾੜਾ ਕੀਤਾ ਹੈ, ਮਮੂਲੀ ਗੱਲ ਤੋਂ ਧਰਮੀ ਰਾਜੇ ਨੂੰ ਸਰਾਪ ਨਹੀਂ ਸੀ ਦੇਣਾ ਚਾਹੀਦਾ।

* ਇਥੇ ਉਸ ਜਵਾਨ ਲੜਕੇ ਦਾ ਨਾਮ ਲਉ, ਜਿਸਨੇ ਚੜ੍ਹਾਈ ਕੀਤੀ ਹੋਵੇ।

† ਇਹ ਸਾਖੀ ਸਿਰਫ਼ ਉਸ ਵੇਲੇ ਸੁਨਾਉਣੀ ਹੈ, ਜਦ ਕਿਸੇ ਜਵਾਨ ਲੜਕੇ ਨੇ ਚੜ੍ਹਾਈ ਕੀਤੀ ਹੋਵੇ।

ਫਿਰ ਬਿਭਾਂਡਵ ਰਿਖੀ ਨੇ ਪ੍ਰੀਛਤ ਨੂੰ ਸੁਨੇਹਾ ਭੇਜਿਆ ਕਿ ਸੱਤਾਂ ਦਿਨਾਂ ਦੇ ਅੰਦਰ-ਅੰਦਰ ਤੈਨੂੰ ਤੱਛਕ ਨਾਗ ਲੜ ਕੇ ਮਾਰ ਦੇਵੇਗਾ, ਜੇ ਕੋਈ ਬਚਾ ਹੋ ਸਕਦਾ ਹੈ ਤਾਂ ਕਰ ਲੈ। ਤਾਂ ਪ੍ਰੀਛਤ ਨੇ ਗੰਗਾ ਦੀਆਂ ਡੂੰਘੀਆਂ ਲਹਿਰਾਂ ਵਿਚ ਸ਼ੀਸ਼ੇ ਦਾ ਮੰਦਰ ਬਣਵਾਇਆ, ਜਿਸ ਵਿਚ ਪਾਣੀ ਨਾ ਆ ਸਕੇ, ਚਾਰ ਚੁਫੇਰੇ ਬਲੀ ਸੂਰਮੇ ਸ਼ਸਤ੍ਰ ਫੜਾ ਕੇ ਖੜ੍ਹੇ ਕਰ ਦਿੱਤੇ, ਅੰਦਰ ਸੁਕਦੇਵ ਮੁਨੀ ਪਾਸੋਂ 'ਸ੍ਰੀ ਮਦ ਭਾਗਵਤ' ਦੀ ਸਪਤਾਹਕ ਕਥਾ ਅਰੰਭ ਕਰਵਾ ਲਈ, ਰੱਖਿਆ ਵਾਸਤੇ ਧਨੰਤਰ ਵੈਦ ਨੂੰ ਸੁਨੇਹਾ ਭੇਜ ਦਿੱਤਾ।

ਜਦੋਂ ਧਨੰਤਰ ਚੱਲਿਆ ਤਾਂ ਤੱਛਕ ਵੀ ਚੱਲ ਪਿਆ, ਦੋਵੇਂ ਰਸਤੇ ਵਿਚ ਹੀ ਮਿਲ ਪਏ, ਤੱਛਕ ਨੇ ਪੁੱਛਿਆ, "ਕਿਥੇ ਜਾ ਰਹੇ ਹੋ ?" ਤਾਂ ਧਨੰਤਰ ਨੇ ਕਿਹਾ, "ਮੈਂ ਰਾਜੇ ਪ੍ਰੀਛਤ ਦੀ ਰੱਖਿਆ ਵਾਸਤੇ ਜਾ ਰਿਹਾ ਹਾਂ।" ਤੱਛਕ ਨੇ ਪੁੱਛਿਆ, "ਤੁਹਾਡੇ ਵਿਚ ਕੀ ਸ਼ਕਤੀ ਹੈ ?" ਤਾਂ ਧਨੰਤਰ ਨੇ ਕਿਹਾ, "ਮੇਰੀ ਦ੍ਰਿਸ਼ਟੀ ਵਿਚ ਐਸੀ ਸ਼ਕਤੀ ਹੈ ਕਿ ਜੇ ਸੜ ਕੇ ਸੁਆਹ ਹੋਈ ਚੀਜ਼ 'ਤੇ ਵੀ ਪੈ ਜਾਵੇ ਤਾਂ ਉਹ ਜ਼ਿੰਦਾ ਹੋ ਕੇ ਪਹਿਲਾਂ ਦੀ ਤਰ੍ਹਾਂ ਹਰੀ-ਭਰੀ ਹੋ ਜਾਂਦੀ ਹੈ।" ਤੱਛਕ ਨੇ ਕਿਹਾ, "ਮੈਂ ਇਸ ਬ੍ਰਿਛ ਨੂੰ ਆਪਣੀ ਸ਼ਕਤੀ ਨਾਲ ਭਸਮ ਕਰਦਾ ਹਾਂ, ਤੁਸੀਂ ਇਸਨੂੰ ਹਰਾ-ਭਰਾ ਕਰਕੇ ਦਿਖਾਉ।" ਤੱਛਕ ਨੇ ਐਸਾ ਜ਼ਹਿਰੀਲਾ ਫੁੰਕਾਰਾ ਮਾਰਿਆ ਕਿ ਬ੍ਰਿਛ ਨੂੰ ਸਮੇਤ ਲੱਕੜਹਾਰੇ ਦੇ ਭਸਮ ਕਰ ਦਿੱਤਾ। ਧਨੰਤਰ ਨੇ ਆਪਣੀ ਨਜ਼ਰ ਨਾਲ ਪਹਿਲਾਂ ਵਾਂਗ ਹਰਾ-ਭਰਾ ਅਤੇ ਲੱਕੜਹਾਰੇ ਨੂੰ ਜਿਊਂਦਾ ਕਰ ਦਿੱਤਾ, ਤੱਛਕ ਨੇ ਸੋਚਿਆ ਕਿ ਪਹਿਲਾਂ ਧਨੰਤਰ ਨੂੰ ਹੀ ਮਾਰਾਂ, ਨਹੀਂ ਤਾਂ ਪ੍ਰੀਛਤ ਨੂੰ ਫਿਰ ਜਿਊਂਦਾ ਕਰ ਦੇਵੇਗਾ। ਪਾਸੇ ਦੀ ਅੱਗੇ ਜਾ ਕੇ ਸੋਨੇ ਦੀ ਖੂੰਡੀ ਬਣ ਕੇ ਰਸਤੇ ਵਿਚ ਪੈ ਗਿਆ, ਧਨੰਤਰ ਨੇ ਖੂੰਡੀ ਸੋਹਣੀ ਵੇਖ ਕੇ ਚੁੱਕ ਲਈ, ਰਸਤੇ ਜਾਂਦਿਆਂ-ਜਾਂਦਿਆਂ ਦੇਵਨੇਤ ਨਾਲ ਧਨੰਤਰ ਦੀ ਗਰਦਨ 'ਤੇ ਖਾਰਸ਼ ਹੋਈ, ਜਦ ਖੂੰਡੀ ਦੇ ਸਿਰੇ ਨਾਲ ਖੁਰਕ ਕਰਨ ਲੱਗਾ ਤਾਂ ਝੱਟ ਹੀ ਤੱਛਕ ਨੇ ਡੰਗ ਮਾਰ ਦਿੱਤਾ, ਪਿੱਛੇ ਧਨੰਤਰ ਦੀ ਨਿਗ੍ਹਾ ਨਹੀਂ ਸੀ ਪੈ ਸਕਦੀ, ਇਸ ਲਈ ਉਥੇ ਹੀ ਮਰ ਗਿਆ।

ਹੁਣ ਤੱਛਕ ਵਾਸਤੇ ਅੰਦਰ ਜਾਣ ਲਈ ਰਸਤਾ ਕੋਈ ਨਹੀਂ ਸੀ, 'ਸ੍ਰੀ ਮਦ ਭਾਗਵਤ' ਦੇ ਭੋਗ ਸਮੇਂ ਜੋ ਫੁੱਲਾਂ ਦੇ ਗੁਲਦਸਤੇ ਅੰਦਰ ਜਾ ਰਹੇ ਸਨ, ਉਨ੍ਹਾਂ ਵਿਚ ਕੀੜੀ ਦਾ ਰੂਪ ਧਾਰ ਕੇ ਬੈਠ ਗਿਆ ਤੇ ਅੰਦਰ ਚਲਾ ਗਿਆ। ਸਰਾਪ ਦੇ ਸੱਤਵੇਂ ਦਿਨ ਰਾਜੇ ਨੇ ਫੁੱਲਾਂ ਦੇ ਗੁਲਦਸਤੇ ਨੂੰ ਸੋਹਣਾ ਜਾਣ ਕੇ ਸੁੰਘਿਆ ਤਾਂ ਤੱਛਕ ਨੇ ਝੱਟ ਹੀ ਨੱਕ ਵਿਚ ਵੜ ਕੇ ਰਾਜੇ ਦਾ ਸਾਹ ਖਿੱਚ ਲਿਆ। ਸੋ, ਪ੍ਰੀਛਤ ਰਾਜਾ ਇਤਨੇ ਯਤਨ ਕਰਨ 'ਤੇ ਵੀ ਨਾ ਬਚ ਸਕਿਆ।

ਪ੍ਰੀਛਤ ਰਾਜੇ ਬਾਬਤ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਵੀ ਸਹਸਕ੍ਰਿਤੀ ਸਲੋਕਾਂ ਵਿਚ ਫ਼ੁਰਮਾਉਂਦੇ ਹਨ :—

*ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ ॥*

ਰਾਜਾ ਪ੍ਰੀਛਤ ਆਪਣੇ ਮਰਨੇ ਨੂੰ ਸੁਣ ਕੇ ਬਹੁਤ ਸਾਰੇ ਯਤਨ ਕਰਦਾ ਹੋਇਆ। **ਕਾਰੀ**=ਔਸ਼ਧੀ ਕਰਨ ਵਿਖੇ ਜੋ ਬੜੇ ਬਲ ਵਾਲਾ ਧਨੰਤਰ ਵੈਦ ਹੈ, ਉਸਨੂੰ ਵੀ ਬੁਲਵਾਇਆ, ਪਰ ਉਹ ਤਾਂ ਰਾਹ ਵਿਚ ਹੀ ਮਰ ਗਿਆ। ਚਾਰ-ਚੁਫ਼ੇਰੇ ਬਲੀ ਸੂਰਮੇ ਸੇਵਾ ਲਈ ਖੜ੍ਹੇ ਕਰ ਦਿੱਤੇ।

*ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ ॥*

ਕਾਂਸ਼ੀ ਵਿਚ ਜਾ ਕੇ **ਬਿਖਮ**=ਕਠਿਨ ਗੰਗਾ ਦੇ ਚੱਲਦੇ ਪ੍ਰਵਾਹ ਵਿਚ ਉੱਚੇ ਅਸਥਾਨ, ਭਾਵ ਸ਼ੀਸ਼ ਮਹਿਲ ਨੂੰ ਬਣਾ ਕੇ ਵੱਸਦਾ ਹੋਇਆ ਤੇ 'ਸ੍ਰੀ ਮਦ ਭਾਗਵਤ' ਦਾ ਸਪਤਾਹ ਪਾਠ ਰਖਵਾ ਦਿੱਤਾ, ਜੋ ਆਪਣੇ ਮਰਨੇ ਨੂੰ **ਕਦਾਂਚਹ**=ਕਦਾਚਿਤ ਸਿਮਰੰਦਾ ਨਾ ਹੋਇਆ ਆਖਦਾ ਸੀ ਕਿ ਮੈਂ ਮਰਨਾ ਹੀ ਨਹੀਂ। ਪਰ :—

*ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ ॥੭॥*

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਭਗਵਾਨ ਪੁਰਖ ਦੀ ਆਗਿਆ **ਹੋਵੰਤਿ**=ਹੋਈ, ਤਾਂ ਤੱਛਕ ਨਾਗ ਨੇ ਪਹਿਲੇ ਤਾਂ ਰਾਹ ਵਿਚ ਧਨੰਤਰ ਵੈਦ ਦੇ ਸਵਾਸ ਖਿੱਚ ਲਏ ਅਤੇ ਪਿੱਛੋਂ ਫੁੱਲਾਂ ਵਿਚ ਪ੍ਰਵੇਸ਼ ਕਰਕੇ ਕੀੜੀ ਦੇ ਰੂਪ ਵਿਚ ਸ਼ੀਸ਼ ਮਹਿਲ ਵਿਖੇ ਪਹੁੰਚ ਕੇ ਪ੍ਰੀਛਤ ਰਾਜੇ ਦੇ ਸਵਾਸਾਂ ਨੂੰ **ਅਕਰਖਤੇ**=ਖਿੱਚ ਲਿਆ ॥੭॥ ਯਥਾ :—

*'ਸਚੈ ਸਾਹਿਬ ਮਾਰਿਆ ਕਉਣੁ ਤਿਸਨੋ ਰਖੈ ॥*
*ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ ॥੨੯॥'* *

[ਗਉੜੀ ਕੀ ਵਾਰ ਮਹਲਾ ੪, ਅੰਗ—੩੧੫]

## ਸਾਖੀ : ਜੀਵਣੰ ਹਰਿ ਨਾਮ ਧ੍ਯਾਵਣਹ ॥

ਜੀਵਾਂ ਨੂੰ ਤਾਰਦੇ ਹੋਏ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਬਾਲੇ ਤੇ ਮਰਦਾਨੇ ਸਮੇਤ ਇਕ ਨਗਰ ਦੀ ਸ਼ਮਸ਼ਾਨ ਭੂਮਿਕਾ ਵਿਚ ਜਾ ਬੈਠੇ, ਜਿਥੇ ਕਬਰਾਂ ਤੇ ਮੜ੍ਹੀਆਂ 'ਤੇ ਕਿਸੇ ਦੀ ਉਮਰ ਇਕ ਸਾਲ, ਕਿਸੇ ਦੀ ਦੋ ਸਾਲ, ਕਿਸੇ ਦੀ ਪੰਜ ਸਾਲ ਲਿਖੀ ਹੋਈ ਸੀ। ਤਾਂ ਮਰਦਾਨੇ ਨੇ ਬੇਨਤੀ ਕੀਤੀ, "ਗਰੀਬ ਨਿਵਾਜ ਜੀ! ਇਥੋਂ ਦੇ ਲੋਕਾਂ ਦੀ ਉਮਰ ਵੇਖਣ ਤੋਂ ਤਾਂ ਕਿਸੇ ਦੀ ਸੱਠ ਸਾਲ, ਕਿਸੇ ਦੀ ਸੱਤਰ ਸਾਲ ਅਤੇ ਕਿਸੇ ਦੀ ਅੱਸੀ ਸਾਲ ਦੀ ਵੀ ਪ੍ਰਤੀਤ ਹੁੰਦੀ ਹੈ, ਪਰ ਕਬਰਾਂ 'ਤੇ ਥੋੜ੍ਹੀ-ਥੋੜ੍ਹੀ ਉਮਰ ਲਿਖੀ ਹੈ, ਇਸਦਾ ਕੀ ਕਾਰਨ

*ਇਥੇ ਅਫਲਾਤੂ ਅਤੇ ਹਰਨਾਖਸ਼ ਦੀ ਸਾਖੀ ਵੀ ਲੱਗ ਸਕਦੀ ਹੈ।

ਹੈ ?" ਤਾਂ ਸਤਿਗੁਰਾਂ ਕਿਹਾ, "ਮਰਦਾਨਿਆਂ ! ਇਥੋਂ ਦੇ ਲੋਕ ਸਤਸੰਗੀ ਹਨ, ਜਿਤਨਾ ਚਿਰ ਕੋਈ ਭਜਨ-ਸਿਮਰਨ ਅਤੇ ਸਤਿਸੰਗ ਕਰਦਾ ਹੈ, ਉਤਨੀ-ਉਤਨੀ ਆਪਣੀ ਉਮਰ ਲਿਖੀ ਜਾਂਦਾ ਹੈ, ਉਸਦੇ ਮਰਨ ਤੋਂ ਬਾਅਦ ਜੋੜ ਕਰਕੇ ਉਤਨੀ ਉਮਰ ਉਸਦੀ ਕਬਰ ਅਤੇ ਮੜ੍ਹੀ 'ਤੇ ਲਿਖ ਦਿੰਦੇ ਹਨ, ਜਿਵੇਂ ਭਾਈ ਨੰਦ ਲਾਲ ਜੀ ਫ਼ੁਰਮਾਉਂਦੇ ਹਨ :—

੧. *'ਉਮਰ ਓਹੀ ਵਿਚ ਲੇਖੇ ਦੇ ਜੋ ਯਾਦ ਸਾਂਈ ਵਿਚ ਗੁਜਰੇ, ਪੈਂਦੀ ਮੁਜਰੇ ॥'*

੨. *'ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ ॥*
*ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ ॥੯੯॥'*

[ਸਲੋਕ ਸੇਖ ਫਰੀਦ, ਅੰਗ—੧੩੮੨]

## ਸਾਖੀ : ਲੋਕ ਕੀ ਕਹਿੰਦੇ ਸਨ ?

ਇਕ ਨਗਰ ਵਿਚ ਪੂਰਨ ਮਹਾਤਮਾ ਰਹਿੰਦੇ ਸਨ, ਉਸ ਨਗਰ ਦਾ ਇਕ ਪ੍ਰਾਣੀ ਚੜ੍ਹਾਈ ਕਰ ਗਿਆ, ਮਹਾਤਮਾ ਨੇ ਆਪਣੇ ਸੇਵਕ ਨੂੰ ਕਿਹਾ, "ਬੱਚਾ ! ਮ੍ਰਿਤਕ ਪ੍ਰਾਣੀ ਦਾ ਸਸਕਾਰ ਕਰਵਾ ਆ।" ਜਦੋਂ ਸੇਵਕ ਸਸਕਾਰ ਕਰਾ ਕੇ ਆਇਆ ਤਾਂ ਇਕ ਆਦਮੀ ਹੋਰ ਚੜ੍ਹਾਈ ਕਰ ਗਿਆ, ਤਾਂ ਮਹਾਤਮਾ ਨੇ ਫਿਰ ਕਿਹਾ, "ਬੱਚਾ ! ਉਸਦਾ ਵੀ ਸਸਕਾਰ ਕਰਵਾ ਆ।" ਜਦੋਂ ਦੂਸਰੇ ਪ੍ਰਾਣੀ ਦਾ ਵੀ ਸਸਕਾਰ ਕਰਵਾ ਆਇਆ ਤਾਂ ਮਹਾਤਮਾ ਨੇ ਪੁੱਛਿਆ, "ਇਹ ਪ੍ਰਾਣੀ ਨਰਕਾਂ ਨੂੰ ਗਏ ਹਨ ਕਿ ਸਵਰਗ ਨੂੰ ?" ਅੱਗੋਂ ਸੇਵਕ ਨੇ ਕਿਹਾ, "ਮਹਾਰਾਜ ! ਮੈਂ ਅਲਪੱਗ ਕੀ ਜਾਣ ਸਕਦਾ ਹਾਂ ? ਆਪ ਜੀ ਅੰਤਰਜਾਮੀ ਹੋ, ਕਿਰਪਾ ਕਰਕੇ ਤੁਸੀ ਹੀ ਦੱਸੋ।" ਤਾਂ ਮਹਾਤਮਾ ਨੇ ਕਿਹਾ, "ਚੜ੍ਹਾਈ ਕਰ ਚੁੱਕੇ ਪ੍ਰਾਣੀਆਂ ਬਾਬਤ ਲੋਕ ਕੀ ਕਹਿੰਦੇ ਸਨ ?" ਤਾਂ ਸੇਵਕ ਨੇ ਕਿਹਾ, "ਪਹਿਲੇ ਪ੍ਰਾਣੀ ਬਾਬਤ ਤਾਂ ਲੋਕ ਕਹਿੰਦੇ ਸਨ ਕਿ ਬੜਾ ਧਰਮਾਤਮਾ ਸੀ, ਭਜਨ-ਸਿਮਰਨ ਕਰਨ ਵਾਲਾ ਸੀ, ਕਿਸੇ ਦਾ ਵੀ ਦੁਖ ਨਹੀਂ ਸੀ ਸਹਾਰ ਸਕਦਾ, ਹਰ ਇਕ ਦਾ ਦੁਖ ਦੂਰ ਕਰਨ ਦਾ ਯਤਨ ਕਰਦਾ ਸੀ, ਇਸਦੇ ਚੜ੍ਹਾਈ ਕਰਨ ਤੋਂ ਨਗਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਇਉਂ ਗੁਣ ਯਾਦ ਕਰ-ਕਰ ਕੇ ਲੋਕੀਂ ਰੋਂਦੇ ਸਨ। ਜਿਸਦਾ ਪਿੱਛੋਂ ਸਸਕਾਰ ਕਰਵਾ ਕੇ ਆਇਆ ਹਾਂ, ਉਸਨੂੰ ਬਿਰਧ, ਜਵਾਨ, ਬੱਚੇ ਸਭ ਬੁਰਾ ਕਹਿੰਦੇ ਸਨ ਕਿ ਬੜਾ ਪਾਪੀ ਸੀ, ਬੜਾ ਨਿਰਦਈ ਸੀ, ਰੱਬ ਨੂੰ ਕਦੇ ਨਹੀਂ ਸੀ ਯਾਦ ਕਰਦਾ, ਹੰਕਾਰ ਨਾਲ ਬੜਾ ਆਫ਼ਰਿਆ ਰਹਿੰਦਾ ਸੀ, ਲੋਕਾਂ ਨੂੰ ਦੁਖੀ ਕਰਦਾ ਰਹਿੰਦਾ ਸੀ, ਚੰਗਾ ਹੋਇਆ ਮਗਰੋਂ ਲੱਥਾ ਹੈ !" ਤਾਂ ਮਹਾਤਮਾ ਨੇ ਕਿਹਾ, "ਜੋ ਪਹਿਲਾ ਨੇਕ ਆਦਮੀ ਰੱਬ ਦਾ ਪਿਆਰਾ ਸੀ, ਜਿਸਨੂੰ ਲੋਕੀਂ ਪਿਆਰ ਨਾਲ ਯਾਦ ਕਰਦੇ ਹਨ, ਉਹ ਸੁਅਰਗ ਨੂੰ ਗਿਆ ਹੈ ਅਤੇ ਜੋ ਪਿਛਲਾ ਹੰਕਾਰੀ ਆਦਮੀ ਸੀ, ਜਿਸਨੂੰ ਲੋਕੀਂ

ਕਹਿੰਦੇ ਹਨ ਕਿ ਚੰਗਾ ਹੋਇਆ ਮਗਰੋਂ ਲੱਥਾ ਹੈ, ਉਹ ਨਰਕਾਂ ਨੂੰ ਗਿਆ ਹੈ।"

ਇਸ ਲਈ ਸਾਧਸੰਗਤ ਜੀ! ਪ੍ਰਭੂ ਦਾ ਸਿਮਰਨ ਅਤੇ ਸ਼ੁਭ ਕਰਮ ਕਰਨੇ ਚਾਹੀਦੇ ਹਨ, ਜਿਨ੍ਹਾਂ ਕਰਕੇ ਇਥੇ ਵੀ ਜੱਸ ਹੋਵੇ ਅਤੇ ਮਰਨ ਤੋਂ ਉਪਰੰਤ ਪ੍ਰਭੂ ਚਰਨਾਂ ਵਿਚ ਨਿਵਾਸ ਹੋਵੇ, ਜੰਮਣ-ਮਰਨ ਤੋਂ ਛੁਟਕਾਰਾ ਹੋਵੇ। ਜਿਸ ਤਰ੍ਹਾਂ ਲੋਕਕ ਪ੍ਰਮਾਣ ਹੈ :—

*'ਜਬ ਤੂੰ ਆਇਓ ਜਗਤ ਮੇਂ ਤੂੰ ਰੋਵੇਂ ਜੱਗ ਹੱਸੇ।*
*ਐਸੀ ਕਰਨੀ ਕਰ ਚੱਲੋ ਜਗ ਰੋਵੇ ਤੂੰ ਹੱਸੇਂ।'* [ਲੋਕਕ]

**ਉਥਾਨਕਾ** :—ਜਗਿਆਸੂਆਂ ਨੇ ਭਗਤ ਕਬੀਰ ਸਾਹਿਬ ਨੂੰ ਆ ਕੇ ਬੇਨਤੀ ਕੀਤੀ ਕਿ ਸਾਨੂੰ ਵੈਰਾਗ ਪੈਦਾ ਨਹੀਂ ਹੁੰਦਾ, ਕਿਰਪਾ ਕਰਕੇ ਸਾਨੂੰ ਵੈਰਾਗਮਈ ਉਪਦੇਸ਼ ਬਖ਼ਸ਼ੋ, ਤਾਂ ਕਬੀਰ ਸਾਹਿਬ ਜੀ ਨੇ ਇਹ ਸ਼ਬਦ ਉਚਾਰਨ ਕੀਤਾ :—

## ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥

ਘੜੀਆਂ ਤੋਂ ਪਹਿਰ, ਪਹਿਰਾਂ ਤੋਂ ਦਿਨ ਹੁੰਦੇ ਹਨ, ਇਤਿਆਦੀ ਕਾਲ ਦੀ ਸੰਗਿਆ ਕਰਕੇ **ਆਵ ਘਟੈ** = ਉਮਰ ਘਟਦੀ ਹੈ ਅਤੇ **ਤਨੁ ਛੀਜੈ** = ਸਰੀਰ ਕ੍ਰਿਸ (ਕਮਜ਼ੋਰ) ਹੁੰਦਾ ਜਾਂਦਾ ਹੈ।

ਘਟ ਸ਼ਬਦ ਕਹਿਣ ਤੋਂ ਦੋ ਖਿਨ ਬਤੀਤ ਹੁੰਦੇ ਹਨ, ਇਕ ਖਿਨ ਦੇ ਛੇਵੇਂ ਹਿੱਸੇ ਦਾ ਨਾਮ ਚੁਖ ਹੈ ਅਤੇ ਚੁਖ ਦੇ ਬਾਰ੍ਹਵੇਂ ਹਿੱਸੇ ਦਾ ਨਾਮ ਬਿੰਦ ਹੈ।

ਇਕ ਵਾਰੀ ਅੱਖ ਖੋਲ੍ਹਣ ਤੇ ਮੀਟਣ ਦੇ ਸਮੇਂ ਨੂੰ ਨਿਮਖ ਕਹਿੰਦੇ ਹਨ, ੧੫ ਨਿਮਖਾਂ ਦਾ ਇਕ ਵਿਸਵਾ ਹੁੰਦਾ ਹੈ, ੧੫ ਵਿਸਵਿਆਂ ਦਾ ਇਕ ਚਸਾ, ੩੦ ਚਸਿਆਂ ਦਾ ਇਕ ਪਲ, ੬੦ ਪਲਾਂ ਦੀ ਇਕ ਘੜੀ, ਸਾਢੇ ਸੱਤ ਘੜੀਆਂ ਦਾ ਇਕ ਪਹਿਰ, ਚਾਰ ਪਹਿਰਾਂ ਦਾ ਇਕ ਦਿਨ, ਸੱਤਾਂ ਦਿਨਾਂ ਦਾ ਇਕ ਹਫ਼ਤਾ, ਚਾਰ ਹਫ਼ਤੇ ਜਾਂ ੩੦ ਦਿਨਾਂ ਦਾ ਇਕ ਮਹੀਨਾ ਅਤੇ ਬਾਰ੍ਹਾਂ ਮਹੀਨਿਆਂ ਦਾ ਇਕ ਸਾਲ ਹੁੰਦਾ ਹੈ।

ਜਾਂ ਇਉਂ ਸਮਝ ਲਉ ਕਿ ੬੦ ਸਕਿੰਟਾਂ ਦਾ ਇਕ ਮਿੰਟ, ਚੌਵੀ ਮਿੰਟਾਂ ਦੀ ਇਕ ਘੜੀ, ਢਾਈ ਘੜੀਆਂ ਦਾ ਇਕ ਘੰਟਾ ਜਾਂ ੬੦ ਮਿੰਟਾਂ ਦਾ ਇਕ ਘੰਟਾ, ੩ ਘੰਟਿਆਂ ਦਾ ਇਕ ਪਹਿਰ, ੪ ਪਹਿਰਾਂ ਦਾ ਇਕ ਦਿਨ ਤੇ ੪ ਪਹਿਰਾਂ ਦੀ ਹੀ ਇਕ ਰਾਤ, ੮ ਪਹਿਰਾਂ ਦਾ ਇਕ ਦਿਨ-ਰਾਤ (ਭਾਵ ਇਕ ਥਿੱਤ), ਸੱਤਾਂ ਦਿਨਾਂ ਦਾ ਇਕ ਹਫ਼ਤਾ, ੪ ਹਫ਼ਤੇ ਜਾਂ ੩੦ ਦਿਨਾਂ ਦਾ ਇਕ ਮਹੀਨਾ, ਬਾਰ੍ਹਾਂ ਮਹੀਨਿਆਂ ਦਾ ਇਕ ਸਾਲ ਅਤੇ ੧੦੦ ਸਾਲਾਂ ਦੀ ਇਕ ਸਦੀ ਹੁੰਦੀ ਹੈ, ਇਸ ਹਿਸਾਬ ਨਾਲ ਉਮਰ ਘਟਦੀ ਜਾ ਰਹੀ ਹੈ। ਯਥਾ :—

੧. *'ਚੇਤਨਾ ਹੈ ਤਉ ਚੇਤ ਲੈ ਨਿਸਿਦਿਨਿ ਮੈ ਪ੍ਰਾਨੀ ॥
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ਰਹਾਉ॥'*

[ਤਿਲੰਗ ਮਹਲਾ ੯ ਕਾਫੀ, ਅੰਗ–੭੨੬]

੨. *'ਅਉਧ ਘਟੈ ਦਿਨਸੁ ਰੈਣਾਰੇ ॥
ਮਨ ਗੁਰ ਮਿਲਿ ਕਾਜ ਸਵਾਰੇ ॥੧॥ਰਹਾਉ॥'*

[ਰਾਗੁ ਗਉੜੀ ਪੂਰਬੀ ਮਹਲਾ ੫, ਅੰਗ–੧੩]

**ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥**

ਕਾਲ ਜੋ ਸ਼ਿਕਾਰੀ ਹੈ, ਉਹ **ਬਧਿਕ** = ਫੰਧਕ* ਵਾਂਗ ਆਪਣੇ ਸ਼ਿਕਾਰ ਨੂੰ ਲੱਭਦਾ ਫਿਰਦਾ ਹੈ, ਕਹੁ ਖਾਂ! ਉਸ ਕਾਲ ਤੋਂ ਬਚਣ ਦੀ ਕਿਹੜੀ ਵਿਧੀ ਕਰੀਏ?

ਕਾਲ ਰੂਪ ਸ਼ਿਕਾਰੀ ਛੱਡੇਗਾ ਨਹੀਂ। ਯਥਾ :—

੧. *'ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥
ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥੧॥
ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥
ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥੧॥ਰਹਾਉ॥'*

[ਸਿਰੀ ਰਾਗੁ ਮਹਲਾ ੧, ਅੰਗ–੫੫]

੨. *'ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥
ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ ॥
ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ ॥
ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ ॥
ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ ॥੧॥'*

[ਆਸਾ ਮਹਲਾ ੧ ਛੰਤ, ਅੰਗ–੪੩੮-੩੯]

* ਖੁਸ਼ਕ ਥਾਂ ਵਿਚ ਜਾਨਵਰ ਮਾਰਨ ਵਾਲੇ ਅਹੇਰੀ ਹੁੰਦੇ ਹਨ ਅਤੇ ਪਾਣੀ ਵਿਚੋਂ ਮੱਛੀਆਂ ਆਦਿਕ ਫੜ੍ਹਨ ਵਾਲੇ ਫੰਧਕ ਹੁੰਦੇ ਹਨ।

**ਸੋ ਦਿਨੁ ਆਵਨ ਲਾਗਾ ॥**
**ਮਾਤ ਪਿਤਾ ਭਾਈ ਸੁਤ ਬਨਿਤਾ,**
**ਕਹਹੁ ਕੋਊ ਹੈ ਕਾ ਕਾ ॥੧॥ਰਹਾਉ॥**

ਉਹ ਮੌਤ ਵਾਲਾ ਦਿਨ ਜੋ ਤੂੰ ਹੋਰਨਾਂ ਉੱਪਰ ਵੇਖਦਾ ਸੀ, ਹੁਣ ਤੇਰੇ ਨਜ਼ਦੀਕ ਆਉਣ ਲੱਗਾ ਹੈ ਅਤੇ ਜਿੰਨ੍ਹਾਂ ਸਬੰਧੀਆਂ ਨਾਲ ਤੂੰ ਹਿਤ ਕਰ ਰਿਹਾ ਹੈਂ, ਇਹ ਮਾਤਾ-ਪਿਤਾ, ਭਰਾ, ਪੁੱਤਰ, **ਬਨਿਤਾ** = ਇਸਤ੍ਰੀ, **ਕਾਕਾ*** = ਚਾਚਾ, ਕਹੁ ਖਾਂ ! ਕੌਣ ਕੋਈ **ਕਾ ਕਾ** = ਕਿਸੇ ਦਾ ਸਹਾਇਕ ਹੈ ? ਯਥਾ :—

੧. *'ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥*
*ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥'*
[ਜੈਤਸਰੀ ਮਹਲਾ ੫, ਅੰਗ—੭੦੦]

੨. *'ਸਭ ਕਿਛੁ ਜੀਵਤ ਕੋ ਬਿਵਹਾਰ ॥*
*ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ਰਹਾਉ॥*
*ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ॥*
*ਆਧ ਘਰੀ ਕੋਊ ਨਹਿ ਰਾਖੈ ਘਰਿ ਤੇ ਦੇਤ ਨਿਕਾਰਿ ॥੧॥'*
[ਦੇਵਗੰਧਾਰੀ ਮਹਲਾ ੯, ਅੰਗ—੫੩੬]

ਜਿੰਨ੍ਹਾਂ ਸਬੰਧੀਆਂ ਵਾਸਤੇ :—

*'ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥'*†
[ਸੋਰਠਿ ਕਬੀਰ ਜੀ, ਅੰਗ—੬੫੬]

ਇਸ ਜੀਵ ਦੀਆਂ ਅੱਖਾਂ ਤਾਂ ਉਦੋਂ ਹੀ ਖੁੱਲ੍ਹਦੀਆਂ ਹਨ, ਜਦੋਂ ਇਸਦੇ ਸਿਰ 'ਤੇ ਮਾਰ ਪੈਂਦੀ ਹੈ। ਯਥਾ :—

*'ਕਹੁ ਕਬੀਰ ਤਬ ਹੀ ਨਰੁ ਜਾਗੈ ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ॥੩॥੨॥'*
[ਰਾਗੁ ਗੋਂਡ ਸ੍ਰੀ ਕਬੀਰ ਜੀ, ਅੰਗ—੮੭੦]

---

* ਮੁਖ ਪਾਠ 'ਕਾ ਕਾ' ਹੈ, ਕੇਵਲ ਅਰਥ ਵਾਸਤੇ ਕਾਕਾ ਪਾਠ ਮੰਨਿਆ ਹੈ।
† ਇਥੇ ਬਾਲਮੀਕ ਬਟਵਾਰੇ ਦੀ ਸਾਖੀ ਲਾਉ ਜੀ। ਯਥਾ :—
*'ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ ।'* [ਭਾਈ ਗੁਰਦਾਸ ਜੀ, ਵਾਰ-੧੦, ਪਉੜੀ-੧੯]

ਇਸ ਜੀਵ ਨੂੰ ਸਮਝਣਾ ਚਾਹੀਦਾ ਹੈ :—

*'ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥'*

[ਸਲੋਕ ਸੇਖ ਫਰੀਦ, ਅੰਗ—੧੩੮੧]

## ਜਬ ਲਗੁ ਜੋਤਿ ਕਾਇਆ ਮਹਿ ਬਰਤੈ

ਜਿਤਨਾ ਚਿਰ ਇਸ ਦੇਹ ਵਿਚ ਪ੍ਰਮੇਸ਼ਰ ਦੀ **ਜੋਤਿ** = ਚੇਤਨ ਸੱਤਾ ਵਰਤ ਰਹੀ ਹੈ, ਭਾਵ ਦੇਹ ਦੀ ਸਾਰੀ ਕਿਰਿਆ ਕਰਾਉਂਦੀ ਹੈ, ਤਦੋਂ ਤੱਕ ਸਭ ਕੁਝ ਸੁੱਝਦਾ ਹੈ, ਉਸ ਪ੍ਰਮੇਸ਼ਰ ਦੀ ਜੋਤ ਤੋਂ ਬਿਨਾਂ ਤਾਂ ਦੇਹ ਮੁਰਦਾ ਹੋ ਜਾਂਦੀ ਹੈ। ਯਥਾ :—

*'ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ,*
*ਤਬ ਕੋਈ ਕਰਉ ਦਿਖਾ ਵਖਿਆਨਾ ॥੨॥'* [ਬਿਲਾਵਲੁ ਮਹਲਾ ੩, ਅੰਗ—੭੯੭]

## ਆਪਾ ਪਸੂ ਨ ਬੂਝੈ ॥

ਜੇ ਜੀਵ ਆਪਣੇ ਸਰੂਪ ਦੀ ਵਿਚਾਰ ਨਹੀਂ ਕਰਦਾ ਤਾਂ ਪਸ਼ੂਆਂ ਦੇ ਤੁੱਲ ਹੈ। ਯਥਾ :—

੧. *'ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੧]

੨. *'ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥'*

[ਗਉੜੀ ਸੁਖਮਨੀ ਮਃ ੫, ਅੰਗ—੨੬੭]

੩. *'ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥*
*ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥'*

[ਵਾਰ ਮਲਾਰ ਕੀ ਮਹਲਾ ੧, ਅੰਗ—੧੨੮

ਕਿਉਂਕਿ :—

*'ਨਰਨ ਗਿਆਨ ਨਿਜ ਅਧਿਕਤਾ ਗਿਆਨ ਬਿਨਾ ਪਸੁ ਜਾਨ ॥੧੩॥'*

[ਸਾਰਕੁਤਾਵਲੀ, ਅਧਿਆਇ-

ਬਲਕਿ ਪਸ਼ੂ ਵੀ ਮਨੁੱਖ ਨਾਲੋਂ ਚੰਗੇ ਹਨ। ਯਥਾ :—

੧. *'ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥*
*ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥'*

[ਰਾਗੁ ਗੂਜਰੀ ਮਹਲਾ ੧, ਅੰਗ—

੨. *'ਨਰੁ ਮਰੈ ਨਰੁ ਕਾਮਿ ਨ ਆਵੈ ॥ ਪਸੂ ਮਰੈ ਦਸ ਕਾਜ ਸਵਾਰੈ ॥੧॥'*

[ਗੋਂਡ ਸ੍ਰੀ ਕਬੀਰ ਜੀ, ਅੰਗ—੮੭੦]

੩. *'ਪਸੁ ਪਰੇਤ ਮੁਗਧ ਤੇ ਬੁਰੀ ॥ ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥'*

[ਰਾਮਕਲੀ ਮਹਲਾ ੫, ਅੰਗ—੮੯੦]

**ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥੨॥**

ਬੁਢੇਪੇ ਵਿਚ ਅੱਖਾਂ ਨਾਲ ਤਾਂ ਕੁਝ ਸੁੱਝਦਾ ਨਹੀਂ, ਫਿਰ ਵੀ ਜੀਵਨ ਪਦਵੀ ਵਾਸਤੇ **ਲਾਲਚ** = ਲੋਭ ਕਰਦਾ ਹੈ ਕਿ ਮੈਂ ਹੋਰ ਵੀ ਜਿਊਂਦਾ ਰਹਾਂ ਤੇ ਕਈ ਤਰ੍ਹਾਂ ਦੀਆਂ ਦਵਾਈਆਂ-ਬੂਟੀਆਂ, ਕੁਸ਼ਤੇ ਵਗ਼ੈਰਾ ਖਾਂਦਾ ਹੈ ॥੨॥

ਅਥਵਾ :—ਨੇਤ੍ਰਾਂ ਨਾਲ ਲੋਕਾਂ ਨੂੰ ਮਰਦੇ ਵੇਖ ਕੇ ਵੀ ਕੁਝ ਨਹੀਂ ਸਮਝਦਾ। ਯਥਾ :—

੧. *'ਨੈਨਹ ਦੇਖਤ ਇਹੁ ਜਗੁ ਜਾਈ ॥੧॥'*

[ਗਉੜੀ ਕਬੀਰ ਜੀ, ਅੰਗ—੩੨੫]

੨. *'ਤੂ ਨੇਤ੍ਰੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ ॥'*

[ਬਿਹਾਗੜਾ ਮਹਲਾ ੫, ਅੰਗ—੫੪੭]

**ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥**

ਕਬੀਰ ਸਾਹਿਬ ਜੀ ਕਥਨ ਕਰਦੇ ਹਨ, ਹੇ ਪ੍ਰਾਣਧਾਰੀ ਜੀਵੋ! ਪ੍ਰਤੱਖ ਕੰਨਾਂ ਨਾਲ, ਵਾ :—ਸ਼ਰਧਾ ਤੇ ਵਿਸ਼ਵਾਸ ਰੂਪ ਕੰਨਾਂ ਨਾਲ ਸੁਣਨਾ ਕਰੋ। ਮਨ ਵਿਚ ਜੋ ਇਹ ਪੰਜ ਪ੍ਰਕਾਰ ਦਾ ਭਰਮ ਪਿਆ ਹੋਇਆ ਹੈ :—

*'ਭੇਦ ਭਰਮ[੧] ਕਰਤਤ ਭਰਮ[੨] ਪੁਨ ਸੰਗ ਭਰਮ[੩] ਵਿਕਾਰ[੪] ॥*
*ਬ੍ਰਹਮ ਇਤਰ ਜਗ ਸਤ ਹੈ[੫] ਪਾਂਚੋ ਭਰਮ ਸੰਸਾਰ ॥'*

ਇਸਨੂੰ ਛੱਡਣਾ ਕਰੋ, ਇਸ ਭਰਮ ਕਰਕੇ ਹੀ :—

*'ਭਰਮੇ ਸੁਰਿ ਨਰ ਦੇਵੀ ਦੇਵਾ ॥*
*ਭਰਮੇ ਸਿਧ ਸਾਧਿਕ ਬ੍ਰਹਮੇਵਾ ॥*
*ਭਰਮਿ ਭਰਮਿ ਮਾਨੁਖ ਡਹਕਾਏ ॥*
*ਦੁਤਰ ਮਹਾ ਬਿਖਮ ਇਹ ਮਾਏ ॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੮]

ਭਰਮ ਦੀ ਨਵਿਰਤੀ ਨਾਮ-ਸਿਮਰਨ ਨਾਲ ਹੀ ਹੁੰਦੀ ਹੈ। ਯਥਾ :—

*'ਸਲੋਕੁ ॥ ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ ॥*
*ਸੰਤ ਸੰਗਿ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ ॥੧॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੮]

## ਕੇਵਲ ਨਾਮੁ ਜਪਹੁ ਰੇ ਪ੍ਰਾਨੀ

ਹੇ ਪ੍ਰਾਣਾਧਾਰੀ ਜੀਵੋ! ਇਕ ਵਾਹਿਗੁਰੂ ਦਾ ਨਾਮ ਹੀ ਜਪਣਾ ਕਰੋ। ਯਥਾ :—

੧. *'ਸਲੋਕੁ ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥'*

[ਗਉੜੀ ਸੁਖਮਨੀ ਮਃ ੫, ਅੰਗ—੨੬੫]

੨. *'ਡਖਣਾ ॥ ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥'*

[ਸਿਰੀ ਰਾਗੁ ਮਹਲਾ ੫, ਅੰਗ—੮੧]

੩. *'ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭ ਕੂੜੁ ਗਾਲ੍ਹੀ ਹੋਛੀਆ ॥੧॥'* [ਸੂਹੀ ਮਹਲਾ ੫, ਅੰਗ—੭੬੧]

੪. *'ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥*
*ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥'*

[ਧਨਾਸਰੀ ਮਹਲਾ ੧, ਅੰਗ—੬੬੩]

ਨਾਮ ਤੋਂ ਹੀਣਿਆਂ ਬਾਬਤ ਗੁਰੂ ਜੀ ਇਉਂ ਫ਼ੁਰਮਾਉਂਦੇ ਹਨ :—

੧. *'ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥੨॥*

[ਗਉੜੀ ਮਹਲਾ ੫, ਅੰਗ—੨੩੯]

੨. *'ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥*
*ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥੪*

[ਗਉੜੀ ਮਹਲਾ ੫, ਅੰਗ—੨੪]

ਜਿਹੜੇ ਨਾਮ ਜਪਦੇ ਹਨ, ਉਹਨਾਂ ਬਾਬਤ ਤਾਂ ਸਤਿਗੁਰੂ ਜੀ ਇਉਂ ਫ਼ੁਰਮਾਉਂਦੇ ਹਨ

੧. *'ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ*
*ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥'*

[ਸੋਰਠਿ ਕੀ ਵਾਰ ਮਹਲਾ ੪, ਅੰਗ—]

੨. *'ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥'*
[ਆਸਾ ਮਹਲਾ ੫, ਅੰਗ—੩੯੭]

੩. *'ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥'*
[ਵਡਹੰਸੁ ਮਹਲਾ ੧, ਅੰਗ—੫੭੯]

੪. *'ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥'*
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੨]

ਸਤਿਗੁਰੂ ਜੀ ਨਾਮ ਜਪਣ ਲਈ ਇਉਂ ਹੁਕਮ ਕਰਦੇ ਹਨ :—

੧. *'ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥.....*
*ਮਨ ਰੁਤਿ ਨਾਮ ਰੇ ॥'* [ਬਸੰਤੁ ਮਹਲਾ ੫, ਅੰਗ—੧੧੮੫]

੨. *'ਕੁਰਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥੫॥'*
[ਮਾਰੂ ਸੋਲਹੇ ਮਹਲਾ ੫, ਅੰਗ—੧੦੭੫]

੩. *'ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥*
*ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥'*
[ਪ੍ਰਭਾਤੀ ਕਬੀਰ ਜੀ, ਅੰਗ—੧੩੪੯]

ਇਸ ਲਈ ਸਤਿਗੁਰਾਂ ਤੋਂ ਨਾਮ ਹੀ ਮੰਗੀਏ :—

੧. *'ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥'*
[ਗਉੜੀ ਸੁਖਮਨੀ ਮਃ ੫, ਅੰਗ—੨੮੯]

੨. *'ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ,*
*ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥'* [ਸੋਰਠਿ ਮਹਲਾ ੧, ਅੰਗ—੫੯੭]

੩. *'ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥*
*ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥੮॥'*
[ਸੂਹੀ ਮਹਲਾ ੧, ਅੰਗ—੭੫੩]

੪. *'ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥'*
[ਸੂਹੀ ਮਹਲਾ ੫, ਅੰਗ—੭੬੨]

੫. *'ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥'*
[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੫੮]

੬. *'ਕਰਤਾ ਤੂ ਮੇਰਾ ਜਜਮਾਨੁ ॥*
*ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥'*
[ਪ੍ਰਭਾਤੀ ਮਹਲਾ ੧, ਅੰਗ—੧੩੨੯]

੭. *'ਮਾਗਉ ਦਾਨੁ ਠਾਕੁਰ ਨਾਮ ॥*
*ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥*
[ਟੋਡੀ ਮਹਲਾ ੫, ਅੰਗ—੭੧੩]

੮. *'ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ ॥*
*ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥'*
[ਰਾਗੁ ਧਨਾਸਿਰੀ ਮਹਲਾ ੩, ਅੰਗ—੬੬੬]

੯. *'ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥*
*ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥'*
[ਸੂਹੀ ਮਹਲਾ ੧ ਕਾਫੀ, ਅੰਗ—੭੫੨]

## ਪਰਹੁ ਏਕ ਕੀ ਸਰਨਾਂ ॥੩॥੨॥

ਇਕ ਵਾਹਿਗੁਰੂ ਦੀ ਸ਼ਰਨ ਵਿਚ ਹੀ ਪੈਣਾ ਕਰੋ, ਕਿਉਂਕਿ :—
*'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥'*
[ਬਿਹਾਗੜਾ ਮਹਲਾ ੫, ਅੰਗ—੫੪੪]

ਇਸ ਲਈ ਆਪਾਂ ਵਾਹਿਗੁਰੂ ਦੀ ਹੀ ਸ਼ਰਨ ਲੈਣੀ ਹੈ। ਯਥਾ :—

੧. *'ਤੇਰੀ ਸਰਣਿ ਮੇਰੇ ਦੀਨ ਦਇਆਲਾ ॥ ਸੁਖ ਸਾਗਰ ਮੇਰੇ ਗੁਰ ਗੋਪਾਲਾ ॥*
*ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ ॥੪॥'*
[ਮਾਝ ਮਹਲਾ ੫, ਅੰਗ—੧੦

੨. *'ਪ੍ਰਭ ਜਨਮ ਮਰਨ ਨਿਵਾਰਿ ॥ ਹਾਰਿ ਪਰਿਓ ਦੁਆਰਿ ॥'*
[ਬਿਲਾਵਲੁ ਮਹਲਾ ੫, ਅੰਗ—੮੩

੩. *'ਸਰਨਿ ਨਾਥ ਤੋਰੀਯੰ ॥ ਉਬਾਰ ਲਾਜ ਮੋਰੀਯੰ ॥੪੮॥'* [ਦਸਮ, ਅੰਗ—੪੨

੪. 'ਕਰੇ ਕੋਟ ਕੋਊ ਧਰੇ ਕੋਟ ਓਟੰ ॥ ਬਚੈਗੈ ਨ ਕਿਉਹੂੰ ਕਰੈ ਕਾਲ ਚੋਟੰ ॥
ਲਿਖੰ ਜੰਤ੍ਰ ਕੇਤੇ ਪੜ੍ਹੰ ਮੰਤ੍ਰ ਕੋਟੰ ॥ ਬਿਨਾ ਸਰਨ ਤਾ ਕੀ ਨਹੀ ਔਰ ਓਟੰ ॥'
[ਦਸਮ, ਅੰਗ—੪੩]

੫. 'ਜਿਤੇ ਸਰਨ ਜੈਹੈ ॥ ਤਿਤਿਓ ਰਾਖ ਲੈਹੈ ॥੭੫॥' [ਦਸਮ, ਅੰਗ—੪੪]

੬. 'ਦੋਹਰਾ ॥ ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥
ਬਾਂਹਿ ਗਹੇ ਦੀ ਲਾਜ ਅਸ ਗੋਬਿੰਦ ਦਾਸ ਤੁਹਾਰ ॥'
[ਦਸਮ, ਅੰਗ—੨੫੪]

—o—

## ਗਉੜੀ ਮਹਲਾ ੧ ॥*

ਇਕ ਪੰਡਿਤ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਸ ਗਿਆਨ ਦੀਆਂ ਬਹੁਤ ਗੱਲਾਂ ਕਰਦਾ ਹੁੰਦਾ ਸੀ ਅਤੇ ਆਪਣੇ ਆਪ ਨੂੰ ਗਿਆਨੀ ਸਦਾਉਂਦਾ ਸੀ, ਸਮੇਂ ਦੇ ਚੱਕਰ ਅਨੁਸਾਰ ਇਕ ਦਿਨ ਉਸਦਾ ਪੁੱਤਰ ਮਰ ਗਿਆ, ਮੋਹ ਵਿਚ ਗਲਤਾਨ ਹੋਣ ਕਰਕੇ ਰੋਂਦਾ-ਰੋਂਦਾ ਬੱਸ ਨਾ ਕਰੇ, ਉਸਦੇ ਮੋਹ ਨੂੰ ਦੂਰ ਕਰਨ ਵਾਸਤੇ ਗੁਰੂ ਸਾਹਿਬ ਜੀ ਨੇ ਗਉੜੀ ਰਾਗ ਵਿਚ ਇਹ ਪਵਿੱਤਰ ਉਪਦੇਸ਼ ਦਿੱਤਾ :—

'ਬੂਝੁ ਰੇ ਗਿਆਨੀ ਮੂਆ ਹੈ ਕਉਣੁ ॥' [ਅੰਗ—੧੫੨]

ਹੇ ਗਿਆਨੀ ! ਤੂੰ ਬੁੱਝਣਾ ਕਰ ਕਿ ਇਨ੍ਹਾਂ ਵਿਚੋਂ ਕੌਣ ਮਰਿਆ ਹੈ ? ਜੇ ਤੂੰ ਆਖੇਂ ਕਿ ਜੀਵਾਤਮਾ ਮਰਿਆ ਹੈ, ਤਾਂ ਉਹ ਕਦੇ ਮਰਦਾ ਹੀ ਨਹੀਂ ਹੈ। ਕਿਉਂਕਿ :—

'ਮੇਰਾ ਮੇਰਾ ਕਰਿ ਬਿਲਲਾਹੀ ॥ ਮਰਣਹਾਰੁ ਇਹੁ ਜੀਅਰਾ ਨਾਹੀ ॥੩॥'
[ਗਉੜੀ ਮਹਲਾ ੫, ਅੰਗ—੧੮੮]

ਜੇ ਆਖੇਂ ਸਰੀਰ ਮਰਿਆ ਹੈ ਤਾਂ ਇਹ ਸਰੀਰ :—

ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥

ਪਉਣ, ਪਾਣੀ, ਅੱਗ ਦਾ ਮਿਲਾਪ ਰੂਪ ਹੈ, ਭਾਵ ਇਹਨਾਂ ਤਿੰਨ ਤੱਤਾਂ ਤੋਂ ਸਰੀਰ ਬਣਿਆ ਹੈ, ਕਿਉਂਕਿ ਕਈ ਲੋਕ ਤਿੰਨ ਤੱਤ ਹੀ ਮੰਨਦੇ ਹਨ, ਵਾ :—ਪਉਣ, ਪਾਣੀ, ਅੱਗ ਆਦਿਕ ਪੰਜਾਂ ਤੱਤਾਂ ਦਾ ਇਹ ਮਿਲਾਪ ਰੂਪ ਸਰੀਰ ਹੈ, ਅਰਥਾਤ ਇਨ੍ਹਾਂ ਪੰਜਾਂ ਤੱਤਾਂ ਕਰਕੇ

* ਇਸ ਸ਼ਬਦ ਦਾ ਭਾਵ ਉਪਰੋਕਤ 'ਸ੍ਰੀ ਮੁਖਵਾਕ' ਨਾਲ ਮਿਲਦਾ ਹੋਣ ਕਰਕੇ ਇਥੇ ਲਿਖ ਰਹੇ ਹਾਂ।

ਸਰੀਰ ਰਚਿਆ ਹੋਇਆ ਹੈ। ਚੰਚਲ ਜੋ ਸੰਸਾਰ ਹੈ, ਇਹ **ਚਪਲ** = ਚੰਚਲ ਬੁੱਧ ਦਾ ਹੀ ਖੇਲ੍ਹ ਹੈ। ਅਰਥਾਤ ਮਨ ਦਾ ਰਚਿਆ ਹੋਇਆ ਹੈ।

*ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥੧॥*

ਇਸ ਸਰੀਰ ਦੇ ਨੌਂ ਗੋਲਕਾਂ ਰੂਪ ਨੌਂ ਦਰਵਾਜੇ ਖੁੱਲ੍ਹੇ ਰੱਖੇ ਹਨ ਅਤੇ ਦਸਵਾਂ ਦਰਵਾਜਾ ਗੁਪਤ, ਅਰਥਾਤ ਬੰਦ ਰੱਖਿਆ ਹੈ। ਯਥਾ :—

*'.....ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੨]

ਗਿਆਨੀ ਦੇ ਨਾਲ ਮਿਲ ਕੇ ਹੇ ਗਿਆਨੀ! ਇਸ ਵਿਚਾਰ ਨੂੰ ਤੂੰ **ਬੁਝੁ** = ਸਮਝਣਾ ਕਰ ॥੧॥

*ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ਰਹਾਉ॥*

ਉਹ ਪ੍ਰਮੇਸ਼ਰ ਆਪ ਹੀ ਬਕਤਾ ਹੋ ਕੇ **ਕਥਤਾ** = ਕਥਨ ਕਰਦਾ ਹੈ ਅਤੇ ਉਹ ਪ੍ਰਮੇਸ਼ਰ ਆਪ ਹੀ ਸ੍ਰੋਤਾ ਹੋ ਕੇ **ਸੁਨਤਾ** = ਸੁਣਦਾ ਹੈ। ਜੋ ਆਪਣੇ ਸਰੂਪ ਦਾ ਵਿਚਾਰ ਕਰਦਾ ਹੈ, ਉਹ ਅਸਲ ਗਿਆਨੀ ਹੁੰਦਾ ਹੈ ॥੧॥ਰਹਾਉ॥

ਜੇਕਰ ਪੰਡਿਤ ਆਖੇ ਕਿ ਦੇਹ ਮਰੀ ਹੈ ਤਾਂ ਗੁਰੂ ਜੀ ਕਥਨ ਕਰਦੇ ਹਨ :—

*ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥*

ਹੇ ਪੰਡਿਤ ਜੀ! ਦੇਹ ਤਾਂ ਅੱਗੇ ਹੀ ਮਿੱਟੀ ਦਾ ਕਾਰਜ ਹੋਣ ਕਰਕੇ ਜੜ੍ਹ ਹੈ, ਇਸ ਵਿਚ ਪਉਣ ਸਬੰਧੀ ਜੀਵ ਬੋਲ ਰਿਹਾ ਹੈ, ਅਥਵਾ :—**ਪਉਣੁ** = ਵਾਕ ਇੰਦ੍ਰੀਆ ਬੋਲ ਰਿਹਾ ਹੈ। ਹੇ ਗਿਆਨੀ! ਤੂੰ ਬੁੱਝਣਾ ਕਰ **ਮੂਆ** = ਮਰਿਆ ਕੌਣ ਹੈ? ਗਿਆਨੀ ਨੇ ਕਿਹਾ, "ਆਪ ਜੀ ਹੀ ਕਿਰਪਾ ਕਰਕੇ ਦੱਸੋ ਕਿ ਕੌਣ ਮਰਿਆ ਹੈ। ਗੁਰ ਉੱਤਰ :—

*ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥*

ਜਿਸ ਸੁਰਤ ਦਾ **ਬਾਦੁ** = ਵਿਅਰਥ ਹੰਕਾਰ ਕਰਦਾ ਸੀ, ਉਹ ਮਰ ਗਈ। ਜੋ ਚੇਤਨ ਦੇਖਣ ਵਾਲਾ ਹੈ, ਉਹ ਨਹੀਂ ਮਰਦਾ।

*ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥*

ਜਿਸ ਪ੍ਰਮਾਤਮਾ ਦੀ ਪ੍ਰਾਪਤੀ ਵਾਸਤੇ ਇਹ ਜੀਵ ਤੀਰਥਾਂ ਦੇ **ਤਟਿ** = ਕਿਨਾਰਿਆਂ 'ਤੇ ਜਾ ਕੇ ਬੈਠਦਾ ਹੈ, ਉਹ ਰਤਨ ਪਦਾਰਥ ਰੂਪ ਪ੍ਰਮਾਤਮਾ **ਘਟ** = ਹਿਰਦੇ ਵਿਚ ਹੀ ਹੈ।

ਫਿਰ ਪੰਡਿਤ ਨੇ ਕਿਹਾ, "ਸ਼ਾਸਤਰ ਵੇਤਾ ਪੰਡਿਤ ਲੋਕ ਉਸ ਰਤਨ ਪਦਾਰਥ ਰੂਪ ਪ੍ਰਮਾਤਮਾ ਨੂੰ ਕਿਉਂ ਨਹੀਂ ਜਾਣਦੇ ?" ਗੁਰ ਉੱਤਰ :—

*ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥*

ਪੰਡਿਤ ਲੋਕ ਪੜ੍ਹ-ਪੜ੍ਹ ਕੇ **ਬਾਦੁ** = ਝਗੜਿਆਂ ਨੂੰ ਹੀ ਕਥਨ ਕਰਦੇ ਹਨ। ਅੰਤਹਕਰਣ ਵਿਚ ਜੋ ਆਤਮ ਵਸਤੂ ਹੁੰਦੀ ਹੈ, ਉਸਨੂੰ ਜਾਣਦੇ ਨਹੀਂ ॥੩॥

ਫਿਰ ਪੰਡਿਤ ਨੇ ਕਿਹਾ, "ਆਪ ਭੀ ਤਾਂ ਮਿਰਤੂ ਹੋਵੋਗੇ ?" ਇਸ ਪਰ ਗੁਰੂ ਸਾਹਿਬ ਜੀ ਕਥਨ ਕਰਦੇ ਹਨ :—

*ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥*

ਅਸਾਂ ਨੇ ਨਹੀਂ ਮਰਨਾ ਕਿਉਂਕਿ ਮੇਰੀ ਅਵਿਦਿਆ ਰੂਪ ਬਲਾ ਜੋ ਮਰ ਗਈ ਹੈ। ਉਹ ਪ੍ਰਮਾਤਮਾ ਕਦੇ ਨਹੀਂ ਮਰਦਾ, ਜੋ ਸਾਰਿਆਂ ਵਿਚ ਸਮਾ ਰਿਹਾ ਹੈ।

*ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥*

ਗੁਰੂ ਜੀ ਕਥਨ ਕਰਦੇ ਹਨ, ਧੰਨ ਗੁਰੂ ਸਾਹਿਬ ਜੀ ਹਨ, ਜਿਨ੍ਹਾਂ ਨੇ ਬ੍ਰਹਮ ਨੂੰ ਆਪਣਾ ਸਰੂਪ ਕਰਕੇ ਵਿਖਾਇਆ ਹੈ। ਜਿਨ੍ਹਾਂ ਨੂੰ ਆਪਣਾ ਸਰੂਪ ਕਰਕੇ ਵਿਖਾਇਆ ਹੈ, ਉਨ੍ਹਾਂ ਨੂੰ ਮਰਦਾ ਜਾਂਦਾ ਕੁਝ ਨਿਗਾਹ ਨਹੀਂ ਆਇਆ। ਯਥਾ :—

੧. *'ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥'*
[ਗਉੜੀ ਸੁਖਮਨੀ ਮ: ੫, ਅੰਗ—੨੮੧]

੨. *'ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥*
*ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਏਕ ॥੧॥'*
[ਰਾਮਕਲੀ ਮਹਲਾ ੫, ਅੰਗ—੮੮੫]

**ਪਵਨੈ** = ਹਵਾ ਤੱਤ ਵਿਚ **ਪਵਨ** = ਹਵਾ ਤੱਤ ਸਮਾ ਜਾਂਦਾ ਹੈ, **ਜੋਤੀ** = ਅੱਗ ਤੱਤ ਵਿਚ **ਜੋਤਿ** = ਅਗਨਿ ਤੱਤ ਰਲ ਜਾਂਦਾ ਹੈ, ਵਾ :—**ਜੋਤੀ** = ਚੇਤਨ ਵਿਚ **ਜੋਤਿ** = ਚੇਤਨ ਰਲ ਜਾਂਦਾ ਹੈ।

ਮਿੱਟੀ ਨਾਲ ਮਿੱਟੀ ਰਲ ਕੇ ਇਕ-ਮਿਕ ਹੋ ਗਈ ਹੈ, ਭਾਵ ਪ੍ਰਿਥਵੀ, ਪ੍ਰਿਥਵੀ ਨਾਲ ਰਲ ਕੇ ਇਕ ਰੂਪ ਹੋ ਗਈ ਹੈ, ਅਰਥਾਤ ਤੱਤਾਂ ਵਿਚ ਤੱਤ ਰਲ ਗਏ ਹਨ ਅਤੇ ਚੇਤਨ ਵਿਚ ਚੇਤਨ ਮਿਲ ਗਿਆ ਹੈ ਅਤੇ ਰੋਣ ਵਾਲਾ ਪੁਰਸ਼ **ਕਵਨ ਕੀ ਟੇਕ** = ਕਿਸਦੀ ਓਟ ਲੈ ਕੇ ਰੋਣਾ ਕਰਦਾ ਹੈ, ਜੇ ਕੋਈ ਮਰਦਾ ਹੀ ਨਹੀਂ ਤਾਂ ਰੋਣਾ ਕਿਸ ਵਾਸਤੇ ਹੈ ?

ਦੁਨਿਆਵੀ ਲੋਕਾਂ ਨੂੰ ਮੌਤ ਦੇ ਸਮੇਂ, ਭਾਵ ਜਦੋਂ ਸਰੀਰ ਵਿਚੋਂ ਸਵਾਸ ਨਿਕਲਦੇ ਹਨ ਤਾਂ ਸੱਤਰ ਹਜ਼ਾਰ ਬਿੱਛੂ ਦੇ ਡੰਗ ਮਾਰਨ ਜਿੰਨਾ ਦੁਖ ਹੁੰਦਾ ਹੈ, ਪਰ ਸਿਮਰਨ-ਭਜਨ ਕਰਨ ਵਾਲੇ ਗਿਆਨਵਾਨ ਮਹਾਂਪੁਰਖ ਆਪਣੇ ਸਰੀਰ ਨੂੰ ਇਸ ਤਰ੍ਹਾਂ ਸੌਖਾ ਹੀ ਛੱਡ ਦਿੰਦੇ ਹਨ, ਜਿਸ ਤਰ੍ਹਾਂ ਹਾਥੀ ਆਪਣੇ ਗਲ ਵਿਚੋਂ ਮਾਲਾ ਨੂੰ ਸੌਖੀ ਹੀ ਲਾਹ ਦਿੰਦਾ ਹੈ, ਕਿਉਂਕਿ ਪਿੱਛੋਂ ਸੁੰਡ ਮੋਟੀ ਹੁੰਦੀ ਹੈ ਤੇ ਅੱਗੋਂ ਪਤਲੀ ਹੁੰਦੀ ਹੈ ਅਤੇ ਜਿਸ ਤਰ੍ਹਾਂ ਸੱਪ ਆਪਣੇ ਸਰੀਰ ਤੋਂ ਕੁੰਜ ਨੂੰ ਲਾਹ ਕੇ ਆਪਣੇ ਆਪ ਨੂੰ ਸੁਖੀ ਮਹਿਸੂਸ ਕਰਦਾ ਹੈ, ਮਹਾਂਪੁਰਖ ਵੀ ਇਸੇ ਤਰ੍ਹਾਂ ਸੌਖਾ ਹੀ ਆਪਣੇ ਸਰੀਰ ਨੂੰ ਛੱਡ ਕੇ, ਉਸ ਜਗ੍ਹਾ ਜਾ ਬਿਰਾਜਦੇ ਹਨ, ਜਿਸ ਬਾਬਤ ਹਜ਼ੂਰ ਫ਼ੁਰਮਾਉਂਦੇ ਹਨ :—

੧. *'ਸੂਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥੧॥'*

[ਸੂਹੀ ਮਹਲਾ ੫, ਅੰਗ—੭੩੯]

੨. *'ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥'*

[ਗਉੜੀ ਮਹਲਾ ੫, ਅੰਗ—੧੯੬]

ਤੱਤਬੇਤੇ ਬ੍ਰਹਮ ਗਿਆਨੀ ਤਾਂ ਸਰੀਰ ਤਿਆਗਣ ਤੋਂ ਬਾਅਦ ਪ੍ਰਮੇਸ਼ਰ ਵਿਚ ਇਉਂ ਲੀਨ ਹੋ ਜਾਂਦੇ ਹਨ, ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ। ਯਥਾ :—

੧. *'ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ,*
*ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤ ॥੨॥'*

[ਸਾਰਗ ਮਹਲਾ ੪, ਅੰਗ—੧੨੦੧]

੨. *'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥'*

[ਬਿਲਾਵਲੁ ਮਹਲਾ ੪, ਅੰਗ—੮੪੬]

੩. *'ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥'*

[ਗਉੜੀ ਸੁਖਮਨੀ ਮਃ ੫, ਅੰਗ—੨੭੮]

੪. *'ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥'*

[ਸੋਰਠਿ ਮਹਲਾ ੯, ਅੰਗ—੬੩੪]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੪੪.

## ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ

**ੴ ਸਤਿਗੁਰ ਪ੍ਰਸਾਦਿ ॥** [ਅੰਗ—੬੯੩]

**ਪਹਿਲ ਪੁਰੀਏ ਪੁੰਡਰਕ ਵਨਾ ॥ ਤਾ ਚੇ ਹੰਸਾ ਸਗਲੇ ਜਨਾਂ ॥**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

*ਪਹਿਲਾ ਅਰਥ :*

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਅਤੇ ਭਗਤ ਗਿਆਨ ਦੇਵ ਜੀ ਦਾ ਆਪਸੀ ਸੰਬਾਦ ਹੈ, ਭਗਤ ਨਾਮਦੇਵ ਜੀ ਗਿਆਨ ਦੇਵ ਜੀ 'ਤੇ ਸ਼ਰਧਾ ਰੱਖਦੇ ਸਨ, ਇਕ ਦਿਨ ਭਗਤ ਗਿਆਨ ਦੇਵ ਜੀ ਦੇ ਪਾਸ ਆ ਕੇ ਭਗਤ ਨਾਮਦੇਵ ਜੀ ਨੇ ਬੇਨਤੀ ਕੀਤੀ :—

**ਪਹਿਲ ਪੁਰੀਏ ਪੁੰਡਰ ਕਵਨਾ ॥**

ਸੰਸਾਰ ਵਿਚ ਪਹਿਲਾਂ **ਪੁਰੀਏ** = ਪੂਰਨ ਪ੍ਰਮੇਸ਼ਰ ਤੋਂ **ਕਵਨਾ** = ਕੌਣ **ਪੁੰਡਰ** = ਪ੍ਰਗਟ ਹੋਇਆ ਹੈ ? ਤਾਂ ਗਿਆਨ ਦੇਵ ਜੀ ਨੇ ਕਿਹਾ ਕਿ ਜਗਤ ਦੀ ਉਤਪਤੀ ਵਿਚ ਬਹੁਤ ਮੱਤਭੇਦ ਹਨ। ਹੁਣ ਤੂੰ ਸੰਖੇਪ ਰੂਪ ਵਿਚ ਸੁਣਨਾ ਕਰ :—

**ਪਹਿਲ ਪੁਰੀਏ ਪੁੰਡਰਕ ਵਨਾ ॥**

ਪੁਰਾਣਕ ਮੱਤ ਅਨੁਸਾਰ :—ਪਹਿਲਾਂ **ਪੁਰੀਏ** = ਪੂਰਨ ਪ੍ਰਮੇਸ਼ਰ ਤੋਂ ਮਹਾਂ ਵਿਸ਼ਨੂੰ ਦੀ ਉਤਪਤੀ ਹੋਈ, ਫਿਰ ਮਹਾਂ ਵਿਸ਼ਨੂੰ ਦੀ ਨਾਭੀ ਵਿਚ **ਪੁੰਡਰਕ** = ਕਵਲ **ਵਨਾ** = ਬਣਿਆ।

**ਤਾ ਚੇ ਹੰਸਾ ਸਗਲੇ ਜਨਾਂ ॥**

ਤਿਸ ਕਵਲ ਫੁੱਲ ਵਿਚੋਂ **ਹੰਸਾ** = ਹੰਸ ਦੀ ਅਸਵਾਰੀ ਕਰਨ ਵਾਲਾ ਬ੍ਰਹਮਾ ਜੀ ਪੈਦਾ ਹੋਇਆ, ਬ੍ਰਹਮਾ ਤੋਂ ਫਿਰ ਸਾਰੇ **ਜਨਾ** = ਜੀਵ ਪੈਦਾ ਹੋਏ।

**ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ ॥੧॥**

ਵੇਦਾਂਤ ਮੱਤ* ਅਨੁਸਾਰ :—ਜੋ **ਹਰਿ** = ਹਰ ਪ੍ਰਕਾਰ ਦੀ **ਨਾਚੰਤੀ** = ਸ੍ਰਿਸ਼ਟੀ ਹਰ ਇਕ

---

*ਇਸ ਜਗ੍ਹਾ ਵੇਦਾਂਤੀਆਂ ਦੇ ਤਿੰਨ ਮੱਤ ਦੱਸੇ ਹਨ, ਉਂਞ ਜਗਤ ਦੀ ਉਤਪਤੀ ਵਿਚ ਵੇਦਾਂਤੀਆਂ ਦੇ ੩੬੦ ਮੱਤ ਹਨ।

ਪ੍ਰਕਾਰ ਨਾਲ **ਨਾਚਨਾ** = ਨ੍ਰਿਤਕਾਰੀ (ਚੇਸ਼ਟਾ) ਕਰ ਰਹੀ ਹੈ, ਇਹ ਹਰੀ ਕਰਕੇ ਅਤੇ ਮਾਇਆ ਕਰਕੇ ਹੀ ਹੈ। **ਕ੍ਰਿਸ੍ਨਾ** = ਮਾਇਆ ਮਾਤ੍ਰ ਹੀ ਸਾਰਾ ਜਾਨਣਾ ਕਰੋ ਕਿ ਮਾਇਆ ਕਰਕੇ ਹੀ ਹੈ, ਮਾਇਆ ਸਬਲ ਹੋ ਕੇ ਸ੍ਰਿਸ਼ਟੀ ਰਚੀ ਹੈ।

## ਪਹਿਲ ਪੁਰਸਾ ਬਿਰਾ ॥

**ਪਹਿਲ** = ਪਹਿਲਾਂ **ਪੁਰਸਾ** = ਪ੍ਰਮਾਤਮਾ ਤੋਂ **ਬਿਰਾ** = ਬਾਣੀ ਹੋਈ ਕਿ ਇਕ ਤੋਂ ਬਹੁਤੇ ਹੋਵਾਂ, ਉਸ ਤੋਂ ਸ੍ਰਿਸ਼ਟੀ ਬਣੀ ਹੈ।

## ਅਥੋਨ ਪੁਰਸਾ ਦਮਰਾ ॥

**ਅਥੋਨ** = ਉਸ ਤੋਂ ਉਪਰੰਤ ਸੰਸਾਰ ਵਿਚ ਪੁਰਸ਼ਾਂ ਨੂੰ **ਦਮਰਾ** = ਦਬਾਉਣ ਵਾਲੀ ਮਾਇਆ ਪ੍ਰਵਿਰਤ ਹੋਈ।

## ਅਸਗਾ ਅਸ ਉਸਗਾ ॥

**ਅਸਗਾ** = ਮਾਇਆ ਦਾ ਅਸੱਤ, ਜੜ੍ਹ, ਦੁਖ ਰੂਪ ਸੁਭਾਅ **ਉਸ** = ਈਸ਼ਰ ਵਿਚ **ਗਾ** = ਚਲਾ ਗਿਆ ਅਤੇ ਈਸ਼ਰ ਦਾ ਜਿਹੜਾ ਸਤ, ਚਿਤ, ਅਨੰਦ ਰੂਪ ਸੁਭਾਅ ਹੈ, ਉਹ ਇਸ ਮਾਇਆ ਵਿਚ ਆ ਗਿਆ, **ਅਸ** = ਹੈ ਇਸ ਪ੍ਰਕਾਰ। ਇਉਂ ਆਪੋ ਵਿਚਦੀ ਜਿਹੜਾ ਕਲਪਤਿਦਾਮਕ ਸਬੰਧ ਹੋ ਗਿਆ ਮਾਇਆ ਦਾ ਅਤੇ ਬ੍ਰਹਮ ਦਾ। ਯਥਾ :—

*'ਮਾਇਆ ਬ੍ਰਹਮ ਰਮੈ ਸਭ ਸੰਗ ॥'* [ਗਉੜੀ ਕਬੀਰ ਜੀ, ਅੰਗ—੩੪੩]

ਕਲਪਤਿਦਾਮਕ ਸਬੰਧ ਉਸਨੂੰ ਕਹਿੰਦੇ ਹਨ, ਜੋ ਸਦਾ ਸੱਚਾ ਨਾ ਹੋਵੇ ਅਤੇ ਕਲਪਿਆ ਹੋਵੇ। ਜਿਵੇਂ ਬਲੌਰ ਚਿੱਟਾ ਨਿਰਮਲ ਉੱਜਲ ਹੁੰਦਾ ਹੈ। ਉਸਦੇ ਪਾਸ ਜਿਹੋ ਜਿਹੇ ਰੰਗ ਦੀ ਕੋਈ ਚੀਜ਼, ਫੁੱਲ ਜਾਂ ਲੀਰ ਆਦਿ ਰੱਖੀਏ, ਉਸੇ ਤਰ੍ਹਾਂ ਦਾ ਰੰਗ ਬਲੌਰ ਵਿਚ ਪ੍ਰਤੀਤ ਹੋਣ ਲੱਗ ਜਾਂਦਾ ਹੈ। ਲੀਰਾਂ (ਕੱਪੜੇ ਦੀਆਂ) ਅਤੇ ਬਲੌਰ ਦਾ ਇਹ ਕਲਪਤਿਦਾਤਮ ਸੰਗ ਹੈ। ਪਰ ਜਦੋਂ ਉਹ ਰੰਗਦਾਰ ਚੀਜ਼ ਪਾਸੇ ਕਰ ਦੇਈਏ ਤਾਂ ਬਲੌਰ ਉੱਜਲ ਦਾ ਉੱਜਲ ਰਹਿ ਜਾਂਦਾ ਹੈ। ਇਸੇ ਤਰ੍ਹਾਂ ਬ੍ਰਹਮ ਸ਼ੁਧ ਸਰੂਪ ਹੈ। ਤ੍ਰਿਗੁਣੀ ਮਾਇਆ ਦਾ ਉਸ ਨਾਲ ਕਲਪਤਿਦਾਤਮ ਸਬੰਧ ਪੈਣ 'ਤੇ ਈਸ਼ਰ ਕਹਾਉਂਦਾ ਹੈ, ਮਾਇਆ ਦਾ ਤਿਆਗ ਕਰਕੇ ਉਹ ਸ਼ੁਧ ਦਾ ਸ਼ੁਧ ਹੀ ਹੈ।

ਜਿਸ ਪ੍ਰਕਾਰ ਅੱਗ ਦੇ ਨਾਲ ਲੋਹੇ ਵਿਚ ਤਿੰਨ ਸ਼ਕਤੀਆਂ ਪੈਦਾ ਹੁੰਦੀਆਂ ਹਨ। ਪਹਿਲੀ ਪ੍ਰਕਾਸ਼ ਸ਼ਕਤੀ ਆਉਂਦੀ ਹੈ, ਲਾਲ ਹੋ ਕੇ ਚਮਕਦਾ ਹੈ। ਦੂਜੀ ਸਾੜਨ ਸ਼ਕਤੀ ਅਤੇ ਤੀਜੀ

ਉਸ਼ਨ ਸ਼ਕਤੀ, ਗਰਮੈਸ਼ ਪੈਦਾ ਹੁੰਦੀ ਹੈ। ਅੱਗ ਤੋਂ ਪਾਸੇ ਕਰਨ ਕਰਕੇ ਤਿੰਨੇ ਹੀ ਨਹੀਂ ਰਹਿੰਦੀਆਂ।

ਇਸੇ ਪ੍ਰਕਾਰ ਬ੍ਰਹਮ ਦੀ ਸੱਤਾ ਨੂੰ ਲੈ ਕੇ ਜੜ੍ਹ ਮਾਇਆ ਹਰਕਤ ਵਿਚ ਆਈ। ਤ੍ਰਿਗੁਣ ਰੂਪ ਹੋਈ ਅਤੇ ਗੁਣਾਂ ਕਰਕੇ ਜੀਵ, ਈਸ਼ਰ ਹੋ ਕੇ ਸ੍ਰਿਸ਼ਟੀ ਰਚੀ। ਸਤੋ ਪ੍ਰਧਾਨ ਰੂਪ ਜਿਹੜੀ ਮਾਇਆ ਹੈ, ਜਿਸ ਵਿਚ ਰਜੋ ਤੇ ਤਮੋ ਘੱਟ ਹਨ ਅਤੇ ਸਤੋ ਪ੍ਰਧਾਨ ਹੈ। ਉਸ ਵਿਚ ਚੇਤਨ ਦਾ ਭਾਸ਼ ਪੈਣੇ ਕਰਕੇ ਉਹ ਈਸ਼ਰ ਕਹਾਈ। ਜਿਸ ਵਿਚ ਸਤੋ ਤੇ ਰਜੋ ਸਮਾਨ ਅਤੇ ਤਮੋ ਗੁਣ ਪ੍ਰਧਾਨ ਹੈ, ਅਵਿਦਿਆ ਜੋ ਹੈ, ਉਸ ਵਿਚ ਚੇਤਨ ਦਾ ਭਾਸ਼ ਪਿਆ ਤੇ ਉਹ ਜੀਵ ਕਹਾਈ। ਜਦੋਂ ਚੇਤਨ ਦਾ ਪ੍ਰਤੀਬਿੰਬ ਮਾਇਆ ਵਿਚ ਪਿਆ ਤਾਂ ਤਿੰਨ ਗੁਣ ਹੋਏ।

ਜਿਵੇਂ ਭਾਸ਼ਵਾਦੀਆਂ ਦਾ ਮੱਤ ਹੈ ਕਿ ਜਿਤਨਾ ਚਿਰ ਪਾਣੀ ਦਾ ਭਰਿਆ ਹੋਇਆ ਘੜਾ ਸਾਹਮਣੇ ਰਹੇ, ਉਤਨਾ ਚਿਰ ਸੂਰਜ ਦਾ ਪ੍ਰਤੀਬਿੰਬ ਘੜੇ ਵਿਚ ਪੈਂਦਾ ਹੈ, ਜਦੋਂ ਬੱਦਲ ਆਦਿ ਆ ਜਾਣ ਤਾਂ ਨਹੀਂ ਪੈਂਦਾ। ਇਸੇ ਪ੍ਰਕਾਰ ਮਾਇਆ ਵਿਚ ਚੇਤਨ ਦਾ ਭਾਸ਼ ਪੈਂਦਾ ਹੈ, ਤਾਂ ਇਹ ਰਚਨਾ ਰਚੀ ਜਾਂਦੀ ਹੈ। ਐਸਾ ਸਮਾਂ ਦੱਸਣਾ ਤਾਂ ਮੁਸ਼ਕਿਲ ਹੈ ਕਿ ਫਲਾਣੇ ਸਮੇਂ ਮਾਇਆ ਉਸ ਤੋਂ ਪਾਸੇ (ਉਹਲੇ) ਹੋ ਸਕਦੀ ਹੈ। ਕਿਉਂਕਿ ਉਹ ਸਰਬ ਵਿਆਪੀ ਹੈ, ਫਿਰ ਮਾਇਆ ਲਾਂਭੇ ਕਿਥੇ ਲੁਕ ਜਾਵੇਗੀ?

ਨਾ ਮਾਇਆ ਮਰਦੀ ਹੈ ਕਿ ਮਰਨ ਤੋਂ ਸ੍ਰਿਸ਼ਟੀ ਲੈ ਹੋਵੇਗੀ। ਇਹ ਅਜੂਨੀ ਨਾਦੀ ਹੈ, ਸ਼ਾਂਤਿ ਅਨਾਦੀ ਹੈ, ਏਹੀ ਪ੍ਰਤੀਤ ਹੁੰਦਾ ਹੈ। ਜਿਸ ਪ੍ਰਕਾਰ ਜਾਗਦੇ ਆਦਮੀ ਦੀਆਂ ਅੱਖਾਂ ਦਾ ਪ੍ਰਕਾਸ਼ ਅੱਗੇ ਪੈਂਦਾ ਹੈ, ਜਦੋਂ ਸੌਂ ਜਾਵੇ ਤਾਂ ਅੱਖਾਂ ਮਿਚ ਜਾਂਦੀਆਂ ਹਨ ਅਤੇ ਅੱਖਾਂ ਦਾ ਪ੍ਰਕਾਸ਼ ਕੋਈ ਵਸਤੂ ਨੂੰ ਵੇਖਣ ਰੂਪ ਕੰਮ ਨਹੀਂ ਕਰਦਾ। ਇਸੇ ਪ੍ਰਕਾਰ ਹੀ ਪ੍ਰਮੇਸ਼ਰ ਜਦੋਂ ਸ੍ਵੈ-ਸਰੂਪ ਵਿਚ ਲੀਨ ਹੁੰਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਹੁਣ ਸਮਾਪਤ ਕਰਨੀ ਹੈ, ਉਸ ਵੇਲੇ ਫੇਰ ਅੱਖਾਂ ਦੀ ਜੋਤਿ ਵਤ ਆਪਣਾ ਪ੍ਰਤੀਬਿੰਬ ਮਾਇਆ ਵਿਚ ਪੈਣੋਂ ਰੋਕ ਲੈਂਦਾ ਹੈ। ਮਾਇਆ ਅਸ਼ਕਤਿ ਜੜ੍ਹ ਹੈ, ਆਪੋਂ ਕੁਝ ਨਹੀਂ ਕਰ ਸਕਦੀ। ਜਿਸ ਪ੍ਰਕਾਰ ਕਲਾ ਨਾਲ ਪੁਤਲੀਆਂ ਦੀ ਕਿਰਿਆ ਹੁੰਦੀ ਹੈ, ਨਹੀਂ ਤਾਂ ਸਭ ਥਾਉਂ-ਥਾਈਂ ਖੜੋ ਜਾਂਦੀਆਂ ਹਨ। ਇਉਂ ਸਭ ਰਚਨਾ ਸਮਾਪਤ ਹੋ ਜਾਂਦੀ ਹੈ। ਫੁਰਨਾ ਹੀ ਉਸਦਾ ਪ੍ਰਤੀਬਿੰਬ ਪੈਣਾ ਹੈ ਤੇ ਫੁਰਨਾ ਮੇਟਣਾ ਹੀ ਪ੍ਰਤੀਬਿੰਬ ਦਾ ਨਹੀਂ ਪੈਣਾ ਹੈ।

ਕਦੇ-ਕਦੇ ਜਦੋਂ ਮੌਜ ਆਉਂਦੀ ਹੈ ਤਾਂ ਉਸ ਵੇਲੇ ਮਾਇਆ ਸਬਲ ਪੁਣਾ ਤਿਆਗ ਕੇ ਨਿਰਗੁਣ ਬ੍ਰਹਮ ਜਦੋਂ ਆਪਣੇ ਅਨੰਦ ਵਿਚ ਲੀਨ ਹੋ ਜਾਂਦਾ ਹੈ, ਉਸ ਸਮੇਂ:—

*'ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥੧॥'*

[ਮਾਰੂ ਮਹਲਾ ੧, ਅੰਗ—੧੦੨੬]

ਨਾ ਇਹ ਸਾਰਾ ਧੰਦਾ, ਨਾ ਪਸਾਰਾ, ਨਾ ਸ੍ਰਿਸ਼ਟੀ, ਨਾ ਕੋਈ ਤਿੰਨੇ ਭਵਨ, ਨਾ ਤਿੰਨੇ ਗੁਣ, ਨਾ ਚਾਰੇ ਖਾਣੀਆਂ, ਨਾ ਅਕਾਸ਼, ਨਾ ਪਤਾਲ, ਕੁਝ ਵੀ ਨਹੀਂ ਹੁੰਦਾ। ਉਦੋਂ ਸਾਰੇ ਸਬੰਧ ਮਾਇਆ ਨਾਲੋਂ ਤੋੜ ਲੈਂਦਾ ਹੈ।

ਸੋ, ਇਹ ਕਲਪਿਆ ਹੋਇਆ ਸਬੰਧ ਹੈ। ਜਦੋਂ ਪ੍ਰਮੇਸ਼ਰ ਨੇ ਮਾਇਆ ਨਾਲ ਸਬੰਧ ਪਾਇਆ ਤਾਂ ਇਹ ਸਾਰੀ ਸ੍ਰਿਸ਼ਟੀ ਕਿਰਿਆ ਵਿਚ ਆਈ। ਭਾਵ ਜਦੋਂ ਈਸ਼ਵਰ ਨੇ ਮਾਇਆ ਨੂੰ ਅੰਗੀਕਾਰ ਕੀਤਾ ਤਾਂ ਇਸ ਤੋਂ ਤਿੰਨ ਗੁਣ ਰਜੋ, ਤਮੋ, ਸਤੋ ਅਤੇ ਰਜੋਗੁਣੀ ਬ੍ਰਹਮਾ, ਤਮੋਗੁਣੀ ਸ਼ਿਵਜੀ, ਸਤੋਗੁਣੀ ਵਿਸ਼ਨੂੰ ਦੀ ਉਤਪਤੀ ਹੋਈ। ਯਥਾ :—

*'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥'*

[ਜਪੁਜੀ ਸਾਹਿਬ, ਅੰਗ—੭]

**ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ਰਹਾਉ॥**

ਕਈਆਂ ਦਾ ਇਹ ਮੱਤ ਹੈ ਕਿ ਇਹ ਸੰਸਾਰ ਹਰੀ ਦਾ ਹੀ ਬਗੀਚਾ ਹੈ। ਜਿਵੇਂ **ਪਿੰਧੀ** = ਹਲਟ ਦੀਆਂ ਟਿੰਡਾਂ **ਮਹਿ** = ਵਿਚ **ਸਾਗਰਾ** = ਪਾਣੀ ਨੱਚਦਾ ਹੁੰਦਾ ਹੈ, ਏਸੇ ਤਰ੍ਹਾਂ ਈਸ਼ਰ ਨੇ ਤਿੰਨਾਂ ਗੁਣਾਂ ਰੂਪ ਹਲਟ ਬਣਾਇਆ ਹੈ; ਕਾਰਨ, ਸੂਖਮ ਤੇ ਸਥੂਲ ਤਿੰਨਾਂ ਦੇਹਾਂ ਵਿਚ ਪਾਣੀ ਦੀ ਨਿਆਈਂ ਪ੍ਰਮੇਸ਼ਰ ਚੇਸ਼ਟਾ ਕਰ ਰਿਹਾ ਹੈ।

**ਨਾਚੰਤੀ ਗੋਪੀ ਜੰਨਾ ॥**

ਕਈਆਂ ਦਾ ਇਹ ਮੱਤ ਹੈ ਕਿ **ਨਾਚੰਤੀ** = ਸ੍ਰਿਸ਼ਟੀ ਦੀ ਉਤਪਤੀ **ਗੋਪੀ** = ਸਤਰੂਪਾ ਅਤੇ **ਜੰਨਾ** = ਸ਼ੰਭੂਮਨ ਤੋਂ ਹੋਈ ਹੈ।

ਮੁਸਲਮਾਨਾਂ ਦੇ ਮੱਤ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਬਾਬਾ ਆਦਮ ਅਤੇ ਅੰਮਾ ਹਵਾ ਤੋਂ ਹੋਈ ਹੈ। ਕਹਿੰਦੇ ਹਨ ਕਿ ਬਾਬਾ ਆਦਮ ਤੋਂ ਹੀ ਆਦਮੀ ਨਾਮ ਪਿਆ।

ਤਾਂ ਭਗਤ ਨਾਮਦੇਵ ਜੀ ਨੇ ਕਿਹਾ, "ਮਹਾਰਾਜ! ਤੁਸੀਂ ਇਸ ਪ੍ਰਕਾਰ ਸ੍ਰਿਸ਼ਟੀ ਦਾ ਕਥਨ ਕੀਤਾ ਹੈ, ਮੈਨੂੰ ਕਿਵੇਂ ਨਿਸ਼ਚਾ ਹੋਵੇ ਕਿ ਸ੍ਰਿਸ਼ਟੀ ਕਿਵੇਂ ਬਣੀ ਹੈ ? ਕਿਰਪਾ ਕਰਕੇ ਦੱਸੋ ਕਿ ਆਪ ਜੀ ਦਾ ਕੀ ਵਿਚਾਰ ਹੈ ?"

ਗਿਆਨ ਦੇਵ ਜੀ ਨੇ ਕਿਹਾ, ਹੇ ਨਾਮਦੇਵ! ਅਸੀਂ ਤਾਂ ਇਹ ਮੰਨਦੇ ਹਾਂ ਕਿ :—

## ਨਈਆ ਤੇ ਬੈਰੇ ਕੰਨਾ॥

**ਨਈਆ** = ਨਿਅੰਤਾ (ਪ੍ਰੇਰਕ) ਤੋਂ **ਬੈਰੇ** = ਬਗ਼ੈਰ, **ਇਕੰਨਾ** = ਇਕ ਵੀ ਨਹੀਂ ਹੈ। ਯਥਾ :—

*'ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ॥*
*ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ॥੪॥'*

[ਸਿਰੀ ਰਾਗੁ ਮਹਲਾ ੫, ਅੰਗ—੫੧]

ਤਾਂ ਭਗਤ ਨਾਮਦੇਵ ਜੀ ਨੇ ਕਿਹਾ, "ਜੇ ਪ੍ਰਮੇਸ਼ਰ ਤੋਂ ਬਿਨਾਂ ਕੁਝ ਵੀ ਨਹੀਂ ਤਾਂ ਇਹ ਨਾਨਾਂ ਪ੍ਰਕਾਰ ਦੀ ਸ੍ਰਿਸ਼ਟੀ ਕਿਉਂ ਦਿਸ ਰਹੀ ਹੈ? ਕੋਈ ਛੋਟਾ, ਕੋਈ ਵੱਡਾ, ਕੋਈ ਕਾਲਾ, ਕੋਈ ਗੋਰਾ, ਕੋਈ ਦੁਖੀ, ਕੋਈ ਸੁਖੀ, ਕੋਈ ਇਸਤ੍ਰੀ, ਕੋਈ ਪੁਰਸ਼, ਕੋਈ ਪਾਪੀ, ਕੋਈ ਪੁੰਨੀ, ਕੋਈ ਗ਼ਰੀਬ, ਕੋਈ ਅਮੀਰ, ਕੋਈ ਜੜ੍ਹ, ਕੋਈ ਚੇਤਨ।"

ਤਾਂ ਭਗਤ ਗਿਆਨ ਦੇਵ ਜੀ ਨੇ ਕਿਹਾ, "ਜਿਵੇਂ ਬਰੂਦ ਦੇ ਹਾਥੀ, ਘੋੜੇ ਆਦਿਕਾਂ ਦਾ ਬਾਹਰੀ ਰੂਪ ਤਾਂ ਵੱਖੋ-ਵੱਖਰਾ ਹੁੰਦਾ ਹੈ, ਪਰ ਜਦੋਂ ਉਨ੍ਹਾਂ ਨੂੰ ਅੱਗ ਲਾਈ ਜਾਂਦੀ ਹੈ ਤਾਂ ਉਨ੍ਹਾਂ ਵਿਚੋਂ ਇਕੋ ਜਿਹਾ ਹੀ ਪ੍ਰਕਾਸ਼ ਨਿਕਲਦਾ ਹੈ, ਏਸੇ ਤਰ੍ਹਾਂ ਬ੍ਰਹਮ ਗਿਆਨ ਰੂਪ ਅੱਗ ਨਾਲ ਜੀਵ ਪੁਣੇ ਦਾ ਅਭਾਵ ਕਰਕੇ ਪ੍ਰਕਾਸ਼ ਸਰੂਪ ਵਾਹਿਗੁਰੂ ਨੂੰ ਹੀ ਗ੍ਰਹਿਣ ਕਰਨਾ ਹੈ। ਜਾਂ ਇਉਂ ਸਮਝ ਲਓ ਕਿ ਤਰ੍ਹਾਂ-ਤਰ੍ਹਾਂ ਦੇ ਬਰੂਦ ਦੇ ਹਾਥੀ-ਘੋੜੇ ਕੇਵਲ ਦਿਖਾਵੇ ਮਾਤਰ ਹੀ ਹੁੰਦੇ ਹਨ, ਇਸ ਪ੍ਰਕਾਰ ਹੇ ਸਿੱਖ! ਤੈਨੂੰ ਸਮਝਾਉਣ ਵਾਸਤੇ ਅਨੇਕ ਪ੍ਰਕਾਰ ਦੀ ਰਚਨਾ ਦੀ ਕਲਪਨਾ ਕਰਕੇ ਦੱਸੀ ਹੈ, ਵਾਸਤਵ ਵਿਚ ਕੋਈ ਚੀਜ਼ ਨਹੀਂ ਹੈ, ਗਿਆਨ ਰੂਪ ਅੱਗ ਨਾਲ ਉਡਾ ਦੇਈਦੀ ਹੈ।" ਯਥਾ :—

*'ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥*
*ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥੪॥'*

[ਭੈਰਉ ਕਬੀਰ ਜੀ, ਅੰਗ—੧੧੬੧]

## ਤਰਕੁ ਨ ਚਾ॥ ਭ੍ਰਮੀਆ ਚਾ॥

**ਭ੍ਰਮੀਆ ਚਾ** = ਹੇ ਗੁਰੋ! ਇਸ ਤਰ੍ਹਾਂ ਆਪ ਜੀ ਦੇ ਉਪਦੇਸ਼ ਨੂੰ ਸੁਣ ਕੇ **ਚਾ** = ਪੁਨਾ ਮੈਨੂੰ ਭਰਮ ਹੋ ਗਿਆ ਹੈ। ਆਪ ਕਹਿੰਦੇ ਹੋ ਕਿ ਪ੍ਰਮਾਤਮਾ ਤੋਂ ਬਗ਼ੈਰ ਹੋਰ ਕੋਈ ਨਹੀਂ, ਮੇਰੀ ਸਮਝ ਅਨੁਸਾਰ ਸਭ ਕੁਝ ਹੈ!

ਤਾਂ ਭਗਤ ਗਿਆਨ ਦੇਵ ਜੀ ਨੇ ਕਿਹਾ, "ਹੇ ਪੁੱਤਰ ਨਾਮਦੇਵ! ਜੋ ਉਪਦੇਸ਼ ਮੈਂ ਤੈਨੂੰ ਦਿੱਤਾ ਹੈ, ਉਹ ਠੀਕ ਹੈ।"

**ਤਰਕੁ ਨ ਚਾ** = ਇਸ ਵਿਚ ਤਰਕ ਨਾ **ਚਾ** = ਉਠਾਉਣਾ ਕਰ, ਭਾਵ ਸੰਸਾ ਨਾ ਕਰ, ਕਿਉਂਕਿ :—

**ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥**

**ਕੇਸਵਾ** = ਪ੍ਰਮਾਤਮਾ ਦਾ **ਬਚਉਨੀ** = ਬਚਨ ਵੇਦਾਂ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ **ਅਈਏ** = ਹੇ ਜੀਵ! **ਮਈਏ** = ਮੇਰੇ ਵਿਚ ਇਕ ਨੂੰ ਲਿਆਉਣਾ ਕਰ :—

*'ਤਤ ਤੁਅੰ ਮਸੀ'* ਅਰਥਾਤ ਜੀਵ-ਈਸ਼ ਨੂੰ ਅਭੇਦ ਰੂਪ ਨਿਸ਼ਚੇ ਕਰ।

ਐਸਾ ਉਪਦੇਸ਼ ਸੁਣ ਕੇ ਵੀ ਨਾਮਦੇਵ ਜੀ ਦਾ ਚਿੱਤ ਪ੍ਰਸੰਨ ਨਾ ਹੋਇਆ ਤਾਂ ਭਗਤ ਗਿਆਨ ਦੇਵ ਜੀ ਨੇ ਉਪਾਸ਼ਨਾ ਦਾ ਉਪਦੇਸ਼ ਦਿੱਤਾ ਕਿ ਤੂੰ ਅਕਾਲ ਪੁਰਖ ਅੱਗੇ ਇਸ ਤਰ੍ਹਾਂ ਬੇਨਤੀ ਕਰ :—

**ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥**

ਹੇ **ਕੇਸਵਾ** = ਅਕਾਲ ਪੁਰਖ ਰੂਪ ਗੁਰੂ ਜੀ! **ਮਈਏ** = ਮੈਂ ਇਕ ਆਪ ਜੀ ਦੇ ਪਵਿੱਤਰ ਚਰਨਾਂ ਦੀ **ਆਨ** = ਸ਼ਰਨ ਵਿਚ **ਅਈਏ** = ਆਇਆ ਹਾਂ, ਆਪ ਜੀ ਸੰਸਾਰ ਤੋਂ **ਬਚਉਨੀ** = ਬਚਾਉਣਾ ਕਰੋ।

ਜੇ ਕਹਿਣ ਤੂੰ ਕਿਸ ਵਾਸਤੇ ਆਇਆ ਹੈਂ? ਤਾਂ ਇਸ ਤਰ੍ਹਾਂ ਬੇਨਤੀ ਕਰੀਏ :—

**ਪਿੰਧੀ ਉਭ ਕਲੇ ਸੰਸਾਰਾ ॥**

ਜਿਵੇਂ ਹਰਟ ਦੀਆਂ **ਕਲੇ** = ਕਲਾਂ ਨਾਲ **ਪਿੰਧੀ** = ਟਿੰਡਾਂ ਕਦੇ **ਉਭ** = ਉੱਚੀਆਂ, ਕਦੇ ਨੀਵੀਆਂ ਜਾਂਦੀਆਂ ਹਨ, ਤਿਵੇਂ ਅਗਿਆਨ ਰੂਪ ਹਰਟ ਦੀਆਂ ਪੁੰਨਾਂ-ਪਾਪਾਂ ਰੂਪ ਕਲਾਂ ਕਰਕੇ ਉੱਤਮ, ਮੱਧਮ, ਕਨਿਸ਼ਟ ਆਦਿਕ ਜੀਵਾਂ ਰੂਪ ਟਿੰਡਾਂ ਸੰਸਾਰ ਰੂਪ ਖੂਹ ਵਿਚ ਪਈਆਂ ਹੋਈਆਂ, ਕਦੇ **ਉਭ** = ਉੱਚੇ ਸਵਰਗ ਨੂੰ ਜਾਂਦੀਆਂ ਹਨ, ਕਦੇ ਹੇਠਾਂ ਪਤਾਲ, ਭਾਵ ਨਰਕ ਨੂੰ ਜਾਂਦੀਆਂ ਹਨ। ਇਸ ਤਰ੍ਹਾਂ ਦਾ ਸੰਸਾਰ ਹੈ, ਇਸ ਵਿਚ :—

**ਭ੍ਰਮਿ ਭ੍ਰਮਿ ਆਏ ਤੁਮਚੇ ਦੁਆਰਾ ॥**

ਹੇ ਮਹਾਰਾਜ! ਚੁਰਾਸੀ ਲੱਖ ਜੂਨਾਂ ਵਿਚ ਭਰਮਦੇ-ਭਰਮਦੇ ਤੁਹਾਡੇ ਦੁਆਰ ਵਿਚ ਆ ਕੇ ਪ੍ਰਾਪਤ ਹੋਏ ਹਾਂ, ਸਾਡੀ ਕਲਿਆਣ ਕਰੋ।

ਭਗਤ ਗਿਆਨ ਦੇਵ ਜੀ ਨੇ ਪੁੱਛਿਆ :—

**ਤੂ ਕੁਨੁ ਰੇ ॥**

ਹੇ ਭਾਈ! ਤੂੰ ਆਪਣੇ ਆਪ ਨੂੰ ਕੌਣ ਮੰਨਦਾ ਹੈਂ ?

ਤਾਂ ਭਗਤ ਨਾਮਦੇਵ ਜੀ ਨੇ ਕਿਹਾ :—

**ਮੈ ਜੀ ॥ ਨਾਮਾ ॥ ਹੋ ਜੀ ॥**

ਹੇ ਮਹਾਰਾਜ! ਹਾਂ ਮੈਂ ਜੀਵ ਤੇ ਨਾਮਾ ਮੇਰਾ ਨਾਮ ਹੈ ਜੀ!

**ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥**

ਇਸ ਵਾਸਤੇ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਕਿ ਸੰਸਾਰ **ਆਲਾ** = ਘਰ ਵਿਚ ਜੋ ਮੇਰਾ **ਜਮ** = ਜੰਮਣ-ਮਰਨ ਦਾ **ਕਾਰਣਾ** = ਕਾਰਨ ਹੈ, ਇਹ ਆਪ ਕਿਰਪਾ ਕਰਕੇ **ਨਿਵਾਰਣਾ** = ਨਵਿਰਤ ਕਰੋ। ਦਾਸ ਦੀ ਬੇਨਤੀ ਪ੍ਰਵਾਨ ਕਰੋ, ਏਸੇ ਵਾਸਤੇ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ।

*ਦੂਜਾ ਅਰਥ :*

ਹੁਣ ਦੂਜੇ ਅਰਥ ਵਿਚ ਜੰਮਣ-ਮਰਨ ਤੋਂ ਛੁਟਕਾਰਾ ਪਾਉਣ ਦਾ ਉਪਦੇਸ਼ ਬਖ਼ਸ਼ਦੇ ਹਨ :—

**ਪਹਿਲ ਪੁਰੀਏ ਪੁੰਡਰਕ ਵਨਾ ॥**

**ਪੁਰੀਏ** = ਪੂਰਨ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਨਿਸ਼ਕਾਮ ਕਰਮ ਕਰੇ। ਯਥਾ :—

੧. *'ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥'*

[ਗਉੜੀ ਸੁਖਮਨੀ ਮਃ ੫, ਅੰਗ—੨੮੬-੮੭]

੨. *'ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥*
*ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥'*

[ਗਉੜੀ ਸੁਖਮਨੀ ਮਃ ੫, ਅੰਗ—੨੭੪]

ਅਤੇ **ਪੁੰਡਰਕ** = ਕਵਲ ਦੀ ਨਿਆਈਂ ਸੰਸਾਰ ਦੇ ਪਦਾਰਥਾਂ ਰੂਪ ਜਲ ਵਿਚ ਨਿਰਲੇਪ **ਵਨਾ** = ਬਣੇ। ਭਾਵ ਧੀਆਂ-ਪੁੱਤਰ ਅਤੇ ਪਦਾਰਥ ਆਦਿਕਾਂ ਦੇ ਮੋਹ ਤੋਂ ਨਿਰਲੇਪ ਰਹੇ। ਯਥਾ :—

੧. *'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥'*

[ਮਾਰੂ ਮਹਲਾ ੪, ਅੰਗ—੧੦੭੦]

੨. *'ਜੈਸੇ ਜਲ ਮਹਿ ਕਮਲ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥'*

[ਰਾਮਕਲੀ ਮਹਲਾ ੧ ਸਿਧ ਗੋਸਟਿ, ਅੰਗ—੯੩੮]

## ਪਹਿਲ ਪੁਰੀਏ ਪੁੰਡਰਕ ਵਨਾ ॥

ਸਭ ਸਾਧਨਾਂ ਤੋਂ ਪਹਿਲਾਂ ਅੰਤਹਕਰਣ ਰੂਪ **ਪੁਰੀਏ** = ਪੁਰੀ ਨੂੰ **ਪੁੰਡਰਕ** = ਕੌਲ ਫੁੱਲ ਦੇ **ਵਨਾ** = ਰੰਗ ਵਾਂਗ ਚਿੱਟਾ ਕਰੇ, ਕਿਉਂਕਿ ਅੰਤਹਕਰਣ ਵਿਚ ਤਿੰਨ ਦੋਸ਼ ਹਨ :—

੧. ਮਲ, ੨. ਵਿਖੇਪ, ੩. ਅਵਰਨ।

ਨਿਸ਼ਕਾਮ ਕਰਮ ਅਤੇ ਉਪਾਸ਼ਨਾ ਦੁਆਰਾ ਮਲ, ਵਿਖੇਪ ਨੂੰ ਦੂਰ ਕਰੇ।

## ਤਾ ਚੇ ਹੰਸਾ ਸਗਲੇ ਜਨਾ ॥

**ਤਾ + ਚੇ** = ਤਿਸ ਤੋਂ ਉਪਰੰਤ ਸਾਰਿਆਂ ਮਹਾਤਮਾ ਜਨਾਂ ਦੀ ਸਤਿਸੰਗਤ ਨਾਲ ਮਿਲ ਕੇ ਹੰਸਾਂ ਵਾਂਗ ਦੁੱਧ-ਪਾਣੀ = ਆਤਮਾ-ਅਨਾਤਮਾ ਦਾ ਵਿਵੇਚਨ ਕਰੇ, ਭਾਵ ਬਿਬੇਕ ਨੂੰ ਧਾਰੇ।

ਸਾਧਸੰਗਤ ਰੂਪ ਮਾਨ ਸਰੋਵਰ 'ਤੇ **ਹੰਸਾ** = ਤੱਤਵੇਤੇ ਮਹਾਂਪੁਰਖਾਂ ਦੀ ਸੰਗਤ ਵਿਚ ਰਹਿ ਕੇ, ਬਿਰਤੀ ਰੂਪ ਚੁੰਝ ਦੀ ਵਿਚਾਰ ਰੂਪ ਖੁਟਿਆਈ ਨਾਲ ਪਾਣੀ ਦੀ ਨਿਆਈਂ ਅਸੱਤ, ਜੜ੍ਹ, ਦੁਖ ਰੂਪ ਮਾਇਆ ਦਾ ਤਿਆਗ ਕਰੇ ਅਤੇ ਦੁੱਧ ਦੀ ਨਿਆਈਂ ਸੱਤ, ਚਿੱਤ, ਅਨੰਦ ਰੂਪ ਬ੍ਰਹਮ ਨੂੰ ਗ੍ਰਹਿਣ ਕਰੇ। ਯਥਾ :—

*'ਸਾਧੋ ਇਹ ਤਨੁ ਮਿਥਿਆ ਜਾਨਉ ॥*
*ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥'*

[ਰਾਗੁ ਬਸੰਤੁ ਹਿੰਡੋਲ ਮਹਲਾ ੯, ਅੰਗ—੧੧੮੬]

ਉੱਤਮ ਅਧਿਕਾਰੀਆਂ ਨੂੰ ਬਿਬੇਕ ਧਾਰਨਾ ਅਤਿਅੰਤ ਜ਼ਰੂਰੀ ਹੈ, ਕਿਉਂਕਿ ਬਿਬੇਕ

ਕਰਕੇ ਹੀ ਸਾਰੇ ਸਾਧਨ ਸੰਪੂਰਨ ਹੁੰਦੇ ਹਨ।

ਪ੍ਰਸ਼ਨ :—ਬਿਬੇਕ ਦਾ ਸਰੂਪ ਕੀ ਹੈ ? ਉੱਤਰ :—

**ਕ੍ਰਿਸ੍ਨਾ ਤੇ ਜਾਨਉ ਹਰਿ ਹਰਿ ਨਾਚੰਤੀ ਨਾਚਨਾ ॥੧॥**

ਹਰ ਪ੍ਰਕਾਰ ਦੀ **ਨਾਚਨਾ** = ਸ੍ਰਿਸ਼ਟੀ, ਜੋ ਹਰ ਪ੍ਰਕਾਰ ਨਾਲ **ਨਾਚੰਤੀ** = ਨੱਚ ਰਹੀ ਹੈ। ਇਹ **ਕ੍ਰਿਸ੍ਨਾ** = ਮਾਇਆ ਮਾਤ੍ਰ ਜਾਣੇ, ਭਾਵ ਅਨਾਤਮ ਰੂਪ ਸਮਝੇ। ਇਹੋ ਬਿਬੇਕ ਦਾ ਸਰੂਪ ਹੈ। ਜਿਵੇਂ ਵਿਚਾਰ ਸਾਗਰ ਦੇ ਅਰੰਭ ਵਿਚ ਲਿਖਿਆ ਹੈ :—

*'ਅਬਿਨਾਸ਼ੀ ਆਤਮ ਅਚੱਲ, ਜਗ ਤਾ ਤੈ ਪ੍ਰਤਿਕੂਲ।*
*ਐਸੋ ਗਜਾਨ ਵਿਵੇਕ ਹੈ, ਸਭ ਸਾਧਨ ਕੋ ਮੂਲ ॥੧੩॥'*

ਅਥਵਾ :—

*'ਸਤਿ ਸਤਿ ਹੈ ਸਤਿ ਹੀ, ਨਾਮ ਰੂਪ ਸਭ ਹਾਨ।*
*ਐਸਾ ਜੋ ਵਿਚਾਰ ਹੈ, ਸੋ ਬਿਬੇਕ ਪਹਿਚਾਨ।'*

**ਪਹਿਲ ਪੁਰਸਾ ਬਿਰਾ ॥**

**ਪਹਿਲ** = ਪਹਿਲੇ ਬਿਬੇਕ ਨੂੰ ਧਾਰ ਕੇ **ਪੁਰਸਾ** = ਪੁਰਸ਼ ਨੂੰ ਚਾਹੀਦਾ ਹੈ ਕਿ ਫਿਰ **ਬਿਰਾ** = ਵੈਰਾਗ ਧਾਰਨ ਕਰੇ।

ਵੈਰਾਗ ਦਾ ਸਰੂਪ ਇਹ ਹੈ :—

*'ਬ੍ਰਹਮ ਲੋਗ ਲੌ ਭੋਗ ਜੋ, ਚਹੈ ਸਭਨ ਕੋ ਤਜਾਗ।*
*ਵੇਦ ਅਰਥ ਗਿਆਤਾ ਮੁਨੀ, ਕਹਤ ਤਾਹਿ ਵੈਰਾਗ ॥੧੪॥'*

ਤਥਾ :—

*'ਬ੍ਰਹਮ ਲੋਕ ਸੁਖ ਭੋਗ ਭੂ, ਕਾਗ ਛਰਦ* ਸਮ ਜਾਨ।*
*ਅਵਧ ਇਹੈ ਵੈਰਾਗ ਕੀ, ਹਰਿ ਚਰਨੋਂ ਚਿਤ ਮਾਨ।'*

**ਅਥੋਨ ਪੁਰਸਾ ਦਮਰਾ ॥**

**ਅਥੋਨ** = ਤਿਸ ਤੋਂ ਉਪਰੰਤ **ਪੁਰਸਾ** = ਪੁਰਸ਼ ਨੂੰ ਚਾਹੀਦਾ ਹੈ ਕਿ **ਦਮਰਾ** = ਇੰਦ੍ਰੀਆਂ ਦਾ ਦਮਨ ਕਰੇ, ਭਾਵ ਖਟ ਸੰਪਤੀ ਧਾਰੇ।

---

* ਕਾਂ ਦੀ ਵਿਸ਼ਟਾ।

ਖਟ ਸੰਪਤੀ ਦਾ ਵੇਰਵਾ :—

*'ਸਮ ਦਮ ਸ਼ਰਧਾ ਤੀਸਰੀ, ਸਮਾਧਾਨ ਉਪਰਾਮ।*
*ਛਠੀ ਤਤਿਛਿਯਾ ਜਾਨੀਏ, ਭਿੰਨ ਭਿੰਨ ਯਹ ਨਾਮ ॥੧੫॥'*

**ਸਮ** :—*ਮਨ ਵਿਸ਼ਿਅਨ ਤੇ ਰੋਕਨੋ ਸਮ ਤਿਹਿ ਕਹਤ ਸੁਧੀਰ।*

**ਦਮ** :—*ਇੰਦ੍ਰੀਯ ਗਨ ਕੋ ਰੋਕਨੌ ਦਮ ਭਾਖਤ ਬੁਧ ਵੀਰ ॥੧੬॥*

**ਸ਼ਰਧਾ** :—*ਸਤਯ ਵੇਦ ਗੁਰ ਵਾਕਯ ਹੈ ਸ਼ਰਧਾ ਅਸ ਵਿਸ਼੍ਵਾਸ਼।*

**ਸਮਾਧਾਨ** :—*ਸਮਾਧਾਨ ਤਾ ਕੂੰ ਕਹਤ ਮਨ ਵਿਖੇਪ ਕੋ ਨਾਸ਼ ॥੧੭॥*

**ਉਪਰਾਮ** :—*ਸਾਧਨ ਸਹਿਤ ਕਰਮ ਸਭਿ ਤਿਆਗੇ।*
*ਲਖ ਵਿਖ ਸਮ ਵਿਸ਼ਿਅਨ ਤੇ ਭਾਗੇ।*
*ਦ੍ਰਿਗ ਨਾਰੀ ਲਖਿ ਹ੍ਵੈ ਜਿਯ ਗਲਾਨਾ।*
*ਇਹ ਲਛਣ ਉਪਰਾਮ ਬਖਾਨਾ ॥੧੮॥*

**ਤਤਖਿਆ** :—*ਆਤਪ ਸ਼ੀਤ ਛੁਧਾ ਤ੍ਰਿਖਾ ਇਨ ਕੋ ਸਹਿਨ ਸੁਭਾਵ।*
*ਤਾਂਹਿ ਤਤਿਛਿਆ ਕਹਤ ਹੈਂ, ਕੋਵਿਦ ਮੁਨਿਵਰ ਰਾਵ ॥੧੯॥*

[ਵਿਚਾਰ ਸਾਗਰ, ਤਰੰਗ-੧]

ਫਿਰ ਮੁਕਤੀ ਪ੍ਰਾਪਤ ਕਰਨ ਦੀ ਇੱਛਾ ਧਾਰੇ। ਵੈਰਾਗ, ਬਿਬੇਕ, ਖਟ ਸੰਪਤੀ, ਮਮੋਖ ਇੱਛਾ, ਇਨ੍ਹਾਂ ਚਾਰ ਸਾਧਨਾਂ ਸਪੰਨ ਹੋ ਕੇ ਆਪਣੇ ਗੁਰਾਂ ਪਾਸ ਆਵੇ ਤਾਂ ਸਤਿਗੁਰੂ ਜੀ ਜਗਿਆਸੂ ਨੂੰ ਅਧਿਕਾਰੀ ਜਾਣ ਕੇ ਐਸੇ ਮਹਾਂਵਾਕ ਦਾ ਉਪਦੇਸ਼ ਦਿੰਦੇ ਹਨ :—

**ਅਸਗਾ ਅਸ ਉਸਗਾ ॥**

**ਅਸ** = ਜੀਵ ਵਿਚ ਜੋ **ਗਾ** = ਪ੍ਰਕਾਸ਼, ਭਾਵ ਕੂਟੱਸਥ ਹੈ ਅਤੇ **ਉਸ** = ਈਸ਼ਵਰ ਵਿਚ ਜੋ **ਗਾ** = ਪ੍ਰਕਾਸ਼, ਭਾਵ ਅਦ੍ਵੈਨੰਦ ਹੈ, ਇਨ੍ਹਾਂ ਦੋਹਾਂ ਦੀ **ਅਸ** = ਮਿਲੌਣੀ ਕਰੇ।

ਅਥਵਾ :—ਜਿਹੜਾ ਇਸਦੇ ਅੰਦਰ **ਅਸ** = ਜੀਵ ਭਾਵ ਪ੍ਰਤੀਤ ਹੁੰਦਾ ਹੈ।

ਅਵਿਦਿਆ ਕਰਕੇ ਜੀਵ ਦੇ ਅੰਦਰ ਇਹ ਖਟ ਵਿਕਾਰ ਹਨ :—

ਹਰਖ-ਸੋਗ ਮਨ ਦੇ, ਜੰਮਣ-ਮਰਨ ਸਰੀਰ ਦੇ, ਭੁੱਖ-ਤ੍ਰੇਹ ਪ੍ਰਾਣਾਂ ਦੇ।

ਅਤੇ ਮਾਇਆ ਕਰਕੇ **ਉਸ** = ਈਸ਼ਰ ਦੇ ਇਹ ਛੇ ਗੁਣ ਹਨ :—

*'ਧਰਮ ਸੁਜਸ ਵੈਰਾਗ ਪੁਨ ਐਸ਼੍ਵਰਜ ਸ਼੍ਰੇਯ ਵਿਗਿਆਨ ।*
*ਯਹ ਖਟ ਭਗਾਂ ਸਪੰਨ ਜੋ ਤਾਹਿ ਕਹਤ ਭਗਵਾਨ ।'*

ਜੀਵ ਦੇ ਖਟ ਵਿਕਾਰ ਛੱਡ ਕੇ ਜੋ **ਗਾ** = ਗਿਆਨ ਸਰੂਪ ਚੇਤਨ ਰਹਿੰਦਾ ਹੈ ਅਤੇ ਈਸ਼ਰ ਦੇ ਛੇ ਗੁਣ ਛੱਡ ਕੇ ਜਿਹੜਾ **ਗਾ** = ਗਿਆਨ ਸਰੂਪ ਚੇਤਨ ਰਹਿੰਦਾ ਹੈ, ਉਹ ਸੁੱਧ ਸਰੂਪ ਹੈ, ਉਸ ਨਾਲ **ਅਸ** = ਅਭੇਦਤਾ ਕਰੇ। ਇਸ ਮਹਾਂਵਾਕ ਨੂੰ ਧਾਰਨ ਕਰ।

ਇਕ ਮਹਾਤਮਾ ਨੇ ਆਪਣੇ ਪਾਸ ਗੰਗਾ ਦੇ ਜਲ ਦਾ ਬਰਤਨ ਭਰ ਕੇ ਰੱਖਿਆ ਹੋਇਆ ਸੀ। ਕਿਸੇ ਨੇ ਮਹਾਤਮਾ ਤੋਂ ਪੁੱਛਿਆ, "ਇਸ ਬਰਤਨ ਵਿਚ ਕੀ ਪਿਆ ਹੈ ?" ਤਾਂ ਮਹਾਤਮਾ ਨੇ ਕਿਹਾ, "ਇਸ ਬਰਤਨ ਵਿਚ ਗੰਗਾ ਹੈ।" ਤਾਂ ਉਸਨੇ ਕਿਹਾ, "ਇਹ ਤਾਂ ਪਾਣੀ ਹੈ, ਗੰਗਾ ਇਸ ਛੋਟੇ ਜਿਹੇ ਭਾਂਡੇ ਵਿਚ ਕਿਵੇਂ ਆ ਗਈ ? ਉਹ ਤਾਂ ਬੜੀ ਵੱਡੀ ਅਤੇ ਡੂੰਘੀ ਹੈ।" ਤਾਂ ਅੱਗੋਂ ਮਹਾਤਮਾ ਨੇ ਕਿਹਾ, "ਗੰਗਾ ਦਾ ਵੱਡਾਪੁਣਾ ਅਤੇ ਡੂੰਘਾਪੁਣਾ ਛੱਡ ਦੇਹ ਅਤੇ ਇਸ ਭਾਂਡੇ ਦਾ ਛੋਟਾਪੁਣਾ ਛੱਡ ਦੇਹ, ਦੋਹਾਂ ਵਿਚ ਪਾਣੀ ਤਾਂ ਇਕੋ ਹੀ ਹੈ।"

ਏਸੇ ਤਰ੍ਹਾਂ ਹੀ ਜੀਵ ਦੀ ਅਲਪੱਗਤਾ ਅਤੇ ਈਸ਼ਰ ਦੀ ਸਰਬੱਗਤਾ ਦਾ ਤਿਆਗ ਕਰਕੇ, ਦੋਨਾਂ ਵਿਚ ਚੇਤਨ-ਚੇਤਨ ਦੀ ਏਕਤਾ ਲਿਆਉਣੀ ਕਰੇ। ਯਥਾ :—

*'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨਿ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥*
*ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥*
*ਗੁਰਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥'*

[ਆਸਾ ਮਹਲਾ ੩, ਅੰਗ—੪੪੧]

## ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ਰਹਾਉ॥

ਤਾਂ ਫਿਰ ਇਹ ਸਾਰਾ ਸੰਸਾਰ ਹਰੀ ਦਾ **ਬਾਗਰਾ** = ਬਗੀਚਾ ਹੀ ਪ੍ਰਤੀਤ ਹੋਵੇਗਾ। ਯਥਾ :—

*'ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਗੁਰਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੨]

ਅਤੇ ਪਤਾ ਲੱਗ ਜਾਵੇਗਾ ਕਿ ਜਿਵੇਂ **ਪਿੰਧੀ** = ਟਿੰਡਾਂ **ਮਹਿ** = ਵਿਚ **ਸਾਗਰਾ** = ਜਲ **ਨਾਚੈ** = ਨੱਚਦਾ ਹੈ, ਤਿਵੇਂ ਮੂਰਧਨ ਦੁਆਰਾ ਪ੍ਰਵੇਸ਼ ਕਰਕੇ ਸਭ ਦੇਹਾਂ ਰੂਪ ਟਿੰਡਾਂ ਵਿਚ **ਸਾਗਰਾ** = ਚੇਤਨ ਸਰੂਪ ਬ੍ਰਹਮ, ਚੇਤਨ ਸੱਤਾ ਨਾਲ ਆਪ ਹੀ **ਨਾਚੈ** = ਚੇਸ਼ਟਾ ਕਰ-ਕਰਵਾ ਰਿਹਾ ਹੈ। ਯਥਾ :—

*'ਤੁਧੁ ਬਿਨੁ ਦੂਜਾ ਨਾਹੀ ਕੋਇ ॥ ਤੂ ਕਰਤਾਰੁ ਕਰਹਿ ਸੋ ਹੋਇ ॥'*

[ਤਿਲੰਗ ਮਹਲਾ ੫, ਅੰਗ—੭੨੩]

## ਨਾਚੰਤੀ ਗੋਪੀ ਜੰਨਾ ॥

(ੳ) ਉਸ ਚੇਤਨ ਦੇ ਆਸਰੇ ਹੀ ਸਭ **ਗੋਪੀ** = ਇੰਦ੍ਰੀਆਂ ਅਤੇ **ਜੰਨਾ** = ਪੁਰਸ਼ ਨੱਚ ਰਹੇ ਹਨ।

(ਅ) **ਗੋਪੀ** = ਇੰਦ੍ਰੀਆਂ, **ਜੰਨਾ** = ਅੰਤਹਕਰਣ, ਵਾ :—ਸਭ **ਜੰਨਾ** = ਪੁਰਸ਼ਾਂ ਦੀਆਂ **ਗੋਪੀ** = ਇੰਦ੍ਰੀਆਂ ਨੱਚ ਰਹੀਆਂ ਹਨ, ਅਰਥਾਤ ਚੇਸ਼ਟਾ ਕਰ ਰਹੀਆਂ ਹਨ।

ਅਤੇ ਇਹ ਜਾਣ ਲਵੇਗਾ ਕਿ :—

## ਨਈਆ ਤੇ ਬੈਰੇ ਕੰਨਾ ॥

**ਨਈਆ** = ਨਿਅੰਤਾ, ਪ੍ਰੇਰਕ। **ਬੈਰੇ** = ਬਗ਼ੈਰ। **ਕੰਨਾ** = **ਕੰ** + **ਨਾ** = ਇਕ ਨਹੀਂ।

ਉਸ ਪ੍ਰੇਰਕ ਤੋਂ ਬਗ਼ੈਰ ਕੋਈ ਇਕ ਵੀ ਹੋਰ ਨਹੀਂ ਹੈ, ਭਾਵ ਸਭ ਦਾ ਪ੍ਰੇਰਕ ਉਹ ਪ੍ਰਮਾਤਮਾ ਹੀ ਹੈ।

## ਤਰਕੁ ਨ ਚਾ ॥

ਹੇ ਸਿੱਖ! ਸਾਡੇ ਇਸ ਮਹਾਂਵਾਕ 'ਤੇ ਤਰਕ ਨਾ ਉਠਾਉਣਾ ਕਰ।

## ਭ੍ਰਮੀਆ ਚਾ ॥

ਤਾਂ ਨਾਮਦੇਵ ਜੀ ਨੇ ਕਿਹਾ, ਮੇਰੇ ਅੰਦਰ ਭਰਮ ਹੈ, ਮੈਂ ਕਿਉਂ ਨਾ ਤਰਕ **ਚਾ** = ਉਠਾਵਾਂ? ਆਪ ਕਹਿੰਦੇ ਹੋ ਪ੍ਰਮਾਤਮਾ ਬਗ਼ੈਰ ਹੋਰ ਕੋਈ ਨਹੀਂ, ਮੇਰੀ ਸਮਝ ਅਨੁਸਾਰ ਤਾਂ ਸਭ ਕੁਝ ਹੈ।

ਤਾਂ ਭਗਤ ਗਿਆਨ ਦੇਵ ਜੀ ਨੇ ਕਿਹਾ :—

## ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥

(ੳ) **ਕੇਸਵਾ** = ਈਸ਼ਰ ਦਾ ਬਚਨ ਵੇਦਾਂ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ

**ਅਈਏ** = ਜੀਵ ਵਿਚ ਅਤੇ **ਮਈਏ** = ਮੇਰੇ ਈਸ਼ਰ ਵਿਚ ਏਕਤਾ ਲਿਆਉਣੀ ਕਰ :— *'ਤਤ ਤ੍ਵੰ ਮਸੀ'* ਅਰਥਾਤ ਜੀਵ-ਈਸ਼ ਨੂੰ ਅਭੇਦ ਰੂਪ ਨਿਸ਼ਚੇ ਕਰ।

(ਅ) ਜੋ **ਕੇਸਵਾ** = ਕ੍ਰਿਸ਼ਨ ਮਹਾਰਾਜ ਜੀ ਹਨ, ਉਨ੍ਹਾਂ ਦੇ ਗੀਤਾ ਵਿਚ ਅਰਜਨ ਪ੍ਰਤੀ ਐਸੇ **ਬਚਉਨੀ** = ਬਚਨ ਹਨ :—

ਹੇ ਪਿਆਰੇ ਅਰਜਨ ! **ਅਈਏ** = ਆਪਣੇ ਅਤੇ **ਮਈਏ** = ਮੇਰੇ ਵਿਚ ਇਕ ਪ੍ਰਮਾਤਮਾ ਨੂੰ ਲਿਆਉਣਾ ਕਰ, ਭਾਵ ਇਕ ਰੂਪ ਜਾਨਣਾ ਕਰ।

(ੲ) **ਕੇਸਵਾ** = ਪ੍ਰਮਾਤਮਾ ਦੇ ਅਵਤਾਰ :—

*'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥'*

[ਸਵਈਏ ਮਹਲੇ ਤੀਜੇ ਕੇ, ਕੀਰਤ ਭੱਟ, ਅੰਗ—੧੩੯੫]

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਥਾਇ ਹਨ ਕਿ **ਅਈਏ** = ਜੀਵ ਵਿਚ ਅਤੇ **ਮਈਏ** = ਮੇਰੇ ਈਸ਼ਰ ਰੂਪ 'ਚ ਇਕ ਸਰੂਪ ਦੀ ਏਕਤਾ ਜਾਣ ਕੇ ਬਿਰਤੀ ਨੂੰ ਲਿਆਉਣਾ ਕਰ, ਬ੍ਰਹਮਾਕਾਰ ਬਿਰਤੀ ਕਰਕੇ ਏਕਤਾ ਕਰ। ਯਥਾ :—

*'ਤੂ ਸਦਾ ਸਲਾਮਤਿ ਨਿਰੰਕਾਰ ॥੧੬॥'* [ਜਪੁਜੀ ਸਾਹਿਬ, ਅੰਗ—੩]

ਅਰਥਾਤ **ਤੂ** = ਜੀਵ ਅਤੇ **ਸਦਾ ਸਲਾਮਤਿ** = ਈਸ਼ਰ, ਦੋਵੇਂ **ਨਿਰੰਕਾਰ** = ਅਕਾਲ ਪੁਰਖ ਦਾ ਹੀ ਸਰੂਪ ਹਨ। ਇਹ ਗੁਰੂ ਸਾਹਿਬ ਜੀ ਦੇ ਬਚਨ ਹਨ, ਨਿਸ਼ਚੇ ਕਰ।

## ਪਿੰਧੀ ਉਭ ਕਲੇ ਸੰਸਾਰਾ ॥

ਜਿਵੇਂ ਹਰਟ ਦੀਆਂ **ਕਲੇ** = ਕਲਾਂ ਨਾਲ **ਪਿੰਧੀ** = ਟਿੰਡਾਂ ਕਦੇ **ਉਭ** = ਉੱਚੀਆਂ, ਕਦੇ ਨੀਵੀਆਂ ਜਾਂਦੀਆਂ ਹਨ, ਤਿਵੇਂ ਅਗਿਆਨ ਰੂਪ ਹਰਟ ਦੀਆਂ ਪੁੰਨਾਂ-ਪਾਪਾਂ ਰੂਪ ਕਲਾਂ ਕਰਕੇ ਜੀਵਾਂ ਰੂਪ ਟਿੰਡਾਂ ਸੰਸਾਰ ਰੂਪ ਖੂਹ ਵਿਚ ਪਈਆਂ ਹੋਈਆਂ ਕਦੇ **ਉਭ** = ਉੱਚੇ ਸਵਰਗ ਨੂੰ ਜਾਂਦੀਆਂ ਹਨ ਅਤੇ ਕਦੇ ਹੇਠਾਂ ਪਤਾਲ, ਭਾਵ ਨਰਕ ਨੂੰ ਜਾਂਦੀਆਂ ਹਨ।

## ਭ੍ਰਮਿ ਭ੍ਰਮਿ ਆਏ ਤੁਮਰੇ ਦੁਆਰਾ ॥

**ਭ੍ਰਮਿ ਭ੍ਰਮਿ** = ਭਟਕਦਾ ਫਿਰਦਾ, ਵਾ :—ਭਰਮ ਦਾ ਭਰਮਾਇਆ ਹੋਇਆ ਆਪ ਜੀ ਦੇ ਦੁਆਰੇ ਆਇਆ ਹਾਂ, ਆਪ ਮੇਰੇ 'ਤੇ ਕਿਰਪਾ ਕਰੋ।

**ਤੂ ਕੁਨੁ ਰੇ ॥**

ਤੂੰ ਆਪਣੇ ਆਪ ਨੂੰ ਕੀ ਮੰਨਦਾ ਹੈਂ ? ਉੱਤਰ :—

**ਮੈ ਜੀ ॥**

ਮੈਂ ਆਪਣੇ ਆਪ ਨੂੰ **ਜੀ** = ਜੀਵ = ਅਲਪੱਗ ਮੰਨਿਆ ਹੈ।

**ਤੂ ਕੁਨੁ ਰੇ ॥**

**ਰੇ** = ਹੇ ਪਿਆਰੇ ! ਤੂੰ ਇੰਦ੍ਰੀਆਂ ਦੇ ਵਿਸ਼ਿਆਂ ਨੂੰ ਹਿਰਦੇ 'ਚੋਂ **ਕੁਨੁ** = ਕੱਢਣਾ ਕਰ, ਵਾ :—ਰੋਕਣਾ ਕਰ।

**ਮੈ ਜੀ॥ ਨਾਮਾ॥ ਹੋ ਜੀ॥**

ਇਕ ਤਾਂ ਮੈਂ ਨੂੰ ਮੇਟਣਾ ਕਰ ਅਤੇ ਇਕ **ਜੀ** = ਜੀਵ-ਭਾਵ ਨੂੰ ਮੇਟਣਾ ਕਰ।

ਅਣਹੋਇ **ਨਾਮਾ** = ਨਾਮ ਤੇ ਰੂਪ ਦਾ ਮੋਹ ਅਤੇ **ਜੀ** = ਜੀਵ-ਭਾਵ ਨੂੰ **ਹੋ** = ਹੋੜਨਾ, ਭਾਵ ਰੋਕਣਾ ਕਰ।

**ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥**

ਹੇ ਸਿੱਖਾ ! ਇਹ ਜਿਹੜਾ ਦੇਹ **ਆਲਾ** = ਘਰ ਹੈ, ਇਸ ਵਿਚ ਜੰਮਣ-ਮਰਨ ਦਾ ਕਾਰਨ ਇਉਂ ਨਵਿਰਤ ਹੋਵੇਗਾ, ਜਦੋਂ ਤੂੰ ਆਪਣੇ ਮਨ ਦੇ ਵਿਚੋਂ ਹਉਮੈ ਗਵਾਏਂਗਾ। ਵਾ :—ਤਾਂ ਫਿਰ **ਆਲਾ** = ਇਸ ਸਰੀਰ ਘਰ ਦਾ ਦੇਹ ਅਧਿਆਸ ਮਿਟ ਜਾਵੇਗਾ, ਜੋ ਜੰਮਣ-ਮਰਨ ਦਾ ਕਾਰਨ ਹੈ।

ਇਸ ਵਾਸਤੇ ਸਭ ਤੋਂ ਪਹਿਲਾਂ ਸੰਸਾਰ ਵਿਚ ਕਮਲ ਦੀ ਨਿਆਈਂ ਨਿਰਲੇਪਤਾ ਪੈਦਾ ਕਰਨੀ ਹੈ, ਫਿਰ ਹਿਰਦੇ ਵਿਚ ਬਿਬੇਕ ਤੇ ਵੈਰਾਗ ਪੈਦਾ ਕਰਕੇ ਇੰਦ੍ਰੀਆਂ ਦੇ ਵਿਸ਼ਿਆਂ ਦਾ ਤਿਆਗ ਕਰਨਾ ਹੈ। ਫਿਰ ਜੀਵ-ਈਸ਼ ਦੀ ਏਕਤਾ ਪੈਦਾ ਕਰਨੀ ਹੈ। ਫਿਰ ਅਲਪੱਗ ਪੁਣਾ, ਹੰਗਤਾ-ਮਮਤਾ ਤੇ ਖਟ ਵਿਕਾਰਾਂ ਦੀ ਨਵਿਰਤੀ ਕਰਕੇ ਜੰਮਣ ਅਤੇ ਮਰਨ ਤੋਂ ਰਹਿਤ ਹੋਣਾ ਹੈ।

ਇਸ ਦੂਸਰੇ ਅਰਥ ਵਿਚ ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਸਾਧਨ ਦੱਸਿਆ ਹੈ।

### *ਤੀਜਾ ਅਰਥ :*

ਹੁਣ ਤੀਜੇ ਅਰਥ ਵਿਚ ਉਸ ਪ੍ਰਮੇਸ਼ਰ ਦਾ ਸਰੂਪ ਕਥਨ ਕਰਦੇ ਹਨ :—

## ਪਹਿਲ ਪੁਰੀਏ ਪੁੰਡਰਕ ਵਨਾ ॥

ਉਹ ਪ੍ਰਮੇਸ਼ਰ ਸਾਰਿਆਂ ਤੋਂ ਪਹਿਲਾਂ ਹੈ। ਯਥਾ :—

੧. *'ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥'*

[ਜਪੁਜੀ ਸਾਹਿਬ, ਅੰਗ—੭]

੨. *'ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥'*

[ਜਾਪੁ ਸਾਹਿਬ, ਅੰਗ—੪]

**ਪੁਰੀਏ** = ਪੂਰਨ ਹੈ, ਸਾਰੇ ਵਿਆਪਕ ਹੈ। ਯਥਾ :—

*'ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥*
*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥'*

[ਥਿਤੀ ਗਉੜੀ ਮਹਲਾ ੫, ਅੰਗ—੨੯੬]

ਅਤੇ ਸਤ, ਚਿਤ, ਅਨੰਦ ਸਰੂਪ **ਵਨਾ** = ਬਣ ਰਿਹਾ ਹੈ।

## ਤਾ ਚੇ ਹੰਸਾ ਸਗਲੇ ਜਨਾ ॥

**ਤਾ ਚੇ** = ਤਿਸ ਤੋਂ ਉਪਰੰਤ ਉਹਦੇ ਲੱਖਣ ਇਹ ਜਾਣ ਕਿ ਉਹ **ਹੰਸਾ** = ਸੂਰਜ ਦੀ ਨਿਆਈਂ ਹੈ ਤੇ ਜਿੰਨੇ **ਸਗਲੇ ਜਨਾ** = ਸਾਰੇ ਜੀਵ ਹਨ, ਉਸ ਪ੍ਰਮੇਸ਼ਰ ਵਿਚ ਕਿਰਨਾਂ ਦੀ ਨਿਆਈਂ ਹਨ। ਜਿਵੇਂ ਸੂਰਜ ਦੀਆਂ ਕਿਰਨਾਂ ਹੁੰਦੀਆਂ ਹਨ, ਇਸ ਤਰ੍ਹਾਂ ਸਾਰੇ ਜੀਵ ਚੇਤਨ ਦੀ ਕਿਰਨ ਰੂਪ ਹੀ ਹਨ।

## ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ ॥੧॥

ਉਹ ਪ੍ਰਮੇਸ਼ਰ **ਕ੍ਰਿਸ੍ਨਾ** = ਪ੍ਰਕਾਸ਼ ਸਰੂਪ ਹੈ, ਉਸ ਵਿਚ ਰੱਤੀ ਮਾਤਰ ਵੀ **ਕ੍ਰਿਸ** = ਕਾਲਾ ਪੁਣਾ **ਨਾ** = ਨਹੀਂ ਹੈ ਅਤੇ ਫਿਰ ਉਹ **ਜਾਨਊ** = ਜਾਣੀ-ਜਾਣ (ਅੰਤਰਜਾਮੀ) ਹੈ।

**ਹਰਿ** = ਉਹ ਹਰੀ ਪਾਪਾਂ ਦਾ **ਹਰਿ** = ਹਾਰਕ = ਨਾਸ ਕਰਨ ਵਾਲਾ ਹੈ। ਵਾ :—ਉਹ ਹਰੀ ਸੰਸਿਆਂ ਦਾ ਹਾਰਕ ਹੈ।

**ਨਾਚੰਤੀ** = ਸਾਰੀ ਸ੍ਰਿਸ਼ਟੀ ਉਸਦੇ ਹੀ ਆਸਰੇ **ਨਾਚਨਾ** = ਚੇਸ਼ਟਾ (ਕਿਰਿਆ) ਕਰ ਰਹੀ ਹੈ।

## ਪਹਿਲ ਪੁਰਸਾ ਬਿਰਾ ॥

(ੳ) ਉਹ ਸਾਰਿਆਂ ਦਾ **ਪਹਿਲ** = ਆਦੀ ਰੂਪ ਹੈ ਅਤੇ **ਪੁਰਸਾ** = ਪੂਰਨ ਪੁਰਖ ਹੈ। ਯਥਾ :—

*'ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥'*

[ਵਡਹੰਸੁ ਕੀ ਵਾਰ, ਮਃ ੩, ਅੰਗ—੫੯੧]

ਆਪ ਹੀ **ਬਿਰਾ** = ਬਾਣੀ ਰੂਪ ਹੈ। ਯਥਾ :—

੧. *'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥'*

[ਗੂਜਰੀ ਕੀ ਵਾਰ ਮਹਲਾ ੩, ਅੰਗ—੫੧੫]

੨. *'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥'*

[ਨਟ ਮਹਲਾ ੪, ਅੰਗ—੯੮੨]

੩. *'ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥'*

[ਗਉੜੀ ਕੀ ਵਾਰ ਮਹਲਾ ੪, ਅੰਗ—੩੦੪]

੪. *'ਬੋਲੇ ਸਾਹਿਬ ਕੈ ਭਾਣੈ ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥'*

[ਸੋਰਠਿ ਮਹਲਾ ੫, ਅੰਗ—੬੨੯]

ਵਾ :—ਉਸ ਤੋਂ **ਬਿਰਾ** = ਬਾਣੀ ਸਫੁਰਨ ਹੋਈ ਹੈ। ਯਥਾ :—

*'ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥'*

[ਜਪੁਜੀ ਸਾਹਿਬ, ਅੰਗ—੩]

(ਅ) **ਪਹਿਲ** = ਪਹਿਲਾਂ **ਪੁਰਸਾ** = ਪੁਰਸ਼ ਨੂੰ ਗੁਰੂ ਸਾਹਿਬ **ਦੀ ਬਿਰਾ** = ਬਾਣੀ ਧਾਰਨ ਕਰਨੀ ਚਾਹੀਦੀ ਹੈ, ਕਿਉਂਕਿ ਬਾਣੀ ਧਾਰਨ ਕਰਕੇ ਹੀ ਸਾਰਾ ਲਾਭ ਪ੍ਰਾਪਤ ਹੁੰਦਾ ਹੈ। ਯਥਾ :—

੧. *'ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੦]

੨. *'ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥'*

[ਜਪੁਜੀ ਸਾਹਿਬ, ਅੰਗ—੨]

੩. *'ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੨]

੪. *'ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥'*

[ਸੋਰਠਿ ਮਹਲਾ ੫, ਅੰਗ—੬੨੯]

**ਅਥੋਨ ਪੁਰਸਾ ਦਮਰਾ ॥**

**ਅਥੋਨ** = ਉਸ ਤੋਂ ਉਪਰੰਤ **ਪੁਰਸਾ** = ਪੂਰਨ ਪੁਰਸ਼ (ਪ੍ਰਮੇਸ਼ਰ) ਨੂੰ ਰਮਿਆ ਹੋਇਆ ਜਾਣ ਕੇ, ਵਾ :—ਰਮਿਆ ਹੋਇਆ ਜਾਨਣ ਲਈ ਇੰਦ੍ਰੀਆਂ ਦਾ **ਦਮਰਾ** = ਦਮਨ ਕਰੇ, ਐਵੇਂ ਉਹ ਪ੍ਰਮੇਸ਼ਰ ਨਹੀਂ ਜਾਣਿਆ ਜਾ ਸਕਦਾ। ਜਿਹੜਾ ਖਾਣ-ਪੀਣ, ਭੋਗਣ, ਵੇਖਣ, ਸੁਨਣ, ਸੁੰਘਣ ਵਿਚ ਹੀ ਲੱਗਾ ਹੋਇਆ ਹੈ, ਉਸਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਕਿਥੋਂ ਹੋ ਜਾਵੇਗੀ। ਯਥਾ :—

*'ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥*
*ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥'*

[ਗਉੜੀ ਬਾਵਨ ਅਖਰੀ ਕਬੀਰ ਜੀ, ਅੰਗ—੩੪੨]

ਇੰਦ੍ਰੀਆਂ ਦਾ ਦਮਨ ਕਰਕੇ ਹੀ ਉਸ ਪ੍ਰਮੇਸ਼ਰ ਦੀ ਪ੍ਰਾਪਤੀ ਹੈ। ਇਸ ਲਈ ਅੱਖਾਂ ਨਾਲ ਬੁਰੀ ਭਾਵਨਾ ਕਰਕੇ ਬਗਾਨਾ ਰੂਪ ਨਾ ਵੇਖੇ, ਸਾਰਿਆਂ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਵੇਖੇ ਅਤੇ ਗੁਰੂ ਸੰਗਤ ਦੇ ਦਰਸ਼ਨ ਕਰੇ। ਕੰਨਾਂ ਨਾਲ ਨਿੰਦਾ ਚੁਗਲੀ ਨਾ ਸੁਣੇ, ਨਿਰੰਕਾਰ ਦੀ ਸਿਫ਼ਤ-ਸਲਾਹ ਅਤੇ ਸ਼ੁਭ ਵਿਚਾਰ ਸ੍ਰਵਣ ਕਰੇ। ਜ਼ਬਾਨ ਨਾਲ ਕਿਸੇ ਦੀ ਨਿੰਦਾ ਨਾ ਕਰੇ, ਕੌੜਾ ਸ਼ਬਦ ਨਾ ਬੋਲੇ, ਪ੍ਰਮੇਸ਼ਰ ਦੀ ਸਿਫ਼ਤ-ਸਲਾਹ ਕਰੇ, ਨਾਮ ਜਪੇ, ਬਾਣੀ ਪੜ੍ਹੇ, ਸੁਹਣੇ-ਸੁਹਣੇ ਪਿਆਰੇ ਬਚਨ ਬੋਲੇ, ਹੱਥਾਂ ਨਾਲ ਚੋਰੀ ਨਾ ਕਰੇ, ਕਿਸੇ ਨੂੰ ਮਾਰੇ ਕੁੱਟੇ ਨਾ, ਗੁਰੂ ਤੇ ਸੰਗਤ ਦੀ ਸੇਵਾ ਅਤੇ ਧਰਮ ਦੀ ਕਿਰਤ ਕਰੇ, ਪੈਰਾਂ ਨਾਲ ਕੁਸੰਗਤ ਵਿਚ ਨਾ ਜਾਵੇ, ਗੁਰੂ ਸਾਹਿਬ ਅਤੇ ਸਾਧਸੰਗਤ ਦੇ ਦਰਸ਼ਨਾਂ ਨੂੰ ਜਾਵੇ। ਯਥਾ :—

੧. *'ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥*
*ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ ॥੨॥'*

[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੬੪]

੨. *'ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥'*

[ਰਾਗੁ ਗੂਜਰੀ ਵਾਰ ਮਹਲਾ ੫, ਅੰਗ—੫੧੭]

**ਅਸਗਾ ਅਸ ਉਸਗਾ॥**

**ਅਸ** = ਐਸਾ ਜੋ **ਗਾ** = ਗਿਆਨ ਸਰੂਪ ਹੈ, ਉਹ ਸਾਡੀ **ਅਸ** = ਐਸ ਲੋਕ ਦੀ ਵੀ ਅਤੇ **ਉਸ** = ਓਸ ਲੋਕ ਦੀ ਵੀ **ਗਾ** = ਗਿਆਤ, ਭਾਵ ਹਾਲਤ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਯਥਾ :—

੧. *'ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ॥'*

[ਸਾਰਗ ਮਹਲਾ ੫, ਅੰਗ—੧੨੨੮-੨੯]

੨. *'ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ॥*
*ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤ ਹੀ ਸੰਗਿ ਸੁਨਤਾ॥੧॥'*

[ਬਿਲਾਵਲੁ ਮਹਲਾ ੫, ਅੰਗ—੮੨੩]

੩. *'ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ॥'*

[ਸਿਰੀ ਰਾਗੁ ਮਹਲਾ ੩, ਅੰਗ—੩੬]

**ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ॥੧॥ਰਹਾਉ॥**

ਪ੍ਰਮੇਸ਼ਰ ਨੂੰ ਸਾਰੇ ਸੰਸਾਰ ਵਿਚ **ਰਾ** = ਰਮਿਆ ਹੋਇਆ ਜਾਣ ਕੇ, ਇਹ ਸੰਸਾਰ ਉਸ ਹਰੀ ਦਾ ਹੀ ਬਗ਼ੀਚਾ ਸਮਝ। ਯਥਾ :—

*'ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥ ਸਦਾ ਸਮਾਲੇ ਕੋ ਨਾਹੀ ਖਾਲੀ॥'*

[ਮਾਝ ਮਹਲਾ ੩, ਅੰਗ—੧੧੮]

**ਨਾ + ਆਚੈ** = ਫਿਰ ਵਿਸ਼ੇ-ਵਿਕਾਰਾਂ ਦੀ ਖ਼ੁਰਾਕ ਨੂੰ ਨਹੀਂ ਖਾਵੇਂਗਾ। ਭਾਵ ਵਿਸ਼ਿਆਂ ਦੀ ਵਾਸ਼ਨਾ ਤੋਂ ਰਹਿਤ ਹੋ ਜਾਵੇਂਗਾ। ਵਾ :—ਫਿਰ ਵਿਸ਼ਿਆਂ 'ਚ ਹੀ ਨਹੀਂ ਖਾਧਾ ਜਾਵੇਂਗਾ, ਬਚ ਜਾਵੇਂਗਾ ਵਿਸ਼ਿਆਂ ਤੋਂ। ਯਥਾ :—

*'ਮਹਲਾ ੫॥ ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥*
*ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾ ਅੰਚ ਨ ਲਾਗ॥੮੨॥'*

[ਸਲੋਕ ਸੇਖ ਫਰੀਦ, ਅੰਗ—੧੩੮੨]

ਅਤੇ ਫਿਰ ਤੂੰ ਸਾਰੇ ਜੀਵਾਂ ਨੂੰ **ਪਿੰਧੀ** = ਟਿੰਡਾਂ ਦੀ ਨਿਆਈਂ **ਸਾਗਰਾ** = ਬ੍ਰਹਮ ਰੂਪ ਹੀ ਜਾਣ ਲਵੇਂਗਾ। ਯਥਾ :—

*'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥'*

[ਬਿਲਾਵਲੁ ਮਹਲਾ ੫, ਅੰਗ—੮੪੬]

**ਨਾਚੰਤੀ ਗੋਪੀ ਜੰਨਾ॥**

(ੳ) ਸੰਸਾਰ ਦੇ ਸਾਰੇ **ਗੋਪੀ** = ਇਸਤ੍ਰੀਆਂ ਅਤੇ **ਜੰਨਾ** = ਪੁਰਸ਼ ਉਸਦੀ ਸੱਤਾ ਨਾਲ ਹੀ ਸਾਰੀ **ਨਾਚੰਤੀ** = ਕਿਰਿਆ ਕਰ ਰਹੇ ਹਨ।

(ਅ) ਜੋ **ਗੋ** = ਇੰਦ੍ਰੀਆਂ ਦਾ **ਪੀ** = ਪਤੀ, ਸਾਖੀ ਚੇਤਨ ਬ੍ਰਹਮ ਹੈ, ਉਹ ਸਾਰਿਆਂ ਦੀਆਂ **ਨਾਚੰਤੀ** = ਬਿਰਤੀਆਂ ਨੂੰ ਜਾਨਣ ਵਾਲਾ ਹੈ ਕਿ ਕਿਸ-ਕਿਸ ਪਾਸੇ ਲੱਗੀਆਂ ਹੋਈਆਂ ਹਨ। ਵਾ :—ਆਪਣੇ ਪਿਆਰਿਆਂ ਦੇ ਹਿਰਦਿਆਂ ਵਿਚ ਸ਼ੁਭ ਗੁਣਾਂ ਨੂੰ **ਜੰਨਾ** = ਪੈਦਾ ਕਰਨ ਵਾਲਾ ਹੈ। ਯਥਾ :—

*'ਰਤਨ ਜਵੇਹਰ ਨਾਮ॥ ਸਤੁ ਸੰਤੋਖੁ ਗਿਆਨ॥*
*ਸੂਖ ਸਹਜ ਦਇਆ ਕਾ ਪੋਤਾ॥ ਹਰਿ ਭਗਤਾ ਹਵਾਲੈ ਹੋਤਾ॥੧॥'*

[ਰਾਮਕਲੀ ਮਹਲਾ ੫, ਅੰਗ—੮੯੩]

**ਨਈਆ ਤੇ ਬੈਰੇ ਕੰਨਾ॥**

ਉਸ **ਨਈਆ** = ਨਿਅੰਤਾ = ਪ੍ਰੇਰਕ ਤੋਂ **ਬੈਰੇ** = ਬਗ਼ੈਰ **ਕੰਨਾ** = ਕੌਣ ਹੈ ? ਭਾਵ ਕੋਈ ਇਕ ਵੀ ਨਹੀਂ, ਤੂੰ ਇਉਂ ਨਿਸ਼ਚੇ ਕਰ। ਯਥਾ :—

*'ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥*
*ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥੧॥*
*ਸਭੁ ਗੋਬਿਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥*
*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥*
*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥੨॥'*

[ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ, ਅੰਗ—੪੮੫]

**ਤਰਕੁ ਨ ਚਾ॥**

ਜੇ ਤੂੰ **ਤਰ** = ਤਰਨਾ ਹੈ ਤਾਂ **ਕੁ** = ਕੂੜੇ = ਝੂਠੇ ਪਦਾਰਥਾਂ ਵਿਚ ਚਿੱਤ ਨੂੰ ਨਾ **ਚਾ** = ਚੁੱਕਣਾ ਕਰ, ਭਾਵ ਚਿਤ ਨੂੰ ਨਾ ਲਾਉਣਾ ਕਰ।

ਅਥਵਾ :—**ਚਾ** = ਚੁੱਕ ਦੇ, ਭਾਵ ਇਨ੍ਹਾਂ ਦੀ ਇੱਛਾ ਨੂੰ ਹਿਰਦੇ ਵਿਚੋਂ ਕੱਢ ਦੇ।

ਅਥਵਾ :—**ਨ ਚਾ** = ਨਾਂ ਚਾਹ ਝੂਠੇ ਪਦਾਰਥਾਂ ਨੂੰ, ਭਾਵ ਇਨ੍ਹਾਂ ਦੀ ਇੱਛਾ ਨਾ ਕਰ।

ਅਥਵਾ :—**ਕੁ** = ਕੂੜ = ਝੂਠ ਆਦਿਕ **ਨ** = ਨਾ ਬੋਲਿਆ ਕਰ। ਯਥਾ :—

੧. *'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥'*

[ਆਸਾ ਸੇਖ ਫਰੀਦ ਜੀ, ਅੰਗ—੪੮੮]

੨. *'ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥'*

[ਰਾਮਕਲੀ ਮਹਲਾ ੧, ਅੰਗ—੯੦੪]

**ਭ੍ਰਮੀਆ ਚਾ ॥**

ਤੇ ਫਿਰ ਭਰਮ ਨੂੰ ਵੀ ਹਿਰਦੇ 'ਚੋਂ **ਚਾ** = ਚੁੱਕ ਦੇ, ਭਾਵ ਮੇਟ ਦੇ। ਯਥਾ :—

*'ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥*
*ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥*
*ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥*
*ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥'*

[ਆਸਾ ਨਾਮਦੇਉ, ਅੰਗ—੪੮...]

**ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥**

ਇਉਂ ਬੇਨਤੀ ਕਰ, ਹੇ **ਕੇਸਵਾ ਜੀਉ** = ਪ੍ਰਮਾਤਮਾ ਜੀ ! ਮੇਰੇ ਪਾਸੋਂ ਭਰਮ ਚੁੱਕਿਆ ਨਹੀਂ ਜਾਂਦਾ ਹੈ, ਆਪ ਕਿਰਪਾ ਕਰਕੇ ਇਸ ਭਰਮ ਤੋਂ ਮੈਨੂੰ **ਬਚਉਨੀ** = ਬਚਾਉਣਾ ਕਰੋ। **ਮਈਏ** = ਮੈਂ **ਏਕ** = ਇਕ ਆਪ **ਜੀਉ** = ਜੀ ਦੀ ਹੀ **ਆਨ** = ਸ਼ਰਨ ਵਿਚ ਆਇਆ ਹਾਂ। ਯਥਾ :—

੧. *'ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥*
*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥*
*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥*
*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥*
*ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥*
*ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥...'*

[ਸਵਈਏ ਮਹਲੇ ਤੀਜੇ ਕੇ, ਭਿਖਾ ਭੱਟ, ਅੰਗ—੧੩੯...]

੨. *'ਤੇਰੀ ਸਰਣਿ ਮੇਰੇ ਦੀਨ ਦਇਆਲਾ ॥ ਸੁਖ ਸਾਗਰ ਮੇਰੇ ਗੁਰ ਗੋਪਾਲਾ ॥*
*ਕਰਿ ਕਿਰਪਾ ਨਾਨਕ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ ॥...'*

[ਮਾਝ ਮਹਲਾ ੫, ਅੰਗ—...]

ਇਸ ਤਰ੍ਹਾਂ ਬੇਨਤੀਆਂ ਕਰਨ ਨਾਲ ਫਿਰ ਤੇਰਾ ਭਰਮ ਤੋਂ ਛੁਟਕਾਰਾ ਹੋ ਜਾਵੇਗਾ।

**ਪਿੰਧੀ ਉਭ ਕਲੇ ਸੰਸਾਰਾ ॥**

ਇਹ ਸੰਸਾਰ ਹਲਟ ਦੀਆਂ **ਪਿੰਧੀ** = ਟਿੰਡਾਂ ਦੀ ਤਰ੍ਹਾਂ **ਉਭ ਕਲੇ** = ਉਲਟਾ ਜੂਨਾਂ ਵਿਚ ਆਉਣ ਜਾਣ ਵਾਲਾ ਹੈ।

**ਭ੍ਰਮਿ ਭ੍ਰਮਿ ਆਏ ਤੁਮਚੇ ਦੁਆਰਾ ॥**

ਹੇ ਭਾਈ! ਜਿੰਨਾਂ ਚਿਰ ਤੁਸੀਂ ਸੰਸਾਰ ਨੂੰ ਸਤਿ ਮੰਨੀ ਬੈਠੇ ਹੋ, ਓਨਾ ਚਿਰ ਹੀ ਭਰਮ ਦੇ ਭ੍ਰਮਾਏ ਹੋਏ ਤੁਸੀਂ ਇਸ **ਦੁਆਰਾ** = ਸੰਸਾਰ ਵਿਚ ਆਏ ਹੋ।

ਜੇ ਸੰਸਾਰ ਨੂੰ ਸਤਿ ਨਾ ਮੰਨੋ, ਬ੍ਰਹਮ ਨੂੰ ਸਤਿ ਮੰਨੋ ਤਾਂ ਫਿਰ ਤੁਹਾਡੇ ਤਾਈਂ ਨਾ **ਦੁਆਰਾ** = ਸੰਸਾਰ ਹੀ ਪ੍ਰਤੀਤ ਹੋਵੇਗਾ ਅਤੇ ਨਾ ਹੀ ਭਰਮ-ਭਰਮ ਕੇ ਫਿਰ ਸੰਸਾਰ ਵਿਚ ਆਉਣਾ ਪਵੇਗਾ, ਭਾਵ ਜੂਨਾਂ ਦਾ ਗੇੜਾ ਮੁੱਕ ਜਾਵੇਗਾ।

**ਤੂ ਕੁਨੁ ਰੇ ॥**

ਤੂੰ ਆਪਣੇ ਆਪ ਨੂੰ ਤਤ ਪਦ ਦਾ ਲਖ ਅਰਥ ਸਮਝ, ਜੋ **ਰੇ** = ਨੀਚਪੁਣਾ ਹੈ, ਇਸਦਾ **ਕੁਨੁ** = ਕਨਾਇਤ, ਭਾਵ ਤਿਆਗ ਕਰ ਦੇ।

**ਮੈ ਜੀ ॥ ਨਾਮਾ ॥ ਹੋ ਜੀ ॥**

ਇਕ ਤਾਂ ਜੋ ਦੇਹ ਦੀ ਅਤੇ **ਜੀ** = ਜੀਵਪੁਣੇ ਦੀ ਮੈਂ ਫੁਰਦੀ ਹੈ, **ਨਾਮਾ** = ਨਾਮ ਤੇ ਰੂਪ ਫੁਰਦਾ ਹੈ, ਹੇ **ਜੀ** = ਜੀਵ! ਇਸਨੂੰ **ਹੋ** = ਹੋੜਨਾ, ਭਾਵ ਰੋਕਣਾ ਕਰ।

**ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥**

ਜੰਮਣ-ਮਰਨ ਦਾ ਕਾਰਨ ਜੋ ਵਿਪਰਜੇ ਸੰਸਾ ਹੈ, ਇਸਨੂੰ **ਆਲਾ** = ਅੰਤਹਕਰਣ ਤੋਂ **ਨਿਵਾਰਣਾ** = ਭਾਵ ਦੂਰ ਕਰਕੇ, ਨਿਰੰਕਾਰ ਨੂੰ ਸਾਰੇ ਪਰੀਪੂਰਨ ਵੇਖ ਕੇ, ਜੀਵਨ-ਮੁਕਤੀ ਦਾ ਅਨੰਦ ਮਾਨਣਾ ਕਰ। ਯਥਾ :—

*'ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥*
*ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥੧॥'*

[ਰਾਮਕਲੀ ਮਹਲਾ ੫, ਅੰਗ—੮੯੨]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

੪੫.

ਧਨਾਸਰੀ ਬਾਣੀ ਭਗਤਾਂ ਕੀ
ੴ ਸਤਿਗੁਰ ਪ੍ਰਸਾਦਿ ॥
ਧੰਨਾ ॥ [ਅੰਗ—੬੯੫]
ਗੋਪਾਲ ਤੇਰਾ ਆਰਤਾ ॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ਸਾਖੀ : ਭਗਤ ਧੰਨਾ ਜੀ ਦੀ

ਭਗਤ ਧੰਨਾ ਜੀ* ਦਾ ਜਨਮ ਦਿੱਲੀ ਵਿਖੇ ਗੁਰਦੁਆਰਾ ਮੋਤੀ ਬਾਗ਼ ਵਾਲੀ ਥਾ ੧੪੭੩ ਬਿਕ੍ਰਮੀ ਮੁਤਾਬਿਕ ਸੰਨ ੧੪੧੬ ਈ: ਨੂੰ ਹੋਇਆ। ਗੁਰਦੁਆਰਾ ਮੋਤੀ ਬਾਗ਼ ਲਾਲ ਕਿਲੇ ਤੋਂ ਸੱਤ ਮੀਲ ਦੂਰ ਹੈ, ਭਗਤ ਧੰਨਾ ਜੀ ਜਮੁਨਾ ਦੇ ਕਿਨਾਰੇ ਗਊਆਂ ਚਾਰਦੇ ਹੁੰਦੇ ਸਨ, ਇਕ ਤ੍ਰਿਲੋਚਨ ਨਾਮੇ ਬ੍ਰਾਹਮਣ ਠਾਕੁਰਾਂ ਦੀ ਪੂਜਾ ਕਰਿਆ ਕਰਦਾ ਸੀ। ਇਕ ਦਿਨ ਭਗਤ ਜੀ ਨੇ ਕਿਹਾ, "ਹੇ ਬ੍ਰਾਹਮਣ! ਮੈਨੂੰ ਵੀ ਇਕ ਠਾਕੁਰ ਦੇ ਦੇਹ।" ਅੱਗੋਂ ਬ੍ਰਾਹਮਣ ਨੇ ਕਿਹਾ, "ਜੇ ਇਕ ਲਵੇਰੀ ਗਊ ਦੇਵੇਂ ਤਾਂ ਠਾਕੁਰ ਦੇਵਾਂਗਾ।" ਤਾਂ ਧੰਨਾ ਜੀ ਨੇ ਝੱਟ ਹੀ ਇਕ ਲਵੇਰੀ ਗਊ ਦੇ ਦਿੱਤੀ। ਬ੍ਰਾਹਮਣ ਨੇ ਪੰਸੇਰੀ ਕੁ ਦਾ ਇਕ ਪੱਥਰ ਦੇ ਦਿੱਤਾ, ਇਸ ਤਰ੍ਹਾਂ ਜਾਣ ਕੇ ਕਿ ਇਹ ਭੋਲਾ ਭਾਲਾ ਜੱਟ ਹੈ, ਇਸ ਨੂੰ ਗਲੋਂ ਲ੍ਹਾਵਾਂ। ਯਥਾ —

*'ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।*
*ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।*
*ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।*
*ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।*
*ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।*
*ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।*
*ਹਥਿ ਜੋੜਿ ਮਿਨਤਿ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।*
*ਹਉ ਭੀ ਮੁਹੁ ਨ ਜੁਠਾਲਸਾ ਤੂ ਰੁਠਾ ਮੈ ਕਿਹੁ ਨ ਸੁਖਾਵੈ।*

---

* ਭਗਤ ਧੰਨਾ ਜੀ ਪੰਜਾਂ ਪਿਆਰਿਆਂ ਵਿਚੋਂ ਪਿਆਰੇ ਧਰਮ ਸਿੰਘ ਜੀ ਦਾ ਅਵਤਾਰ ਹੋਏ ਹਨ

*ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।*
*ਭੋਲਾ ਭਾਉ ਗੋਬਿੰਦੁ ਮਿਲਾਵੈ ॥੧੩॥'* [ਭਾਈ ਗੁਰਦਾਸ ਜੀ, ਵਾਰ-੧੦]

ਭਗਤ ਜੀ ਨੇ ਘਰ ਕਹਿ ਦਿੱਤਾ, "ਅੱਜ ਰੋਟੀ ਦੋ ਆਦਮੀਆਂ ਦੀ ਆਵੇ।" ਅਤੇ ਠਾਕੁਰ ਨੂੰ ਨਾਲ ਲੈ ਕੇ ਭਗਤ ਜੀ ਆਪਣੇ ਖੇਤ ਨੂੰ ਕੰਮ ਕਰਨ ਵਾਸਤੇ ਚਲੇ ਗਏ। ਕੰਮ ਕਰਦਿਆਂ-ਕਰਦਿਆਂ ਛਾਹ ਵੇਲੇ ਦਾ ਪ੍ਰਸ਼ਾਦਾ ਆ ਗਿਆ, ਜਿਸ ਵਿਚ ਮਿੱਸੇ ਪ੍ਰਸ਼ਾਦੇ ਨਾਲ ਗੰਢਾ ਅਤੇ ਪੀਣ ਨੂੰ ਲੱਸੀ ਸੀ। ਭਗਤ ਜੀ ਨੇ ਕਿਹਾ, "ਠਾਕੁਰ ਜੀ! ਪਹਿਲਾਂ ਤੁਸੀਂ ਭੋਗ ਲਾਓ।" ਖ਼ਾਲਸਾ ਜੀ! ਪੱਥਰ ਨੇ ਕੀ ਭੋਗ ਲਾਉਣਾ ਸੀ? ਭਗਤ ਜੀ ਨੇ ਕਿਹਾ, "ਠੀਕ ਹੈ! ਤੁਸੀਂ ਬ੍ਰਾਹਮਣਾਂ ਦੀਆਂ ਪੂੜੀਆਂ, ਕਚੌਰੀਆਂ, ਪੂੜੇ, ਖੀਰ ਅਤੇ ਮਠਿਆਈਆਂ ਖਾਣ ਗਿੱਝੇ ਹੋਏ ਹੋ, ਇਹ ਸਾਡੀਆਂ ਮੋਟੀਆਂ-ਮੋਟੀਆਂ ਰੋਟੀਆਂ ਨਹੀਂ ਖਾਂਦੇ।"

ਜਦ ਧੰਨੇ ਦੇ ਹਠ ਕਰਕੇ ਨਾ ਪ੍ਰਗਟ ਹੋਏ ਤਾਂ ਧੰਨਾ ਜੀ ਨੇ ਕਿਹਾ, "ਜੇ ਤੁਸੀਂ ਰੁੱਸ ਗਏ ਹੋ ਤਾਂ ਮੈਂ ਵੀ ਕੁਝ ਨਹੀਂ ਖਾਵਾਂਗਾ, ਮਰ ਭਾਵੇਂ ਜਾਵਾਂ।" ਫਿਰ ਅਵਾਜ਼ ਆਈ, "ਧੰਨਿਆ! ਪੱਥਰ ਨਹੀਂ ਖਾਂਦੇ ਹੁੰਦੇ।" ਤਾਂ ਧੰਨੇ ਨੇ ਕਿਹਾ, "ਪੱਥਰ ਕਦੇ ਬੋਲਦੇ ਭੀ ਨਹੀਂ ਹੁੰਦੇ, ਮੈਂ ਪੱਥਰ ਨੂੰ ਨਹੀਂ ਖੁਆਉਣਾ ਚਾਹੁੰਦਾ, ਜੋ ਬੋਲਦਾ ਹੈ, ਉਸਨੂੰ ਛਕਾਉਣਾ ਚਾਹੁੰਦਾ ਹਾਂ।" ਤਾਂ ਪ੍ਰਮੇਸ਼ਰ ਨੇ ਪ੍ਰਗਟ ਹੋ ਕੇ ਬੜੇ ਪ੍ਰੇਮ ਨਾਲ ਪ੍ਰਸ਼ਾਦਾ ਛਕਿਆ ਅਤੇ ਫਿਰ ਕਿਹਾ, "ਧੰਨਿਆ! ਜਿਸਦਾ ਖਾਈਏ, ਉਸਦਾ ਕੰਮ ਭੀ ਕਰੀਦਾ ਹੈ।" ਅੱਗੋਂ ਭਗਤ ਜੀ ਨੇ ਕਿਹਾ, "ਜੀ! ਮੇਰੇ ਤਾਂ ਬਹੁਤ ਹੀ ਕੰਮ ਕਰਨ ਵਾਲੇ ਪਏ ਹਨ, ਮੈਂ ਗਊਆਂ ਵੀ ਚਰਾਉਣੀਆਂ ਹਨ, ਹਲਟ ਭੀ ਹਕੌਣਾ ਹੈ, ਨੱਕੇ ਭੀ ਬੰਨ੍ਹਾਉਣੇ (ਛੁਡਾਉਣੇ) ਹਨ ਅਤੇ ਵਾਹਣ ਦੀਆਂ ਵੱਟਾਂ ਭੀ ਪਵਾਉਣੀਆਂ ਹਨ।" ਸਾਧਸੰਗਤ ਜੀ! ਭਗਤ ਜੀ ਨੂੰ ਇਤਿਆਦਿਕ ਕੰਮ ਗਿਣਦੇ ਨੂੰ ਤਾਂ ਕੁਝ ਦੇਰ ਲੱਗੀ, ਪਰ ਪ੍ਰਮੇਸ਼ਰ ਨੇ ਝੱਟ ਹੀ ਉਤਨੇ ਸਰੂਪ ਧਾਰ ਕੇ ਸਾਰੇ ਕੰਮ ਕਰ ਦਿੱਤੇ। ਯਥਾ :—

੧. *'ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥'*
[ਰਾਗੁ ਗੂਜਰੀ ਵਾਰ ਮਹਲਾ ੫, ਅੰਗ—੫੧੯]

੨. *'ਭਗਤ ਜਨਾ ਦਾ ਕਰੇ ਕਰਾਇਆ ॥੧੧॥'* [ਭਾਈ ਗੁਰਦਾਸ ਜੀ, ਵਾਰ-੧੦]

ਭਗਤ ਜੀ ਨੇ ਤ੍ਰਿਲੋਚਨ ਬ੍ਰਾਹਮਣ ਨੂੰ ਜਾ ਕੇ ਕਿਹਾ, "ਮੇਰਾ ਠਾਕੁਰ ਤਾਂ ਸਾਰੇ ਕੰਮ ਆਪ ਹੀ ਕਰ ਰਿਹਾ ਹੈ, ਔਹ ਦੇਖ! ਸਾਵੀ ਗਊ 'ਤੇ ਹੱਥ ਰੱਖੀ ਖੜ੍ਹੇ ਹਨ, ਉਧਰ ਦੇਖ! ਨੱਕਰ ਵਾਲਾ ਕਿਆਰਾ ਮੋੜ ਰਹੇ ਹਨ।" ਤ੍ਰਿਲੋਚਨ ਨੇ ਕਿਹਾ, "ਧੰਨਿਆ! ਮੈਨੂੰ ਤਾਂ ਦਰਸ਼ਨ ਨਹੀਂ ਹੋ ਰਹੇ, ਠਾਕੁਰ ਅੱਗੇ ਬੇਨਤੀ ਕਰਕੇ ਮੈਨੂੰ ਵੀ ਦਰਸ਼ਨ ਕਰਾ। ਤਾਂ ਭਗਤ ਧੰਨਾ ਜੀ ਨੇ ਭਗਵਾਨ ਦੇ ਚਰਨਾਂ ਵਿਚ ਬੇਨਤੀ ਕੀਤੀ, "ਮਹਾਰਾਜ ਜੀ! ਆਪ ਕਿਰਪਾ ਕਰਕੇ ਤ੍ਰਿਲੋਚਨ ਬ੍ਰਾਹਮਣ ਨੂੰ ਵੀ ਦਰਸ਼ਨ ਬਖ਼ਸ਼ੋ।" ਅੰਤਰਜਾਮੀ ਜੀ ਨੇ ਕਿਹਾ, "ਇਸਨੂੰ ਦਰਸ਼ਨ

ਨਹੀਂ ਦੇਣੇ, ਕਿਉਂਕਿ ਇਸਨੇ ਤੇਰੇ ਨਾਲ ਠੱਗੀ ਕੀਤੀ ਹੈ, ਪੱਥਰ ਦਿੱਤਾ ਹੈ।" ਪਰ ਧੰਨਾ ਜੀ ਦੇ ਬੇਨਤੀਆਂ ਕਰਨ 'ਤੇ ਤ੍ਰਿਲੋਚਨ ਬ੍ਰਾਹਮਣ ਨੂੰ ਵੀ ਦਰਸ਼ਨ ਦੇ ਕੇ ਨਿਹਾਲ ਕੀਤਾ। ਫਿਰ ਜਦੋਂ ਪ੍ਰਮੇਸ਼ਰ ਨੂੰ ਭਗਤ ਜੀ ਨੇ ਆਪਣੇ ਸਾਰੇ ਕੰਮ ਕਰਦਿਆਂ ਵੇਖਿਆ ਤਾਂ ਸੂਖਮ ਹੰਗਤਾ ਆ ਗਈ ਕਿ ਮੈਂ ਰੱਬ ਨੂੰ ਅੱਠਾਂ ਪਹਿਰਾਂ ਵਿਚ ਹੀ ਪਾ ਲਿਆ ਹੈ। ਤਾਂ ਜੋ ਪ੍ਰਮੇਸ਼ਰ :—

*'ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥'*

[ਦਸਮ, ਅੰਗ—੧੩੮੭]

ਹੈ, ਨੇ ਕਿਹਾ, "ਧੰਨਿਆ! ਤੇਰੀ ੧੧੦੦ ਜਨਮਾਂ ਦੀ ਭਗਤੀ ਹੈ, ਹੁਣ ਇਸ ਜਨਮ ਵਿਚ ਭਗਤੀ ਦਾ ਫਲ ਮਿਲਿਆ ਹੈ।" ਪਿਛਲੇ ਜਨਮਾਂ ਵਿਚ ਭਗਤੀ ਕਰਦਾ ਹੋਇਆ ਵਿਖਾਇਆ।

ਫਿਰ ਭਗਵਾਨ ਨੇ ਕਿਹਾ, "ਧੰਨਿਆ! ਸਾਰੇ ਭਗਤ ਮੇਰੀ ਆਰਤੀ ਕਰਦੇ ਹਨ, ਤੂੰ ਕਿਉਂ ਨਹੀਂ ਕਰਦਾ?" ਤਾਂ ਭਗਤ ਜੀ ਨੇ ਕਿਹਾ, "ਚੰਗਾ! ਜੇਕਰ ਤੁਸੀਂ ਆਰਤੀ ਹੀ ਕਰਵਾਉਣੀ ਚਾਹੁੰਦੇ ਹੋ ਤਾਂ ਆਪ ਜੀ ਦੀਆਂ ਆਰਤੀਆਂ ਤਾਂ ਅੱਗੇ ਬਹੁਤ ਹੋ ਚੁੱਕੀਆਂ ਹਨ, ਮੈਂ ਤਾਂ ਆਪ ਜੀ ਦਾ ਆਰਤਾ ਕਰਾਂਗਾ, ਕਿਉਂਕਿ 'ਆਰਤੀ' ਸ਼ਬਦ ਇਸਤ੍ਰੀ ਲਿੰਗ ਹੈ, ਮੈਂ ਪੁਲਿੰਗ ਸ਼ਬਦ ਵਰਤਾਂਗਾ, ਨਾਲੇ ਮੈਂ ਹੁੰਦਾ ਵੀ ਜੱਟ ਹਾਂ, ਇਸ ਕਰਕੇ ਮੈਂ ਤੁਹਾਡਾ ਆਰਤਾ ਹੀ ਕਰਾਂਗਾ।" ਤਾਂ ਅੱਗੋਂ ਅੰਤਰਜਾਮੀ ਪ੍ਰਭੂ ਨੇ ਮੁਸਕਰਾ ਕੇ ਕਿਹਾ, "ਭਗਤਾ! ਕਰ ਤਾਂ ਸਈ ਕੁਝ।" ਤਾਂ ਉਸ ਵਕਤ ਭਗਤ ਧੰਨਾ ਜੀ ਨੇ ਇਹ ਸ਼ਬਦ ਉਚਾਰਿਆ :—

**ਗੋਪਾਲ ਤੇਰਾ ਆਰਤਾ ॥**

ਹੇ **ਗੋ** = ਪ੍ਰਿਥਵੀ, ਭਾਵ ਸ੍ਰਿਸ਼ਟੀ ਦੇ **ਪਾਲ** = ਪਾਲਕ ਪ੍ਰਮੇਸ਼ਰ! ਮੈਨੂੰ ਤਾਂ ਤੇਰਾ ਆਰਤਾ ਹੀ ਕਰਨਾ ਭਾਉਂਦਾ ਹੈ, ਇਸ ਲਈ ਮੈਂ ਆਪ ਜੀ ਦਾ ਆਰਤਾ ਕਰਦਾ ਹਾਂ।

**ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ਰਹਾਉ॥**

ਜੋ ਭਗਤ ਜਨ ਆਪ ਜੀ ਦੀ ਤਨੋਂ-ਮਨੋਂ ਭਗਤੀ ਕਰਦੇ ਹਨ, ਤੁਸੀਂ ਉਹਨਾਂ ਦੇ ਸਾਰੇ ਕੰਮ ਸਵਾਰਦੇ ਹੋ। ਯਥਾ :—

੧. *'ਜਨ ਕੇ ਪੂਰਨ ਹੋਏ ਕਾਮ ॥*
*ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ ॥੧॥ਰਹਾਉ॥'*

[ਧਨਾਸਰੀ ਮਹਲਾ ੫, ਅੰਗ—

੨. *'ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥*
*ਗੁਰਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ ॥'*

[ਸੋਰਠਿ ਮਹਲਾ ੩, ਅੰਗ—

੩. *'ਦੋਵੈ ਥਾਵ ਰਖੇ ਗੁਰ ਸੂਰੇ ॥*
*ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ਰਹਾਉ॥'*
[ਬਿਲਾਵਲੁ ਮਹਲਾ ੫, ਅੰਗ—੮੨੫]

ਪਹਿਲਾਂ ਆਪ ਜੀ ਮੇਰਾ ਕੰਮ ਵੀ ਪੂਰਾ ਕਰੋ, ਫਿਰ ਮੈਂ ਤੁਹਾਡਾ ਆਰਤਾ ਕਰਾਂਗਾ। ਤਾਂ ਭਗਵਾਨ ਨੇ ਕਿਹਾ, "ਦੱਸ! ਤੂੰ ਕੀ ਚਾਹੁੰਦਾ ਹੈਂ?" ਧੰਨਾ ਜੀ ਨੇ ਕਿਹਾ, "ਮੈਂ ਆਪਣੇ ਸਰੀਰਕ ਨਿਰਬਾਹ ਵਾਸਤੇ ਖਾਣ-ਪੀਣ ਲਈ ਕੁਝ ਕੁ ਪਦਾਰਥ ਮੰਗਦਾ ਹਾਂ।" ਤਾਂ ਭਗਵਾਨ ਨੇ ਕਿਹਾ, "ਜੋ ਵੀ ਤੇਰੇ ਮਨ ਵਿਚ ਇੱਛਾ ਹੈ, ਦੱਸ! ਅਸੀਂ ਤੈਨੂੰ ਦਿੰਦੇ ਹਾਂ।" ਭਗਤ ਜੀ ਨੇ ਕਿਹਾ ਕਿ ਜੇ ਮੇਰੇ 'ਤੇ ਤੁਸੀਂ ਪ੍ਰਸੰਨ ਹੋ ਕੇ ਮੈਨੂੰ ਦੇਣਾ ਚਾਹੁੰਦੇ ਹੋ ਤਾਂ ਆਹ-ਆਹ ਵਸਤੂਆਂ ਦੇ ਦਿਉ :—

## ਦਾਲਿ ਸੀਧਾ ਮਾਗਉ ਘੀਉ ॥

**ਦਾਲਿ** = ਦਾਲ ਦੇ ਦਿਉ ਮੂੰਗੀ ਆਦਿਕ ਦੀ, ਕਿਉਂਕਿ ਮਹਾਤਮਾ ਤਾਂ ਮੂੰਗੀ ਆਦਿਕ ਦੀ ਦਾਲ ਖਾ ਕੇ ਹੀ ਪ੍ਰਸੰਨ ਹੁੰਦੇ ਹਨ। **ਸੀਧਾ ਮਾਗਉ ਘੀਉ** = ਆਟਾ ਤੇ ਘਿਉ ਵੀ ਮੰਗਦਾ ਹਾਂ, ਕਿਉਂਕਿ ਘਿਉ ਤੋਂ ਬਿਨਾਂ ਤਾਂ ਭੂਤ ਰਸੋਈ ਹੁੰਦੀ ਹੈ।

## ਹਮਰਾ ਖੁਸੀ ਕਰੈ ਨਿਤ ਜੀਉ ॥

ਜਿਸ ਭੋਜਨ ਨੂੰ ਛਕ ਕੇ **ਹਮਰਾ ਜੀਉ** = ਮੇਰਾ ਚਿੱਤ ਖ਼ੁਸ਼ ਹੋ ਕੇ ਆਪ ਜੀ ਦਾ ਸਦਾ ਹੀ ਭਜਨ ਕਰੇ।

ਜਿਤਨੀ ਮੇਰਾ ਚਿੱਤ ਕਰਦਾ ਹੈ, ਉਤਨੀ ਵਸਤੂ ਖ਼ੁਸ਼ ਹੋ ਕੇ ਰੋਜ਼ਾਨਾਂ ਦਿਉ, ਗਣਤੀ-ਮਿਣਤੀ ਕੋਈ ਨਹੀਂ। ਜਿਵੇਂ ਕਬੀਰ ਜੀ ਆਦਿਕਾਂ ਨੇ ਹਿਸਾਬ ਨਾਲ ਮੰਗਿਆ ਹੈ, ਮੈਂ ਇਵੇਂ ਨਹੀਂ ਮੰਗਦਾ, ਕਿਉਂਕਿ ਸਾਡੀ ਜੱਟਾਂ ਦੀ ਗਿਣਤੀ-ਮਿਣਤੀ ਨਹੀਂ ਹੁੰਦੀ। ਤਾਂ ਭਗਵਾਨ ਨੇ ਕਿਹਾ, "ਅੱਛਾ ਭਗਤਾ ਦੱਸ ਤਾਂ ਸਹੀ! ਹੋਰ ਕੀ ਮੰਗਦਾ ਹੈਂ?" ਤਾਂ ਭਗਤ ਧੰਨਾ ਜੀ ਨੇ ਕਿਹਾ :—

## ਪਨ੍ਹੀਆ ਛਾਦਨੁ ਨੀਕਾ ॥

**ਪਨ੍ਹੀਆ** = ਪੈਰਾਂ ਵਿਚ ਪਾਉਣ ਵਾਸਤੇ ਸੋਹਣੀ ਜੁੱਤੀ ਮੰਗਦਾ ਹਾਂ। **ਛਾਦਨੁ** = ਬਸਤਰ ਵੀ **ਨੀਕਾ** = ਚੰਗਾ ਹੋਵੇ, ਐਸਾ ਨਾ ਹੋਵੇ ਕਿ ਪਾਉਂਦਿਆਂ ਛੇਤੀ ਹੀ ਫਟ ਜਾਵੇ, ਮੁੜ ਕੇ ਫਿਰ ਮੰਗਣਾ ਪਵੇ।

## ਅਨਾਜੁ ਮਗਉ ਸਤ ਸੀਕਾ ॥੧॥

**ਸਤ ਸੀਕਾ** = ਸੌ ਸਿਆੜ* ਪਾ ਕੇ ਜੋ ਬੀਜਿਆ ਹੋਇਆ ਅੰਨ ਹੈ, ਉਹ **ਅਨਾਜੁ** = ਅੰਨ ਮੈਂ ਆਪ ਜੀ ਪਾਸੋਂ ਮੰਗਦਾ ਹਾਂ, ਕਿਉਂਕਿ ਉਹ ਅੰਨ ਸਵਾਦ ਹੁੰਦਾ ਹੈ।

## ਗਊ ਭੈਸ ਮਗਉ ਲਾਵੇਰੀ ॥

ਗਊ ਮੰਗਦਾ ਹਾਂ, **ਭੈਸ** = ਮੱਝ ਵੀ ਮੰਗਦਾ ਹਾਂ, ਕਿਉਂਕਿ ਕਈ ਸਾਧੂ ਮੱਝ ਦਾ ਦੁੱਧ ਨਹੀਂ ਪੀਂਦੇ, ਗਊ ਦਾ ਪੀਂਦੇ ਹਨ ਹਲਕਾ ਜਾਣ ਕੇ। **ਲਾਵੇਰੀ** = ਲਵੇਰੀਆਂ ਹੋਣ ਦੁੱਧ ਦੇਣ ਵਾਲੀਆਂ, ਫੰਡਰਾਂ ਨਾ ਹੋਣ ਕਿ ਐਵੇਂ ਉਹਨਾਂ ਨੂੰ ਪੱਠੇ ਹੀ ਪਾਉਣੇ ਪੈਣ।

## ਇਕ ਤਾਜਨਿ ਤੁਰੀ ਚੰਗੇਰੀ ॥

ਇਕ **ਤਾਜਨਿ** = ਘੋੜੀ, **ਤੁਰੀ** = ਤੁਰਕਾਨ ਦੇਸ਼ ਦੀ **ਚੰਗੇਰੀ** = ਚੰਗੀ ਹੋਵੇ, ਐਸੀ ਨਾ ਹੋਵੇ ਕਿ ਅੱਗੋਂ ਲਗਾਮ ਖਿੱਚ ਕੇ, ਪਿੱਛੋਂ ਡੰਡਾ ਮਾਰ ਕੇ ਅਗਾਂਹ ਨੂੰ ਧੱਕੀਏ। ਜੇ ਆਪ ਜੀ ਦੀ ਕਿਰਪਾ ਨਾਲ ਸਾਰੇ ਪਦਾਰਥ ਪ੍ਰਾਪਤ ਹੋ ਗਏ ਤਾਂ ਇਨ੍ਹਾਂ ਦੀ ਸੰਭਾਲ ਲਈ ਇਕ ਔਰਤ ਵੀ ਚਾਹੀਦੀ ਹੈ।

## ਘਰ ਕੀ ਗੀਹਨਿ ਚੰਗੀ ॥

**ਗੀਹਨਿ** = ਘਰ ਨੂੰ ਸੰਭਾਲਨ ਵਾਲੀ ਸੁਸ਼ੀਲ ਅਤੇ ਪਤੀਬ੍ਰਤਾ ਚੰਗੀ ਇਸਤ੍ਰੀ ਵੀ ਹੋਵੇ, ਜੋ ਆਏ-ਗਏ ਸਾਧੂ-ਮਹਾਤਮਾ ਦੀ ਸੇਵਾ ਕਰੇ, ਐਸੀ ਨਾ ਹੋਵੇ ਕਿ ਆਏ ਤਾਂ ਹੋਣ ਘਰ ਵਿਚ ਮਹਿਮਾਨ ਤੇ ਉਹ ਬੱਚਿਆਂ ਨੂੰ ਹੀ ਕੁੱਟਣ ਲੱਗ ਪਵੇ। ਨੇਕ ਸੁਭਾਅ ਵਾਲੀ ਇਸਤ੍ਰੀ ਹੋਵੇ। ਯਥਾ :—

*'ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅਉ ॥'*

[ਗੂਜਰੀ ਕੀ ਵਾਰ ਮਹਲਾ ੩, ਅੰਗ—੫੧

**ਮਹਲ** = ਇਸਤ੍ਰੀ ਭਗਤੀ-ਭਾਵ ਵਾਲੀ ਹੋਵੇ ਤਾਂ ਘਰ ਦੇ ਸਾਰੇ ਕੰਮ ਸਰ ਜਾਂਦੇ ਹਨ, **ਸਜਣ** = ਸੰਤ-ਮਹਾਤਮਾਂ ਦਾ ਅਤੇ ਪ੍ਰਾਹੁਣਿਆਂ ਦਾ ਆਦਰ ਭਾਉ ਕਰੇ। ਐ ਪ੍ਰਮੇਸ਼ਰ! ਐਸੀ ਇਸਤ੍ਰੀ ਨਾ ਦੇਵੀਂ ਜੋ ਪਾਣੀ ਦੇ ਮੰਗਿਆਂ ਪੱਥਰ ਮਾਰੇ। ਯਥਾ :—

*'ਪਾਨੀ ਕੇ ਮਾਂਗਤ ਪਾਥਰ ਮਾਰਤ ਨਾਰਿ ਕਿਧੌਂ ਘਰ ਨਾਹਰ ਆਨੀ ॥'*

[ਦਸਮ, ਚਰਿੱਤ੍ਰ ੪੦ਵਾਂ, ਅੰਗ—

---

* ਜਿਸ ਖੇਤ ਨੂੰ ਸੌ ਵਾਹ ਪਾਈ ਹੋਵੇ, ਉਸ ਖੇਤ ਦਾ ਆਟਾ ਇਤਨਾ ਲੇਸਦਾਰ ਹੁੰਦਾ ਹੈ ਕਿ ਜੇਕਰ ਚੁੰਝ ਭਰ ਲਵੇ ਤਾਂ ਵਿਚੇ ਹੀ ਰਹਿ ਜਾਂਦਾ ਹੈ।

## ਜਨੁ ਧੰਨਾ ਲੇਵੈ ਮੰਗੀ ॥੨॥੪॥

ਭਗਤ ਧੰਨਾ ਜੀ ਕਹਿੰਦੇ ਹਨ, ਮੈਂ **ਜਨੁ** = ਦਾਸ ਨੇ ਤਾਂ ਇਹ ਚੀਜ਼ਾਂ ਮੰਗ ਹੀ ਲਈਆਂ ਹਨ ਆਪ ਜੀ ਪਾਸੋਂ। ਜਿਸ ਤਰ੍ਹਾਂ ਮਾਤਾ-ਪਿਤਾ ਪਾਸੋਂ ਬੱਚਾ ਮੰਗਦਾ ਸੰਕੋਚਦਾ ਨਹੀਂ, ਇਸ ਤਰ੍ਹਾਂ ਅਕਾਲ ਪੁਰਖ ਪਾਸੋਂ ਭਗਤ ਵੀ ਮੰਗ ਲੈਂਦੇ ਹਨ। ਭਾਵੇਂ ਕਿਤਨਾ ਵੀ ਬਿਰੱਕਤ ਹੋਵੇ, ਬਸਤਰ ਅਤੇ ਭੋਜਨ ਦੀ ਲੋੜ ਤਾਂ ਰਹਿੰਦੀ ਹੀ ਹੈ।

### *ਅੰਤ੍ਰੀਵ ਅਰਥ :*

ਭਗਤੀ ਕਰਨ ਲਈ ਜਿੰਨ੍ਹਾਂ-ਜਿੰਨ੍ਹਾਂ ਚੀਜ਼ਾਂ ਦੀ ਲੋੜ ਹੈ, ਉਹ-ਉਹ ਚੀਜ਼ਾਂ ਭਗਤ ਜੀ ਅਕਾਲ ਪੁਰਖ ਪਾਸੋਂ ਮੰਗਦੇ ਹਨ :—

## ਗੋਪਾਲ ਤੇਰਾ ਆਰਤਾ ॥

ਹੇ ਗੋਪਾਲ ! ਸਾਰੇ ਪਾਸਿਆਂ ਤੋਂ ਮੈਂ ਤੇਰੇ ਵਿਚ **ਆ** + **ਰਤਾ** = ਆ ਕੇ ਰੱਤਾ ਹਾਂ, ਵਾ :— ਹੇ ਗੋਪਾਲ ! ਮੈਂ ਤੇਰਾ ਆਰਤ (ਦੁਖੀ) ਭਗਤ ਹਾਂ। ਭਗਤ ਚਾਰ ਪ੍ਰਕਾਰ ਦੇ ਹੁੰਦੇ ਹਨ :—

੧. **ਅਰਥਾ-ਅਰਥੀ ਭਗਤ** :—ਭਾਵ ਪਦਾਰਥਾਂ ਦੀ ਇੱਛਾ ਵਾਲਾ, ਜਿਵੇਂ ਸੁਦਾਮਾ ਆਦਿਕਾਂ ਨੇ ਪਦਾਰਥਾਂ ਦੀ ਪ੍ਰਾਪਤੀ ਲਈ ਭਗਤੀ ਕੀਤੀ। ਯਥਾ :—

*'ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ ॥*
*ਅਮਰਾਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ ॥੧੬੩॥'*

[ਸਲੋਕ ਕਬੀਰ, ਅੰਗ—੧੩੭੩]

੨. **ਆਰਤ ਭਗਤ** :—ਜਿਵੇਂ ਧ੍ਰੂ ਭਗਤ ਦੁਖੀ ਹੋ ਕੇ, ਬਾਹਰ ਜਾ ਕੇ ਭਗਤੀ ਕਰਨ ਲੱਗਾ ਸੀ। ਯਥਾ :—

*'ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।*
*ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ।*
*ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ।*
*ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।*
*ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ।*
*ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।*

*ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।*
*ਨਾਰਦ ਮੁਨਿ ਉਪਦੇਸਿਆ ਨਾਮ ਨਿਧਾਨੁ ਅਮਿਓ ਰਸੁ ਪੀਤਾ।*
*ਪਿਛਹੁ ਰਾਜੇ ਸਦਿਆ ਅਬਿਚਲੁ ਰਾਜੁ ਕਰਹੁ ਨਿਤ ਨੀਤਾ।*
*ਹਾਰਿ ਚਲੇ ਗੁਰਮੁਖਿ ਜਗ ਜੀਤਾ ॥੧॥'* [ਭਾਈ ਗੁਰਦਾਸ ਜੀ, ਵਾਰ-੧੦]

੩. **ਜਗਿਆਸੂ, ਵਾ: ਅਨੰਨ ਭਗਤ** :—ਜੋ ਗਿਆਨ ਦੀ ਇੱਛਾ ਵਾਲਾ ਹੈ, ਉਹ ਜਗਿਆਸੂ ਹੈ, ਅਨੰਨ ਭਗਤ ਜਿਵੇਂ ਪ੍ਰਹਿਲਾਦ, ਭਾਈ ਮੰਝ ਆਦਿਕਾਂ ਨੇ ਇਕ ਰਸ ਭਗਤੀ ਕੀਤੀ।

੪. **ਗਿਆਨੀ ਭਗਤ** :—ਜੋ ਗਿਆਨਵਾਨ ਹੋ ਕੇ ਫਿਰ ਭਗਤੀ ਕਰਦਾ ਹੈ; ਕਬੀਰ ਸਾਹਿਬ ਜੀ, ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਸਾਹਿਬ ਜੀ ਵਾਂਗ। ਜਿਵੇਂ ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿਚ ਅਰਜਨ ਪ੍ਰਤੀ ਕਿਹਾ ਹੈ :—

*'ਚਤੁਰ ਵਿਧਾ ਭਜੰਤੇ ਮਾਂ ਜਨਾਹ ਸੁਕ੍ਰਿਤੀਨੋ ਅਰਜੁਨ।*
*ਆਰਤੋ ਜਗਿਆਸੁਰ ਅਰਥਾ ਅਰਥੀ ਗਿਆਨੀ ਚ ਭਰਤ ਰਸ਼ਭ ॥੧੬॥'*
[ਗੀਤਾ, ਅਧਿਆਇ-੭]

ਹੇ **ਭਰਤ** = ਭਰਥ ਕੁਲ ਵਿਖੇ **ਰਸ਼ਭ** = ਸ੍ਰੇਸ਼ਟ ਅਰਜਨ! **ਸੁਕ੍ਰਿਤੀਨੋ** = ਉੱਤਮ ਕਰਮ ਵਾਲੇ; ਅਰਥਾ-ਅਰਥੀ, ਆਰਤ, ਜਗਿਆਸੂ ਅਤੇ ਗਿਆਨੀ ਐਸੇ **ਚਤੁਰ** + **ਵਿਧਾ** = ਚਾਰ ਪ੍ਰਕਾਰ ਦੇ ਭਗਤ ਜਨ **ਮਾਂ** = ਮੈਨੂੰ **ਭਜੰਤੇ** = ਯਾਦ ਕਰਦੇ ਹਨ।

ਸੋ, ਹੇ ਗੋਪਾਲ! ਮੈਂ ਤੇਰਾ ਆਰਤ ਭਗਤ ਹਾਂ। **ਆ** = ਸਰਬ ਓਰ ਸੇ **ਰਤ** = ਪ੍ਰੀਤੀ ਕਰਨੇ ਵਾਲਾ।

**ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ਰਹਾਉ॥**

ਧੰਨੇ ਨੇ ਕਿਹਾ, ਜੀ! ਮੈਂ ਸੁਣਿਆ ਹੈ, ਜੋ ਪੁਰਸ਼ ਤੁਹਾਡੀ ਭਗਤੀ ਕਰਦੇ ਹਨ, ਆਪ ਜੀ ਉਹਨਾਂ ਦੇ ਸਾਰੇ ਕਾਰਜਾਂ ਨੂੰ ਸਵਾਰਦੇ ਹੋ। ਜਿਸ ਤਰ੍ਹਾਂ ਪ੍ਰਹਿਲਾਦ ਦੀ ਰੱਖਿਆ ਕੀਤੀ, ਧ੍ਰੂ ਨੂੰ ਅਟੱਲ ਪਦਵੀ ਬਖ਼ਸ਼ੀ, ਕਬੀਰ ਜੀ ਦਾ ਯੱਗ ਸੰਪੂਰਨ ਕੀਤਾ, ਨਾਮਦੇਵ ਜੀ ਦੀ ਛੱਪਰੀ ਬੰਨ੍ਹੀ, ਮੋਈ ਹੋਈ ਗਊ ਜਿਊਂਦੀ ਕੀਤੀ ਅਤੇ ਦੇਹੁਰਾ ਫੇਰਿਆ। ਯਥਾ :—

੧. *'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥'*
[ਆਸਾ ਮਹਲਾ ੪, ਅੰਗ–੪੫੧]

੨. *'ਗਾਇ ਮੁਈ ਜੀਵਾਲੀਓਨੁ ਨਾਮਦੇਉ ਦਾ ਛਪਰ ਛਾਇਆ।*
*ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।'*
[ਭਾਈ ਗੁਰਦਾਸ ਜੀ, ਵਾਰ-੧੦, ਪਉੜੀ-੧੧]

ਇਤਿਆਦਿਕ ਭਗਤਾਂ ਦੇ ਅਨੇਕਾਂ ਕਾਰਜ ਸਵਾਰਦੇ ਹੋ, ਮੇਰਾ ਕਾਰਜ ਵੀ ਅਧੂਰਾ ਹੈ, ਆਪ ਜੀ ਪੂਰਾ ਕਰੋ :—

## ਦਾਲਿ ਸੀਧਾ ਮਾਗਉ ਘੀਉ ॥

**ਦਾਲਿ** = ਦ੍ਵੈਤ ਦਾ ਦਲਣਾ, ਵਾ :—ਆਧੀ, ਬਿਆਧੀ, ਉਪਾਧੀ ਰੂਪ ਤਿੰਨਾਂ ਰੋਗਾਂ ਨੂੰ **ਦਾਲਿ** = ਦਲਣਾ ਮੰਗਦਾ ਹਾਂ, ਕਿਉਂਕਿ ਅਰੋਗਤਾ ਦੇ ਸਹਿਤ ਹੋ ਕੇ ਹੀ ਆਪ ਜੀ ਦੀ ਆਰਤੀ ਕੀਤੀ ਜਾਵੇਗੀ। **ਸੀਧਾ** = ਆਪਣੇ ਕੁਟਲ ਮਨ ਨੂੰ ਸਿੱਧਾ ਹੋਇਆ ਮੰਗਦਾ ਹਾਂ, ਭਾਵ ਮਨ ਨੂੰ ਜੋ ਤੁਹਾਡੇ ਸਨਮੁਖ ਰੱਖਣਾ ਹੈ, ਇਹ ਸੀਧਾ ਮੰਗਦਾ ਹਾਂ। **ਮਾਗਉ ਘੀਉ** = ਪ੍ਰੇਮ ਰੂਪ ਘਿਉ ਮੰਗਦਾ ਹਾਂ, ਕਿਉਂਕਿ ਪ੍ਰੇਮ ਤੋਂ ਬਿਨਾਂ ਤਾਂ ਆਪ ਜੀ ਦੀ ਆਰਤੀ ਹੋ ਹੀ ਨਹੀਂ ਸਕਦੀ। ਯਥਾ :—

੧. *'ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨਹੀ ਪ੍ਰਭੁ ਪਾਇਓ ॥੯॥੨੯॥'*
[ਦਸਮ, ਅੰਗ—੧੪]

੨. *'ਪ੍ਰੀਤ ਕਰੇ ਪ੍ਰਭੁ ਪਾਯਤ ਹੈ..... ॥੧੦੦॥'* [ਦਸਮ, ਅੰਗ—੪੬]

## ਹਮਰਾ ਖੁਸੀ ਕਰੈ ਨਿਤ ਜੀਉ ॥

ਤਾਂ ਅਸਾਡਾ ਜੀਅ ਨਿਤਾਪ੍ਰਤੀ ਖ਼ੁਸ਼ੀਆਂ ਨੂੰ ਕਰੇਗਾ, ਵਾ :—ਮੇਰਾ ਜੀਵ-ਆਤਮਾ ਵੀ ਪ੍ਰਸੰਨ ਹੋ ਕੇ ਹਮੇਸ਼ਾ ਆਪ ਜੀ ਦੀ ਭਗਤੀ ਹੀ ਕਰਦਾ ਰਹੇ।

## ਪਨੀਆ ਛਾਦਨੁ ਨੀਕਾ ॥

**ਪਨੀਆ** = ਆਪ ਜੀ ਦੀ ਪਨਾਹ (ਸ਼ਰਨ) ਮੰਗਦਾ ਹਾਂ। **ਛਾਦਨੁ ਨੀਕਾ** = ਸਾਰਿਆਂ ਤੋਂ ਚੰਗਾ ਖਿਮਾ ਰੂਪ, ਵਾ :—ਪ੍ਰੇਮ ਰੂਪ ਕੱਪੜਾ, ਅਥਵਾ :—ਪ੍ਰਮੇਸ਼ਰ ਦਾ ਨਾਮ ਉਚਾਰਨ ਰੂਪ ਕੱਪੜਾ ਮੰਗਦਾ ਹਾਂ। ਯਥਾ :—

*'.....ਪਰਮੇਸਰੁ ਪਟੁ ਲੇਈ ॥'* [ਆਸਾ ਮਹਲਾ ੧, ਅੰਗ—੩੫੯]

ਵਾ :—ਸਿਫਤ ਸਰਮ ਧਾਰਨ ਰੂਪ ਕੱਪੜਾ ਮੰਗਦਾ ਹਾਂ, ਜਿਸ ਕਰਕੇ ਲੋਕ-ਪ੍ਰਲੋਕ ਵਿਚ ਇੱਜ਼ਤ ਬਣੀ ਰਹੇ। ਯਥਾ :—

*'ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ ॥੪॥੭॥'*
[ਪ੍ਰਭਾਤੀ ਮਹਲਾ ੧, ਅੰਗ—੧੩੨੯]

## ਅਨਾਜੁ ਮਗਉ ਸਤ ਸੀਕਾ ॥੧॥

(ੳ) **ਅਨ** + **ਅਜੁ** = ਅੱਜ ਇਕ **ਅਨ** = ਹੋਰ ਵਸਤੂ ਮੰਗਦਾ ਹਾਂ ਕਿ ਸਾਰੇ ਸੰਸਾਰ ਵਿਚ **ਸਤ ਸੀਕਾ** = ਸੱਤ ਦਾ ਸਿੱਕਾ ਚੱਲੇ, ਭਾਵ ਧਰਮ ਦਾ ਰਾਜ ਹੋਵੇ, ਸੱਚ ਦਾ ਹੀ ਚਾਰੇ ਪਾਸੇ ਬੋਲ-ਬਾਲਾ ਹੋਵੇ।

(ਅ) **ਅਜੁ** = ਮਾਇਆ ਤੋਂ **ਅਨ** = ਰਹਿਤ ਹੋਣਾ ਮੰਗਦਾ ਹਾਂ ਅਤੇ **ਸਤ ਸੀਕਾ** = ਸੀਤ ਸੁਭਾਅ ਦਾ ਗ੍ਰਹਿਣ ਕਰਨਾ ਮੰਗਦਾ ਹਾਂ।

## ਗਊ ਭੈਸ ਮਗਉ ਲਾਵੇਰੀ ॥

**ਭੈ** + **ਸ** = ਭੈ ਦੇ ਸਹਿਤ ਹੋ ਕੇ ਆਪ ਜੀ ਦੇ ਗੁਣਾਂ ਨੂੰ **ਗਊ** = ਗਾਇਨ ਕਰਨ ਵਿਚ **ਲਾਵੇਰੀ** = ਲਿਵ ਲਗਾਉਣੀ ਮੰਗਦਾ ਹਾਂ। ਕਿਉਂਕਿ :—

੧. *'ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥'*

[ਵਾਰ ਸੂਹੀ ਕੀ ਮਹਲਾ ੩, ਅੰਗ—੭੮੮]

੨. *'ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ ॥੨॥'*

[ਵਾਰ ਮਾਝ ਕੀ, ਮ: ੩, ਅੰਗ—੧੪੮]

ਅਥਵਾ :—ਖਿਮਾ ਰੂਪ ਗਊ, ਧੀਰਜ ਰੂਪ ਮੱਝ, ਸੰਤੋਖ ਰੂਪ ਵੱਛਾ, ਸਹਿਜ ਰੂਪ ਕੱਟਾ ਮੰਗਦਾ ਹਾਂ। ਯਥਾ :—

*'ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ ॥'*

[ਪ੍ਰਭਾਤੀ ਮਹਲਾ ੧, ਅੰਗ—੧੩੨੯]

ਹੁਣ **ਵੇਰੀ** = ਦੇਰੀ ਨਾ **ਲਾ** = ਲਾਓ, ਕਿਉਂਕਿ :—

*'ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥'*

[ਸੋਰਠਿ ਮਹਲਾ ੯, ਅੰਗ—੬੩੧-੩੨]

## ਇਕ ਤਾਜਨਿ ਤੁਰੀ ਚੰਗੇਰੀ ॥

**ਇਕ ਤਾ** + **ਜਨਿ** = ਇਕ ਤਾਂ ਇਸ ਜਨ ਤਾਈਂ **ਤੁਰੀ** = ਤੁਰੀਆ ਅਵਸਥਾ ਜੋ **ਚੰਗੇਰੀ** = ਚੰਗੀ ਹੈ, ਦੇਣਾ ਕਰੋ, ਵਾ :—ਤੁਰੀਆ ਅਵਸਥਾ ਵਿਚ ਲਿਜਾਣ ਵਾਲੀ ਸਭ ਸਾਧਨਾਂ ਤੋਂ ਚੰਗੀ ਜੋ ਏਕਤਾ ਹੈ, ਉਸਨੂੰ ਮੈਂ ਜਨ ਮੰਗਦਾ ਹਾਂ।

ਗਿਆਨ ਦੀਆਂ ਸੱਤ ਭੂਮਿਕਾਂ :—੧. ਸੁਭ ਇੱਛਾ, ੨. ਸੁ-ਵਿਚਾਰਨਾ, ੩. ਤਨੂ ਮਾਨਸਾ, ੪. ਸੱਤੁਆਪਤ, ੫. ਅਸੰਸਕਤ, ੬. ਪਦਾਰਥਾ ਭਾਵਨੀ, ੭. ਜੋ ਤੁਰੀਆ ਪਦ ਰੂਪ ਭੂਮਿਕਾ* ਹੈ, ਇਹ ਚੰਗੀ ਘੋੜੀ ਬਖ਼ਸ਼ ਦਿਉ ਜੀ!

**ਘਰ ਕੀ ਗੀਹਨਿ ਚੰਗੀ ॥**

**ਘਰ** = ਸਰੂਪ ਦੇ ਗ੍ਰਹਿਣ ਕਰਾਉਣ ਵਾਲੀ ਆਤਮ-ਵਿਸ਼ੈਣੀ ਬੁੱਧੀ ਰੂਪ ਚੰਗੀ **ਗੀਹਨਿ** = ਇਸਤ੍ਰੀ ਬਖ਼ਸ਼ ਦਿਉ। ਯਥਾ :—

੧. *'ਉਤਮ ਮਤਿ ਮੇਰੈ ਰਿਦੈ ਤੂੰ ਆਉ ॥*
*ਧਿਆਵਉ ਗਾਵਉ ਗੁਣ ਗੋਵਿੰਦਾ ਅਤਿ ਪ੍ਰੀਤਮ ਮੋਹਿ ਲਾਗੈ ਨਾਉ ॥੧॥'*
[ਆਸਾ ਮਹਲਾ ੫, ਅੰਗ—੩੭੭]

੨. *'ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥'*
[ਸੂਹੀ ਮਹਲਾ ੫, ਅੰਗ—੭੭੯]

੩. *'ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥*
*ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥*
*ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥'*
[ਸਿਰੀ ਰਾਗੁ ਮਹਲਾ ੧, ਅੰਗ—੧੭]

ਕਿਉਂਕਿ ਮਾੜੀ ਬੁੱਧੀ ਵਾਲੇ ਨਾਮ ਨਹੀਂ ਜਪ ਸਕਦੇ; ਚੋਰੀਆਂ, ਯਾਰੀਆਂ, ਠੱਗੀਆਂ ਹੀ ਕਰਦੇ ਹਨ। ਇਸ ਲਈ ਸਾਨੂੰ ਮਾੜੀ ਬੁੱਧੀ ਨਹੀਂ ਚਾਹੀਦੀ, ਕਿਰਪਾ ਕਰਕੇ ਆਤਮ-ਵਿਸ਼ੈਣੀ ਬੁੱਧੀ ਬਖ਼ਸ਼ੋ ਜੀ!

**ਜਨੁ ਧੰਨਾ ਲੇਵੈ ਮੰਗੀ ॥੨॥੪॥**

ਹੇ ਸੱਚੇ ਪਾਤਸ਼ਾਹ! ਮੈਂ ਆਪ ਜੀ ਦਾ **ਜਨੁ** = ਦਾਸ ਧੰਨਾ, ਇਹ ਵਸਤੂਆਂ ਆਪ ਜੀ ਪਾਸੋਂ ਮੰਗਦਾ ਹਾਂ, ਜਿੰਨ੍ਹਾਂ ਗੁਣਾਂ ਕਰਕੇ ਮੈਂ ਆਪ ਜੀ ਦੇ ਦਰ 'ਤੇ ਪ੍ਰਵਾਨ ਹੋ ਸਕਾਂ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹ॥

---

* ਸੱਤ ਭੂਮਿਕਾਂ ਦਾ ਵਿਸਥਾਰ ਇਸ ਪੋਥੀ ਦੇ ਪਹਿਲੇ ਭਾਗ ਵਿਚ ੩੩੧ ਪੰਨੇ 'ਤੇ ਪੜ੍ਹੋ ਜੀ।

## ੪੬.

### ਜੈਤਸਰੀ ਮਹਲਾ ੪ ॥ [ਅੰਗ–੬੯੭]

ਇਸ ਸ੍ਰੀ ਮੁਖਵਾਕ ਦੁਆਰਾ ਹਜ਼ੂਰ ਨਾਮ ਤੋਂ ਹੀਣੇ ਪੁਰਸ਼ਾਂ ਦੀ ਹਾਲਤ ਦੱਸਦੇ ਹਨ :—

### ਜਿਨ ਹਰਿ ਹਿਰਦੈ ਨਾਮੁ ਨ ਬਸਿਓ

ਜਿੰਨ੍ਹਾਂ ਦੇ ਹਿਰਦੇ ਵਿਚ **ਹਰਿ** = ਵਾਹਿਗੁਰੂ ਦਾ ਨਾਮ ਨਹੀਂ ਵੱਸਿਆ। ਜਿੰਨ੍ਹਾਂ ਨੇ ਹੋਰ ਵਿਸ਼ੇ-ਵਿਕਾਰਾਂ ਨੂੰ ਧਾਰਨ ਕੀਤਾ ਹੈ, ਉਹਨਾਂ ਨੱਕ ਵੱਢਿਆਂ ਦੇ ਕੀਤੇ ਹੋਏ ਸਾਰੇ ਕੰਮ ਨਿਸਫਲ ਹਨ। ਯਥਾ :—

*'ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰਜ ਫੀਕ ॥*
*ਜੈਸੇ ਸੀਗਾਰੁ ਕਰੈ ਦੇਹ ਮਾਨੁਖ ਨਾਮ ਬਿਨਾ ਨਕਟੇ ਨਕ ਕੀਕ ॥੩॥'*

[ਪ੍ਰਭਾਤੀ ਮਹਲਾ ੪, ਅੰਗ–੧੩੩੬]

### ਤਿਨ ਮਾਤ ਕੀਜੈ ਹਰਿ ਬਾਂਝਾ ॥

ਹੇ ਹਰੀ ! ਜੇ ਉਹਨਾਂ ਦੀ ਮਾਂ ਨੂੰ **ਬਾਂਝਾ** = ਸੰਢ* ਕਰ ਦਿੰਦਾ ਤਾਂ ਚੰਗਾ ਸੀ, ਕਿਉਂਕਿ ਐਸਾ ਨਾਮ ਤੋਂ ਹੀਣਾ ਪੁਰਸ਼ ਪੈਦਾ ਹੀ ਨਾ ਕਰਦੀ। ਯਥਾ :—

੧. *'ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥੧॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥੧॥'* [ਗਉੜੀ ਕਬੀਰ ਜੀ, ਅੰਗ–੩੨੮]

੨. *'ਜਨਨੀ ਜਨੈ ਤ ਭਗਤ ਜਨ ਕੈ ਦਾਤਾ ਕੈ ਸੂਰ।*
*ਨਹੀਂ ਤਾਂ ਜਨਨੀ ਬਾਂਝ ਰਹੇ ਕਾਹਿ ਗਵਾਵਹਿ ਨੂਰ।'*

[ਸਮੁੰਦਰੀ ਗ੍ਰੰਥ, ਸੂਰਦਾਸ ਜੀ]

ਮਾਤਾ ਨੂੰ ਚਾਹੀਦਾ ਹੈ ਕਿ ਪ੍ਰਮੇਸ਼ਰ ਦਾ ਭਗਤ ਪੈਦਾ ਕਰੇ, ਜੋ ਸਭ ਤੋਂ ਉੱਤਮ ਹੈ। ਜੇ ਭਗਤ ਨਹੀਂ ਪੈਦਾ ਕਰ ਸਕਦੀ ਤਾਂ ਦਾਤਾ ਪੈਦਾ ਕਰੇ। ਜੇ ਦਾਤਾ ਵੀ ਨਹੀਂ ਪੈਦਾ ਕਰ ਸਕਦੀ ਤਾਂ ਸੂਰਮਾ ਪੈਦਾ ਕਰੇ। ਜੇ ਤਿੰਨਾਂ ਵਿਚੋਂ ਕੋਈ ਵੀ ਪੈਦਾ ਨਹੀਂ ਕਰ ਸਕਦੀ

---

* ਜਿਸ ਇਸਤ੍ਰੀ ਨੂੰ ਸੰਤਾਨ ਪੈਦਾ ਨਾ ਹੋਵੇ, ਉਸਨੂੰ ਵੰਝਿਆ ਜਾਂ ਸੰਢ ਕਹੀਦਾ ਹੈ।

ਤਾਂ ਵੰਝਿਆ ਹੀ ਰਹੇ, ਕਿਉਂਕਿ ਆਪਣੇ ਚਿਹਰੇ ਦੀ ਸੋਭਾ ਕਿਉਂ ਨਸ਼ਟ ਕਰਨੀ ਹੈ ?

ਮਹਾਂਪੁਰਸ਼ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ ਭਗਤ ਵੀ, ਦਾਤੇ ਵੀ ਅਤੇ ਸੂਰਮੇ ਵੀ ਸਨ। ਪ੍ਰਮੇਸ਼ਰ ਦੇ ਪਿਆਰਿਆਂ ਦੀ ਮਾਤਾ ਬਾਬਤ ਤਾਂ ਇਉਂ ਫ਼ੁਰਮਾਨ ਹੈ :—

੧. *'ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥*
*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥'*

[ਆਸਾ ਸੇਖ ਫਰੀਦ ਜੀ, ਅੰਗ—੪੮੮]

੨. *'ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥*
*ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥*
*ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ ॥੧॥'*

[ਸਿਰੀ ਰਾਗੁ ਮਹਲਾ ੩, ਅੰਗ—੩੨]

੩. *'ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥*
*ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ,*
*ਸੇ ਸਾਚੀ ਦਰਗਹ ਹਰਿ ਜਨ ਬਣੇ ॥੩॥'*

[ਭੈਰਉ ਮਹਲਾ ੪, ਅੰਗ—੧੧੩੫-੩੬]

ਨਾਮ-ਸਿਮਰਨ ਦੇ ਬਰਾਬਰ ਹੋਰ ਕੋਈ ਵੀ ਸਾਧਨ ਨਹੀਂ ਹੋ ਸਕਦਾ। ਯਥਾ :—

੧. *'ਸਲੋਕੁ ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥'*

[ਗਉੜੀ ਸੁਖਮਨੀ ਮ: ੫, ਅੰਗ—੨੬੫]

੨. *'ਡਖਣਾ ॥ ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥'*

[ਸਿਰੀ ਰਾਗੁ ਮਹਲਾ ੫, ਅੰਗ—੮੧]

੩. *'ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭ ਕੂੜੁ ਗਾਲ੍ਹੀ ਹੋਛੀਆ ॥'* [ਸੂਹੀ ਮਹਲਾ ੫, ਅੰਗ—੭੬੧]

੪. *'ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥*
*ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥'*

[ਧਨਾਸਰੀ ਮਹਲਾ ੧, ਅੰਗ—੬੬੩]

ਨਾਮ ਤੋਂ ਹੀਣਿਆਂ ਬਾਬਤ ਗੁਰੂ ਜੀ ਇਉਂ ਫੁਰਮਾਉਂਦੇ ਹਨ :—

੧. *'ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥੨॥'*
[ਗਉੜੀ ਮਹਲਾ ੫, ਅੰਗ—੨੩੯]

੨. *'ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥.....*
*ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥'*
[ਗਉੜੀ ਮਹਲਾ ੫, ਅੰਗ—੨੪੦]

ਜਿਹੜੇ ਨਾਮ ਜਪਦੇ ਹਨ, ਉਹਨਾਂ ਬਾਬਤ ਤਾਂ ਸਤਿਗੁਰੂ ਜੀ ਇਉਂ ਫੁਰਮਾਉਂਦੇ ਹਨ :—

੧. *'ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤ੍ਰੁ ਹਹਿ*
*ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥'*
[ਸੋਰਠਿ ਕੀ ਵਾਰ ਮਹਲਾ ੪, ਅੰਗ—੬੪੮]

੨. *'ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥'*
[ਆਸਾ ਮਹਲਾ ੫, ਅੰਗ—੩੯੭]

੩. *'ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥'*
[ਵਡਹੰਸੁ ਮਹਲਾ ੧, ਅੰਗ—੫੭੯]

੪. *'ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥'*
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੨]

ਸਤਿਗੁਰੂ ਜੀ ਨਾਮ ਜਪਣ ਲਈ ਇਉਂ ਹੁਕਮ ਕਰਦੇ ਹਨ :—

੧. *'ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥.....*
*ਮਨ ਰੁਤਿ ਨਾਮ ਰੇ ॥'* [ਬਸੰਤੁ ਮਹਲਾ ੫, ਅੰਗ—੧੧੮੫]

੨. *'ਕੂਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥੫॥'*
[ਮਾਰੂ ਸੋਲਹੇ ਮਹਲਾ ੫, ਅੰਗ—੧੦੭੫]

੩. *'ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥*
*ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥'*
[ਪ੍ਰਭਾਤੀ ਕਬੀਰ ਜੀ, ਅੰਗ—੧੩੪੯]

ਇਸ ਲਈ ਸਤਿਗੁਰਾਂ ਤੋਂ ਨਾਮ ਹੀ ਮੰਗੀਏ :—

੧. *'ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥'*
[ਗਉੜੀ ਸੁਖਮਨੀ ਮਃ ੫, ਅੰਗ—੨੮੯]

੨. *'ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ,*
*ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥'* [ਸੋਰਠਿ ਮਹਲਾ ੧, ਅੰਗ—੫੯੭]

੩. *'ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥*
*ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥੮॥'*
[ਸੂਹੀ ਮਹਲਾ ੧, ਅੰਗ—੭੫੩]

੪. *'ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥'*
[ਸੂਹੀ ਮਹਲਾ ੫, ਅੰਗ—੭੬੨]

੫. *'ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥'*
[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੫੮]

੬. *'ਕਰਤਾ ਤੂ ਮੇਰਾ ਜਜਮਾਨੁ ॥*
*ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥'*
[ਪ੍ਰਭਾਤੀ ਮਹਲਾ ੧, ਅੰਗ—੧੩੨੯]

੭. *'ਮਾਗਉ ਦਾਨੁ ਠਾਕੁਰ ਨਾਮ ॥*
*ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥*
[ਟੋਡੀ ਮਹਲਾ ੫, ਅੰਗ—੭੧੩]

੮. *'ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ ॥*
*ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥'*
[ਰਾਗੁ ਧਨਾਸਿਰੀ ਮਹਲਾ ੩, ਅੰਗ—੬੬੬]

੯. *'ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥*
*ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥'*
[ਸੂਹੀ ਮਹਲਾ ੧, ਅੰਗ—੭੫੨]

**ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ॥੧॥**

ਜੋ ਨਾਮ ਤੋਂ ਬਿਨਾਂ ਤੁਰੇ ਫਿਰਦੇ ਹਨ, ਉਹਨਾ ਦੀ ਦੇਹ ਸ਼ਰਧਾ ਆਦਿਕ ਸ਼ੁਭ ਗੁਣਾਂ ਤੋਂ ਖ਼ਾਲੀ ਹੈ। ਤਿਨ੍ਹਾਂ ਦੀ ਰੂਹ ਨੂੰ ਪ੍ਰਵੇਸ਼ ਹੋਣ ਲਈ ਦੇਹ ਨਹੀਂ ਮਿਲਦੀ, ਉਹ ਬਿਨਾਂ ਦੇਹ ਤੋਂ ਭੂਤਨੇ ਬਣ ਕੇ ਤੁਰੇ-ਫਿਰਦੇ ਹਨ। ਯਥਾ :—

੧. *'ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ ਸਤਜੁਗਿ ਪਰਮਹੰਸ ਬੀਚਾਰੀ॥'*
[ਭੈਰਉ ਮਹਲਾ ੩, ਅੰਗ—੧੧੩੧]

੨. *'ਸਲੋਕ ਮਃ ੧॥ ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥੧॥'*
[ਬਿਹਾਗੜੇ ਕੀ ਵਾਰ ਮਹਲਾ ੪, ਅੰਗ—੫੫੬]

**ਓਇ** = ਉਹ ਰਾਜਸੀ **ਕਰਾਂਝਾ** = ਝਗੜਿਆਂ, ਵਾ :—ਸੰਸਾਰਿਕ ਧੰਧਿਆਂ ਵਿਚ ਖਚਤ ਹੋ-ਹੋ ਕੇ, ਵਾ :—**ਕਰਾਂਝਾ** = ਕੁਰਲਾਂਦੇ ਹੋਏ, ਵਾ :—ਕਲਪਨਾ ਕਰਦੇ ਹੋਏ, ਜਿਵੇਂ ਕਰੰਝੂਏ ਮੀਚਕੇ ਦੇ ਬੂਟੇ ਦੇ ਕੰਡਿਆਂ ਵਿਚ ਸੱਪ ਫਸ ਕੇ ਮਰ ਜਾਂਦਾ ਹੈ, ਐਸੇ ਹੀ ਵਿਕਾਰਾਂ ਰੂਪ ਕਰੰਝੂਏ ਮੀਚਕੇ ਦੇ ਵਣ ਵਿਚ ਖਪ-ਖਪ ਕੇ ਮਰਦੇ ਹਨ।

**ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ॥**

ਹੇ ਮੇਰੇ ਮਨ ! ਹਿਰਦੇ **ਮਾਝਾ** = ਵਿਚ **ਰਾਮ** = ਰਮੇ ਹੋਏ ਹਰੀ ਦੇ ਨਾਮ ਨੂੰ ਜਪਣਾ ਕਰ।

**ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ,**
**ਗੁਰਿ ਗਿਆਨੁ ਦੀਓ ਮਨੁ ਸਮਝਾ॥ਰਹਾਉ॥**

ਹਰ ਇਕ ਨੂੰ ਹਰੇ-ਭਰੇ ਕਰਨ ਵਾਲੇ ਕ੍ਰਿਪਾਲੂ ਪ੍ਰਭੂ ਨੇ ਜਦੋਂ ਕਿਰਪਾ ਕੀਤੀ ਤਾਂ ਗੁਰ ਨੇ **ਗਿਆਨੁ** = ਅਪ੍ਰੋਖ ਗਿਆਨ ਬਖ਼ਸ਼ ਦਿੱਤਾ, ਜਿਸ ਗਿਆਨ ਕਰਕੇ ਭੁੱਲਿਆ ਹੋਇਆ ਮਨ ਸਮਝ ਗਿਆ। ਯਥਾ :—

੧. *'ਭੂਲਿਓ ਮਨੁ ਮਾਇਆ ਉਰਝਾਇਓ॥*
*ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥'*
[ਜੈਤਸਰੀ ਮਹਲਾ ੯, ਅੰਗ—੭੦੨]

੨. *'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥'*
[ਆਸਾ ਮਹਲਾ ੩, ਅੰਗ—੪੪੧]

## ਹਰਿ ਕੀਰਤਿ ਕਲਜੁਗਿ ਪਦੁ ਊਤਮੁ

**ਹਰਿ** = ਪ੍ਰਮੇਸ਼ਰ ਦਾ ਜੋ ਕੀਰਤਨ ਹੈ, ਇਹੀ ਕਲਜੁਗ ਵਿਚ ਉੱਤਮ ਪਦਵੀ ਬਖ਼ਸ਼ਣ ਵਾਲਾ ਹੈ। ਯਥਾ :—

੧. *'ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥੬॥'*
[ਮਾਰੂ ਸੋਲਹੇ ਮਹਲਾ ੫, ਅੰਗ—੧੦੭੫-੭੬]

੨. *'ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥*
*ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥੨॥'*
[ਕਾਨੜਾ ਮਹਲਾ ੫, ਅੰਗ—੧੩੦੦]

੩. *'ਸਲੋਕੁ ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥'*
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੬]

੪. *'ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥*
*ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥'*
[ਗਉੜੀ ਮਹਲਾ ੫, ਅੰਗ—੨੧੪]

੫. *'ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥*
*ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥'* [ਗਉੜੀ ਮਹਲਾ ੫, ਅੰਗ—੧੯੦]

੬. *'ਹਰਿ ਦਿਨੁ ਰੈਣਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥'*
[ਸੋਰਠਿ ਮਹਲਾ ੫, ਅੰਗ—੬੨੩]

## ਹਰਿ ਪਾਈਐ ਸਤਿਗੁਰ ਮਾਝਾ ॥

ਹਰੀ ਦਾ ਕੀਰਤਨ ਸਤਿਗੁਰਾਂ ਦੇ (ਹਿਰਦੇ) **ਮਾਝਾ** = ਵਿਚੋਂ, ਭਾਵ ਪਾਸੋਂ ਪਾਈਦਾ ਹੈ।

## ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥

ਆਪਣੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਤਿਨ੍ਹਾਂ ਤੋਂ **ਹਉ** = ਮੈਂ ਬਲਿਹਾਰ ਜਾਂਦਾ ਹਾਂ; ਜਿਨ੍ਹਾਂ ਨੇ ਮੈਨੂੰ ਗੁਪਤ ਨਾਮ ਪ੍ਰਗਟ ਕਰ ਦਿੱਤਾ ਹੈ।

*'ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ॥*
*ਧੂੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥੧॥'*

[ਮਾਰੂ ਮਹਲਾ ੧, ਅੰਗ—੧੦੨੬]

ਜਦੋਂ ਕੋਈ ਵੀ ਸੰਸਾਰ ਦੀ ਰਚਨਾ ਨਹੀਂ ਸੀ ਰਚੀ, ਉਸ ਸਮੇਂ ਪ੍ਰਮੇਸ਼ਰ ਨੇ ਵਾਹਿਗੁਰੂ ਮੰਤ੍ਰ ਦਾ ਜਾਪ ਕੀਤਾ ਸੀ, ਅਤੇ ਉਸੇ ਵਾਹਿਗੁਰੂ ਮੰਤ੍ਰ ਦੇ ਇਕ-ਇਕ ਅੱਖਰ ਦਾ ਜਾਪ ਚਹੁੰ ਜੁਗਾਂ ਵਿਚ ਬਖ਼ਸ਼ਿਆ, ਪਰ ਵਾਹਿਗੁਰੂ ਮੰਤ੍ਰ ਅਲੋਪ ਹੀ ਰੱਖਿਆ। ਯਥਾ :—

*'ਨਾਮੁ ਰਤਨੁ ਲੈ ਗੁਝਾ ਰਖਿਆ ॥'* [ਮਾਝ ਮਹਲਾ ੫, ਅੰਗ—੧੩੦]

ਫਿਰ ਅਕਾਲ ਪੁਰਖ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਧਾਰ ਕੇ ਵਾਹਿਗੁਰੂ ਮੰਤ੍ਰ ਪ੍ਰਗਟ ਕੀਤਾ ਹੈ। ਯਥਾ :—

*'ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।'*

[ਭਾਈ ਗੁਰਦਾਸ ਜੀ, ਵਾਰ-੧੨, ਪਉੜੀ-੧੭]

ਜਿਸ ਤਰ੍ਹਾਂ ਪਾਣੀ ਹੁੰਦਾ ਤਾਂ ਧਰਤੀ ਵਿਚ ਹੀ ਹੈ, ਪਰ ਅਲੋਪ ਹੁੰਦਾ ਹੈ, ਇਸ ਤਰ੍ਹਾਂ ਹੀ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਦੇ ਨਾਮ ਦਾ ਸਿਮਰਨ ਹੋ ਰਿਹਾ ਹੈ। ਯਥਾ :—

੧. *'ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥*
*ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥'*

[ਮਾਰੂ ਸੋਲਹੇ ਮਹਲਾ ੫, ਅੰਗ—੧੦੭੮-੭੯]

੨. *'ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸਕਾ ਬਿਸ੍ਰਾਮੁ ॥'*

[ਗਉੜੀ ਸੁਖਮਨੀ ਮਃ ੫, ਅੰਗ—੨੯੩]

ਜਿਨ੍ਹਾਂ 'ਤੇ ਸਤਿਗੁਰੂ ਜੀ ਕਿਰਪਾ ਕਰਦੇ ਹਨ, ਉਨ੍ਹਾਂ ਤੋਂ ਮੁਖ ਦੁਆਰਾ ਸਿਮਰਨ ਕਰਾ ਕੇ ਅੰਦਰੋਂ ਨਾਮ ਦਾ ਸਿਮਰਨ ਪ੍ਰਗਟ ਕਰ ਦਿੰਦੇ ਹਨ। ਜਿਵੇਂ ਪਾਣੀ ਨਲਕੇ ਹੇਠਾਂ ਵੀ ਹੁੰਦਾ ਹੈ, ਪਰ ਉੱਪਰੋਂ ਪਾਣੀ ਪਾ ਕੇ ਹੱਥੀ ਹਿਲਾਉਣ ਦੇ ਨਾਲ ਹੀ ਵਿਚਲਾ ਪਾਣੀ ਬਾਹਰਲੇ ਪਾਣੀ ਨਾਲ ਮਿਲ ਕੇ ਨਿਕਲਨ ਲੱਗਦਾ ਹੈ, ਇਸੇ ਤਰ੍ਹਾਂ ਬਾਹਰੋਂ ਅਭਿਆਸ ਕਰਨ ਨਾਲ ਸਤਿਗੁਰੂ ਜੀ ਕਿਰਪਾ ਕਰਕੇ ਹਿਰਦੇ ਵਿਚੋਂ ਅਜਪਾ-ਜਾਪ ਦੀ ਧੁਨੀ ਪ੍ਰਗਟ ਕਰ ਦਿੰਦੇ ਹਨ।

## ਦਰਸਨੁ ਸਾਧ ਮਿਲਿਓ ਵਡਭਾਗੀ

ਵੱਡੇ ਭਾਗਾਂ ਕਰਕੇ ਸ੍ਰੇਸ਼ਟ ਸਤਿਗੁਰਾਂ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ। ਯਥਾ :—

੧. *'ਸਾਧ ਰੂਪ ਅਪਨਾ ਤਨੁ ਧਾਰਿਆ ॥ ਮਹਾ ਅਗਨਿ ਤੇ ਆਪਿ ਉਬਾਰਿਆ ॥*

[ਮਾਰੂ ਮਹਲਾ ੫, ਅੰਗ—੧੦੦੫]

੨. *'ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨਹੇਰਾ ॥੨॥'*
[ਬਿਲਾਵਲ ਮਹਲਾ ੫, ਅੰਗ—੮੨੭]

੩. *'ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥'*
[ਜੈਤਸਰੀ ਮਹਲਾ ੪, ਅੰਗ—੬੯੮]

**ਸਭਿ ਕਿਲਬਿਖ ਗਏ ਗਵਾੜਾ ॥**

ਸਾਰੇ **ਕਿਲਬਿਖ** = ਪਾਪ **ਗਏ ਗਵਾੜਾ** = ਗਏ-ਗਵਾਤੇ ਹੋ ਗਏ ਹਨ, ਅਥਵਾ :—ਜੋ ਪਾਪ ਗਵਾਉਣੇ ਯੋਗ ਸਨ, ਉਹ ਦੂਰ ਚਲੇ ਗਏ ਹਨ। ਕਿਲਬਿਖ ਪਾਪ ਇਹ ਹਨ :—

*'ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥'*
[ਸਲੋਕ ਮਹਲਾ ੩, ਅੰਗ—੧੪੧੩]

**ਸਤਿਗੁਰੁ ਸਾਹੁ ਪਾਇਆ ਵਡਦਾਣਾ ਹਰਿ ਕੀਏ ਬਹੁ ਗੁਣ ਸਾੜਾ ॥੩॥**

ਜਿਸ ਵੇਲੇ **ਵਡਦਾਣਾ** = ਬੜੇ ਦਾਨਾਈ ਵਾਲੇ ਸਤਿਗੁਰੂ ਸ਼ਾਹ ਨੂੰ ਪਾਇਆ, ਤਾਂ ਬਹੁਤੇ ਗੁਣਾਂ ਵਾਲੇ ਹਰੀ ਨਾਲ ਸਾਂਝ ਕੀਤੀ, ਭਾਵ ਉਸ ਨਾਲ ਭਾਈਵਾਲੀ ਪੈ ਗਈ।

**ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾੜਾ ॥**

ਜਿੰਨ੍ਹਾਂ 'ਤੇ ਜਗਤ ਦੇ ਜੀਵਨ ਰੂਪ ਪ੍ਰਮਾਤਮਾ ਨੇ ਕਿਰਪਾ-ਦ੍ਰਿਸ਼ਟੀ ਕੀਤੀ ਹੈ, ਉਨ੍ਹਾਂ ਨੇ **ਉਰ** = ਵਿਸ਼ੇਸ਼ ਕਰਕੇ ਮਨ **ਮਾੜਾ** = ਵਿਚ ਹਰੀ ਨਾਮ ਨੂੰ ਧਾਰਿਆ ਹੈ।

**ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮੜਾ ॥੪॥੫॥**

ਗੁਰੂ ਜੀ ਕਥਨ ਕਰਦੇ ਹਨ, ਉਨ੍ਹਾਂ ਨੇ ਆਪਣੇ ਕਰਮਾਂ ਦਾ ਲੇਖਾ ਸਮਝ ਕੇ ਧਰਮਰਾਜਾ ਦੇ ਦਰਬਾਰ ਦੇ ਸਾਰੇ ਕਾਗਜ਼ ਪਾੜ ਦਿੱਤੇ ਹਨ। ਵਾ :—ਅੰਤਹਕਰਣ ਵਿਚੋਂ ਉਨ੍ਹਾਂ ਨੇ ਸੰਸਕਾਰਾਂ ਰੂਪ ਕਾਗਜ਼, ਵਾ :—ਸੰਚਤ ਕਰਮਾਂ ਰੂਪ ਕਾਗਜ਼, ਵਾ :—ਅਭਿਮਾਨ ਰੂਪ ਕਾਗਜ਼ ਪਾੜ ਦਿੱਤੇ ਹਨ। ਸੰਸਕਾਰ ਹੀ ਧਰਮਰਾਜਾ ਦੇ ਦਰ 'ਤੇ ਹਿਸਾਬ ਦੇਣ ਵਾਲੇ ਕਾਗਜ਼ ਹਨ, ਜਿਨ੍ਹਾਂ ਅਨੁਸਾਰ ਧਰਮਰਾਜਾ ਨੇ ਲੇਖਾ ਮੰਗਣਾ ਸੀ। ਯਥਾ :—

*'ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥'*
[ਮਾਰੂ ਮਹਲਾ ੧, ਅੰਗ—੯੯੦]

ਅਥਵਾ :—**ਜਨ** = ਪਿਆਰਿਆਂ ਦਾ **ਲੇਖਾ** = ਹਿਸਾਬ-ਕਿਤਾਬ, **ਸਮੜਾ** = ਮੁੱਕ ਗਿਆ ਹੈ, ਉਹ ਸੁਤੰਤਰ ਹੋ ਗਏ ਹਨ, ਕਰਮਾਂ ਦੇ ਅਧੀਨ ਹੋ ਕੇ ਜਮਪੁਰੀ ਨੂੰ ਅਤੇ ਜੂਨਾਂ ਵਿਚ ਨਹੀਂ ਜਾਂਦੇ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੪੭.

### ਜੈਤਸਰੀ ਮਹਲਾ ੫ ॥ [ਅੰਗ—੭੦੧]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸਾਜੀ ਨਿਵਾਜੀ ਪਰਮ ਸਨਮਾਨ ਯੋਗ ਗੁਰੂ ਰੂਪ ਖ਼ਾਲਸਾ ਸਾਧਸੰਗਤ ਜੀ ! ਅੱਜ ਦੇ ਸ੍ਰੀ ਮੁਖਵਾਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਾਂ ਨੂੰ ਇਸ ਤਰ੍ਹਾਂ ਪਰਮ-ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ। ਸਿੱਖ ਮੁਖ ਦੁਆਰਾ ਬੇਨਤੀ ਹੈ :—

### ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥

ਕੋਈ ਅਜਿਹਾ ਜਨ ਹੈ ? ਜਿਹੜਾ ਮੈਨੂੰ **ਹਰਿ** = ਵਾਹਿਗੁਰੂ ਨਾਲ ਜੋੜ ਦੇਵੇ, ਵੈਸੇ ਤਾਂ ਜਿਸਨੂੰ ਪੁੱਛੀਏ, ਉਹੀ ਕਹਿੰਦਾ ਹੈ ਕਿ ਮੈਂ ਹਰੀ ਜਨ ਹਾਂ। ਪਰ ਸਾਧਸੰਗਤ ਜੀ ! ਹਰੀ ਦਾ ਜਨ ਬਣਨਾ ਬੜਾ ਔਖਾ ਹੈ, ਕਈ ਸ਼੍ਰੇਣੀਆਂ ਨੇ ਵੀ ਆਪਣਾ ਨਾਮ ਹਰੀਜਨ ਰਖ ਲਿਆ ਹੈ। ਵੈਸੇ ਤਾਂ ਹਰੇਕ ਪ੍ਰਾਣੀ ਹਰੀਜਨ ਹੈ, ਕਿਉਂਕਿ ਸਾਰੇ ਉਸ ਹਰੀ ਦੇ ਹੀ ਬਣਾਏ ਹੋਏ ਹਨ। ਭਗਤ ਕਬੀਰ ਸਾਹਿਬ ਜੀ ਹਰੀਜਨ ਦੇ ਲੱਖਣ ਇਸ ਤਰ੍ਹਾਂ ਕਥਨ ਕਰਦੇ ਹਨ :—

*'ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥*
*ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥੧੪੬॥'*

[ਸਲੋਕ ਕਬੀਰ, ਅੰਗ—੧੩੭੨]

ਜਿਵੇਂ ਰਾਹ ਦੇ ਰੋੜੇ ਦੀ ਕੋਈ ਮੇਰ ਨਹੀਂ ਹੁੰਦੀ, ਸਾਰੇ ਹੀ ਝੱਟ ਚੁੱਕ ਕੇ ਪਾਸੇ ਸੁੱਟ ਦਿੰਦੇ ਹਨ, ਹਰੀ ਦੇ ਜਨ ਦਾ ਐਸਾ ਜੀਵਨ ਹੋਣਾ ਚਾਹੀਦਾ ਹੈ। ਫਿਰ ਕਹਿੰਦੇ ਹਨ :—

*'ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ ॥*
*ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥੧੪੭॥'*

[ਸਲੋਕ ਕਬੀਰ, ਅੰਗ—੧੩੭੨]

ਜੇ ਰੋੜੇ ਦੀ ਤਰ੍ਹਾਂ ਜੀਵਨ ਬਣਾ ਕੇ ਰਾਹੀਆਂ ਨੂੰ ਦੁਖ ਦੇਣ ਦੀ ਤਰ੍ਹਾਂ ਸਰਾਪ ਦੇ ਕੇ ਲੋਕਾਂ ਦੇ ਕੰਮਾਂ ਵਿਚ ਰੁਕਾਵਟਾਂ ਪਾਉਂਦਾ ਰਿਹਾ, ਤਾਂ ਵੀ ਹਰੀ ਦਾ ਜਨ ਸੋਭਦਾ ਨਹੀਂ, ਇਸ ਲਈ ਧੂੜੀ ਵਰਗਾ ਜੀਵਨ ਚਾਹੀਦਾ ਹੈ। ਫਿਰ ਕਹਿੰਦੇ ਹਨ :—

*'ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ ॥*
*ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥੧੪੮॥'* [ਅੰਗ—੧੩੭੨]

ਖੇਹ ਉੱਡ ਕੇ ਅੰਗਾਂ ਨਾਲ ਲੱਗਣ ਦੀ ਤਰ੍ਹਾਂ ਲੋਕਾਂ ਦੇ ਅੰਗਾਂ ਨਾਲ ਲੱਗਣ ਲੱਗ ਪਿਆ, ਭਾਵ ਮੋਹ ਕਰਨ ਲੱਗ ਗਿਆ, ਆਪਣਾ ਘਰ ਤਿਆਗ ਕੇ ਹੋਰ ਅਨੇਕਾਂ ਚੇਲੇ ਚੇਲੀਆਂ ਬਣਾ ਲਏ, ਹਰੀ ਜਨ ਦਾ ਐਸਾ ਜੀਵਨ ਵੀ ਨਹੀਂ ਫੱਬਦਾ, ਪਾਣੀ ਵਰਗਾ ਜੀਵਨ ਹੋਣਾ ਚਾਹੀਦਾ ਹੈ, ਫਿਰ ਕਹਿੰਦੇ ਹਨ ਕਿ ਹਰੀ ਜਨ ਦਾ ਜੀਵਨ ਪਾਣੀ ਵਰਗਾ ਵੀ ਨਹੀਂ ਸੋਭਦਾ। ਯਥਾ :—

*'ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ ॥*
*ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥੧੪੯॥'* [ਅੰਗ—੧੩੭੨]

ਪਾਣੀ ਦਾ ਸੁਭਾਅ ਹੈ; ਗਰਮੀ ਵਿਚ ਗਰਮ ਅਤੇ ਸਰਦੀ ਵਿਚ ਸਰਦ ਹੋ ਜਾਣਾ। ਇਸ ਤਰ੍ਹਾਂ ਗਰਮ ਸੁਭਾਅ ਵਾਲਿਆਂ ਨਾਲ ਮਿਲ ਕੇ ਕ੍ਰੋਧੀ ਹੋਣਾ ਅਤੇ ਸਤੋ ਗੁਣੀ ਸੁਭਾਅ ਵਾਲਿਆਂ ਨਾਲ ਮਿਲ ਕੇ ਸ਼ਾਂਤ ਹੋ ਜਾਣਾ, ਮਨ ਦੀ ਅਵਸਥਾ ਇਕ ਰਸ ਨਾ ਰਹਿਣੀ। ਇਸ ਲਈ ਹਰੀ ਦਾ ਜਨ ਹਰੀ ਵਰਗਾ ਹੀ ਹੋਣਾ ਚਾਹੀਦਾ ਹੈ। ਹਰੀ ਹੈ ਸੱਤ, ਹਰੀ ਦੇ ਪਿਆਰਿਆਂ ਨੂੰ ਵੀ ਸੱਤ ਸਰੂਪ ਤੇ ਅਡੋਲ ਨਿਸ਼ਚਾ ਅਤੇ ਸੱਤਵਾਦੀ ਹੋਣਾ ਚਾਹੀਦਾ ਹੈ, ਹਰੀ ਹੈ ਨਿਰਭਉ, ਨਿਰਵੈਰ, ਦਿਆਲੂ, ਹਰੀ ਦੇ ਪਿਆਰਿਆਂ ਨੂੰ ਵੀ ਨਿਰਭਉ, ਨਿਰਵੈਰ ਅਤੇ ਦਿਆਲੂ ਸੁਭਾਅ ਵਾਲੇ ਹੋਣਾ ਚਾਹੀਦਾ ਹੈ। ਯਥਾ :—

੧. *'ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥'*
[ਮਲਾਰ ਮਹਲਾ ੪, ਅੰਗ—੧੨੬੪]

੨. *'ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥੮॥'*
[ਮਾਰੂ ਸੋਲਹੇ ਮਹਲਾ ੫, ਅੰਗ—੧੦੭੬]

੩. *'ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥'*
[ਸਲੋਕ ਮਹਲਾ ੯, ਅੰਗ—੧੪੨੭]

੪. *'ਦੋਹਰਾ ॥ ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੬੦॥'*
[ਦਸਮ, ਅੰਗ—੫੯]

੫. *'ਹਰਿ ਕੋ ਸੇਵਹਿ ਹਰਿ ਕੇ ਸੰਤ ॥ ਹਰਿ ਜਨ ਹਰਿ ਮਹਿ ਭੇਦ ਨ ਰੰਚ ॥'*
[ਸ੍ਰੀ ਸਰਬਲੋਹ ਗ੍ਰੰਥ, ਪੰਨਾ—੧੦੨੭]

ਅਸਲ 'ਚ ਐਸੇ ਹਰਿ ਜਨ ਤਾਂ ਸਤਿਗੁਰੂ ਜੀ ਆਪ ਹੀ ਹਨ। ਚੌਥੇ ਪਾਤਸ਼ਾਹ ਜੀ

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੂੰ ਹਰਿ ਜਨ ਕਥਨ ਕਰਦੇ ਹਨ। ਯਥਾ :—

*'ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥'*

[ਰਾਗੁ ਗੂਜਰੀ ਮਹਲਾ ੪, ਅੰਗ—੧੦]

ਜਿਨ੍ਹਾਂ ਸਤਿਗੁਰਾਂ ਨੇ ਬੜੇ-ਬੜੇ ਭਿਆਨਕ ਪਾਪੀਆਂ ਨੂੰ ਕਿਰਪਾ ਭਰੀ ਨਿਗ੍ਹਾ ਨਾਲ ਹੀ ਪ੍ਰਮੇਸ਼ਰ ਵਿਚ ਜੋੜ ਦਿੱਤਾ। ਜਿਸ ਤਰ੍ਹਾਂ ਵਲੀ ਕੰਧਾਰੀ, ਸੱਜਣ ਠੱਗ, ਭੂਮੀਆ ਚੋਰ, ਪ੍ਰੇਮੇ ਕੋੜ੍ਹੀ ਵਰਗੇ ਅਨੇਕਾਂ ਨੂੰ ਜੋ ਪ੍ਰਮੇਸ਼ਰ ਨਾਲੋਂ ਟੁੱਟੇ ਹੋਏ ਸਨ :—

*'ਨਾਨਕ ਨਦਰੀ ਨਦਰਿ ਨਿਹਾਲ ॥੩੮॥'* [ਜਪੁਜੀ ਸਾਹਿਬ, ਅੰਗ—੮]

ਕਰ ਦਿੱਤਾ। ਜਿਸ ਤਰ੍ਹਾਂ ਖੱਟੀਆਂ, ਸੰਤਰਿਆਂ, ਮਾਲਟਿਆਂ ਨਾਲ ਮਿਲ ਕੇ, ਭਾਵ ਪਿਉਂਦ ਕਰਨ 'ਤੇ ਉਹੀ ਰੂਪ ਹੋ ਜਾਂਦੀਆਂ ਹਨ, ਜਿਸ ਤਰ੍ਹਾਂ ਨਦੀਆਂ-ਨਾਲਿਆਂ ਦਾ ਪਾਣੀ ਸਮੁੰਦਰ ਵਿਚ ਪੈ ਕੇ ਸਮੁੰਦਰ ਰੂਪ ਹੀ ਹੋ ਜਾਂਦਾ ਹੈ, ਜਿਸ ਤਰ੍ਹਾਂ ਬ੍ਰਿਛ ਚੰਦਨ ਦੇ ਬੂਟਿਆਂ ਨਾਲ ਮਿਲ ਕੇ ਚੰਦਨ ਹੀ ਬਣ ਜਾਂਦੇ ਹਨ, ਇਸੇ ਤਰ੍ਹਾਂ ਹੀ ਵਾਹਿਗੁਰੂ ਦੇ ਪਿਆਰੇ ਵਾਹਿਗੁਰੂ ਨਾਲ ਮਿਲ ਕੇ ਉਸਦਾ ਹੀ ਰੂਪ ਹੋ ਜਾਂਦੇ ਹਨ। ਯਥਾ :—

੧. *'ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥*
*ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥੧'*

[ਧਨਾਸਰੀ ਕਬੀਰ ਜੀ, ਅੰਗ—੬੯੨]

੨. *'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥*
*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥'*

[ਰਾਮਕਲੀ ਕਬੀਰ ਜੀ, ਅੰਗ—੯੬੯]

ਜਿਸ ਤਰ੍ਹਾਂ ਅਸ਼ਟਾਵੱਕਰ ਨੇ ਰਾਜੇ ਜਨਕ ਨੂੰ ਜੋੜਿਆ ਸੀ।

## ਸਾਖੀ : ਰਾਜਾ ਜਨਕ ਜੀ ਦੀ

ਇਕ ਦਿਨ ਰਾਜੇ ਜਨਕ ਨੂੰ ਸੁਪਨਾ ਆਇਆ ਕਿ ਉਹ ਕਿਸੇ ਰਾਜੇ ਪਾਸੋਂ ਹਾਰ ਖਾ ਕੇ ਗਰਮੀ ਦੀ ਰੁੱਤ ਵਿਚ ਨੰਗੇ ਪੈਰੀਂ ਗਰਮ ਰੇਤੇ ਦੇ ਟਿੱਬਿਆਂ ਵਿਚ ਦੀ ਸੜਦਾ-ਭੁਜਦਾ ਤਪਦਾ ਹੋਇਆ, ਇਕ ਅਜਿਹੇ ਥਾਂ ਪਹੁੰਚਿਆ ਜਿਥੇ ਸਦਾ ਵਰਤ ਲੱਗਾ ਹੋਇਆ ਸੀ। ਭੋਜਨ ਦੀ ਜਾਚਨਾ ਕਰਨ ਤੋਂ ਵਰਤਾਵੇ ਨੇ ਕਿਹਾ, "ਬਰਤਨ ਲਿਆ!" ਜਦ ਬਰਤਨ ਲੈਣ ਘੁਮਿਆਰ ਪਾਸ ਗਿਆ, ਉਸਨੇ ਮਾਇਆ ਮੰਗੀ। ਰਾਜੇ ਨੇ ਕਿਹਾ, "ਮੈਂ ਗਰੀਬ ਹਾਂ, ਮੇਰੇ ਪਾਸ ਕੁਝ ਨਹੀਂ।" ਤਾਂ ਘੁਮਿਆਰ ਨੇ ਤਰਸ ਕਰਕੇ ਇਕ ਪਿੱਲਾ ਜਿਹਾ ਤਿੜਿਆ

ਹੋਇਆ ਪਿਆਲਾ ਦੇ ਦਿੱਤਾ। ਰਾਜੇ ਨੇ ਸਦਾ ਵਰਤ ਵਿਚੋਂ ਪਿਆਲੇ ਵਿਚ ਖਿਚੜੀ ਪੁਆ ਕੇ ਖਾਣੀ ਸ਼ੁਰੂ ਕੀਤੀ, ਇਤਨੇ ਚਿਰ ਨੂੰ ਭਿੜਦੇ ਹੋਏ ਦੋ ਸਾਨ੍ਹਾਂ ਦੀ ਫੇਟ ਰਾਜੇ ਨੂੰ ਲੱਗੀ, ਜਿਸ ਨਾਲ ਪਿਆਲਾ ਟੁੱਟ ਗਿਆ ਅਤੇ ਗਰਮ-ਗਰਮ ਖਿਚੜੀ ਪੈਰਾਂ 'ਤੇ ਪੈ ਗਈ, ਤਦੋਂ ਰਾਜੇ ਨੂੰ ਜਾਗ ਆ ਗਈ। ਜਾਗ ਕੇ ਆਪਣੇ ਆਪ ਨੂੰ ਮਹਿਲਾਂ ਵਿਚ ਪਲੰਘ 'ਤੇ ਪਿਆ ਹੋਇਆ ਰਾਜ-ਭਾਗ ਦਾ ਮਾਲਕ ਦੇਖ ਰਿਹਾ ਹੈ, ਇਹ ਭਰਮ ਅੱਠ ਸਾਲ ਪਿਆ ਰਿਹਾ, ਇਸ ਭਰਮ ਨੂੰ ਦੂਰ ਕਰਨ ਲਈ ਰਿਖੀ, ਮੁਨੀ, ਬੜੇ-ਬੜੇ ਵਿਦਵਾਨ, ਜੋਤਸ਼ੀ ਆਦਿਕ ਇਕੱਠੇ ਕਰ ਲਏ, ਪੁੱਛਣ 'ਤੇ, "ਇਹ ਸੱਚਾ ਕਿ ਉਹ ਸੱਚਾ।" ਇਸ ਪ੍ਰਸ਼ਨ ਦਾ ਕੋਈ ਵੀ ਉੱਤਰ ਨਾ ਦੇ ਸਕਿਆ ਤਾਂ ਸਾਰੇ ਕੈਦ ਕਰ ਲਏ।

ਜਦੋਂ ਅਸ਼ਟਾਵੱਕਰ ਅੱਠਾਂ ਸਾਲਾਂ ਬਾਅਦ ਆਪਣੇ ਨਾਨਕਿਆਂ ਤੋਂ ਘਰ ਆਇਆ ਤਾਂ ਆਪਣੀ ਮਾਤਾ ਨੂੰ ਪੁੱਛਿਆ, "ਪਿਤਾ ਜੀ ਕਿੱਥੇ ਹਨ ?" ਮਾਤਾ ਨੇ ਦੱਸਿਆ, "ਤੇਰੇ ਪਿਤਾ ਨੂੰ ਅੱਠ ਸਾਲ ਹੋ ਗਏ ਹਨ, ਰਾਜੇ ਜਨਕ ਦੀ ਕੈਦ ਵਿਚ ਪਿਆਂ ਹੋਇਆਂ।" ਕਾਰਨ ਪੁੱਛਣ ਤੋਂ ਪਤਾ ਲੱਗਾ ਤਾਂ ਟੇਢਾ* ਸਿੱਧਾ ਹੁੰਦਾ ਹੋਇਆ ਜਨਕਪੁਰੀ ਨੂੰ ਚੱਲ ਪਿਆ, ਜਿਥੇ ਰਾਜੇ ਦੀ ਅਸਵਾਰੀ ਆ ਰਹੀ ਸੀ, ਉਥੇ ਸਾਹਮਣੇ ਆ ਖਲੋਤਾ। ਜਦ ਨੌਕਰਾਂ ਨੇ ਰਸਤਾ ਵਿਹਲਾ ਕਰਨ ਲਈ ਪਿੱਛੇ ਹਟਣ ਨੂੰ ਕਿਹਾ ਤਾਂ ਅਸ਼ਟਾਵੱਕਰ ਕਹਿਣ ਲੱਗਾ, "ਮੈਂ ਰਾਜੇ ਦਾ ਭਰਮ ਮੇਟਣ ਵਾਸਤੇ ਆਇਆ ਹਾਂ, ਪਿੱਛੇ ਨਹੀਂ ਹਟਾਂਗਾ।" ਨੌਕਰਾਂ ਨੇ ਕਿਹਾ, "ਅੱਗੇ ਤਾਂ ਕਿਸੇ ਪਾਸੋਂ ਭਰਮ ਦੂਰ ਨਹੀਂ ਹੋਇਆ, ਤੂੰ ਕਿਧਰੋਂ ਬ੍ਰਹਮਾ ਦਾ ਅਵਤਾਰ ਆ ਗਿਆ ਹੈਂ ?" ਏਨੇ ਚਿਰ ਨੂੰ ਰਾਜੇ ਜਨਕ ਦੀ ਅਸਵਾਰੀ ਨੇੜੇ ਆ ਗਈ। ਜਦੋਂ ਰਾਜੇ ਦੀ ਨਿਗ੍ਹਾ ਉਸ ਪਾਸੇ ਪਈ ਤਾਂ ਝਗੜੇ ਦਾ ਕਾਰਨ ਪੁੱਛਿਆ, ਨੌਕਰਾਂ ਨੇ ਕਿਹਾ, "ਜੀ! ਇਹ ਪਿੱਛੇ ਨਹੀਂ ਹਟਦਾ, ਕਹਿੰਦਾ ਹੈ ਕਿ ਮੈਂ ਰਾਜੇ ਦਾ ਭਰਮ ਦੂਰ ਕਰਨ ਆਇਆਂ ਹਾਂ।" ਤਾਂ ਰਾਜੇ ਜਨਕ ਨੇ ਕਿਹਾ, "ਬੜੀ ਚੰਗੀ ਗੱਲ ਹੈ, ਮੈਂ ਤਾਂ ਐਸਾ ਪੁਰਸ਼ ਲੱਭਦਾ ਹੀ ਹਾਂ, ਚਲੋ ਸਭਾ ਲਾਓ!" ਅਤੇ ਅਸ਼ਟਾਵੱਕਰ ਨੂੰ ਬੇਨਤੀ ਕੀਤੀ, "ਜੀ! ਸਭਾ ਲਾਉਂਦੇ ਹਾਂ, ਆਪ ਜੀ ਸਭਾ ਵਿਚ ਆ ਕੇ ਰਾਜੇ ਦਾ ਭਰਮ ਦੂਰ ਕਰੋ।"

ਸਭਾ ਲੱਗ ਗਈ, ਅਸ਼ਟਾਵੱਕਰ ਜਾਣ ਬੁੱਝ ਕੇ ਕੁਝ ਦੇਰ ਨਾਲ ਆਇਆ, ਜਿਤਨੇ ਵਿਦਵਾਨ ਸਭਾ ਵਿਚ ਬੈਠੇ ਸਨ, ਇਸਦੇ ਸ਼ਰੀਰ ਵੱਲ ਵੇਖ ਕੇ ਹੱਸ ਪਏ, ਹੱਸਦਿਆਂ ਨੂੰ ਵੇਖ ਕੇ ਅਸ਼ਟਾਵੱਕਰ ਨੇ ਕਿਹਾ, "ਹੇ ਰਾਜਨ! ਇਹ ਚਮਿਆਰ ਕਿਸ ਲਈ ਇਕੱਠੇ ਕੀਤੇ ਹਨ ?" ਰਾਜੇ ਨੇ ਕਿਹਾ, "ਇਹ ਚਮਿਆਰ ਨਹੀਂ ਹਨ, ਬੜੇ-ਬੜੇ ਵਿਦਵਾਨ ਹਨ।" ਤਾਂ ਅਸ਼ਟਾਵੱਕਰ ਨੇ ਕਿਹਾ, "ਜੋ ਚੰਮ ਦੀ ਪਰਖ ਕਰੇ, ਉਹ ਚਮਿਆਰ ਹੀ ਹੁੰਦਾ ਹੈ, ਇਨ੍ਹਾਂ ਨੇ ਮੇਰੇ ਚੰਮ (ਸਰੀਰ)

---

* ਇਸਦੇ ਸਰੀਰ ਵਿਚ ਅੱਠ ਵਲ ਪੈਂਦੇ ਸਨ, ਤਾਂ ਹੀ ਇਸਨੂੰ ਅਸ਼ਟਾਵੱਕਰ ਕਹਿੰਦੇ ਸਨ।

ਦੀ ਪਰਖ ਕੀਤੀ ਹੈ ਕਿ ਅੱਠ ਵਲ ਪੈਂਦੇ ਹਨ, ਇਹ ਕਿਧਰੋਂ ਰਾਜੇ ਦਾ ਭਰਮ ਦੂਰ ਕਰੇਗਾ ? ਮੇਰੀ ਆਤਮਾ ਵਿਚ ਤੇ ਮੇਰੇ ਗਿਆਨ ਵਿਚ ਤਾਂ ਕੋਈ ਵਲ ਨਹੀਂ ਹੈ।"

ਰਾਜੇ ਨੇ ਕਿਹਾ, "ਮੈਨੂੰ ਘੋੜੇ ਦੀ ਕਾਠੀ ਦੀ ਰਕਾਬ ਵਿਚ ਪੈਰ ਪਾਉਂਦਿਆਂ-ਪਾਉਂਦਿਆਂ ਪ੍ਰਮੇਸ਼ਰ ਦਾ ਗਿਆਨ ਬਖ਼ਸ਼ੋ।" ਅਸ਼ਟਾਵੱਕਰ ਨੇ ਕਿਹਾ, "ਜਦ ਕਿਸੇ ਨੂੰ ਗੁਰੂ ਧਾਰਨ ਕਰਨਾ ਹੋਵੇ ਤਾਂ ਤਨ, ਮਨ, ਧਨ, ਅਰਪਣ ਕਰੀਦਾ ਹੈ।" ਰਾਜੇ ਨੇ ਕਿਹਾ, "ਚੰਗਾ ! ਮੈਂ ਤਨ, ਮਨ, ਧਨ ਆਪ ਜੀ ਨੂੰ ਅਰਪਣ ਕੀਤਾ।" ਫਿਰ ਰਾਜਾ ਜਦ ਘੋੜੇ 'ਤੇ ਚੜ੍ਹਨ ਲੱਗਾ ਤਾਂ ਅਸ਼ਟਾਵੱਕਰ ਨੇ ਰੋਕ ਦਿੱਤਾ ਤੇ ਕਿਹਾ, "ਹੇ ਰਾਜਨ ! ਕਿਸਦੇ ਹੁਕਮ ਨਾਲ ਚੜ੍ਹਨ ਲੱਗਾ ਹੈਂ ?" ਰਾਜੇ ਨੇ ਕਿਹਾ, "ਜੀ ! ਮੇਰਾ ਮਨ ਕਹਿੰਦਾ ਹੈ।" ਅਸ਼ਟਾਵੱਕਰ ਨੇ ਕਿਹਾ, "ਮਨ ਤਾਂ ਤੂੰ ਮੈਨੂੰ ਦੇ ਚੁੱਕਾ ਹੈਂ, ਇਸਨੂੰ ਕਿਉਂ ਵਰਤਦਾ ਹੈਂ ? ਤਨ ਵੀ ਮੈਨੂੰ ਦੇ ਚੁੱਕਾ ਹੈਂ, ਇਸਨੂੰ ਕਿਉਂ ਵਰਤਦਾ ਹੈਂ ਅਤੇ ਘੋੜਾ ਧਨ ਵਿਚ ਆ ਗਿਆ, ਜੋ ਤੂੰ ਸਾਨੂੰ ਪਹਿਲਾਂ ਹੀ ਅਰਪ ਚੁੱਕਾ ਹੈਂ ?" ਇਹ ਕਹਿ ਕੇ ਕਿਰਪਾ-ਦ੍ਰਿਸ਼ਟੀ ਕਰ ਦਿੱਤੀ, ਕਿਰਪਾ-ਦ੍ਰਿਸ਼ਟੀ ਨਾਲ ਜਦ ਮਨ ਦਾ ਫੁਰਨਾ ਰੁਕਿਆ ਤਾਂ ਝੱਟ ਹੀ ਰਾਜੇ ਨੂੰ ਗਿਆਨ ਹੋ ਗਿਆ, ਅਵਿਦਿਆ ਰੂਪ ਨੀਂਦ ਦੂਰ ਹੋ ਗਈ, ਗਿਆਨ ਰੂਪ ਜਾਗ੍ਰਤਾ ਪ੍ਰਾਪਤ ਹੋ ਗਈ।

ਅਸ਼ਟਾਵੱਕਰ ਨੇ ਫਿਰ ਦਿਬ-ਦ੍ਰਿਸ਼ਟੀ ਨਾਲ ਸੁਪਨੇ ਦੀ ਵੀ ਸਾਰੀ ਗੱਲ ਦੱਸ ਦਿੱਤੀ, "ਅੱਜ ਤੋਂ ਅੱਠ ਸਾਲ ਪਹਿਲਾਂ ਤੈਨੂੰ ਸੁਪਨਾ ਆਇਆ ਸੀ, ਉਸ ਵਿਚ ਤੂੰ ਆਪਣੇ ਆਪ ਨੂੰ ਭਿਖਾਰੀ ਅਤੇ ਕੰਗਾਲ ਵੇਖਿਆ ਸੀ, ਫਿਰ ਜਾਗ ਕੇ ਰਾਜ-ਭਾਗ ਦਾ ਮਾਲਕ ਵੇਖਿਆ। ਹੇ ਰਾਜਨ ! ਨਾ ਇਹ ਰਾਜ-ਭਾਗ ਸੱਤ ਹੈ ਅਤੇ ਨਾ ਹੀ ਉਹ ਸੁਪਨਾ ਸੱਤ ਸੀ। ਜੋ ਸੁਪਨੇ ਵਿਚ ਵੇਖਿਆ, ਉਹ ਸਭ ਝੂਠ ਸੀ, ਜੋ ਰਾਜ-ਭਾਗ, ਫ਼ੌਜਾਂ, ਖ਼ਜ਼ਾਨੇ, ਸੰਸਾਰ ਵੇਖ ਰਿਹਾ ਹੈਂ, ਇਹ ਵੀ ਸਭ ਮਿਥਿਆ ਹੈ।"

ਇਸ ਤਰ੍ਹਾਂ ਰਾਜੇ ਜਨਕ ਨੂੰ ਅਸ਼ਟਾਵੱਕਰ ਨੇ ਪ੍ਰਮੇਸ਼ਰ ਨਾਲ ਜੋੜ ਕੇ ਸਭ ਨੂੰ ਕੈਦ ਵਿਚੋਂ ਛੁਡਵਾਇਆ।

## ਸਾਖੀ : ਸੁਕਦੇਵ ਮੁਨੀ ਦੀ

ਏਸੇ ਤਰ੍ਹਾਂ ਹੀ ਬਿਆਸ ਦੇ ਸਪੁੱਤਰ ਸੁਕਦੇਵ ਮੁਨੀ ਨੂੰ ਮਹਾਰਾਜਾ ਜਨਕ ਨੇ ਉਪਦੇਸ਼ ਦੇ ਕੇ ਪ੍ਰਮੇਸ਼ਰ ਨਾਲ ਜੋੜਿਆ ਸੀ :—

*'ਬਾਰਹ ਵਰ੍ਹੇ ਗਰਭਾਸਿ ਵਸਿ ਜੰਮਦੇ ਹੀ ਸੁਕਿ ਲਈ ਉਦਾਸੀ।'*

[ਭਾਈ ਗੁਰਦਾਸ ਜੀ, ਵਾਰ-੨੫, ਪਉੜੀ-੧੧

ਇਕ ਦਿਨ ਪਾਰਬਤੀ ਨੇ ਸ਼ਿਵਜੀ ਨੂੰ ਕਿਹਾ, "ਮੈਨੂੰ ਤੁਸੀਂ ਅਮਰ ਕਥਾ ਸੁਣਾਓ।" ਸ਼ਿਵਜੀ ਨੇ ਕਥਾ ਸੁਨਾਉਣੀ ਸ਼ੁਰੂ ਕੀਤੀ। ਇਕ ਤੋਤਾ ਵੀ ਨੇੜੇ ਹੀ ਬੈਠਾ ਸੀ, ਥੋੜ੍ਹੀ ਜਿਹੀ ਕਥਾ ਸੁਣ ਕੇ ਪਾਰਬਤੀ ਤਾਂ ਸੌਂ ਗਈ, ਪਾਰਬਤੀ ਦੀ ਥਾਂ ਤੋਤਾ ਹੀ ਹੁੰਗਾਰਾ ਦਿੰਦਾ ਰਿਹਾ। ਜਦੋਂ ਕਥਾ ਸਮਾਪਤ ਹੋਈ ਤਾਂ ਸ਼ਿਵਜੀ ਨੇ ਵੇਖਿਆ ਕਿ ਪਾਰਬਤੀ ਤਾਂ ਸੁੱਤੀ ਪਈ ਹੈ, ਤੋਤਾ ਹੁੰਗਾਰਾ ਦਿੰਦਾ ਰਿਹਾ ਹੈ।

ਸ਼ਿਵਜੀ ਤੋਤੇ ਨੂੰ ਮਾਰਨ ਦੌੜਿਆ, ਤੋਤਾ ਬਿਆਸ ਰਿਖੀ ਦੀ ਇਸਤ੍ਰੀ ਦੇ ਮੁਖ ਰਾਹੀਂ (ਜਦੋਂ ਉਬਾਸੀ ਲੈ ਰਹੀ ਸੀ) ਗਰਭ ਵਿਚ ਜਾ ਪ੍ਰਵੇਸ਼ ਹੋਇਆ, ਸ਼ਿਵਜੀ ਵੀ ਪਿੱਛਾ ਕਰਦਾ ਉਥੇ ਪਹੁੰਚ ਗਿਆ। ਪਤਾ ਲੱਗਣ 'ਤੇ ਕਿ ਤੋਤਾ ਰਿਖੀ ਦੀ ਪਤਨੀ ਦੇ ਪੇਟ ਵਿਚ ਪ੍ਰਵੇਸ਼ ਹੋ ਗਿਆ ਹੈ, ਧਰਨਾ ਮਾਰ ਕੇ ਬੈਠ ਗਿਆ ਕਿ ਜਦੋਂ ਵੀ ਗਰਭ ਵਿਚੋਂ ਬਾਹਰ ਆਵੇਗਾ, ਉਦੋਂ ਹੀ ਮਾਰ ਦਿਆਂਗਾ। ਤੋਤਾ ਸ਼ਿਵਜੀ ਤੋਂ ਡਰਦਾ ਬਾਹਰ ਹੀ ਨਾ ਨਿਕਲਿਆ, ਜਦ ਬਾਰਾਂ ਸਾਲ ਲੰਘ ਗਏ ਤਾਂ ਬਿਆਸ ਦੀ ਇਸਤ੍ਰੀ ਬੜੀ ਤੰਗ ਹੋਈ ਅਤੇ ਪ੍ਰਮੇਸ਼ਰ ਅੱਗੇ ਬੇਨਤੀ ਕੀਤੀ, "ਬੱਚੇ ਨੂੰ ਜਨਮ ਦੇ ਕੇ ਮੈਨੂੰ ਸੁਖੀ ਕਰੋ।" ਤਾਂ ਪ੍ਰਮੇਸ਼ਰ ਨੇ ਤੋਤੇ ਨੂੰ ਕਿਹਾ, "ਤੂੰ ਜਨਮ ਧਾਰਨ ਕਰ।" ਤੋਤੇ ਨੇ ਕਿਹਾ, ਜੀ! ਮੈਂ ਇਥੇ ਹੀ ਚੰਗਾ ਹਾਂ, ਆਪ ਜੀ ਦੇ ਸਿਮਰਨ ਵਿਚ ਜੁੜਿਆ ਹਾਂ, ਬਾਹਰ ਮਾਇਆ ਨੇ ਮੈਨੂੰ ਤੁਹਾਡਾ ਸਿਮਰਨ ਨਹੀਂ ਕਰਨ ਦੇਣਾ, ਨਾਲੇ ਮੈਨੂੰ ਮਾਰਨ ਵਾਸਤੇ ਸ਼ਿਵਜੀ ਬਾਹਰ ਬੈਠਾ ਹੈ।"

ਭਗਵਾਨ ਨੇ ਬਿਰਧ ਬ੍ਰਾਹਮਣ ਦਾ ਰੂਪ ਧਾਰ ਕੇ ਸ਼ਿਵਜੀ ਨੂੰ ਆ ਕੇ ਪੁੱਛਿਆ, "ਮਹਾਰਾਜ! ਕਿਸ ਤਰ੍ਹਾਂ ਬੈਠੇ ਹੋ?" ਸ਼ਿਵਜੀ ਨੇ ਕਿਹਾ, "ਮੇਰੇ ਪਾਸੋਂ ਇਕ ਤੋਤੇ ਨੇ ਅਮਰ ਕਥਾ ਸੁਣ ਲਈ ਹੈ, ਮੈਂ ਉਸਨੂੰ ਮਾਰਨ ਲਈ ਬੈਠਾ ਹਾਂ, ਜਦੋਂ ਬਿਆਸ ਦੀ ਘਰ ਵਾਲੀ ਦੇ ਪੇਟੋਂ ਜਨਮ ਲਵੇਗਾ, ਉਦੋਂ ਹੀ ਮਾਰ ਦੇਵਾਂਗਾ।" ਤਾਂ ਬ੍ਰਾਹਮਣ ਰੂਪ 'ਚ ਭਗਵਾਨ ਨੇ ਕਿਹਾ, "ਅਮਰ ਕਥਾ ਸੁਣਨ ਦਾ ਕੀ ਫਲ ਹੈ?" ਸ਼ਿਵਜੀ ਨੇ ਕਿਹਾ, "ਸੁਣਨ ਵਾਲਾ ਅਮਰ ਹੋ ਜਾਂਦਾ ਹੈ।" ਭਗਵਾਨ ਨੇ ਕਿਹਾ, "ਜੋ ਤੋਤਾ ਅਮਰ ਕਥਾ ਸੁਣ ਕੇ ਅਮਰ ਹੋ ਗਿਆ ਹੈ, ਉਸਨੂੰ ਤੂੰ ਕਿਵੇਂ ਮਾਰੇਂਗਾ? ਉਹ ਨਹੀਂ ਮਰੇਗਾ।" ਇਹ ਗੱਲ ਸੁਣ ਕੇ ਭੋਲੇ ਨਾਥ ਜੀ ਡੋਲਦੇ ਹੋਏ, ਫਿਰ ਪ੍ਰਮੇਸ਼ਰ ਨੇ ਆਪਣੀ ਮਾਇਆ ਨੂੰ ਕੁਝ ਸਮੇਂ ਵਾਸਤੇ ਰੋਕ ਦਿੱਤਾ, ਤਾਂ ਸੁਕਦੇਵ ਮੁਨੀ ਨੇ ਜਨਮ ਲਿਆ।* ਜੰਮਦਿਆਂ ਸਾਰ ਹੀ ਉਦਾਸੀਨ ਹੋ ਕੇ ਤਪ ਕਰਨ ਜੰਗਲ

* ਕਹਿੰਦੇ ਹਨ ਕਿ ਉਸ ਸਮੇਂ ਜਿਸ-ਜਿਸ ਨੇ ਵੀ ਜਨਮ ਲਿਆ, ਉਹ ਬੜੇ-ਬੜੇ ਸ਼ਕਤੀ ਵਾਲੇ ਪੈਦਾ ਹੋਏ ਸਨ। ਕਈ ਪ੍ਰੇਮੀ ਬਾਰਾਂ ਸਾਲ ਤੋਂ ਇਹ ਭਾਵ ਲੈਂਦੇ ਹਨ ਕਿ ਬੱਚਾ ਮਾਂ ਦੇ ਗਰਭ ਵਿਚ ਬਾਰਾਂ ਸਾਲ ਨਹੀਂ ਰਹਿ ਸਕਦਾ, ਸੁਕਦੇਵ ਮੁਨੀ ਸਤਿਸੰਗਤ ਰੂਪ ਮਾਂ ਦੇ ਗਰਭ ਵਿਚ ਬਾਰਾਂ ਸਾਲ ਰਿਹਾ, ਬਾਰਾਂ ਸਾਲ ਮਗਰੋਂ ਗਿਆਨ ਪ੍ਰਾਪਤ ਹੋਇਆ।

ਨੂੰ ਚਲਾ ਗਿਆ, ਜਦੋਂ ਤਪ ਕਰਨ ਤੋਂ ਮਨ ਨੂੰ ਸ਼ਾਂਤੀ ਨਾ ਆਈ ਤਾਂ ਘਰ ਵਾਪਸ ਆ ਗਿਆ। ਫਿਰ ਬਿਆਸ ਜੀ ਨੇ ਕਿਹਾ, "ਗੁਰੂ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ ਅਤੇ ਗਿਆਨ ਤੋਂ ਬਿਨਾਂ ਸ਼ਾਂਤੀ ਨਹੀਂ ਪ੍ਰਾਪਤ ਹੋ ਸਕਦੀ।" ਇਉਂ ਸਮਝਾ ਕੇ ਬਿਆਸ ਜੀ ਨੇ ਸੁਕਦੇਵ ਮਨੀ ਨੂੰ ਮਹਾਰਾਜਾ ਜਨਕ ਜੀ ਪਾਸ ਭੇਜ ਦਿੱਤਾ। ਜਾ ਕੇ ਵੇਖਿਆ ਕਿ ਮਹਾਰਾਜਾ ਜਨਕ ਦੀਆਂ ਰਾਣੀਆਂ ਚਰਨ ਘੁੱਟ ਰਹੀਆਂ ਹਨ, ਨਮਸਕਾਰ ਕੀਤੀ। ਤਾਂ ਮਨ ਵਿਚ ਸ਼ੰਕਾ ਹੋਇਆ ਕਿ ਇਹ ਤਾਂ ਰਾਣੀਆਂ ਦੇ ਮੋਹ ਵਿਚ ਖਚਤ ਹੈ, ਮੈਂ ਇਤਨਾ ਤਿਆਗੀ ਤੇ ਤਪੀਆ ਹਾਂ, ਇਹ ਮੈਨੂੰ ਕੀ ਉਪਦੇਸ਼ ਦੇਵੇਗਾ ?

ਅੰਤਰਜਾਮੀ ਮਹਾਰਾਜਾ ਜਨਕ ਨੇ ਇਸਦਾ ਮਾਣ ਤੋੜਨ ਵਾਸਤੇ ਆਪਣੀ ਸ਼ਕਤੀ ਨਾਲ ਮਹਿਲਾਂ ਨੂੰ ਅੱਗ ਲਾ ਦਿੱਤੀ, ਨੌਕਰਾਂ ਨੇ ਆ ਕੇ ਦੱਸਿਆ, "ਮਹਾਰਾਜ! ਮਹਿਲਾਂ ਨੂੰ ਅੱਗ ਲੱਗ ਗਈ ਹੈ। ਪਰ ਜਨਕ ਜੀ ਨੇ ਸੁਣ ਕੇ ਅਣਸੁਣੀ ਕਰ ਦਿੱਤੀ। ਕੁਝ ਦੇਰ ਬਾਅਦ ਨੌਕਰ ਫਿਰ ਆਏ ਤੇ ਕਿਹਾ, "ਜੀ! ਹੁਣ ਤਾਂ ਅੱਗ ਦਰਸ਼ਨੀ ਡਿਉਢੀ ਤੱਕ ਆ ਗਈ ਹੈ।" ਜਨਕ ਨੇ ਸੁਣ ਕੇ ਫਿਰ ਅਣਸੁਣੀ ਕਰ ਦਿੱਤੀ, ਇਕ ਰਸ ਅਨੰਦ ਵਿਚ ਬੈਠਾ ਰਿਹਾ। ਪਰ ਸੁਕਦੇਵ ਮੁਨੀ ਜੀ ਉੱਠ ਕੇ ਤੁਰ ਪਏ ਤਾਂ ਮਹਾਰਾਜਾ ਨੇ ਜਾਣ ਦਾ ਕਾਰਨ ਪੁੱਛਿਆ ਤਾਂ ਸੁਕਦੇਵ ਨੇ ਕਿਹਾ, "ਡਿਉਢੀ ਪਾਸ ਮੇਰੇ ਪਊਏ ਅਤੇ ਤੂੰਬੀ ਪਈ ਹੈ, ਕਿਤੇ ਸੜ ਨਾ ਜਾਵੇ, ਉਹ ਚੁੱਕਣ ਲਈ ਉੱਠਿਆ ਹਾਂ।" ਮਹਾਰਾਜਾ ਜਨਕ ਜੀ ਕਹਿਣ ਲੱਗੇ, "ਸਾਨੂੰ ਤਾਂ ਤੂੰ ਮਾਇਆ ਵਿਚ ਫਸੇ ਸਮਝਿਆ ਹੈ ਤੇ ਆਪਣੇ ਆਪ ਨੂੰ ਬੜਾ ਤਿਆਗੀ ਸਮਝਦਾ ਹੈਂ! ਸਾਡਾ ਬਹੁਤ ਕੁਝ ਸੜ ਗਿਆ ਹੈ, ਪ੍ਰਵਾਹ ਨਹੀਂ ਕੀਤੀ, ਪਰ ਤੂੰ ਪਊਏ ਅਤੇ ਤੂੰਬੀ ਵਾਸਤੇ ਹੀ ਉੱਠ ਭੱਜਿਆ ਹੈਂ! ਆਇਆ ਸੀ ਗੁਰੂ ਧਾਰਨ ਵਾਸਤੇ, ਤੂੰ ਗੁਰ-ਦੀਖਿਆ ਲੈਣ ਦਾ ਅਧਿਕਾਰੀ ਹੀ ਨਹੀਂ ਹੈਂ।" ਇਉਂ ਕਹਿ ਕੇ ਧੱਕੇ ਮਰਵਾ ਕੇ ਮਹਿਲਾਂ ਤੋਂ ਬਾਹਰ ਕਢਵਾ ਦਿੱਤਾ।

ਫਿਰ ਸੁਕਦੇਵ ਮੁਨੀ ਨੂੰ ਸਮਝ ਆ ਗਈ ਕਿ ਮਾਇਆ ਵਿਚ ਫਸਿਆ ਤਾਂ ਮੈਂ ਹੀ ਹਾਂ, ਮੈਂ ਆਇਆ ਸੀ ਗੁਰੂ ਧਾਰਨ ਲਈ ਪਰ ਮਮੂਲੀ ਚੀਜ਼ਾਂ ਵੱਲ ਹੀ ਮੇਰਾ ਮਨ ਲੱਗਾ ਰਿਹਾ, ਇਹਨਾਂ ਦਾ ਕਿਤਨਾ ਸਾਜੋ-ਸਮਾਨ ਸੜ ਗਿਆ, ਕੋਈ ਪ੍ਰਵਾਹ ਨਹੀਂ ਕੀਤੀ, ਮੈਂ ਇਹਨਾਂ ਨੂੰ ਹੀ ਗੁਰੂ ਧਾਰਨ ਕਰਾਂਗਾ। ਇਸ ਤਰ੍ਹਾਂ ਸੋਚ ਕੇ ਜਿਥੇ ਲੰਗਰ ਦੀਆਂ ਜੂਠੀਆਂ ਪੱਤਲਾਂ ਸੁੱਟੀਆਂ ਜਾਂਦੀਆਂ ਸਨ, ਉਥੇ ਬਾਰਾਂ ਸਾਲ ਖੜੋਤਾ ਰਿਹਾ। ਸੇਵਾਦਾਰ ਲੰਗਰ ਦੀ ਸਫਾਈ ਕਰਕੇ ਜੂਠੀਆਂ ਪੱਤਲਾਂ ਮਹਾਰਾਜਾ ਜਨਕ ਦੀ ਆਗਿਆ ਨਾਲ ਇਸਦੇ ਸਿਰ 'ਤੇ ਸੁੱਟਦੇ ਸਨ, ਜਦੋਂ ਬਾਰਾਂ ਸਾਲ ਸਿਰ 'ਤੇ ਜੂਠੀਆਂ ਪੱਤਲਾਂ ਪੈਣ ਤੋਂ ਵੀ ਨਾ ਡੋਲਿਆ

ਯਥਾ :—

*'ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ॥*
*ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥੭॥*
*ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ ॥'*

[ਕਾਨੜਾ ਮਹਲਾ ੪, ਅੰਗ—੧੩੦੯]

ਤਾਂ ਮਹਾਰਾਜਾ ਜਨਕ ਨੇ ਇਕ ਤੇਲ ਦਾ ਥਾਲ ਭਰ ਕੇ ਸੁਕਦੇਵ ਮੁਨੀ ਨੂੰ ਦਿੱਤਾ ਅਤੇ ਕਿਹਾ, "ਇਸ ਥਾਲ ਨੂੰ ਸਾਰੇ ਸ਼ਹਿਰ ਵਿਚ ਫੇਰ ਕੇ ਲਿਆ, ਪਰ ਖ਼ਿਆਲ ਰੱਖੀਂ ਤੇਲ ਨਾ ਡੁੱਲ੍ਹੇ, ਫਿਰ ਉਪਦੇਸ਼ ਦੇਵਾਂਗੇ।" ਉਧਰ ਸਾਰੇ ਸ਼ਹਿਰ ਵਿਚ ਥਾਵਾਂ-ਥਾਵਾਂ 'ਤੇ ਰਾਗ ਰੰਗ ਸ਼ੁਰੂ ਕਰਵਾ ਦਿੱਤੇ, ਸੁਕਦੇਵ ਸਾਰੇ ਸ਼ਹਿਰ ਵਿਚ ਬੜੇ ਧਿਆਨ ਅਤੇ ਇਕਾਗਰਤਾ ਨਾਲ ਤੇਲ ਦਾ ਥਾਲ ਫੇਰ ਕੇ ਲੈ ਆਇਆ, ਡੁੱਲ੍ਹਣ ਨਾ ਦਿੱਤਾ। ਮਹਾਰਾਜਾ ਨੇ ਪੁੱਛਿਆ, "ਰਸਤੇ ਵਿਚ ਕੁਝ ਵੇਖਿਆ ?" ਕਿਹਾ, "ਜੀ ! ਜੇਕਰ ਦੇਖਦਾ ਤਾਂ ਤੇਲ ਡੁੱਲ੍ਹ ਜਾਣਾ ਸੀ, ਅੱਗੇ ਬਾਰਾਂ ਸਾਲ ਬੜੇ ਦੁਖ ਝੱਲੇ ਹਨ, ਫਿਰ ਪਤਾ ਨਹੀਂ ਕਿਤਨਾ ਚਿਰ ਹੋਰ ਸਹਿਣੇ ਪੈਂਦੇ।"

ਇਸ ਤਰ੍ਹਾਂ ਦੀ ਪ੍ਰੀਖਿਆ ਵਿਚ ਪਾਸ ਹੋਣ ਤੋਂ ਬਾਅਦ ਜਨਕ ਜੀ ਨੇ ਕਿਰਪਾ-ਦ੍ਰਿਸ਼ਟੀ ਕਰਕੇ ਸੁਕਦੇਵ ਮੁਨੀ ਨੂੰ ਹਰੀ-ਪ੍ਰਮੇਸ਼ਰ ਨਾਲ ਜੋੜ ਦਿੱਤਾ ਸੀ।

## ਸਾਖੀ : ਡੱਗੀ ਵਾਲੇ ਵਪਾਰੀ ਦੀ

ਜਿਵੇਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਡੱਗੀ ਵਾਲੇ ਵਪਾਰੀ ਨੂੰ ਵੱਟਿਆਂ ਦੇ ਨਾਮ ਪੁੱਛ ਕੇ ਇਕ ਛਿਨ ਵਿਚ ਹੀ ਪ੍ਰਮੇਸ਼ਰ ਨਾਲ ਜੋੜ ਦਿੱਤਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਬਾਲੇ ਅਤੇ ਮਰਦਾਨੇ ਸਮੇਤ ਰਸਤੇ ਵਿਚ ਤੁਰੇ ਜਾ ਰਹੇ ਹਨ, ਸਾਹਮਣਿਓਂ ਇਕ ਵਪਾਰੀ ਮਿਲਿਆ। ਹਜ਼ੂਰ ਨੇ ਪੁੱਛਿਆ, "ਹੇ ਭਾਈ ! ਇਸ ਗਠੜੀ ਵਿਚ ਕੀ ਬੰਨ੍ਹਿਆ ਹੈ ?" ਦੋਵੇਂ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ ਜੀ ! ਇਸ ਵਿਚ ਲੂਣ, ਹਲਦੀ, ਘਿਉ, ਤੇਲ ਆਦਿਕ ਹੈ, ਰੋਜ਼ੀ ਵਾਸਤੇ ਨਗਰਾਂ ਵਿਚ ਫਿਰ-ਫਿਰ ਕੇ ਸੌਦਾ ਵੇਚਦਾ ਹਾਂ।" ਉਸਦੀ ਕਲਿਆਣ ਕਰਨ ਵਾਸਤੇ ਹਜ਼ੂਰ ਬੋਲੇ, "ਇਹ ਗਠੜੀ ਖੋਲ੍ਹ ਕੇ ਦਿਖਾ।" ਬਚਨ ਮੰਨ ਕੇ ਝੱਟ ਹੀ ਗਠੜੀ ਖੋਲ੍ਹ ਕੇ ਸਾਹਮਣੇ ਰੱਖ ਦਿੱਤੀ। ਹਜ਼ੂਰ ਨੇ ਤੋਲਣ ਵਾਲੇ ਪੱਥਰ ਦੇ ਵੱਟਿਆਂ ਵਿਚ ਸਭ ਤੋਂ ਛੋਟਾ ਇਕ ਪਾਅ ਦਾ ਵੱਟਾ ਹੱਥ 'ਤੇ ਰੱਖ ਲਿਆ। ਗਠੜੀ ਵਿਚ ਪਏ ਵੱਟਿਆਂ ਵੱਲ ਦੇਖ ਕੇ ਪੁੱਛਿਆ, "ਇਨ੍ਹਾਂ ਦੇ ਨਾਮ ਦੱਸ।" ਵਪਾਰੀ ਨੇ ਦੱਸਿਆ, "ਜੀ ! ਇਹ ਦੋ ਸੇਰ ਦਾ ਹੈ, ਇਹ ਇਕ ਸੇਰ ਹੈ, ਇਹ ਅੱਧਾ ਸੇਰ ਹੈ ਅਤੇ ਜੋ ਆਪ ਜੀ ਦੇ ਪਵਿੱਤਰ ਹਸਤ-ਕਮਲਾਂ ਵਿਚ ਹੈ, ਇਹ ਇਕ ਪਾਅ ਦਾ ਹੈ।" ਮਹਾਰਾਜ ਸਾਹਿਬ ਬੜੇ ਪ੍ਰਸੰਨ ਹੋਏ ਤੇ ਕਿਹਾ, "ਧੰਨ ਹੈ ਇਹ ਪਾਈਆ !

ਜਿਸਨੇ ਆਪਣਾ ਨਾਮ ਛੋਟਾ ਰਖਾਇਆ ਹੈ।" ਅਤੇ ਨਾਲ ਹੀ ਕਿਰਪਾ-ਦ੍ਰਿਸ਼ਟੀ ਨਾਲ ਤੱਕਿਆ। ਤਾਂ ਸਤਿਗੁਰੂ ਜੀ ਦੀ ਅਮੋਲਕ ਰਸਨਾ ਤੋਂ ਅੰਮ੍ਰਿਤ ਬਚਨ ਸੁਣਦਿਆਂ ਸਾਰ ਹੀ ਵਪਾਰੀ ਨੇ ਜਾਣਿਆ ਕਿ ਇਹ ਨਿਰੰਕਾਰ ਦਾ ਸਰਗੁਨ ਸਰੂਪ ਪੂਰਨ ਸੰਤ ਹਨ, ਪੂਰਨ ਭਾਗ ਜਾਗੇ ਆਪਾ ਭਾਵ ਮੇਟ ਕੇ ਪਵਿੱਤਰ ਚਰਨ-ਕਵਲਾਂ 'ਤੇ ਆਪਣਾ ਸਿਰ ਰੱਖਿਆ, ਪ੍ਰੇਮ ਵਿਚ ਐਸਾ ਲੀਨ ਹੋਇਆ ਕਿ ਚਰਨਾਂ ਤੋਂ ਸਿਰ ਚੁੱਕਿਆ ਹੀ ਨਹੀਂ। ਇਸਦੀ ਨਿਮਰਤਾ ਅਤੇ ਪ੍ਰੇਮ ਦੇਖ ਕੇ ਹਜ਼ੂਰ ਨੇ ਇਸਦੇ ਸੀਸ ਉੱਪਰ ਆਪਣਾ ਹਸਤ-ਕਮਲ ਰੱਖ ਕੇ ਐਸੀ ਕਿਰਪਾ ਭਰੀ ਦ੍ਰਿਸ਼ਟੀ ਨਾਲ ਤੱਕਿਆ ਕਿ ਝੱਟ ਹੀ ਬੱਜਰ ਕਪਾਟ, ਭਾਵ ਆਸਾ-ਅੰਦੇਸਾ ਦੇ ਤਖ਼ਤੇ ਖੁੱਲ੍ਹ ਗਏ, ਹਿਰਦੇ ਵਿਚੋਂ ਦ੍ਵੈਤ ਭਾ ਮਿਟ ਗਿਆ :—

*'ਨਾਨਕ ਨਦਰੀ ਨਦਰਿ ਨਿਹਾਲ ॥੩੮॥'* [ਜਪੁਜੀ ਸਾਹਿਬ, ਅੰਗ—੮]

ਹੋ ਗਿਆ। ਇਸਨੂੰ ਛਿਨ ਵਿਚ ਨਿਹਾਲ ਹੋਇਆ ਵੇਖ ਕੇ ਭਾਈ ਬਾਲਾ ਜੀ ਨੇ ਬੇਨਤੀ ਕੀਤੀ :—

*'ਇਨ ਵੈਪਾਰੀ ਤਤਛਿਨ ਪਾਈ। ਕਛੁ ਚਿਰ ਕਾਲ ਨ ਸੇਵ ਕਮਾਈ ॥੨੮॥'*
[ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ ਅਧਯਾਯ-੧੫, ਜਿਲਦ-੪, ਪੰਨਾ—੯੯੭]

ਹਜ਼ੂਰ ਨੇ ਦੱਸਿਆ ਕਿ ਇਸਦੀ ਪਿਛਲੇ ਜਨਮ ਦੀ ਕਮਾਈ ਹੀ ਇਤਨੀ ਸੀ ਕਿ ਸਾਡੀ ਨਿਗ੍ਹਾ ਪੈਣ ਦੀ ਹੀ ਦੇਰ ਸੀ। ਜਿਸ ਤਰ੍ਹਾਂ ਦੀਵੇ ਵਿਚ ਤੇਲ ਅਤੇ ਵੱਟੀ ਪਈ ਹੋਵੇ, ਜੇ ਉਸਨੂੰ ਤੀਲ੍ਹੀ ਲਾ ਦੇਈਏ ਤਾਂ ਉਸੇ ਵੇਲੇ ਪ੍ਰਕਾਸ਼ ਹੋ ਜਾਂਦਾ ਹੈ, ਇਸੇ ਤਰ੍ਹਾਂ ਇਸਦੇ ਸਾਧਨ ਪੂਰਨ ਹੋ ਚੁੱਕੇ ਸਨ, ਸਿਰਫ਼ ਸਾਡੇ ਮਿਲਾਪ ਦੀ ਹੀ ਲੋੜ ਸੀ।

ਜਿਵੇਂ ਸਤਿਗੁਰੂ ਕਲਗੀਧਰ ਜੀ ਨੇ ਸੈਦ ਖ਼ਾਂ ਨੂੰ ਵਾਹਿਗੁਰੂ ਨਾਲ ਜੋੜਿਆ ਸੀ।

## ਸਾਖੀ : ਸੈਦ ਖ਼ਾਂ ਦੀ

ਸਢੌਰੇ ਵਾਲੇ ਪੀਰ ਬੁੱਧੂ ਸ਼ਾਹ ਦੀ ਘਰ ਵਾਲੀ ਦਾ ਨਾਮ ਸੀ ਬੀਬੀ ਨਸੀਰਾਂ ਬੇਗਮ। ਬੀਬੀ ਨਸੀਰਾਂ ਦਾ ਭਰਾ ਸੀ ਸੈਦ ਖ਼ਾਂ, ਜੋ ਔਰੰਗਜ਼ੇਬ ਦੀ ਸਵਾ ਲੱਖ ਫ਼ੌਜ ਦਾ ਜਰਨੈਲ ਸੀ। ਜਿਸਨੇ ਆਪਣੀ ਭੈਣ ਤੋਂ ਗੁਰੂ ਕਲਗੀਧਰ ਜੀ ਦੀ ਬੜੀ ਭਾਰੀ ਮਹਿਮਾ ਸੁਣੀ ਹੋਈ ਸੀ, ਦਿਲੋਂ ਸਤਿਗੁਰੂ ਕਲਗੀਧਰ ਜੀ ਦਾ ਸ਼ਰਧਾਲੂ ਸੀ।

ਬਾਦਸ਼ਾਹੀ ਹੁਕਮ ਨਾਲ ਸਵਾ ਲੱਖ ਫ਼ੌਜ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਸਤਿਗੁਰੂ ਕਲਗੀਧਰ ਜੀ ਨਾਲ ਲੜਨ ਲਈ ਪਹੁੰਚਿਆ। ਜੋ ਸਤਿਗੁਰੂ ਕਲਗੀਧਰ ਜੀ ਦੇ ਦਰਸ਼ਨ ਕਰਨੇ ਚਾਹੁੰਦਾ ਸੀ, ਦਿਲੋਂ ਡਰਦਾ ਸੀ ਕਿ ਔਰੰਗਜ਼ੇਬ ਮੈਨੂੰ ਨਲਾਇਕ ਕਹੇਗਾ ਅਤੇ ਤੁਰਕ

ਸਿਪਾਹੀ ਨਿੰਦਾ ਕਰਨਗੇ, ਜੇ ਗੁਰੂ ਸਾਹਿਬ ਜੀ ਦੇ ਜ਼ਾਹਰਾ ਦਰਸ਼ਨ ਕੀਤੇ ਅਤੇ ਨਮਸਕਾਰ ਕੀਤੀ। ਜੇ ਸਤਿਗੁਰੂ ਕਲਗੀਧਰ ਜੀ ਖ਼ੁਦਾ ਦਾ ਰੂਪ, ਸਰਬ ਕਲਾ ਸਮਰੱਥ ਅਤੇ ਅੰਤਰਜਾਮੀ ਹਨ ਤਾਂ ਸ਼ਸਤਰਾਂ-ਬਸਤਰਾਂ ਸਹਿਤ ਘੋੜੇ 'ਤੇ ਚੜ੍ਹ ਕੇ, ਜੰਗ ਦੇ ਮੈਦਾਨ ਵਿਚ ਦਰਸ਼ਨ ਦੇ ਕੇ, ਮੇਰੀ ਇੱਛਾ ਪੂਰੀ ਕਰਨ।

*'ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥'*

[ਦਸਮ, ਅੰਗ—੧੩੮੭]

ਸਤਿਗੁਰੂ ਜੀ ਨੇ ਸ਼ਸਤਰਾਂ ਦੇ ਸਹਿਤ, ਘੋੜੇ 'ਤੇ ਅਸਵਾਰ ਹੋ ਕੇ, ਜੰਗ ਦੇ ਮੈਦਾਨ ਵਿਚ ਸੈਦ ਖ਼ਾਂ ਦੇ ਪਾਸ ਜਾ ਕੇ, ਕਿਰਪਾ-ਦ੍ਰਿਸ਼ਟੀ ਨਾਲ ਤੱਕ ਕੇ ਕਿਹਾ, "ਵਾਰ ਕਰ! ਜਾਂ ਸਾਡਾ ਵਾਰ ਰੋਕ!" ਜਿਸ ਵਕਤ ਹਜ਼ੂਰ ਦੀ ਕਿਰਪਾ ਭਰੀ ਦ੍ਰਿਸ਼ਟੀ ਸੈਦ ਖ਼ਾਂ 'ਤੇ ਪਈ, ਤਾਂ ਉਸੇ ਵਕਤ ਸਤਿਗੁਰੂ ਕਲਗੀਧਰ ਜੀ ਦੇ ਚਰਨਾਂ 'ਤੇ ਆਪਣਾ ਸੀਸ ਰੱਖ ਦਿੱਤਾ। ਜਦੋਂ ਹੀ ਇਸਦੇ ਸੀਸ ਨੇ ਸਤਿਗੁਰਾਂ ਦੀ ਚਰਨ-ਛੋਹ ਨੂੰ ਪ੍ਰਾਪਤ ਕੀਤਾ ਤਾਂ ਸਰੀਰ ਦੇ ਰੋਮ-ਰੋਮ ਵਿਚੋਂ ਨਾਮ ਦੀ ਝਰਨਾਟ ਛਿੜ ਪਈ ਅਤੇ ਸਾਰੇ ਪਾਸੇ ਵਾਹਿਗੁਰੂ ਦੀ ਜੋਤ ਪਰੀਪੂਰਨ ਦਿਸ ਪਈ। ਇਉਂ ਗਿਆਨ ਅਵਸਥਾ ਨੂੰ ਪ੍ਰਾਪਤ ਹੋ ਕੇ; ਧਨ, ਧਾਮ, ਸਰਦਾਰੀ, ਪੁੱਤਰ ਛੱਡ ਕੇ, ਫ਼ਕੀਰ ਬਣ ਕੇ, ਜੰਗਲ ਨੂੰ ਚਲਿਆ ਗਿਆ। ਜਿਤਨਾ ਚਿਰ ਜ਼ਿੰਦਗੀ ਰਹੀ, ਜੀਵਨ-ਮੁਕਤੀ ਦਾ ਅਨੰਦ ਮਾਣਦਾ ਰਿਹਾ, ਸਰੀਰ ਛੁੱਟਣ 'ਤੇ ਵਾਹਿਗੁਰੂ ਵਿਚ ਅਭੇਦ ਹੋ ਗਿਆ। ਯਥਾ:—

*'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥'* [ਬਿਲਾਵਲੁ ਮਹਲਾ ੫, ਅੰਗ—੮੪੬]

ਪ੍ਰਸ਼ਨ:—ਜੇ ਕੋਈ ਮਿਲਾ ਦੇਵੇ ਤਾਂ ਕੀ ਦੇਵੋਗੇ? ਉੱਤਰ:—

**ਚਰਨ ਗਹਉ ਬਕਉ ਸੁਭ ਰਸਨਾ ਦੀਜੈ ਪ੍ਰਾਨ ਅਕੋਰਿ ॥੧॥ਰਹਾਉ॥**

ੳ) ਮੈਂ ਉਸਦੇ ਚਰਨ ਫੜ੍ਹਾਂਗਾ, ਰਸਨਾ ਨਾਲ ਸ਼ੁਭ ਬਾਣੀ **ਬਕਉ** = ਬੋਲਾਂਗਾ, ਭਾਵ ਉਸਦਾ ਜਸ ਉਚਰਾਂਗਾ ਅਤੇ ਆਪਣੇ ਪ੍ਰਾਣ ਉਸਨੂੰ **ਅਕੋਰਿ** = ਭੇਟਾ ਚੜ੍ਹਾ ਦਿਆਂਗਾ।

ਅ) ਤਿਨ੍ਹਾਂ ਦੇ ਚਰਨਾਂ ਦੀ ਮੁੱਠੀ-ਚਾਪੀ ਕਰੀਏ, ਜ਼ਬਾਨ ਨਾਲ ਸ੍ਰੇਸ਼ਟ ਜਸ ਕਰੀਏ, ਪ੍ਰਾਣਾਂ ਦੀ **ਅਕੋਰਿ** = ਭੇਟਾ ਦੇਣਾ ਕਰੀਏ। ਜਿਵੇਂ ਪੰਜ ਪਿਆਰਿਆਂ ਨੇ ਸਤਿਗੁਰੂ ਕਲਗੀਧਰ ਜੀ ਨੂੰ ਸੀਸ ਭੇਟਾ ਕੀਤੇ ਸਨ।*

* ਵਿਸਥਾਰ ਸਹਿਤ ਇਹ ਸਾਖੀ ਇਸ ਪੋਥੀ ਦੇ ਪਹਿਲੇ ਭਾਗ ਵਿਚ ੩੪ ਪੰਨੇ ਤੋਂ ਪੜ੍ਹੋ ਜੀ।

**ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ॥**

ਅਸਥੂਲ ਤਨ ਨੂੰ ਨਿਰਮਲ ਕਰਨਾ, ਅਰਥਾਤ ਵਿਸ਼ਿਆਂ ਤੋਂ ਰਹਿਤ ਕਰਨਾ, ਇਹ ਕਿਆਰਾ ਕਰ, ਤੇ ਮਨ ਨੂੰ ਜਿਹੜਾ ਹਰੀ ਨਾਲ **ਸੰ** = ਭਲੀ ਪ੍ਰਕਾਰ **ਜੋਰਿ** = ਜੋੜਨਾ ਹੈ, ਇਹ ਬਲਦ ਜੋੜਨਾ ਕਰ ਅਤੇ ਬੁੱਧੀ ਰੂਪ ਧਰਤੀ ਨੂੰ ਨਾਮ ਰੂਪ ਅੰਮ੍ਰਿਤ ਜਲ ਨਾਲ **ਸਿੰਚੈ** = ਸਿੰਜਨਾ ਕਰ ਤਾਂ ਉਸ ਪਿਆਰੇ ਹਰੀ ਨਾਲ **ਸੰ** = ਭਈ ਪ੍ਰਕਾਰ **ਜੋਰਿ** = ਜੁੜਨਾ ਹੋਵੇਗਾ।

**ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ॥੧॥**

(ੳ) ਪ੍ਰਭੂ ਦੀ ਕਿਰਪਾ ਨਾਲ ਮਹਾਂ ਵਿਸ਼ੇ-ਵਿਕਾਰਾਂ ਵੱਲੋਂ ਬਿਰਤੀ ਨੂੰ ਤੋੜਨਾ ਕਰ, ਤਾਂ ਇਸ ਆਤਮ ਰਸ ਵਿਚ **ਮਗਨੁ** = ਮਸਤ ਹੋਵੇਂਗਾ।

(ਅ) ਇਸ ਨਾਮ-ਰਸ ਵਿਚ ਤਾਂ ਮਸਤ ਹੋਈਦਾ ਹੈ; ਜੇ **ਮਹਾ ਬਿਖਿਆ ਤੇ ਤੋਰਿ** = ਜ਼ਹਿਰ ਦੀ ਨਿਆਈਂ ਦੁਖਦਾਇਕ ਮਾਇਆ ਨਾਲੋਂ ਪ੍ਰੀਤੀ ਤੋੜਨਾ ਕਰੇ।

ਜੋ ਵਿਹੁ ਹੈ, ਇਹ ਤਾਂ ਇਸ ਜਨਮ ਵਿਚ ਬੰਦੇ ਦਾ ਸਰੀਰ ਛੁੱਟਣ ਤੋਂ ਖਹਿੜਾ ਛੱਡ ਦਿੰਦੀ ਹੈ, ਪਰ ਜੋ ਮਾਇਆ ਹੈ ਇਹ ਅਨੇਕਾਂ ਜਨਮਾਂ ਵਿਚ ਵੀ ਜੀਵ ਦਾ ਖਹਿੜਾ ਨਹੀਂ ਛੱਡਦੀ, ਤਾਂ ਹੀ ਮਾਇਆ ਨੂੰ ਮਹਾਂ ਬਿਖਿਆ ਕਿਹਾ ਹੈ। ਯਥਾ :—

੧. *'ਸਰਪਨੀ ਤੇ ਊਪਰਿ ਨਹੀ ਬਲੀਆ॥*
*ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥*
*ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ॥*
*ਜਿਨਿ ਤ੍ਰਿਭਵਣੁ ਡਸੀਅਲੇ ਗੁਰਪ੍ਰਸਾਦਿ ਡੀਠੀ॥੧॥ਰਹਾਉ॥'*

[ਆਸਾ ਕਬੀਰ ਜੀ, ਅੰਗ—੪੮

੨. *'ਐਸੀ ਸੁੰਦਰਿ ਮਨ ਕਉ ਮੋਹੈ॥ ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ॥*
*ਮਨਿ ਤਨਿ ਲਾਗੈ ਹੋਇ ਕੈ ਮੀਠੀ॥ ਗੁਰਪ੍ਰਸਾਦਿ ਮੈ ਖੋਟੀ ਡੀਠੀ॥੨॥*
*ਅਗਰਕ ਉਸਕੇ ਵਡੇ ਠਗਾਊ॥ ਛੋਡਹਿ ਨਾਹੀ ਬਾਪ ਨ ਮਾਊ॥*
*ਮੇਲੀ ਅਪਨੇ ਉਨਿ ਲੇ ਬਾਂਧੇ॥ ਗੁਰ ਕਿਰਪਾ ਤੇ ਮੈ ਸਗਲੇ ਸਾਧੇ॥੩॥'*

[ਆਸਾ ਮਹਲਾ ੫, ਅੰਗ—੩

੩. *'ਬ੍ਰਹਮ ਲੋਕ ਅਰੁ ਰੁਦ੍ਰ ਲੋਕ; ਆਈ ਇੰਦ੍ਰ ਲੋਕ ਤੇ ਧਾਇ॥*
*ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ॥੧॥'*

[ਗੂਜਰੀ ਮਹਲਾ ੫, ਅੰਗ—

ਸਰਪ ਆਦਿਕ ਜਾਨਵਰ ਵੀ ਇਸਦੀ ਪ੍ਰੀਤੀ ਨਹੀਂ ਛੱਡਦੇ, ਕਿਉਂਕਿ ਥੇਹਾਂ ਵਿਚ ਪਈ ਮਾਇਆ ਦੇ ਪਾਸ ਬੈਠੇ ਰਹਿੰਦੇ ਹਨ। ਜੇ ਛੋਟੇ ਜਿਹੇ ਬੱਚੇ ਨੂੰ ਪੈਸਾ ਫੜਾ ਦਿਉ, ਉਹ ਵੀ ਛੱਡਣ ਨੂੰ ਤਿਆਰ ਨਹੀਂ ਹੁੰਦਾ, ਤਾਂ ਹੀ ਹਜ਼ੂਰ ਨੇ ਕਿਹਾ ਹੈ :—

*'ਮਾਈ ਮਾਇਆ ਛਲੁ ॥*
*ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥'*
[ਟੋਡੀ ਮਹਲਾ ੫, ਅੰਗ—੭੧੭]

ਆਪਾਂ ਇਸ ਤਰ੍ਹਾਂ ਬੇਨਤੀ ਕਰੀਏ :—

**ਆਇਓ ਸਰਣਿ ਦੀਨ* ਦੂਖ ਭੰਜਨ ਚਿਤਵਉ ਤੁਮ੍ਹਰੀ ਓਰਿ ॥**

ਹੇ ਦੀਨਾਂ ਦੇ ਦੁਖਾਂ ਨੂੰ ਨਾਸ ਕਰਨ ਵਾਲੇ ਪ੍ਰਭੂ ! ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ ਅਤੇ ਆਪ ਜੀ ਦੀ **ਓਰਿ** = ਤਰਫ ਹੀ **ਚਿਤਵਉ** = ਦੇਖਦਾ ਹਾਂ।

**ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥**

ਗੁਰੂ ਜੀ ਕਥਨ ਕਰਦੇ ਹਨ, ਹੇ ਸੁਆਮੀ ਜੀ ! ਆਪ ਜੀ ਦਾ ਸਿਮਰਨ ਹੀ ਅਭੈ ਪਦਵੀ ਦੇਣ ਵਾਲਾ ਹੈ, ਇਸ ਕਰਕੇ ਹੇ ਪ੍ਰਭੂ ! ਆਪਣੇ ਸਿਮਰਨ ਦਾ ਦਾਨ ਦੇ ਕੇ ਮੇਰੇ ਜੰਮਣ-ਮਰਨ, ਕਰਤਾ-ਭੋਗਤਾ, ਹੰਗਤਾ-ਮਮਤਾ ਦੇ ਬੰਧਨ **ਛੋਰਿ** = ਖੋਲ੍ਹ ਦੇਵੋ। ਵਾ :—ਪ੍ਰਤੱਖ ਬੰਧਨਾਂ ਤੋਂ ਵੀ ਕਿਰਪਾ ਕਰਕੇ ਸਤਿਗੁਰੂ ਜੀ ਛੁਡਾ ਲੈਂਦੇ ਹਨ।

ਜਿਸ ਤਰ੍ਹਾਂ ਪਹਿਲੇ ਪਾਤਸ਼ਾਹ ਜੀ ਨੇ ਬਾਬਰ ਦੀ ਕੈਦ ਵਿਚੋਂ ਸਾਰੇ ਕੈਦੀ ਛੁਡਾਏ ਸਨ, ਛੇਵੇਂ ਪਾਤਸ਼ਾਹ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ ੫੨ ਰਾਜੇ ਛੁਡਾਏ ਸਨ, ਜੋ ਉਮਰ ਕੈਦੀ ਸਨ। ਦਸਵੇਂ ਪਾਤਸ਼ਾਹ ਜੀ ਨੇ ਔਰੰਗਜ਼ੇਬ ਦੇ ਕੈਦ ਕੀਤੇ ਹੋਏ ਕੈਦੀ ਬਹਾਦਰ ਸ਼ਾਹ ਨੂੰ ਕਹਿ ਕੇ ਛਡਵਾਏ ਸਨ ਅਤੇ ਫਿਰ ਸਚਖੰਡ ਜਾਣ ਤੋਂ ਤੀਹ ਸਾਲ ਪਿੱਛੋਂ ਬਾਲਾ ਰਾਇ ਤੇ ਰੁਸਤਮ ਰਾਇ ਨੂੰ ਪੂਨੇ ਸਤਾਰੇ ਦੀ ਜੇਲ੍ਹ ਵਿਚੋਂ ਕੱਢਿਆ ਸੀ।†

ਆਪਾਂ ਵੀ ਬੇਨਤੀ ਕਰੀਏ ਕਿ ਸਾਨੂੰ ਵੀ ਇਸ ਤਰ੍ਹਾਂ ਕਿਰਪਾ ਕਰਕੇ ਕਰਤਾ-ਭੋਗਤਾ, ਹੰਗਤਾ-ਮਮਤਾ ਅਤੇ ਜੰਮਣ-ਮਰਨ ਦੇ ਬੰਧਨਾਂ ਤੋਂ ਛੁਡਾਉ ਜੀ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

---

* ਜੋ ਇੱਛਾ ਅਤੇ ਭੈ ਸੰਜੁਗਤ ਹੋਵੇ, ਉਸਨੂੰ ਦੀਨ ਕਹੀਦਾ ਹੈ। ਇੱਛਾ ਹੋਣੀ ਮੁਕਤ ਹੋਣ ਦੀ ਅਤੇ ਭੈ ਹੋਣਾ ਜਮਾਂ ਦਾ।

† ਸਮੇਂ ਮੁਤਾਬਿਕ ਇਹਨਾਂ ਸਾਖੀਆਂ ਦਾ ਵਿਸਥਾਰ ਕਰੋ ਜੀ।

## ੪੮.

### ਜੈਤਸਰੀ ਮਹਲਾ ੫ ਛੰਤ ਘਰੁ ੧

### ੧ਓ ਸਤਿਗੁਰ ਪ੍ਰਸਾਦਿ॥ [ਅੰਗ—੭੦੩]

### ਸਲੋਕ॥ ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸਾਜੀ ਨਿਵਾਜੀ ਪਰਮ ਸਨਮਾਨ ਯੋਗ ਗੁਰੂ ਰੂਪ ਖ਼ਾਲਸਾ ਸਾਧਸੰਗਤ ਜੀ! ਸਾਡੇ ਹਿਰਦੇ ਵਿਚ ਹਮੇਸ਼ਾ ਅਕਾਲ ਪੁਰਖ ਵਾਹਿਗੁਰੂ ਦੇ ਦਰਸ਼ਨਾਂ ਦੀ ਤਾਂਘ ਪੈਦਾ ਕਰਨ ਵਾਸਤੇ ਇਸ ਸ੍ਰੀ ਮੁਖਵਾਕ ਦੁਆਰਾ ਸਤਿਗੁਰੂ ਜੀ ਪਰਮ-ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ। ਆਪਣੇ ਕੰਨਾਂ ਰੂਪ ਡੋਨਿਆਂ ਨਾਲ ਅੰਮ੍ਰਿਤ ਰੂਪ ਸ਼ਬਦ ਦੀ ਵਿਚਾਰ ਸ੍ਰਵਣ ਕਰਕੇ ਲਾਹਾ ਪ੍ਰਾਪਤ ਕਰੀਏ।

**ਜੈਤਸਰੀ ਮਹਲਾ ੫** = ਜੈਤਸਰੀ ਰਾਗ ਵਿਚ ਪੰਜਵੇਂ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਪਰਮ-ਪਵਿੱਤਰ ਉਪਦੇਸ਼ ਦੀ ਬਖ਼ਸ਼ਿਸ਼ ਕਰ ਰਹੇ ਹਨ।

**ਛੰਤ** = ਕਾਵਿ ਤੇ ਸੰਗੀਤ ਮਿਲਾ ਕੇ ਜੋ ਰਚਨਾ ਹੋਵੇ, ਉਸਨੂੰ ਛੰਤ ਕਹੀਦਾ ਹੈ। ਵਾ:—ਛੰਤ ਜੱਸ ਨੂੰ ਕਹੀਦਾ ਹੈ, ਇਸ ਵਿਚ ਪ੍ਰਮੇਸ਼ਰ ਦਾ ਜੱਸ ਕਥਨ ਕਰਦੇ ਹਨ, ਵਾ:—ਛੰਤ; ਛੰਦ ਦਾ ਨਾਮ ਹੈ।

**ਘਰੁ ੧** = ਪਹਿਲੇ ਸੁਰਤਾਲ ਵਿਚ ਇਹ ਸ਼ਬਦ ਉਚਾਰਨ ਕਰ ਰਹੇ ਹਨ।

**੧** = ਅਦ੍ਵੈਤ ਸਰੂਪ ਪ੍ਰਮੇਸ਼ਰ, **ਓ** = ਸਰਬ ਦਾ ਪ੍ਰਕਾਸ਼ਕ, **ਸਤਿ** = ਤ੍ਰੈ ਕਾਲ ਅਬਾਧ, ਭਾਵ ਤਿੰਨ ਕਾਲਾਂ ਵਿਚ ਨਾਸ ਤੋਂ ਰਹਿਤ, **ਗੁਰ** = ਚੇਤਨ ਸਰੂਪ, **ਪ੍ਰਸਾਦਿ** = ਅਨੰਦ ਸਰੂਪ ਹੈ। ਅਥਵਾ:—**੧ਓ** = ਪ੍ਰਮੇਸ਼ਰ, ਸਤਿਗੁਰਾਂ ਦੀ **ਪ੍ਰਸਾਦਿ** = ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

**ਸ + ਲੋਕ** = ਸਰੂਪ ਰੂਪ ਲੋਕ ਦੀ ਪ੍ਰਾਪਤੀ ਕਰਾਉਣ ਵਾਲਾ ਹੈ, ਵਾ:—ਸਲੋਕ ਛੰਦ ਦਾ ਨਾਮ ਹੈ।

### ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥

(ੳ) ਰਾਤ-ਦਿਨ ਦਰਸ਼ਨਾਂ ਦੀ ਪਿਆਸੀ ਹੋ ਕੇ ਪ੍ਰਭੂ ਦੇ ਰਾਹ ਨੂੰ **ਅਨਦਿਨੁ** = ਰਾਤ-ਦਿਨ (ਲਗਾਤਾਰ) **ਚਿਤਵਉ** = ਦੇਖਦੀ ਰਹਿੰਦੀ ਸਾਂ।

(ਅ) ਹੇ ਅਕਾਲ ਪੁਰਖ ਵਾਹਿਗੁਰੂ! ਸਾਡੀ ਬਿਰਤੀ ਆਪ ਜੀ ਦੇ ਦਰਸ਼ਨਾਂ ਦੀ ਰਾਤ-ਦਿਨ ਪਿਆਸੀ ਹੋ ਰਹੀ ਹੈ, **ਨੀਤ** = ਹਮੇਸ਼ਾ ਹੀ ਚਿਤਵਦੇ ਰਹਿੰਦੇ ਹਾਂ ਕਿ ਕਦੋਂ ਅਵਿਦਿਆ ਰੂਪ **ਅਨ** = ਰਾਤ ਮਿਟ ਕੇ ਗਿਆਨ ਰੂਪ ਦਿਨ ਚੜ੍ਹੇ। ਯਥਾ :—

੧. *'ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਕ ਦੀਨਾ ॥*
*ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ ॥੧॥*
*ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ ॥*
*ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ ॥੨॥'*
[ਤੁਖਾਰੀ ਮਹਲਾ ੫, ਅੰਗ—੧੧੧੭]

੨. *'ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ ॥*
*ਦੇਖਿ ਤੁਮ੍ਾਰਾ ਦਰਸਨੋ ਮੇਰਾ ਮਨੁ ਧੀਰੇ ॥੧॥'* [ਆਸਾ ਮਹਲਾ ੫, ਅੰਗ—੩੯੮]

੩. *'ਦਰਮਾਦੇ ਠਾਢੇ ਦਰਬਾਰਿ ॥*
*ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ਰਹਾਉ॥'*
[ਬਿਲਾਵਲੁ ਸ੍ਰੀ ਕਬੀਰ ਜੀ, ਅੰਗ—੮੫੬]

ਜਿਸ ਤਰ੍ਹਾਂ ਬੇਬੇ ਨਾਨਕੀ ਜੀ ਚਿਤਵਦੇ ਸਨ, ਰਾਇ ਬੁਲਾਰ ਜੀ ਚਿਤਵਦੇ ਸਨ, ਰਾਜਾ ਸ਼ਿਵਨਾਭ ਅਤੇ ਭਾਈ ਸਾਈਂਦਾਸ ਚਿਤਵਦਾ ਸੀ। ਜਿਵੇਂ ਭਾਈ ਸਾਧੂ ਜੀ ਭਾਈ ਰੂਪਚੰਦ ਜੀ ਅਤੇ ਮਾਤਾ ਭਾਗਭਰੀ ਜੀ, ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨਾਂ ਨੂੰ ਲੋਚਦੀ ਸੀ।*

**ਖੋਲਿ੍ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥੧॥**

ਗੁਰੂ ਜੀ ਕਥਨ ਕਰਦੇ ਹਨ, ਹੁਣ ਗੁਰਾਂ ਨੇ ਭਰਮ ਰੂਪ ਯਾਂ ਪੰਜਾਂ ਕੋਸ਼ਾਂ ਰੂਪ **ਕਪਟ** = ਬੂਹੇ ਖੋਲ੍ਹ ਕੇ ਹਰੀ ਮਿੱਤਰ ਦੇ ਨਾਲ ਮੈਨੂੰ ਮੇਲ ਦਿੱਤਾ ਹੈ।

**ਛੰਤ ॥ ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥**

ਹੇ ਅਸਾਡੇ **ਸਜਣ** = ਪ੍ਰਮਾਤਮਾ ਦੇ ਯਾਰ ਸਤਿਗੁਰੋ! ਸੁਣਨਾ ਕਰੋ, ਮੈਂ ਇਕ ਬੇਨਤੀ ਕਰਦੀ ਹਾਂ (**ਯਾਰ** = ਮਾਤਾ ਦੇ ਗਰਭ ਵਿਚ ਰੱਖਿਆ ਕਰਨ ਵਾਲੇ, **ਸਜਣ** = ਪ੍ਰਲੋਕ ਵਿਚ ਸਹਾਇਤਾ ਕਰਨ ਵਾਲੇ)।

* ਸਮੇਂ ਮੁਤਾਬਿਕ ਇਹਨਾਂ ਸਾਖੀਆਂ ਦਾ ਵਿਸਥਾਰ ਕਰੋ ਜੀ।

ਪ੍ਰਸ਼ਨ :—ਕਿਹੜੀ ਬੇਨਤੀ ਕਰਦੀ ਹੈਂ ? ਉੱਤਰ :—

### ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥

ਤਿਸ **ਮੋਹਨ** = ਮਨ ਨੂੰ ਮੋਹਿਤ ਕਰਨ ਵਾਲੇ, **ਲਾਲ ਪਿਆਰੇ** = ਪਿਆਰਿਆਂ ਦੇ ਪਿਆਰੇ, ਵਾ :—ਅਤਿਅੰਤ ਪਿਆਰੇ ਪ੍ਰਭੂ ਨੂੰ ਮੈਂ **ਖੋਜੰਤੀਆ** = ਲੱਭਦੀ **ਫਿਰਉ** = ਫਿਰਦੀ ਹਾਂ।

### ਤਿਸੁ ਦਸਿ ਪਿਆਰੇ

ਮੈਨੂੰ ਉਸ ਪਿਆਰੇ ਪ੍ਰਭੂ ਦਾ ਪਤਾ ਦੱਸ ਦਿਉ !

ਪ੍ਰਸ਼ਨ :—ਜੇ ਦੱਸ ਦੇਈਏ ਤਾਂ ਕੀ ਦੇਵੇਂਗੀ ? ਉੱਤਰ :—

### ਸਿਰੁ ਧਰੀ ਉਤਾਰੇ

ਮੈਂ ਪ੍ਰਤੱਖ ਸਿਰ, ਵਾ :—ਹੰਕਾਰ ਰੂਪ ਸਿਰ ਲਾਹ ਕੇ ਤੁਹਾਡੇ ਚਰਨਾਂ 'ਤੇ ਧਰ ਦਿਆਂਗੀ। ਯਥਾ :—

੧. *'ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ॥*
*ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ ॥'*

[ਰਾਗੁ ਗਉੜੀ ਛੰਤ ਮਹਲਾ ੫, ਅੰਗ—੨੪੭]

੨. *'ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥'*

[ਵਡਹੰਸ ਮਹਲਾ ੧, ਅੰਗ—੫੫੮]

੩. *'ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥੧॥'*

[ਮਾਰੂ ਵਾਰ ਮਹਲਾ ੫ ਡਖਣੇ, ਅੰਗ—੧੦੯੪]

### ਇਕ ਭੋਰੀ ਦਰਸਨੁ ਦੀਜੈ ॥

ਇਕ ਮੈਂ ਭੋਲੀ ਨੂੰ **ਭੋਰੀ** = ਰੰਚਕ ਮਾਤ੍ਰ ਦਰਸ਼ਨ ਕਰਾ ਦਿਉ, ਜਿਸ ਕਰਕੇ ਗਿਆਨ ਰੂਪ **ਭੋਰੀ** = ਦਿਨ ਚੜ੍ਹੇ। ਹੇ ਮਹਾਰਾਜ ਸਾਹਿਬ ਜੀ ! ਜੇ ਜਿਆਦਾ ਸਮਾਂ ਦਰਸ਼ਨ ਨਹੀਂ ਦੇਣਾ ਤਾਂ **ਇਕ ਭੋਰੀ** = ਇਕ ਭੋਰਾ ਕੁ ਮਾਤਰ, ਭਾਵ ਥੋੜ੍ਹਾ ਜਿਹਾ ਚਿਰ ਹੀ ਆਪ ਜੀ **ਦਰਸਨੁ ਦੀਜੈ** = ਦਰਸ਼ਨ ਦੇ ਦਿਉ। ਅਥਵਾ :—ਸਾਡੀ **ਭੋਰੀ** = ਭੋਲੀ ਬਿਰਤੀ ਨੂੰ **ਭੋਰੀ** = ਹੇ ਪ੍ਰਕਾਸ਼ ਸਰੂਪ ਬ੍ਰਹਮ ! ਆਪਣੇ ਦਰਸ਼ਨ ਦੇਣਾ ਕਰੋ ਜੀ।

**ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥**

ਅਸਾਡੇ ਨੇਤ੍ਰ ਪਿਆਰੇ ਪਿਰੀ ਦੇ ਰੰਗ ਵਿਚ **ਰੰਗਾਰੇ** = ਰੰਗੇ ਗਏ ਹਨ, ਉਸਨੂੰ ਮਿਲੇ ਤੋਂ ਬਿਨਾਂ ਇਕ ਤਿਲ ਮਾਤਰ ਭੀ ਧੀਰਜ ਨਹੀਂ ਹੋ ਸਕਦਾ।

**ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥**

ਪ੍ਰਭੂ ਨਾਲ ਅਸਾਡਾ ਮਨ ਇਸ ਤਰ੍ਹਾਂ ਲੀਨ ਹੋਇਆ ਹੈ, ਭਾਵ ਮਿਲਿਆ ਹੈ, ਜਿਵੇਂ ਮੱਛੀ ਦਾ ਪਾਣੀ ਨਾਲ ਮਿਲਿਆ ਹੁੰਦਾ ਹੈ। ਮੱਛੀ ਵਾਂਗ ਅਸਾਡਾ ਮਨ ਰੂਪ ਮੱਛ ਆਪ ਜੀ ਦੇ ਦਰਸ਼ਨਾਂ ਰੂਪ ਜਲ ਤੋਂ ਬਿਨਾਂ ਨਹੀਂ ਰਹਿ ਸਕਦਾ ਅਤੇ ਪਪੀਹੇ ਵਾਂਗ ਦਰਸ਼ਨਾਂ ਲਈ **ਤਿਸੰਤੀਆ** = ਤਰਸਦਾ ਰਹਿੰਦਾ ਹੈ। ਬਬੀਹਾ ਜਿਵੇਂ ਸਵਾਂਤੀ ਬੂੰਦ ਨੂੰ ਤਰਸਦਾ ਰਹਿੰਦਾ ਹੈ, ਤਿਵੇਂ ਹੀ ਅਸਾਡਾ ਮਨ ਰੂਪ ਬਬੀਹਾ ਆਪ ਜੀ ਦੇ ਦਰਸ਼ਨਾਂ ਦੀ ਪਿਆਸ ਵਾਲਾ ਹੋ ਰਿਹਾ ਹੈ ਕਿ ਗੁਰੂ ਰੂਪ ਬੱਦਲ ਅਭੇਦ ਨਿਸ਼ਚੇ ਰੂਪ ਉਪਦੇਸ਼ ਦੀ ਕਦੋਂ ਵਰਖਾ ਕਰਨਗੇ।* ਯਥਾ :—

*'ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ ॥੪॥'* [ਭਾਈ ਗੁਰਦਾਸ ਜੀ, ਵਾਰ-੨੭]

ਸਿਆਣਿਆਂ ਨੇ ਪ੍ਰਮੇਸ਼ਰ ਦੇ ਪਿਆਰਿਆਂ ਦੀਆਂ ਨੌਂ ਨਿਸ਼ਾਨੀਆਂ† ਇਸ ਪ੍ਰਕਾਰ ਕਥਨ ਕੀਤੀਆਂ ਹਨ :—

*'ਆਸ਼ਕਾਰਾ ਨਵ ਨਿਸ਼ਾਨੀ ਐ ਪਿਸਰ।*
*ਆਹ ਸ਼ਰਦੋ[੧], ਰੰਗ ਜ਼ਰਦੋ[੨], ਚਸ਼ਮ ਤਰ[੩]।*
*ਕਮ ਗੁਫਤਨੋ[੪], ਕਮ ਖੁਰਦਨੋ[੫], ਖੁਆਬਸ਼ ਹਰਾਮ[੬]।*
*ਇੰਤਜ਼ਾਰੀ[੭], ਬੇਕਰਾਰੀ[੮], ਦਸਤ ਸਰ[੯]।'*

[ਸ੍ਰੀ ਨਾਰਾਯਣ ਹਰੀ ਉਪਦੇਸ਼, ਕ੍ਰਿਤ ਪੰਡਿਤ ਹਰਦੇਵ ਸਿੰਘ ਜੀ, ਪੰਨਾ—੪੬੦]

---

* ਇਥੇ ਪੰਜਵੇਂ ਪਾਤਸ਼ਾਹ ਜੀ ਦੀ ਲਾਹੌਰ ਰਹਿਣ ਵਾਲੀ ਸਾਖੀ ਲਾਉ ਜੀ। ਯਥਾ :—
*'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥'* [ਮਾਝ ਮਹਲਾ ੫, ਅੰਗ—੯੬]

† ੧. ਠੰਢੇ ਸ੍ਵਾਸ ਆਉਣੇ, ੨. ਰੰਗ ਪੀਲਾ ਹੋ ਜਾਣਾ, ੩. ਨੇਤ੍ਰਾਂ 'ਚੋਂ ਜਲ ਵਹਿਣਾ, ੪. ਘੱਟ ਬੋਲਣਾ, ☛

ਹਜ਼ੂਰ ਵੀ ਫ਼ਰਮਾਉਂਦੇ ਹਨ :—

੧. *'ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥'*

[ਮਾਝ ਮਹਲਾ ੪, ਅੰਗ—੯੪]

੨. *'ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ ॥੩॥'*

[ਮਾਰੂ ਵਾਰ ਮਹਲਾ ੫ ਡਖਣੇ, ਅੰਗ—੧੧੦੦]

੩. *'ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥'*

[ਸਲੋਕ ਸੇਖ ਫਰੀਦ, ਅੰਗ—੧੩੭੯]

**ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥੧॥**

ਗੁਰੂ ਜੀ ਕਥਨ ਕਰਦੇ ਹਨ, ਜਿਸ ਵੇਲੇ ਮੈਂ **ਜਨ** = ਦਾਸ ਨੇ ਪੂਰਿਆਂ ਗੁਰਾਂ ਨੂੰ ਪਾਇਆ, ਵਾ :—ਗੁਰਾਂ ਦੁਆਰੇ ਪੂਰਾ ਪ੍ਰਭੂ ਪਾਇਆ ਤਾਂ ਪਦਾਰਥਾਂ ਦੀ ਸਾਰੀ ਤ੍ਰੇਹ ਬੁਝ ਗਈ ॥੧॥

**ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥**

ਹੇ **ਯਾਰ** = ਸੰਤੋ ! ਤੁਸੀਂ ਸਾਰੀਆਂ ਮੇਰੇ ਪਿਆਰੇ ਦੀਆਂ ਸਖੀਆਂ ਹੋ, **ਮੂ** = ਮੈਂ ਤੁਹਾਡੇ ਵਿਚੋਂ ਕਿਸੇ ਵਰਗੀ ਵੀ ਨਹੀਂ ਹਾਂ।

**ਵੇ** = ਹੇ ਦਾ ਵਾਚਕ ਹੈ। ਹੇ ਪਿਆਰੇ ਸੰਤ ਰੂਪ ਮਿੱਤਰ ! ਸਾਰੀਆਂ ਜੋ ਸੰਤਾਂ ਰੂਪ, ਵਾ :—ਜਗਿਆਸੂ ਰੂਪ ਸਹੇਲੀਆਂ ਹਨ, ਕੋਈ ਸ਼ਰਧਾ ਵਾਲੀ, ਕੋਈ ਪ੍ਰੇਮ ਵਾਲੀ, ਕੋਈ ਭਗਤੀ ਵਾਲੀ ਅਤੇ ਕੋਈ ਗਿਆਨ ਵਾਲੀ ਹੈ, ਇਨ੍ਹਾਂ ਵਿਚੋਂ ਮੈਂ ਕਿਸੇ ਵਰਗੀ ਵੀ ਨਹੀਂ ਹਾਂ, ਭਾਵ ਮੇਰੇ ਵਿਚ ਇਨ੍ਹਾਂ ਵਰਗੇ ਗੁਣ ਨਹੀਂ ਹਨ।

**ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ ॥**

**ਵੇ** = ਹੇ **ਯਾਰ** = ਸੰਤੋ ! ਜਦ ਕਿ ਤੁਸੀਂ ਇਕ ਤੋਂ ਇਕ ਚੜ੍ਹਦੀ ਕਲਾ ਵਾਲੀਆਂ ਹੋ ਤਾਂ **ਹਉ** = ਮੈਂ ਕਿਸ ਤਰ੍ਹਾਂ ਪਿਆਰੇ ਦੇ ਚੇਤੇ ਰਹਿ ਸਕਦੀ ਹਾਂ। ਯਥਾ :—

---

☛ ੫. ਖਾਣਾ ਘੱਟ ਕਰ ਦੇਣਾ, ੬. ਨੀਂਦ ਹਰਾਮ ਹੋ ਜਾਣੀ ਭਾਵ ਨਾ ਆਉਣੀ, ੭. ਉਡੀਕਦੇ ਰਹਿਣਾ, ੮. ਬੇਚੈਨੀ ਹੋਣੀ, ੯. ਮੱਥੇ 'ਤੇ ਹੱਥ ਰੱਖ ਕੇ ਸੋਗ ਸਹਿਤ ਹੋਣਾ।

*'ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥*
*ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥*
*ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥*
*ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥'*

[ਰਾਗੁ ਸੂਹੀ ਮਹਲਾ ੧, ਅੰਗ—੭੬੨]

**ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥**

ਤੁਸੀਂ ਇਕ ਤੋਂ ਇਕ ਚੜ੍ਹਦੀ ਕਲਾ ਵਾਲੀਆਂ ਹੋ ਕੇ ਮੇਰੇ ਪਿਆਰੇ ਪ੍ਰਭੂ ਨਾਲ ਨਿੱਤ ਹੀ, ਅਨੇਕਾਂ ਭੋਗ ਬਿਲਾਸ ਕਰਦੀਆਂ ਹੋ। ਅਥਵਾ :—ਇਕ ਤੋਂ ਇਕ ਚੜ੍ਹਦੀਆਂ ਅਵਸਥਾ ਵਾਲੇ; ਪਹਿਲੀ ਭੂਮਿਕਾ ਤੋਂ ਦੂਜੀ ਭੂਮਿਕਾ ਵਾਲੇ, ਦੂਜੀ ਤੋਂ ਤੀਜੀ, ਤੀਜੀ ਤੋਂ ਚੌਥੀ, ਚੌਥੀ ਤੋਂ ਪੰਜਵੀਂ, ਪੰਜਵੀਂ ਤੋਂ ਛੇਵੀਂ ਅਤੇ ਛੇਵੀਂ ਤੋਂ ਸੱਤਵੀਂ ਭੂਮਿਕਾ* ਵਾਲੇ।

ਨਿਸ਼ਕਾਮ ਕਰਮ ਕਰਨ ਵਾਲਿਆਂ ਤੋਂ ਉਪਾਸ਼ਨਾ ਵਾਲੇ, ਉਪਾਸ਼ਨਾ ਵਾਲਿਆਂ ਤੋਂ ਗਿਆਨ ਵਾਲੇ, ਗਿਆਨ ਵਾਲਿਆਂ ਤੋਂ ਸਾਖਿਆਤਤਾ ਵਾਲੇ, ਚੜ੍ਹਦੇ ਤੋਂ ਚੜ੍ਹਦੇ ਆਪ ਜੀ ਦੇ ਅਨੇਕਾਂ ਪਿਆਰੇ ਹਨ।

ਸ੍ਰਵਣ ਕਰਨ ਵਾਲਿਆਂ ਤੋਂ ਅੱਗੇ ਮੰਨਣ ਕਰਨ ਵਾਲੇ, ਮੰਨਣ ਕਰਨ ਵਾਲਿਆਂ ਤੋਂ ਅੱਗੇ ਨਿਧਿਆਸਣ ਵਾਲੇ, ਉਨ੍ਹਾਂ ਤੋਂ ਅੱਗੇ ਤੱਤ ਤ੍ਵੰ ਦਾ ਸੋਧਨ ਕਰਨ ਵਾਲੇ, ਉਨ੍ਹਾਂ ਤੋਂ ਅੱਗੇ ਅਭੇਦਤਾ ਵਾਲੇ ਆਪ ਜੀ ਦੇ ਅਨੇਕਾਂ ਪਿਆਰੇ ਹਨ, ਉਹ ਨਿੱਤ ਹੀ ਆਪ ਜੀ ਦੀ ਅਭੇਦਤਾ ਦੇ ਅਨੰਦ ਨੂੰ ਭੋਗਣਾ ਕਰਦੇ ਹਨ, ਭਾਵ ਅਭੇਦਤਾ ਦਾ ਅਨੰਦ ਮਾਣਦੇ ਹਨ।

**ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥**

ਉਨ੍ਹਾਂ ਨੂੰ ਜੋ ਅਨੰਦ ਪ੍ਰਾਪਤ ਹੋਇਆ ਹੈ, ਤਿਨ੍ਹਾਂ ਨੂੰ ਦੇਖ ਕੇ ਮੇਰੇ ਮਨ ਵਿਚ ਵੀ ਉਤਸ਼ਾਹ ਉੱਠਦਾ ਹੈ ਕਿ ਮੈਂ ਕਦੋਂ ਸ਼ੁਭ ਗੁਣਾਂ ਦੇ ਖ਼ਜ਼ਾਨੇ ਪ੍ਰਮੇਸ਼ਰ ਨੂੰ ਪਾਵਾਂਗੀ!

**ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ ॥**

ਜਿਨ੍ਹਾਂ ਨੇ **ਮੈਡਾ** = ਮੇਰਾ **ਲਾਲੁ** = ਪਿਆਰਾ ਪ੍ਰਭੂ **ਰੀਝਾਇਆ** = ਪ੍ਰਸੰਨ, ਭਾਵ ਖ਼ੁਸ਼ ਕਰ

---

* ਸੁਭ ਇੱਛਾ, ਸੁ-ਵਿਚਾਰਨਾ, ਤਨੁ ਮਾਨਸਾ, ਅਸੰਸਕਤ, ਸੱਤੁਆਪਤ, ਪਦਾਰਥਾ ਭਾਵਨੀ ਅਤੇ ਤੁਰੀਆ, ਇਹ ਸੱਤ ਭੂਮਿਕਾਂ ਹਨ। ਇਨ੍ਹਾਂ ਦਾ ਵਿਸਥਾਰ ਇਸ ਪੋਥੀ ਦੇ ਪਹਿਲੇ ਭਾਗ ਵਿਚ ੩੩੧ ਪੰਨੇ ਤੋਂ ਪੜ੍ਹੋ ਜੀ।

ਲਿਆ ਹੈ, **ਹਉ** = ਮੈਂ **ਤਿਸੁ ਆਗੈ** = ਤਿਨ੍ਹਾਂ ਅੱਗੇ ਆਪਣਾ ਮਨ **ਡੇਂਹੀਆ** = ਦੇਂਦੀ ਹਾਂ। ਅਤੇ ਇਸ ਤਰ੍ਹਾਂ ਆਖਦੀ ਹਾਂ :—

**ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ ॥੨॥**

ਸਤਿਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਮੇਸ਼ਰ ਪਤੀ ਦੇ ਸੁਹਾਗ ਵਾਲੀ ਸੰਤ ਰੂਪ ਸਖੀ ਮੇਰੀ ਬੇਨਤੀ ਸੁਣ ਕੇ **ਮੂ** = ਮੈਨੂੰ **ਦਸਿ** = ਦੱਸਣਾ ਕਰ ਕਿ **ਪਿਰੁ** = ਪਤੀ-ਪ੍ਰਮੇਸ਼ਰ ਨੂੰ **ਕੇਹੀਆ** = ਕਿਹੜੀ ਵਿਧੀ ਨਾਲ **ਡਿਖਾ** = ਦੇਖਣਾ ਕਰਾਂ ? ਭਾਵ ਕਿਸ ਸਾਧਨ ਨਾਲ ਪ੍ਰਾਪਤ ਹੋਵੇਗਾ ?

**ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀ ਸੀ ਛੰਦਾ ॥**

**ਵੇ ਯਾਰ** = ਹੇ ਮਿੱਤਰ ਸੰਤੋ ! ਉਹ ਪਤੀ-ਪ੍ਰਮਾਤਮਾ ਆਪਣਾ ਭਾਣਾ ਮਨਾਉਂਦਾ ਹੈ, ਉਸਨੂੰ **ਕਿਛੁ** = ਕਿਸੇ ਦੀ **ਛੰਦਾ** = ਮੁਹਛੰਦਗੀ **ਨੀ ਸੀ** = ਨਹੀਂ ਹੈ, ਭਾਵ ਉਸਨੂੰ ਕਿਸੇ ਦੀ ਅਧੀਨਗੀ ਨਹੀਂ, ਉਹ ਸੁਤੰਤਰ ਹੈ।

**ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ ॥**

ਹੇ ਸੰਤ ਰੂਪ ਮਿੱਤਰ ! ਤੁਸਾਂ ਨੇ ਪਿਆਰੇ ਦੇ ਅਨੰਦ ਨੂੰ ਮਾਣਿਆ ਹੈ, **ਮੂ ਦਸਿ** = ਮੈਨੂੰ ਵੀ ਦੱਸ ਦਿਓ, ਮੈਂ **ਦਸੰਦਾ** = ਪੁੱਛਦੀ ਹਾਂ। ਤਾਂ ਉੱਤਮ ਸਖੀ, ਭਾਵ ਬ੍ਰਹਮ ਗਿਆਨੀ ਪ੍ਰਭੂ ਦੀ ਸਾਖਿਆਤਤਾ ਵਾਲੇ ਮਹਾਤਮਾ ਕਹਿੰਦੇ ਹਨ :—

**ਲਾਲਨੁ ਤੈ ਪਾਇਆ ਆਪੁ ਗਵਾਇਆ**

ਜੇ ਤੂੰ ਪਿਆਰੇ ਪ੍ਰਭੂ ਨੂੰ ਪਾਉਣਾ ਚਾਹੁੰਦੀ ਹੈਂ ਤਾਂ ਆਪਾ ਭਾਵ (ਹੰਕਾਰ) ਨੂੰ ਗਵਾ ਦੇ, ਪਰ ਹੰਕਾਰ ਉਸਦਾ ਮਿਟਦਾ ਹੈ :—

**ਜੈ ਧਨ ਭਾਗ ਮਥਾਣੇ ॥**

ਜਿਸ ਜੀਵ ਰੂਪ ਇਸਤ੍ਰੀ ਦੇ ਮੱਥੇ ਦੇ ਸ੍ਰੇਸ਼ਟ ਭਾਗ ਹੋਣ।

**ਬਾਂਹ ਪਕੜਿ ਠਾਕੁਰਿ ਹਉ ਘਿਧੀ**

ਮੇਰੀ ਬਿਰਤੀ ਰੂਪ ਬਾਂਹ ਨੂੰ **ਠਾਕੁਰਿ** = ਪ੍ਰਮੇਸ਼ਰ ਨੇ ਪਕੜ ਕੇ **ਘਿਧੀ** = ਆਪਣੇ ਵੱਲ ਖਿੱਚ ਲਿਆ ਹੈ, ਭਾਵ ਆਪਣੇ ਵਿਚ ਲੀਨ ਕਰ ਲਿਆ ਹੈ।

## ਗੁਣ ਅਵਗਣ ਨ ਪਛਾਣੇ ॥

ਮੇਰੇ ਵਿਚ ਗੁਣ ਤਾਂ ਕੋਈ ਹੈ ਹੀ ਨਹੀਂ ਸੀ ਅਤੇ ਅਉਗਣਾਂ ਦੀ ਉਸਨੇ ਪਛਾਣ ਨਹੀਂ ਕੀਤੀ। ਯਥਾ :—

*'ਸਭਿ ਅਵਗਣ ਮੈ ਗੁਣੁ ਨਹੀ ਕੋਈ ॥ ਕਿਉ ਕਰਿ ਕੰਤ ਮਿਲਾਵਾ ਹੋਈ ॥੧॥*
*ਨਾ ਮੈ ਰੂਪੁ ਨ ਬੰਕੇ ਨੈਣਾ ॥ ਨਾ ਕੁਲ ਢੰਗੁ ਨ ਮੀਠੇ ਬੈਣਾ ॥੧॥'*

[ਰਾਗੁ ਸੂਹੀ ਮਹਲਾ ੧, ਅੰਗ—੭੫੦]

ਅਉਗਣ ਬਖ਼ਸ਼ਾਉਣ ਵਾਸਤੇ ਇਉਂ ਬੇਨਤੀਆਂ ਕਰੀਏ :—

੧. *'ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥*
*ਹਰਿ ਕਿਰਪਾ ਕਰਿਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥*
*ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ ॥'*

[ਸਲੋਕ ਮਹਲਾ ੩, ਅੰਗ—੧੪੧੬]

੨. *'ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥'*

[ਸਵਈਏ ਮਹਲੇ ਚਉਥੇ ਕੇ, ਅੰਗ—੧੪੦੬]

੩. *'ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥*
*ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥'*

[ਗਉੜੀ ਚੇਤੀ ਮਹਲਾ ੧, ਅੰਗ—੧੫੬]

੪. *'ਸਾਸਿ ਸਾਸਿ ਹਮ ਭੂਲਨਹਾਰੇ ॥ ਤੁਮ ਸਮਰਥ ਅਗਨਤ ਅਪਾਰੇ ॥*
*ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥੪੮॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੬੦]

## ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ ॥

ਜਿਸਨੇ ਸ਼ੁਭ ਗੁਣਾਂ ਦਾ ਹਾਰ ਅੰਤਹਕਰਨ ਰੂਪ ਗਲ ਵਿਚ ਪਾਇਆ ਹੈ, ਭਾਵ ਸ਼ੁਭ ਗੁਣਾਂ ਨੂੰ ਧਾਰਨ ਕੀਤਾ ਹੈ, **ਤੈ** = ਉਸਨੂੰ ਪਿਆਰੇ ਪ੍ਰਭੂ ਦਾ **ਰੰਗੁ** = ਅਨੰਦ ਬਣ ਆਇਆ, ਭਾਵ ਪ੍ਰਾਪਤ ਹੋ ਗਿਆ ਹੈ ਅਤੇ ਉਸਦਾ **ਹਭੋ** = ਸਭ ਕੁਝ **ਸੁਹੰਦਾ** = ਸੋਹਣਾ ਹੋ ਗਿਆ

ਹੈ। ਭਾਵ ਤਿਸ ਜੀਵ ਰੂਪ ਇਸਤ੍ਰੀ ਦੇ ਤਾਈਂ ਸ਼ਰਧਾ, ਭਗਤੀ ਆਦਿਕ ਸਾਰੇ ਹੀ ਸਾਧਨ ਸੋਭਦੇ ਹਨ, ਜਿਸਨੂੰ ਵਾਹਿਗੁਰੂ ਨੇ ਆਪਣਾ ਪ੍ਰੇਮ ਬਖ਼ਸ਼ ਦਿੱਤਾ ਹੈ। ਯਥਾ :—

*'ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ,*
*ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥'*

[ਰਾਗੁ ਸੋਰਠਿ ਵਾਰ ਮਹਲੇ ੪ ਕੀ, ਅੰਗ—੬੪੮]

**ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ ॥੩॥**

ਗੁਰੂ ਜੀ ਕਥਨ ਕਰਦੇ ਹਨ, ਉਹ ਸੁਹਾਗਣ ਇਸਤ੍ਰੀ ਧੰਨਤਾ ਯੋਗ ਹੈ, ਜਿਸਦੇ ਨਾਲ ਪਤੀ-ਪ੍ਰਮਾਤਮਾ ਵੱਸਦਾ ਹੈ॥੩॥ ਪਤੀ-ਪ੍ਰਮਾਤਮਾ ਦੀ ਪ੍ਰਾਪਤੀ ਹੋਣ ਤੋਂ ਬਾਅਦ ਸੰਤ ਮਹਾਤਮਾ ਰੂਪ ਇਸਤ੍ਰੀ ਇਉਂ ਕਹਿੰਦੀ ਹੈ :—

**ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ॥**
**ਵਰੁ ਲੋੜੀਦਾ ਆਇਆ ਵਜੀ ਵਾਧਾਈ॥**

**ਯਾਰ ਵੇ** = ਹੇ ਤੱਤਬੇਤੇ ਰੂਪ ਮਿੱਤਰ! **ਨਿਤ ਸੁਖ ਸੁਖੇਦੀ** = ਜਿਸ ਪਤੀ ਦੀ ਪ੍ਰਾਪਤੀ ਦੀ ਮੈਂ ਨਿੱਤ ਸੁੱਖਣਾ ਸੁੱਖਦੀ ਹੁੰਦੀ ਸੀ, **ਸਾ ਮੈ ਪਾਈ** = ਉਹ ਸੁੱਖਣਾ ਮੈਂ ਗੁਰਾਂ ਨਾਲ ਮਿਲ ਕੇ ਹੁਣ ਪਾ ਲਈ ਹੈ, ਜਿਸ **ਵਰੁ** = ਪਤੀ-ਪ੍ਰਮੇਸ਼ਰ ਨੂੰ ਮੈਂ **ਲੋੜੀਦਾ** = ਚਾਹੁੰਦੀ ਸੀ, ਸੋ ਪ੍ਰਾਪਤ ਹੋ ਆਇਆ ਹੈ, ਭਾਵ ਸਾਖਿਆਤਕਾਰ ਹੋ ਗਿਆ ਹੈ, ਇਸ ਲਈ ਮਨ ਵਿਚ ਅਨੰਦ ਦੀ ਵਧਾਈ ਵੱਜੀ ਹੈ, ਭਾਵ ਅਨੰਦ ਪ੍ਰਗਟ ਹੋ ਗਿਆ ਹੈ। ਯਥਾ :—

੧. *'ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ ॥*
*ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ ॥੩॥*
*ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ॥*
*ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ ॥.....॥੪॥੧॥'*

[ਰਾਗੁ ਗਉੜੀ ਛੰਤ ਮਹਲਾ ੧, ਅੰਗ—੨੪੭]

੨. *'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*
*ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥'*

[ਰਾਮਕਲੀ ਮਹਲਾ ੩ ਅਨੰਦੁ, ਅੰਗ—੯੧੭]

## ਮਹਾ ਮੰਗਲੁ ਰਹਸੁ ਥੀਆ

**ਮਹਾ ਮੰਗਲੁ** = ਬੜੀਆਂ ਖ਼ੁਸ਼ੀਆਂ ਅਤੇ **ਰਹਸੁ** = ਸਿਧਾਂਤ ਰੂਪ ਬ੍ਰਹਮ ਦੇ ਅਨੰਦ ਨੂੰ ਪਾ ਕੇ **ਥੀਆ** = ਇਸਥਿਤ ਹੋ ਗਏ ਹਾਂ। ਭਾਵ ਜਿਹੜਾ ਮਨ ਟਿਕਦਾ ਨਹੀਂ ਸੀ, ਉਹ ਟਿਕ ਗਿਆ ਹੈ, ਭਟਕਣਾ ਮੁੱਕ ਗਈ ਹੈ। ਯਥਾ :—

*'ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥'*

[ਰਾਮਕਲੀ ਮਹਲਾ ੧, ਅੰਗ—੮੭੬]

## ਪਿਰੁ ਦਇਆਲੁ ਸਦ ਨਵਰੰਗੀਆ ॥

**ਪਿਰੁ** = ਪਤੀ-ਪ੍ਰਮਾਤਮਾ ਦਿਆਲੂ ਅਤੇ ਸਦਾ ਨਵੀਨ ਰੰਗ ਵਾਲਾ ਹੈ। ਯਥਾ :—

*'ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥'*

[ਧਨਾਸਰੀ ਮਹਲਾ ੧, ਅੰਗ—੬੬੦]

## ਵਡਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ॥

**ਵਡਭਾਗਿ ਪਾਇਆ** = ਵੱਡਿਆਂ ਭਾਗਾਂ ਕਰਕੇ ਪਾਇਆ ਹੈ, ਵੱਡੇ ਭਾਗਾਂ ਕਰਕੇ ਵੀ ਆਪੋਂ ਨਹੀਂ ਪਾਇਆ, **ਗੁਰਿ ਮਿਲਾਇਆ** = ਗੁਰਾਂ ਨੇ ਕਿਰਪਾ ਕਰਕੇ **ਸਾਧ ਕੈ ਸਤਸੰਗੀਆ** = ਸਾਧਸੰਗਤ ਦੁਆਰਾ ਮੇਲਣਾ ਕੀਤਾ ਹੈ।

## ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ ॥

ਆਸਾ ਦੀਰਘ ਕਾਲ ਦੀ, ਮਨਸਾ ਛਿਨ-ਛਿਨ ਕਾਲ ਦੀ, ਸਾਰੀਆਂ ਪੂਰੀਆਂ ਹੋ ਗਈਆਂ ਹਨ। **ਪ੍ਰਿਅ** = ਪਤੀ-ਪ੍ਰਮੇਸ਼ਰ ਨੇ **ਅੰਕਿ** = ਪੱਖ, ਵਾ :—ਪ੍ਰੇਮ ਕਰਕੇ **ਅੰਕੁ** = ਸਰੂਪ ਵਿਚ **ਮਿਲਾਈ** = ਮੇਲ ਲਈ ਹਾਂ।

## ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ ॥੪॥੧॥

ਸਤਿਗੁਰੂ ਜੀ ਜਗਿਆਸੂ ਮੁਖ ਦੁਆਰਾ ਬੇਨਤੀ ਪੂਰਬਕ ਕਥਨ ਕਰਦੇ ਹਨ, ਜੋ ਪਤੀ-ਪ੍ਰਮਾਤਮਾ ਦੀ ਪ੍ਰਾਪਤੀ ਦੀ ਸੁੱਖਣਾ ਸੁੱਖਦੀ ਸਾਂ, **ਸਾ** = ਉਹ ਸੁੱਖਣਾ ਪੂਰਨ ਗੁਰਾਂ ਨਾਲ ਮਿਲ ਕੇ ਮੈਂ ਪਾ ਲਈ ਹੈ, ਭਾਵ ਪਤੀ-ਪ੍ਰਮਾਤਮਾ ਪ੍ਰਾਪਤ ਹੋ ਗਿਆ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੪੯.

## ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ

ੴ ਸਤਿਗੁਰ ਪ੍ਰਸਾਦਿ ॥ [ਅੰਗ—੭੦੫]

**ਸਲੋਕ ॥ ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥**

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

**ਉਥਾਨਕਾ** :—ਕਾਂਸ਼ੀ ਤੋਂ ਇਕ ਵਿਜੇ ਰਾਮ ਪੰਡਿਤ ਗੁਰੂ ਜੀ ਪਾਸ ਆਇਆ, ਉਸਨੇ ਕਿਹਾ, "ਮਹਾਰਾਜ ਜੀ! ਹਿੰਦੂ ਮੱਤ ਅਨੁਸਾਰ ਸ਼ੂਦਰ ਦੀ ਚਾਲ੍ਹੀ ਦਿਨਾਂ ਬਾਅਦ, ਵੈਸ਼ ਦੀ ਸਤਾਰ੍ਹਾਂ ਦਿਨਾਂ ਬਾਅਦ, ਛੱਤਰੀ ਦੀ ਤੇਰ੍ਹਾਂ ਦਿਨਾਂ ਬਾਅਦ ਅਤੇ ਬ੍ਰਾਹਮਣ ਦੀ ਬਾਰ੍ਹਾਂ ਦਿਨਾਂ ਬਾਅਦ ਗਤੀ ਹੁੰਦੀ ਹੈ।" ਹਜ਼ੂਰ ਨੇ ਕਿਹਾ, "ਹੇ ਵਿਜੇ ਰਾਮ ਪੰਡਿਤ! ਸਾਡੇ ਸਿੱਖ ਸਭ ਤੋਂ ਉੱਚੇ ਹਨ, ਇਸ ਕਰਕੇ ਸਿੱਖਾਂ ਦਾ ਦੁਸਹਿਰਾ ਕੀਤਾ ਜਾਂਦਾ ਹੈ।" ਤਾਂ ਪੰਡਿਤ ਨੇ ਪੁੱਛਿਆ, "ਹਿੰਦੂ ਮੱਤ ਅਨੁਸਾਰ ਗਰੜ ਪੁਰਾਣ ਆਦਿਕਾਂ ਦਾ ਪਾਠ ਕਰਦੇ ਹਨ, ਆਪ ਜੀ *ਗੁਰਮਤਿ ਅਨੁਸਾਰ ਦੱਸੋ ਕਿਸਦਾ ਪਾਠ ਕਰਨਾ ਚਾਹੀਦਾ ਹੈ?"* ਸਤਿਗੁਰਾਂ ਫ਼ੁਰਮਾਇਆ, "ਜੈਤਸਰੀ ਦੀ ਵਾਰ ਦੇ ਦੋ-ਦੋ ਸਲੋਕਾਂ ਦੀ ਰੋਜ਼ਾਨਾ ਕਥਾ ਕਰਕੇ, ਦਸਵੇਂ ਦਿਨ ਸਮਾਪਤੀ ਕਰੇ ਅਤੇ ਸਹਸਕ੍ਰਿਤੀ ਦੇ ਛੇ-ਛੇ ਜਾਂ ਸੱਤ-ਸੱਤ ਸਲੋਕਾਂ ਦੀ ਰੋਜ਼ਾਨਾ ਕਥਾ ਕਰਕੇ, ਦਸਵੇਂ ਦਿਨ ਭੋਗ ਪਾਵੇ, ਮੋਹ ਆਦਿਕ ਮੇਟਣ ਵਾਸਤੇ, ਤਾਂ ਪ੍ਰਾਣੀ ਦੀ ਕਲਿਆਣ ਹੁੰਦੀ ਹੈ।

ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਹੁਣ ਜੈਤਸਰੀ ਦੀ ਵਾਰ ਉਚਾਰਨ ਕਰਦੇ ਹਨ। ਇਸ ਵਾਰ ਵਿਚ ਸਲੋਕ ਅਤੇ ਪਉੜੀਆਂ ਪੰਜਵੇਂ ਪਾਤਸ਼ਾਹ ਜੀ ਦੀਆਂ ਹਨ, ਕਈ ਵਾਰਾਂ ਸਲੋਕਾਂ ਤੋਂ ਬਿਨਾਂ ਵੀ ਹਨ, ਪਰ ਇਹ ਵਾਰ ਸਲੋਕਾਂ ਨਾਲ ਹੈ, ਇਸ ਵਿਚ ਸਲੋਕ ਮੂਲ ਰੂਪ ਹਨ ਤੇ ਪਉੜੀਆਂ ਟੀਕਾ ਰੂਪ ਹਨ।

**ਆਦਿ ਪੂਰਨ ਮਧਿ ਪੂਰਨ* ਅੰਤਿ ਪੂਰਨ ਪਰਮੇਸੁਰਹ ॥**

(ੳ) **ਆਦਿ ਪੂਰਨ** = ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿਚ ਪ੍ਰਮੇਸ਼ਰ ਦਾ ਨਾਮ ਪੂਰਨ ਹੈ। ਯਥਾ :—*'ੴ ਸਤਿਨਾਮੁ'*

**ਮਧਿ ਪੂਰਨ** = ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੱਧ ਵਿਚ ਵੀ ਪ੍ਰਮੇਸ਼ਰ ਦਾ ਨਾਮ

* ਮਧਿ ਪੂਰਨ ਕਹਿਣ ਤੋਂ ਬਾਅਦ ਸ੍ਰੀ ਅਖੰਡ ਪਾਠ ਜੀ ਦੇ ਮੱਧ ਦੀ ਅਰਦਾਸ ਸ਼ੁਰੂ ਕਰਨੀ ਚਾਹੀਦੀ ਹੈ।

ਪੂਰਨ ਹੈ। ਯਥਾ :—

*'ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ ॥'*

[ਜੈਤਸਰੀ ਮਹਲਾ ੫, ਅੰਗ—੭੦੫]

**ਅੰਤਿ ਪੂਰਨ ਪਰਮੇਸੁਰਹ** = ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਵੀ ਪ੍ਰਮੇਸ਼ਰ ਦਾ ਨਾਮ ਪੂਰਨ ਹੈ। ਯਥਾ :—

*'ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥'*

[ਸਲੋਕ ਮਹਲਾ ੫, ਅੰਗ—੧੪੨੯]

(ਅ) **ਆਦਿ ਪੂਰਨ** = ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿਚ ਪੂਰਨ ਪ੍ਰਮੇਸ਼ਰ ਦਾ ਕਥਨ ਹੈ।

**ਮਧਿ ਪੂਰਨ** = ਮੱਧ ਵਿਚ ਵੀ ਪੂਰਨ ਪ੍ਰਮੇਸ਼ਰ ਦਾ ਕਥਨ ਹੈ।

**ਅੰਤਿ ਪੂਰਨ ਪਰਮੇਸੁਰਹ** = ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਵੀ ਪੂਰਨ ਪ੍ਰਮੇਸ਼ਰ ਦਾ ਕਥਨ ਹੈ।

(ੲ) ਸ੍ਰਿਸ਼ਟੀ ਦੇ ਆਦਿ ਵਿਚ ਪੂਰਨ ਪ੍ਰਮੇਸ਼ਰ ਅਧਸ਼ਟਾਨ ਰੂਪ ਸੀ, ਮੱਧ ਵਿਚ ਪੂਰਨ ਪ੍ਰਮੇਸ਼ਰ ਵਿਆਪਕ ਰੂਪ ਕਰਕੇ ਹੈ ਅਤੇ ਅੰਤ ਨੂੰ ਪੂਰਨ ਪ੍ਰਮੇਸ਼ਰ ਸਿਧਾਂਤ ਰੂਪ ਕਰਕੇ ਹੋਵੇਗਾ। ਯਥਾ :—

੧. *'ਆਦਿ ਮਧਿ ਅੰਤਿ ਪ੍ਰਭੁ ਸੋਈ ॥*
*ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥੮॥'* [ਸੂਹੀ ਮਹਲਾ ੫, ਅੰਗ—੭੬੦]

੨. *'ਰਿਧਿ ਸਿਧਿ ਨਵ ਨਿਧਿ ਜਾ ਕੈ ਅੰਮ੍ਰਿਤਾ ਪਰਵਾਹ ॥*
*ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ ॥੫॥'*

[ਮਾਰੂ ਮਹਲਾ ੫, ਅੰਗ—੧੦੧੭]

(ਸ) ਉੱਤਮਾਂ ਵਿਚ, ਮੱਧਮਾਂ ਵਿਚ ਅਤੇ ਕਨਿਸ਼ਟਾਂ ਵਿਚ ਵੀ ਪੂਰਨ ਪ੍ਰਮੇਸ਼ਰ ਹੈ।

(ਹ) ਪੂਰਨ ਪ੍ਰਮੇਸ਼ਰ ਦੀ ਪ੍ਰਾਪਤੀ ਵਾਸਤੇ **ਆਦਿ** = ਪਹਿਲੇ ਨਿਸ਼ਕਾਮ ਕਰਮ ਕਰੇ, ਫਿਰ ਪੂਰਨ ਪ੍ਰਮੇਸ਼ਰ ਦੀ ਭਗਤੀ ਕਰੇ, ਫਿਰ ਪੂਰਨ ਗਿਆਨ ਹੋ ਕੇ ਅੰਤ ਨੂੰ ਪ੍ਰਮੇਸ਼ਰ ਵਿਚ ਲੀਨ ਹੋ ਜਾਂਦਾ ਹੈ। ਯਥਾ :—

*'ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥'*

[ਗਉੜੀ ਸੁਖਮਨੀ ਮਃ ੫, ਅੰਗ—੨੭੮]

## ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘ ਨਾਸਨ ਜਗਦੀਸੁਰਹ ॥੧॥

(ੳ) ਗੁਰੂ ਜੀ ਕਥਨ ਕਰਦੇ ਹਨ, **ਅਘ ਨਾਸਨ** = ਪਾਪਾਂ ਦੇ ਨਾਸ ਕਰਨ ਵਾਲਾ, ਜੋ ਜਗਤ ਈਸ਼੍ਵਰ ਹੈ, ਉਸਦਾ ਜਸ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ **ਰਮਣੰ** = ਰਮ ਰਿਹਾ ਹੈ, ਏਸੇ ਕਰਕੇ ਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ **ਸਿਮਰੰਤਿ** = ਸਿਮਰਨ ਕਰਦੇ ਰਹਿੰਦੇ ਹਨ। ਭਾਵ ਹਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਰਹਿੰਦੇ ਹਨ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਸ ਸਾਰੇ ਰਮ ਰਿਹਾ ਹੈ, ਏਸੇ ਕਰਕੇ ਸੰਤ ਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੱਠੇ ਪਹਿਰ ਸਿਮਰਦੇ ਹਨ, ਜਗਦੀਸ਼ਰ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ **ਅਘ** = ਪਾਪਾਂ ਦੇ ਨਾਸ ਕਰਨ ਵਾਲਾ ਹੈ ਅਤੇ ਜੀਵਾਂ ਦੇ ਤਾਰਨੇ ਨੂੰ ਜਹਾਜ਼ ਰੂਪ ਹੈ।

(ੲ) ਵਾਹਿਗੁਰੂ ਨੂੰ ਸਾਰੇ ਰਮਿਆ ਜਾਣ ਕੇ ਸੰਤ ਉਸਦਾ ਸਿਮਰਨ ਕਰਦੇ ਹਨ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਉਂਦੇ ਹਨ, ਜਗਤ ਦਾ ਈਸ਼ਰ ਵਾਹਿਗੁਰੂ ਹੀ ਪਾਪਾਂ ਨੂੰ ਨਾਸ ਕਰਨ ਵਾਲਾ ਹੈ।

## ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਦੇਖਣਾ ਕਰਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਸ ਸੁਣਦੇ ਰਹਿੰਦੇ ਹਨ ਅਤੇ ਹੋਰਨਾਂ ਨੂੰ ਸੁਣਾਉਂਦੇ ਹਨ, ਆਪਣੇ ਮਨ ਵਿਚ ਵੀ ਸੱਚ ਨੂੰ ਹੀ ਦ੍ਰਿੜ੍ਹ ਰੱਖਦੇ ਹਨ।

(ਅ) ਜਿਸਦੀ ਕਿਰਪਾ ਕਰਕੇ ਅੱਖਾਂ ਨਾਲ ਵੇਖੀਦਾ ਹੈ, ਕੰਨਾਂ ਨਾਲ ਸੁਣੀਦਾ ਹੈ ਅਤੇ ਜ਼ਬਾਨ ਨਾਲ ਹੋਰਨਾਂ ਨੂੰ ਸੁਣੀਦਾ ਹੈ, ਉਸ ਸੱਚੇ ਪ੍ਰਮੇਸ਼ਰ ਨੂੰ ਮਨ ਵਿਚ ਦ੍ਰਿੜ੍ਹ ਕਰਕੇ ਰੱਖੀਏ। ਯਥਾ :—

*'ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥'*

[ਧਨਾਸਰੀ ਮਹਲਾ ੧, ਅੰਗ—੬੬੧-੬

(ੲ) ਅੱਖਾਂ ਵਿਚ ਜੋ ਦੇਖ ਰਿਹਾ ਹੈ, ਕੰਨਾਂ ਵਿਚ ਜੋ ਸੁਣ ਰਿਹਾ ਹੈ, ਜੋ ਜ਼ਬਾਨ ਨੂੰ ਸੱਤਾ ਦੇ ਕੇ ਹੋਰਨਾਂ ਨੂੰ ਸੁਣਾ ਰਿਹਾ ਹੈ, ਉਸ ਸੱਚੇ ਪ੍ਰਭੂ ਨੂੰ ਮਨ ਵਿਚ ਦ੍ਰਿੜ੍ਹ ਕਰਕੇ ਰੱਖੀਏ।

(ਸ) ਜੋ ਤੇਰੇ ਗੁਪਤ ਕੰਮਾਂ ਨੂੰ ਦੇਖ ਰਿਹਾ ਹੈ, ਗੁਪਤ ਗੱਲਾਂ ਨੂੰ ਸੁਣ ਰਿਹਾ ਹੈ ਅਤੇ ਹੋਰਨਾਂ ਨੂੰ ਵੀ ਤੇਰੀ ਜ਼ਬਾਨ ਦੁਆਰਾ ਸੁਣਾ ਰਿਹਾ ਹੈ, ਉਸ ਸੱਚੇ ਪ੍ਰਭੂ ਨੂੰ ਮਨ ਵਿਚ ਦ੍ਰਿੜ੍ਹ ਕਰਕੇ ਰੱਖੀਏ।

(ਹ) **ਪੇਖਨ** = ਤੱਤਬੇਤੇ, ਸਾਰਿਆਂ ਵਿਚ ਸਾਰੇ ਪਾਸੀਂ ਉਸੇ ਨੂੰ ਹੀ ਦੇਖਦੇ ਹਨ। ਯਥਾ :—

੧. *'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥'*
[ਆਸਾ ਦੀ ਵਾਰ, ਮਹਲਾ ੨, ਅੰਗ—੪੬੩]

੨. *'ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ,*
*ਹਰਿ ਰੂਪੁ ਨਦਰੀ ਆਇਆ ॥'*
[ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੨]

੩. *'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ਰਹਾਉ॥*
*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥*
*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥'*
[ਆਸਾ ਨਾਮਦੇਵ ਜੀ, ਅੰਗ—੪੮੫]

੪. *'ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ ॥*
*ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥'*
[ਸਿਰੀ ਰਾਗੁ ਮਹਲਾ ੫, ਅੰਗ—੫੧]

੫. *'ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ ॥*
*ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ ॥'* [ਦਸਮ, ਅੰਗ—੨੬]

੬. *'ਸਰਬੀ ਰੰਗੀ ਰੂਪੀ ਤੂੰ ਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥ਰਹਾਉ॥'*
[ਆਸਾ ਮਹਲਾ ੧, ਅੰਗ—੩੫੫]

੭. *'ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥'*
[ਤਿਲੰਗ ਮਹਲਾ ੫, ਅੰਗ—੭੨੪]

੮. *'ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥'*
[ਆਸਾ ਮਹਲਾ ੧, ਅੰਗ—੩੫੦]

੯. *'ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥੧॥'*
[ਧਨਾਸਰੀ ਮਹਲਾ ੫, ਅੰਗ—੬੭੭]

੧੦. *'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥'*
[ਬਿਲਾਵਲੁ ਮਹਲਾ ੫, ਅੰਗ—੮੪੬]

**ਸੁਨਨ** = ਉਨ੍ਹਾਂ ਨੂੰ ਵਾਹਿਗੁਰੂ ਤੋਂ ਬਿਨਾਂ ਹੋਰ ਕੁਛ ਵੀ ਸੁਣਾਈ ਨਹੀਂ ਦਿੰਦਾ। ਯਥਾ :—

੧. *'ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੁ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥'*
[ਮਲਾਰ ਮਹਲਾ ੪, ਅੰਗ—੧੨੬੫]

੨. *'ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ ॥'*
[ਰਾਗੁ ਗੂਜਰੀ ਵਾਰ ਮਹਲਾ ੫, ਅੰਗ—੫੨੦]

**ਸੁਨਾਵਨੋ** = ਜੋ ਕੁਛ ਵੀ ਬਚਨ ਬੋਲ ਕੇ ਸੁਣਾਉਂਦੇ ਹਨ, ਵਾਹਿਗੁਰੂ ਬਾਰੇ ਹੀ ਸੁਣਾਉਂਦੇ ਹਨ। ਯਥਾ :—

*'ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥*
*ਜੇਤਾ ਪੇਖਨੁ ਤੇਤਾ ਧਿਆਨੁ ॥੩॥'* [ਗਉੜੀ ਮਹਲਾ ੫, ਅੰਗ—੨੩੬]

ਅਤੇ **ਮਨ ਮਹਿ** = ਮਨ ਵਿਚ ਵੀ ਉਸ ਸੱਚੇ ਪ੍ਰਭੂ ਨੂੰ ਹੀ **ਦ੍ਰਿੜੀਐ** = ਪ੍ਰਪੱਕ ਕਰਕੇ ਰੱਖਦੇ ਹਨ, ਕਦੇ ਨਹੀਂ ਭੁਲਾਉਂਦੇ।

## ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥੨॥

(ੳ) ਸਾਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਸ ਪੂਰਨ ਹੋ ਰਿਹਾ ਨਿਸ਼ਚੇ ਕਰਦੇ ਹਨ ਅਤੇ ਹਰੀ ਸਰੂਪ ਜਾਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ **ਰੰਗਿ** = ਪ੍ਰੇਮ ਵਿਚ ਰਚੇ ਰਹਿੰਦੇ ਹਨ ॥੨॥

(ਅ) ਸਤਿਗੁਰੂ ਜੀ ਫ਼ੁਰਮਾਉਂਦੇ ਹਨ, ਉਸ ਹਰੀ ਦੇ ਪ੍ਰੇਮ ਵਿਚ ਰਚਨਾ ਕਰੋ, ਜੋ ਸਾਰਿਆਂ ਵਿਚ ਪੂਰਨ ਹੋ ਰਿਹਾ ਹੈ। ਯਥਾ :—

੧. *'ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥'* [ਜਾਪੁ ਸਾਹਿਬ, ਅੰਗ—੬]

੨. *'ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥'*
[ਗਉੜੀ ਸੁਖਮਨੀ ਮ: ੫, ਅੰਗ—੨੯੪]

ਅਕਾਸ਼ ਵਿਚ ਵਿਹਲ ਰੂਪ ਹੋ ਕੇ, ਜਲ ਵਿਚ ਦ੍ਰਵ ਰੂਪ ਹੋ ਕੇ, ਧਰਤੀ ਵਿਚ ਇਸਥਿਤ ਰੂਪ ਹੋ ਕੇ, ਵਾ :—ਕਠੋਰ ਰੂਪ ਹੋ ਕੇ, ਪਉਣ ਵਿਚ ਸਪਰਸ਼ ਰੂਪ ਹੋ ਕੇ, ਅੱਗ ਵਿਚ ਪ੍ਰਕਾਸ਼ ਰੂਪ ਹੋ ਕੇ, ਵਾ :—ਦਾਹ ਸ਼ਕਤੀ ਰੂਪ ਹੋ ਕੇ ਵਰਤ ਰਿਹਾ ਹੈ।

**ਪਉੜੀ** = ਇਸੇ ਸਲੋਕ ਦੇ ਸਿਧਾਂਤ ਨੂੰ ਹੀ ਹਜ਼ੂਰ ਟੀਕਾ ਰੂਪ ਕਰਕੇ ਕਥਨ ਕਰ ਰਹੇ ਹਨ :—

### ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥

ਹੇ ਭਾਈ! ਇਕ ਹਰੀ ਨਿਰੰਜਨ ਨੂੰ ਗਾਵਣਾ ਕਰੀਏ, ਸਾਰਿਆਂ ਅੰਦਰ ਉਹ ਪ੍ਰਮੇਸ਼ਰ ਆਪ ਹੀ ਹੈ।

### ਕਰਣ ਕਾਰਣ ਸਮਰਥ ਪ੍ਰਭੁ

ਸਾਰੇ ਕਾਰਜਾਂ ਨੂੰ ਕਰਨ ਵਾਸਤੇ ਪ੍ਰਮੇਸ਼ਰ ਆਪ ਹੀ ਸਮਰੱਥ ਹੈ। ਯਥਾ :—

੧. *'ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥ ਤਿਸਕਾ ਮੰਤ੍ਰੁ ਨ ਜਾਨੈ ਹੋਰੁ ॥'*

[ਗਉੜੀ ਸੁਖਮਨੀ ਮਃ ੫, ਅੰਗ—੨੮੪]

੨. *'ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥'*

[ਰਾਗੁ ਗੂਜਰੀ ਵਾਰ ਮਹਲਾ ੫, ਅੰਗ—੫੧੯]

੩. *'ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥'*

[ਜਪੁਜੀ ਸਾਹਿਬ, ਅੰਗ—੩]

### ਜੋ ਕਰੇ ਸੁ ਹੋਈ ॥

ਜੋ ਕੁਛ ਪ੍ਰਮੇਸ਼ਰ ਕਰਨਾ ਚਾਹੁੰਦਾ ਹੈ ਉਹੀ ਹੁੰਦਾ ਹੈ, ਉਸਦੇ ਹੁਕਮ ਤੋਂ ਬਿਨਾਂ ਕੁਝ ਵੀ ਨਹੀਂ ਹੁੰਦਾ, ਪਿੱਛੇ ਜੋ ਕਰਦਾ ਸੀ ਹੁੰਦਾ ਸੀ, ਹੁਣ ਜੋ ਕਰਦਾ ਹੈ ਹੁੰਦਾ ਹੈ, ਅੱਗੇ ਨੂੰ ਜੋ ਕਰੇਗਾ ਸੋ ਹੋਵੇਗਾ।

### ਖਿਨ ਮਹਿ ਥਾਪਿ ਉਥਾਪਦਾ

ਖਿਨ ਵਿਚ ਸ੍ਰਿਸ਼ਟੀ ਨੂੰ ਪੈਦਾ ਕਰ ਦਿੰਦਾ ਹੈ ਅਤੇ ਖਿਨ ਵਿਚ ਹੀ ਪਰਲੋ ਕਰ ਦਿੰਦਾ ਹੈ। ਅਥਵਾ :—ਖਿਨ ਵਿਚ ਹੀ ਗੁਰਮੁਖਾਂ ਦੇ ਹਿਰਦੇ ਵਿਚੋਂ ਕਾਮ, ਕ੍ਰੋਧ ਆਦਿਕਾਂ ਨੂੰ ਪੁੱਟ ਦਿੰਦਾ ਹੈ ਅਤੇ ਸਤਿ-ਸੰਤੋਖ ਆਦਿਕ ਸ਼ੁਭ ਗੁਣਾਂ ਨੂੰ ਪੈਦਾ ਕਰ ਦਿੰਦਾ ਹੈ। ਯਥਾ :—

*'.....ਓਪਤਿ ਪਰਲੌ ਏਕੈ ਨਿਮਖ ਤੁ ਘਰਿ ॥'*

[ਸਵਯੇ ਸ੍ਰੀ ਮੁਖਬਾਕੵ ਮਹਲਾ ੫, ਅੰਗ—੧੩੮੫]

### ਤਿਸੁ ਬਿਨੁ ਨਹੀ ਕੋਈ ॥

ਤਿਸ ਪ੍ਰਮੇਸ਼ਰ ਤੋਂ ਬਗ਼ੈਰ ਐਸੀ ਸਮਰੱਥਾ ਵਾਲਾ ਹੋਰ ਕੋਈ ਨਹੀਂ ਹੈ। ਯਥਾ :—

੧. *'ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥*
*ਧਰਤੀ ਤੇ ਆਕਾਸ ਚਢਾਵੈ ਚਢੇ ਅਕਾਸ ਗਿਰਾਵੈ ॥੨॥'*

[ਸਾਰੰਗ ਕਬੀਰ ਜੀ, ਅੰਗ—੧੨੫੨]

੨. *'ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥*
*ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥੩॥'*

[ਸੋਰਠਿ ਮਹਲਾ ੫, ਅੰਗ—੬੧੩-੧੪]

੩. *'ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥*
*ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥*
*ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥*
*ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥'*

[ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਅੰਗ—੧੪੪]

੪. *'ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥*
*ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥'*

[ਰਾਗੁ ਬਿਹਾਗੜਾ ਮਹਲਾ ੯, ਅੰਗ—੫੩੭]

**ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥**

ਨੌਂ ਖੰਡਾਂ, ਇੱਕੀ ਪੁਰੀਆਂ ਵਾਲੇ ਬ੍ਰਹਮੰਡ ਵਿਚ ਅਤੇ ਸੱਤਾਂ ਦੀਪਾਂ ਵਿਚ, ਪਤਾਲਾਂ ਵਿਚ ਅਤੇ ਸਾਰੇ ਲੋਕਾਂ ਵਿਚ **ਰਵਿਆ** = ਮਿਲਿਆ ਹੋਇਆ ਹੈ। ਯਥਾ :—

*'ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥*
*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧॥'*

[ਥਿਤੀ ਗਉੜੀ ਮਹਲਾ ੫, ਅੰਗ—੨੯੬]

**ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥੧॥**

ਜਿਸਨੂੰ ਆਪ ਸਮਝਾਉਂਦਾ ਹੈ, ਉਹੀ ਐਸੀ ਸਿਖਿਆ ਨੂੰ ਸਮਝਦਾ ਹੈ ਕਿ ਵਾਹਿਗੁਰੂ ਸਰਬ ਕਲਾ ਸਮਰੱਥ ਅਤੇ ਸਰਬ ਵਿਆਪਕ ਹੈ, ਉਹੀ ਨਿਰਮਲ ਪੁਰਸ਼ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੫੦.

### ਟੋਡੀ ਬਾਣੀ ਭਗਤਾਂ ਕੀ

### ੧ੴ ਸਤਿਗੁਰ ਪ੍ਰਸਾਦਿ ॥ [ਅੰਗ—੭੧੮]

### ਤੀਨਿ ਛੰਦੇ ਖੇਲੁ ਆਛੈ ॥੧॥ਰਹਾਉ॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

**ਉਥਾਨਕਾ** :—ਇਕ ਆਦਮੀ ਦੇ ਘਰ ਕਿੱਲੇ ਨਾਲ ਬੱਝੀ ਹੋਈ ਗਊ ਮਰ ਗਈ, ਬ੍ਰਾਹਮਣ ਲੋਕ ਇਕੱਠੇ ਹੋ ਕੇ, ਉਸ ਗ਼ਰੀਬ ਦੇ ਘਰ ਆ ਗਏ, ਜੋ ਸੱਤਾਂ ਦਿਨਾਂ ਦਾ ਭੁੱਖਾ ਸੀ। ਆ ਕੇ ਕਿਹਾ, "ਤੈਥੋਂ ਬਹੁਤ ਵੱਡਾ ਪਾਪ ਹੋ ਗਿਆ ਹੈ, ਜੋ ਕਿੱਲੇ ਨਾਲ ਬੱਧੀ ਗਊ ਮਰ ਗਈ ਹੈ, ਇਕ ਤਾਂ ਸਾਨੂੰ ਬ੍ਰਾਹਮਣਾਂ ਨੂੰ ਦਾਨ ਕਰ, ਦੂਜਾ ਗੰਗਾ 'ਤੇ ਜਾ ਕੇ ਗਊ ਦੀ ਗਤੀ ਕਰਵਾ, ਨਹੀਂ ਤਾਂ ਤੈਨੂੰ ਗਊ ਹੱਤਿਆ ਦਾ ਪਾਪ ਲੱਗੇਗਾ।" ਉਹ ਵਿਚਾਰਾ ਗ਼ਰੀਬ, ਬ੍ਰਾਹਮਣਾਂ ਤੋਂ ਡਰਦਾ ਹੋਇਆ ਡਿੱਗਦਾ-ਢਹਿੰਦਾ ਭੁੱਖ ਨਾਲ ਵਿਆਕੁਲ ਹੋਇਆ ਭਗਤ ਨਾਮਦੇਵ ਜੀ ਦੇ ਦਰਵਾਜ਼ੇ 'ਤੇ ਬੇਹੋਸ਼ ਹੋ ਕੇ ਡਿੱਗ ਪਿਆ। ਤਾਂ ਭਗਤ ਜੀ ਨੇ ਉਸਦੇ ਮੁਖ ਵਿਚ ਜਲ ਪਾਇਆ, ਹੋਸ਼ ਵਿਚ ਲਿਆ ਕੇ ਪ੍ਰਸ਼ਾਦਾ ਛਕਾਇਆ ਅਤੇ ਪ੍ਰਮੇਸ਼ਰ ਦਾ ਨਾਮ ਸੁਣਾ ਕੇ ਪਾਪ ਨਾਸ ਕਰ ਦਿੱਤਾ। ਤਾਂ ਸਾਰੇ ਬ੍ਰਾਹਮਣ ਇਕੱਠੇ ਹੋ ਕੇ ਭਗਤ ਜੀ ਦੇ ਘਰ ਆ ਗਏ, ਤਰ੍ਹਾਂ-ਤਰ੍ਹਾਂ ਦੀਆਂ ਤਰਕਾਂ ਕਰਨ ਲੱਗੇ ਕਿ ਤੁਸੀਂ ਇਸ ਬੰਦੇ ਤੋਂ ਤੀਰਥ ਯਾਤਰਾ ਨਹੀਂ ਕਰਵਾਈ ਅਤੇ ਨਾ ਹੀ ਕੋਈ ਪੁੰਨ-ਦਾਨ ਕਰਵਾਇਆ ਹੈ, ਹੇ ਨਾਮਦੇਵ! ਗਊ ਹੱਤਿਆ ਵਾਲੇ ਦੋਸ਼ੀ ਨੂੰ ਬਾਹਰ ਕੱਢੋ, ਨਹੀਂ ਤਾਂ ਤੁਹਾਨੂੰ ਵੀ ਪਾਪ ਲੱਗੇਗਾ। ਭਗਤ ਜੀ ਨੇ ਕਿਹਾ, "ਗਊ ਤਾਂ ਆਪਣੀ ਉਮਰ ਭੋਗ ਕੇ ਮਰ ਗਈ ਹੈ, ਤੁਸੀਂ ਗ਼ਰੀਬ ਆਦਮੀ ਨੂੰ ਐਵੇਂ ਕਿਉਂ ਤੰਗ ਕਰਦੇ ਪਏ ਹੋ?" ਜਦ ਬ੍ਰਾਹਮਣ ਫਿਰ ਵੀ ਨਾ ਮੰਨੇ ਤਾਂ ਭਗਤ ਜੀ ਨੇ ਕਿਹਾ, "ਰਾਮ ਦਾ ਨਾਮ ਜਪਾ ਕੇ ਇਸਦੀ ਗਊ ਹੱਤਿਆ ਮੇਟ ਦਿੱਤੀ ਹੈ।" ਤਾਂ ਬ੍ਰਾਹਮਣ ਕਹਿਣ ਲੱਗੇ, "ਇਹ ਨਹੀਂ ਹੋ ਸਕਦਾ ਕਿ ਰਾਮ ਦਾ ਨਾਮ ਕਹਿਣ ਤੋਂ ਗਊ ਹੱਤਿਆ ਨਾਸ ਹੋ ਗਈ ਹੋਵੇ।" ਨਾਮਦੇਵ ਜੀ ਨੇ ਬ੍ਰਾਹਮਣਾਂ ਨੂੰ ਉੱਤਰ ਦੇਣ ਵਾਸਤੇ ਇਹ ਸ਼ਬਦ ਉਚਾਰਨ ਕੀਤਾ :—

*'ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥*
*ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ਰਹਾਉ॥'*

[ਟੋਡੀ ਨਾਮਦੇਵ ਜੀ, ਅੰਗ—੭੧੮]

ਪੰਡਿਤ ਸੁਣ ਕੇ ਨਿਰੁੱਤਰ ਹੋ ਗਏ ਅਤੇ ਫਿਰ ਸ਼ੰਕਾ ਕੀਤਾ ਕਿ ਤੁਸੀਂ ਸਿਰਫ ਰਾਮ ਨਾਮ ਦਾ ਹੀ ਉਪਦੇਸ਼ ਦਿੰਦੇ ਹੋ, ਪਰ ਵੇਦ ਪਹਿਲਾਂ ਕਰਮ-ਕਾਂਡ, ਫਿਰ ਉਪਾਸ਼ਨਾ, ਫਿਰ ਗਿਆਨ ਦੁਆਰਾ ਬ੍ਰਹਮ ਦੀ ਪ੍ਰਾਪਤੀ ਦੱਸਦਾ ਹੈ। ਤਾਂ ਨਾਮਦੇਵ ਜੀ ਨੇ ਕਿਹਾ, "ਹਰ ਇਕ ਵਸਤੂ ਆਪਣੀ-ਆਪਣੀ ਜਗ੍ਹਾ ਪਰ ਸੁਭਾਇਮਾਨ ਹੁੰਦੀ ਹੈ, ਨਾਮ ਦੇ ਮੁਕਾਬਲੇ ਕਰਮ-ਕਾਂਡ ਕੁਝ ਨਹੀਂ ਹੈ।"

## ਤੀਨਿ ਛੰਦੇ ਖੇਲੁ ਆਛੈ ॥੧॥ਰਹਾਉ॥

ਜਿਵੇਂ **ਛੰਦੇ** = ਵੇਦ ਵਿਚ ਤਿੰਨ ਪ੍ਰਕਾਰ ਦਾ **ਆਛੈ** = ਚੰਗਾ ਖੇਲ੍ਹ ਹੈ; ਕਰਮ, ਉਪਾਸ਼ਨਾ ਤੇ ਗਿਆਨ ਦਾ, ਤਿਵੇਂ ਹੀ ਸੰਸਾਰ ਵਿਚ **ਤੀਨਿ ਛੰਦੇ** = ਤਿੰਨ ਪ੍ਰਕਾਰ; ਰਜੋ, ਤਮੋ, ਸਤੋ ਗੁਣ ਦਾ ਸੁੰਦਰ ਖੇਲ੍ਹ ਹੋ ਰਿਹਾ ਹੈ, ਕਿਉਂਕਿ ਇਨ੍ਹਾਂ ਤਿੰਨਾਂ ਤੋਂ ਹੀ ਸੰਸਾਰ ਦੀ ਉਤਪਤੀ ਹੋਈ ਹੈ। ਹੁਣ ਅਸੀਂ ਵੀ ਤੁਹਾਨੂੰ ਇਸ **ਛੰਦੇ** = ਸ਼ਬਦ ਦੁਆਰਾ ਤਿੰਨ ਪ੍ਰਕਾਰ ਦਾ ਖੇਲ੍ਹ ਦੱਸਦੇ ਹਾਂ :—

## ਤੀਨਿ ਛੰਦੇ ਖੇਲੁ ਆਛੈ ॥੧॥ਰਹਾਉ॥

ਭਗਤ ਨਾਮਦੇਵ ਜੀ ਉਚਾਰਨ ਕਰਦੇ ਹਨ, ਹੇ ਸੰਤ ਜਨੋ ਸੁਣੋ! ਤਿੰਨਾਂ ਛੰਦਾਂ (ਪਦਾਂ) ਦਾ ਖੇਲ੍ਹ ਬੜਾ **ਆਛੈ** = ਸੁੰਦਰ ਲੱਗਦਾ **ਆਛੈ** = ਹੈ। ਜਿਵੇਂ ਰਾਂਡੀ, ਸਾਂਡੀ, ਹਾਂਡੀ ਗੋ॥ ਇਹ ਤਿੰਨ ਪਦ ਹਨ, ਇਹ ਬੜਾ ਸੁਹਣਾ ਖੇਲ੍ਹ ਹੈ।

## ਕੁੰਭਾਰ ਕੇ ਘਰ ਹਾਂਡੀ ਆਛੈ

ਜਿਵੇਂ ਘੁਮਿਆਰ ਦੇ ਘਰ **ਹਾਂਡੀ** = ਤੌੜੀਆਂ, ਕੁੱਜੇ, ਪਿਆਲੇ ਆਦਿਕ ਭਾਂਡੇ ਸੱਜਦੇ ਹਨ, ਤਾਂਕਿ ਭਾਂਡੇ ਲੈਣ ਵਾਲਾ ਆਇਆ ਹੋਇਆ ਗਾਹਕ ਮੁੜ ਕੇ ਨਾ ਜਾਵੇ।

## ਰਾਜਾ ਕੇ ਘਰ ਸਾਂਡੀ ਗੋ ॥

ਰਾਜੇ ਦੇ ਘਰ **ਸਾਂਡੀ** = ਸੋਨਾ, ਵਾ :—ਰਾਜਨੀਤੀ, ਵਾ :—ਹਥਣੀਆਂ* ਵਾਲੀ ਫ਼ੌਜ ਸੁਭਾਇਮਾਨ **ਗੋ** = ਕਥਨ ਕੀਤੀ ਜਾਂਦੀ ਹੈ।

## ਬਾਮਨ ਕੇ ਘਰ ਰਾਂਡੀ ਆਛੈ

(ੳ) ਬ੍ਰਾਹਮਣਾਂ ਦੇ ਘਰ ਵਿਚ ਰੰਡੀਆਂ ਇਸਤ੍ਰੀਆਂ ਸੱਜਦੀਆਂ ਹਨ, ਕਿਉਂਕਿ ਲੋਕ ਉਨ੍ਹਾਂ ਨੂੰ ਭਿਆਨੀਆਂ ਮੰਨ-ਮੰਨ ਕੇ ਰੋਟੀ ਖੁਆਉਂਦੇ ਹਨ।

---

* ਸਾਂਡੀ ਦਾ ਅਰਥ ਇਥੇ ਊਠਣੀਆਂ ਨਹੀਂ ਕਰਨਾ।

ਬ੍ਰਾਹਮਣ ਲੋਕ ਜੋਤਿਸ਼ ਵਿਦਿਆ ਦੀ ਬਹੁਤੀ ਵਿਚਾਰ ਕਰਦੇ ਹਨ, ਜਦ ਬ੍ਰਾਹਮਣ ਦੀ ਲੜਕੀ ਦਾ ਪਤੀ ਮਰ ਜਾਂਦਾ ਹੈ ਤਾਂ ਉਹ ਉਸਦਾ ਹੋਰ ਕਿਤੇ ਵਿਆਹ ਨਹੀਂ ਕਰਦੇ, ਵਿਚਾਰੀ ਨੂੰ ਸਾਰੀ ਉਮਰ ਰੰਡੀ ਹੀ ਰੱਖਦੇ ਹਨ। ਉਹ ਰੰਡੀਆਂ ਇਸਤ੍ਰੀਆਂ ਭਿਆਨੀਆਂ ਬਣ ਕੇ ਆਪਣੇ ਜਜਮਾਨਾਂ ਦੇ ਘਰ ਵਿਚ ਨਿਉਂਦੇ ਖਾਂਦੀਆਂ ਹਨ। ਜਿਵੇਂ ਜੱਲ੍ਹਣ ਜੱਟ ਨੇ ਕਿਹਾ ਹੈ :—

*'ਵੈਦਾਂ ਦੇ ਘਰ ਪਿੱਟਣਾ ਬ੍ਰਾਹਮਣਾਂ ਦੇ ਘਰ ਰੰਡ।*
*ਜਾਹ ਜੱਲ੍ਹਣ ਘਰ ਆਪਣੇ ਸਾਹਾ ਸੋਧ ਨਿਸੰਗ।'*

(ਅ) ਬ੍ਰਾਹਮਣਾਂ ਦੇ ਘਰ ਵਿਚ **ਰਾਂਡੀ** = ਜੋਤਿਸ਼ ਵਿਦਿਆ, ਭਾਵ ਪੱਤਰੀ ਸੋਭਦੀ ਹੈ :—

*'ਰਾਹੂ ਕੇਤੂ ਬੈਲ ਹਮਾਰੇ ਸਾੜ੍ਹ ਸਤੀ ਹੈ ਖੇਤੀ।*
*ਪੱਤਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੈ ਛੇਤੀ।'* [ਲੋਕਕ]

## ਰਾਂਡੀ ਸਾਂਡੀ ਹਾਂਡੀ ਗੋ ॥੧॥

ਬ੍ਰਾਹਮਣਾਂ ਦੇ ਘਰ ਵਿਚ **ਰਾਂਡੀ** = ਪੱਤਰੀ ਜਾਂ ਰੰਡੀਆਂ ਲੜਕੀਆਂ, ਰਾਜਿਆਂ ਦੇ ਘਰ ਵਿਚ **ਸਾਂਡੀ** = ਹਾਥੀ-ਹਥਣੀਆਂ ਵਾਲੀ ਫ਼ੌਜ ਜਾਂ ਰਾਜਨੀਤਕ ਵਿਦਿਆ ਅਤੇ ਘੁਮਿਆਰਾਂ ਦੇ ਘਰ ਵਿਚ **ਹਾਂਡੀ** = ਤੌੜੀਆਂ ਆਦਿਕ ਬਰਤਨ **ਗੋ** = ਕਥਨ ਕਰੀਦੇ ਹਨ।

ਇਹ ਜਿਹੜੇ ਤਿੰਨ ਪਦ ਹਨ, ਇਹ ਇਕ ਛੰਦ ਬਣਿਆ ਹੋਇਆ ਹੈ।

## ਬਾਣੀਏ ਕੇ ਘਰ ਹੀਗੁ ਆਛੈ

ਪੰਸਾਰੀ ਦੇ ਘਰ ਵਿਚ **ਹੀਗੁ** = ਹਿੰਗ, ਮਸਾਲੇ, ਲੂਣ, ਤੇਲ ਆਦਿਕ ਜਿੰਨੀ ਸੌਦੇ ਦੀ ਸਮੱਗਰੀ ਹੈ, ਉਹ ਸੋਭਦੀ ਹੈ ਤਾਂਕਿ ਸੌਦਾ ਲੈਣ ਵਾਲਾ ਆਇਆ ਹੋਇਆ ਗਾਹਕ ਮੁੜ ਕੇ ਨਾ ਜਾਵੇ।

## ਭੈਸਰ ਮਾਥੈ ਸੀਗੁ ਗੋ ॥

**ਭੈਸਰ** = ਝੋਟੇ ਦੇ ਮੱਥੇ 'ਤੇ ਮੁੜਵੇਂ (ਕੁੰਢੇ) **ਸੀਗੁ** = ਸਿੰਗ ਹੋਣ ਤਾਂ ਸੱਜਦਾ **ਗੋ** = ਕਥਨ ਕੀਤਾ ਜਾਂਦਾ ਹੈ।

## ਦੇਵਲ ਮਧੇ ਲੀਗੁ ਆਛੈ

ਸ਼ਿਵ ਦੁਆਲੇ (ਮੰਦਿਰ) ਵਿਚ **ਲੀਗੁ** = ਸ਼ਿਵਲਿੰਗ, ਵਾ :—ਮੂਰਤੀ ਹੋਵੇ ਤਾਂ ਹੀ ਚੰਗਾ ਲੱਗਦਾ ਹੈ।

## ਲੀਗੁ ਸੀਗੁ ਹੀਗੁ ਗੋ ॥੨॥

ਸ਼ਿਵ ਦੁਆਲੇ ਵਿਚ **ਲੀਗੁ** = ਸ਼ਿਵਲਿੰਗ, ਵਾ:–ਮੂਰਤੀ; ਝੋਟੇ ਦੇ ਸਿਰ ਤੇ **ਸੀਗੁ** = ਸਿੰਗ ਅਤੇ ਪੰਸਾਰੀ ਦੀ ਦੁਕਾਨ ਤੋਂ ਮਿਲ ਜਾਣ ਵਾਲੀ **ਹੀਗੁ** = ਹਿੰਗ ਆਦਿਕ ਸਾਰੀ ਸਮੱਗਰੀ ਸੋਭਦੀ **ਗੋ** = ਕਥਨ ਕਰੀਦੀ ਹੈ।

ਇਹ ਦ੍ਰਿਸ਼ਟਾਂਤ ਹੀ ਸਮਝਣੇ।

## ਤੇਲੀ ਕੈ ਘਰ ਤੇਲੁ ਆਛੈ

ਤੇਲੀ ਦੇ ਘਰ ਵਿਚ ਤੇਲ ਹੋਵੇ ਤਾਂ **ਆਛੈ** = ਚੰਗਾ ਲੱਗਦਾ ਹੈ, ਜੇ ਤੇਲ ਨਾ ਹੋਵੇ ਤਾਂ ਫਿਰ ਤੇਲੀ ਕਾਹਦਾ ਹੈ!

## ਜੰਗਲ ਮਧੇ ਬੇਲ ਗੋ ॥

ਜੰਗਲ ਵਿਚ **ਬੇਲ** = ਵੇਲਾਂ ਚੰਗੀਆਂ ਲੱਗੀਆਂ ਹੋਣ ਤਾਂ ਜੰਗਲ-ਬੇਲਾ ਸੁਹਣਾ ਲੱਗਦਾ **ਗੋ** = ਕਥਨ ਕਰੀਦਾ ਹੈ।

## ਮਾਲੀ ਕੇ ਘਰ ਕੇਲ ਆਛੈ

ਮਾਲੀ ਦੇ **ਘਰ** = ਬਾਗ਼ ਵਿਚ ਕੇਲੇ ਆਦਿਕ ਫਲ ਲੱਗੇ ਹੋਣ ਤਾਂ **ਆਛੈ** = ਸੱਜਦਾ ਹੈ।

## ਕੇਲ ਬੇਲ ਤੇਲ ਗੋ ॥੩॥

ਜਿਵੇਂ ਕੇਲੇ ਮਾਲੀ ਦੇ ਘਰ (ਬਾਗ਼) ਵਿਚ, ਵੇਲਾਂ ਜੰਗਲ ਵਿਚ ਤੇ ਤੇਲ ਤੇਲੀ ਦੇ ਘਰ ਵਿਚ ਸੋਭਦੇ ਹਨ; ਇਹ ਤਿੰਨ ਦ੍ਰਿਸ਼ਟਾਂਤ **ਗੋ** = ਕਥਨ ਕੀਤੇ ਹਨ।

## ਸੰਤਾਂ ਮਧੇ ਗੋਬਿੰਦੁ ਆਛੈ

ਤਿਵੇਂ ਸੰਤਾਂ-ਭਗਤਾਂ ਦੇ ਹਿਰਦੇ ਵਿਚ ਪ੍ਰਮੇਸ਼ਰ ਵੱਸਦਾ ਸੱਜਦਾ ਹੈ।

## ਗੋਕਲ ਮਧੇ ਸਿਆਮ ਗੋ ॥

ਜਿਵੇਂ ਗੋਕਲ ਨਗਰੀ ਵਿਚ ਕ੍ਰਿਸ਼ਨ ਭਗਵਾਨ ਜੀ ਗਊਆਂ ਚਾਰਦੇ ਬੜੇ ਸੋਹਣੇ ਵੱਸਦੇ ਸਨ, **ਗੋ** = ਕਥਨ ਕੀਤੇ ਜਾਂਦੇ ਹਨ।

**ਨਾਮੇ ਮਧੇ ਰਾਮੁ ਆਛੈ**

ਨਾਮਦੇਵ ਜੀ ਕਥਨ ਕਰਦੇ ਹਨ, ਇਸ ਤਰ੍ਹਾਂ ਮੇਰੇ ਹਿਰਦੇ ਵਿਚ ਪ੍ਰਮੇਸ਼ਰ ਦਾ ਨਾਮ **ਆਛੈ** = ਸੱਜਦਾ **ਆਛੈ** = ਹੈ।

**ਰਾਮ ਸਿਆਮ ਗੋਬਿੰਦ ਗੋ ॥੪॥੩॥**

ਰਾਮ ਮੇਰੇ ਹਿਰਦੇ ਵਿਚ, ਕ੍ਰਿਸ਼ਨ ਜੀ ਗੋਕਲ ਵਿਚ ਅਤੇ ਪ੍ਰਮੇਸ਼ਰ ਸੰਤਾਂ ਦੇ ਹਿਰਦੇ ਵਿਚ ਸੱਜਦਾ **ਗੋ** = ਕਥਨ ਕੀਤਾ ਜਾਂਦਾ ਹੈ।

ਇਹ ਤਿੰਨਾਂ-ਤਿੰਨਾਂ ਛੰਦਾਂ ਦਾ **ਆਛੈ** = ਸੁਹਣਾ ਖੇਲ੍ਹ ਬਣਾਇਆ ਹੈ।

ਇਸ ਪ੍ਰਕਾਰ ਪਹਿਲਾਂ ਸਾਰੇ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ ਕਿ ਨਾਮੇ ਦੇ ਹਿਰਦੇ ਵਿਚ ਰਾਮ ਸੱਜਦਾ ਹੈ। ਇਸ ਦਾ-ਦ੍ਰਿਸ਼ਟਾਂਤ ਵਾਸਤੇ ਭਗਤ ਜੀ ਨੇ ਸਾਰੇ ਦ੍ਰਿਸ਼ਟਾਂਤ ਕਥਨ ਕੀਤੇ ਹਨ।

***ਅੰਤ੍ਰੀਵ ਅਰਥ :***

**ਤੀਨਿ ਛੰਦੇ ਖੇਲੁ ਆਛੈ ॥੧॥ਰਹਾਉ॥**

ਇਕ ਛੰਦ ਨਾਮੇ ਮੁਨੀਸਰ ਹੋਇਆ ਹੈ, ਜਿਸਨੇ ਛੰਦੋਗ ਉਪਨਿਸ਼ਦ ਰਚੀ ਹੈ। ਯਥਾ :—

*'ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ ॥'*

[ਸਵਯੇ ਸ੍ਰੀ ਮੁਖਬਾਕ੍ ਮਹਲਾ ੫, ਅੰਗ–੧੩੮੮]

ਇਹ ਜੋ ਛੰਦੋਗ ਉਪਨਿਸ਼ਦ ਹੈ, ਵੇਦਾਂ ਦਾ ਟੀਕਾ ਹੈ, ਇਸਨੂੰ ਵੇਦਾਂ ਦਾ ਇਕ ਅੰਗ ਹੀ ਮੰਨਿਆ ਹੈ, ਜਿਸ ਵਿਚ ਵੇਦਾਂ ਦਾ ਸਿਧਾਂਤ; ਕਰਮ, ਉਪਾਸ਼ਨਾ ਤੇ ਗਿਆਨ ਕਥਨ ਕੀਤਾ ਹੈ।

ਇਉਂ ਵੇਦਾਂ ਦੇ ਸਿਧਾਂਤ ਨੂੰ ਕਹਿਣ ਵਾਲੀ ਵੇਦਾ ਰੂਪ ਜੋ ਛੰਦੋਗ ਨਾਮੇ ਉਪਨਿਸ਼ਦ ਹੈ, ਇਸ ਵਿਚ **ਤੀਨਿ ਛੰਦੇ** = ਤਿੰਨ; ਕਰਮ, ਉਪਾਸ਼ਨਾ ਤੇ ਗਿਆਨ ਦਾ ਖੇਲ੍ਹ ਕਥਨ ਕੀਤਾ ਹੋਇਆ **ਆਛੈ** = ਸੁੰਦਰ ਸੱਜ ਰਿਹਾ ਹੈ।

**ਕੁੰਭਾਰ ਕੇ ਘਰ ਹਾਂਡੀ ਆਛੈ**

ਘੁਮਿਆਰ ਕੌਣ ਹੁੰਦਾ ਹੈ ? ਜਿਹੜਾ ਚੱਕ ਦੇ ਉੱਪਰ ਭਾਂਡਿਆਂ ਨੂੰ ਬਣਾਵੇ।

ਤਿਵੇਂ ਗੁਰੂ ਮਹਾਰਾਜ ਸਾਹਿਬ ਘੁਮਿਆਰ ਦੀ ਨਿਆਈਂ ਉਪਦੇਸ਼ ਰੂਪ ਚੱਕ 'ਤੇ ਰੱਖ ਕੇ ਸ੍ਰਵਣ, ਮੰਨਣ, ਨਿਧਿਆਸਣ, ਗਿਆਨ ਆਦਿਕ ਜਿਹੜੇ ਦੈਵੀ ਗੁਣ ਪ੍ਰਗਟ ਕਰਦੇ

ਹਨ, ਇਹ ਭਾਂਡਿਆਂ ਨੂੰ ਸਾਜਦੇ ਹਨ।

ਜਿੰਨ੍ਹਾਂ ਸਿੱਖਾਂ ਦੇ ਹਿਰਦੇ ਰੂਪ ਘਰ ਵਿਚ **ਕੁੰਭਾਰ** = ਗੁਰੂ ਸਾਹਿਬਾਂ ਦੀ **ਹਾਂਡੀ** = ਭਗਤੀ **ਆਛੈ** = ਸੋਭਨੀਕ ਹੁੰਦੀ ਹੈ, ਉਨ੍ਹਾਂ ਦੇ ਅੰਦਰ ਸ੍ਰਵਣ ਗਿਆਨ, ਮੰਨਣ ਗਿਆਨ, ਨਿਧਿਆਸਨ ਗਿਆਨ ਅਤੇ ਤਤ ਤ੍ਵੰ ਦਾ ਸੋਧਨ ਗਿਆਨ ਪ੍ਰਗਟ ਹੋ ਜਾਂਦਾ ਹੈ।

ਇਉਂ, **ਕੁੰਭਾਰ** = ਗੁਰੂ ਮਹਾਰਾਜ ਸਾਹਿਬ ਜੀ ਉਪਦੇਸ਼ ਰੂਪ ਚੱਕ 'ਤੇ ਰੱਖ ਕੇ ਗਿਆਨ ਆਦਿਕ ਬਰਤਨਾਂ ਨੂੰ ਬਨਾਉਣ ਵਾਲੇ ਹਨ।

ਜਿਨ੍ਹਾਂ ਸਤਿਗੁਰਾਂ ਦੇ ਹਿਰਦੇ ਰੂਪ, ਵਾ :—ਸਤਿਸੰਗਤ ਰੂਪ ਘਰ ਵਿਚ ਭਗਤੀ ਰੂਪ ਹਾਂਡੀ ਸੱਜਦੀ ਹੈ। ਗੁਰੂ ਸਾਹਿਬ ਜੀ ਆਪ ਭਗਤੀ ਕਰਦੇ ਹੋਣ, ਵਾ :—ਭਗਤੀ ਸਹਿਤ ਗਿਆਨ ਵਾਲੇ ਬਚਨਾਂ ਨੂੰ ਮੁਖੋਂ ਉਚਾਰਦੇ ਹੋਣ ਅਤੇ ਹੋਰਨਾਂ ਸਿੱਖਾਂ ਨੂੰ ਭਗਤੀ ਦ੍ਰਿੜ੍ਹਾ ਕੇ ਬ੍ਰਹਮ ਗਿਆਨ ਪ੍ਰਪੱਕ ਕਰਵਾਉਂਦੇ ਹੋਣ ਤਾਂ **ਆਛੈ** = ਬਹੁਤੇ ਈ ਸੁਹਣੇ ਲੱਗਦੇ ਹਨ।

ਇਸ ਪ੍ਰਕਾਰ **ਕੁੰਭਾਰ** = ਸਤਿਗੁਰਾਂ ਦੇ ਸਤਿਸੰਗਤ ਰੂਪ ਘਰ ਵਿਚ **ਹਾਂਡੀ** = ਭਗਤੀ **ਆਛੈ** = ਸੱਜਦੀ ਹੈ। ਯਥਾ :—

੧. *'ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥'*
[ਧਨਾਸਰੀ ਮਹਲਾ ੧, ਅੰਗ—੬੮੫]

੨. *'ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥ ਜਨਮ ਜਨਮ ਕਾ ਸੋਇਆ ਜਾਗੈ ॥੩॥'*
[ਗੋਂਡ ਮਹਲਾ ੫, ਅੰਗ—੮੬੮]

੩. *'ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥*
*ਹਰਿ ਕੀ ਭਗਤਿ ਕਰਹੁ ਮਨ ਮੀਤ ॥ ਨਿਰਮਲ ਹੋਇ ਤੁਮ੍ਹਾਰੋ ਚੀਤ ॥'*
[ਗਉੜੀ ਸੁਖਮਨੀ ਮਃ ੫, ਅੰਗ—੨੮੮]

## ਰਾਜਾ ਕੇ ਘਰ ਸਾਂਡੀ ਗੋ ॥

ਬ੍ਰਹਮ ਗਿਆਨੀਆਂ ਰੂਪ ਰਾਜਿਆਂ ਦੇ ਸਤਿਸੰਗਤ, ਵਾ :—ਅੰਤਹਕਰਣ ਰੂਪ ਘਰ ਵਿਚ ਬ੍ਰਹਮ ਵਿਦਿਆ ਰੂਪ **ਸਾਂਡੀ** = ਹਥਨੀ ਸੱਜਦੀ **ਗੋ** = ਕਥਨ ਕਰੀਦੀ ਹੈ। ਯਥਾ :—

੧. *'ਰਾਜ ਲੀਲਾ ਤੇਰੈ ਨਾਮਿ ਬਨਾਈ ॥*
*ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥'*
[ਆਸਾ ਮਹਲਾ ੫, ਅੰਗ—੩੮੫]

੨. *'ਪਉੜੀ ॥ ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥੭॥'*
[ਜੈਤਸਰੀ ਕੀ ਵਾਰ ਮਹਲਾ ੫, ਅੰਗ—੭੦੭]

ਨਾਮ ਤੋਂ ਬਿਨਾਂ ਪ੍ਰਤੱਖ ਰਾਜ-ਭਾਗ ਪ੍ਰਾਪਤ ਹੋਣ 'ਤੇ ਵੀ ਸੁਖ-ਸ਼ਾਂਤੀ ਨਹੀਂ ਮਿਲ ਸਕਦੀ। ਯਥਾ :—

੧. *'ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥'*
[ਗਉੜੀ ਸੁਖਮਨੀ ਮਃ ੫, ਅੰਗ—੨੬੪]

੨. *'ਪਉੜੀ ॥ ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥੬॥'*
[ਜੈਤਸਰੀ ਕੀ ਵਾਰ ਮਹਲਾ ੫, ਅੰਗ—੭੦੭]

## ਬਾਮਨ ਕੇ ਘਰ ਰਾਂਡੀ ਆਛੈ

ਜੋਤਿਸ਼ ਦੇ ਤਰੀਕੇ ਨਾਲ ਸਮੇਂ ਦਾ ਗਿਆਨ ਦੱਸਣ ਵਾਲੇ ਪੁਰਾਣਕ ਮੱਤ ਵਾਲਿਆਂ ਬ੍ਰਾਹਮਣਾਂ ਦੇ ਅੰਤਹਕਰਣ ਰੂਪ ਘਰ ਵਿਚ **ਰਾਂਡੀ** = ਪੁਰਾਣਕ ਵਿਦਿਆ ਅਤੇ ਪ੍ਰਤੱਖ ਘਰ ਵਿਚ **ਰਾਂਡੀ** = ਪੱਤਰੀ ਸੱਜਦੀ ਹੈ।

## ਰਾਂਡੀ ਸਾਂਡੀ ਹਾਂਡੀ ਗੋ ॥੧॥

**ਰਾਂਡੀ** = ਪੁਰਾਣਕ ਵਿਦਿਆ ਬ੍ਰਾਹਮਣਾਂ ਦੇ ਘਰ ਵਿਚ, **ਸਾਂਡੀ** = ਬ੍ਰਹਮ ਵਿਦਿਆ ਬ੍ਰਹਮ ਗਿਆਨੀਆਂ ਦੇ ਘਰ ਵਿਚ ਅਤੇ **ਹਾਂਡੀ** = ਭਗਤੀ ਗੁਰੂ ਘਰ ਵਿਚ, ਇਹ ਤਿੰਨ **ਗੋ** = ਕਥਨ ਕਰੀਦੀਆਂ ਹਨ।

## ਬਾਣੀਏ ਕੇ ਘਰ ਹੀਗੁ ਆਛੈ

ਜੋ **ਬਾਣੀਏ** = ਸਕਾਮੀ ਪੁਰਖ ਹਨ, ਉਨ੍ਹਾਂ ਦੇ **ਘਰ** = ਇਕੱਠ ਵਿਚ **ਹੀਗੁ** = ਹਿੰਗ

ਆਦਿਕ ਯੱਗ ਦੀਆਂ ਸਮੱਗਰੀਆਂ **ਆਛੈ** = ਸੱਜਦੀਆਂ ਹਨ।

ਫਿਰ ਯੱਗ ਕਰਕੇ ਹੰਕਾਰ ਕਰਨਾ, ਜਿਵੇਂ ਗਧੇ ਹੀਂਗਦੇ ਹਨ, ਇਸ ਪ੍ਰਕਾਰ ਕਹਿਣਾ ਕਿ ਮੈਂ ਯੱਗ ਕੀਤਾ ਹੈ! ਮੈਂ ਯੱਗ ਕੀਤਾ ਹੈ!

ਇਸ ਪ੍ਰਕਾਰ ਯੱਗ ਆਦਿਕ ਕਰਨ ਦੀ **ਹੀਂਗੁ** = ਹੰਗਤਾ ਕਰਨੀ। ਏਸੇ ਲਈ ਤਾਂ ਸਤਿਗੁਰਾਂ ਦੇ ਬਚਨ ਹਨ :—

੧. *'ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥*
*ਜੋਗ ਜਾਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥*
*ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥*
*ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥'*

[ਬਿਲਾਵਲੁ ਮਹਲਾ ੯, ਅੰਗ—੮੩੦-੩੧]

੨. *'ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨੁ ॥੪੬॥'*

[ਸਲੋਕ ਮਹਲਾ ੯, ਅੰਗ—੧੪੨੮]

੩. *'ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥*
*ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥'*

[ਆਸਾ ਮਹਲਾ ੫, ਅੰਗ—੪੦੧]

## ਭੈਸਰ ਮਾਥੈ ਸੰਗਿ ਗੌ ॥

**ਭੈ** + **ਸਰ** = ਭੈ ਦੇ ਸਰੋਵਰ ਜੋ ਜਗਿਆਸੂ ਹਨ, ਤਿਨ੍ਹਾਂ ਦੇ **ਮਾਥੈ** = ਹਿਰਦੇ ਵਿਚ **ਸੰਗਿ** = ਵੈਰਾਗ ਤੇ ਬਿਬੇਕ ਰੂਪ ਦੋ ਸਿੰਗ ਸੱਜਦੇ **ਗੌ** = ਕਥਨ ਕਰੀਦੇ ਹਨ।

## ਦੇਵਲ ਮਧੇ ਲੀਗੁ ਆਛੈ

ਇਹ ਸਰੀਰ ਇਕ **ਦੇਵਲ** = ਮੰਦਿਰ ਹੈ। ਯਥਾ :—

*'ਹਰਿਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥'*

[ਪ੍ਰਭਾਤੀ ਮਹਲਾ ੩, ਅੰਗ—੧੩੪੬]

**ਦੇਵਲ ਮਧੇ** = ਉਪਾਸ਼ਕ ਲੋਕਾਂ ਦੇ ਦੇਹ ਰੂਪ ਮੰਦਿਰ ਵਿਚ ਆਪਣੇ ਇਸ਼ਟ ਦੇਵ ਦੇ **ਲੀਗੁ** = ਚਿੰਨ੍ਹ ਹੋਣ ਤਾਂ ਸੋਭਦਾ ਹੈ।

ਹਿਰਦੇ ਵਿਚ ਇਸ਼ਟ ਨੇ ਹਰ ਵਕਤ ਪ੍ਰਤੱਖ ਰਹਿਣਾ, ਗੁਰੂ ਮਹਾਰਾਜ ਸਾਹਿਬ ਜੀ ਦੀ ਮੂਰਤੀ ਦਾ ਧਿਆਨ ਕਦੇ ਭੁੱਲਣਾ ਨਾ, ਆਪਣੇ ਇਸ਼ਟ ਦੇਵ ਦਾ ਚਿੰਨ੍ਹ ਅੰਦਰ ਸਾਖਿਆਤ ਹੋਣਾ, ਇਹ ਉਪਾਸ਼ਕ ਲੋਕਾਂ ਦੇ ਦੇਹ ਰੂਪ ਦੁਆਲੇ ਵਿਚ ਸੱਜਦਾ ਹੈ। ਯਥਾ :—

*'ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥'*

[ਗੋਂਡ ਮਹਲਾ ੫, ਅੰਗ—੮੬੪]

## ਲੀਗੁ ਸੀਗੁ ਹੀਗੁ ਗੋ ॥੨॥

**ਲੀਗੁ** = ਗੁਰੂ ਮਹਾਰਾਜ ਸਾਹਿਬ ਜੀ ਦੀ ਮੂਰਤ ਜੋ ਧਿਆਨ ਵਿਚ ਰੱਖਣੀ ਹੈ, ਇਹ ਉਪਾਸ਼ਕ ਲੋਕਾਂ ਦੇ ਹਿਰਦੇ ਵਿਚ, **ਸੀਗੁ** = ਵੈਰਾਗ ਤੇ ਬਿਬੇਕ ਰੂਪ ਸਿੰਗ ਜਗਿਆਸੂਆਂ ਦੇ ਹਿਰਦੇ ਵਿਚ ਅਤੇ **ਹੀਗੁ** = ਹਿੰਗ ਆਦਿਕ ਜੱਗ ਸਮੱਗਰੀਆਂ ਸਕਾਮੀ ਪੁਰਖਾਂ ਦੀ ਸੰਗਤ ਵਿਚ ਸੱਜਦੀਆਂ **ਗੋ** = ਕਥਨ ਕੀਤੀਆਂ ਹਨ।

## ਤੇਲੀ ਕੈ ਘਰ ਤੇਲੁ ਆਛੈ

**ਤੇਲੀ** = ਪ੍ਰੇਮੀ ਪੁਰਖਾਂ ਦੇ **ਘਰ** = ਅੰਤਹਕਰਣ ਵਿਚ ਪ੍ਰੇਮ ਹੋਵੇ ਤਾਂ ਸੱਜਦਾ ਹੈ। ਪ੍ਰੇਮੀ ਉਹੀ ਹੈ, ਜਿਸਦੇ ਹਿਰਦੇ ਅੰਦਰ ਹਰ ਵਕਤ ਮਹਾਰਾਜ ਸਾਹਿਬ ਜੀ ਦਾ ਪ੍ਰੇਮ ਸੱਜਿਆ ਰਹੇ।

## ਜੰਗਲ ਮਧੇ ਬੇਲ ਗੋ ॥

**ਜੰਗਲ** = ਅੰਤਹਕਰਣ (ਮਨ, ਬੁੱਧ, ਚਿਤ, ਅਹੰਕਾਰ) ਉਨ੍ਹਾਂ ਦਾ ਚੰਗਾ ਹੈ, ਜਿਨ੍ਹਾਂ ਦੇ ਅੰਤਹਕਰਣ ਵਿਚ **ਬੇਲ** = ਕਰੁਣਾ, ਮੁਦਤਾ, ਮੈਤ੍ਰੀ ਤੇ ਅਪੇਖਿਆ ਰੂਪ ਵੇਲਾਂ ਸੱਜਦੀਆਂ **ਗੋ** = ਕਥਨ ਕਰੀਦੀਆਂ ਹਨ।

**ਕਰੁਣਾ** :—ਦੁਖੀ ਨੂੰ ਵੇਖ ਕੇ ਕਿਰਪਾ ਕਰਨੀ।

**ਮੁਦਤਾ** :—ਕਿਸੇ ਦਾ ਪ੍ਰਤਾਪ ਵੇਖ ਕੇ ਸੜਨਾ ਨਾ ਬਲਕਿ ਖ਼ੁਸ਼ ਹੋਣਾ ਕਿ ਧੰਨ ਹੈ ਵਾਹਿਗੁਰੂ, ਜਿਸਨੇ ਐਡੇ-ਐਡੇ ਤੇਜ-ਪ੍ਰਤਾਪੀ ਮਨੁੱਖ ਪੈਦਾ ਕੀਤੇ ਹਨ ਤੇ ਇਨ੍ਹਾਂ ਨੂੰ ਦਾਤਾਂ ਦਿੱਤੀਆਂ ਹਨ।

**ਮੈਤ੍ਰੀ** :—ਸੁਖੀ ਨੂੰ ਵੇਖ ਕੇ ਮਿੱਤਰਤਾ ਭਾਵ ਰੱਖਣਾ।

**ਅਪੇਖਿਆ** :—ਜਿਹੜਾ ਸਾਕਤ ਪੁਰਖ ਉਪਦੇਸ਼ ਨਾ ਮੰਨੇ, ਉਸਦਾ ਦਿਲੋਂ ਤਿਆਗ ਤਾਂ ਕਰ ਦੇਣਾ ਪਰ ਮੂੰਹ ਨਾਲ ਕੋਈ ਕੌੜਾ ਬਚਨ ਨਾ ਕਹਿਣਾ, ਸਮਝਣਾ ਕਿ ਇਸਦੇ ਕਰਮ ਹੀ ਮਾੜੇ ਹਨ, ਇਸਦਾ ਨਾਮ ਅਪੇਖਿਆ ਹੈ। ਯਥਾ :—

*'ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ ॥*
*ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ ॥੫॥'*
[ਨਟ ਮਹਲਾ ੪, ਅੰਗ—੯੮੨]

ਜਿਸਦੇ ਅੰਤਹਕਰਣ ਵਿਚ ਇਹ ਕਰੁਣਾ, ਮੁਦਤਾ, ਮੈਤ੍ਰੀ, ਅਪੇਖਿਆ, ਖਿਮਾ, ਸ਼ਾਂਤੀ, ਧੀਰਜ ਆਦਿਕ ਸ਼ੁਭ ਗੁਣਾਂ ਰੂਪ ਵੇਲਾਂ ਹਨ, ਉਨ੍ਹਾਂ ਦਾ ਅੰਤਹਕਰਣ ਸੋਭਨੀਕ **ਗੌ** = ਕਥਨ ਕਰੀਦਾ ਹੈ।

## ਮਾਲੀ ਕੇ ਘਰ ਕੇਲ ਆਛੈ

ਮਾਲੀ ਕੌਣ ਹਨ ? ਜਿਹੜੇ ਮਹਾਰਾਜ ਸਾਹਿਬ ਜੀ ਦੇ ਨਾਮ ਰੂਪ ਮਾਲ ਦੀ ਇੱਛਾ ਕਰਨ ਵਾਲੇ ਪ੍ਰੇਮੀ ਭਗਤ ਹਿਰਦੇ ਵਿਚ ਸ਼ੁਭ ਗੁਣਾਂ ਦਾ ਬਗ਼ੀਚਾ ਲਾਉਣ ਵਾਲੇ ਹਨ।

ਇਉਂ **ਮਾਲੀ** = ਭਗਤ ਜਨਾਂ ਦੇ **ਘਰ** = ਅੰਤਹਕਰਣ ਵਿਚ **ਕੇਲ** = ਨਾਮ ਵੱਸਿਆ ਹੋਵੇ ਤਾਂ ਸੁਹਣਾ ਲੱਗਦਾ ਹੈ। ਭਗਤ ਹੀ ਨਾਮ ਜਪਦੇ ਹਨ, ਯਥਾ :—

੧. *'ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ ॥'*
[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੫੮]

੨. *'ਆਠ ਪਹਰ ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥'*
[ਗਉੜੀ ਸੁਖਮਨੀ ਮਃ ੫, ਅੰਗ—੨੯੦]

ਅਥਵਾ :—**ਕੇਲ** = ਕੇਲੇ ਦੀ ਨਿਆਈਂ ਨਰਮ ਚਿੱਤ ਹੋਣਾ।

ਅਥਵਾ :—ਵਾਹਿਗੁਰੂ ਦੇ ਨਾਮ ਜਪਣ ਕਰਕੇ **ਕੇਲ** = ਅਨੰਦ ਪ੍ਰਾਪਤ ਹੋਣਾ ਸੱਜਦਾ ਹੈ। ਯਥਾ :—

੧. *'ਅਨਦ ਕਰਹਿ ਤੇਰੇ ਦਾਸਾ ॥ ਜਪਿ ਪੂਰਨ ਹੋਈ ਆਸਾ ॥੨॥'*
[ਸੋਰਠਿ ਮਹਲਾ ੫, ਅੰਗ—੬੨੫]

੨. *'ਅਨਦੁ ਸੰਤਨ ਕੈ ਭਗਤਿ ਗੋਵਿੰਦ ॥ ਸੂਖੁ ਸੰਤਨ ਕੈ ਬਿਨਸੀ ਚਿੰਦ ॥'*
[ਧਨਾਸਰੀ ਮਹਲਾ ੫, ਅੰਗ—੬੭੬]

## ਕੇਲ ਬੇਲ ਤੇਲ ਗੌ ॥੩॥

**ਕੇਲ** = ਨਾਮ, ਭਗਤ ਜਨਾਂ ਦੇ ਹਿਰਦੇ ਵਿਚ; **ਬੇਲ** = ਕਰੁਣਾ, ਮੁਦਤਾ, ਮੈਤ੍ਰੀ, ਅਪੇਖਿਆ ਰੂਪ ਵੇਲਾਂ ਅੰਤਹਕਰਣ ਵਿਚ ਅਤੇ **ਤੇਲ** = ਪ੍ਰੇਮ, ਪ੍ਰੇਮੀਆਂ ਦੇ ਹਿਰਦੇ ਵਿਚ ਸੱਜਦਾ **ਗੌ** = ਕਥਨ ਕਰੀਦਾ ਹੈ।

## ਸੰਤਾਂ ਮਧੇ ਗੋਬਿੰਦੁ ਆਛੈ

ਸੰਤਾਂ ਦੇ ਹਿਰਦੇ ਵਿਚ **ਗੋ** = ਇੰਦ੍ਰੀਆਂ ਦਾ **ਬਿੰਦੁ** = ਪ੍ਰਕਾਸ਼ਕ ਸਾਖੀ ਚੇਤਨ, ਉਨ੍ਹਾਂ ਦੀ ਅਭਾਸ ਬਿਰਤੀ ਵਿਚ ਸਾਖਿਆਤ ਹੋਇਆ ਸੱਜਦਾ ਹੈ। ਵਾ :—**ਆਛੈ** = ਸੁੰਦਰ ਸਰੂਪ ਹੈ। ਯਥਾ :—

੧. *'ਸੁੰਦਰ ਸਰੂਪ ਹੈਂ ਕਿ ਭੂਪਨ ਕੋ ਭੂਪ ਹੈਂ,*
*ਕਿ ਰੂਪ ਹੂੰ ਕੋ ਰੂਪ ਹੈਂ ਕੁਮੱਤ ਕੋ ਪ੍ਰਹਾਰ ਹੈਂ ॥'*
[ਅਕਾਲ ਉਸਤਤਿ, ਅੰਗ—੩੭]

੨. *'ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥*
*ਸੋਹਣੇ ਨਕ ਜਿਨ ਲੰਮੜੇ ਵਾਲਾ ॥*
*ਕੰਚਨ ਕਾਇਆ ਸੁਇਨੇ ਕੀ ਢਾਲਾ ॥*
*ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ ॥*
*ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ ॥'*
[ਵਡਹੰਸੁ ਮਹਲਾ ੧, ਅੰਗ—੫੬੭]

## ਗੋਕਲ ਮਧੇ ਸਿਆਮ ਗੋ ॥

ਜਿਵੇਂ ਸ੍ਰੀ ਕ੍ਰਿਸ਼ਨ ਭਗਵਾਨ ਜੀ ਨੇ ਗੋਕਲ ਵਿਚ ਸੁੰਦਰ ਸਰੂਪ ਧਾਰਿਆ ਸੀ, ਜਿਨ੍ਹਾਂ ਦੇ ਸਰੀਰ ਅਤੇ ਚਿਹਰੇ ਦਾ ਰੰਗ ਕਾਲੀ ਨਾਗ ਨੇ ਫੁੰਕਾਰੇ ਮਾਰ-ਮਾਰ ਕੇ ਸਿਆਮ ਕਰ ਦਿੱਤਾ ਸੀ। ਸਿਆਮ ਰੰਗ ਵਾਲੇ ਕ੍ਰਿਸ਼ਨ ਜੀ ਗੋਕਲ ਵਿਚ ਸੱਜਦੇ ਸਨ।

ਏਸੇ ਤਰ੍ਹਾਂ **ਕਲ** = ਸਮੂਹ **ਗੋ** = ਇੰਦ੍ਰੀਆਂ ਦਾ ਦਮਨ ਕਰਨ ਵਾਲੇ ਜਿਹੜੇ ਪੁਰਖ ਹਨ, ਉਨ੍ਹਾਂ ਦੇ ਹਿਰਦੇ ਵਿਚ **ਸਿਆਮ** = ਤ੍ਰਿਗੁਣੀ (ਰਾਜਸੀ, ਤਾਮਸੀ, ਸਾਂਤਕੀ) ਸਰੂਪ, ਯਥਾ :—

*'ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥'* [ਜਾਪੁ ਸਾਹਿਬ, ਅੰਗ—੧੦]

ਮਾਇਆ ਸਬਲ ਪ੍ਰਮੇਸ਼ਰ ਪ੍ਰਗਟ ਹੋਇਆ ਸੋਭਦਾ **ਗੋ** = ਕਥਨ ਕਰੀਦਾ ਹੈ।

**ਸਿਆਮ** = ਕਾਲਾ ਸਰੂਪ ਧਾਰਨ ਵਾਲਾ ਹੈ, ਜਿਹੋ ਜਿਹੀ ਕੋਈ ਭਾਵਨਾ ਕਰਦਾ ਹੈ, ਉਸੇ ਸਰੂਪ ਵਿਚ ਹੀ ਉਹ ਮਾਇਆ ਸਬਲ ਪ੍ਰਮੇਸ਼ਰ ਪ੍ਰਗਟ ਹੋ ਕੇ ਦਰਸ਼ਨ ਬਖ਼ਸ਼ਦਾ ਹੈ। ਇਉਂ ਸਿਆਮ ਆਦਿਕ ਸਰੂਪ ਵੀ ਆਪਣੀ ਇੱਛਾ ਨਾਲ ਹੀ ਧਾਰਨ ਕਰਨ ਵਾਲਾ ਹੈ। ਯਥਾ :—

*'ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥'*
[ਰਾਗੁ ਗੂਜਰੀ ਵਾਰ ਮਹਲਾ ੫, ਅੰਗ—੫੧੯]

**ਗੋ** = ਇੰਦ੍ਰੀਆਂ ਨੂੰ **ਕਲ** = ਸ਼ਾਂਤੀ ਦੇ ਕੇ ਟਿਕਾਉਣ ਵਾਲੇ, ਜਾਂ **ਗੋ** = ਬਿਰਤੀ ਨੂੰ **ਕਲ** = ਸ਼ਾਂਤ ਕਰਨ ਵਾਲੇ, ਭਾਵ ਇੰਦ੍ਰੀਆਂ ਦਾ ਦਮਨ ਅਤੇ ਬਿਰਤੀ ਦਾ ਨਿਰੋਧ ਕਰਨ ਵਾਲੇ ਜਿਹੜੇ ਪੁਰਖ ਹਨ, ਉਹਨਾਂ ਦੇ ਹਿਰਦੇ ਵਿਚ; ਜੋ ਰਾਜਸੀ, ਤਾਮਸੀ, ਸਾਂਤਕੀ, ਸੁਭਾਵਾਂ ਨੂੰ ਆਪਣੇ ਆਸਰੇ ਧਾਰਨ ਵਾਲਾ, **ਸਿਆਮ** = ਮਾਇਆ ਸਬਲ ਪ੍ਰਮੇਸ਼ਰ ਹੈ, ਉਹ ਸਾਖਿਆਤ ਹੋਇਆ ਸੱਜਦਾ **ਗੋ** = ਕਥਨ ਕਰੀਦਾ ਹੈ।

ਮਹਾਂਪੁਰਖ ਸੰਤ ਗਿਆਨੀ ਸੁੰਦਰ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲੇ ਦੱਸਿਆ ਕਰਦੇ ਸਨ ਕਿ ਜਦੋਂ ਚਿੱਤ ਨੌਂ ਗੋਲਕਾਂ ਤੋਂ ਪੂਰਾ ਉਪਰਾਮ ਹੋ ਜਾਵੇ, ਉਦੋਂ ਮਹਾਰਾਜ ਸਾਹਿਬ ਪ੍ਰਗਟ ਹੋ ਕੇ ਸਾਖਿਆਤ ਦਰਸ਼ਨ ਬਖ਼ਸ਼ਦੇ ਹਨ।

## ਨਾਮੇ ਮਧੇ ਰਾਮੁ ਆਛੈ

ਨਾਮਦੇਵ ਜੀ ਕਥਨ ਕਰਦੇ ਹਨ, ਇਉਂ ਮੇਰੇ ਹਿਰਦੇ ਵਿਚ **ਰਾਮੁ** = *'ਰਮੰਤੀ ਰਾਮ'*, *'ਰਮਣ ਰੂਪ ਤੇ ਰਾਮ ਕਹਾਇਓ'* ਉਹ ਵਿਆਪਕ ਪ੍ਰਮੇਸ਼ਰ ਸੱਜਦਾ ਹੈ।

## ਰਾਮ ਸਿਆਮ ਗੋਬਿੰਦ ਗੋ ॥੪॥੩॥

**ਰਾਮ** = ਜੋ ਨਿਰਗੁਨ ਸਰੂਪ ਹੈ, ਉਹ ਨਾਮਦੇਵ ਦੇ ਹਿਰਦੇ ਵਿਚ; **ਸਿਆਮ** = ਜੋ ਮਾਇਆ ਸਬਲ ਬ੍ਰਹਮ ਹੈ, ਉਹ ਇੰਦ੍ਰੀਆਂ ਦਾ ਦਮਨ ਕਰਨ ਵਾਲੇ ਪੁਰਖਾਂ ਦੇ ਹਿਰਦੇ ਵਿਚ ਅਤੇ **ਗੋਬਿੰਦ** = ਜੋ ਸਾਖੀ ਚੇਤਨ ਹੈ, ਉਹ ਸੰਤਾਂ ਦੇ ਹਿਰਦੇ ਵਿਚ ਸੋਭਦਾ **ਗੋ** = ਕਥਨ ਕਰੀਦਾ ਹੈ। ਯਥਾ :—

*'ਗੋਬਿੰਦ ਗੋਬਿੰਦ ਗੋਬਿੰਦ ਮਈ ॥*
*ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ਰਹਾਉ॥'*

[ਬਿਲਾਵਲੁ ਮਹਲਾ ੫, ਅੰਗ—੮੨੨]

ਇਸ ਲਈ ਆਪਾਂ ਨੂੰ ਐਸੇ ਗੋਬਿੰਦ ਦੇ ਗੁਣ ਗਾਉਣੇ ਚਾਹੀਦੇ ਹਨ। ਯਥਾ :—

*'ਸਾਧੋ ਗੋਬਿੰਦ ਕੇ ਗੁਨ ਗਾਵਉ ॥*
*ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥੧॥ਰਹਾਉ॥'*

[ਗਉੜੀ ਮਹਲਾ ੯, ਅੰਗ—੨੧੯]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੫੧.

### ਤਿਲੰਗ ਮਹਲਾ ੧ ਘਰੁ ੩

### ੧ੴ ਸਤਿਗੁਰ ਪ੍ਰਸਾਦਿ॥ [ਅੰਗ—੭੨੧]

**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥**

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

**ਉਥਾਨਕਾ** :—ਜਦੋਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਲਿਜੁਗੀ ਜੀਵਾਂ ਦਾ ਉਧਾਰ ਕਰਦੇ ਹੋਏ ਨੁਸ਼ਹਿਰੇ ਨਗਰ ਵਿਚ ਪਹੁੰਚੇ ਤਾਂ ਇਕ ਮੁਸਲਮਾਨ ਫ਼ਕੀਰ ਦੇ ਡੇਰੇ ਗਏ, ਜਿਸਦਾ ਨਾਮ ਸਹੁ ਸੁਹਾਗਣ ਸੀ। ਇਹ ਬਹੁਤ ਪਖੰਡੀ ਸੀ, ਇਸਤ੍ਰੀਆਂ ਵਰਗੇ ਬਸਤਰ ਅਤੇ ਟੂਮਾਂ ਪਾਇਆ ਕਰਦਾ ਸੀ, ਮਹਾਰਾਜ ਜੀ ਜਦੋਂ ਇਸਨੂੰ ਸੁਮੱਤ ਬਖ਼ਸ਼ਣ ਵਾਸਤੇ ਇਸਦੇ ਆਸ਼ਰਮ 'ਤੇ ਗਏ ਤਾਂ ਬੜਾ ਭਾਰੀ ਮੇਲਾ ਲੱਗਾ ਹੋਇਆ ਸੀ, ਮਿਲਣ ਲਈ ਮੁਰੀਦਾਂ ਨੂੰ ਕਿਹਾ, ਤਾਂ ਉਹਨਾਂ ਅੱਗੋਂ ਹਜ਼ੂਰ ਨੂੰ ਜੁਆਬ ਦੇ ਦਿੱਤਾ, "ਅੱਜ ਤਾਂ ਸਾਂਈਂ ਜੀ ਨੂੰ ਸਹੁ ਦੀ ਪ੍ਰਾਪਤੀ ਹੋਣੀ ਹੈ, ਉਹ ਨਹੀਂ ਮਿਲ ਸਕਦੇ।" ਸਤਿਗੁਰਾਂ ਕਿਹਾ, "ਚਲੋ ਭਾਈ ਬਾਲਾ ਤੇ ਮਰਦਾਨਾ ਜੀ! ਇਥੇ ਕੁਝ ਨਹੀਂ ਹੈ।" ਬੱਸ! ਸਤਿਗੁਰਾਂ ਦੇ ਪਿੱਠ ਕਰਨ ਦੀ ਹੀ ਦੇਰ ਸੀ ਕਿ ਮੇਲੇ ਵਿਚ ਲੜਾਈ ਹੋ ਪਈ, ਧੱਕਾ ਵੱਜਣ ਕਰਕੇ ਉਸਦੇ ਭੋਰੇ ਦੇ ਤਖ਼ਤੇ ਟੁੱਟ ਗਏ। ਅੰਦਰ ਕੁਕਰਮ ਕਰਦਾ ਵੇਖ ਕੇ ਲੋਕਾਂ ਨੇ ਸਹੁ ਸੁਹਾਗਣ ਨੂੰ ਬੜਾ ਕੁੱਟਿਆ ਅਤੇ ਡੇਰੇ ਦਾ ਸਾਰਾ ਸਾਜ਼ੋ-ਸਮਾਨ ਲੁੱਟ ਲਿਆ, ਅੱਗੋਂ ਵਾਸਤੇ ਮੇਲਾ ਲਗਣੋਂ ਹਟ ਗਿਆ।

ਕੁਝ ਸਮੇਂ ਬਾਅਦ ਸਤਿਗੁਰੂ ਜੀ ਉਸ ਨਗਰ ਵਿਚ ਫਿਰ ਆਏ, ਇਕ ਬ੍ਰਿਧ ਮਾਤਾ ਦੇ ਪ੍ਰੇਮ ਕਰਕੇ ਉਸਦੇ ਘਰ ਠਹਿਰੇ। ਉਥੇ ਇਕ ਰਿੜ੍ਹਦਾ-ਰਿੜ੍ਹਦਾ ਪਿੰਗਲਾ ਆ ਗਿਆ, ਨਮਸਕਾਰ ਕਰਕੇ ਬੇਨਤੀ ਕੀਤੀ, "ਮਹਾਰਾਜ ਜੀ! ਮੇਰੀਆਂ ਲੱਤਾਂ ਨਾ ਹੋਣ ਕਰਕੇ ਮੈਂ ਬਹੁਤ ਦੁਖੀ ਹਾਂ, ਕਿਰਪਾ ਕਰਕੇ ਲੱਤਾਂ ਬਖ਼ਸ਼ੋ।" ਤਾਂ ਸਤਿਗੁਰਾਂ ਨੇ ਮਿਹਰ ਕਰਕੇ ਉਸਦੀਆਂ ਲੱਤਾਂ ਸਾਬਤ ਕਰ ਦਿੱਤੀਆਂ ਅਤੇ ਕਿਹਾ, "ਸਾਡੀ ਉਸਤਤ ਨਾ ਕਰੀਂ, ਪੁੱਛਣ ਤੋਂ ਇਹ ਕਹੀਂ ਕਿ ਮੇਰੀਆਂ ਲੱਤਾਂ ਸਹੁ ਸੁਹਾਗਣ ਨੇ ਸਾਬਤ ਕੀਤੀਆਂ ਹਨ।"

ਜਦ ਸਹੁ ਸੁਹਾਗਣ ਨੂੰ ਪਤਾ ਲੱਗਾ ਤਾਂ ਪੁੱਛਿਆ, "ਤੂੰ ਸੱਚ ਦੱਸ! ਤੇਰੀਆਂ ਲੱਤਾਂ ਕਿਸਨੇ ਸਾਬਤ ਕੀਤੀਆਂ ਹਨ?" ਪਿੰਗਲੇ ਨੇ ਕਿਹਾ, "ਉਸ ਬ੍ਰਿਧ ਮਾਈ ਦੇ ਘਰ ਤਿੰਨ ਸਾਧੂ-ਮਹਾਤਮਾ ਆਏ ਹਨ, ਉਹਨਾਂ ਵਿਚੋਂ ਜਿਹੜੇ ਬਹੁਤੇ ਪ੍ਰਭਾਵਸ਼ਾਲੀ ਚਿਹਰੇ ਵਾਲੇ ਹਨ, ਉਨ੍ਹਾਂ ਨੇ ਠੀਕ ਕੀਤੀਆਂ ਹਨ।" ਤਾਂ ਸਹੁ ਸੁਹਾਗਣ ਨੇ ਜਾ ਕੇ ਸਤਿਗੁਰਾਂ ਦੇ ਚਰਨਾਂ 'ਤੇ

ਨਮਸਕਾਰ ਕੀਤੀ, ਅਨੁਮਾਨ ਨਾਲ ਪਹਿਚਾਨ ਕੇ ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ, ਕਿਹਾ, "ਗ਼ਰੀਬ ਨਿਵਾਜ਼ ਜੀ! ਆਪ ਮੇਰੇ ਡੇਰੇ ਆਏ ਸੀ, ਮੈਂ ਸੇਵਾ ਤਾਂ ਕੀ ਕਰਨੀ ਸੀ, ਮਾੜੇ ਭਾਗਾਂ ਵਾਲਾ ਦਰਸ਼ਨ ਵੀ ਨਾ ਕਰ ਸਕਿਆ! ਜਿਸਦਾ ਫਲ ਮੈਨੂੰ ਇਹ ਮਿਲਿਆ ਕਿ ਮੇਰੀ ਬੜੀ ਨਿਰਾਦਰੀ ਹੋਈ, ਡੇਰਾ ਲੁੱਟਿਆ-ਪੁੱਟਿਆ ਗਿਆ ਅਤੇ ਮੇਲਾ ਲੱਗਣੋਂ ਹਟ ਗਿਆ, ਮਹਾਰਾਜ ਜੀ! ਮੈਂ ਬੜਾ ਪਾਪੀ ਹਾਂ, ਕਿਰਪਾ ਕਰਕੇ ਮੈਨੂੰ ਉਪਦੇਸ਼ ਬਖ਼ਸ਼ੋ, ਜਿਸ ਨਾਲ ਮੇਰਾ ਉਧਾਰ ਹੋਵੇ।" ਤਾਂ ਸਤਿਗੁਰਾਂ ਨੇ ਇਸ ਸ਼ਬਦ ਦੁਆਰਾ ਉਸਨੂੰ ਉਪਦੇਸ਼ ਬਖ਼ਸ਼ਿਆ :—

**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥**

ਹੇ ਪਿਆਰੇ! ਇਸ ਸੂਖਮ ਤਨੁ = ਸਰੀਰ, ਭਾਵ ਮਨ ਨੂੰ ਮਾਇਆ ਰੂਪ ਪਾਹ ਲੱਗ ਰਹੀ ਹੈ, ਤੇ ਇਸ ਜੀਵ ਨੇ ਆਪਣੇ ਮਨ ਰੂਪ ਚੋਲੇ ਨੂੰ ਲਬ ਰੂਪ ਰੰਗ ਵਿਚ ਰੰਗਾ ਲਿਆ ਹੈ।

ਜਿਸ ਤਰ੍ਹਾਂ ਕੱਪੜੇ ਨੂੰ ਕਿੱਕਰ ਆਦਿਕ ਦੇ ਸੱਕ ਪਾ ਕੇ, ਪਾਹ ਦੇ ਕੇ ਰੰਗ ਚਾੜ੍ਹੀਦਾ ਹੈ, ਫਿਰ ਉਹ ਉਤਰਦਾ ਨਹੀਂ ਹੈ, ਐਸੇ ਹੀ ਮਨ ਨੂੰ ਮਾਇਆ ਦਾ ਮੋਹ ਰੂਪ ਪਾਹ ਚੜ੍ਹਿਆ ਹੋਇਆ ਹੈ, ਜੋ ਯਤਨ ਕਰਨ 'ਤੇ ਵੀ ਨਹੀਂ ਲਹਿੰਦਾ।

**ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥**

ਹੇ ਪਿਆਰੇ! ਇਸ ਤਰ੍ਹਾਂ ਦਾ ਚੋਲਾ ਮੇਰੇ ਪਤੀ ਨੂੰ ਭਾਂਵਦਾ ਨਹੀਂ ਹੈ, ਇਸ ਲਈ ਇਹ ਜੀਵ ਰੂਪ ਇਸਤ੍ਰੀ ਅੰਤਰ-ਮੁਖ ਬਿਰਤੀ ਕਰਨੇ ਰੂਪ ਸੇਜਾ 'ਤੇ ਕਿਵੇਂ ਜਾ ਸਕਦੀ ਹੈ?

ਜਿਹੜੀ ਇਸਤ੍ਰੀ ਪਤੀ ਦੀ ਆਗਿਆਕਾਰੀ ਨਹੀਂ, ਉਹ ਪਤੀ ਦੀ ਸੇਜਾ ਦਾ ਅਨੰਦ ਨਹੀਂ ਮਾਣ ਸਕਦੀ, ਸਦਾ ਵਾਸਤੇ ਛੁੱਟੜ ਰਹਿੰਦੀ ਹੈ। ਯਥਾ :—

*'ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥*
*ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥'*

[ਸਿਰੀ ਰਾਗੁ ਮਹਲਾ ੧, ਅੰਗ—...

ਫਿਰ ਇਹ ਜੀਵ ਰੂਪ ਇਸਤ੍ਰੀ ਅੰਤਹਕਰਣ ਰੂਪ ਸੇਜਾ 'ਤੇ ਕਿਵੇਂ ਜਾਵੇ, ਭਾਵ ਕਿਵੇਂ ਅਭੇਦਤਾ ਪ੍ਰਾਪਤ ਕਰੇ? ਮਨ, ਬੁੱਧ, ਚਿੱਤ, ਅਹੰਕਾਰ ਪਾਵੇ ਹਨ, ਬਿਰਤੀਆਂ ਰੂਪ ਬਾਹੀਆਂ ਅਤੇ ਸੇਰਵੇ ਹਨ, ਪ੍ਰੇਮ ਰੂਪ ਵਾਣ ਨਾਲ ਬੁਣੇ, ਉੱਪਰ ਤੁਲਤਾ ਦੀ ਤਲਾਈ, ਸਮਤਾ ਦੀ ਵਿਛਾਈ ਵਿਛਾਵੇ, ਮਹਾਂਵਾਕਾਂ ਰੂਪ ਸੇਜਬੰਦ ਬੰਨ੍ਹੇ, ਵਿਸ਼ਿਆਂ ਦਾ ਤਿਆਗ ਰੂਪ ਫੁੱਲ ਧਰੇ, ਸਤ, ਸੰਤੋਖ ਆਦਿਕ ਸ਼ੁਭ ਗੁਣਾਂ ਰੂਪ ਤੋਤੇ ਲਟਕਾਵੇ, ਗੁਰ-ਸ਼ਬਦ ਰੂਪ ਦੀਵੇ ਦਾ ਪ੍ਰਕਾਸ਼ ਕਰੇ। ਯਥਾ :—

*'ਸਤਿਗੁਰ ਸਬਦਿ ਉਜਾਰੋ ਦੀਪਾ ॥*
*ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ਰਹਾਉ॥'*
[ਰਾਗੁ ਬਿਲਾਵਲੁ ਮਹਲਾ ੫, ਅੰਗ—੮੨੧]

ਅਤੇ ਇਉਂ ਬੇਨਤੀਆਂ ਕਰੇ :—

*'ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥*
*ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥'*
[ਰਾਗੁ ਸੂਹੀ ਮਹਲਾ ੧, ਅੰਗ—੭੬੪]

ਫਿਰ ਵਾਹਿਗੁਰੂ ਰੂਪ ਪਤੀ ਇਸਦੀ ਅੰਤਹਕਰਣ ਰੂਪ ਸੇਜਾ 'ਤੇ ਦਰਸ਼ਨ ਬਖ਼ਸ਼ੇਗਾ, ਭਾਵ ਸਾਖਿਆਤਕਾਰ ਹੋਵੇਗਾ। ਪਰ ਜੀਵ ਰੂਪ ਇਸਤ੍ਰੀ ਦੇ ਮਨ ਰੂਪ ਬਸਤਰ ਨੂੰ ਮਾਇਆ ਦਾ ਮੋਹ ਰੂਪ ਰੰਗ ਚੜ੍ਹਿਆ ਹੋਇਆ ਹੈ, ਇਸ ਕਰਕੇ ਪ੍ਰਮੇਸ਼ਰ ਰੂਪ ਪਤੀ ਅੰਤਹਕਰਣ ਰੂਪ ਸੇਜਾ 'ਤੇ ਨਹੀਂ ਆਉਂਦਾ, ਭਾਵ ਸਾਖਿਆਤਕਾਰ ਨਹੀਂ ਹੁੰਦਾ। ਪਰ ਜਿਹੜੀਆਂ ਇਸਤ੍ਰੀਆਂ ਪਤੀ ਦੀਆਂ ਆਗਿਆਕਾਰ ਹਨ, ਉਹਨਾਂ ਦੀ ਰਸਨਾਂ ਵਿਚ ਤਾਕਤ ਹੋ ਜਾਂਦੀ ਹੈ।*

## ਸਾਖੀ : ਸੁੱਕਾ ਬੋਹੜ ਹਰਾ ਹੋਣ ਦੀ

ਇਕ ਦਿਨ ਸ੍ਰੀ ਕਲਗੀਧਰ ਜੀ ਨੇ ਦੀਵਾਨ ਵਿਚ ਪੁੱਛਿਆ, "ਕੋਈ ਐਸੀ ਬੀਬੀ ਹੈ ? ਜਿਸਨੇ ਆਪਣੇ ਪਤੀ ਦਾ ਕਦੇ ਵੀ ਮੂੰਹ ਨਾ ਫਿਟਕਾਰਿਆ ਹੋਵੇ।" ਤਾਂ ਸਭ ਮਾਈਆਂ ਬੀਬੀਆਂ ਸੰਕੋਚ ਕਰ ਗਈਆਂ। ਇਕ ਬੀਬੀ ਨੇ ਖੜ੍ਹੀ ਹੋ ਕੇ ਕਿਹਾ, "ਗ਼ਰੀਬ ਨਿਵਾਜ ਜੀ ! ਮੈਂ ਕਦੇ ਵੀ ਆਪਣੇ ਪਤੀ ਦਾ ਮੂੰਹ ਨਹੀਂ ਫਿਟਕਾਰਿਆ, ਸਦਾ ਹੀ ਸਤਿਕਾਰ ਕਰਦੀ ਹਾਂ।"

ਸਤਿਗੁਰਾਂ ਦੇ ਪੁੱਛਣ 'ਤੇ ਸਾਰੀ ਵਾਰਤਾ ਦੱਸੀ ਕਿ ਅਸੀਂ ਸੱਤ ਭੈਣਾਂ ਸਾਂ, ਭਰਾ ਕੋਈ ਨਹੀਂ ਸੀ, ਪਰ ਜਾਇਦਾਦ ਬਹੁਤ ਸੀ, ਸਾਡੇ ਪਿਤਾ ਜੀ ਦੇ ਚੜ੍ਹਾਈ ਕਰਨ ਤੋਂ ਮਗਰੋਂ ਹਾਕਮਾਂ ਨੇ ਸਭ ਕੁਝ ਜ਼ਬਤ ਕਰ ਲਿਆ ਅਤੇ ਮੇਰੀ ਮਾਤਾ ਦੇ ਬੱਚਾ ਪੈਦਾ ਹੋਣ ਵਾਲਾ ਸੀ। ਹਾਕਮਾਂ ਨੇ ਕਿਹਾ ਕਿ ਜੇਕਰ ਇਸਦੇ ਪੇਟੋਂ ਪੁੱਤਰ ਪੈਦਾ ਹੋਇਆ ਤਾਂ ਸਭ ਜਾਇਦਾਦ ਅਤੇ ਮਕਾਨ ਆਦਿ ਇਨ੍ਹਾਂ ਦੇ ਹੋਣਗੇ। ਪ੍ਰਮੇਸ਼ਰ ਨੇ ਕਿਰਪਾ ਕੀਤੀ, ਲੜਕਾ ਹੀ ਪੈਦਾ ਹੋਇਆ ਤਾਂ ਝੱਟ ਮਕਾਨਾਂ ਦੇ ਲੱਗੇ ਹੋਏ ਜੰਦਰੇ ਖੁੱਲ੍ਹ ਗਏ। ਜੋ ਅਸੀਂ ਕਿਸੇ ਦੇ ਘਰ ਵਿਚ ਦਿਨ ਕੱਟਦੀਆਂ ਸਾਂ ਅਤੇ ਮਿਹਨਤ ਮਜ਼ਦੂਰੀ ਕਰਕੇ ਗੁਜ਼ਾਰਾ ਕਰਦੀਆਂ ਸਾਂ, ਜਦੋਂ ਸਾਡਾ ਭਰਾ ਪੈਦਾ ਹੋਇਆ

* ਇਥੇ ਬਾਬਾ ਫ਼ਰੀਦ ਜੀ ਵਾਲੀ ਸਾਖੀ ਲਾਉ ਜੀ। ਜਿਸ ਵਿਚ ਚਿੜੀਆਂ ਮਾਰ ਕੇ ਜਿਉਂਦੀਆਂ ਕਰਨੀਆਂ ਅਤੇ ਪਤੀਬ੍ਰਤਾ ਗਿਆਨਵਾਨ ਇਸਤ੍ਰੀ ਤੋਂ ਪਾਣੀ ਮੰਗਣਾ।

ਤਾਂ ਸਾਡਾ ਸਾਰਾ ਮਾਲ-ਸਮਾਨ ਵਾਪਸ ਆ ਗਿਆ, ਮੈਂ ਉਦੋਂ ਤੋਂ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਮੈਂ ਕਦੇ ਵੀ ਮਰਦ ਦਾ ਮੂੰਹ ਨਹੀਂ ਫਿਟਕਾਰਾਂਗੀ। ਇਹ ਸੁਣ ਕੇ ਸਤਿਗੁਰਾਂ ਨੇ ਬੀਬੀ ਨੂੰ ਪਤੀਬ੍ਰਤਾ ਧਰਮ ਦੀ ਮਹਾਨਤਾ ਦਿਖਾਉਣ ਲਈ ਕਿਹਾ ਕਿ ਜੋ ਕੇਸਗੜ੍ਹ ਦੇ ਸਾਹਮਣੇ ਸੁੱਕਾ ਹੋਇਆ ਬੋਹੜ ਹੈ, ਉਸ ਹੇਠਾਂ ਪਰਦਾ ਕਰਕੇ ਇਸ਼ਨਾਨ ਕਰ! ਇਸ਼ਨਾਨ ਕਰਨ 'ਤੇ ਉਹ ਬੋਹੜ ਹਰਾ ਹੋ ਗਿਆ ਸੀ।

## ਸਾਖੀ : ਸੂਰਜ ਚੜ੍ਹੇਗਾ ਹੀ ਨਹੀਂ!

ਇਕ ਬੀਬੀ ਪਿੰਗਲੇ ਪਤੀ ਨੂੰ ਖਾਰੀ ਵਿਚ ਪਾ ਕੇ ਹਨੇਰੇ ਵਿਚ ਲਈ ਜਾ ਰਹੀ ਸੀ। ਇਕ ਰਿਖੀ, ਜਿਸਨੂੰ ਸੂਲੀ 'ਤੇ ਟੰਗਿਆ ਹੋਇਆ ਸੀ, ਖਾਰੀ ਨਾਲ ਲੱਗਣ ਕਰਕੇ ਉਸਨੂੰ ਤਕਲੀਫ ਹੋਈ ਤਾਂ ਵੇਖ ਕੇ ਉਸਨੇ ਸਰਾਪ ਦੇ ਦਿੱਤਾ ਕਿ ਤੇਰਾ ਪਤੀ ਸੂਰਜ ਚੜ੍ਹਦੇ ਤੱਕ ਮਰ ਜਾਵੇਗਾ। ਇਹ ਸੁਣ ਕੇ ਬੀਬੀ ਨੂੰ ਦੁਖ ਹੋਇਆ ਤਾਂ ਕਿਹਾ, "ਸੂਰਜ ਚੜ੍ਹੇਗਾ ਹੀ ਨਹੀਂ!" ਜਦ ਸੂਰਜ ਨਾ ਚੜ੍ਹਿਆ ਤਾਂ ਸਾਰੀ ਦੁਨੀਆਂ ਦੁਖੀ ਹੋ ਗਈ, ਅਖ਼ੀਰ ਦੇਵਤੇ ਬ੍ਰਹਮਾ ਪਾਸ ਗਏ ਕਿ ਸੂਰਜ ਨਹੀਂ ਚੜ੍ਹਦਾ ਪਤਾ ਕਰੋ, ਪਤਾ ਲੱਗਾ ਕਿ ਇਕ ਪਤੀਬ੍ਰਤਾ ਬੀਬੀ ਨੇ ਬਚਨ ਕਰਕੇ ਰੋਕਿਆ ਹੋਇਆ ਹੈ, ਬੀਬੀ ਨੂੰ ਬੇਨਤੀ ਕੀਤੀ ਕਿ ਸੂਰਜ ਨੂੰ ਚੜ੍ਹਨ ਦੇਹ। ਉਸ ਬੀਬੀ ਨੇ ਕਿਹਾ, "ਮੇਰਾ ਪਤੀ ਸੂਰਜ ਚੜ੍ਹਨ 'ਤੇ ਮਰ ਜਾਵੇਗਾ।" ਤਾਂ ਦੇਵਤਿਆਂ ਨੇ ਕਿਹਾ, "ਅਸੀਂ ਜ਼ਿੰਦਾ ਕਰ ਦੇਵਾਂਗੇ।" ਫਿਰ ਬਾਰ੍ਹਾਂ ਦਿਨਾਂ ਬਾਅਦ ਸੂਰਜ ਚੜ੍ਹਿਆ ਤਾਂ ਰਿਖੀ ਦੇ ਸਰਾਪ ਕਰਕੇ ਬੀਬੀ ਦਾ ਪਤੀ ਮਰ ਗਿਆ, ਜੋ ਫਿਰ ਦੇਵਤਿਆਂ ਨੇ ਜਿਊਂਦਾ ਕਰ ਦਿੱਤਾ।

ਇਸੇ ਤਰ੍ਹਾਂ ਜਲੰਧਰ ਦੈਂਤ ਦੇ ਘਰ ਵਾਲੀ ਬ੍ਰਿੰਦਾ ਰਾਖਸ਼ਣੀ ਦੇ ਪਤੀਬ੍ਰਤਾ ਧਰਮ ਵਿਚ ਪ੍ਰਪੱਕ ਹੋਣ ਕਰਕੇ ਸਾਰੇ ਦੇਵਤੇ ਜਲੰਧਰ ਦੈਂਤ ਨੂੰ ਨਹੀਂ ਸੀ ਜਿੱਤ ਸਕੇ।

## ਸਾਖੀ : ਮਾਈ ਸੇਵਾਂ ਦੀ

ਇਕ ਕਾਬਲ ਦੀ ਬੀਬੀ, ਜਿਸਦਾ ਨਾਮ ਮਾਈ ਸੇਵਾਂ ਪ੍ਰਸਿੱਧ ਹੈ, ਜਿਸਦੇ ਨਾਮ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਾਈ ਸੇਵਾਂ ਬਜ਼ਾਰ ਬਣਿਆ ਹੋਇਆ ਹੈ।

ਜਦੋਂ ਸ੍ਰੀ ਗੋਇੰਦਵਾਲ ਸਾਹਿਬ ਵਿਚ ਗੁਰੂ ਸਾਹਿਬ ਜੀ ਚੁਰਾਸੀ ਕੱਟਣ ਲਈ ਚੁਰਾਸੀ ਪੌੜੀਆਂ ਵਾਲੀ ਬਾਉਲੀ ਸਾਹਿਬ ਤਿਆਰ ਕਰ ਰਹੇ ਸਨ, ਉਸ ਵੇਲੇ ਇਹ ਮਾਈ ਆ ਕੇ ਸੇਵਾ ਕਰਿਆ ਕਰਦੀ ਸੀ, ਸੇਵਾ ਕਰਨ ਵੇਲੇ ਰੋਜ਼ ਪ੍ਰਗਟ ਹੋ ਜਾਇਆ ਕਰੇ ਅਤੇ ਦਿਨ

ਛਿਪਦੇ ਨਾਲ ਗੁਪਤ ਹੋ ਜਾਇਆ ਕਰੇ। ਸੇਵਾ ਕਰਦੀ ਹੋਈ ਟੋਕਰੀ ਨੂੰ ਇਸ ਤਰ੍ਹਾਂ ਝੂਟੇ ਦੇਵੇ, ਜਿਵੇਂ ਪੰਘੂੜੇ ਨੂੰ ਹਲੂਣਾ ਦੇਈਦਾ ਹੈ, ਤਾਂ ਸਿੱਖਾਂ ਨੇ ਪੁੱਛਿਆ, "ਮਹਾਰਾਜ ਜੀ! ਇਹ ਬੀਬੀ ਕੌਣ ਹੈ, ਜੋ ਰਾਤ ਨੂੰ ਗੁਪਤ ਹੋ ਜਾਂਦੀ ਹੈ ਅਤੇ ਸਵੇਰੇ ਪ੍ਰਗਟ ਹੋ ਜਾਂਦੀ ਹੈ?" ਸ੍ਰੀ ਗੁਰੂ ਅਮਰਦਾਸ ਜੀ ਨੇ ਪਤੀਬ੍ਰਤਾ ਧਰਮ ਦੀ ਮਹਾਨਤਾ ਦਿਖਾਉਣ ਲਈ ਉਸ ਬੀਬੀ ਨੂੰ ਆਪਣੀ ਹਜ਼ੂਰੀ ਵਿਚ ਬੁਲਾ ਕੇ ਪੁੱਛਿਆ, "ਬੀਬੀ! ਤੂੰ ਕਿਥੋਂ ਆਈ ਹੈਂ?" ਉਸਨੇ ਕਿਹਾ, "ਮਹਾਰਾਜ ਜੀ! ਮੈਂ ਕਾਬਲ ਤੋਂ ਆਉਂਦੀ ਹਾਂ, ਮੇਰਾ ਪਤੀ ਆਪ ਜੀ ਦਾ ਸਿੱਖ ਹੈ, ਉਸਦੀ ਆਗਿਆ ਨਾਲ ਮੈਂ ਹਰ ਰੋਜ਼ ਸੇਵਾ ਕਰਨ ਵਾਸਤੇ ਸਵੇਰੇ ਆਉਂਦੀ ਹਾਂ, ਅਤੇ ਸ਼ਾਮ ਨੂੰ ਘਰ ਪਹੁੰਚ ਜਾਂਦੀ ਹਾਂ।" ਗੁਰੂ ਜੀ ਨੇ ਕਿਹਾ, "ਬੀਬੀ! ਇਤਨੀ ਤਾਕਤ ਤੈਨੂੰ ਕਿਥੋਂ ਮਿਲੀ ਹੈ? ਕਿਹਾ, "ਮਹਾਰਾਜ ਜੀ! ਮੈਂ ਪਤੀਬ੍ਰਤਾ ਧਰਮ ਵਿਚ ਪ੍ਰਪੱਕ ਰਹਿੰਦੀ ਹਾਂ ਅਤੇ ਆਪ ਜੀ ਦੀ ਸਿੱਖੀ ਕਮਾਉਂਦੀ ਹਾਂ, ਨਾਮ ਜਪਦੀ ਹਾਂ, ਬਾਣੀ ਪੜ੍ਹਦੀ ਹਾਂ।"

ਫਿਰ ਹਜ਼ੂਰ ਨੇ ਟੋਕਰੀ ਹਿਲਾਉਣ ਦਾ ਕਾਰਨ ਪੁੱਛਿਆ। ਤਾਂ ਬੀਬੀ ਨੇ ਕਿਹਾ, "ਮਹਾਰਾਜ ਜੀ! ਮੇਰਾ ਜੋ ਛੋਟਾ ਗੋਦੀ ਦਾ ਬੱਚਾ ਹੈ, ਮੈਂ ਸੋਚਿਆ ਕਿ ਬੱਚੇ ਨੇ ਸੇਵਾ ਨਹੀਂ ਕਰਨ ਦੇਣੀ, ਇਸ ਕਰਕੇ ਉਸਨੂੰ ਪੰਘੂੜੇ ਵਿਚ ਲਿਟਾ ਆਉਂਦੀ ਹਾਂ, ਜਦੋਂ ਉਹ ਬੱਚਾ ਰੋਂਦਾ ਹੈ ਤਾਂ ਮੈਨੂੰ ਇਥੋਂ ਪਤਾ ਲੱਗ ਜਾਂਦਾ ਹੈ ਅਤੇ ਮੈਂ ਟੋਕਰੀ ਰਾਹੀਂ ਪੰਘੂੜੇ ਨੂੰ ਹਲੂਣਾ ਦੇ ਕੇ ਬੱਚੇ ਨੂੰ ਵਰਾ ਲੈਂਦੀ ਹਾਂ। ਸਤਿਗੁਰੂ ਜੀ! ਇਤਨੀ ਤਾਕਤ ਮੈਨੂੰ ਆਪ ਜੀ ਦੀ ਸਿੱਖੀ ਕਮਾਉਣ ਨਾਲ ਅਤੇ ਪਤੀਬ੍ਰਤਾ ਧਰਮ ਵਿਚ ਪ੍ਰਪੱਕ ਰਹਿਣ ਨਾਲ ਪ੍ਰਾਪਤ ਹੋ ਆਈ ਹੈ।"

ਇਸੇ ਤਰ੍ਹਾਂ ਬੀਬੀ ਰਜਨੀ (ਰਾਜ ਕੌਰ) ਨੇ ਪਤੀਬ੍ਰਤਾ ਧਰਮ ਵਿਚ ਪ੍ਰਪੱਕ ਰਹਿ ਕੇ ਪਤੀ ਦਾ ਕੋੜ੍ਹ ਵੀ ਦੂਰ ਕਰਾ ਲਿਆ ਅਤੇ ਰਾਜ-ਭਾਗ ਵੀ ਪ੍ਰਾਪਤ ਕਰ ਲਿਆ।*

ਤਾਂ ਹੀ ਪਤੀਬ੍ਰਤਾ ਇਸਤ੍ਰੀ ਨੂੰ ਸਤਿਗੁਰਾਂ ਧੰਨ ਕਿਹਾ ਹੈ:—

*'ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ॥*
*ਧੰਨੁ ਸਤੀ ਦਰਗਹ ਪਰਵਾਨਿਆ॥੪॥'* [ਗਉੜੀ ਮਹਲਾ ੫, ਅੰਗ—੧੮੫]

ਪ੍ਰਮੇਸ਼ਰ ਅੱਗੇ ਇਸ ਤਰ੍ਹਾਂ ਬੇਨਤੀਆਂ ਕਰੀਏ:—

## ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥

ਹੇ ਮਿਹਰਵਾਨ! ਮੈਂ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ ਮਨ ਕਰਕੇ, ਮੈਂ ਆਪ ਜੀ ਤੋਂ ਬਲਿਹਾਰ ਜਾਂਦਾ ਹਾਂ ਬਾਣੀ ਕਰਕੇ।

---

* ਵਿਸਥਾਰ ਸਹਿਤ ਇਹ ਸਾਖੀ ਇਸ ਪੋਥੀ ਦੇ ੩੫੯ ਪੰਨੇ ਤੋਂ ਪੜ੍ਹੋ ਜੀ।

**ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥**

ਜਿਹੜੇ ਆਪ ਜੀ ਦਾ ਨਾਉਂ ਉਚਾਰਦੇ ਹਨ, ਮੈਂ ਤਿਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ ਸਰੀਰ ਕਰਕੇ।

**ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ਰਹਾਉ॥**

ਜਿਹੜੇ ਆਪ ਜੀ ਦਾ ਨਾਮ ਜਪਦੇ ਹਨ, ਮੈਂ ਤਿਨ੍ਹਾਂ ਤੋਂ ਸੈਂਕੜੇ ਵਾਰ, ਵਾ :—ਸਦਾ ਬਲਿਹਾਰ ਜਾਂਦਾ ਹਾਂ। **ਰਹਾਉ** = ਅਸਥਾਈ, ਟੇਕ, ਧਾਰਨਾ, ਸਨਾਭੀ ਟੀਕਾ।

**ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥**

(ੳ) ਹੇ ਪਿਆਰੇ! ਜੇਕਰ **ਕਾਇਆ** = ਸੁੱਧ ਬੁਧੀ **ਰੰਙਣਿ** = ਮੱਟੀ ਹੋ ਜਾਵੇ ਅਤੇ ਇਸ ਵਿਚ ਨਾਮ-ਭਗਤੀ ਰੂਪ ਮਜੀਠੀ ਰੰਗ ਪਾ ਦੇਈਏ।

(ਅ) ਹੇ ਪਿਆਰੇ! ਜੇ ਤੂੰ ਬੁੱਧੀ ਨੂੰ ਰੰਗਣਾ ਚਾਹੁੰਦਾ ਹੈਂ ਤਾਂ ਭਗਤੀ ਰੂਪ ਮਜੀਠੀ ਰੰਗ ਪਾ, ਜੋ ਪੱਕਾ ਹੈ ਅਤੇ ਕਦੇ ਵੀ ਨਹੀਂ ਉਤਰਦਾ। ਯਥਾ :—

*'ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ ॥੩॥'*

[ਮਾਲੀਗਉੜਾ ਮਹਲਾ ੪, ਅੰਗ—੯੮੫]

**ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥**

ਜੇਕਰ ਰੰਗਣ ਵਾਲੇ ਗੁਰੂ ਸਾਹਿਬ ਜੀ ਰੂਪ ਲਲਾਰੀ ਅੰਤਹਕਰਣ ਰੂਪ ਕੱਪੜੇ ਨੂੰ ਇਸ ਰੰਗ ਵਿਚ ਰੰਗ ਦੇਣ ਤਾਂ ਅਜਿਹਾ ਰੰਗ ਚੜ੍ਹਦਾ ਹੈ, ਜੋ ਅੱਗੇ ਕਦੇ ਵੇਖਿਆ ਵੀ ਨਾ ਹੋਵੇ ॥੨॥

**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥**

ਹੇ ਪਿਆਰੇ! ਜਿੰਨ੍ਹਾਂ ਦੇ ਅੰਤਹਕਰਣ ਰੂਪ ਚੋਲੇ ਪਿਆਰੇ ਪ੍ਰਭੂ ਦੇ ਨਾਮ-ਰੰਗ ਵਿਚ ਰੰਗੇ ਗਏ ਹਨ, **ਕੰਤੁ** = ਪਤੀ-ਪ੍ਰਮਾਤਮਾ ਉਹਨਾਂ ਦੇ ਕੋਲ ਵੱਸਦਾ ਹੈ। ਯਥਾ :—

੧. *'ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥੧॥'*

[ਧਨਾਸਰੀ ਮਹਲਾ ੫, ਅੰਗ—੬੭੭]

੨. *'ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ,*
*ਹਰਿ ਰੂਪੁ ਨਦਰੀ ਆਇਆ ॥'* [ਰਾਮਕਲੀ ਮਹਲਾ ੩ ਅਨੰਦੁ, ਅੰਗ—੯੨੨]

੩. 'ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ਰਹਾਉ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥'
[ਆਸਾ ਨਾਮਦੇਵ ਜੀ, ਅੰਗ—੪੮੫]

੪. 'ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ ॥
ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥'
[ਸਿਰੀ ਰਾਗੁ ਮਹਲਾ ੫, ਅੰਗ—੫੧]

੫. 'ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ ॥
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ ॥' [ਦਸਮ, ਅੰਗ—੨੬]

੬. 'ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥'
[ਥਿਤੀ ਗਉੜੀ ਮਹਲਾ ੫, ਅੰਗ—੨੯੬]

੭. 'ਸਰਬੀ ਰੰਗੀ ਰੂਪੀ ਤੂੰ ਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥'
[ਆਸਾ ਮਹਲਾ ੧, ਅੰਗ—੩੫੫]

੮. 'ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥'
[ਤਿਲੰਗ ਮਹਲਾ ੧, ਅੰਗ—੭੨੪]

੯. 'ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥'
[ਆਸਾ ਮਹਲਾ ੧, ਅੰਗ—੩੫੦]

੧੦. 'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥'
[ਬਿਲਾਵਲੁ ਮਹਲਾ ੫, ਅੰਗ—੮੪੬]

**ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥**

ਗੁਰੂ ਜੀ ਕਥਨ ਕਰਦੇ ਹਨ, ਮੈਂ ਨਾਨਕ ਦੀ ਏਹੋ ਅਰਦਾਸ (ਬੇਨਤੀ) ਹੈ, ਜੇਕਰ ਉਹਨਾਂ ਦੀ ਚਰਨ ਧੂੜ **ਜੀ** ਕਹੁ = ਜੀਅ ਨੂੰ ਮਿਲ ਜਾਵੇ ਤਾਂ ਕਲਿਆਣ ਹੁੰਦੀ ਹੈ ॥੩॥

ਨਾਮ ਜਪਣ ਵਾਲਿਆਂ ਗੁਰਮੁਖਾਂ ਦੀ ਚਰਨ-ਧੂੜੀ ਮਾੜੇ ਲੇਖ ਮੇਟ ਦਿੰਦੀ ਹੈ। ਜਿਵੇਂ ਭਾਈ ਸੁਬੇਗ ਸਿੰਘ ਜੀ ਨੇ ਆਪਣੀ ਚਰਨ-ਧੂੜੀ ਨਾਲ ਆਪਣੇ ਪੁੱਤਰ ਸ਼ਾਹਬਾਜ਼ ਸਿੰਘ

ਦਾ ਮੁਸਲਮਾਨ ਬਣਨ ਦਾ ਮਾੜਾ ਲੇਖ ਮੇਟ ਦਿੱਤਾ ਸੀ। ਯਥਾ :—

੧. *'ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥'*

[ਆਸਾ ਦੀ ਵਾਰ ਮਃ ੧, ਅੰਗ—੪੬੮]

੨. *'ਖਾਕੁ ਸੰਤਨ ਕੀ ਦੇਹੁ ਪਿਆਰੇ ॥ ਆਇ ਪਇਆ ਹਰਿ ਤੇਰੈ ਦੁਆਰੈ ॥'*

[ਮਾਝ ਮਹਲਾ ੫, ਅੰਗ—੯੮]

੩. *'ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕੁ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ ॥੪॥੫॥'*

[ਰਾਗੁ ਗਉੜੀ ਪੂਰਬੀ ਮਹਲਾ ੫, ਅੰਗ—੧੩]

੪. *'ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥*
*ਕਰਉ ਬਿਨੰਤੀ ਮਾਨੁ ਤਿਆਗਉ ॥*
*ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥੧॥'*

[ਮਾਝ ਮਹਲਾ ੫, ਅੰਗ—੯੯]

੫. *'ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ ਜਿਨ ਸਤਿਗੁਰੁ ਪੂਰਾ ਧਿਆਇਆ ॥*
*ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ ਜਿਨੀ ਰਾਮ ਨਾਮਿ ਚਿਤੁ ਲਾਇਆ ॥'*

[ਭੈਰਉ ਮਹਲਾ ੩, ਅੰਗ—੧੧੩੧]

੬. *'ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥ ਧੂਰਿ ਸੰਤਨ ਕੀ ਨਾਨਕ ਦੀਜੈ ॥'*

[ਗਉੜੀ ਮਹਲਾ ੫ ਗੁਆਰੇਰੀ, ਅੰਗ—੧੮੧]

੭. *'ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥'*

[ਮਾਝ ਮਹਲਾ ੫, ਅੰਗ—੧੩੫]

੮. *'ਡਖਣਾ ॥ ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥*
*ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥੧॥'*

[ਸਿਰੀ ਰਾਗੁ ਮਹਲਾ ੫, ਅੰਗ—੮੦]

੯. *'ਚੁ ਸੁਰਮਹ ਦੀਦਹ ਕੁਨੀ ਖਾਕਿ ਮੁਰਸ਼ਦ ਐ ਗੋਯਾ ॥*
*ਜਮਾਲੇ ਹੱਕ ਨਿਗਾਹ ਬਾ ਤੋ ਤੂਤੀਆ ਚਿ ਕੁਨਦ ॥'*

[ਭਾਈ ਨੰਦ ਲਾਲ ਜੀ, ਗ਼ਜ਼ਲ—

ਅਰਥ :—**ਗੋਯਾ** = ਭਾਈ ਨੰਦ ਲਾਲ ਜੀ ਕਥਨ ਕਰਦੇ ਹਨ—ਹੇ ਪੁਰਸ਼ਾ! ਜੇਕਰ ਤੂੰ **ਮੁਰਸ਼ਦ** = ਗੁਰਾਂ ਦੇ ਚਰਨਾਂ ਦੀ **ਖ਼ਾਕਿ** = ਧੂੜ ਨੂੰ ਆਪਣੀਆਂ **ਦੀਦਹ** = ਅੱਖੀਆਂ ਦਾ ਸੁਰਮਾ **ਕੁਨੀ** = ਕਰੇਂ, ਤਾਂ ਤੂੰ **ਹੱਕ** + **ਜਮਾਲੇ** = ਸੱਚੇ ਪ੍ਰਭੂ ਦੇ ਸਰੂਪ ਨੂੰ **ਨਿਗਾਹ** = ਵੇਖੇਂਗਾ, ਫਿਰ ਤੈਨੂੰ **ਤੂਤੀਆ** = ਮਮੀਰੇ* ਦੀ ਕੀ ਲੋੜ ਰਹੇਗੀ।

**ਪੰਜਾਬੀ ਉਲੱਥਾ :—** *'ਚਰਨ ਧੂੜ ਦਾ ਸੁਰਮਾ ਜੇਕਰ ਵਿਚ ਨੈਣਾਂ ਦੇ ਪਾਵੇਂ ਤੂੰ।*
*ਲੋੜ ਨ ਹੋਰ ਮਮੀਰੇ ਸੰਦੀ ਦਰਸ ਗੁਰੂ ਦਾ ਮਾਣੇ ਤੂੰ।'*

## ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥

(ੳ) ਉਹ ਪ੍ਰਭੂ ਆਪ ਹੀ ਜੀਵਾਂ ਨੂੰ **ਸਾਜੇ** = ਉਤਪਤ ਕਰਦਾ ਹੈ, ਆਪ ਹੀ ਕਿਰਪਾ-ਦ੍ਰਿਸ਼ਟੀ ਕਰਦਾ ਹੈ, ਆਪ ਹੀ ਨਾਮ, ਵਾ :—ਪ੍ਰੇਮ ਰੰਗ ਵਿਚ ਰੰਗ ਦਿੰਦਾ ਹੈ।

(ਅ) ਆਪ ਹੀ ਗੁਰੂ ਰੂਪ ਹੋ ਕੇ ਜਿੰਨ੍ਹਾਂ 'ਤੇ ਕਿਰਪਾ-ਦ੍ਰਿਸ਼ਟੀ ਕਰਦਾ ਹੈ, ਉਹਨਾਂ ਨੂੰ ਆਪ ਹੀ ਸ਼ੁਭ ਗੁਣਾਂ ਨਾਲ ਸਾਜਦਾ ਹੈ ਅਤੇ ਆਪ ਹੀ ਵਾਹਿਗੁਰੂ ਦੇ ਰੰਗ = ਪ੍ਰੇਮ ਵਿਚ ਰੰਗ ਦਿੰਦਾ ਹੈ।

## ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥

(ੳ) ਗੁਰੂ ਜੀ ਕਥਨ ਕਰਦੇ ਹਨ, ਜਿਹੜੀ ਜੀਵ ਰੂਪ ਇਸਤ੍ਰੀ ਪਤੀ-ਪ੍ਰਮਾਤਮਾ ਨੂੰ ਭਾਂਵਦੀ ਹੈ, ਉਹ ਆਪ ਹੀ ਉਸਦੇ ਅਨੰਦ ਨੂੰ **ਰਾਵੇਇ** = ਭੋਗਦੀ ਹੈ।

(ਅ) ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ, **ਕਾਮਣਿ** = ਜੋ ਜੀਵ ਰੂਪ ਇਸਤ੍ਰੀ **ਕੰਤੈ** = ਪਤੀ-ਪ੍ਰਮਾਤਮਾ ਨੂੰ ਭਾ ਜਾਂਦੀ ਹੈ, ਆਪੇ ਹੀ ਪ੍ਰਮਾਤਮਾ ਉਸਨੂੰ ਆਪਣੇ ਸਰੂਪ ਦੀ ਅਭੇਦਤਾ ਦਾ ਅਨੰਦ ਬਖ਼ਸ਼ ਦਿੰਦਾ ਹੈ, ਭਾਵ ਉਹ ਪ੍ਰਮੇਸ਼ਰ ਦੀ ਅਭੇਦਤਾ ਦੇ ਅਨੰਦ ਨੂੰ **ਰਾਵੇਇ** = ਭੋਗਦੀ ਹੈ, ਅਰਥਾਤ ਮਾਣਦੀ ਹੈ। ਇਉਂ ਜਦੋਂ ਅਪਣੱਤ ਛੱਡ ਕੇ ਉਸਦੇ ਆਸਰੇ ਹੋ ਜਾਈਏ ਤਾਂ ਬਖ਼ਸ਼ਿਸ਼ ਹੋ ਜਾਂਦੀ ਹੈ। ਯਥਾ :—

*'ਦੋਹਰਾ ॥ ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥'* [ਦਸਮ, ਅੰਗ—੨੫੪]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

* ਮਮੀਰਾ ਇਕ ਐਸਾ ਪੌਦਾ ਹੈ, ਜੋ ਪਹਾੜਾਂ ਵਿਚ ਹੁੰਦਾ ਹੈ। ਇਸਦੀ ਜੜ੍ਹ ਸੁਰਮੇ ਵਿਚ ਵਰਤੀ ਜਾਂਦੀ ਹੈ, ਜੋ ਨੇਤ੍ਰਾਂ ਦੇ ਰੋਗਾਂ ਲਈ ਉੱਤਮ ਮੰਨੀ ਗਈ ਹੈ।

## ੫੨.
## ਤਿਲੰਗ ਬਾਣੀ ਭਗਤਾ ਕੀ ਕਬੀਰ ਜੀ

**ੴ ਸਤਿਗੁਰ ਪ੍ਰਸਾਦਿ॥** [ਅੰਗ—੭੨੭]

**ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥**

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਭਗਤ ਕਬੀਰ ਜੀ ਪਹਿਲੇ ਜਨਮ ਵਿਚ ਵੀ ਭਗਤ ਹੀ ਸੀ। ਯਥਾ :—

*'ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ॥*
*ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ॥੨॥'*

[ਰਾਮਕਲੀ ਕਬੀਰ ਜੀ, ਅੰਗ—੯੬੯-੭੦]

ਪਹਿਲੇ ਜਨਮ ਵਿਚ ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭਗਤ ਨਾਮਦੇਵ ਜੀ, ਇਹ ਤਿੰਨੇ ਹੀ ਰਾਮਾਨੰਦ ਜੀ ਦੇ ਸੇਵਕ ਸਨ ਅਤੇ ਬ੍ਰਹਮਚਾਰੀ ਸਨ। ਇਕ ਦਿਨ ਸੰਤੋਖੇ ਚਮਿਆਰ ਘਰੋਂ ਰਸਦ ਲਿਆ ਕੇ ਭੋਜਨ ਛਕਾਇਆ ਤਾਂ ਉਸ ਦਿਨ ਭਗਤ ਰਾਮਾਨੰਦ ਜੀ ਦਾ ਧਿਆਨ ਨਾ ਜੁੜਿਆ, ਜਦ ਧਿਆਨ ਲਾਉਣ ਤਾਂ ਖੱਲਾਂ ਹੀ ਖੱਲਾਂ ਦਿਸਣ। ਜਦ ਸੇਵਕਾਂ ਤੋਂ ਪੁੱਛਿਆ ਤਾਂ ਪਤਾ ਲਗਾ ਕਿ ਅੱਜ ਬਹੁਤੀ ਬਾਰਸ਼ ਪੈਣ ਕਰਕੇ ਬਹੁਤੇ ਘਰਾਂ ਤੋਂ ਰਸਦ ਲਿਆਉਣ ਦੀ ਬਜਾਇ ਸੰਤੋਖੇ ਚਮਿਆਰ ਘਰੋਂ ਹੀ ਰਸਦ ਲਿਆ ਕੇ ਭੋਜਨ ਪਕਾਇਆ ਹੈ ਤਾਂ ਭਗਤ ਰਾਮਾਨੰਦ ਜੀ ਨੇ ਸਰਾਪ ਦੇ ਦਿੱਤਾ ਸੀ, ਇਸ ਵਾਸਤੇ ਦੁਬਾਰਾ ਜਨਮ ਲੈ ਕੇ ਪ੍ਰਮੇਸ਼ਰ ਦੇ ਭਗਤ ਬਣੇ।

ਕਬੀਰ ਜੀ ਨੇ ਅੰਮ੍ਰਿਤ ਵੇਲੇ ਗੰਗਾ ਦੀਆਂ ਪੌੜੀਆਂ 'ਤੇ ਲੰਮੇ ਪੈ ਕੇ ਭਗਤ ਰਾਮਾਨੰਦ ਜੀ ਪਾਸੋਂ ਗੁਰਮੰਤ੍ਰ ਲਿਆ ਸੀ, ਜਦ ਕਬੀਰ ਜੀ ਦਾ ਸਰੀਰ ਭਗਤ ਰਾਮਾਨੰਦ ਜੀ ਦੇ ਚਰਨਾਂ ਨਾਲ ਲੱਗਾ ਤਾਂ ਰਾਮਾਨੰਦ ਜੀ ਨੇ ਉਪਦੇਸ਼ ਦਿੱਤਾ, "ਉੱਠ ਰਾਮ ਕੋ ਰਾਮ ਕਹੁ।' ਯਥਾ :—

*'ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।*
*ਅੰਮ੍ਰਿਤੁ ਵੇਲੇ ਉਠਿਕੈ ਜਾਂਦਾ ਗੰਗਾ ਨ੍ਹਾਵਣ ਤਾਈ।*
*ਅਗੋ ਹੀ ਦੇ ਜਾਇਕੈ ਲੰਮਾ ਪਿਆ ਕਬੀਰ ਤਿਥਾਈਂ।*
*ਪੈਰੀ ਟੁੰਬ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ।*
*ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਿਕਾਈ।*
*ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰੂ ਦੀ ਵਡਿਆਈ।*

*ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।*
*ਝਰਣਾ ਝਰਦਾ ਨਿਝਰਹੁੰ ਗੁਰਮੁਖਿ ਬਾਣੀ ਅਘੜ ਘੜਾਈ।*
*ਰਾਮ ਕਬੀਰੈ ਭੇਦੁ ਨ ਭਾਈ ॥੧੫॥'* [ਭਾਈ ਗੁਰਦਾਸ ਜੀ, ਵਾਰ-੧੦]

ਜਦ ਇਕ ਦਿਨ ਭਗਤ ਰਾਮਾਨੰਦ ਜੀ ਧਿਆਨ ਦੁਆਰਾ ਸਰਗੁਣ ਸਰੂਪ ਦੀ ਉਪਾਸ਼ਨਾ ਕਰ ਰਹੇ ਸਨ ਤਾਂ ਇਸ਼ਨਾਨ ਆਦਿਕ ਕਰਵਾਉਣ ਤੋਂ ਬਾਅਦ ਸੀਸ 'ਤੇ ਮੁਕਟ ਪਹਿਲਾਂ ਸਜਾ ਦਿੱਤਾ, ਮਾਲਾ ਪਾਉਣੀ ਭੁੱਲ ਗਏ, ਦੁਬਿਧਾ ਵਿਚ ਬੈਠੇ ਸਨ ਤਾਂ ਭਗਤ ਕਬੀਰ ਜੀ ਨੇ ਬਾਹਰੋਂ ਹੀ ਅਵਾਜ਼ ਦਿੱਤੀ, "ਹੇ ਗੁਰੂ ਜੀ! ਮਾਲਾ ਦੀ ਗੰਢ ਖੋਲ੍ਹ ਕੇ ਭਗਵਾਨ ਦੇ ਗਲ ਵਿਚ ਪਾ ਦਿਓ।" ਰਾਮਾਨੰਦ ਜੀ ਨੇ ਪ੍ਰਸੰਨ ਹੋ ਕੇ ਉਸੇ ਵਕਤ ਭਗਤ ਕਬੀਰ ਜੀ ਨੂੰ ਗਲ ਨਾਲ ਲਾ ਲਿਆ।

ਕਬੀਰ ਜੀ ਵੀ ਪਹਿਲਾਂ ਸਰਗੁਣ ਦੇ ਉਪਾਸ਼ਕ ਸਨ, ਜਦ ਪੰਚਕੋਸੀ ਤੋਂ ਆ ਰਹੇ ਸਨ ਤਾਂ ਰਸਤੇ ਵਿਚ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨਾਲ ਮਿਲਾਪ ਹੋਇਆ ਤਾਂ ਨਿਰਗੁਣ-ਸਰਗੁਣ ਦੀ ਏਕਤਾ ਜਾਣੀ ਸੀ।

**ਉਥਾਨਕਾ :—**ਇਕ ਦਿਨ ਭਗਤ ਕਬੀਰ ਜੀ ਪਾਸ ਪੰਡਿਤ ਅਤੇ ਕਾਜ਼ੀ ਮਿਲ ਕੇ ਚਰਚਾ ਕਰਨ ਲਈ ਆਏ। ਕਿਹਾ, "ਤੁਸੀਂ ਵੇਦਾਂ ਨੂੰ ਮੰਨਦੇ ਹੋ ਕਿ ਕਤੇਬਾਂ ਨੂੰ ਮੰਨਦੇ ਹੋ? ਇਕ ਮੱਤ ਵਿਚ ਆਓ।" ਤਾਂ ਭਗਤ ਕਬੀਰ ਜੀ ਨੇ ਤਿਲੰਗ ਰਾਗ ਵਿਚ ਇਸ ਸ਼ਬਦ ਦੁਆਰਾ ਪਰਮ-ਪਵਿੱਤਰ ਉਪਦੇਸ਼ ਦੀ ਬਖ਼ਸ਼ਿਸ਼ ਕੀਤੀ :—

**੧** = ਅਦ੍ਵੈਤ ਸਰੂਪ ਪ੍ਰਮੇਸ਼ਰ, **ੴ** = ਸਰਬ ਦਾ ਪ੍ਰਕਾਸ਼ਕ, ਸਤਿਗੁਰਾਂ ਦੀ **ਪ੍ਰਸਾਦਿ** = ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥

(ੳ) ਹੇ ਭਾਈ! ਇਹ ਚਾਰ ਵੇਦ* ਅਤੇ ਚਾਰ ਕਤੇਬ† **ਇਫਤਰਾ** = ਜੰਗਲ, ਉਜਾੜ ਬੀਆਬਾਨ ਦੀ ਤਰ੍ਹਾਂ ਹਨ। ਜਿਵੇਂ ਅਸਵਾਰ ਪੁਰਸ਼ ਜੰਗਲ ਵਿਚੋਂ ਸੁਖਾਲਾ ਹੀ ਲੰਘ ਜਾਂਦਾ ਹੈ, ਚੋਰਾਂ ਅਤੇ ਕੰਡਿਆਂ ਤੋਂ ਬਚ ਜਾਂਦਾ ਹੈ, ਏਸੇ ਤਰ੍ਹਾਂ ਕਬੀਰ ਜੀ ਕਹਿੰਦੇ ਹਨ ਕਿ ਅਸੀਂ ਸ੍ਰਵਣ ਰੂਪ ਘੋੜੇ, ਮੰਨਣ ਰੂਪ ਰਥ ਅਤੇ ਨਿਧਿਆਸਣ ਰੂਪ ਹਾਥੀ 'ਤੇ ਚੜ੍ਹੇ ਹੋਏ ਹਾਂ, ਸਾਡਾ ਵੇਦਾਂ-ਕਤੇਬਾਂ ਰੂਪ ਜੰਗਲ ਨਾਲ ਕੋਈ ਸਬੰਧ ਨਹੀਂ ਹੈ। ਯਥਾ :—

* ਚਾਰ ਵੇਦ :—੧. ਸਾਮ ਵੇਦ, ੨. ਰਿਗ ਵੇਦ, ੩. ਯਜੁਰ ਵੇਦ, ੪. ਅਥਰਬਣ ਵੇਦ।
† ਚਾਰ ਕਤੇਬ :—੧. ਤੌਰੇਤ, ੨. ਜੰਬੂਰ, ੩. ਅੰਜੀਲ, ੪. ਕੁਰਾਨ।

੧. *'ਕਹਤ ਕਬੀਰ ਭਲੇ ਅਸਵਾਰਾ ॥ ਬੇਦ ਕਤੇਬ ਤੇ ਰਹਹਿ ਨਿਆਰਾ ॥੩॥'*
[ਗਉੜੀ ਕਬੀਰ ਜੀ, ਅੰਗ—੩੨੯]

੨. *'ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ ॥'*
[ਦਸਮ, ਅੰਗ—੫੬]

(ਅ) ਹੇ ਭਾਈ! ਵੇਦਾਂ, ਕਤੇਬਾਂ ਦਾ ਪੜ੍ਹਨਾ ਓਨਾ ਚਿਰ **ਇਫਤਰਾ** = ਦਿਖਾਵੇ ਮਾਤਰ ਹੈ, ਜਿੰਨਾ ਚਿਰ ਦਿਲ ਦਾ ਸੰਸਾ ਨਹੀਂ ਜਾਂਦਾ। ਯਥਾ :—

੧. *'ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥*
*ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸਕੀ ਨਿਰਮਲ ਸੋਈ ॥੩॥'*
[ਰਾਗੁ ਸੂਹੀ ਮਹਲਾ ੫, ਅੰਗ—੭੪੭]

੨. *'ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥*
*ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥*
*ਹਰਿ ਕਾ ਨਾਮੁ ਨ ਜਪਸਿ ਗਵਾਰਾ ॥ ਕਿਆ ਸੋਚਹਿ ਬਾਰੰਬਾਰਾ ॥੧॥ਰਹਾਉ॥'*
[ਸੋਰਠਿ ਕਬੀਰ ਜੀ, ਅੰਗ—੬੫੫]

(ੲ) ਹੇ ਭਾਈ! ਵੇਦ-ਕਤੇਬ ਇਸ ਜੀਵ ਦੇ ਫਸਾਉਣੇ ਨੂੰ **ਇਫਤਰਾ** = ਜਾਲ ਵਾਂਗ ਹਨ, ਕਿਉਂਕਿ ਵੇਦਾਂ ਦੀ ਇਕ ਲੱਖ ਸੁਰਤੀ ਹੈ, ਜਿਸ ਵਿਚ ਅੱਸੀ ਹਜ਼ਾਰ ਤਾਂ ਕਰਮ-ਕਾਂਡ ਦਾ ਹੀ ਕਥਨ ਕਰਦੀ ਹੈ। ਕਿਤੇ ਤਾਂ ਘੋੜੇ, ਗਊ ਆਦਿਕ ਦਾ ਯੱਗ ਵਿਚ ਮਾਰਨ ਦੀ ਆਗਿਆ ਕੀਤੀ ਹੈ ਅਤੇ ਕਿਤੇ ਮਾਰਨਾ ਪਾਪ ਲਿਖਿਆ ਹੈ। ਇਨ੍ਹਾਂ ਕਰਮਾਂ ਦੇ ਕਰਨ ਵਿਚ ਹੀ ਉਮਰਾ ਖ਼ਤਮ ਹੋ ਜਾਂਦੀ ਹੈ, ਜੀਵ ਕਰਮ ਕਰਦਾ-ਕਰਦਾ ਮਰ ਜਾਂਦਾ ਹੈ, ਪਰ ਕਰਮਾਂ ਕਰਕੇ ਮੁਕਤੀ ਨਹੀਂ ਮਿਲਦੀ ਹੈ। ਯਥਾ :—

*'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥'*
[ਰਾਗੁ ਸੂਹੀ ਮਹਲਾ ੫, ਅੰਗ—੭੪੭]

ਸੋਲਾਂ ਹਜ਼ਾਰ ਸੁਰਤੀ ਉਪਾਸ਼ਨਾ ਦਾ ਕਥਨ ਕਰਦੀ ਹੈ, ਉਪਾਸ਼ਨਾ ਵੀ ਇਕ ਪ੍ਰਮੇਸ਼ਰ ਦੀ ਨਹੀਂ, ਸਗੋਂ ਨਾਨਾਂ ਪ੍ਰਕਾਰ ਦੀ ਲਿਖੀ ਹੈ। ਕੇਵਲ ਚਾਰ ਹਜ਼ਾਰ ਸੁਰਤੀ ਹੀ ਗਿਆਨ ਦਾ ਕਥਨ ਕਰਦੀ ਹੈ, ਉਹ ਵੀ ਪ੍ਰੇਮਾ-ਭਗਤੀ ਤੋਂ ਬਿਨਾਂ ਹੀ ਲਿਖਿਆ ਹੈ।

(ਸ) ਹੇ ਭਾਈ! ਚਾਰ ਵੇਦ ਅਤੇ ਕਤੇਬਾਂ **ਇਫਤਰਾ** = ਸ਼ੀਸ਼ੇ ਵਾਂਗ ਹਨ। ਕੇਵਲ ਇਨ੍ਹਾਂ ਦੇ ਪੜ੍ਹਨ ਕਰਕੇ ਦਿਲ ਦਾ **ਫਿਕਰੁ** = ਸੰਸਾ ਨਹੀਂ ਜਾਂਦਾ ਹੈ। ਭਾਵ ਜਿਵੇਂ ਸ਼ੀਸ਼ੇ ਵਾਂ...

ਮੂੰਹ ਕਰਕੇ ਵੇਖੀਏ ਤਾਂ ਉਹ ਮੂੰਹ 'ਤੇ ਲੱਗੀ ਕਾਲਖ ਜਾਂ ਥਿੰਮ੍ਹ ਆਦਿਕ ਤਾਂ ਦੱਸ ਦਿੰਦਾ ਹੈ, ਪਰ ਉਹ ਦੂਰ ਨਹੀਂ ਕਰ ਸਕਦਾ। ਮੂੰਹ ਦੀ ਕਾਲਖ ਦੂਰ; ਤਾਂ ਮਨੁੱਖ ਨੇ ਆਪ ਉੱਦਮ ਕਰਕੇ ਆਪਣੇ ਹੱਥਾਂ ਨਾਲ ਸਾਬਣ ਅਤੇ ਪਾਣੀ ਲੈ ਕੇ ਆਪ ਹੀ ਕਰਨੀ ਹੈ।

ਤਿਵੇਂ ਵੇਦ-ਕਤੇਬ ਰਾਜਸੀ, ਤਾਮਸੀ, ਸਾਂਤਕੀ ਸੁਭਾ ਤਾਂ ਦੱਸਦੇ ਹਨ, ਪਰ ਉਨ੍ਹਾਂ ਸੁਭਾਵਾਂ ਕਰਕੇ ਪਾਪਾਂ ਰੂਪ ਕਾਲਖ ਅੰਤਹਕਰਣ ਰੂਪ ਮੁਖ 'ਤੇ ਲੱਗੀ ਹੈ, ਉਹ ਨਹੀਂ ਲਾਹ ਸਕਦੇ, ਉਹ ਤਾਂ ਸੇਵਾ-ਸਿਮਰਨ ਰੂਪ ਕਮਾਈ ਕਰਕੇ ਹੀ ਲਾਹੁਣੀ ਪੈਂਦੀ ਹੈ। ਯਥਾ :—

*'ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥*
*ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ ॥*
*ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖਦੁਆਰੁ ॥੧॥'*

[ਮਲਾਰ ਮਹਲਾ ੩, ਅੰਗ—੧੨੭੬]

ਵੇਦ-ਕਤੇਬਾਂ ਕਰਮਾਂ ਦਾ ਫਲ ਤਾਂ ਦੱਸਦੀਆਂ ਹਨ ਕਿ ਫਲਾਣੇ ਕਰਮ ਦੇ ਕਰਨ ਨਾਲ ਇਹ ਫਲ ਮਿਲਦਾ ਹੈ, ਫਲਾਣੇ ਕਰਮ ਦੇ ਕਰਨ ਨਾਲ ਇਹ ਫਲ ਪ੍ਰਾਪਤ ਹੁੰਦਾ ਹੈ, ਪਰ ਮੁਕਤ ਨਹੀਂ ਕਰ ਸਕਦੀਆਂ, ਉਲਟਾ ਸਗੋਂ ਦਿਲ ਸੰਸਿਆਂ ਵਿਚ ਪੈ ਜਾਂਦਾ ਹੈ ਕਿ ਕਿਹੜਾ ਕਰਮ ਕਰੀਏ, ਕਿਹੜਾ ਨਾਂ ਕਰੀਏ ਤੇ ਸੰਸਾ ਦੂਰ ਹੋਣ ਤੋਂ ਬਗ਼ੈਰ ਮੁਕਤੀ ਨਹੀਂ ਹੁੰਦੀ, ਮੁਕਤੀ ਤਾਂ ਜੀਵ ਨੇ ਆਪਣੇ ਉੱਦਮ ਨਾਲ ਸਿਮਰਨ-ਭਜਨ ਦੁਆਰਾ ਕਰਨੀ ਹੈ। ਯਥਾ :—

*'ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥*
*ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥'*

[ਗਉੜੀ ਬੈਰਾਗਣਿ ਰਵਿਦਾਸ ਜੀ, ਅੰਗ—੩੪੬]

ਪ੍ਰਸ਼ਨ :—ਹੇ ਭਗਤ ਜੀ ! ਆਪ ਕਿਰਪਾ ਕਰਕੇ ਦੱਸੋ ਕਿ ਇਹ ਸੰਸਾ ਕਿਵੇਂ ਨਵਿਰਤ ਹੋ ਸਕਦਾ ਹੈ ? ਉੱਤਰ :—

**ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥੧॥**

ਜਦੋਂ **ਟੁਕੁ** = ਥੋੜ੍ਹਾ ਜਿਹਾ **ਦਮੁ** = ਸੁਆਸਾਂ ਨੂੰ **ਕਰਾਰੀ** = ਰੋਕਣਾ ਕਰੋਗੇ, ਭਾਵ ਸੰਕਲਪਾਂ ਨੂੰ ਰੋਕੋਗੇ ਤਾਂ ਮਨ ਟਿਕ ਜਾਵੇਗਾ। ਜੋ ਪ੍ਰਮੇਸ਼ਰ ਤੁਹਾਡੇ **ਹਜੂਰਿ** = ਨੇੜੇ ਤੋਂ ਨੇੜੇ ਹੈ, ਫਿਰ ਉਹ **ਹਾਜਿਰ** = ਸਾਹਮਣੇ ਸਾਖਿਆਤਕਾਰ ਹੋ ਜਾਵੇਗਾ। ਯਥਾ :—

੧. *'ਕਿ ਜਾਹਰ ਜਹੂਰ ਹੈਂ ॥ ਕਿ ਹਾਜਰ ਹਜੂਰ ਹੈਂ ॥'*

[ਜਾਪੁ ਸਾਹਿਬ, ਅੰਗ–੮

੨. *'ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥'*

[ਮਾਰੂ ਮਹਲਾ ੫, ਅੰਗ–੧੦੦੦

੩. *'ਖ਼ੁਦਾ ਹਾਜ਼ਰ ਬਵਦ ਦਾਇਮ, ਬਬੀਂ ਦੀਦਾਰਿ ਪਾਕਸ਼ ਰਾ।*
*ਨ ਗਿਰਦਾਬੇ ਦਰੋ ਹਾਇਲ, ਨ ਦਰਯਾਓ ਨ ਸਾਹਿਲ-ਰਾ ॥੩॥'*

[ਭਾਈ ਨੰਦ ਲਾਲ ਜੀ, ਗ਼ਜ਼ਲ ਨੰ: ੩

**ਅਰਥ** :—ਵਾਹਿਗੁਰੂ ਹਮੇਸ਼ਾ ਹਾਜ਼ਰ-ਨਾਜ਼ਰ ਹੈ, ਉਸਦੇ ਪਵਿੱਤਰ ਦਰਸ਼ਨ ਦੇਖਣਾ ਕਰ। ਉਸ ਪ੍ਰਭੂ ਦੇ ਰਸਤੇ ਵਿਚ ਨਾ ਕੋਈ ਘੁੰਮਣਘੇਰੀ ਹੈ, ਨਾ ਕੋਈ ਨਦੀ ਅਤੇ ਨਾ ਹੀ ਕੰਢੇ ਹਨ।

## ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥

ਹੇ ਬੰਦਗੀ ਕਰਨ ਵਾਲੇ ਬੰਦੇ! ਹਰ ਰੋਜ਼ ਅੰਮ੍ਰਿਤ ਵੇਲੇ ਆਪਣੇ ਦਿਲ ਵਿਚੋਂ ਰੱਬ ਨੂੰ ਲੱਭਿਆ ਕਰ, ਭਾਵ ਇਕਾਗਰ ਮਨ ਨਾਲ ਵਾਹਿਗੁਰੂ ਦਾ ਸਿਮਰਨ ਅਤੇ ਆਤਮ-ਵਿਚਾਰ ਕਰਿਆ ਕਰ। ਯਥਾ :—

*'ਬੰਦਉ ਹੋਇ ਬੰਦਗੀ ਗਹੈ ॥ ਬੰਦਕ ਹੋਇ ਬੰਧ ਸੁਧਿ ਲਹੈ ॥'*

[ਤਿਲੰਗ ਮਹਲਾ ੧, ਅੰਗ–੭੨੭

ਜਿਵੇਂ ਪਹਿਲਵਾਨ ਹਰ ਰੋਜ਼ ਅਖਾੜੇ ਵਿਚ ਕੁਸ਼ਤੀਆਂ ਕਰਕੇ ਆਪਣੇ ਸਰੀਰ ਨੂੰ ਮੁਕਾਬਲਿਆਂ ਦੇ ਯੋਗ ਬਣਾਉਂਦੇ ਹਨ ਤਾਂ ਦੂਜੇ ਪਹਿਲਵਾਨਾਂ ਨੂੰ ਢਾਹੁੰਦੇ ਹਨ। ਏਸੇ ਤਰ੍ਹਾਂ ਜਿਹੜੇ ਗੁਰਮੁਖ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ, ਮਨ ਨੂੰ ਇਕਾਗਰ ਕਰਕੇ ਸਿਮਰਨ ਕਰਦੇ ਹਨ, ਉਹ ਇਸ ਤਰ੍ਹਾਂ ਕਸਰਤ ਕਰਕੇ, ਭਾਵ ਅਭਿਆਸ ਕਰਕੇ ਅਗਿਆਨ, ਕਾਮ, ਕ੍ਰੋਧ ਆਦਿਕ ਪਹਿਲਵਾਨਾਂ ਨੂੰ ਢਾਹ ਲੈਂਦੇ ਹਨ। ਯਥਾ :—

*'ਹਉ ਗੁਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥*
*ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥*
*ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥*
*ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥'*

[ਸਿਰੀ ਰਾਗੁ ਮਹਲਾ ੫, ਅੰਗ–੭੪

ਇਉਂ ਖੋਜ (ਵਿਚਾਰ) ਕਰੇ :—

੧. *'ਮਨ ਮਹਿ ਆਪਿ ਮਨ ਅਪੁਨੇ ਮਾਹਿ ॥'*

[ਗਉੜੀ ਸੁਖਮਨੀ ਮ: ੫, ਅੰਗ—੨੭੯]

੨. *'ਮਨੁ ਮੰਦਰੁ ਤਨੁ ਸਾਜੀ ਬਾਰਿ ॥ ਇਸਹੀ ਮਧੇ ਬਸਤੁ ਅਪਾਰ ॥*
*ਇਸਹੀ ਭੀਤਰਿ ਸੁਨੀਅਤ ਸਾਹੁ ॥ ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ ॥੧॥'*

[ਗਉੜੀ ਮਹਲਾ ੫, ਅੰਗ—੧੮੦-੮੧]

੩. *'ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥*
*ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥੧॥'*

[ਰਾਮਕਲੀ ਮਹਲਾ ੫, ਅੰਗ—੮੯੨]

੪. *'ਅਨਿਕ ਰੰਗ ਨਿਰਗੁਨ ਇਕ ਰੰਗਾ ॥ ਆਪੇ ਜਲੁ ਆਪ ਹੀ ਤਰੰਗਾ ॥੨॥*
*ਆਪ ਹੀ ਮੰਦਰੁ ਆਪਹਿ ਸੇਵਾ ॥ ਆਪ ਹੀ ਪੁਜਾਰੀ ਆਪ ਹੀ ਦੇਵਾ ॥੩॥'*

[ਰਾਗੁ ਬਿਲਾਵਲੁ ਮਹਲਾ ੫, ਅੰਗ—੮੦੩]

ਜੇਕਰ ਇਸ ਪ੍ਰਕਾਰ ਦਿਲ ਵਿਚ ਪ੍ਰਮੇਸ਼ਰ ਦੀ ਖੋਜ ਕਰੋਗੇ ਤਾਂ ਫਿਰ **ਪਰੇਸਾਨੀ** = ਸ਼ਰਮਿੰਦਗੀ, ਵਾ :—ਹੈਰਾਨਗੀ ਵਿਚ ਨਹੀਂ ਫਿਰੋਗੇ।

ਜਿਵੇਂ ਕੋਈ ਪੁਰਸ਼ ਆਪਣੇ ਘੋੜੇ ਨੂੰ ਮੰਡੀ ਵਿਚ ਵੇਚ ਕੇ ਉਸਦਾ ਮੁਲ ਵੱਟ ਲਵੇ ਤਾਂ ਫਿਰ ਭਾਵੇਂ ਉਹ ਘੋੜਾ ਮਰ ਹੀ ਜਾਵੇ, ਵੇਚਣ ਵਾਲੇ ਨੂੰ ਕੋਈ ਪਰੇਸ਼ਾਨਗੀ ਨਹੀਂ ਹੁੰਦੀ। ਇਸ ਪ੍ਰਕਾਰ ਸੰਗਤ ਰੂਪ ਮੰਡੀ 'ਤੇ ਜਾ ਕੇ, ਜਿਸਨੇ ਮਨੁੱਖਾ ਦੇਹ ਰੂਪ ਘੋੜੇ ਦੀ ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਵੱਟ ਲਈ ਹੈ, ਭਾਵੇਂ ਫਿਰ ਉਸਦਾ ਦੇਹ ਰੂਪ ਘੋੜਾ ਨਾਸ ਵੀ ਹੋ ਜਾਵੇ ਤਾਂ ਕੋਈ ਹੈਰਾਨਗੀ ਨਹੀਂ ਹੁੰਦੀ। ਯਥਾ :—

*'ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥*
*ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥*
*ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥*
*ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥ਰਹਾਉ॥'*

[ਸੂਹੀ ਮਹਲਾ ੧, ਅੰਗ—੭੫੧]

ਜਿਹੜੇ ਮਨੁੱਖ ਘੋੜੇ ਨੂੰ ਪਾਲਣ-ਪੋਸਣ ਵਿਚ ਹੀ ਲੱਗੇ ਰਹਿੰਦੇ ਹਨ, ਰਸਤੇ ਵਿਚ ਨਹੀਂ ਤੋਰਦੇ, ਉਹ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਸਕਦੇ ਅਤੇ ਜਿਹੜੇ ਮਨੁੱਖ ਘੋੜੇ ਨੂੰ ਕੱਖ-ਪੱਠਾ ਵੀ ਨਹੀਂ ਪਾਉਂਦੇ, ਸਮੇਂ ਸਿਰ ਪਾਣੀ ਵੀ ਨਹੀਂ ਪਿਲਾਉਂਦੇ, ਗਰਮੀ-ਸਰਦੀ

ਤੋਂ ਵੀ ਬਚਾ ਕੇ ਨਹੀਂ ਰੱਖਦੇ, ਉਨ੍ਹਾਂ ਦਾ ਘੋੜਾ ਰਸਤੇ ਵਿਚ ਹੀ ਹੁੱਸ ਕੇ ਡਿੱਗ ਪੈਂਦਾ ਹੈ, ਉਹ ਵੀ ਮੰਜ਼ਿਲ 'ਤੇ ਨਹੀਂ ਪਹੁੰਚਦੇ, ਰਸਤੇ ਵਿਚ ਹੀ ਰਹਿ ਜਾਂਦੇ ਹਨ। ਪਰ ਜਿਹੜੇ ਮਨੁੱਖ ਘੋੜੇ ਨੂੰ ਖਾਣ-ਪੀਣ ਨੂੰ ਵੀ ਪੂਰਾ ਦਿੰਦੇ ਹਨ, ਅਤੇ ਨਿਯਮ ਅਨੁਸਾਰ ਹਰ ਰੋਜ਼ ਰਸਤਾ ਵੀ ਤਹਿ ਕਰੀ ਜਾਂਦੇ ਹਨ, ਉਹ ਹਜ਼ਾਰਾਂ ਮੀਲ ਦੂਰੀ ਦੀ ਮੰਜ਼ਿਲ 'ਤੇ ਪਹੁੰਚ ਜਾਂਦੇ ਹਨ।

ਏਸੇ ਤਰ੍ਹਾਂ ਹੀ ਜਿਹੜੇ ਸਰੀਰ ਰੂਪ ਘੋੜੇ ਨੂੰ ਨਿਰਾ ਪਾਲਣ-ਪੋਸਣ, ਖੁਆਉਣ-ਪਿਆਉਣ ਵਿਚ ਹੀ ਲੱਗੇ ਰਹਿੰਦੇ ਹਨ। ਯਥਾ :—

੧. *'ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥*
*ਨਾਮੁ ਨ ਜਾਨਿਆ ਰਾਮ ਕਾ ॥*
*ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥੧॥'*

[ਗਉੜੀ ਬੈਰਾਗਣਿ ਮਹਲਾ ੧, ਅੰਗ—੧੫੬]

੨. *'ਸਲੋਕੁ ॥ ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥*
*ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥੧॥'*

[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੬੧]

੩. *'ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥*
*ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥'*

[ਰਾਗੁ ਮਲਾਰ ਮਹਲਾ ੧, ਅੰਗ—੧੨੫੪]

੪. *'ਹਰਿ ਨਾਮੁ ਨ ਸਿਮਰਹਿ ਸਾਧ ਸੰਗਿ ਤੈ ਤਨਿ ਉਡੈ ਖੇਹ ॥*
*ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ ॥੧॥'*

[ਸਲੋਕ ਮ: ੫, ਅੰਗ—੫੫੩]

ਉਹ ਆਤਮਿਕ ਪਦ ਰੂਪ ਮੰਜ਼ਿਲ 'ਤੇ ਨਹੀਂ ਪਹੁੰਚਦੇ ਅਤੇ ਜਿਹੜੇ ਸਰੀਰ ਰੂਪ ਘੋੜੇ ਨੂੰ ਸਮੇਂ ਸਿਰ ਖੁਆਉਂਦੇ, ਪਿਆਉਂਦੇ, ਸੁਆਉਂਦੇ ਨਹੀਂ ਤੇ ਗਰਮੀ-ਸਰਦੀ ਤੋਂ ਵੀ ਬਚਾ ਕੇ ਨਹੀਂ ਰੱਖਦੇ, ਤੋਰੀ ਹੀ ਤੋਰੀ ਰੱਖਦੇ ਹਨ, ਭਾਵ ਹਰ ਵਕਤ ਸੇਵਾ-ਸਿਮਰਨ ਵਿਚ ਹੀ ਲੱਗੇ ਰਹਿੰਦੇ ਹਨ, ਉਨ੍ਹਾਂ ਦਾ ਸਰੀਰ ਰੂਪ ਘੋੜਾ ਰਸਤੇ ਵਿਚ ਹੀ ਹੁੱਸ ਕੇ ਰਹਿ ਜਾਂਦਾ ਹੈ, ਉਹ ਵੀ ਆਤਮ ਮੰਜ਼ਿਲ 'ਤੇ ਨਹੀਂ ਪਹੁੰਚ ਸਕਦੇ। ਪਰ ਜਿਹੜੇ ਸਰੀਰ ਰੂਪ ਘੋੜੇ ਨੂੰ ਸਮੇਂ ਸਿਰ ਖਾਣ-ਪੀਣ ਨੂੰ ਵੀ ਪੂਰਾ ਦਿੰਦੇ ਹਨ, ਅਰਾਮ ਵੀ ਪੂਰਾ ਕਰਵਾਉਂਦੇ ਹਨ,

ਗਰਮੀ-ਸਰਦੀ ਤੋਂ ਵੀ ਬਚਾ ਕੇ ਰੱਖਦੇ ਹਨ ਅਤੇ ਨਿਯਮ ਅਨੁਸਾਰ ਰਸਤੇ ਵੀ ਤੋਰੀ ਜਾਂਦੇ ਹਨ, ਭਾਵ ਸੇਵਾ-ਸਿਮਰਨ ਅਤੇ ਗੁਰਬਾਣੀ ਪੜ੍ਹਨ ਵਿਚ ਨਾਗਾ ਨਹੀਂ ਪੈਣ ਦਿੰਦੇ, ਉਹ ਗੁਰਮੁਖ ਪਿਆਰੇ ਸਚਖੰਡ ਰੂਪ ਮੰਜ਼ਿਲ 'ਤੇ ਪਹੁੰਚ ਜਾਂਦੇ ਹਨ। ਇਸ ਬਾਬਤ ਭਗਤ ਕਬੀਰ ਜੀ ਦਾ ਬੜਾ ਹੀ ਸੁੰਦਰ ਫ਼ੁਰਮਾਨ ਹੈ :—

੧. *'ਦੇਹਿ ਬਿਮਲ ਮਤਿ ਸਦਾ ਸਰੀਰਾ ॥ ਸਹਜਿ ਸਹਜਿ ਗੁਨ ਰਵੈ ਕਬੀਰਾ ॥'*
[ਆਸਾ ਕਬੀਰ ਜੀ, ਅੰਗ—੪੭੮]

੨. *'ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥*
*ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥'* [ਆਸਾ ਕਬੀਰ ਜੀ, ਅੰਗ—੪੭੮]

ਡਾਕਟਰ ਭਾਈ ਵੀਰ ਸਿੰਘ ਜੀ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ੭੧੨ ਪੰਨੇ 'ਤੇ ਇਸ ਤਰ੍ਹਾਂ ਲਿਖਦੇ ਹਨ :—

ਨੀਂਦ ਭੁੱਖ ਦੇ ਭਗਤੀ ਮਾਰਗ ਵਿਚ ਨੱਸ ਜਾਣ ਦਾ ਮਤਲਬ ਨੀਂਦ, ਭੁੱਖ ਦੇ ਘਟ ਜਾਣ ਦਾ ਹੈ। ਯਥਾ :—

*'ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।'*
[ਭਾਈ ਗੁਰਦਾਸ ਜੀ, ਵਾਰ-੧੨, ਪਉੜੀ-੪]

ਇਹ ਟਪਲਾ ਨਾ ਲੱਗੇ ਕਿ ਨੀਂਦ ਭੁੱਖ ਮੂਲੋਂ ਹੀ ਟੁਰ ਜਾਂਦੀ ਹੈ, ਕਿਉਂਕਿ ਇਸ ਲੱਛਣ ਦੇ ਮਗਰੋਂ ਫਿਰ ਆਦਮੀ ਸ਼ੁਦਾਈ ਹੋ ਜਾਂਦਾ ਹੈ।

ਇਕ ਹੋਰ ਅਵਸਥਾ ਨੀਂਦ ਦੇ ਵਸੀਭੂਤ ਹੋ ਜਾਣ ਦੀ ਹੈ, ਉਹ ਪਰਮਪਦ ਦੇ ਨੇੜੇ ਦੀ ਸ਼ੈ ਹੈ, ਅਭਿਆਸੀ ਭੁਲੇਖਾ ਖਾ ਕੇ ਸ਼ੁਦਾਈ ਹੋਣੋਂ ਆਪਣਾ ਬਚਾਉ ਰੱਖਣ। ਯਥਾ :—

*'ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥'*
[ਸਲੋਕ ਮਹਲਾ ੪, ਅੰਗ—੧੪੧੪]

ਇਸ ਲਈ ਸੇਵਾ-ਸਿਮਰਨ ਦੇ ਨਾਲ-ਨਾਲ ਸਰੀਰ ਦਾ ਖ਼ਿਆਲ ਰੱਖਣਾ ਵੀ ਅਤੀ ਜ਼ਰੂਰੀ ਹੈ। ਯਥਾ :—

*'ਮਃ ੫ ॥ ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥*
*ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥'*
[ਬਿਹਾਗੜੇ ਕੀ ਵਾਰ ਮਹਲਾ ੪, ਅੰਗ—੫੫੪]

## ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥੧॥ਰਹਾਉ॥

ਦੁਨੀਆਂ ਉਸ ਕਹਿੰਦੇ ਹਨ, ਜਿਸਦੀਆਂ ਜਨਮ-ਮਰਨ ਰੂਪ ਦੋ ਨੀਹਾਂ ਹਨ; ਇਹ ਜੋ ਦੁਨੀਆਂ ਹੈ, **ਸਿਹਰੁ** = ਜਾਦੂਗਰ ਦੇ ਇਕੱਠ ਦੀ ਤਰ੍ਹਾਂ ਹੈ। ਯਥਾ :—

*'ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥*
*ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥'*

[ਸੋਰਠਿ ਕਬੀਰ ਜੀ, ਅੰਗ—੬੫੫]

ਜਿਵੇਂ ਜਾਦੂਗਰ ਬੜੇ-ਬੜੇ ਤਮਾਸ਼ੇ ਕਰਕੇ ਵਿਖਾਉਂਦਾ ਹੈ, ਪਰ ਸਭ ਝੂਠ ਹੀ ਹੁੰਦਾ ਹੈ, ਅੰਤ ਨੂੰ ਝੋਲੀ ਵਿਚ ਦੋ ਡੰਡੇ ਪਾ ਕੇ ਚੱਲਦਾ ਲੱਗਦਾ ਹੈ, **ਦਸਤ** = ਹੱਥ ਵਿਚ **ਗੀਰੀ** = ਪਕੜਨ ਲਈ ਕੁਝ ਨਹੀਂ ਹੁੰਦਾ, ਉਸਦੀ ਬਾਜੀ ਹੱਥ ਵਿਚ ਫੜੀ ਨਹੀਂ ਜਾਂਦੀ, ਕਿਉਂਕਿ ਉਹ ਹੋਰ ਦੀ ਹੋਰ ਹੁੰਦੀ ਜਾਂਦੀ ਹੈ, ਤਿਵੇਂ ਇਹ ਪਦਾਰਥ **ਦਸਤ** = ਹੱਥ ਵਿਚ **ਗੀਰੀ** = ਫੜ੍ਹੇ **ਨਾਹਿ** = ਨਹੀਂ ਜਾਂਦੇ, ਭਾਵ ਇਨ੍ਹਾਂ ਵਿਚੋਂ ਕੁਝ ਵੀ ਹਾਸਲ ਨਹੀਂ ਹੁੰਦਾ ਹੈ। ਯਥਾ :—

੧. *'ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥*
*ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ ॥੨॥'*

[ਸਾਰਗ ਮਹਲਾ ੧, ਅੰਗ—੧੨੫੧]

੨. *'ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ ॥੫॥'*

[ਗਉੜੀ ਚੇਤੀ ਮਹਲਾ ੧, ਅੰਗ—੧੫੫]

## ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥

ਸਭ ਲੋਕ ਕਤੇਬਾਂ ਵਿਚੋਂ ਝੂਠੀਆਂ ਗੱਲਾਂ ਪੜ੍ਹ-ਪੜ੍ਹ ਕੇ ਖ਼ੁਸ਼ੀ ਹੁੰਦੇ ਹਨ ਕਿ ਬਹਿਸ਼ਤ ਵਿਚ ਹੂਰਾਂ ਮਿਲਣਗੀਆਂ, ਕਾਬਲ ਦੇ ਮੇਵੇ ਅਤੇ ਅੰਗੂਰਾਂ ਦੀ ਸ਼ਰਾਬ ਮਿਲੇਗੀ, ਪਰ ਉਹ **ਬੇਖਬਰ** = ਬਿਨਾਂ ਖ਼ਬਰ ਤੋਂ ਹਨ, ਪੱਕਾ ਪਤਾ ਨਹੀਂ ਹੈ, **ਬਾਦ** = ਵਿਅਰਥ ਹੀ ਬਾਦ = ਝਗੜਿਆਂ ਨੂੰ **ਬਕਾਹਿ** = ਬੋਲਦੇ ਹਨ, ਭਾਵ ਬਿਨਾਂ ਪਤੇ ਤੋਂ ਹੀ ਝਗੜਾ ਕਰਦੇ ਹਨ।

ਜਿਵੇਂ ਐਬਟਾਬਾਦ ਵਿਚ ਬਾਬੂ ਸਾਵਣ ਸਿੰਘ ਆਪਣੇ ਸੇਵਕਾਂ ਨੂੰ ਇਤਿਆਦਿਕ ਉਪਦੇਸ਼ ਦੇ ਰਹੇ ਸਨ ਕਿ ਉਥੇ ਕ੍ਰੋੜਾਂ ਸੂਰਜਾਂ ਦਾ ਪ੍ਰਕਾਸ਼ ਹੈ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਬਾਬੂ ਸਾਵਣ ਸਿੰਘ ਦੀ ਘੜੀ ਚੁੱਕ ਕੇ ਉਸਦੇ ਆਸਣ ਹੇਠ ਰੱਖ ਦਿੱਤੀ। ਜਦੋਂ ਵੇਖਣ ਲਈ ਘੜੀ ਦੀ ਭਾਲ ਕੀਤੀ ਤਾਂ ਨਾ ਦਿਸੀ, ਆਪਣੇ ਸੇਵਕਾਂ ਨੂੰ ਪੁੱਛਿਆ ਤਾਂ ਭਾਈ ਸਾਹਿਬ ਜੀ ਨੇ ਮੁਸਕਰਾ ਕੇ ਕਿਹਾ ਕਿ ਤੁਹਾਨੂੰ ਤਾਂ ਕ੍ਰੋੜਾਂ ਸੂਰਜ ਦਿਸਦੇ ਹਨ, ਘੜੀ ਕਿਉਂ ਨਹੀਂ ਦਿਸਦੀ ? ਇਉਂ ਕਹਿ ਕੇ ਆਸਣ ਹੇਠੋਂ ਚੁੱਕ ਕੇ ਉਹ ਘੜੀ ਫੜਾ ਦਿੱਤੀ,

ਤਾਂ ਬਾਬੂ ਸਾਵਣ ਸਿੰਘ ਬੜਾ ਸ਼ਰਮਿੰਦਾ ਹੋਇਆ, ਕਿਉਂਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਬਾਬੂ ਸਾਵਣ ਸਿੰਘ ਹਮ-ਜਮਾਤੀ ਸਨ। ਯਥਾ :—

*'ਮਗਰ ਪਾਛੈ ਕਛੁ ਨ ਸੁਝੈ ਏਹੁ ਪਦਮੁ ਅਲੋਅ ॥੨॥'*

[ਧਨਾਸਰੀ ਮਹਲਾ ੧, ਅੰਗ—੬੬੩]

ਪ੍ਰਸ਼ਨ :—ਹੇ ਭਗਤ ਜੀ! ਇਹ ਦੱਸੋ ਖ਼ੁਦਾ ਦਾ ਨਿਵਾਸ ਕਿੱਥੇ ਹੈ? ਉੱਤਰ :—

## ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥੨॥

**ਹਕੁ** = ਸੱਚਾ **ਖਾਲਕੁ** = ਅਕਾਲ ਪੁਰਖ **ਸਚੁ** = ਨਿਸ਼ਚੇ ਕਰਕੇ **ਖਲਕ** = ਦੁਨੀਆਂ ਦੇ **ਮਿਆਨੇ** = ਵਿਚ ਪਰੀ-ਪੂਰਨ ਹੈ, ਭਾਵ ਇਸ ਸੰਸਾਰ ਵਿਚ ਹੀ ਵੱਸਦਾ ਹੈ। ਯਥਾ :—

*'ਮਹਲਾ ੫॥ ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥*
*ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥'*

[ਸਲੋਕ ਸੇਖ ਫਰੀਦ, ਅੰਗ—੧੩੮੧]

ਉਹ ਕ੍ਰਿਸ਼ਨ ਜੀ ਵਾਂਗ ਸਿਆਮ ਮੂਰਤ ਨਹੀਂ ਹੈ। ਯਥਾ :—

*'ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥ ਅਸ੍ਚਰਜ ਰੂਪੰ ਰਹੰਤ ਜਨਮੰ ॥'*

[ਸਲੋਕ ਸਹਸਕ੍ਰਿਤੀ ਮਹਲਾ ੫, ਅੰਗ—੧੩੫੯]

ਜਿਵੇਂ ਬਦਾਮਾਂ ਦੀ ਉੱਪਰਲੀ ਛਿੱਲ ਵਿਚ ਬਦਾਮ ਰੋਗਨ ਨਹੀਂ ਹੁੰਦਾ, ਲਾਲ ਛਿੱਲ ਵਾਲੀ ਗਿਰੀ ਵਿਚ ਵੀ ਨਹੀਂ ਹੁੰਦਾ ਹੈ ਅਤੇ ਚਿੱਟੀ ਗਿਰੀ ਵਿਚ ਵੀ ਬਦਾਮ ਰੋਗਨ ਨਹੀਂ ਦਿਸਦਾ। ਪਰ ਜਦੋਂ ਰਗੜੀਏ ਤਾਂ ਉਸ ਵਕਤ ਬਦਾਮ ਰੋਗਨ ਪ੍ਰਾਪਤ ਹੁੰਦਾ ਹੈ।

ਇਸ ਪ੍ਰਕਾਰ ਸਥੂਲ ਦੇਹ ਮੋਟੀ ਛਿੱਲ ਵੱਤ ਹੈ, ਸੂਖਮ ਦੇਹ ਲਾਲ ਛਿੱਲ ਵਾਲੀ ਗਿਰੀ ਵੱਤ ਹੈ ਅਤੇ ਕਾਰਨ ਦੇਹ ਚਿੱਟੀ ਗਿਰੀ ਵੱਤ ਹੈ, ਇਨ੍ਹਾਂ ਤਿੰਨਾਂ ਦੇਹਾਂ ਦੇ ਅਭਿਮਾਨ ਨੂੰ ਤਿਆਗ ਕੇ ਨਿਸ਼ਚੇ ਰੂਪ ਸੁਨਹਿਰੇ ਵਿਚ ਪਾ ਕੇ ਅਭਿਆਸ ਕਰਨ ਰੂਪ ਰਗੜਨਾ ਕਰੇ, ਫਿਰ ਪ੍ਰਮੇਸ਼ਰ ਰੂਪ ਬਦਾਮ ਰੋਗਨ ਪ੍ਰਾਪਤ ਹੁੰਦਾ ਹੈ।

## ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥

ਹਿਰਦੇ ਰੂਪ ਅਸਮਾਨ **ਮ੍ਹਿਾਨੇ** = ਵਿਚ **ਦਰੀਆ** = ਦਰਿਆ ਰੂਪ, ਵਾ :—ਦ੍ਵੀ-ਭੂਤ ਪ੍ਰਮੇਸ਼ਰ ਨੂੰ **ਲਹੰਗ** = ਲਖ (ਜਾਣ) ਕੇ **ਗੁਸਲ** = ਸ੍ਰਵਣ, ਮੰਨਣ, ਨਿਧਿਆਸਣ ਰੂਪ ਇਸ਼ਨਾਨ **ਕਰਦਨ** = ਕਰਨਾ **ਬੂਦ** = ਥਾ = ਸੀ, ਪਰ ਨਾ ਕੀਤਾ।

**ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥੩॥**

ਹੇ ਭਾਈ ! ਆਪਣੇ ਆਪ ਨੂੰ ਫੱਕਰ ਬਨਾਉਣਾ ਕਰੋ, **ਦਾਇਮ** = ਹਮੇਸ਼ਾ ਮਨ-ਬੁੱਧ ਰੂਪ **ਚਸਮੇ** = ਨੇਤ੍ਰਾਂ 'ਤੇ ਗਿਆਨ ਰੂਪ **ਚਸਮੇ** = ਐਨਕਾਂ ਲਾ ਕੇ, ਪ੍ਰਮੇਸ਼ਰ ਨੂੰ ਜਿਥੇ-ਕਿਥੇ **ਮਉਜੂਦੁ** = ਪ੍ਰਗਟ, ਹਾਜਰ-ਨਾਜਰ ਵੇਖਣਾ ਕਰੋ। ਜਿਵੇਂ ਦੂਰਬੀਨ ਲਾਉਣ ਨਾਲ ਪਾਣੀ ਜਰਾਸੀਮ ਹੀ ਦਿਸਦਾ ਹੈ, ਇਸ ਤਰ੍ਹਾਂ ਗਿਆਨ ਰੂਪ ਚਸ਼ਮੇ ਨਾਲ ਸਾਰੇ ਪ੍ਰਮੇਸ਼ਰ ਹੀ ਮੌਜੂਦ ਦਿਸਦਾ ਹੈ। ਯਥਾ :—

*'ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥*
*ਜਿਹਿ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥'*

[ਸਿਰੀ ਰਾਗੁ ਕੀ ਵਾਰ, ਸਲੋਕ ਮਃ ੧, ਅੰਗ—੮੪]

ਪ੍ਰਸ਼ਨ :—ਉਹ ਪ੍ਰਮੇਸ਼ਰ ਸੰਗ ਦੋਸ਼ ਕਰਕੇ ਮੈਲਾ ਹੋ ਜਾਂਦਾ ਹੋਵੇਗਾ ? ਉੱਤਰ :—

**ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥**

ਹੇ ਭਾਈ ! **ਅਲਾਹ** = ਅਸਚਰਜ ਰੂਪ, ਵਾ :—ਲਖਣ ਤੋਂ ਰਹਿਤ ਪ੍ਰਮੇਸ਼ਰ ਪਵਿੱਤਰ ਤੋਂ ਪਵਿੱਤਰ ਹੈ। ਯਥਾ :—

*'ਦਿਲਾ ਕਾ ਮਾਲਕੁ ਕਰੇ ਹਾਕੁ ॥ ਕੁਰਾਨ ਕਤੇਬ ਤੇ ਪਾਕੁ ॥੩॥'*

[ਰਾਮਕਲੀ ਮਹਲਾ ੫, ਅੰਗ—੮੯੭]

ਮੈਲਾ ਹੋਣ ਦੀ ਸ਼ੰਕਾ ਤਾਂ ਕਰੋ, ਜੇ ਉਸ ਤੋਂ ਬਿਨਾਂ ਦੂਜਾ ਕੋਈ ਹੋਰ ਹੋਵੇ, ਜਦ ਸਾਰੇ ਉਹੀ ਵਿਆਪਕ ਹੈ ਤਾਂ ਫਿਰ ਸ਼ੰਕਾ ਕਰਨ ਦੀ ਕੀ ਲੋੜ ਹੈ!

**ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥੪॥੧॥**

(ੳ) ਕਬੀਰ ਜੀ ਕਥਨ ਕਰਦੇ ਹਨ, ਇਹ **ਕਰਮੁ** = ਕਰਤੱਵ, ਭਾਵ ਸੰਸਾਰ **ਕਰੀਮ** = ਕ੍ਰਿਪਾਲੂ ਪ੍ਰਮਾਤਮਾ ਦਾ ਹੈ, ਉਹ ਆਪ ਹੀ ਉਤਪੰਨ ਕਰਦਾ ਹੈ, ਆਪ ਹੀ ਪਾਲਣਾ ਕਰਨੀ ਜਾਣਦਾ ਹੈ ਅਤੇ ਫਿਰ ਆਪ ਹੀ ਲੈਤਾ ਕਰਦਾ ਹੈ।

(ਅ) **ਕਰੀਮ** = ਪ੍ਰਮਾਤਮਾ ਦਾ ਜਿਸ 'ਤੇ **ਕਰਮੁ** = ਅਨੁਗ੍ਰਹੁ ਹੁੰਦਾ ਹੈ, ਉਹ ਜਪ-ਤਪ ਆਦਿ ਸਾਧਨਾਂ ਨੂੰ ਕਰਦਾ ਹੈ, ਸਾਧਨ ਕਰਕੇ ਫੇਰ **ਸੋਇ** = ਉਹ ਪ੍ਰਮਾਤਮਾ ਨੂੰ ਜਾਣ ਲੈਂਦਾ ਹੈ।

ਇਉਂ ਕਾਜ਼ੀ ਤੇ ਪੰਡਿਤ ਨਿਰੁੱਤਰ ਕੀਤੇ, ਸ਼ਰਮਿੰਦੇ ਹੋ ਕੇ ਘਰਾਂ ਨੂੰ ਚਲੇ ਗਏ, ਅਨੇਕਾਂ ਨੇ ਉਪਦੇਸ਼ ਕਮਾ ਕੇ ਆਪਣਾ ਜਨਮ ਸਫਲਾ ਕੀਤਾ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

## ੫੩.

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥**
**ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧॥** [ਅੰਗ—੭੨੮]
**ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥**

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਭਾਰਤ ਦੇ ਪੁਰਾਤਨ ਵਿਦਵਾਨਾਂ ਨੇ ਕਾਰਜਾਂ ਦੀ ਸਿੱਧੀ ਵਾਸਤੇ ਮਨੁੱਖੀ ਸਮਾਜ ਨੂੰ ਚਾਰ ਵਰਨਾਂ ਤੇ ਚਾਰ ਆਸ਼ਰਮਾਂ ਵਿਚ ਵੰਡਿਆ ਸੀ। ਸੰਨਿਆਸ ਨੂੰ ਹੀ ਪ੍ਰਧਾਨ ਮੰਨਿਆ ਸੀ ਕਿ ਸੰਨਿਆਸ ਧਾਰਨ ਕਰਕੇ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਗ੍ਰਿਹਸਤ ਆਸ਼ਰਮ ਨੂੰ ਬਾਕੀ ਆਸ਼ਰਮਾਂ ਨਾਲੋਂ ਮਾੜਾ ਤੇ ਗ਼ਲੀਜ਼ ਸਮਝ ਕੇ ਪ੍ਰਮਾਰਥ ਦੇ ਰਸਤੇ ਵਿਚ ਭਾਰੀ ਰੁਕਾਵਟ ਵਾਲਾ ਜਾਨਿਆ ਤੇ ਕਿਹਾ, "ਇਸ ਵਿਚ ਫਸੇ ਮਨੁੱਖ ਨੂੰ ਉੱਕਾ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੋ ਸਕਦੀ।" ਇਸੇ ਹੀ ਪ੍ਰੇਰਨਾ ਨੇ ਭਰਥਰੀ ਅਤੇ ਗੋਪੀਚੰਦ ਵਰਗੇ ਰਾਜਿਆਂ ਨੂੰ ਰਾਜ-ਭਾਗ ਦੇ ਸੁਖ ਤੋਂ ਵਾਂਝਾ ਕਰਕੇ ਕੰਨ ਪੜਵਾ ਕੇ, ਜੰਗਲਾਂ ਵਿਚ ਜਾਣ ਲਈ ਮਜ਼ਬੂਰ ਕਰ ਦਿੱਤਾ। ਬਨਵਾਸੀ ਬਣ ਕੇ ਗਲ ਵਿਚ ਖ਼ਫਨੀ, ਹੱਥ ਵਿਚ ਡੰਡਾ, ਮੋਢੇ ਤੇ ਝੋਲੀ ਪਾ ਕੇ ਭਿੱਖਿਆ ਮੰਗ-ਮੰਗ ਕੇ ਅਖ਼ੀਰ ਉਨ੍ਹਾਂ ਨੂੰ ਦੁਖੀ ਹੋ ਕੇ ਰੋਣਾ ਹੀ ਪਿਆ। ਯਥਾ :—

*'ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥'*

[ਰਾਮਕਲੀ ਕੀ ਵਾਰ, ਸਲੋਕੁ ਮਃ ੧, ਅੰਗ—੯੫੪]

ਮੰਦ ਵੈਰਾਗ ਜਾਂ ਕਾਰਨ ਵੈਰਾਗ ਦੀ ਹਾਲਤ ਵਿਚ ਘਰ ਤਿਆਗ ਕੇ ਜੰਗਲ ਦੇ ਫੁੱਲ-ਫਲ ਖਾਣ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਤਾਂ ਕੀ ਹੋਣੀ ਹੈ! ਸਗੋਂ ਵਿਕਾਰ ਵੀ ਨਹੀਂ ਮਿਟਦੇ। ਯਥਾ :—

*'ਗ੍ਰਿਹੁ ਤਜਿ ਬਨਖੰਡ ਜਾਈਐ ਚੁਨਿ ਖਾਈਐ ਕੰਦਾ॥*
*ਅਜਹੁ ਬਿਕਾਰੁ ਨ ਛੋਡਈ ਪਾਪੀ ਮਨੁ ਮੰਦਾ॥੧॥'*

[ਬਿਲਾਵਲੁ ਕਬੀਰ ਜੀ, ਅੰਗ—੮੫੫]

ਵਾਲੀ ਹਾਲਤ ਬਣੀ ਰਹਿੰਦੀ ਹੈ। ਬੇਅੰਤ ਐਸੇ ਰਿਖੀ, ਮੁਨੀ, ਸ੍ਰਿੰਗੀ ਰਿਖੀ, ਸੋਰਭ ਰਿਖੀ, ਜੈਮਨ ਮੁਖੀ, ਨਾਰਦ ਮੁਨੀ ਆਦਿ ਹੋਏ ਹਨ, ਜਿਨ੍ਹਾਂ ਨੂੰ ਮਨ ਦੀ ਐਸੀ ਅਵਸਥਾ ਹੋਣ ਕਰਕੇ ਪਛਤਾਉਣਾ ਹੀ ਪਿਆ। ਤਾਂ ਹੀ ਸਤਿਗੁਰੂ ਜੀ ਨੇ ਫ਼ੁਰਮਾਇਆ ਹੈ :—

*'ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥'*

[ਵਡਹੰਸੁ ਕੀ ਵਾਰ, ਸਲੋਕ ਮਃ ੩, ਅੰਗ—੫੮੭]

ਘਰ-ਬਾਰ ਨੂੰ ਛੱਡ ਕੇ ਜੰਗਲ ਵਿਚ ਜਾਣ ਦੀ ਤਾਂ ਲੋੜ ਹੈ, ਜੇਕਰ ਰੱਬ ਕਿਤੇ ਜੰਗਲ ਵਿਚ ਕੁਟੀਆ ਬਣਾਈ ਬੈਠਾ ਹੋਵੇ, ਜਦੋਂ ਕਿ ਉਸਨੂੰ ਸ਼ਬਦ ਵਿਚ ਸੁਰਤ ਜੋੜ ਕੇ ਅੰਦਰੋਂ ਹੀ ਪ੍ਰਾਪਤ ਕਰਨਾ ਹੈ ਤਾਂ ਫਿਰ ਬਾਹਰ ਜਾਣ ਦੀ ਕੀ ਲੋੜ ਹੈ ? ਏਸੇ ਲਈ ਤਾਂ ਜੰਗਲਾਂ ਵਿਚ ਭਟਕਣ ਨੂੰ ਭਗਤ ਫ਼ਰੀਦ ਜੀ ਨੇ ਨਿਰਾਰਥ ਕਿਹਾ ਹੈ। ਯਥਾ :—

੧. *'ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥'*

[ਸਲੋਕ ਸੇਖ ਫਰੀਦ, ਅੰਗ—੧੩੭੮]

੨. *'ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥'*

[ਧਨਾਸਰੀ ਮਹਲਾ ੯, ਅੰਗ—੬੮੪]

ਹਉਮੈ ਦੀ ਨਵਿਰਤੀ ਹੋਣ ਅਤੇ ਨਾਮ ਦੇ ਹਿਰਦੇ ਵਿਚ ਵੱਸਣ ਤੋਂ ਹੀ ਉਸਦੀ ਪ੍ਰਾਪਤੀ ਹੋਣੀ ਹੈ। ਯਥਾ :—

*'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥'*

[ਵਡਹੰਸੁ ਮਹਲਾ ੩, ਅੰਗ—੫੬੦]

ਜਦੋਂ :—

*'ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥'*

[ਸਿਰੀ ਰਾਗੁ ਮਹਲਾ ੧, ਅੰਗ—੧੫]

ਇਤਿਆਦਿਕ ਬਾਹਰਲੇ ਸਾਰੇ ਰਸਾਂ ਤੋਂ ਨਿਰਾਸ ਹੋਣ ਕਰਕੇ ਵਾਹਿਗੁਰੂ ਨਾਮ ਰਿਦੇ ਵਿਚ ਵੱਸ ਕੇ ਪ੍ਰਕਾਸ਼ ਕਰੇਗਾ, ਉਦੋਂ ਅੰਦਰੋਂ ਹੀ ਪ੍ਰਮੇਸ਼ਰ ਸਾਖਿਆਤ ਹੋ ਜਾਵੇਗਾ। ਇਸ ਲਈ ਲੋੜ ਹੈ ਰਸਾਂ ਤੋਂ ਨਿਰਲੇਪ ਰਹਿ ਕੇ ਮਨ ਵਿਚ ਨਾਮ ਵਸਾਉਣ ਦੀ, ਨਾ ਕਿ ਜੰਗਲਾਂ ਵਿਚ ਐਵੇਂ ਭਟਕਣ ਦੀ। ਏਸੇ ਕਰਕੇ ਹੀ ਸਤਿਗੁਰੂ ਜੀ :—

*'ਘਰਬਾਰੀ ਹੋਇ ਵਰਤਿਆ ਘਰਬਾਰੀ ਸਿਖ ਪੈਰੀ ਪਾਇਆ।'*

[ਭਾਈ ਗੁਰਦਾਸ ਜੀ, ਵਾਰ-੬, ਪਉੜੀ-੨]

ਆਪ ਨਿਰਲੇਪ ਰਹੇ ਅਤੇ ਗੁਰਸਿੱਖਾਂ ਨੂੰ ਵੀ ਘਰ ਵਿਚ ਹੀ ਰਹਿ ਕੇ ਨਿਰਲੇਪ ਰਹਿਣ ਦਾ ਉਪਦੇਸ਼ ਬਖ਼ਸ਼ਿਆ ਅਤੇ ਕਿਹਾ :—

*'ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥*
*ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥੬੪॥'*

[ਸਲੋਕ ਮਹਲਾ ੩, ਅੰਗ—੧੪੨੦-੨੧]

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜਦ ਸੁਮੇਰ ਪਰਬਤ 'ਤੇ ਸਿੱਧਾਂ ਨੇ ਗੋਸ਼ਟਿ ਕੀਤੀ ਤਾਂ ਭੰਗਰਨਾਥ ਨੇ ਕਿਹਾ :—

*'ਪੁਛੇ ਜੋਗੀ ਭੰਗਰ ਨਾਥੁ ਤੁਹਿ ਦੁਧ ਵਿਚਿ ਕਿਉਂ ਕਾਂਜੀ ਪਾਈ।'*

ਭੰਗਰ ਨਾਥ ਜੋਗੀ ਪੁੱਛਣ ਲੱਗਾ, "ਤੂੰ ਦੁੱਧ ਵਿਚ ਕਾਂਜੀ ਕਿਉਂ ਪਾ ਦਿੱਤੀ ਹੈ?"

*'ਫਿਟਿਆ ਚਾਟਾ ਦੁਧ ਦਾ ਰਿੜਕਿਆਂ ਮਖਣੁ ਹਥਿ ਨ ਆਈ।'*

ਹੁਣ ਤਾਂ ਦੁੱਧ ਦਾ ਮਟਕਾ ਫਿੱਟ ਗਿਆ ਹੈ, ਰਿੜਕਣ ਨਾਲ ਮੱਖਣ ਕੀ ਨਿਕਲਣਾ ਹੈ! ਭਾਵ ਸੰਨਿਆਸ ਦੇ ਚਾਟੇ ਵਿਚ ਸੰਸਾਰੀ ਰੀਤ ਦੀ ਕਾਂਜੀ ਪਾ ਦਿੱਤੀ ਹੈ, ਹੁਣ ਗਿਆਨ ਰੂਪ ਮੱਖਣ ਨਹੀਂ ਨਿਕਲੇਗਾ ਅਤੇ ਨਾ ਹੀ ਮੁਕਤੀ ਹੋਵੇਗੀ।

*'ਭੇਖੁ ਉਤਾਰਿ ਉਦਾਸਿ ਦਾ ਵਤਿ ਕਿਉਂ ਸੰਸਾਰੀ ਰੀਤਿ ਚਲਾਈ।'*

ਉਦਾਸੀ ਭੇਖ ਲਾਹ ਕੇ ਤੂੰ ਫਿਰ ਕਿਉਂ ਸੰਸਾਰ ਦੀ ਰੀਤ ਚਲਾ ਦਿੱਤੀ ਹੈ?

*'ਨਾਨਕ ਆਖੇ ਭੰਗਰਨਾਥ ਤੇਰੀ ਮਾਉ ਕੁਚਜੀ ਆਹੀ।'*

ਤਾਂ ਅੱਗੋਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ, ਹੇ ਭੰਗਰ ਨਾਥ! ਤੇਰੀ ਮਾਂ ਕੁਚੱਜੀ ਸੀ, ਅਥਵਾ :—ਤੇਰੀ ਬੁੱਧੀ ਖ਼ਰਾਬ ਹੈ।

*'ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।'*

ਉਸਨੇ ਰਿਦੇ ਦਾ ਭਾਂਡਾ ਧੋ ਨਹੀਂ ਜਾਤਾ, ਭੇਖ ਰੂਪ ਕੁਚੱਜੇ ਭਾਉ ਨਾਲ ਦੁੱਧ ਨੂੰ ਸਾੜ ਬੈਠੀ ਹੈ।

ਕੁੱਚਜਾ ਭਾਵ ਕੀ ਹੈ? ਅੱਗੇ ਦੱਸ ਰਹੇ ਹਨ :—

*'ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨ ਕੇ ਘਰਿ ਮੰਗਣਿ ਜਾਈ।'*

ਵਿਰੱਕਤ ਹੋ ਕੇ ਗ੍ਰਿਹਸਤ ਨੂੰ ਛੱਡ ਕੇ, ਫਿਰ ਉਨ੍ਹਾਂ ਸੰਸਾਰੀਆਂ ਦੇ ਘਰ ਮੰਗਣ ਚੜ੍ਹ ਪੈਂਦੇ ਹੋ, ਤੇ ਮੂੰਹ ਨਾਲ ਗ੍ਰਿਹਸਤੀਆਂ ਦੀ ਨਿੰਦਾ ਕਰਦੇ ਹੋ।

*'ਬਿਨ ਦਿਤੇ ਕਛੁ ਹਥਿ ਨ ਆਈ ॥੪੦॥'*

ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਦਿੱਤੇ ਤੋਂ ਬਿਨਾਂ ਕਿਸੇ ਨੂੰ ਕੁਛ ਨਹੀਂ ਮਿਲਦਾ। ਯਥਾ :—

*'ਦਿਤਾ ਲਈਐ ਆਪਣਾ ਅਣਦਿਤਾ ਕਛੁ ਹਥਿ ਨ ਆਵੈ।'*

[ਭਾਈ ਗੁਰਦਾਸ ਜੀ, ਵਾਰ-੧, ਪਉੜੀ-੪੭]

ਤੁਸਾਂ ਪਿੱਛੇ ਕੁਝ ਦਾਨ ਨਹੀਂ ਕੀਤਾ, ਏਸੇ ਲਈ ਤਾਂ ਘਰ-ਘਰ ਹੱਥ ਅੱਡਦੇ ਫਿਰਦੇ ਹੋ।

ਅਗਿਆਨ ਦਾ ਬੜਾ ਭਾਰੀ ਦੁਖ ਤਾਂ ਪੂਰਨ ਸਤਿਗੁਰਾਂ ਦੀ ਕਿਰਪਾ, ਨਾਮ ਰਸੀਏ ਤੱਤਬੇਤੇ ਗੁਰਸਿੱਖਾਂ ਦੀ ਸੰਗਤ ਦਾ ਮਿਲਾਪ ਅਤੇ ਗੁਰ-ਸ਼ਬਦ 'ਤੇ ਪੂਰਨ ਭਰੋਸਾ ਰੱਖਣ ਨਾਲ ਹੀ ਨਵਿਰਤ ਹੁੰਦਾ ਹੈ।

ਅੰਤਹਕਰਣ ਵਿਚ ਜਨਮਾਂ-ਜਨਮਾਤਰਾਂ ਦੇ ਸੰਸਕਾਰ ਭਰੇ ਪਏ ਹਨ। ਚਾਰ ਕਿਸਮ ਦੀਆਂ ਮੁਖ ਹਾਲਤਾਂ ਅੰਤਹਕਰਣ ਵਿਚ ਪਿਛਲੀਆਂ ਅਨੇਕ ਜੂਨਾਂ ਭੋਗਣ ਕਰਕੇ ਜਮ੍ਹਾਂ ਪਈਆਂ ਹਨ। ਇਹ ਸੰਸਕਾਰ ਚਾਰ ਹਿੱਸਿਆਂ ਵਿਚ ਵੰਡੇ ਜਾ ਸਕਦੇ ਹਨ :—

(ੳ) ਪਸ਼ੂ ਬਿਰਤੀ, (ਅ) ਭੂਤ ਬਿਰਤੀ, (ੲ) ਮਾਰ-ਪਾੜ ਖਾਣ ਵਾਲੇ ਸ਼ੇਰ, ਬਘਿਆੜ ਆਦਿਕ ਜਾਨਵਰਾਂ ਵਾਲੀ ਬਿਰਤੀ, (ਸ) ਵਲ-ਛਲ, ਕਪਟ, ਝੂਠ, ਠੱਗੀ-ਠੋਰੀ ਕਰਨ ਵਾਲੀ ਬਿਰਤੀ।

ਇਨ੍ਹਾਂ ਸਾਰੀਆਂ ਬਿਰਤੀਆਂ ਦੀ ਤਹਿ ਅੰਦਰ ਅੰਤਹਕਰਣ ਵਿਚ ਨਿਰਮਲ ਬਿਰਤੀ ਦਾ ਵੀ ਅਕਸ਼ (ਪ੍ਰਤੀਬਿੰਬ) ਰਹਿੰਦਾ ਹੈ। ਉਪਰੋਕਤ ਚਾਰ ਮੰਦ ਬਿਰਤੀਆਂ ਨਾਸਤਿਕਤਾ ਅਤੇ ਮਨਮੁਖਤਾਈ ਦਾ ਕਾਰਨ ਹਨ।

ਦੂਜਾ ਇਨ੍ਹਾਂ ਸੰਸਕਾਰਾਂ ਦੇ ਉਤਪੰਨ ਕੀਤੇ ਹੋਏ ਤਿੰਨ ਦੋਸ਼ ਆਦਮੀ ਨੂੰ ਪ੍ਰਮੇਸ਼ਰ ਨਾਮ ਮਿਲਣ ਵਿਚ ਬਹੁਤ ਹੀ ਵੱਡੀ ਰੁਕਾਵਟ ਹਨ। ਇਨ੍ਹਾਂ ਦੇ ਕ੍ਰਮਵਾਰ ਨਾਮ; ਮਲ, ਵਿਖੇਪ ਤੇ ਅਵਰਨ ਹਨ। ਇਨ੍ਹਾਂ ਦੋਸ਼ਾਂ ਨੂੰ ਦੂਰ ਕਰਨ ਲਈ ਨਾ ਤਾਂ ਦੁਨਿਆਵੀ ਵਿਦਿਆ ਅਤੇ ਨਾ ਹੀ ਦੁਨਿਆਵੀ, ਮਾਇਕ ਪਦਾਰਥ ਸਮਰੱਥ ਹਨ।

(ੳ) ਮਲ ਦੋਸ਼ ਹੋਣ ਕਰਕੇ ਆਦਮੀ ਦੇ ਮਨ ਵਿਚ ਅਨੇਕ ਕਿਸਮ ਦੇ ਵਿਸ਼ਿਆਂ ਦੀ ਇੱਛਾ ਬਣੀ ਰਹਿੰਦੀ ਹੈ। ਉਸਦੀ ਬਿਰਤੀ ਸਤਿਸੰਗ, ਨਾਮ-ਸਿਮਰਨ ਅਤੇ ਸਤਿ-ਸ਼ਾਸਤ੍ਰਾਂ ਦੀ ਵਿਚਾਰ ਕਰਨ ਵੱਲੋਂ ਪੂਰੀ ਤਰ੍ਹਾਂ ਅਸਮਰੱਥ ਰਹਿੰਦੀ ਹੈ।

(ਅ) ਵਿਖੇਪ ਦੋਸ਼ ਨਾਲ ਮਨ ਸਦਾ ਹੀ ਵਿਸ਼ਿਆਂ ਦੀ ਚਿਤਵਨੀ ਵਿਚ, ਜਗਤ ਦੇ ਵਿਵਹਾਰ

ਸਿੱਧ ਕਰਨ ਦੀ ਚਿੰਤਾ ਵਿਚ, ਮਾਇਕ ਪਦਾਰਥ ਅਤੇ ਮਾਇਕ ਭੋਗ ਪ੍ਰਾਪਤ ਕਰਨ ਦੀ ਲਾਲਸਾ ਵਿਚ ਲੱਗਿਆ ਰਹਿਣ ਕਰਕੇ ਨਾਮ-ਬਾਣੀ ਵਿਚ ਸੁਰਤ ਨਹੀਂ ਲੱਗਦੀ।

(ੲ) ਅਵਰਨ ਦੋਸ਼ ਹੋਣ ਕਰਕੇ ਜਗਤ ਦੀ ਅਸਲੀਅਤ ਨੂੰ ਨਹੀਂ ਤੱਕ ਸਕਦਾ, ਜਿਵੇਂ ਅੱਖਾਂ ਵਿਚ ਮੋਤੀਏ ਪਏ ਵਾਲਾ ਮਨੁੱਖ ਕੋਲ ਪਈਆਂ ਚੀਜ਼ਾਂ ਨੂੰ ਵੀ ਨਹੀਂ ਵੇਖ ਸਕਦਾ। ਅਵਰਨ ਹੋਣ ਕਰਕੇ ਜੀਵ ਅਗਿਆਨ ਵਿਚ ਗ੍ਰਸਤ ਰਹਿੰਦਾ ਹੈ।

ਜਦੋਂ ਤੱਕ ਇਹ ਤਿੰਨ ਦੋਸ਼ ਨਵਿਰਤ ਨਹੀਂ ਹੁੰਦੇ, ਉਸ ਵੇਲੇ ਤੱਕ ਗਿਆਨ ਦਾ ਪ੍ਰਕਾਸ਼ ਪੂਰੀ ਤਰ੍ਹਾਂ ਅੰਤਹਕਰਣ ਵਿਚ ਲਿਸ਼ਕਾਰੇ ਨਹੀਂ ਮਾਰ ਸਕਦਾ ਅਤੇ ਜੀਵ ਜਨਮਾਂ-ਜਨਮਾਤਰਾਂ ਦੇ ਦੁਖਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਅੰਤਹਕਰਣ ਵਿਚਲੇ ਇਨ੍ਹਾਂ ਤਿੰਨਾਂ ਦੋਸ਼ਾਂ ਦੀ ਨਵਿਰਤੀ ਕਰਮ, ਉਪਾਸ਼ਨਾ ਅਤੇ ਗਿਆਨ ਤੋਂ ਹੀ ਹੁੰਦੀ ਹੈ। ਸ਼ੁਭ ਨਿਸ਼ਕਾਮ ਕਰਮ ਅੰਤਹਕਰਣ ਦੇ ਮਲ ਦੋਸ਼ ਨੂੰ ਦੂਰ ਕਰਦੇ ਹਨ। ਇਹ ਕਰਮ ਬਹੁਤ ਪ੍ਰਕਾਰ ਦੇ ਹਨ, ਪਰ ਇਥੇ ਤਿੰਨ ਪ੍ਰਕਾਰ ਦੇ ਕਰਮਾਂ ਦੀ ਵਿਸ਼ੇਸ਼ ਜ਼ਰੂਰਤ ਹੈ, ਇਨ੍ਹਾਂ ਵਿਚ ਪਹਿਲਾ ਨਿਤਨੇਮ ਕਰਮ ਹੈ, ਦੂਜਾ ਵਾਚ ਕਰਮ ਅਤੇ ਤੀਜਾ ਮਾਨਸ ਕਰਮ ਹੈ।

(ੳ) **ਨਿਤਨੇਮ ਕਰਮ :**—ਇਸ ਕਰਮ ਵਿਚ ਗੁਰੂ ਮਹਾਰਾਜ ਦਾ ਜੋ ਫ਼ੁਰਮਾਨ ਹੈ ਕਿ :—

*'ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥'*

[ਸੋਰਠਿ ਮਹਲਾ ੫, ਅੰਗ—੬੧੧]

ਇਹ ਬਹੁਤ ਜ਼ਰੂਰੀ ਹੈ। ਸਰੀਰ ਦੀ ਸਫ਼ਾਈ, ਦਾਤਨ ਆਦਿਕ ਕਰਨੀ, ਚੰਗੀ ਤਰ੍ਹਾਂ ਜਲ ਨਾਲ ਇਸ਼ਨਾਨ ਕਰਨਾ, ਘੱਟ ਤੋਂ ਘੱਟ ਪੰਜ ਬਾਣੀਆਂ ਦਾ ਨਿਤਨੇਮ ਕਰਨਾ, ਗੁਰਧਾਮਾਂ ਦੀ ਸ਼ਰਧਾ ਨਾਲ ਯਾਤਰਾ ਕਰਨੀ ਬਹੁਤ ਜ਼ਰੂਰੀ ਹੈ।

(ਅ) **ਵਾਚਕ ਕਰਮ :**—ਵੱਧ ਤੋਂ ਵੱਧ ਬਾਣੀ ਦਾ ਪਾਠ ਅਤੇ ਮੂਲਮੰਤ੍ਰ-ਗੁਰਮੰਤ੍ਰ ਦਾ ਸਿਮਰਨ ਕਰਨਾ। ਬਾਣੀ ਦਾ ਕੀਰਤਨ ਕਰਨਾ, ਸੱਚੇ ਤੇ ਮਿੱਠੇ ਬਚਨ ਬੋਲਣੇ ਵਾਚਕ ਕਰਮ ਹਨ।

(ੲ) **ਮਾਨਸ ਕਰਮ :**—ਨਿਰੰਕਾਰ ਦਾ ਸਰੂਪ ਜਾਣ ਕੇ ਸਾਰੇ ਜੀਵਾਂ 'ਤੇ ਦਇਆ ਕਰਨੀ, ਭਾਵ ਤਨ, ਮਨ, ਧਨ ਕਰਕੇ ਦੁਖੀ ਜੀਵਾਂ ਨੂੰ ਸੁਖ ਪਹੁੰਚਾਉਣ ਦਾ ਯਥਾਸ਼ਕਤ ਯਤਨ ਕਰਦੇ ਰਹਿਣਾ ਅਤੇ ਮਨ ਨੂੰ ਭੈੜੇ ਸੰਕਲਪਾਂ ਵੱਲੋਂ ਰੋਕ ਕੇ ਰੱਖਣਾ। ਇਸ ਤੋਂ ਇਲਾਵਾ ਸੁਭਾਅ ਵਿਚ ਕਾਹਲਾਪਨ ਨਾ ਆਉਣ ਦੇਣਾ, ਧੀਰਜ ਰੱਖਣਾ।

## ਸਾਖੀ : ਧੀਰਜੁ ਸੁਨਿਆਰੁ ॥

ਦੱਸਦੇ ਹਨ ਕਿ ਜੋ ਪ੍ਰਸਿੱਧ ਸਾਇੰਸਦਾਨ ਨਿਊਟਨ ਹੋਇਆ ਹੈ, ਉਸਨੇ ਕਈ ਸਾਲ ਖੋਜ ਕਰਨ ਉਪਰੰਤ ਆਪਣਾ ਰਿਕਾਰਡ ਆਪਣੇ ਮੇਜ਼ 'ਤੇ ਰੱਖਿਆ ਹੋਇਆ ਸੀ, ਮੋਮਬੱਤੀ ਦੇ ਚਾਨਣ ਵਿਚ ਲਿਖ ਰਿਹਾ ਸੀ। ਕਿਸੇ ਕੰਮ ਲਈ ਉੱਠ ਕੇ ਦੂਜੇ ਕਮਰੇ ਵਿਚ ਚਲਿਆ ਗਿਆ ਤਾਂ ਉਸਦੀ ਬਿੱਲੀ ਨੇ ਮੇਜ਼ 'ਤੇ ਛਾਲ ਮਾਰੀ ਤਾਂ ਮੇਜ਼ 'ਤੇ ਪਈ ਮੋਮਬੱਤੀ ਡਿੱਗ ਪਈ, ਮੋਮਬੱਤੀ ਨਾਲ ਕਈ ਸਾਲਾਂ ਦੀ ਕੀਤੀ ਹੋਈ ਮਿਹਨਤ ਵਾਲੇ ਕਾਗਜ਼ਾਂ ਨੂੰ ਅੱਗ ਲੱਗ ਗਈ।

ਜਦੋਂ ਨਿਊਟਨ ਆਇਆ ਤਾਂ ਸਾਰੇ ਕਾਗਜ਼ਾਤ ਸੜ ਚੁੱਕੇ ਸਨ ਅਤੇ ਬਿੱਲੀ ਡਰ ਕਾਰਨ ਸਹਿਮੀ ਹੋਈ ਬੈਠੀ ਸੀ। ਨਿਊਟਨ ਆਪਣੀ ਬਿੱਲੀ ਨੂੰ ਗੋਦ ਵਿਚ ਲੈ ਕੇ ਪਿਆਰ ਦਿੰਦਿਆਂ ਕਹਿਣ ਲੱਗਾ, "ਤੈਨੂੰ ਕੀ ਪਤਾ ਸੀ ਕਿ ਤੇਰੇ ਮਾਲਕ ਨੇ ਕਿੰਨੀ ਮਿਹਨਤ ਕਰਕੇ ਵਿਗਿਆਨਕ ਤੱਥ ਇਕੱਤ੍ਰ ਕੀਤੇ ਸਨ ਅਤੇ ਨਾ ਹੀ ਤੂੰ ਇਹ ਜਾਣਦੀ ਸੀ ਕਿ ਤੇਰੇ ਮਾਲਕ ਨੂੰ ਇਨ੍ਹਾਂ ਕਾਗਜ਼ਾਂ ਦੇ ਸੜਨ ਉਪਰੰਤ ਕਿੰਨਾ ਦੁਖ ਹੋਵੇਗਾ। ਫਿਰ ਕੀ ਹੋਇਆ! ਤੂੰ ਫ਼ਿਕਰ ਨਾ ਕਰ ਅਤੇ ਨਾ ਹੀ ਡਰ ਕੇ ਸਹਿਮ! ਮੈਂ ਤੈਨੂੰ ਕੁਝ ਨਹੀਂ ਕਹਾਂਗਾ! ਸਗੋਂ ਦੁਬਾਰਾ ਮਿਹਨਤ ਕਰਕੇ, ਸਾਰੇ ਤੱਥ ਫਿਰ ਇਕੱਠੇ ਕਰ ਲਵਾਂਗਾ।" ਇਉਂ ਕਹਿੰਦਾ ਬਿੱਲੀ ਨੂੰ ਪਲੋਸਦਾ ਰਿਹਾ ਤੇ ਪਿਆਰ ਦਿੰਦਾ ਰਿਹਾ, ਆਪਣੇ ਧੀਰਜ ਨੂੰ ਨਹੀਂ ਗਵਾਇਆ।

ਸੰਤੋਖ ਵੀ ਮਾਨਸਿਕ ਕਰਮ ਹੈ, ਜਿਸ ਨਾਲ ਹਿਰਦੇ ਵਿਚ ਵਾਸ਼ਨਾਵਾਂ ਦਾ ਜਵਾਰਭਾਟਾ ਸਦਾ ਹੀ ਸੰਤੁਲਨ ਵਿਚ ਰਹਿੰਦਾ ਹੈ ਅਤੇ ਤ੍ਰਿਸ਼ਨਾਂ ਦੀ ਅੱਗ ਭੜਕ ਕੇ ਸ਼ਾਂਤੀ ਦਾ ਨਾਸ ਨਹੀਂ ਕਰਦੀ।

ਏਸੇ ਪ੍ਰਕਾਰ ਸੰਸਾਰ ਵਿਚ ਵਾਹਿਗੁਰੂ ਦਾ ਨਿਵਾਸ ਜਾਣ ਕੇ ਸਭ ਨਾਲ ਪ੍ਰੇਮ-ਪਿਆਰ ਦਾ ਵਰਤਾਰਾ ਰੱਖਣਾ, ਕਿਸੇ ਨਾਲ ਵੀ ਨਫ਼ਰਤ ਨਾ ਕਰਨੀ, ਵੈਰ-ਭਾਵ ਨਾ ਰੱਖਣਾ, ਕ੍ਰੋਧ ਕਰਕੇ ਉਸਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਨਾ ਕਰਨਾ, ਦੋਖ-ਦ੍ਰਿਸ਼ਟੀ ਦਾ ਤਿਆਗ ਕਰਨਾ।

ਇਨ੍ਹਾਂ ਤਿੰਨਾਂ ਕਰਮਾਂ ਨਾਲ ਮਲ ਦੋਸ਼ ਦੂਰ ਹੋ ਜਾਂਦਾ ਹੈ।

ਵਿਖੇਪ ਦੋਸ਼ ਕਰਕੇ ਮਨ ਥੋੜ੍ਹਾ ਸਮਾਂ ਵੀ ਨਹੀਂ ਟਿਕਦਾ, ਇਸਨੂੰ ਦੂਰ ਕਰਨ ਲਈ ਉਪਾਸ਼ਨਾ ਦਾ ਸਾਧਨ ਅਤਿਅੰਤ ਜ਼ਰੂਰੀ ਹੈ। ਉਪਾਸ਼ਨਾ ਵਿਚ ਗੁਰੂ ਰੂਪ ਦਾ ਸਾਕਾਰ ਧਿਆਨ ਜਾਂ ਗੁਰ-ਸ਼ਬਦ ਦੀ ਧੁਨ ਦਾ ਅਖੰਡ ਧਿਆਨ ਜਾਂ ਪ੍ਰਭੂ ਨੂੰ ਸਰਬ-ਵਿਆਪਕ ਜਾਣ ਕੇ ਪ੍ਰਭੂ ਦਾ ਧਿਆਨ ਕਰਨਾ ਬਹੁਤ ਹੀ ਜ਼ਰੂਰੀ ਹੈ। ਯਥਾ :—

੧. *'ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥'* [ਗੋਂਡ ਮਹਲਾ ੫, ਅੰਗ—੮੬੪]

੨. *'ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥'* [ਰਾਮਕਲੀ ਮਹਲਾ ੧, ਅੰਗ—੮੭੯]

ਸੋ, ਉਸ ਧੁਨ ਦੇ ਧਿਆਨ ਦੀ ਪ੍ਰਪੱਕਤਾ ਨਾਲ ਅੰਤਹਕਰਣ ਦੀ ਮੈਲ ਲੱਥ ਕੇ ਬਿਰਤੀ ਸ਼ਰਧਾਕਾਰ ਹੋ ਜਾਂਦੀ ਹੈ ਅਤੇ ਅੰਤਹਕਰਣ ਵਿਚ ਨਾਮ ਅੰਮ੍ਰਿਤ ਰਸ ਦੀ ਨਿੱਝਰ ਧਾਰ ਝਰਦੀ ਹੈ। ਇਸ ਨਾਲ ਵਿਖੇਪ ਦੋਸ਼ ਦੂਰ ਹੋ ਜਾਂਦਾ ਹੈ।

ਤੀਜੇ ਅਵਰਨ ਦੋਸ਼ ਦੀ ਨਵਿਰਤੀ ਵਾਸਤੇ ਸਤਿਸੰਗਤ ਰਾਹੀਂ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਬਚਨਾਂ ਨੂੰ ਹਿਰਦੇ ਵਿਚ ਧਾਰਨ ਕਰਨਾ ਅਤੇ ਇਸਦੀ ਪ੍ਰਪੱਕਤਾ ਦੇ ਯਤਨ ਕਰਨੇ। ਇਸ ਨਾਲ ਗਿਆਨ ਦਾ ਝਲਕਾਰਾ ਵੱਜਦਾ ਹੈ ਤੇ ਜਦੋਂ ਗਿਆਨ ਦਾ ਪ੍ਰਕਾਸ਼ ਅੰਤਹ-ਕਰਣ ਵਿਚ ਪ੍ਰਗਟ ਹੋ ਜਾਵੇ ਤਾਂ ਤੀਜਾ ਅਵਰਨ ਦੋਸ਼ ਵੀ ਨਵਿਰਤ ਹੋ ਜਾਂਦਾ ਹੈ। ਯਥਾ :—

੧. *'ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥*
*ਸਿਰੀ ਗੁਰੂ ਸਾਹਿਬੁ ਸਭ ਊਪਰਿ ਮਨ ਬਚ ਕ੍ਰੰਮ ਸੇਵੀਐ ਸਚਾ ॥੫॥'*
[ਸਵਈਏ ਮਹਲੇ ਚਉਥੇ ਕੇ, ਗਯੰਦ ਭੱਟ, ਅੰਗ—੧੪੦੨]

੨. *'ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥*
*ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥'*
[ਜੈਤਸਰੀ ਮਹਲਾ ੪, ਅੰਗ—੬੯੮]

**ਉਥਾਨਕਾ** :—ਇਕ ਸਿੱਖ ਨੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਹੇ ਸਤਿਗੁਰੂ ਜੀ! ਹਿਰਦੇ ਵਿਚ ਗੁਰ-ਉਪਦੇਸ਼ ਕਿਉਂ ਨਹੀਂ ਠਹਿਰਦਾ ?" ਤਾਂ ਸਤਿਗੁਰਾਂ ਕਿਹਾ, "ਅੰਤਹਕਰਣ ਵਿਚ ਤਿੰਨ ਦੋਸ਼ ਹਨ; ੧. ਮਲ, ੨. ਵਿਖੇਪ, ੩. ਅਵਰਨ, ਇਸ ਕਰਕੇ ਨਹੀਂ ਠਹਿਰਦਾ।" ਸਿੱਖ ਨੇ ਪੁੱਛਿਆ, "ਜੀ! ਇਹ ਦੋਸ਼ ਫਿਰ ਕਿਵੇਂ ਨਵਿਰਤ ਹੋਣ।" ਤਾਂ ਇਹ ਸੁਣ ਕੇ ਸਤਿਗੁਰੂ ਜੀ ਦੁੱਧ ਜਮਾਉਣ ਦੇ ਤਰੀਕੇ ਨੂੰ ਮੁਖ ਰੱਖ ਕੇ ਉਪਦੇਸ਼ ਦਿੰਦੇ ਹਨ। ਭਾਰਤੀ ਪੁਰਾਤਨ ਲੋਕ ਦੁੱਧ ਜਮਾਉਣ ਵੇਲੇ, ਪਹਿਲਾਂ ਭਾਂਡੇ ਨੂੰ ਧੂਪ ਦੇ ਕੇ ਸੁਗੰਧਿਤ ਕਰਦੇ ਸਨ, ਫਿਰ ਭਾਂਡੇ ਵਿਚ ਦੁੱਧ ਪਾ ਕੇ ਜਮਾਉਂਦੇ ਸਨ। ਏਸੇ ਤਰ੍ਹਾਂ ਹੀ :—

**ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥**

ਪਹਿਲਾਂ ਅੰਤਹਕਰਣ ਰੂਪ ਭਾਂਡੇ ਨੂੰ ਧੋਣਾ ਕਰੋ, ਅਰਥਾਤ ਨਿਸ਼ਕਾਮ ਕਰਮ ਕਰਕੇ ਮਲ ਦੋਸ਼ ਦੂਰ ਕਰੋ, ਉਪਾਸ਼ਨਾ ਕਰਕੇ ਵਿਖੇਪ ਦੋਸ਼ ਦੂਰ ਕਰੋ, ਬ੍ਰਹਮਗਿਆਨ ਦੁਆਰਾ

ਅਵਰਨ ਦੋਸ਼ ਦੂਰ ਕਰੋ, **ਬੈਸਿ** = ਸ਼ੁਭ ਵਾਸ਼ਨਾ ਧਾਰਨ ਰੂਪ ਧੂਪ ਧੁਖਾਵੇ, ਵਾ :—ਸ਼ੁਭ ਗੁਣਾਂ ਵਿਚ **ਬੈਸਿ** = ਬੈਠਣ ਰੂਪ, ਭਾਵ ਸ਼ੁਭ ਗੁਣ ਧਾਰਨ ਰੂਪ ਧੂਪ ਧੁਖਾਵੇ, ਤਾਂ ਫਿਰ ਗੁਰ-ਉਪਦੇਸ਼ ਰੂਪ ਦੁੱਧ ਨੂੰ ਲੈਣ ਜਾਵੇ।

ਅਗਲੀ ਪੰਗਤੀ ਵਿਚ ਹਜ਼ੂਰ ਉਪਰੋਕਤ ਵਿਚਾਰ ਨੂੰ ਫਿਰ ਸਪੱਸ਼ਟ ਕਰਦੇ ਹਨ :—

**ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥**

ਗੁਰ-ਉਪਦੇਸ਼ ਦਾ ਸ੍ਰਵਣ ਕਰਨ ਰੂਪ ਜੋ ਕਰਮ ਹੈ, ਇਹ ਦੁੱਧ ਹੈ।

ਕਰਮ ਉਸਨੂੰ ਕਹਿੰਦੇ ਹਨ, ਜੋ ਕਰਨ ਵਿਚ ਆਵੇ। ਵਿਦਵਾਨਾਂ ਨੇ ਕਰਮ ਦੋ ਪ੍ਰਕਾਰ ਦੇ ਲਿਖੇ ਹਨ :—

(ੳ) **ਵਿਹਤ ਕਰਮ** :—ਉਹ ਕਰਮ ਜਿਸਦੇ ਕਰਨ ਦੀ ਗੁਰੂ ਤੇ ਸ਼ਾਸਤ੍ਰ ਨੇ ਆਗਿਆ ਕੀਤੀ ਹੈ, ਭਾਵ ਸ਼ੁਭ ਕਰਮ। ਇਹ ਕਰਮ ਅੱਗੋਂ ਪੰਜ ਪ੍ਰਕਾਰ ਦੇ ਹਨ :—

੧. *ਨਿੱਤ ਕਰਮ* :—ਉਹ ਸ਼ੁਭ ਕਰਮ ਜੋ ਹਰ ਰੋਜ਼ ਕੀਤਾ ਜਾਵੇ। ਯਥਾ :—

*'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥'*

[ਗਉੜੀ ਕੀ ਵਾਰ ਮਹਲਾ ੪, ਅੰਗ—੩੦੫]

੨. *ਨਮਿੱਤ ਕਰਮ* :—ਉਹ ਸ਼ੁਭ ਕਰਮ ਜੋ ਕਿਸੇ ਗੁਰਪੁਰਬ ਜਾਂ ਕਿਸੇ ਖ਼ਾਸ ਸਮੇਂ 'ਤੇ ਕਿਸੇ ਖ਼ਾਸ ਕਾਰਨ ਨੂੰ ਲੈ ਕੇ ਕੀਤਾ ਜਾਵੇ। ਯਥਾ :—

*'ਕੁਰਬਾਣੀ ਤਿਨਾ ਗੁਰਸਿਖਾ ਭਾਇ ਭਗਤਿ ਗੁਰਪੁਰਬ ਕਰੰਦੇ।'*

[ਭਾਈ ਗੁਰਦਾਸ ਜੀ, ਵਾਰ-੧੨, ਪਉੜੀ-੨]

੩. *ਸਕਾਮ ਕਰਮ* :—ਜਿਹੜੇ ਕਰਮ ਕਿਸੇ ਕਾਮਨਾ ਨੂੰ ਲੈ ਕੇ ਕੀਤੇ ਜਾਣ। ਜਿਵੇਂ ਸ੍ਰੀ ਅਖੰਡ ਪਾਠ, ਸਹਿਜ ਪਾਠ, ਕੀਰਤਨ, ਲੰਗਰ, ਜਾਪ, ਪੁੰਨ, ਦਾਨ ਆਦਿ।

੪. *ਨਿਸ਼ਕਾਮ ਕਰਮ* :—ਗੁਰੂ ਜਾਂ ਪ੍ਰਮੇਸ਼ਰ ਦੀ ਪ੍ਰਸੰਨਤਾ ਲਈ ਕਰਮ ਕਰਨਾ। ਯਥਾ :—

*'ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥'*

[ਗਉੜੀ ਸੁਖਮਨੀ ਮਃ ੫, ਅੰਗ—੨੮੬-੮੭]

੫. *ਪ੍ਰਾਸ਼ਚਿਤ ਕਰਮ* :—ਆਪਣੀ ਕੀਤੀ ਭੁੱਲ ਜਾਂ ਕੁਰਹਿਤ ਦੀ ਮੁਆਫ਼ੀ ਹਿਤ ਲੱਗੀ ਤਨਖ਼ਾਹ ਜਾਂ ਪਾਪ ਲਈ ਪੁੰਨ ਕਰਨਾ।

(ਅ) **ਅਵਿਹਤ ਕਰਮ** :—ਉਹ ਕਰਮ ਜਿਸਦੇ ਕਰਨ ਦੀ ਗੁਰੂ ਤੇ ਸ਼ਾਸਤ੍ਰ ਨੇ ਮਨਾਹੀ ਕੀਤੀ ਹੈ, ਭਾਵ ਅਸ਼ੁਭ ਕਰਮ—ਚਾਰ ਕੁਰਹਿਤਾਂ, ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਅਧੀਨ ਕੀਤੇ ਕਰਮ ਅਸ਼ੁਭ ਹਨ। ਚੁਗਲੀ, ਈਰਖਾ, ਦ੍ਵੈਸ਼, ਆਸਾ, ਤ੍ਰਿਸ਼ਨਾ ਆਦਿ ਅਉਗਣ ਸਾਰੇ ਹੀ ਅਵਿਹਤ ਕਰਮ ਹਨ।

ਗੁਰੂ ਸਾਹਿਬ ਗੁਰਬਾਣੀ ਰਾਹੀਂ ਸ਼ੁਭ ਕਰਮ ਕਰਨ ਅਤੇ ਅਸ਼ੁਭ ਕਰਮ ਕਰਨ ਤੋਂ ਰੋਕਣ ਲਈ ਇਸ ਪ੍ਰਕਾਰ ਉਪਦੇਸ਼ ਬਖ਼ਸ਼ਦੇ ਹਨ :—

੧. *'ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥'*

[ਆਸਾ ਦੀ ਵਾਰ ਮਹਲਾ ੧, ਅੰਗ—੪੭੪]

੨. *'ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥'* [ਆਸਾ ਮਹਲਾ ੫, ਅੰਗ—੩੯੭]

ਕਲਗੀਧਰ ਜੀ ਨੇ ਵਾਹਿਗੁਰੂ ਪਾਸੋਂ ਏਹੀ ਵਰਦਾਨ ਮੰਗਿਆ ਹੈ ਕਿ ਮੈਂ ਸ਼ੁਭ ਕਰਮ ਕਰਨ ਵੱਲੋਂ ਕਦੀ ਵੀ ਨਾ ਟਲਾਂ। ਯਥਾ :—

*'ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ ॥'*

[ਦਸਮ, ਅੰਗ—੯੯]

ਕਿਉਂਕਿ :—

*'ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥'*

[ਸਿਰੀ ਰਾਗੁ ਮਹਲਾ ੧, ਅੰਗ—੧੫]

ਅਸਲ ਵਿਚ ਮਨੁੱਖ ਉਹੋ ਜਿਹਾ ਹੀ ਹੋ ਜਾਂਦਾ ਹੈ, ਜਿਹੋ-ਜਿਹੇ ਕਰਮ ਕਰਦਾ ਹੈ। ਯਥਾ :—

*'ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ ॥੩॥'*

[ਸਿਰੀ ਰਾਗੁ ਮਹਲਾ ੩, ਅੰਗ—੩੩]

ਮਨੁੱਖ ਸਰੀਰ ਇਕ ਧਰਤੀ ਦੀ ਤਰ੍ਹਾਂ ਹੈ, ਜਿਸ ਵਿਚ ਜਿਹੋ-ਜਿਹਾ ਕਰਮਾਂ ਰੂਪ ਬੀਜ ਕੋਈ ਬੀਜਦਾ ਹੈ, ਉਹੋ ਹੀ ਖਾਂਦਾ ਹੈ। ਯਥਾ :—

੧. *'ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥'*

[ਸਿਰੀ ਰਾਗੁ ਮਹਲਾ ੫, ਅੰਗ—੭੮]

੨. *'ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ*

[ਗਉੜੀ ਕੀ ਵਾਰ ਮਹਲਾ ੪, ਅੰਗ—੩੦

੩. *'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥'*

[ਬਾਰਹਮਾਹਾ ਮਾਂਝ ਮਹਲਾ ੫, ਅੰਗ—੧੩੪]

੪. *'ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥'*

[ਆਸਾ ਦੀ ਵਾਰ ਮਹਲਾ ੧, ਅੰਗ—੪੬੮]

੫. *'ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥'*

[ਸਲੋਕ ਸੇਖ ਫਰੀਦ, ਅੰਗ—੧੩੭੯]

ਮਨੁੱਖ ਦੇ ਕੀਤੇ ਹੋਏ ਚੰਗੇ-ਮਾੜੇ ਕਰਮ ਹੀ ਦਰਗਾਹ ਵਿਚ ਗਵਾਹ ਬਣ ਕੇ ਭੁਗਤਣਗੇ, ਇਸ ਲਈ ਸ਼ੁਭ ਕਰਮ ਕਰਨੇ ਚਾਹੀਦੇ ਹਨ। ਯਥਾ :—

*'ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥*
*ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥'*

[ਸਲੋਕ ਸੇਖ ਫਰੀਦ, ਅੰਗ—੧੩੮੩

ਮੰਦੇ ਅਮਲ ਕਰਨ ਵਾਲਿਆਂ ਨੂੰ ਕਪਾਹ, ਤਿਲ, ਕਮਾਦ, ਘੜੇ ਅਤੇ ਕੋਇਲਿਆਂ ਵਾਂਗ ਸਖ਼ਤ ਸਜ਼ਾਵਾਂ ਮਿਲਣਗੀਆਂ। ਯਥਾ :—

*'ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥*
*ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥*
*ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥'*

[ਸਲੋਕ ਸੇਖ ਫਰੀਦ, ਅੰਗ—੧੩੮

ਇਸ ਲਈ ਮੰਦੇ ਕੰਮਾਂ ਤੋਂ ਰੋਕਦੇ ਹੋਏ ਸਮਝਾ ਰਹੇ ਹਨ ਕਿ ਤੂੰ ਉਹ ਕੰਮ ਭੁਲਾ ਦੇ ਜਿਨ੍ਹਾਂ ਦਾ ਕੋਈ ਫਾਇਦਾ ਨਹੀਂ, ਜਿਨ੍ਹਾਂ ਕਰਕੇ ਤੈਨੂੰ ਪ੍ਰਲੋਕ 'ਚ ਸ਼ਰਮਿੰਦਾ ਹੋਣਾ ਪਵੇਗਾ। ਯਥਾ :—

*'ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥'*

[ਸਲੋਕ ਸੇਖ ਫਰੀਦ, ਅੰਗ—੧੩੮

ਇਉਂ ਗੁਰ-ਉਪਦੇਸ਼ ਦਾ ਸ੍ਵਨ ਕਰਨ ਰੂਪ ਜੋ ਕਰਮ ਹੈ, ਇਹ ਦੁੱਧ ਹੈ।

**ਫੁਨਿ ਸੁਰਤਿ ਸਮਾਇਣੁ** = ਪੁਨਾ **ਸੁਰਤਿ** = ਗਿਆਨ ਰੂਪ, ਵਾ :—ਸ੍ਰੇਸ਼ਟ ਪ੍ਰੀਤੀ ਕਰਨ ਰੂਪ **ਸਮਾਇਣੁ** = ਜਾਗ ਲਾਉਣਾ ਕਰੋ।

**ਹੋਇ ਨਿਰਾਸ ਜਮਾਵਹੁ** = ਪਦਾਰਥਾਂ ਦੀ ਪ੍ਰਾਪਤੀ ਦੀ ਇੱਛਾ ਤੋਂ ਰਹਿਤ ਹੋਣ ਰੂਪ ਦੁੱਧ ਨੂੰ ਜਮਾਉਣਾ ਕਰੋ ॥੧॥

ਜਦ ਪ੍ਰਤੱਖ ਦੁੱਧ ਨੂੰ ਜਮਾਈਦਾ ਹੈ ਤਾਂ ਕੁੱਤਿਆਂ, ਬਿੱਲੀਆਂ ਤੋਂ ਰਾਖੀ ਕਰਨੀ ਪੈਂਦੀ ਹੈ। ਇਸ ਤਰਫ਼ ਲੋਭ ਰੂਪ ਕੁੱਤਾ ਹੈ, ਲੋਭ ਦੀ ਬਿਰਤੀ ਰੂਪ ਬਿੱਲੀ ਹੈ, ਇਨ੍ਹਾਂ ਤੋਂ ਰੱਖਿਆ ਕਰਨ ਵਾਸਤੇ ਹੇ ਭਾਈ :—

## ਜਪਹੁ ਤ ਏਕੋ ਨਾਮਾ ॥

ਜਪਣਾ ਹੈ ਤਾਂ ਇਕ ਵਾਹਿਗੁਰੂ ਨਾਮ ਨੂੰ ਹੀ ਜਪਣਾ ਕਰੋ। ਯਥਾ :—

੧. *'ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥.....*
*ਮਨ ਰੁਤਿ ਨਾਮ ਰੇ ॥'* [ਬਸੰਤੁ ਮਹਲਾ ੫, ਅੰਗ—੧੧੮੫]

੨. *'ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥*
*ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥'*
[ਪ੍ਰਭਾਤੀ ਕਬੀਰ ਜੀ, ਅੰਗ—੧੩੪੯]

੩. *'ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥'*
[ਆਸਾ ਮਹਲਾ ੫, ਅੰਗ—੧੨]

## ਅਵਰਿ ਨਿਰਾਫਲ ਕਾਮਾ ॥੧॥ਰਹਾਉ॥

ਵਾਹਿਗੁਰੂ ਨਾਮ ਸਿਮਰਨ ਤੋਂ ਬਿਨਾਂ **ਅਵਰਿ** = ਹੋਰ ਸਾਰੇ ਕੰਮ **ਨਿਰਾਫਲ** = ਨਿਸਫਲ ਹਨ ॥੧॥ ਯਥਾ :—

੧. *'ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥*
*ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥'*
[ਆਸਾ ਮਹਲਾ ੫, ਅੰਗ—੪੦੧]

੨. *'ਦੋਹਰਾ ॥ ਨਿਰਗੁਨ ਸਰਗੁਨ ਨਾਮੁ ਜੋ ਵਾਹਿਗੁਰੂ ਤਿਨ ਮੇਰੁ ।*
*ਸਭ ਤੇ ਉਚਾ ਜਾਨੀਏ ਲੇਤਿ ਨ ਕੀਜੈ ਦੇਰਿ ॥੬੧॥'*

[ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ-੧, ਜਿਲਦ-੨, ਪੰਨਾ—੯੨]

੩. *'ਜੈਸੇ ਅਠਸਠਿ ਤੀਰਥ ਪਰਸ ਕੀਓ,*
*ਜੁਗਿ ਚਾਰ ਚਰਿਓ ਕੈਲਾਸ਼ ਰਹਿਓ ॥*
*ਜੈਸੇ ਲਾਖ ਬਾਰ ਕੁਰਛੇਤਰ ਮੇਂ,*
*ਅਸਮੇਧ ਜਗ ਅਭੰਗ ਠਇਓ ॥*
*ਜੈਸੇ ਕੋਟਿ ਬਰਸ ਤਪ ਉਰਧ ਮੁਖੀ,*
*ਬੈਸੰਤਰ ਮੇਂ ਤਨ ਦਾਹ ਦਇਓ ॥*
*ਫੁਨਿ ਅੰਮ੍ਰਿਤ ਨਾਮ ਵਿਸ਼ੇਸ਼ ਇਤੀ,*
*ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ ॥'*

### ਇਹੁ ਮਨੁ ਈਟੀ* ਹਾਥਿ ਕਰਹੁ, ਫੁਨਿ ਨੇਤ੍ਰਉ† ਨੀਦ ਨ ਆਵੈ ॥

ਬੁੱਧੀ ਰੂਪ ਚਾਟੀ, ਬਿਰਤੀ ਰੂਪ ਮਧਾਣੀ ਹੈ, ਮਨ ਚਿੱਤ ਨੂੰ ਆਪਣੇ **ਹਾਥਿ** = ਅਧੀਨ (ਵਸੀਕਾਰ) ਕਰਨਾ, ਇਹ **ਈਟੀ** = ਗੁੱਲੀਆਂ ਕਰੋ; ਪੁਨਾ ਪ੍ਰਤੱਖ ਭਜਨ-ਸਿਮਰਨ ਨਿਤਨੇਮ ਕਰਦਿਆਂ ਹੋਇਆਂ ਅੱਖਾਂ ਵਿਚ ਨੀਂਦ ਨਾ ਆਉਣੀ, ਅਥਵਾ :—ਮੋਹ ਰੂਪ, ਵਾ :—ਅਵਿਦਿਆ ਰੂਪ ਨੀਂਦ ਨਾ ਆਉਣੀ, ਏਹੀ **ਨੇਤ੍ਰਉ** = ਨੇਤ੍ਰਾ ਕਰੋ।

### ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥

ਜੋ ਰਸਨਾ ਨਾਲ ਨਾਮ ਜਪਣਾ ਹੈ, ਏਹੋ ਦਹੀਂ ਦਾ **ਮਥੀਐ** = ਰਿੜਕਣਾ ਹੈ, ਜਦ ਇਸ ਤਰ੍ਹਾਂ ਦੀ ਵਿਧੀ ਕਰੋਗੇ, ਤਦ ਮੌਤ ਤੋਂ ਰਹਿਤ ਕਰਨ ਵਾਲੇ ਗਿਆਨ ਰੂਪ **ਅੰਮ੍ਰਿਤੁ** = ਮੱਖਣ ਨੂੰ ਪਾਓਗੇ, ਵਾ :—ਆਤਮਿਕ ਅਨੰਦ ਰੂਪ **ਅੰਮ੍ਰਿਤੁ** = ਮੱਖਣ ਨੂੰ ਪਾਓਗੇ ॥੨॥

---

* ਲੱਕੜ ਦੀ ਗੁੱਲੀ ਜੋ ਪੰਜ ਕੁ ਇੰਚ ਲੰਬੀ, ਡੇਢ ਕੁ ਇੰਚ ਮੱਧ ਭਾਗ ਤੋਂ ਮੋਟੀ ਹੁੰਦੀ ਹੈ, ਉਸਨੂੰ ਈਟੀ ਆਖਦੇ ਹਨ।

† ਦਹੀਂ ਦੇ ਰਿੜਕਣ ਵਾਲੀ ਜੋ ਰੱਸੀ, ਜਿਸਨੂੰ ਨੇਤ੍ਰਾ ਕਹਿੰਦੇ ਹਨ, ਉਸਦੇ ਦੋਹਾਂ ਸਿਰਿਆਂ ਨਾਲ ਦੋ ਗੁੱਲੀਆਂ ਬੱਝੀਆਂ ਰਹਿੰਦੀਆਂ ਹਨ, ਦਹੀਂ ਰਿੜਕਣ ਵੇਲੇ ਦੋਹਾਂ ਈਟੀਆਂ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਨੇਤ੍ਰਾ ਮਧਾਣੀ ਨੂੰ ਲਪੇਟ ਕੇ ਘੁਮਾਈਦਾ ਹੈ, ਜਿਸ ਤੋਂ ਮੱਖਣ ਨਿਕਲਦਾ ਹੈ।

ਅਗਲੀ ਪੰਗਤੀ ਵਿਚ ਪੂਜਾ ਦੀ ਵਿਧੀ ਦੱਸਦੇ ਹਨ। ਪ੍ਰਤੱਖ ਠਾਕੁਰ ਪੂਜਨ ਕਰਨ ਵਾਲਾ ਇਕ ਡੱਬਾ ਹੁੰਦਾ ਹੈ। ਅੰਤ੍ਰੀਵ :—

**ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥**

ਮਨ ਨੂੰ ਜਿਹੜਾ ਜਿੱਤਣਾ ਹੈ ਇਹੋ **ਸੰਪਟੁ** = ਡੱਬਾ ਹੈ, ਜਿਵੇਂ ਪ੍ਰਤੱਖ ਇਸ਼ਨਾਨ ਕਰਦੇ ਹਨ, ਤਿਵੇਂ ਸਤ ਸੰਤੋਖ ਆਦਿਕ ਸ਼ੁਭ ਗੁਣਾਂ ਦਾ **ਸਰਿ** = ਸਰੋਵਰ ਜੋ ਸਤਸੰਗ, ਵਾ :—ਗੁਰੂ ਹਨ, ਉਸ ਵਿਚ ਇਸ਼ਨਾਨ ਕਰੇ; **ਭਾਵਨ** = ਭਾਵਨਾ (ਸ਼ਰਧਾ) ਰੂਪ ਤੁਲਸੀ ਦੇ **ਪਾਤੀ** = ਪੱਤਿਆਂ ਨਾਲ ਠਾਕੁਰ ਪੂਜਨ ਕਰਕੇ, ਠਾਕੁਰ ਨੂੰ **ਤ੍ਰਿਪਤਿ** = ਪ੍ਰਸੰਨ ਕਰੇ, ਵਾ :—ਆਪਣੇ ਮਨ ਨੂੰ ਪ੍ਰਸੰਨ ਕਰੇ।

**ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥**

ਜੇ ਪ੍ਰਾਣਾਂ ਦੇ ਅਰਪਣੇ ਰੂਪ ਪੂਜਾ ਕਰੇ ਤੇ ਸੇਵਕ ਬਣ ਕੇ ਸੇਵਾ ਕਰਦਾ ਰਹੇ, ਅਥਵਾ :—ਜੇ ਸੇਵਕ ਬਣ ਕੇ ਪ੍ਰਾਣਾਂ ਪ੍ਰਯੰਤ, ਭਾਵ ਅਖ਼ੀਰਲੇ ਸਵਾਸਾਂ ਤਕ ਸੇਵਾ ਕਰਨੇ ਰੂਪ ਪੂਜਾ ਕਰੇ, ਤਾਂ ਇਸ ਵਿਧੀ ਕਰਕੇ ਸਾਹਿਬ ਦੇ ਅਨੰਦ ਨੂੰ **ਰਵਤੁ ਰਹੈ** = ਭੋਗਦਾ ਰਹਿੰਦਾ ਹੈ।

**ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥**

ਕਹੇ ਹੋਏ ਪ੍ਰਸੰਗਾਂ ਨੂੰ ਜਿਹੜੇ ਪਿੱਛੇ ਕਹਿੰਦੇ ਸਨ, ਉਹ ਮਰ-ਖਪ ਗਏ ਹਨ; ਜਿਹੜੇ ਹੁਣ ਕਹਿੰਦੇ ਹਨ, ਉਹ ਮਰ-ਖਪ ਜਾਣਗੇ, ਅਥਵਾ :—ਜੋ ਪੁਰਸ਼ ਧਾਰਨਾ ਤੋਂ ਬਿਨਾਂ **ਕਹਦੇ ਕਹਹਿ** = ਵੇਦਾਂ-ਸ਼ਾਸਤ੍ਰਾਂ ਨੂੰ ਕਥਨ ਕਰਦੇ ਹਨ, ਉਹ ਕੇਵਲ ਮਾਇਆ ਦੀ ਪ੍ਰਾਪਤੀ ਵਾਸਤੇ ਹੀ ਕਹਿ-ਕਹਿ ਕੇ ਉੱਠ ਜਾਂਦੇ ਹਨ, ਅਥਵਾ :—ਇਹ ਜੀਵ ਕਹੇ ਹੋਏ ਜੋ **ਕਹਹਿ** = ਕਹਿਣ (ਪ੍ਰਸੰਗ) ਹਨ, ਕਹਿਣੇ ਵਾਲਾ ਹੋ ਕੇ ਉਨ੍ਹਾਂ ਦੇ ਕਹਿਣੇ ਵਿਚ ਜਾਂਦਾ ਹੈ, ਪਰ ਆਪ ਜੀ ਦੇ ਗੁਣ ਵਰਨਣ ਨਹੀਂ ਕਰ ਸਕਦਾ, ਕਿਉਂਕਿ ਆਪ **ਸਰਿ** = ਵਰਗਾ ਹੋਰ ਕੋਈ ਨਹੀਂ ਹੈ।

**ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥**

(ੳ) ਗੁਰੂ ਜੀ **ਜੰਪੈ** = ਉਚਾਰਦੇ ਹਨ, ਮੈਂ ਭਾਵੇਂ ਦੁਨੀਆਂ ਦੇ ਖ਼ਿਆਲ ਅੰਦਰ ਭਗਤੀ ਤੋਂ **ਹੀਣੁ** = ਰਹਿਤ ਹਾਂ, ਪਰ ਮਨ ਕਰਕੇ ਮੈਂ ਉਸ ਸੱਚੇ ਨੂੰ ਸਲਾਹੁੰਦਾ ਹਾਂ।

(ਅ) ਗੁਰੂ ਜੀ **ਜੰਪੈ** = ਉਚਾਰਦੇ ਹਨ, ਹੇ ਭਾਈ! ਤੁਸੀਂ ਇਸ ਤਰ੍ਹਾਂ ਕਹੋ ਕਿ ਹੇ ਪ੍ਰਭੂ! **ਹਉ** = ਮੈਂ ਭਗਤੀ ਆਦਿਕ ਗੁਣਾਂ ਤੋਂ ਰਹਿਤ ਹਾਂ, ਪਰ ਆਪ ਜੀ ਦਾ ਜੋ ਸੱਚਾ ਨਾਮ ਹੈ, ਉਸਨੂੰ ਮੈਂ ਸਲਾਹੁੰਦਾ ਹਾਂ ॥੪॥੧॥

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

## ੫੪.

**ਬਿਲਾਵਲੁ ਮਹਲਾ ੫ ॥** [ਅੰਗ—੮੦੯]

### ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸਾਜੀ ਨਿਵਾਜੀ ਗੁਰੂ ਰੂਪ ਖ਼ਾਲਸਾ ਸਾਧਸੰਗਤ ਜੀ! ਆਪ ਜੀ ਨੇ ਅੰਮ੍ਰਿਤ ਰੂਪ ਬਾਣੀ ਦਾ ਪਾਠ ਅਤੇ ਕੀਰਤਨ ਸੁਣ ਕੇ ਮਹਾਨ ਅਨੰਦ ਪ੍ਰਾਪਤ ਕੀਤਾ ਹੈ, ਹੁਣ ਆਏ ਸ੍ਰੀ ਮੁਖਵਾਕ ਦੀ ਕਥਾ ਵਿਚਾਰ ਸੁਣ ਕੇ ਲਾਹਾ ਪ੍ਰਾਪਤ ਕਰੀਏ।

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਸੋਮੇ, ਗੁਰਬਾਣੀ ਰਚਣਹਾਰ, ਜਿੰਨ੍ਹਾਂ ਨੇ ਸੰਸਾਰ ਦੀ ਕਲਿਆਣ ਲਈ ਆਪਣਾ ਅਵਤਾਰ ਧਾਰਨ ਕੀਤਾ ਹੈ, ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਜਿਨ੍ਹਾਂ ਦੀ ਮਹਿਮਾ ਭੱਟ ਇਸ ਤਰ੍ਹਾਂ ਕਥਨ ਕਰਦੇ ਹਨ:—

੧. *'ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥*
*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥*
*ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥*
*ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥*

[ਸਵਈਏ ਮਹਲੇ ਪੰਜਵੇ ਕੇ, ਮਥੁਰਾ ਭੱਟ, ਅੰਗ—੧੪੦੯]

੨. *'ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥*
*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ ॥੭॥'*

[ਸਵਈਏ ਮਹਲੇ ਪੰਜਵੇ ਕੇ, ਮਥੁਰਾ ਭੱਟ, ਅੰਗ—੧੪੦੯]

ਅੱਜ ਦੇ ਸ੍ਰੀ ਮੁਖਵਾਕ ਵਿਚ ਇਸ ਪ੍ਰਕਾਰ ਪਰਮ-ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ—

### ਪਿੰਗੁਲ ਪਰਬਤ ਪਾਰਿ ਪਰੇ

ਜਿਨ੍ਹਾਂ ਦੇ ਅੰਤ੍ਰੀਵ ਸਾਧਨਾਂ ਰੂਪ ਪੈਰ ਨਹੀਂ ਹਨ, ਅਥਵਾ:—ਨਿਸ਼ਕਾਮ ਕਰਮਾਂ ਰੂਪ ਚਰਨ ਨਹੀਂ ਹਨ, ਸਤਿਗੁਰਾਂ ਦੀ ਕਿਰਪਾ ਕਰਕੇ ਉਹ ਅਗਿਆਨ ਰੂਪ ਪਹਾੜ ਤੋਂ, ਵਾ— ਪੰਜਾਂ ਕੋਸ਼ਾਂ ਰੂਪ ਪਹਾੜਾਂ ਤੋਂ, ਵਾ:—ਸੰਸਾਰ ਰੂਪ ਪਹਾੜ ਤੋਂ **ਪਾਰਿ ਪਰੇ** = ਪਾਰ ਹੋ ਜਾਂਦੇ ਹਨ, ਵਾ:—ਜੋ ਪ੍ਰਤੱਖ ਪਿੰਗਲੇ ਹਨ, ਉਹ ਪ੍ਰਤੱਖ ਪਹਾੜਾਂ ਤੋਂ ਪਾਰ ਹੋਣ ਨੂੰ ਸਮਰੱਥ ਹੋ

ਜਾਂਦੇ ਹਨ। ਜਦੋਂ ਸਤਿਗੁਰੁ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੁਸ਼ਹਿਰੇ ਨਗਰ ਵਿਚ ਗਏ, ਉਥੇ ਇਕ ਪਿੰਗਲੇ ਦਾ ਪ੍ਰਤੱਖ ਪਿੰਗਲਾਪਨ ਦੂਰ ਕੀਤਾ ਸੀ।

## ਸਾਖੀ : ਸਹੁ ਸੁਹਾਗਣ ਦੀ

ਨੁਸ਼ਹਿਰੇ ਨਗਰ ਵਿਚ ਇਕ ਸਹੁ ਸੁਹਾਗਣ ਨਾਮੇ ਮੁਸਲਮਾਨ ਫ਼ਕੀਰ ਰਹਿੰਦਾ ਸੀ, ਜੋ ਇਸਤ੍ਰੀਆਂ ਵਰਗੇ ਬਸਤਰ ਅਤੇ ਟੂਮਾਂ ਪਾਇਆ ਕਰਦਾ ਸੀ, ਪਰ ਹੈ ਬਹੁਤ ਪਖੰਡੀ ਸੀ, ਸਤਿਗੁਰੂ ਜੀ ਉਸਨੂੰ ਸੁਮੱਤ ਬਖ਼ਸ਼ਣ ਵਾਸਤੇ ਉਸਦੇ ਆਸ਼ਰਮ 'ਤੇ ਗਏ। ਬੜਾ ਭਾਰੀ ਮੇਲਾ ਲੱਗਾ ਹੋਇਆ ਸੀ, ਮਿਲਣ ਲਈ ਮੁਰੀਦਾਂ ਨੂੰ ਕਿਹਾ, ਤਾਂ ਉਹਨਾਂ ਅੱਗੋਂ ਹਜ਼ੂਰ ਨੂੰ ਜੁਆਬ ਦੇ ਦਿੱਤਾ, "ਅੱਜ ਤਾਂ ਸਾਂਈਂ ਜੀ ਨੂੰ ਸਹੁ ਦੀ ਪ੍ਰਾਪਤੀ ਹੋਣੀ ਹੈ, ਉਹ ਨਹੀਂ ਮਿਲ ਸਕਦੇ।" ਸਤਿਗੁਰਾਂ ਕਿਹਾ, "ਚਲੋ ਭਾਈ ਬਾਲਾ ਤੇ ਮਰਦਾਨਾ ਜੀ! ਇਥੇ ਕੁਝ ਨਹੀਂ ਹੈ।" ਬੱਸ! ਸਤਿਗੁਰਾਂ ਦੇ ਪਿੱਠ ਕਰਨ ਦੀ ਹੀ ਦੇਰ ਸੀ ਕਿ ਮੇਲੇ ਵਿਚ ਲੜਾਈ ਹੋ ਪਈ, ਧੱਕਾ ਵੱਜਣ ਕਰਕੇ ਉਸਦੇ ਭੋਰੇ ਦੇ ਤਖ਼ਤੇ ਟੁੱਟ ਗਏ। ਅੰਦਰ ਕੁਕਰਮ ਕਰਦਾ ਵੇਖ ਕੇ ਲੋਕਾਂ ਨੇ ਸਹੁ ਸੁਹਾਗਣ ਨੂੰ ਬੜਾ ਕੁੱਟਿਆ ਅਤੇ ਡੇਰੇ ਦਾ ਸਾਰਾ ਸਾਜੋ-ਸਮਾਨ ਲੁੱਟ ਲਿਆ, ਅੱਗੋਂ ਵਾਸਤੇ ਮੇਲਾ ਲੱਗਣੋਂ ਹਟ ਗਿਆ।

ਕੁਝ ਸਮੇਂ ਬਾਅਦ ਸਤਿਗੁਰੁ ਜੀ ਉਸ ਨਗਰ ਵਿਚ ਫਿਰ ਆਏ, ਇਕ ਬਿਰਧ ਮਾਤਾ ਦੇ ਪ੍ਰੇਮ ਕਰਕੇ ਉਸਦੇ ਘਰ ਠਹਿਰੇ। ਉਥੇ ਇਕ ਰਿੜ੍ਹਦਾ-ਰਿੜ੍ਹਦਾ ਪਿੰਗਲਾ ਆ ਗਿਆ, ਨਮਸਕਾਰ ਕਰਕੇ ਬੇਨਤੀ ਕੀਤੀ, "ਮਹਾਰਾਜ ਜੀ! ਮੇਰੀਆਂ ਲੱਤਾਂ ਨਾ ਹੋਣ ਕਰਕੇ ਮੈਂ ਬਹੁਤ ਦੁਖੀ ਹਾਂ, ਕਿਰਪਾ ਕਰਕੇ ਲੱਤਾਂ ਬਖ਼ਸ਼ੋ।" ਤਾਂ ਸਤਿਗੁਰਾਂ ਨੇ ਮਿਹਰ ਕਰਕੇ ਉਸਦੀਆਂ ਲੱਤਾਂ ਸਾਬਤ ਕਰ ਦਿੱਤੀਆਂ ਅਤੇ ਕਿਹਾ, "ਸਾਡੀ ਉਸਤਤ ਨਾ ਕਰੀਂ, ਪੁੱਛਣ ਤੋਂ ਇਹ ਕਹੀਂ ਕਿ ਮੇਰੀਆਂ ਲੱਤਾਂ ਸਹੁ ਸੁਹਾਗਣ ਨੇ ਸਾਬਤ ਕੀਤੀਆਂ ਹਨ।"

ਜਦ ਸਹੁ ਸੁਹਾਗਣ ਨੂੰ ਪਤਾ ਲੱਗਾ ਤਾਂ ਪੁੱਛਿਆ, "ਤੂੰ ਸੱਚ ਦੱਸ! ਤੇਰੀਆਂ ਲੱਤਾਂ ਕਿਸਨੇ ਸਾਬਤ ਕੀਤੀਆਂ ਹਨ?" ਪਿੰਗਲੇ ਨੇ ਕਿਹਾ, "ਉਸ ਬਿਰਧ ਮਾਈ ਦੇ ਘਰ ਤਿੰਨ ਸਾਧੂ-ਮਹਾਤਮਾ ਆਏ ਹਨ, ਉਹਨਾਂ ਵਿਚੋਂ ਜਿਹੜੇ ਬਹੁਤੇ ਪ੍ਰਭਾਵਸ਼ਾਲੀ ਚਿਹਰੇ ਵਾਲੇ ਹਨ, ਉਨ੍ਹਾਂ ਨੇ ਠੀਕ ਕੀਤੀਆਂ ਹਨ।" ਤਾਂ ਸਹੁ ਸੁਹਾਗਣ ਨੇ ਜਾ ਕੇ ਸਤਿਗੁਰਾਂ ਦੇ ਚਰਨਾਂ ਤੇ ਨਮਸਕਾਰ ਕੀਤੀ, ਅਨੁਮਾਨ ਨਾਲ ਪਹਿਚਾਨ ਕੇ ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ, ਕਿਹਾ, "ਗ਼ਰੀਬ ਨਿਵਾਜ਼ ਜੀ! ਆਪ ਮੇਰੇ ਡੇਰੇ ਆਏ ਸੀ, ਮੈਂ ਸੇਵਾ ਤਾਂ ਕੀ ਕਰਨੀ ਸੀ, ਵੱਡੇ ਭਾਗਾਂ ਵਾਲਾ ਦਰਸ਼ਨ ਵੀ ਨਾ ਕਰ ਸਕਿਆ! ਜਿਸਦਾ ਫਲ ਮੈਨੂੰ ਇਹ ਮਿਲਿਆ ਕਿ ਮੇਰੀ ਬੜੀ ਨਿਰਾਦਰੀ ਹੋਈ, ਡੇਰਾ ਲੁੱਟਿਆ-ਪੁੱਟਿਆ ਗਿਆ ਅਤੇ ਮੇਲਾ ਲੱਗਣੋਂ ਹਟ

ਗਿਆ।" ਤਾਂ ਸਤਿਗੁਰਾਂ ਕਿਹਾ, "ਘਰ-ਬਾਰ ਤਿਆਗ ਕੇ, ਸਾਧੂ-ਫ਼ਕੀਰ ਬਣ ਕੇ, ਕੁਕਰਮ ਛੱਡਣੇ ਚਾਹੀਦੇ ਹਨ ਅਤੇ ਸੱਚੇ ਦਿਲੋਂ ਖ਼ੁਦਾ ਦੀ ਬੰਦਗੀ ਕਰਨੀ ਚਾਹੀਦੀ ਹੈ, ਨਹੀਂ ਤਾਂ ਵਿਕਾਰੀਆਂ ਨੂੰ ਦੋਜ਼ਕਾਂ ਦੀ ਅੱਗ ਵਿਚ ਸੜਨਾ ਪੈਂਦਾ ਹੈ।" ਯਥਾ :—

੧. *'ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ ॥'*

[ਫੁਨਹੇ ਮਹਲਾ ੫, ਅੰਗ—੧੩੬੨]

੨. *'ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥'*

[ਮਾਰੂ ਮਹਲਾ ੩, ਅੰਗ—੧੦੬੩]

੩. *'ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥*
*ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥*
*ਰੇ ਨਰ ਕਾਇ ਪਰਗ੍ਰਿਹਿ ਜਾਇ ॥*
*ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਣਿਓ ਧਰਮਰਾਇ ॥੧॥ਰਹਾਉ॥*
*ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥*
*ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥'*

[ਮਾਰੂ ਮਹਲਾ ੫, ਅੰਗ—੧੦੦੧]

੪. *'ਮਃ ੧ ॥ ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥'*

[ਰਾਮਕਲੀ ਕੀ ਵਾਰ ਮਹਲਾ ੩, ਅੰਗ—੯੫੩]

ਜਦ ਇਸਨੇ ਕੁਕਰਮ ਛੱਡਣ ਦਾ ਪ੍ਰਣ ਕੀਤਾ, ਤਾਂ ਮਹਾਰਾਜ ਸਾਹਿਬ ਜੀ ਨੇ ਇਸਨੂੰ ਸੱਚੀ ਭਗਤੀ ਵਿਚ ਲਾ ਕੇ ਨਿਹਾਲ ਕੀਤਾ।

## ਸਾਖੀ : ਪੂਰਨ ਹੋਵੈ ਆਸ ॥

ਜਿਸ ਵਕਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਲਮਸਤ ਸਾਧੂ ਦੀ ਰੱਖਿਆ ਕਰਨ ਵਾਸਤੇ ਸ੍ਰੀ ਨਾਨਕ ਮਤੇ ਵਾਲੇ ਅਸਥਾਨ 'ਤੇ ਜਾ ਰਹੇ ਸਨ ਤਾਂ ਪੀਲੀਭੀਤ ਦੇ ਇਲਾਕੇ ਵਿਚ ਨਦੀ ਦੇ ਕੰਢੇ 'ਤੇ ਇਕ ਕਰ੍ਹੇ ਪਿੰਡ ਵਿਚ ਪੜਾਅ ਕਰਕੇ ਦੀਵਾਨ ਸਜਾਇਆ, ਜਿਸ

ਇਕ ਪਿੰਗਲਾ ਅਤੇ ਅੰਨ੍ਹਾ ਆਦਮੀ ਰਹਿੰਦਾ ਸੀ। ਲੋਕਾਂ ਨੂੰ ਇਸਨੇ ਕਿਹਾ, "ਮੈਨੂੰ ਚੁੱਕ ਕੇ ਗੁਰੂ ਸਾਹਿਬ ਦੇ ਚਰਨੀਂ ਪਾਉਣ ਵਾਲੇ ਜੋੜੇ ਪਾਸ ਰੱਖ ਦਿਉ।" ਜੋੜੇ ਨਾਲ ਉਂਗਲਾਂ ਘਸਾ ਕੇ ਉਸਨੇ ਅੱਖਾਂ ਨਾਲ ਲਾਈਆਂ ਤਾਂ ਦਿਸਣ ਲੱਗ ਪਿਆ। ਫਿਰ ਬੇਨਤੀ ਕੀਤੀ, "ਗ਼ਰੀਬ ਨਿਵਾਜ ਜੀ! ਅੰਨ੍ਹਾਪਣ ਆਪ ਦੀ ਚਰਨ-ਧੂੜੀ ਨਾਲ ਦੂਰ ਹੋ ਗਿਆ ਹੈ, ਹੁਣ ਕਿਰਪਾ ਕਰਕੇ ਮੇਰਾ ਪਿੰਗਲਾਪਨ ਵੀ ਦੂਰ ਕਰੋ।" ਤਾਂ ਗੁਰੂ ਜੀ ਨੇ ਕਿਹਾ, "ਪ੍ਰੇਮੀਆਂ! ਤੇਰੀ ਉਮਰ ਬੜੀ ਲੰਬੀ ਹੈ, ਜਿਸ ਥਾਂ ਦੀਵਾਨ ਲੱਗਿਆ ਹੈ, ਇਥੇ ਝਾੜੂ ਦਿਆ ਕਰ, ਤੇਰੀਆਂ ਲੱਤਾਂ ਵੀ ਠੀਕ ਹੋ ਜਾਣਗੀਆਂ। ਇਥੇ ਅਸੀਂ ਨੌਵੇਂ ਤੇ ਦਸਵੇਂ ਸਰੂਪ ਵਿਚ ਵੀ ਆਵਾਂਗੇ।" ਇਉਂ ਹਜ਼ੂਰ ਪ੍ਰਤੱਖ ਪਿੰਗਲਾਪਨ ਅਤੇ ਅੰਨ੍ਹਾਪਣ ਵੀ ਦੂਰ ਕਰ ਦਿੰਦੇ ਹਨ।

### ਖਲ ਚਤੁਰ ਬਕੀਤਾ॥

**ਖਲ** = ਮੂਰਖ ਪੁਰਸ਼ ਨੂੰ ਜੋ ਪ੍ਰੀਤੀ ਰੂਪ ਜੀਭ ਤੋਂ ਰਹਿਤ ਹੈ, ਚਹੁੰ ਵੇਦਾਂ ਦਾ ਬਕਤਾ ਬਣਾ ਦਿੰਦੇ ਹਨ। ਯਥਾ :—

*'ਦੋਹਿਰਾ॥ ਮੂਕ ਉਚਰੈ ਸਾਸਤ੍ਰ ਖਟਿ ਪਿੰਗ ਗਿਰਨ ਚੜਿ ਜਾਇ॥*
*ਅੰਧ ਲਖੈ ਬਧਰੋ ਸੁਨੈ ਜੌ ਕਾਲ ਕ੍ਰਿਪਾ ਕਰਾਇ॥੨॥'* [ਦਸਮ, ਅੰਗ—੪੭]

ਜਿਵੇਂ ਅੱਠਵੇਂ ਗੁਰੂ ਜੀ ਦੀ ਕਿਰਪਾ ਨਾਲ ਪੰਜੋਖਰੇ ਪਿੰਡ ਵਿਚ ਗੂੰਗੇ ਛੱਜੂ ਝਿਊਰ ਨੇ ਗੀਤਾ ਦਾ ਪਾਠ ਅਤੇ ਅਰਥ ਪੰਡਿਤ ਨੂੰ ਸੁਣਾ ਦਿੱਤੇ ਸਨ।

## ਸਾਖੀ : ਛੱਜੂ ਝਿਊਰ ਦੀ

*'ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿੱਠੇ ਸਭ ਦੁਖ ਜਾਇ॥'*
[ਦਸਮ, ਅੰਗ—੧੧੯]

ਜਦੋਂ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਦਿੱਲੀ ਨੂੰ ਜਾ ਰਹੇ ਸਨ ਤਾਂ ਆਪ ਜੀ ਨੇ ਅੰਬਾਲੇ ਤੋਂ ਚਾਰ-ਪੰਜ ਮੀਲ ਦੇ ਫਾਸਲੇ 'ਤੇ ਪੰਜੋਖਰੇ ਨਾਮੇ ਨਗਰ ਵਿਚ ਇਕ ਉੱਚੇ ਟਿੱਬੇ 'ਤੇ ਪੜਾਅ ਕੀਤਾ। ਇਥੇ ਇਕ ਲਾਲ ਨਾਮੇ ਬੜਾ ਵਿਦਵਾਨ ਪੰਡਿਤ ਰਹਿੰਦਾ ਸੀ, ਜੋ ਬਹੁਤ ਹੰਕਾਰੀ ਸੀ, ਸਵੇਰ ਵਕਤ ਜਦੋਂ ਪਹਾੜ ਦੀ ਤਰਫ਼ ਨੂੰ ਬਾਹਰ ਨਿਕਲਿਆ ਤਾਂ ਉੱਚੇ ਟਿੱਬੇ 'ਤੇ ਤੰਬੂ ਕਨਾਤਾਂ ਲੱਗੀਆਂ ਵੇਖ ਕੇ ਅਤੇ ਸਿੱਖ-ਸੰਗਤਾਂ ਨੂੰ ਤੁਰੀਆਂ-ਫਿਰਦੀਆਂ ਵੇਖ ਕੇ ਇਕ ਸਿੱਖ ਨੂੰ ਪੁੱਛਿਆ, "ਇਹ ਕੌਣ ਹਨ? ਜਿਨ੍ਹਾਂ ਨਾਲ ਇਤਨੇ ਲੋਕ ਹਨ।" ਤਾਂ ਸਿੱਖ ਨੇ ਕਿਹਾ, "ਇਹ ਅਕਾਲ ਪੁਰਖ ਦੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅੱਠਵਾਂ ਸਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਹਨ।" ਪੰਡਿਤ ਨੇ ਹੰਕਾਰ

ਸਹਿਤ ਕਿਹਾ, "ਵੱਡਾ ਨਾਮ ਰਖਾ ਲੈਣਾ ਤਾਂ ਸੌਖੀ ਗੱਲ ਹੈ! ਪਰ ਨਾਮ ਵਾਲੇ ਗੁਣ ਹੋਣੇ ਬੜੀ ਔਖੀ ਗੱਲ ਹੈ! ਦੁਆਪੁਰ ਜੁਗ ਦੇ ਅਵਤਾਰ ਸੋਲਾਂ ਕਲਾਂ ਸੰਪੂਰਨ ਸ੍ਰੀ ਕ੍ਰਿਸ਼ਨ ਜੀ ਹੋਏ ਹਨ, ਜਿੰਨ੍ਹਾਂ ਨੇ ਅਰਜਨ ਦੇ ਪ੍ਰਥਾਇ ਦੁਨੀਆਂ ਨੂੰ ਗੀਤਾ ਦਾ ਮਹਾਨ ਗਿਆਨ ਬਖ਼ਸ਼ਿਆ ਹੈ, ਇਹ ਭਾਵੇਂ ਉਹਨਾਂ ਦੀ ਉਚਾਰਨ ਕੀਤੀ ਹੋਈ ਗੀਤਾ ਦੇ ਅਰਥ ਵੀ ਨਾ ਕਰ ਸਕਦੇ ਹੋਣ, ਪਰ ਨਾਮ ਉਨ੍ਹਾਂ ਨਾਲੋਂ ਵੀ ਵੱਡਾ ਰਖਾ ਲਿਆ ਹੈ, ਉਹਨਾਂ ਦਾ ਨਾਮ ਤਾਂ ਸ੍ਰੀ ਕ੍ਰਿਸ਼ਨ ਜੀ ਹੀ ਹੈ, ਇਨ੍ਹਾਂ ਨੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਰਖਾਇਆ ਹੈ।" ਤਾਂ ਅੱਗੋਂ ਸਿੱਖ ਨੇ ਕਿਹਾ, "ਪੰਡਿਤਾ! ਇਕੱਲੀ ਗੀਤਾ ਦਾ ਕੀ ਮਾਣ ਕਰਦਾ ਹੈਂ! ਮੇਰੇ ਸਤਿਗੁਰੂ ਜੀ ਤਾਂ ਸਰਬ ਕਲਾ ਸਮਰੱਥ ਹਨ, ਚੱਲ ਕੇ ਜੋ ਮਰਜੀ ਹੈ ਪੁੱਛ ਲੈ!"

ਪੰਡਿਤ ਨੇ ਸਿੱਖ ਨਾਲ ਆ ਕੇ ਸਤਿਗੁਰਾਂ ਨੂੰ ਉਹੀ ਗੱਲ ਕਹੀ, "ਤੁਸੀਂ ਸ੍ਰੀ ਕ੍ਰਿਸ਼ਨ ਜੀ ਨਾਲੋਂ ਵੀ ਵੱਡਾ ਨਾਮ ਰਖਾਇਆ ਹੈ, ਮੈਂ ਇਸ ਨਾਮ ਨੂੰ ਤਾਂ ਸਫਲਾ ਸਮਝਾਂਗਾ, ਜੇਕਰ ਤੁਸੀਂ ਉਹਨਾਂ ਦੀ ਉਚਾਰਨ ਕੀਤੀ ਹੋਈ ਗੀਤਾ ਦੇ ਅਰਥ ਸੁਣਾ ਦਿਉ।" ਸਤਿਗੁਰਾਂ ਨੇ ਕਿਹਾ, "ਪੰਡਿਤ ਜੀ! ਜੇ ਅਸੀਂ ਗੀਤਾ ਦੇ ਅਰਥ ਕਰ ਦਿੱਤੇ ਤਾਂ ਵੀ ਤੇਰੇ ਮਨ ਦਾ ਭਰਮ ਦੂਰ ਨਹੀਂ ਹੋਣਾ, ਤੂੰ ਸਮਝੇਂਗਾ ਕਿ ਗੁਰੂ ਸਪੁੱਤਰ ਹਨ, ਕਿਸੇ ਵਿਦਵਾਨ ਪੰਡਿਤ ਨੂੰ ਘਰ ਰੱਖ ਕੇ ਛੋਟੀ ਉਮਰ ਵਿਚ ਹੀ ਵਿਦਿਆ ਪੜ੍ਹ ਲਈ ਹੋਵੇਗੀ, ਜਿਸ ਪਾਸੋਂ ਤੂੰ ਕਹੇਂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ ਦੀ ਕਿਰਪਾ ਨਾਲ ਉਸ ਪਾਸੋਂ ਹੀ ਗੀਤਾ ਦੇ ਅਰਥ ਕਰਵਾ ਦਿੰਦੇ ਹਾਂ।" ਪੰਡਿਤ ਬੜਾ ਖ਼ੁਸ਼ ਹੋਇਆ ਕਿ ਹੁਣ ਤਾਂ ਮੇਰੀ ਜ਼ਰੂਰ ਜਿੱਤ ਹੋਵੇਗੀ।

ਪਿੰਡ ਵਿਚ ਜਾ ਕੇ ਇਕ ਛੱਜੂ ਨਾਮੇ ਝਿਊਰਾਂ ਦੇ ਮੁੰਡੇ ਨੂੰ, ਜੋ ਜਮਾਂਦਰੂ ਗੂੰਗਾ ਅਤੇ ਬੋਲਾ ਸੀ, ਰੰਗ ਜਿਸਦਾ ਤਵੇ ਵਰਗਾ ਕਾਲਾ ਸੀ, ਜੋ ਲੋਕਾਂ ਦੇ ਘਰਾਂ ਵਿਚ ਪਾਣੀ ਭਰ ਕੇ ਪੇਟ ਪੂਰਤੀ ਕਰਿਆ ਕਰਦਾ ਸੀ, ਪੜ੍ਹਨਾ ਤਾਂ ਕੀ ਸੀ! ਕਦੇ ਪੜ੍ਹਦੇ ਵੇਖੇ ਵੀ ਨਹੀਂ ਸਨ, ਉਸਨੂੰ ਲੈ ਆਇਆ। ਸਤਿਗੁਰੂ ਜੀ ਨੇ ਜਿਸ ਕੱਚੇ ਤਲਾਅ* ਵਿਚ ਆਪ ਇਸ਼ਨਾਨ ਕੀਤਾ ਸੀ, ਆਗਿਆ ਦੇ ਕੇ ਉਸ ਵਿਚ ਛੱਜੂ ਝਿਊਰ ਦਾ ਇਸ਼ਨਾਨ ਕਰਵਾਇਆ।

ਫਿਰ ਜੋ ਹਜ਼ੂਰ ਦੇ ਹਸਤ-ਕਮਲਾਂ 'ਚ ਫੁੱਲਾਂ ਵਾਲੀ ਛਿਟੀ (ਸੋਟੀ) ਸੀ, ਛੱਜੂ ਦੇ ਸਿਰ

* ਇਸ ਸਰੋਵਰ ਨੂੰ ਪੱਕਾ ਕਰਵਾਉਣ ਦੀ ਸੇਵਾ ਸ੍ਰੀ ਮਾਨ ੧੦੮ ਸੰਤ ਮਹਾਂਪੁਰਖ ਪੂਰਨ ਗੁਰਸਿੱਖ, ਪੂਰਨ ਬ੍ਰਹਮ ਗਿਆਨੀ, ਬ੍ਰਹਮ ਵਿਦਿਆ ਦੇ ਦਾਤੇ, ਦਮਦਮੀ ਟਕਸਾਲ ਦੇ ਬਾਰ੍ਹਵੇਂ ਚਮਕਦੇ ਸਿਤਾਰੇ, ਸਚਖੰਡ ਵਾਸੀ ਬਾਬਾ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂਵਾਲਿਆਂ ਨੇ ਕਰਵਾਈ ਹੈ, ਜਿਸ ਵਿਚ ਇਸ਼ਨਾਨ ਕਰਕੇ ਅਨੇਕਾਂ ਜੀਵਾਂ ਦਾ ਭਲਾ ਹੁੰਦਾ ਹੈ।

'ਤੇ ਰੱਖ ਦਿੱਤੀ ਤਾਂ ਛੱਜੂ ਝਿਊਰ ਨੂੰ ਸਾਰੀਆਂ ਵਿਦਿਆ ਅੰਦਰੋਂ ਹੀ ਸਫੁਰਨ ਹੋ ਆਈਆਂ। ਪੰਡਿਤ ਨੂੰ ਮੁਖ਼ਾਤਬ ਕਰਕੇ ਕਹਿਣ ਲੱਗਾ :—

*'ਕਸਮਨੰ ਸ਼ਾਸਤ੍ਰ ਪਰਵਿਰਤਤੇ ॥'*

ਹੇ ਪੰਡਿਤਾ! ਮੇਰੇ ਨਾਲ ਚਰਚਾ ਕਰਨ ਵਾਸਤੇ ਕਿਸ ਸ਼ਾਸਤ੍ਰ ਵਿਚ ਪ੍ਰਵਿਰਤ ਹੋਣਾ ਹੈ ? ਤਾਂ ਲਾਲ ਨਾਮੇ ਪੰਡਿਤ ਗੂੰਗੇ ਬੋਲੇ ਝਿਊਰਾਂ ਦੇ ਮੁੰਡੇ ਕੋਲੋਂ ਐਸਾ ਸਲੋਕ ਸੁਣ ਕੇ ਹੈਰਾਨ ਹੋ ਗਿਆ ਅਤੇ ਇਤਨਾ ਘਬਰਾ ਗਿਆ ਕਿ ਗੀਤਾ ਦਾ ਪਾਠ ਵੀ ਨਾ ਕਰ ਸਕਿਆ। ਤਾਂ ਛੱਜੂ ਨੇ ਆਪ ਹੀ ਪਾਠ ਕਰਕੇ, ਇਕ-ਇਕ ਸਲੋਕ ਦੇ ਕਈ-ਕਈ ਅਰਥ ਕੀਤੇ।

ਲਾਲ ਪੰਡਿਤ ਦਾ ਹੰਕਾਰ ਦੂਰ ਹੋ ਗਿਆ, ਜੰਞੂ ਲਾਹ ਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਚਰਨਾਂ ਵਿਚ ਰੱਖ ਦਿੱਤਾ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਠੀਕ ਹੀ ਆਪ ਜੀ ਪ੍ਰਮੇਸ਼ਰ ਦਾ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ ਦਾ ਅੱਠਵਾਂ ਸਰੂਪ ਹੋ, ਮੈਨੂੰ ਵੀ ਆਪਣਾ ਸਿੱਖ ਬਣਾ ਲਓ, ਤਾਂ ਸਤਿਗੁਰਾਂ ਨੇ ਨਿਰਹੰਕਾਰ ਹੋਇਆ ਜਾਣ ਕੇ ਕਿਰਪਾ-ਦ੍ਰਿਸ਼ਟੀ ਕਰਕੇ ਵਾਹਿਗੁਰੂ ਨਾਮ ਵਿਚ ਜੋੜ ਕੇ ਨਿਹਾਲ ਕੀਤਾ।

## ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥

**ਪੁਨੀਤਾ** = ਪਵਿੱਤਰ ਗੁਰਾਂ ਦੇ ਮਿਲਣ ਕਰਕੇ ਅੰਨ੍ਹੇ ਨੂੰ ਤਿੰਨੇ ਭਵਨ ਨਿਗ੍ਹਾ ਆ ਜਾਂਦੇ ਹਨ। ਜਿਨ੍ਹਾਂ ਦੇ ਮਨ-ਬੁੱਧ ਰੂਪ ਨੇਤ੍ਰਾਂ ਵਿਚ ਭਰਮ ਰੂਪ ਫੋਲੇ ਪਏ ਹੋਏ ਹਨ, ਵਿਚਾਰ ਰੂਪ ਨਿਗ੍ਹਾ ਨਹੀਂ ਹੈ, ਉਨ੍ਹਾਂ ਅੰਨ੍ਹਿਆਂ ਨੂੰ ਸਤਿਗੁਰਾਂ ਦੀ ਸੰਗਤ ਕਰਨ ਨਾਲ **ਤ੍ਰਿਭਵਣ** = ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ ਕਿ :—

(ੳ) ਇਸ ਵਕਤ ਤਿੰਨਾਂ ਲੋਕਾਂ ਵਿਚ ਕੀ-ਕੀ ਹੋ ਰਿਹਾ ਹੈ;

(ਅ) ਤਿੰਨ ਭਵਨ ਮਿਥਿਆ ਰੂਪ ਹੀ ਹਨ;

(ੲ) ਤਿੰਨਾਂ ਭਵਨਾਂ ਵਿਚ ਬ੍ਰਹਮ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ;

(ਸ) ਜਾਂ ਤਿੰਨ ਭਵਨ ਬ੍ਰਹਮ ਵਿਚ ਕਲਪਤ ਰੂਪ ਹਨ;

(ਹ) ਬ੍ਰਹਮ; ਜਾਗ੍ਰਤ, ਸੁਪਨ, ਸੁਖੋਪਤ ਇਨ੍ਹਾਂ ਤਿੰਨਾਂ ਅਵਸਥਾਂ ਦਾ ਸਾਖੀ ਹੈ;

(ਕ) ਅਸਥੂਲ, ਸੂਖਮ, ਕਾਰਨ ਵਾਸਤਵ ਵਿਚ ਇਹ ਤਿੰਨ ਦੇਹਾਂ ਵਾਹਿਗੁਰੂ ਤੋਂ ਬਿਨਾਂ ਕੁਝ ਵੀ ਨਹੀਂ ਹਨ।

ਇਸ ਤਰ੍ਹਾਂ ਦੀ ਸਾਰੀ ਸਮਝ ਆ ਜਾਂਦੀ ਹੈ, ਪ੍ਰਤੱਖ ਨਿਗ੍ਹਾ ਵੀ ਪ੍ਰਾਪਤ ਹੋ ਜਾਂਦੀ ਹੈ।

## ਸਾਖੀ : ਕਰੋੜੀ ਮੱਲ ਦੀ

ਜਦੋਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਰਾਵੀ ਦੇ ਕਿਨਾਰੇ, ਕਰਤਾਰ ਦੇ ਨਾਮ 'ਤੇ ਕਰਤਾਰਪੁਰ ਨਗਰ ਵਸਾਇਆ ਤਾਂ ਲਾਹੌਰ ਦੇ ਰਹਿਣ ਵਾਲਾ ਕਰੋੜੀ ਮੱਲ ਬਾਣੀਆ ਆਪਣੀ ਮਾਲਕੀ ਸਮਝ ਕੇ ਸਤਿਗੁਰੂ ਜੀ ਨੂੰ ਕਰਤਾਰਪੁਰੋਂ ਉਠਾਉਣ ਲਈ ਪਹਿਲੇ ਦਿਨ ਤੁਰਿਆ ਤਾਂ ਪੱਗ ਲੱਥ ਗਈ, ਕੁਸਗਨ ਸਮਝ ਕੇ ਨਾ ਆਇਆ। ਜਦ ਦੂਜੇ ਦਿਨ ਆਇਆ ਤਾਂ ਸਤਿਗੁਰਾਂ ਦੇ ਨੇੜੇ ਆ ਕੇ ਅੰਨ੍ਹਾ ਹੋ ਗਿਆ, ਸਾਥੀਆਂ ਨੇ ਸਮਝਾਇਆ ਕਿ ਹੁਣ ਵੀ ਭਾਵਨਾ ਸੁੱਧ ਕਰ ਲੈ, ਘੋੜੀ ਤੋਂ ਉੱਤਰ ਕੇ ਸ਼ਰਧਾ ਨਾਲ ਚੱਲ! ਜਦ ਇਸਨੇ ਸ਼ਰਧਾ ਕਰ ਲਈ ਤਾਂ ਸਾਥੀਆਂ ਨੇ ਬਾਹੋਂ ਫੜ ਕੇ ਸਤਿਗੁਰਾਂ ਦੇ ਚਰਨਾਂ 'ਤੇ ਨਮਸਕਾਰ ਕਰਾਈ। ਇਸਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ! ਕੱਲ੍ਹ ਮੈਂ ਆਪ ਜੀ ਨੂੰ ਉਠਾਉਣ ਲਈ ਤੁਰਿਆਂ ਤਾਂ ਪੱਗ ਲੱਥ ਗਈ ਸੀ, ਅੱਜ ਆਇਆ ਹਾਂ ਤਾਂ ਅੰਨ੍ਹਾ ਹੋ ਗਿਆ ਹਾਂ, ਕਿਰਪਾ ਕਰਕੇ ਗ਼ਲਤੀ ਮੁਆਫ਼ ਕਰੋ ਅਤੇ ਨਿਗ੍ਹਾ ਬਖ਼ਸ਼ੋ।" ਤਾਂ ਸਤਿਗੁਰਾਂ ਕਿਹਾ, "ਵੇਖ! ਅਸੀਂ ਤੇਰੇ ਸਾਹਮਣੇ ਹੀ ਬੈਠੇ ਹਾਂ।" ਜਦ ਵੇਖਿਆ ਤਾਂ ਦਿਸਣ ਲੱਗ ਪਿਆ।

ਤਾਂ ਇਸਨੇ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਸਾਰੀ ਜ਼ਮੀਨ ਗੁਰੂ ਜੀ ਦੇ ਨਾਮ ਲਗਵਾ ਦਿੱਤੀ, ਸਤਿਗੁਰਾਂ ਨੇ ਖੇਤੀ ਕਰਵਾ ਕੇ ਲੰਗਰ ਚਲਾਇਆ, ਭੁੱਖਿਆਂ ਨੂੰ ਅੰਨ ਅਤੇ ਨੰਗਿਆਂ ਨੂੰ ਬਸਤਰ ਬਖ਼ਸ਼ਦੇ ਰਹੇ।

ਇਉਂ ਕਰੋੜੀ ਮੱਲ ਨੂੰ ਜੋ ਅੰਨ੍ਹਾ ਹੋ ਗਿਆ ਸੀ, ਪ੍ਰਤੱਖ ਨਿਗ੍ਹਾ ਬਖ਼ਸ਼ ਕੇ ਨਿਹਾਲ ਕੀਤਾ ਅਤੇ ਵਿਚਾਰ ਰੂਪ ਨਿਗ੍ਹਾ ਵੀ ਬਖ਼ਸ਼ੀ।

## ਸਾਖੀ : ਤੁਲਸਾਂ ਦਾਸੀ ਦੀ

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨਨਕਾਣਾ ਸਾਹਿਬ ਵਿਖੇ ਬਿਰਾਜੇ ਹੋਏ ਹਨ। ਮਾਤਾ ਜੀ ਨੇ ਪ੍ਰਸ਼ਾਦਿ ਤਿਆਰ ਕੀਤਾ। ਤੁਲਸਾਂ ਦਾਸੀ ਨੂੰ ਕਿਹਾ, "ਤੂੰ ਜਾ ਕੇ ਲਾਲ ਜੀ ਨੂੰ ਪ੍ਰਸ਼ਾਦਾ ਛਕਣ ਵਾਸਤੇ ਬੁਲਾ ਲਿਆ।" ਤੁਲਸਾਂ ਦਾਸੀ ਨੇ ਜਾ ਕੇ ਦੇਖਿਆ ਕਿ ਹਜ਼ੂਰ ਨੇ ਆਪਣਾ ਸਾਰਾ ਸਰੀਰ ਚਾਦਰੇ ਨਾਲ ਢੱਕਿਆ ਹੋਇਆ ਹੈ, ਸਿਰਫ਼ ਇਕ ਸੱਜਾ ਚਰਨ ਹੀ ਨੰਗਾ ਹੈ। ਦਾਸੀ ਦੇ ਚੰਗੇ ਭਾਗ ਜਾਗ ਪਏ, ਉਠਾਉਣ ਦੀ ਥਾਂ ਸ਼ਰਧਾ-ਭਾਵਨਾ ਨਾਲ ਚਰਨਾਂ ਵਾਲੇ ਪਾਸੇ ਹੋ ਕੇ ਨਮਸਕਾਰ ਕੀਤੀ ਅਤੇ ਪ੍ਰੇਮ ਵਿਚ ਆ ਕੇ ਆਪਣੀ ਜ਼ਬਾਨ ਨਾਲ ਹਜ਼ੂਰ ਦੇ ਸੱਜੇ ਚਰਨ ਨੂੰ ਚੱਟਣ ਲੱਗ ਪਈ ਤਾਂ ਝੱਟ ਹੀ ਤ੍ਰਿਲੋਕੀ ਦਾ ਗਿਆਨ ਹੋ ਆਇਆ, ਸਾਰੀ ਸੂਝ ਹੋ ਗਈ। ਕੀ ਦੇਖਿਆ ਕਿ ਗੁਰੂ ਜੀ ਆਪਣਾ ਦੂਸਰਾ ਸਰੀਰ

ਧਾਰ ਕੇ ਮਨਸੁਖ ਸ਼ਾਹੂਕਾਰ ਦੇ ਸੰਗਲਾਦੀਪ ਨੂੰ ਜਾਂਦੇ, ਸਮੁੰਦਰ ਵਿਚ ਡੁੱਬ ਰਹੇ ਜਹਾਜ਼ ਨੂੰ ਆਪਣਾ ਮੋਢਾ ਲਾ ਕੇ ਪਾਰ ਕਰ ਰਹੇ ਹਨ। ਇਸ ਤਰ੍ਹਾਂ ਦੇਖ ਕੇ ਉਠਾਉਣ ਤੋਂ ਬਿਨਾਂ ਹੀ ਵਾਪਸ ਮੁੜ ਆਈ। ਆ ਕੇ ਮਾਤਾ ਜੀ ਨੂੰ ਕਿਹਾ, "ਲਾਲ ਜੀ ਤਾਂ ਮਨਸੁਖ ਸ਼ਾਹੂਕਾਰ ਦਾ ਡੁੱਬਦਾ ਹੋਇਆ ਜਹਾਜ਼ ਬੰਨੇ ਲਾ ਰਹੇ ਹਨ, ਜਦੋਂ ਇਹ ਕਾਰਜ ਕਰਕੇ ਆ ਜਾਣਗੇ ਤਾਂ ਸੱਦ ਲਿਆਵਾਂਗੀ।" ਫਿਰ ਮਾਤਾ ਜੀ ਨੇ ਹਜ਼ੂਰ ਨੂੰ ਆਪ ਜਾ ਕੇ ਉਠਾਇਆ ਅਤੇ ਕਿਹਾ, "ਹੋਰਨਾਂ ਨੇ ਤਾਂ ਮਖੌਲ ਕਰਨੇ ਹੀ ਹਨ, ਹੁਣ ਤਾਂ ਦਾਸੀ ਵੀ ਮੈਨੂੰ ਮਖੌਲ ਕਰਦੀ ਹੈ।" ਸਤਿਗੁਰਾਂ ਕਿਹਾ, "ਮਾਤਾ ਜੀ! ਇਸ ਕਮਲੀ ਦੀਆਂ ਗੱਲਾਂ ਸੁਣ ਕੇ ਭਰੋਸਾ ਨਾ ਕਰਿਆ ਕਰੋ।" ਸਤਿਗੁਰਾਂ ਦੇ ਇਸ ਤਰ੍ਹਾਂ ਬਚਨ ਕਰਨ ਦੀ ਦੇਰ ਹੀ ਸੀ ਕਿ ਦਾਸੀ ਝੱਟ ਕਮਲੀ ਹੋ ਗਈ। ਪਰ ਅੰਦਰੋਂ ਸੁਰਤ ਉਸੇ ਤਰ੍ਹਾਂ ਰਹੀ। ਜਿਤਨਾਂ ਸਮਾਂ ਜਿਉਂਦੀ ਰਹੀ, ਉਦੋਂ ਤੱਕ ਨਾਮ ਜਪਣ ਦਾ ਅਨੰਦ ਮਾਣਦੀ ਰਹੀ ਅਤੇ ਫਿਰ ਸਰੀਰ ਦੀ ਪ੍ਰਾਰਬਧ ਖ਼ਤਮ ਹੋਣ ਤੋਂ ਬਾਅਦ ਸਚਖੰਡ ਨੂੰ ਗਈ।

ਇਉਂ ਜਿਨ੍ਹਾਂ 'ਤੇ ਸਤਿਗੁਰੂ ਜੀ ਕਿਰਪਾ ਕਰਦੇ ਹਨ, ਉਨ੍ਹਾਂ ਨੂੰ ਤ੍ਰਿਲੋਕੀ ਦਾ ਗਿਆਨ ਵੀ ਬਖ਼ਸ਼ ਦਿੰਦੇ ਹਨ।

**ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥**

ਹੇ ਮੇਰੇ ਗੁਰਸਿੱਖ ਮਿੱਤਰੋ! ਸਾਧਸੰਗਤ ਦੀ ਮਹਿਮਾ ਸੁਣਨਾ ਕਰੋ।

## ਸਾਖੀ : ਕਾਂ ਅਤੇ ਕਾਂਉਣੀ ਦੀ

ਜਦੋਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਲਾਹੌਰ ਦੇ ਇਲਾਕੇ ਵਿਚ ਵਿਚਰ ਕੇ ਜੀਵਾਂ ਨੂੰ ਤਾਰ ਰਹੇ ਸਨ, ਤਾਂ ਇਕ ਸਿੱਖ* ਨੇ ਪੁੱਛਿਆ, "ਸਤਿਗੁਰੂ ਜੀ! ਸਾਧਸੰਗਤ ਕਰਨ ਦਾ ਕੀ ਮਹਾਤਮ ਹੈ?" ਤਾਂ ਸਤਿਗੁਰਾਂ ਕਿਹਾ, "ਇਥੋਂ ਪੂਰਬ ਵੱਲ ਮੀਲ ਕੁ ਤੁਰਿਆ ਜਾਵੀਂ, ਉਥੇ ਇਕ ਪਿੱਪਲ ਦਾ ਬ੍ਰਿਛ ਹੈ, ਇਸ ਪ੍ਰਸ਼ਨ ਦਾ ਉੱਤਰ ਤੈਨੂੰ ਉਥੋਂ ਮਿਲੇਗਾ।" ਸਤਿਗੁਰਾਂ ਦਾ ਬਚਨ ਮੰਨ ਕੇ ਜੋ ਨਿਸ਼ਾਨੀ ਦੱਸੀ ਸੀ, ਉਥੇ ਚਲਿਆ ਗਿਆ, ਪਿੱਪਲ ਦੇ ਬ੍ਰਿਛ ਉੱਪਰ ਕਾਂ ਅਤੇ ਕਾਂਉਣੀ ਬੈਠੇ ਸਨ, ਜੋ ਸਿੱਖ ਦੇ ਦਰਸ਼ਨ ਕਰਕੇ ਬਗਲਾ ਅਤੇ ਬਗਲੀ

---

* ਇਹ ਆਏ-ਗਏ ਹਰ ਇਕ ਸਾਧੂ ਮਹਾਤਮਾ ਦੀ ਬੜੇ ਪ੍ਰੇਮ ਨਾਲ ਸੇਵਾ ਕਰਦਾ ਹੁੰਦਾ ਸੀ ਅਤੇ ਬਾਅਦ ਵਿਚ ਪ੍ਰਸ਼ਨ ਕਰਿਆ ਕਰਦਾ ਸੀ ਕਿ ਸਾਧਸੰਗਤ ਕਰਨ ਦਾ ਕੀ ਮਹਾਤਮ ਹੈ? ਆਪੋ-ਆਪਣੀ ਸਮਝ ਅਨੁਸਾਰ ਸਾਰੇ ਮਹਾਤਮਾ ਉੱਤਰ ਦਿੰਦੇ, ਪਰ ਇਸਦੀ ਤਸੱਲੀ ਨਹੀਂ ਸੀ ਹੁੰਦੀ, ਆਪਣੀ ਤਸੱਲੀ ਵਾਸਤੇ ਇਹੋ ਪ੍ਰਸ਼ਨ ਹੀ ਸਤਿਗੁਰਾਂ ਅੱਗੇ ਕੀਤਾ।

ਬਣ ਗਏ, ਪਰ ਇਸਨੂੰ ਕੁਝ ਪਤਾ ਨਾ ਲੱਗਾ। ਸਿੱਖ ਦੋ ਕੁ ਘੜੀਆਂ ਬੈਠ ਕੇ ਜਦ ਉੱਤਰ ਨਾ ਮਿਲਿਆ ਤਾਂ ਵਾਪਸ ਆ ਗਿਆ। ਆ ਕੇ ਬੇਨਤੀ ਕੀਤੀ, "ਮਹਾਰਾਜ ਜੀ! ਆਪ ਦਾ ਬਚਨ ਮੰਨ ਕੇ ਆਪ ਜੀ ਵੱਲੋਂ ਦੱਸੀ ਹੋਈ ਥਾਂ 'ਤੇ ਗਿਆ ਸੀ, ਪਰ ਉੱਤਰ ਕੋਈ ਨਹੀਂ ਮਿਲਿਆ।" ਸਤਿਗੁਰਾਂ ਕਿਹਾ, "ਕੱਲ੍ਹ ਨੂੰ ਫਿਰ ਜਾਵੀਂ, ਉੱਤਰ ਮਿਲ ਜਾਵੇਗਾ।" ਦੂਜੇ ਦਿਨ ਜਦ ਫਿਰ ਉਥੇ ਗਿਆ ਤਾਂ ਉਹੀ ਬਗਲਾ-ਬਗਲੀ ਹੰਸ-ਹੰਸਣੀ ਬਣ ਗਏ, ਪਰ ਉੱਤਰ ਫਿਰ ਵੀ ਨਾ ਮਿਲਿਆ। ਵਾਪਸ ਆ ਕੇ ਬੇਨਤੀ ਕੀਤੀ, "ਜੀ! ਅੱਜ ਵੀ ਕੋਈ ਉੱਤਰ ਨਹੀਂ ਮਿਲਿਆ।" ਸਤਿਗੁਰਾਂ ਕਿਹਾ, "ਕੱਲ੍ਹ ਨੂੰ ਤੀਜੀ ਵਾਰ ਫਿਰ ਜਾਵੀਂ, ਜ਼ਰੂਰ ਉੱਤਰ ਮਿਲੇਗਾ।"

ਹਜ਼ੂਰ ਦਾ ਬਚਨ ਮੰਨ ਕੇ ਤੀਜੇ ਦਿਨ ਫਿਰ ਉਥੇ ਗਿਆ, ਤਾਂ ਉਥੇ ਜੋ ਹੰਸ-ਹੰਸਣੀ ਬੈਠੇ ਸਨ, ਇਸਦੇ ਦਰਸ਼ਨ ਕਰਕੇ ਇਸਤ੍ਰੀ ਅਤੇ ਪੁਰਸ਼ ਬਣ ਗਏ, ਆ ਕੇ ਸਿੱਖ ਦੇ ਚਰਨਾਂ 'ਤੇ ਨਮਸਕਾਰ ਕੀਤੀ। ਸਿੱਖ ਨੇ ਪੁੱਛਿਆ, "ਸਾਧੂ ਦੀ ਸੰਗਤ ਕਰਨ ਦਾ ਕੀ ਫਲ ਹੈ?" ਉਹਨਾਂ ਕਿਹਾ, "ਭਲਿਆ! ਅਜੇ ਤੈਨੂੰ ਸਮਝ ਹੀ ਨਹੀਂ ਆਈ? ਤੂੰ ਪੂਰਨ ਸਾਧੂ ਸਤਿਗੁਰਾਂ ਦੇ ਪਰਸੋਂ ਦਰਸ਼ਨ ਕਰਕੇ ਆਇਆ, ਅਸੀਂ ਤੇਰੇ ਦਰਸ਼ਨ ਕਰਕੇ ਕਾਂ-ਕਾਉਣੀ ਤੋਂ ਬਗਲਾ-ਬਗਲੀ ਬਣ ਗਏ, ਜਦ ਤੂੰ ਕੱਲ੍ਹ ਦਰਸ਼ਨ ਕਰਕੇ ਆਇਆ ਤਾਂ ਅਸੀਂ ਤੇਰੇ ਦਰਸ਼ਨ ਕਰਕੇ ਹੰਸ-ਹੰਸਣੀ ਬਣ ਗਏ ਅਤੇ ਅੱਜ ਦਰਸ਼ਨ ਕਰਕੇ ਆਇਆ ਹੈਂ ਤਾਂ ਅਸੀਂ ਤੇਰੇ ਦਰਸ਼ਨ ਕਰਕੇ ਮਨੁੱਖਾ ਦੇਹ ਨੂੰ ਪ੍ਰਾਪਤ ਹੋਏ ਹਾਂ, ਹੁਣ ਸਾਨੂੰ ਵੀ ਆਪਣੇ ਨਾਲ ਲਿਜਾ ਕੇ ਸਤਿਗੁਰਾਂ ਦੇ ਦਰਸ਼ਨ ਕਰਾ, ਜਿਸ ਕਰਕੇ ਅਸੀਂ ਵੀ ਨਿਹਾਲ ਹੋਈਏ।"

ਤਾਂ ਉਨ੍ਹਾਂ ਸਿੱਖ ਨਾਲ ਆ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ ਅਤੇ ਬੇਨਤੀ ਕੀਤੀ, "ਮਹਾਰਾਜ ਜੀ! ਸਾਡੀ ਵੀ ਕਲਿਆਣ ਕਰੋ।" ਸਤਿਗੁਰਾਂ ਕਿਰਪਾ ਕਰਕੇ ਉਸ ਜੋੜੇ ਨੂੰ ਨਿਹਾਲ ਕੀਤਾ, ਜਦੋਂ ਤੱਕ ਜਿਉਂਦੇ ਰਹੇ, ਜੀਵਨ-ਮੁਕਤੀ ਦਾ ਅਨੰਦ ਮਾਣਦੇ ਰਹੇ ਅਤੇ ਸਰੀਰ ਦੀ ਪ੍ਰਾਰਬਧ ਖ਼ਤਮ ਹੋਣ 'ਤੇ ਸਚਖੰਡ ਜਾ ਬਿਰਾਜੇ।

ਇਸ ਤਰ੍ਹਾਂ ਸਿੱਖ ਦੀ ਤਸੱਲੀ ਹੋ ਗਈ। ਫਿਰ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ, "ਗ਼ਰੀਬ ਨਿਵਾਜ਼ ਜੀ! ਆਪ ਪ੍ਰਮੇਸ਼ਰ ਦਾ ਸਰੂਪ ਹੋ, ਕਿਰਪਾ ਕਰਕੇ ਮੇਰਾ ਵੀ ਉਧਾਰ ਕਰੋ।" ਤਾਂ ਸਤਿਗੁਰਾਂ ਕਿਹਾ, "ਭਾਈ ਸਿੱਖਾ! ਅਸੀਂ ਆਏ ਹੀ ਤੇਰੀ ਕੀਤੀ ਹੋਈ ਸੇਵਾ ਦਾ ਫਲ ਦੇਣ ਵਾਸਤੇ ਹਾਂ, ਕਿਉਂਕਿ ਤੂੰ ਹਰੇਕ ਸਾਧੂ-ਸੰਤ ਦੀ ਪ੍ਰੇਮ ਨਾਲ ਸੇਵਾ ਕਰਦਾ ਹੈਂ।" ਯਥਾ :—

੧. *'ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ,*
*ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥*

*ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ,*
*ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥'*

[ਰਾਗੁ ਗੋਂਡ ਮਹਲਾ ੪, ਅੰਗ—੮੫੯]

੨. *'ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥'*

[ਰਾਗੁ ਸੂਹੀ ਮਹਲਾ ੫ ਛੰਤ, ਅੰਗ—੭੮੪]

ਸਤਿਗੁਰੂ ਜੀ ਨੇ ਕਿਰਪਾ ਕਰਕੇ ਸਿੱਖ ਦੇ ਹਿਰਦੇ ਵਿਚ ਵਾਹਿਗੁਰੂ ਨਾਮ ਵਸਾ ਕੇ ਨਿਹਾਲ ਕੀਤਾ, ਜਿਤਨਾ ਸਮਾਂ ਸਰੀਰ ਕਰਕੇ ਇਸ ਸੰਸਾਰ ਵਿਚ ਰਿਹਾ, ਜੀਵਨ-ਮੁਕਤੀ ਦਾ ਅਨੰਦ ਮਾਣਦਾ ਰਿਹਾ ਅਤੇ ਸਰੀਰ ਦੀ ਪ੍ਰਾਰਬਧ ਸਮਾਪਤ ਹੋਣ ਤੋਂ ਸਚਖੰਡ ਨੂੰ ਗਿਆ।

**ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧॥ਰਹਾਉ॥**

ਗੁਰੂ ਕੀ ਸੰਗਤ ਕਰਕੇ :—

*'ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ ॥'*

[ਸਲੋਕ ਸਹਸਕ੍ਰਿਤੀ ਮਹਲਾ ੫, ਅੰਗ—੧੩੫੭]

ਹਰ ਪ੍ਰਕਾਰ ਦੀ ਰਾਗ-ਦ੍ਵੈਖ ਰੂਪ, ਅਵਿਦਿਆ ਰੂਪ, ਭੈੜੇ ਸੰਸਕਾਰਾਂ ਰੂਪ ਅਤੇ ਪਾਪਾਂ ਰੂਪ ਮੈਲ **ਖੋਈ** = ਨਾਸ ਹੋ ਜਾਂਦੀ ਹੈ। **ਕੋਟਿ** = ਕਰੋੜਾਂ ਹੀ **ਅਘ** = ਪਾਪ **ਹਰੇ** = ਨਾਸ ਹੋ ਜਾਂਦੇ ਹਨ ਅਤੇ ਚਿੱਤ ਵੀ ਨਿਰਮਲ ਹੋ ਜਾਂਦਾ ਹੈ। ਯਥਾ :—

*'ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥'*

[ਸਲੋਕ ਕਬੀਰ, ਅੰਗ—੧੩੬੭]

**ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥**

**ਗੋ** = ਧਰਤੀ, ਭਾਵ ਸ੍ਰਿਸ਼ਟੀ ਦਾ **ਵਿੰਦ** = ਜੋ ਰੱਖਿਅਕ ਹੈ, ਵਾ :—ਗੁਰਾਂ ਦੀ **ਗੋ** = ਬਾਣੀ ਕਰਕੇ ਜੋ **ਵਿੰਦੁ** = ਜਾਣਿਆ ਜਾਂਦਾ ਹੈ, ਸਾਧਸੰਗਤ ਕਰਨ ਨਾਲ ਐਸੇ ਗੋਬਿੰਦ ਦੀ ਭਗਤੀ ਪ੍ਰਾਪਤ ਹੋ ਜਾਂਦੀ ਹੈ, ਜਿਸ ਭਗਤੀ ਦੇ ਪ੍ਰਤਾਪ ਕਰਕੇ ਨਿੰਮ੍ਰਤਾਵਾਨ, ਵਾ :— ਵੀਚਾਰਵਾਨ ਰੂਪ ਕੀੜੀ ਮਨ ਰੂਪ ਹਾਥੀ ਨੂੰ ਜਿੱਤਣ ਵਾਸਤੇ ਸਮਰੱਥ ਹੋ ਜਾਂਦੀ ਹੈ, ਜੋ ਮਨ ਰੂਪ ਹਾਥੀ ਸ਼ੁਭ ਗੁਣਾਂ ਦੀ ਬਗੀਚੀ ਨੂੰ ਲਿਤਾੜਦਾ ਰਹਿੰਦਾ ਹੈ। ਅਥਵਾ :—ਜੀਵ ਰੂਪ ਕੀੜੀ ਪ੍ਰਤੱਖ ਹਾਥੀ ਨੂੰ ਜਿੱਤਣ ਵਾਸਤੇ ਵੀ ਸਮਰੱਥ ਹੋ ਜਾਂਦੀ ਹੈ।

## ਸਾਖੀ : ਭਾਈ ਬਚਿੱਤਰ ਸਿੰਘ ਸ਼ੇਰ ਦੀ

ਜਿਸ ਵਕਤ ਪਹਾੜੀ ਰਾਜਿਆਂ ਨੇ ਇਕ ਲੱਖ ਸਤਵੰਜਾ ਹਜ਼ਾਰ ਫ਼ੌਜ ਸਮੇਤ ਮਸਤ ਹਾਥੀ ਨਾਲ ਲੋਹਗੜ੍ਹ ਕਿਲ੍ਹੇ (ਸ੍ਰੀ ਅਨੰਦਪੁਰ ਸਾਹਿਬ) ਨੂੰ ਤੋੜਨ ਵਾਸਤੇ ਤਿਆਰੀ ਕੀਤੀ ਤਾਂ ਸੂਹੀਏ ਨੇ ਗੁਰੂ ਜੀ ਨੂੰ ਰਹਿਰਾਸ ਸਾਹਿਬ ਦੇ ਸਮੇਂ ਆ ਕੇ ਦੱਸਿਆ, "ਮਹਾਰਾਜ ਜੀ! ਕੱਲ੍ਹ ਨੂੰ ਲੋਹਗੜ੍ਹ ਕਿਲਾ ਤੋੜਨ ਲਈ ਪਹਾੜੀਆਂ ਨੇ ੧,੫੭,੦੦੦ ਫ਼ੌਜ ਦੇ ਅੱਗੇ ਹਾਥੀ ਨੂੰ ਸ਼ਰਾਬ ਦਾ ਪੀਪਾ ਪਿਲਾ ਕੇ ਮੱਥੇ 'ਤੇ ਲੋਹੇ ਦਾ ਤਵਾ ਅਤੇ ਸੁੰਡ ਨਾਲ ਤਲਵਾਰਾਂ ਬੰਨ੍ਹ ਕੇ ਲਿਆਉਣਾ ਹੈ।" ਸਤਿਗੁਰਾਂ ਕਿਹਾ, "ਕੋਈ ਗੱਲ ਨਹੀਂ! ਸਾਡਾ ਦੁਨੀਚੰਦ ਹਾਥੀ* ਪਹਾੜੀਆਂ ਦੇ ਖ਼ੂਨੀ ਹਾਥੀ ਦਾ ਮੁਕਾਬਲਾ ਕਰੇਗਾ। ਦੁਨੀਚੰਦ ਇਹ ਬਚਨ ਸੁਣ ਕੇ ਡਰ ਗਿਆ ਤੇ ਕਹਿਣ ਲੱਗਾ, "ਹਾਥੀ ਅਤੇ ਬੰਦੇ ਦਾ ਕੀ ਮੁਕਾਬਲਾ ਹੈ ? ਸਤਿਗੁਰੂ ਜੀ ਮੈਨੂੰ ਬਿਨਾਂ ਆਈ ਮੌਤ ਮਰਵਾਉਣਾ ਚਾਹੁੰਦੇ ਹਨ।" ਭਾਵੇਂ ਪੰਜ ਪਿਆਰਿਆਂ ਅਤੇ ਭਾਈ ਰਾਮ ਕੁਇਰ ਜੀ ਨੇ ਬੜਾ ਸਮਝਾਇਆ ਕਿ ਕਰਨਾ-ਕਰਾਉਣਾ ਤਾਂ ਸਭ ਕੁਝ ਸਤਿਗੁਰੂ ਜੀ ਨੇ ਆਪ ਹੀ ਹੈ, ਤੈਨੂੰ ਤਾਂ ਭਾਈ ਸਾਲ੍ਹੋ ਜੀ ਦਾ ਪੋਤਰਾ ਜਾਣ ਕੇ ਵਡਿਆਈ ਬਖ਼ਸ਼ਣੀ ਚਾਹੁੰਦੇ ਹਨ। ਪਰ ਨਾ ਸਮਝਿਆ, ਅੱਧੀ ਰਾਤ ਨੂੰ ਦੋ ਕੁ ਸੌ ਸਾਥੀ ਨਾਲ ਲੈ ਕੇ ਚੋਰੀ ਭੱਜਣ ਲੱਗਾ, ਜਦ ਕਿਲ੍ਹੇ ਦੀ ਕੰਧ ਤੋਂ ਰੱਸਾ ਫੜ੍ਹ ਕੇ ਹੇਠਾਂ ਉਤਰਨ ਲੱਗਾ ਤਾਂ ਸਰੀਰ ਭਾਰਾ ਹੋਣ ਕਰਕੇ ਰੱਸਾ ਟੁੱਟ ਗਿਆ, ਡਿੱਗ ਕੇ ਲੱਤ ਟੁੱਟ ਗਈ, ਫਿਰ ਸਾਥੀਆਂ ਨੇ ਮੰਜੇ 'ਤੇ ਪਾ ਕੇ ਸ੍ਰੀ ਅੰਮਿਤਸਰ ਲਿਆਂਦਾ। ਇਸਦੇ ਪੁੱਤਰਾਂ ਨੇ ਕਿਹਾ, "ਤੂੰ ਬੜੀ ਮਾੜੀ ਕੀਤੀ ਹੈ, ਜੋ ਭੱਜ ਆਇਆ ਹੈਂ, ਸਤਿਗੁਰਾਂ ਦੇ ਦਿੱਤੇ ਹੋਏ ਹੀ ਅਨੇਕਾਂ ਸੁਖ ਆਪਾਂ ਭੋਗ ਰਹੇ ਹਾਂ, ਜੇ ਹੁਣ ਸਤਿਗੁਰਾਂ ਨੂੰ ਲੋੜ ਪਈ ਹੈ ਤਾਂ ਤੂੰ ਬੇਮੁਖ ਹੋ ਕੇ ਭੱਜ ਆਇਆ ਹੈਂ।" ਸ਼ਰਮ ਦਾ ਮਾਰਿਆ ਅੰਦਰੇ ਹੀ ਪਿਆ ਰਿਹਾ ਅਤੇ ਪੈਰਾਂ 'ਤੇ ਸੱਪ ਲੜ ਕੇ ਮਰ ਗਿਆ।

ਇਧਰ ਦਿਨ ਚੜ੍ਹਦਿਆਂ ਸਿੱਖਾਂ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ, "ਮਹਾਰਾਜ ਜੀ! ਦੁਨੀਚੰਦ ਤਾਂ ਪਹਾੜੀਆਂ ਦੇ ਹਾਥੀ ਨਾਲ ਲੜਨ ਤੋਂ ਡਰਦਾ ਹੋਇਆ ਦੋ ਕੁ ਸੌ ਸਾਥੀਆਂ ਨੂੰ ਨਾਲ ਲੈ ਕੇ ਰਾਤੋ ਰਾਤ ਦੌੜ ਗਿਆ ਹੈ।" ਇਹ ਸੁਣ ਕੇ ਸਤਿਗੁਰਾਂ ਕਿਹਾ, "ਅਸੀਂ ਤਾਂ ਭਾਈ ਸਾਲ੍ਹੋ ਜੀ ਦਾ ਪੋਤਰਾ ਜਾਣ ਕੇ ਵਡਿਆਈ ਦੇਣੀ ਚਾਹੁੰਦੇ ਸੀ, ਪਰ ਉਸਦੇ ਭਾਗਾਂ ਵਿਚ ਨਹੀਂ, ਜਿਸ ਮੌਤ ਤੋਂ ਡਰਦਾ ਘਰ ਨੂੰ ਭੱਜਿਆ ਹੈ, ਉਸ ਮੌਤ ਨੇ ਤਾਂ ਘਰੇ ਵੀ ਨਹੀਂ ਛੱਡਣਾ।"

---

* ਦੁਨੀਚੰਦ ਦਾ ਕੱਦ-ਕਾਠ ਹਾਥੀ ਦੀ ਤਰ੍ਹਾਂ ਬੜਾ ਵੱਡਾ ਸੀ।

ਫਿਰ ਸਤਿਗੁਰਾਂ ਕਿਹਾ, "ਸਾਡਾ ਸ਼ੇਰ ਭਾਈ ਬਚਿੱਤਰ ਸਿੰਘ* ਪਹਾੜੀਆਂ ਦੇ ਖ਼ੂਨੀ ਹਾਥੀ ਦਾ ਮੁਕਾਬਲਾ ਕਰੇਗਾ।" ਇਹ ਬਚਨ ਸੁਣ ਕੇ ਭਾਈ ਬਚਿੱਤਰ ਸਿੰਘ ਦੇ ਚਿਹਰੇ 'ਤੇ ਖ਼ੁਸ਼ੀ ਨਾਲ ਲਾਲੀ ਚੜ੍ਹ ਆਈ। ਯਥਾ :—

*'ਰਣੁ ਦੇਖਿ ਸੂਰੇ ਚਿਤ ਉਲਾਸ ॥'* [ਬਸੰਤੁ ਮਹਲਾ ੫, ਅੰਗ—੧੧੮੦]

ਸਤਿਗੁਰੂ ਜੀ ਨੇ ਤੋਸ਼ੇਖ਼ਾਨੇ ਵਿਚੋਂ ਨਾਗਨੀ ਬਰਛੀ† ਮੰਗਾ ਕੇ ਭਾਈ ਬਚਿੱਤਰ ਸਿੰਘ ਨੂੰ ਬਖ਼ਸ਼ੀ। ਜਿਸ ਵਕਤ ਪਹਾੜੀਏ ਆਪਣੀ ਫ਼ੌਜ ਅੱਗੇ ਮਸਤ ਹਾਥੀ ਲਾ ਕੇ ਆ ਰਹੇ ਸਨ ਤਾਂ ਭਾਈ ਬਚਿੱਤਰ ਸਿੰਘ ਨੇ ਘੋੜੇ ਦੀਆਂ ਰਕਾਬਾਂ ਉੱਪਰ ਖੜੋ ਕੇ ਜ਼ੋਰ ਨਾਲ ਸਤਿਗੁਰਾਂ ਦੀ ਬਖ਼ਸ਼ੀ ਹੋਈ ਵਲਾਂ ਵਾਲੀ ਨਾਗਨੀ ਬਰਛੀ ਮਾਰੀ, ਜਿਵੇਂ ਸੱਪ ਵਰਮੀ ਵਿਚ ਵੜ ਜਾਂਦਾ ਹੈ, ਇਉਂ ਹਾਥੀ ਦੇ ਮੱਥੇ ਵਿਚ ਜਾ ਧਸੀ, ਮਧਾਣੀ ਵਾਂਗ ਘੁਮਾ ਕੇ ਜਦ ਬਾਹਰ ਕੱਢੀ ਤਾਂ ਭਾਰੀ ਖ਼ੂਨ ਦੀ ਧਾਰ ਨਿਕਲੀ, ਹਾਥੀ ਚੀਕਦਾ ਹੋਇਆ ਪਿੱਛੇ ਮੁੜ ਕੇ ਪਹਾੜੀ ਫ਼ੌਜਾਂ ਨੂੰ ਲਤਾੜ-ਲਤਾੜ ਕੇ ਮਾਰਨ ਲੱਗ ਪਿਆ, ਫਿਰ ਪੰਜ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਜੀ ਨੇ ਉਸ ਹਾਥੀ ਦੀ ਸੁੰਡ ਵੱਢ ਦਿੱਤੀ, ਬਾਅਦ ਵਿਚ ਸਤਲੁਜ ਵਿਚ ਡਿੱਗ ਕੇ ਮਰ ਗਿਆ ਸੀ।

## ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥੨॥

ਜਿਸ-ਜਿਸ ਨੂੰ ਵੀ ਆਪਣਾ ਦਾਸ ਬਣਾ ਲੈਂਦੇ ਹਨ, ਤਿਸ-ਤਿਸ ਨੂੰ ਸਤਿਗੁਰੂ ਜੀ ਅਭੈ ਪਦਵੀ ਦਾ ਦਾਨ ਦੇ ਦਿੰਦੇ ਹਨ।

## ਸਾਖੀ : ਮਹੰਤ ਕ੍ਰਿਪਾਲ ਦਾਸ ਦੀ

ਜਦੋਂ ਸ੍ਰੀ ਕਲਗੀਧਰ ਜੀ ਨੇ ਪਾਉਂਟੇ ਸਾਹਿਬ ਜੰਗ ਕੀਤਾ, ਉਸ ਵਕਤ ਪੰਜ ਸੌ ਪਠਾਣ ਹਜ਼ੂਰ ਨੇ ਨੌਕਰ ਰੱਖੇ ਹੋਏ ਸਨ, ਜੋ ਪੀਰ ਬੁੱਧੂ ਸ਼ਾਹ ਨੇ ਰਖਾਏ ਸਨ, ਉਹ ਮੌਕੇ 'ਤੇ ਨਿਮਕ ਹਰਾਮੀ ਬਣ ਗਏ, ਇਹ ਕਹਿ ਕੇ ਪਹਾੜੀਆਂ ਨਾਲ ਜਾ ਰਲੇ ਕਿ ਜਿਤਨਾ ਸਤਿਗੁਰਾਂ ਪਾਸੋਂ ਲੁੱਟੀਏ, ਉਹ ਸਾਰਾ ਸਮਾਨ ਸਾਡਾ ਹੋਵੇ, ਕਿਉਂਕਿ ਇਹਨਾਂ ਨੂੰ ਸਤਿਗੁਰਾਂ ਦੇ ਖ਼ਜ਼ਾਨੇ ਆਦਿਕ ਦਾ ਪਤਾ ਸੀ।

---

* ਭਾਈ ਬਚਿੱਤਰ ਸਿੰਘ ਦਾ ਕੱਦ-ਕਾਠ ਸ਼ੇਰ ਦੀ ਤਰ੍ਹਾਂ ਛੋਟਾ ਜਿਹਾ ਸੀ, ਇਹ ਪੰਜ ਭਰਾ ਸਤਿਗੁਰੂ ਜੀ ਪਾਸ ਰਹਿੰਦੇ ਸਨ; ਭਾਈ ਅਜੈਬ ਸਿੰਘ, ਭਾਈ ਆਲਮ ਸਿੰਘ, ਭਾਈ ਉਦੈ ਸਿੰਘ, ਭਾਈ ਬਚਿੱਤਰ ਸਿੰਘ ਆਦਿ।

† ਜਿਸਦੇ ਦਰਸ਼ਨ ਹਰ ਰੋਜ਼ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਰਵਾਏ ਜਾਂਦੇ ਹਨ।

ਪੰਜ ਸੌ ਉਦਾਸੀ ਸਾਧੂ ਵੀ ਆਪ ਜੀ ਨਾਲ ਰਹਿੰਦੇ ਸਨ, ਜੋ ਆਪ ਜੀ ਦੇ ਲੰਗਰ ਵਿਚੋਂ ਹਰ ਰੋਜ਼ ਤਿੰਨ ਮੇਲ ਦਾ ਕੜਾਹ ਪ੍ਰਸ਼ਾਦਿ ਛਕਿਆ ਕਰਦੇ ਸਨ, ਇਹ ਉਦਾਸੀ ਸਾਧੂ ਵੀ ਜੰਗ ਤੋਂ ਡਰਦੇ ਹੋਏ ਰਾਤ ਨੂੰ ਭੱਜ ਗਏ ਸਨ। ਦਿਨ ਚੜ੍ਹਨ 'ਤੇ ਜਦੋਂ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਇਕੱਲਾ ਮਹੰਤ ਹੀ ਰਹਿ ਗਿਆ ਹੈ, ਤਾਂ ਸਤਿਗੁਰਾਂ ਨੇ ਕ੍ਰਿਪਾਲ ਦਾਸ ਮਹੰਤ ਨੂੰ ਪਾਸ ਬੁਲਾ ਕੇ ਕਿਹਾ, "ਸੁਣਾ ਚੇਲਿਆਂ ਦੀ!" ਇਸਨੇ ਕਿਹਾ, "ਜੀ! ਚੇਲੇ ਵੀ ਆਪ ਜੀ ਦੇ ਹਨ ਤੇ ਮੈਂ ਵੀ ਆਪ ਜੀ ਦਾ ਹੀ ਹਾਂ।" ਸਤਿਗੁਰਾਂ ਕਿਹਾ, "ਕੋਈ ਗੱਲ ਨਹੀਂ, ਮੁੱਢ ਤਾਂ ਰਹਿ ਗਿਆ ਹੈ, ਲਗਰਾਂ ਆਪੇ ਫੁੱਟ ਪੈਣਗੀਆਂ।" ਭਾਵ ਚੇਲੇ ਹੋਰ ਬਣ ਜਾਣਗੇ। ਫਿਰ ਸਤਿਗੁਰਾਂ ਕਿਹਾ, "ਦੱਸ! ਜਿੱਤ ਕਿਸਦੀ ਹੋਵੇਗੀ?" ਤਾਂ ਮਹੰਤ ਨੇ ਕਿਹਾ, "ਮਹਾਰਾਜ ਜੀ! ਚੌਦਾਂ ਲੋਕਾਂ ਵਿਚ ਕੌਣ ਹੈ, ਜੋ ਆਪ ਜੀ ਦੇ ਅੱਗੇ ਅੜ ਸਕੇ? ਜਿੱਤ ਆਪ ਜੀ ਦੀ ਹੀ ਹੋਣੀ ਹੈ।"

ਜਿਸ ਵਕਤ ਨਿਮਕ ਹਰਾਮੀ ਪਠਾਣਾਂ ਦਾ ਮੁਖੀ ਹਯਾਤ ਖ਼ਾਂ ਅੱਗੇ ਵਧ-ਵਧ ਕੇ ਜੰਗ ਕਰ ਰਿਹਾ ਸੀ ਤਾਂ ਕ੍ਰਿਪਾਲ ਦਾਸ ਮਹੰਤ ਨੂੰ ਬੜਾ ਗੁੱਸਾ ਆਇਆ, ਮਹਾਰਾਜ ਸਾਹਿਬ ਜੀ ਤੋਂ ਜੰਗ ਕਰਨ ਦੀ ਆਗਿਆ ਮੰਗੀ ਤਾਂ ਸਤਿਗੁਰਾਂ ਪ੍ਰਸੰਨ ਹੋ ਕੇ ਇਕ ਸੁੰਦਰ ਘੋੜਾ ਬਖ਼ਸ਼ਿਆ ਅਤੇ ਪੁੱਛਿਆ, "ਸ਼ਸਤਰ ਕਿਹੜਾ ਲੈਣਾ ਹੈ?" ਇਸਨੇ ਕਿਹਾ, "ਜੀ! ਮੈਂ ਆਪਣੇ ਕੁਤਕੇ (ਮੋਟੇ ਸੋਟੇ) ਨਾਲ ਹੀ ਜੰਗ ਕਰਾਂਗਾ।" ਇਹ ਸੁਣ ਕੇ ਗੁਰੂ ਜੀ ਬੜੇ ਖ਼ੁਸ਼ ਹੋਏ।

ਫਿਰ ਕ੍ਰਿਪਾਲ ਦਾਸ ਨੇ ਜੰਗ ਦੇ ਮੈਦਾਨ ਵਿਚ ਜਾ ਕੇ ਹਯਾਤ ਖ਼ਾਂ ਨੂੰ ਵੰਗਾਰਿਆ, "ਓਇ ਹਯਾਤ ਖ਼ਾਂ ਨਿਮਕ ਹਰਾਮੀਆਂ! ਜਿਨ੍ਹਾਂ ਸਤਿਗੁਰਾਂ ਤੋਂ ਤਨਖਾਹਾਂ ਲੈ ਕੇ ਟੱਬਰ ਪਾਲਦੇ ਰਹੇ ਹੋ, ਉਨ੍ਹਾਂ ਨਾਲ ਹੀ ਜੰਗ ਕਰਨ ਵਾਸਤੇ ਆਏ ਹੋ! ਆ ਮੇਰੇ ਨਾਲ ਜੰਗ ਕਰ!" ਹਯਾਤ ਖ਼ਾਂ ਨੇ ਗੁੱਸੇ ਵਿਚ ਆ ਕੇ ਕ੍ਰਿਪਾਲ ਦਾਸ 'ਤੇ ਤਲਵਾਰ ਦਾ ਵਾਰ ਕੀਤਾ, ਕ੍ਰਿਪਾਲ ਦਾਸ ਨੇ ਅੱਗੇ ਆਪਣਾ ਕੁਤਕਾ ਕਰ ਦਿੱਤਾ, ਕੁਤਕੇ 'ਤੇ ਵੱਜ ਕੇ ਤਲਵਾਰ ਟੁੱਟ ਗਈ, ਤਾਂ ਫਿਰ ਕ੍ਰਿਪਾਲ ਦਾਸ ਨੇ ਘੋੜੇ ਦੀਆਂ ਰਕਾਬਾਂ 'ਤੇ ਖੜ੍ਹੇ ਹੋ ਕੇ ਜ਼ੋਰ ਨਾਲ ਆਪਣਾ ਕੁਤਕਾ ਹਯਾਤ ਖ਼ਾਂ ਪਠਾਣ ਦੇ ਸਿਰ ਵਿਚ ਮਾਰਿਆ, ਵੱਜਣ ਸਾਰ ਸਿਰ ਫਟ ਕੇ ਮਰ ਗਿਆ। ਇਸ ਜੰਗ ਬਾਬਤ ਸਤਿਗੁਰੂ ਕਲਗੀਧਰ ਜੀ ਬਚਿਤ੍ਰ ਨਾਟਕ ਵਿਚ ਇਸ ਤਰ੍ਹਾਂ ਲਿਖਦੇ ਹਨ:—

*'ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ॥ ਹਠੀ ਖਾਨਹਯਾਤ ਕੇ ਸੀਸ ਝਾਰੀ॥*
*ਉਠੀ ਛਿੱਛਿ ਇੱਛੰ ਕਢਾ ਮੇਝ ਜੋਰੰ॥ ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ॥੭॥'*

[ਦਸਮ, ਅੰਗ—੬੦]

ਜਿਵੇਂ ਕ੍ਰਿਸ਼ਨ ਜੀ ਦੇ ਮਟਕੀਆਂ ਭੰਨਣ 'ਤੇ ਵਿਚੋਂ ਚਿੱਟੀ ਮੱਖਨੀ ਅਤੇ ਦਹੀਂ ਨਿਕਲਦੀ ਸੀ, ਇਉਂ ਹਯਾਤ ਖ਼ਾਂ ਦੇ ਸਿਰ ਵਿਚ ਕੁਤਕਾ ਵੱਜਣ 'ਤੇ ਚਿੱਟੀ ਮਿੱਝ ਨਿਕਲੀ।

ਸੋ, ਇਸ ਤਰ੍ਹਾਂ ਸਤਿਗੁਰਾਂ ਨੇ ਕ੍ਰਿਪਾਲ ਦਾਸ ਵਰਗੇ ਸਾਧੂਆਂ ਨੂੰ ਵੀ ਨਿਰਭੈ ਬਣਾ ਦਿੱਤਾ, ਜਿੰਨ੍ਹਾਂ ਨੇ ਕਦੀ ਸ਼ਸਤ੍ਰ ਫੜ ਕੇ ਵੀ ਨਹੀਂ ਸੀ ਵੇਖਿਆ, ਉਨ੍ਹਾਂ ਤੋਂ ਵੈਰੀਆਂ ਦਾ ਨਾਸ ਕਰਵਾਇਆ।

## ਸਿੰਘੁ ਬਿਲਾਈ ਹੋਇ ਗਇਓ

ਸਤਿਗੁਰਾਂ ਦੀ ਸੰਗਤ ਕਰਨ ਕਰਕੇ, ਕ੍ਰੋਧ, ਵਾ :—ਹੰਕਾਰ ਰੂਪ ਸ਼ੇਰ, **ਬਿਲਾਈ** = ਬਿੱਲੀ ਵਾਂਗ ਤੁੱਛ ਜਿਹਾ ਹੋ ਗਿਆ, ਅਥਵਾ :—ਬਿੱਲੀ ਤੋਂ ਸ਼ੇਰ ਹੋ ਜਾਂਦਾ ਹੈ, ਭਾਵ ਜੀਵ ਤੋਂ ਬ੍ਰਹਮ ਰੂਪ ਹੋ ਜਾਂਦਾ ਹੈ, ਜਿਵੇਂ ਬਿੱਲੀ ਨੂੰ ਦੇਖ ਕੇ ਚੂਹਾ ਜੜ੍ਹ ਹੋ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਕੀ ਸੰਗਤ ਕਰਨ ਵਾਲਿਆਂ ਨੂੰ ਵੇਖ ਕੇ ਪ੍ਰਤੱਖ ਸ਼ੇਰ ਵੀ ਜੜ੍ਹ ਹੋ ਜਾਂਦਾ ਹੈ।

## ਸਾਖੀ : ਬਾਬਾ ਬਿਧੀ ਚੰਦ ਬਹਾਦਰ ਦੀ

ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਯੂ.ਪੀ. ਦੇ ਇਲਾਕੇ ਵਿਚ ਲਖਨਊ ਪਾਸ ਸਿੱਖੀ ਦੇ ਪ੍ਰਚਾਰ ਲਈ ਭੇਜਿਆ ਤਾਂ ਭਾਈ ਸਾਹਿਬ ਉਥੇ ਦਿਉ ਨਗਰ ਵਿਚ ਇਕ ਇਮਲੀ ਦੇ ਬ੍ਰਿਛ ਹੇਠਾਂ ਜਾ ਬੈਠੇ, ਇਮਲੀ ਹਰੀ ਹੋ ਗਈ। ਭਾਈ ਸਾਹਿਬ ਜੀ ਦੀ ਇਹ ਸ਼ਕਤੀ ਵੇਖ ਕੇ ਬਹੁਤ ਸਾਰੇ ਲੋਕ ਪਾਸ ਆ ਕੇ ਗੁਰੂ ਜੀ ਦੀ ਸਿੱਖੀ ਧਾਰਨ ਕਰਨ ਲੱਗ ਪਏ।

ਇਥੇ ਇਕ ਸੁੰਦਰ ਸ਼ਾਹ ਨਾਮੇ ਫ਼ਕੀਰ ਰਹਿੰਦਾ ਸੀ, ਜੋ ਬੜੀ ਸ਼ਕਤੀ ਵਾਲਾ ਸੀ, ਇਸਨੇ ਸੋਚਿਆ, "ਇਹ ਮੇਰੀ ਪੂਜਾ-ਪਤਿਸ਼ਟਾ ਘਟਾ ਦੇਵੇਗਾ, ਇਸਨੂੰ ਇਥੋਂ ਉਠਾ ਦੇਵਾਂ ਤਾਂ ਚੰਗੀ ਗੱਲ ਹੈ।" ਇਹ ਸ਼ੇਰ 'ਤੇ ਚੜ੍ਹ ਕੇ ਡਰਾਉਣ ਵਾਸਤੇ ਆ ਰਿਹਾ ਸੀ, ਭਾਈ ਸਾਹਿਬ ਦੇ ਪਾਸ ਬਹੁਤ ਸਾਰੀਆਂ ਸੰਗਤਾਂ ਇਕੱਠੀਆਂ ਹੋਈਆਂ ਬੈਠੀਆਂ ਸਨ, ਜੋ ਸ਼ੇਰ ਤੋਂ ਡਰਦੀਆਂ ਹੋਈਆਂ ਭੱਜ ਗਈਆਂ। ਭਾਈ ਸਾਹਿਬ ਨੇ ਵੇਖਿਆ ਕਿ ਹੰਕਾਰੀ ਹੋ ਕੇ ਆ ਰਿਹਾ ਹੈ, ਆਪ ਜੀ ਬੈਠੇ ਹੀ ਰਹੇ ਉੱਠੇ ਨਹੀਂ, ਜਦ ਸ਼ੇਰ ਨੇੜੇ ਆਇਆ ਤਾਂ ਭਾਈ ਸਾਹਿਬ ਨੇ ਸ਼ੇਰ ਵੱਲ ਨਿਗ੍ਹਾ ਕੀਤੀ, ਉਸੇ ਵਕਤ ਸ਼ੇਰ ਜੜ੍ਹ ਹੋ ਗਿਆ, ਜਿਵੇਂ ਚੂਹਾ ਬਿੱਲੀ ਨੂੰ ਵੇਖ ਕੇ ਜੜ੍ਹ ਹੋ ਜਾਂਦਾ ਹੈ।

ਤਾਂ ਸੁੰਦਰ ਸ਼ਾਹ ਭਾਈ ਸਾਹਿਬ ਨੂੰ ਆਪਣੇ ਨਾਲੋਂ ਵੱਧ ਸ਼ਕਤੀ ਵਾਲਾ ਜਾਣ ਕੇ ਚਰਨੀਂ ਆਣ ਪਿਆ, ਫਿਰ ਭਾਈ ਸਾਹਿਬ ਨਾਲ ਬਹੁਤਾ ਪ੍ਰੇਮ ਕਰਨ ਲੱਗ ਪਿਆ, ਪ੍ਰੇਮ ਕਰਕੇ ਭਾਈ ਸਾਹਿਬ ਨੂੰ ਜਾਣ ਹੀ ਨਾ ਦੇਵੇ, ਭਾਈ ਬਿਧੀ ਚੰਦ ਜੀ ਨੇ ਧੀਰਜ ਦਿੱਤੀ, "ਪ੍ਰਮੇਸ਼ਰ ਦਾ ਨਾਮ ਜਪਿਆ ਕਰ, ਤੇਰਾ ਉਧਾਰ ਹੋ ਜਾਵੇਗਾ।" ਤਾਂ ਇਸਨੇ ਬੇਨਤੀ ਕੀਤੀ,

"ਮੈਨੂੰ ਅੰਤ ਵੇਲੇ ਆਪ ਜੀ ਦੇ ਦਰਸ਼ਨ ਹੋਣ।" ਤਾਂ ਭਾਈ ਸਾਹਿਬ ਨੇ ਅੰਤਰਜਾਮਤਾ ਨਾਲ ਜਾਣ ਕੇ ਕਿਹਾ, "ਮੇਰੇ ਅਤੇ ਤੇਰੇ ਸਰੀਰ ਦਾ ਇਕੱਠਾ ਅੰਤ ਹੋਣਾ ਹੈ, ਮੈਂ ਇਥੇ ਤੇਰੇ ਪਾਸ ਆ ਕੇ ਸਰੀਰ ਛੱਡਾਂਗਾ।"

ਭਾਈ ਸਾਹਿਬ ਨੇ ਆਪਣੇ ਬਚਨ ਦੀ ਪਾਲਣਾ ਕਰਦਿਆਂ ਹੋਇਆਂ ਦਿਉ ਨਗਰ ਜਾ ਕੇ ਸਰੀਰ ਛੱਡਿਆ ਸੀ, ਹੁਣ ਉਥੇ ਭਾਈ ਬਿਧੀ ਚੰਦ ਜੀ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

## ਤ੍ਰਿਣੁ ਮੇਰੁ ਦਿਖੀਤਾ॥

ਸਤਿਗੁਰੂ ਜੀ ਦੀ ਸੰਗਤ ਕਰਨ ਕਰਕੇ **ਮੇਰੁ** = ਸੁਮੇਰ ਪਰਬਤ ਵਾਂਗ ਜੋ ਅਚੱਲ ਰਹਿਣ ਵਾਲਾ ਸੰਸਾਰ ਦਿਖਾਈ ਦਿੰਦਾ ਹੈ, ਉਹ **ਤ੍ਰਿਣੁ** = ਕੱਖ ਸਮਾਨ ਤੁੱਛ ਦਿਸਣ ਲੱਗ ਜਾਂਦਾ ਹੈ, ਭਾਵ ਨਾਸਵੰਤ ਪ੍ਰਤੀਤ ਹੋਣ ਲੱਗ ਜਾਂਦਾ ਹੈ।

## ਸਾਖੀ : ਕਲਿਜੁਗ ਦੇ ਲੱਛਣ

ਇਕ ਦਿਨ ਸ੍ਰੀ ਕ੍ਰਿਸ਼ਨ ਜੀ ਪਾਸੋਂ ਪਾਂਡਵਾਂ ਨੇ ਪੁੱਛਿਆ, "ਮਹਾਰਾਜ ਜੀ! ਅੱਜ ਅਸੀਂ ਨਵੇਂ ਹੀ ਪੰਜ ਕੌਤਕ ਵੇਖੇ ਹਨ, ਇਕ ਨੇ ਹੰਸ ਵੇਖਿਆ, ਜਿਸਦੇ ਪਰਾਂ 'ਤੇ ਚਾਰ ਵੇਦ ਲਿਖੇ ਹੋਏ ਸਨ ਤੇ ਚੂੰਡਦਾ (ਖਾਂਦਾ) ਉਹ ਕਰੰਗਾਂ ਨੂੰ ਸੀ; ਦੂਜੇ ਨੇ ਇਕ ਗਊ ਆਪਣੀ ਵੱਛੀ ਨੂੰ ਚੁੰਘਦੀ ਹੋਈ ਵੇਖੀ; ਤੀਜੇ ਨੇ ਵੇਖਿਆ ਕਿ ਇਕ ਖੂਹ ਦਾ ਪਾਣੀ ਦੂਸਰੇ ਖੂਹ ਨੂੰ ਛੱਡ ਕੇ ਤੀਜੇ ਵਿਚ ਪੈ ਰਿਹਾ ਹੈ; ਚੌਥੇ ਨੇ ਇਕ ਹਾਥੀ ਵੇਖਿਆ, ਜਿਸਦੇ ਦੋ ਸੁੰਡ ਅਤੇ ਦੋ ਮੂੰਹ ਸਨ, ਇਕ ਮੂੰਹ ਨਾਲ ਉਹ ਘਾਹ ਅਤੇ ਦੂਸਰੇ ਨਾਲ ਮਾਸ ਖਾ ਰਿਹਾ ਸੀ; ਪੰਜਵੇਂ ਨੇ ਇਕ ਬੜਾ ਭਾਰੀ ਪਹਾੜ ਰਿੜ੍ਹਿਆ ਆਉਂਦਾ ਵੇਖਿਆ, ਜੋ ਬੜੇ-ਬੜੇ ਬਿਰਛਾਂ ਨੂੰ ਤੋੜਦਾ ਆ ਰਿਹਾ ਸੀ, ਪਰ ਇਕ ਕੱਖ ਦੇ ਆਸਰੇ ਆ ਕੇ ਰੁਕ ਗਿਆ, ਉਸਨੂੰ ਨਾ ਤੋੜ ਸਕਿਆ।" ਤਾਂ ਕ੍ਰਿਸ਼ਨ ਜੀ ਨੇ ਕਿਹਾ, "ਇਹ ਤੁਹਾਨੂੰ ਕਲਿਜੁਗ ਦੀਆਂ ਨਿਸ਼ਾਨੀਆਂ ਦਿਖਾਈਆਂ ਹਨ।"

(ੳ) ਕਲਿਜੁਗ ਵਿਚ ਹੰਸਾਂ ਦੀ ਨਿਆਈਂ ਵਿਦਵਾਨ ਲੋਕਾਂ ਨੂੰ ਚਾਰੇ ਵੇਦ ਕੰਠ ਵੀ ਹੋਣਗੇ, ਪਰ ਪਰਾਏ ਘਰਾਂ ਵਿਚ ਵਿਭਚਾਰ ਕਰਨ ਰੂਪ ਕਰੰਗ ਚੂੰਡਣਗੇ।

(ਅ) ਗਊਆਂ ਦੀ ਤਰ੍ਹਾਂ ਮਾਤਾ-ਪਿਤਾ ਹੋਣਗੇ ਜੋ ਧੀਆਂ ਦੇ ਪੈਸੇ ਲੈਣ ਰੂਪ ਦੁੱਧ ਚੁੰਘਣਗੇ।

(ੲ) ਖੂਹ ਦੀ ਤਰ੍ਹਾਂ ਆਪਣੇ ਸਕੇ-ਸਬੰਧੀਆਂ ਨੂੰ ਛੱਡ ਕੇ ਤੀਜਿਆਂ ਨਾਲ ਮੁਹੱਬਤ ਕਰਿਆ ਕਰਨਗੇ।

(ਸ) ਹਾਥੀ ਦੀ ਤਰ੍ਹਾਂ ਰਾਜੇ ਲੋਕ ਹੋਣਗੇ, ਜੋ ਚੋਰਾਂ ਪਾਸੋਂ ਪੈਸੇ ਲੈਣ ਰੂਪ ਘਾਹ ਖਾਣਗੇ ਅਤੇ ਜਿਸਦੀ ਚੋਰੀ ਹੋ ਗਈ ਹੋਵੇਗੀ, ਉਨ੍ਹਾਂ ਪਾਸੋਂ ਧਨ ਲੈਣ ਰੂਪ ਮਾਸ ਖਾਣਗੇ।

(ਹ) ਪਹਾੜ ਦੀ ਤਰ੍ਹਾਂ ਪਾਪ ਹੈ, ਇਹ ਤਪਾਂ ਰੂਪ ਬ੍ਰਿਛਾਂ ਨੂੰ ਤੋੜ ਦਿਆ ਕਰੇਗਾ, ਭਾਵ ਤਪ ਕਰਨ ਵਾਲਿਆਂ 'ਤੇ ਵੀ ਆਪਣਾ ਅਸਰ ਪਾ ਲਿਆ ਕਰੇਗਾ, ਪਰ ਨਾਮ ਰੂਪ ਤੀਲ੍ਹੇ ਦੇ ਆਸਰੇ ਖੜੋ ਜਾਇਆ ਕਰੇਗਾ, ਭਾਵ ਨਾਮ ਜਪਣ ਵਾਲਿਆਂ 'ਤੇ ਆਪਣਾ ਅਸਰ ਨਹੀਂ ਪਾ ਸਕਿਆ ਕਰੇਗਾ, ਨਾਮ ਜਪਣ ਵਾਲੇ ਪਾਪਾਂ ਤੋਂ ਬਚੇ ਰਹਿਣਗੇ।

## ਸੂਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥੩॥

ਜੋ **ਸੂਮੁ** = ਕਸ਼ਟ ਕਰਦੇ ਸਨ, ਅੱਧੇ-ਅੱਧੇ ਦਾਮ* ਵਾਸਤੇ, ਭਾਵ ਜੋ ਕਉਡੀ-ਕਉਡੀ ਵਾਸਤੇ ਮਿਹਨਤ-ਮਜ਼ਦੂਰੀ ਕਰਦੇ ਸਨ, ਉਹ ਪੁਰਸ਼ ਸਾਧਸੰਗਤ ਕਰਕੇ ਬੜੇ **ਗਨੀ ਧਨੀਤਾ** = ਸ਼ਾਹੂਕਾਰ ਗਿਣੇ ਜਾਂਦੇ ਹਨ। ਯਥਾ :—

੧. *'ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥'*

[ਸੂਹੀ ਮਹਲਾ ੫, ਅੰਗ—੭੪੮]

੨. *'ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ ॥*
*ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ ॥੨॥'*

[ਆਸਾ ਮਹਲਾ ੫, ਅੰਗ—੩੯੬-੯੭]

## ਸਾਖੀ : ਕੰਚਨ ਮਾਟੀ ਮਾਨੈ ॥

*'ਮਹਲਾ ੫ ॥ ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ਰਹਾਉ॥'*

[ਆਸਾ ਧੰਨਾ ਜੀ, ਅੰਗ—੪੮੭]

ਭਗਤ ਨਾਮਦੇਵ ਜੀ ਨੇ ਜਦੋਂ ਗਊ ਜਿਊਂਦੀ ਕੀਤੀ ਤਾਂ ਸਲੇਮ ਸ਼ਾਹ ਬਾਦਸ਼ਾਹ ਨੇ ਨਾਮਦੇਵ ਜੀ ਨੂੰ ਹੀਰੇ ਜੜਤ ਸੇਜਾ ਅਰਪਣ ਕੀਤੀ। ਜਿੰਨ੍ਹਾਂ ਦੀ ਐਸੀ ਦ੍ਰਿਸ਼ਟੀ ਸੀ :—

*'ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥'* [ਗਉੜੀ ਸੁਖਮਨੀ ਮ: ੫, ਅੰਗ—੨੭੫]

ਭਗਤ ਜੀ ਨੇ ਉਹ ਸੇਜਾ ਨਦੀ ਵਿਚ ਸੁੱਟ ਦਿੱਤੀ, ਨੌਕਰਾਂ ਨੇ ਬਾਦਸ਼ਾਹ ਨੂੰ ਜਾ

---

*ਦਾਮ ਇਕ ਪੈਸੇ ਦਾ ਅਠਤਾਲੀਵਾਂ ਹਿੱਸਾ ਹੁੰਦਾ ਹੈ।

ਕੇ ਦੱਸਿਆ, ਬਾਦਸ਼ਾਹ ਨੇ ਸੋਚਿਆ ਕਿ ਬੰਦਗੀ ਕਰਕੇ ਖ਼ੁਦਾ ਦੇ ਦਰ 'ਤੇ ਪਹੁੰਚ ਵਾਲੇ ਤਾਂ ਹੋ ਗਏ ਹਨ, ਪਰ ਇਨ੍ਹਾਂ ਨੂੰ ਹੀਰੇ, ਜਵਾਹਰਾਤਾਂ ਦੀ ਕੀਮਤ ਦਾ ਕੋਈ ਪਤਾ ਨਹੀਂ, ਜੇ ਪਤਾ ਹੁੰਦਾ ਤਾਂ ਐਸੀ ਹੀਰੇ ਜੜਤ ਸੇਜਾ ਨਦੀ ਵਿਚ ਨਾ ਸੁੱਟਦੇ। ਆਪਣੇ ਨੌਕਰਾਂ ਨੂੰ ਕਹਿ ਕੇ ਭਗਤ ਜੀ ਪਾਸ ਭੇਜ ਦਿੱਤਾ ਕਿ ਭਗਤ ਜੀ! ਉਹ ਸੇਜਾ ਤਾਂ ਸਹਿਜ਼ਾਦੇ ਦੀ ਸੀ, ਭੁੱਲ ਕੇ ਬਾਦਸ਼ਾਹ ਤੋਂ ਦਿੱਤੀ ਗਈ ਹੈ, ਉਹ ਵਾਪਸ ਕਰ ਦਿਉ, ਕਿਉਂਕਿ ਸਹਿਜ਼ਾਦਾ ਖਹਿੜਾ ਕਰ ਰਿਹਾ ਹੈ, ਆਪ ਜੀ ਨੂੰ ਹੋਰ ਲਿਆ ਦਿੰਦੇ ਹਾਂ। ਤਾਂ ਭਗਤ ਜੀ ਨੇ ਕਿਹਾ, "ਜਿਸਨੇ ਦਿੱਤੀ ਹੈ, ਉਹ ਆਪ ਹੀ ਆ ਕੇ ਲੈ ਜਾਵੇ।"

ਸਲੇਮ ਸ਼ਾਹ ਬਾਦਸ਼ਾਹ ਆਪਣੀਆਂ ਫ਼ੌਜਾਂ ਸਮੇਤ ਆਇਆ, ਅੱਗੋਂ ਭਗਤ ਜੀ ਨੇ ਕਿਹਾ, "ਆਪਣੀ ਸੇਜਾ ਨਦੀ ਵਿਚੋਂ ਕੱਢ ਲਓ।" ਜਦੋਂ ਰਾਜੇ ਨੇ ਨਦੀ ਵਿਚ ਨਿਗ੍ਹਾ ਮਾਰੀ ਤਾਂ ਉਹੋ ਜਿਹੀਆਂ ਹੀਰੇ ਜੜਤ ਅਨੇਕਾਂ ਸੇਜਾਂ ਵੇਖ ਕੇ ਹੈਰਾਨ ਹੋ ਗਿਆ, ਫਿਰ ਨਦੀ ਵਿਚ ਆਪਣੇ ਬੰਦੇ ਵਾੜ ਕੇ ਬਹੁਤ ਸਾਰੀਆਂ ਸੇਜਾਂ ਕੱਢ ਲਈਆਂ। ਤਾਂ ਨਾਮਦੇਵ ਜੀ ਨੇ ਕਿਹਾ, "ਹੁਣ ਤਾਂ ਬੱਸ ਕਰੋ! ਕਿਉਂਕਿ ਤੁਹਾਡੀਆਂ ਹੀ ਇਸਲਾਮ ਦੀਆਂ ਕਿਤਾਬਾਂ ਵਿਚ ਲਿਖਿਆ ਹੋਇਆ ਹੈ :—

*'ਦਹ ਦੁਨੀਆ ਸੱਤਰ ਆਖਰ'*

ਭਾਵ ਜੋ ਦਾਨ ਕਰਦਾ ਹੈ, ਜੋ ਇਥੇ ਲਵੇ ਤਾਂ ਦਸ ਗੁਣਾਂ ਮਿਲਦਾ ਹੈ, ਜੇਕਰ ਪ੍ਰਲੋਕ ਵਿਚ ਲਵੇ ਤਾਂ ਸੱਤਰ ਗੁਣਾਂ ਮਿਲਦਾ ਹੈ, ਤੁਸੀਂ ਤਾਂ ਇਥੇ ਹੀ ਸੱਤਰਾਂ ਤੋਂ ਵੱਧ ਪ੍ਰਾਪਤ ਕਰ ਲਿਆ ਹੈ।"

## ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥

ਇਸ ਲਈ ਸੰਤਾਂ ਦੀ ਅਤੇ ਆਪ ਜੀ ਦੀ ਵਡਿਆਈ ਮੈਂ **ਕਵਨ** = ਕਿਸ ਪ੍ਰਕਾਰ ਕਥਨ ਕਰ ਸਕਦਾ ਹਾਂ! ਭਾਵ ਨਹੀਂ ਕਰ ਸਕਦਾ। ਆਪ ਜੀ ਦੇ ਸੰਤ ਅਤੇ ਆਪ ਜੀ ਬੇਅੰਤ ਗੁਣਾਂ ਵਾਲੇ ਹੋ। ਯਥਾ :—

੧. *'ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥*
*ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪॥੪॥'*
[ਸੋਰਠਿ ਮਹਲਾ ੧, ਅੰਗ—੫੯੬]

੨. *'ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥*
*ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥੧॥'*
[ਸੂਹੀ ਮਹਲਾ ੪, ਅੰਗ—੭੩੪-੩੫]

੩. 'ਜਿਹਵਾ ਏਕ ਕਵਨ ਗੁਨ ਕਹੀਐ ॥
ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨਹੀ ਲਹੀਐ ॥੧॥ਰਹਾਉ॥'
[ਧਨਾਸਰੀ ਮਹਲਾ ੫, ਅੰਗ—੬੭੪]

੪. 'ਏਕ ਜੀਹ ਗੁਣ ਕਵਨ ਬਖਾਨੈ ॥ ਸਹਸਫਨੀ ਸੇਖ ਅੰਤੁ ਨ ਜਾਨੈ ॥
ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥'
[ਮਾਰੂ ਸੋਲਹੇ ਮਹਲਾ ੫, ਅੰਗ—੧੦੮੩]

੫. 'ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ॥੧॥ਰਹਾਉ॥
ਸਹਸਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ ॥'
[ਕਾਨੜਾ ਮਹਲਾ ੪, ਅੰਗ—੧੩੦੯]

**ਕਰਿ ਕਿਰਪਾ ਮੁਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥੪॥੭॥੩੭॥**

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪੰਜਵਾਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਮਹਾਰਾਜ, ਇਸ ਪੰਗਤੀ ਵਿਚ ਆਪਾਂ ਨੂੰ ਮੰਗ ਮੰਗਣ ਦੀ ਜਾਚ ਸਿਖਾਉਂਦੇ ਹਨ; ਹੇ ਅਕਾਲ ਪੁਰਖ ਵਾਹਿਗੁਰੂ ਸੱਚੇ ਪਾਤਸ਼ਾਹ ਜੀ! ਕਿਰਪਾ ਕਰਕੇ **ਮੋਹਿ** = ਮੈਨੂੰ ਨਾਮ ਦੀ ਦਾਤ ਬਖ਼ਸ਼ੋ, ਮੈਂ ਆਪ ਜੀ ਦੇ ਦਰ ਦਾ **ਸਰੀਤਾ** = ਗੋਲਾ ਹਾਂ, ਵਾ :—ਗੋਲਾ ਬਣ ਕੇ ਰਹਾਂ।

ਸਾਡੀ ਤਾਂ ਐਸੀ ਹਾਲਤ ਹੈ ਕਿ ਅਸੀਂ ਨਾਮ ਤੋਂ ਬਿਨਾਂ ਹੋਰ ਹੀ ਵਸਤੂਆਂ ਮੰਗਦੇ ਰਹਿੰਦੇ ਹਾਂ, ਜਿਸ ਕਰਕੇ ਸੁਖੀ ਨਹੀਂ ਹੁੰਦੇ, ਦੁਖ ਭੋਗਦੇ ਹਾਂ। ਯਥਾ :—

'ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥'
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੫੮]

ਭਗਤ ਕਬੀਰ ਸਾਹਿਬ ਜੀ ਵੀ ਫ਼ੁਰਮਾਉਂਦੇ ਹਨ :—

'ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥'
[ਰਾਗੁ ਗਉੜੀ ਗੁਆਰੇਰੀ ਕਬੀਰ ਜੀ, ਅੰਗ—੩੩੦]

ਇਸ ਲਈ ਸਤਿਗੁਰਾਂ ਪਾਸੋਂ ਸੁਖਦਾਇਕ ਨਾਮ ਦੀ ਦਾਤ ਹੀ ਮੰਗੀਏ। ਯਥਾ :—

੧. 'ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥'
[ਗਉੜੀ ਸੁਖਮਨੀ ਮਃ ੫, ਅੰਗ—੨੮੯]

੨. 'ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ,
ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥' [ਸੋਰਠਿ ਮਹਲਾ ੧, ਅੰਗ—੫੯੭]

੩. 'ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥
ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥੮॥'

[ਸੂਹੀ ਮਹਲਾ ੧, ਅੰਗ—੭੫੩]

੪. 'ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥'

[ਸੂਹੀ ਮਹਲਾ ੫, ਅੰਗ—੭੬੨]

੫. 'ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥'

[ਰਾਮਕਲੀ ਕੀ ਵਾਰ ਮਹਲਾ ੫, ਅੰਗ—੯੫੮]

੬. 'ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥'

[ਪ੍ਰਭਾਤੀ ਮਹਲਾ ੧, ਅੰਗ—੧੩੨੯]

੭. 'ਮਾਗਉ ਦਾਨੁ ਠਾਕੁਰ ਨਾਮ ॥
ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥

[ਟੋਡੀ ਮਹਲਾ ੫, ਅੰਗ—੭੧੩]

੮. 'ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ ॥
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥੧॥'

[ਰਾਗੁ ਧਨਾਸਿਰੀ ਮਹਲਾ ੩, ਅੰਗ—੬੬੬]

੯. 'ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥
ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥'

[ਸੂਹੀ ਮਹਲਾ ੧ ਕਾਫੀ, ਅੰਗ—੭੫੨]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

# ਗੁਰਬਾਣੀ ਬਦਲਣ ਦੇ ਯਤਨ ਹੋ ਰਹੇ ਹਨ ਪੰਥ ਸਾਵਧਾਨ ਹੋਵੇ !*

ਚੰਡੀਗੜ੍ਹ ਤੋਂ ਪ੍ਰਕਾਸ਼ਤ ਹੋ ਰਹੇ ਮਾਸਿਕ ਪੱਤਰ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਦੇ ਅਗਸਤ ੧੯੯੭ ਅੰਕ ਵਿਚ ਪ੍ਰਿੰਸੀਪਲ ਹਰਭਜਨ ਸਿੰਘ ਜੀ ਦਾ ਇਕ ਲੇਖ 'ਗੁਰਬਾਣੀ ਦਾ ਅਨੁਵਾਦ ਤੇ ਲਿਪੀਅੰਤਰਣ' ਦੇ ਸਿਰਲੇਖ ਹੇਠ ਛਪਿਆ ਹੈ। ਇਸ ਲੇਖ ਵਿਚ ਪ੍ਰਿੰਸੀਪਲ ਸਾਹਿਬ ਨੇ ਕੁਝ ਨੁਕਤੇ ਕਲਮਬੰਦ ਕੀਤੇ ਹਨ, ਜੋ ਸਿਰਫ਼ ਭੁਲੇਖਾ ਪਾਉਣ ਵਾਲੇ ਹੀ ਨਹੀਂ, ਸਗੋਂ ਸਰਾਸਰ ਗ਼ਲਤ ਹਨ। ਇਸ ਲੇਖ ਵਿਚ ਪ੍ਰਿੰਸੀਪਲ ਸਾਹਿਬ ਗੁਰਬਾਣੀ ਨਾਲ ਸਬੰਧਤ ਇਕ ਬੜੇ ਅਹਿਮ ਅਤੇ ਨਾਜ਼ੁਕ ਮਸਲੇ ਬਾਰੇ ਆਪਣੇ ਵਿਚਾਰ ਲਿਖ ਰਹੇ ਹਨ, ਪਰ ਜੋ ਸੁਝਾਅ ਉਨ੍ਹਾਂ ਨੇ ਇਥੇ ਪੇਸ਼ ਕੀਤੇ ਹਨ, ਉਹ ਨਾ ਸਿਰਫ਼ ਲਿਪੀਅੰਤਰਣ ਦੇ ਸਿਧਾਂਤਾਂ ਦੇ ਹੀ ਉਲਟ ਹਨ, ਸਗੋਂ ਨਾਲ ਹੀ ਇਹ ਦੇਵਨਾਗਰੀ ਵਿਚ ਗੁਰਬਾਣੀ ਦਾ ਅਸ਼ੁੱਧ ਰੂਪ ਪੇਸ਼ ਕਰਨ ਵਾਲੇ ਹਨ।

ਪ੍ਰਿੰਸੀਪਲ ਸਾਹਿਬ ਨੇ ਗੁਰਬਾਣੀ ਦਾ ਦੇਵਨਾਗਰੀ ਵਿਚ ਲਿਪੀਅੰਤਰਣ ਕਰਨ ਸਬੰਧੀ ਲਿਖਿਆ ਹੈ, "ਮੈਂ.....ਹਰ ਅਰਥਾਤਮਕ ਵਿਆਕਰਣਕ ਲਗ ਹੇਠਾਂ ਹਲੰਤ ( ੍ ) ਦਾ ਨਿਸ਼ਾਨ ਪਾ ਕੇ, ਪੰਜੀ ਸੱਤੀਂ ਥਾਈਂ, ਇਹ ਸੂਚਨਾ ਦੇ ਦਿੱਤੀ ਕਿ ਹਲੰਤ ਵਾਲੀ ਮਾਤਰਾ ਦਾ ਉਚਾਰਣ ਨਹੀਂ ਕਰਨਾ, ਕਿਉਂਕਿ ਇਹ ਸਿਰਫ਼ ਅਰਥ ਕਰਨ ਲਈ ਹੈ, ਉਚਾਰਣ ਲਈ ਨਹੀਂ।

[ਪੰਨਾ—੧੭]

ਇਸ ਬਾਰੇ ਮੇਰੇ ਵਿਚਾਰ ਸੁਣਨ ਦੀ ਕਿਰਪਾਲਤਾ ਕਰਨੀ :—

---

* ਡਾ. ਹਰਕੀਰਤ ਸਿੰਘ ਜੀ ਦਾ ਇਹ ਲੇਖ ੧੭ ਫ਼ਰਵਰੀ, ੧੯੯੮ ਦਿਨ ਮੰਗਲਵਾਰ ਨੂੰ 'ਅੱਜ ਦੀ ਆਵਾਜ਼' ਅਖ਼ਬਾਰ ਵਿਚ ਛਪਿਆ ਸੀ, ਜੋ ਅਸੀਂ ਸਿੱਖ ਸੰਗਤਾਂ ਤਾਈਂ ਪਹੁੰਚਾਉਣ ਵਾਸਤੇ ਧੰਨਵਾਦ ਸਹਿਤ ਇਥੇ ਦੇ ਰਹੇ ਹਾਂ, ਕਿਉਂਕਿ ਡਾ. ਹਰਕੀਰਤ ਸਿੰਘ ਜੀ ਜਿਥੇ ਦੁਨੀਆਵੀ ਵਿਦਿਆ ਵਿਚ ਨਿਪੁੰਨ ਹਨ, ਉਥੇ ਗੁਰਮਤਿ ਦੇ ਵੀ ਮਹਾਨ ਵਿਦਵਾਨ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਆਕਰਣ ਲਿਖ ਰਹੇ ਹਨ ਅਤੇ ਗੁਰਮਤਿ ਦੀਆਂ ਹੋਰ ਵੀ ਕਈ ਪੁਸਤਕਾਂ ਦੇ ਲੇਖਕ ਹਨ।

(ੳ) ੧. ਪ੍ਰਿੰਸੀਪਲ ਸਾਹਿਬ ਨੂੰ ਲਿਪੀਅੰਤਰਣ ਦੇ ਮੂਲ ਸਿਧਾਂਤ ਦਾ ਹੀ ਗਿਆਨ ਨਹੀਂ। ਉਹ ਸਿਧਾਂਤ ਕੀ ਹੈ ? ਉੱਤਰ :—

ਜੇ ਕਿਸੇ ਲਿਖ਼ਤ ਨੂੰ ਕਿਸੇ ਇਕ ਲਿਪੀ ਤੋਂ ਦੂਸਰੀ ਲਿਪੀ ਵਿਚ ਉਲਥਾਇਆ ਜਾਵੇ ਤਾਂ ਉਸਦੇ ਸਹੀ ਲਿਪੀਅੰਤਰਣ ਦੀ ਪਰਖ ਇਹ ਹੈ ਕਿ ਜੇ ਕੋਈ ਹੋਰ ਤੀਸਰਾ ਵਿਦਵਾਨ ਇਸ ਲਿਪੀਅੰਤਰਿਤ ਰੂਪ ਨੂੰ ਫੇਰ ਉਸੇ ਪਹਿਲੀ ਲਿਪੀ ਵਿਚ ਉਲਥਾਵੇ ਤਾਂ ਠੀਕ ਉਹ ਰੂਪ ਮਿਲੇ ਜੋ ਮੂਲ ਲਿਖਤ ਵਿਚ ਮੌਜੂਦ ਸੀ।

ਹੁਣ ਜਦੋਂ ਪ੍ਰਿੰਸੀਪਲ ਸਾਹਿਬ ਨੇ ਅਨੇਕਾਂ ਥਾਵਾਂ 'ਤੇ ਆਪਣੇ ਕੋਲੋਂ ਹਲੰਤ ਲਾ ਦਿੱਤੇ ਹਨ। ਜੇ ਕੋਈ ਹੋਰ ਵਿਦਵਾਨ ਇਸ ਦੇਵਨਾਗਰੀ ਲਿਪੀਅੰਤਰਿਤ ਰੂਪ ਨੂੰ ਫੇਰ ਗੁਰਮੁਖੀ ਵਿਚ ਉਲਥਾਵੇ ਤਾਂ ਇਹ ਸਾਰੇ ਹਲੰਤ ਗੁਰਮੁਖੀ ਵਿਚ ਵੀ ਲੱਗਣਗੇ। ਕੀ ਇਹ ਗੁਰਬਾਣੀ ਦਾ ਸ਼ੁੱਧ ਲਿਪੀਅੰਤਰਣ ਹੈ ? ਕੀ ਲਿਪੀਅੰਤਰਣ ਦੇ ਸਿਧਾਂਤ ਅਨੁਸਾਰ ਠੀਕ ਹੈ ?

੨. ਗੁਰਬਾਣੀ ਵਿਚ ਵੀ ਗੁਰੂ ਸਾਹਿਬ ਨੇ ਕੁਝ ਸ਼ਬਦਾਂ ਵਿਚ ਹਲੰਤ ਦੀ ਵਰਤੋਂ ਕੀਤੀ ਹੈ, ਪਰ ਇਹ ਹਲੰਤ ਦੇਵਨਾਗਰੀ ਵਾਲੇ ਕਾਰਜ ਲਈ ਨਹੀਂ ਵਰਤਿਆ ਗਿਆ, ਸਗੋਂ, ਇਕ ਵਿਸ਼ੇਸ਼ ਉਚਰਿਤ ਅੰਸ਼ ਨੂੰ ਪ੍ਰਗਟਾਉਣ ਲਈ ਲੱਗਾ ਹੈ। ਜਿਨ੍ਹਾ ਜਿਨ੍ਹੀ ਤੁਮਾਰੋ ਵਿਚ ਲੱਗਾ ਹਲੰਤ ਵਰਗਾ ਚਿੰਨ੍ਹ ਸੁਰ ਨੂੰ ਅੰਕਿਤ ਕਰਦਾ ਹੈ। ਲਿਪੀਅੰਤਰਣ ਕਰਦਿਆਂ ਪ੍ਰਿੰਸੀਪਲ ਸਾਹਿਬ ਇਨ੍ਹਾਂ ਸ਼ਬਦਾਂ ਵਿਚ ਵੀ ਹਲੰਤ ਲਾਉਣਗੇ। ਹੁਣ ਅਨੁਮਾਨ ਲਾਇਆ ਜਾਵੇ—ਇਕ ਥਾਂ ਉਹ ਹਲੰਤ ਸੁਰ ਲਈ ਆਉਂਦੇ ਹਨ, ਅੱਗੇ ਨਾਲ ਹੀ ਇਹ ਚਿੰਨ੍ਹ (ਹਲੰਤ) ਇਹ ਦੱਸਣ ਲਈ ਲਾਇਆ ਹੈ ਕਿ ਇਸ ਮਾਤਰਾ ਦਾ ਉਚਾਰਨ ਨਹੀਂ ਕਰਨਾ।

ਕੀ ਕਿਸੇ ਵਿਦਵਾਨ ਨੇ ਸਾਡੇ ਦੇਸ਼ ਦੀਆਂ ਲਿਪੀਆਂ ਵਿਚ ਅਜਿਹੀ ਅਨਿਯਮਤਾ ਦੇਖੀ ਹੈ ਕਿ ਇਕ ਲਿਖਤ ਵਿਚ ਇਕ ਲਿਪੀ ਚਿੰਨ੍ਹ ਵੱਖ-ਵੱਖ ਕਾਰਜਾਂ ਲਈ ਵਰਤਿਆ ਗਿਆ ਹੋਵੇ ?

੩. ਹਲੰਤ ਦਾ ਚਿੰਨ੍ਹ ਸਿਰਫ਼ ਵਿਅੰਜਨ ਦੇ ਹੇਠਾਂ ਲਗਦਾ ਹੈ, ਸ੍ਵਰ ਅਰਥਾਤ ਲਗ (ਮਾਤ੍ਰਾ) ਨੂੰ ਹਲੰਤ ਲੱਗ ਹੀ ਨਹੀਂ ਸਕਦਾ।

ਇੰਝ ਪ੍ਰਿੰਸੀਪਲ ਸਾਹਿਬ ਜਿਥੇ ਲਿਪੀਅੰਤਰਣ ਦੇ ਬੁਨਿਆਦੀ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ, ਉਥੇ ਨਾਲ ਹੀ ਲਿਪੀ ਦੀ ਵਰਤੋਂ ਦੇ ਨਿਯਮਾਂ ਨੂੰ ਵੀ ਦਰੜੀ ਜਾ ਰਹੇ ਹਨ। ਪਾਠਕ ਅਨੁਮਾਨ ਲਾ ਸਕਦੇ ਹਨ ਕਿ ਜਦੋਂ ਇਹੋ ਜਿਹਾ ਲਿਪੀਅੰਤਰਣ ਹਿੰਦੀ ਵਿਦਵਾਨਾਂ ਦੇ ਹੱਥਾਂ ਵਿਚ ਜਾਵੇਗਾ ਤਾਂ ਉਹ ਸਿੱਖਾਂ ਦੀ

ਵਿਦਵਤਾ ਬਾਰੇ ਕੀ ਰਾਇ ਬਨਾਉਣਗੇ।

(ਅ) ਹੁਣ ਮੈਂ ਪ੍ਰਿੰਸੀਪਲ ਸਾਹਿਬ ਦੁਆਰਾ ਬਾਰ-ਬਾਰ ਦੁਹਰਾਏ ਗਏ ਇਕ ਹੋਰ ਨੁਕਤੇ ਬਾਰੇ ਪਾਠਕਾਂ ਨਾਲ ਵਿਚਾਰ ਸਾਂਝੇ ਕਰਾਂਗਾ। ਉਹ ਲਿਖਦੇ ਹਨ :—

"ਚੇਤੇ ਰਹੇ ਕਿ ਗੁਰਬਾਣੀ ਲਿਖਤ ਵਿਚ ਅੱਖਰਾਂ ਨਾਲ ਦੋ ਪ੍ਰਕਾਰ ਦੀਆਂ ਲਗਾਂ-ਮਾਤਰਾਂ ਦਾ ਪ੍ਰਯੋਗ ਹੈ, ਇਕ ਹਨ ਕੇਵਲ ਉਚਾਰਨ ਲਈ ਅਤੇ ਦੂਜੀਆਂ ਹਨ ਕੇਵਲ ਅਰਥ-ਭਾਵਾਂ ਲਈ.....।" [ਪੰਨਾ—੧੬]

ਏਹੋ ਜਿਹੇ ਵਿਚਾਰ ਕੁਝ ਹੋਰ ਵਿਦਵਾਨਾਂ ਨੇ ਵੀ ਪ੍ਰਗਟ ਕੀਤੇ ਹਨ, ਪਰ ਇਹ ਗ਼ਲਤ ਹਨ ਅਤੇ ਭਾਸ਼ਾ, ਭਾਸ਼ਾ ਦੇ ਇਤਿਹਾਸ, ਭਾਸ਼ਾ-ਵਿਗਿਆਨ, ਧੁਨੀ-ਵਿਗਿਆਨ ਬਾਰੇ ਅਗਿਆਨ ਦੇ ਲਖਾਇਕ ਹਨ। ਗੁਰਬਾਣੀ ਦੀ ਕੋਈ ਲਗ ਜਾਂ ਕੋਈ ਹੋਰ ਚਿੰਨ੍ਹ ਕੇਵਲ ਅਰਥ-ਭਾਵਾਂ ਲਈ ਨਹੀਂ ਲੱਗਾ, ਸਭ ਲਗਾਂ ਦਾ ਉਚਾਰਨ ਕਰਨਾ ਹੈ। ਅਫ਼ਸੋਸ ਇਹ ਹੈ ਕਿ ਪ੍ਰਿੰਸੀਪਲ ਜੀ ਅਤੇ ਉਨ੍ਹਾਂ ਦੇ ਹੋਰ ਸਾਥੀ ਗੁਰਬਾਣੀ ਦੀ ਪੰਜ, ਛੇ ਸੌ ਸਾਲ ਪੁਰਾਣੀ ਭਾਸ਼ਾ ਨੂੰ ਅਜੋਕੀ ਭਾਸ਼ਾ ਬਲਕਿ ਅਜੋਕੀ ਪੰਜਾਬੀ ਦੇ ਨਿਯਮਾਂ ਅਨੁਸਾਰ ਨਾਪ ਰਹੇ ਹਨ। ਇਸ ਲਈ ਜਿਥੇ ਉਹ ਆਪਣੀ ਪੁਜ਼ੀਸ਼ਨ ਹਾਸੋ-ਹੀਣੀ ਬਣਾਉਂਦੇ ਹਨ, ਨਾਲ ਹੀ ਸ਼ੁੱਧ ਲਿਖੀ ਹੋਈ ਬਾਣੀ ਦਾ ਅਸ਼ੁੱਧ ਪਾਠ ਕਰਨ ਦਾ ਪ੍ਰਚਾਰ ਕਰ ਰਹੇ ਹਨ। ਹੈਰਾਨੀ ਇਹ ਹੈ ਕਿ ਅਜਿਹੀਆਂ ਸਿਰਫ਼ ਦੋ ਮਾਤ੍ਰਾਵਾਂ ਹਨ, ਜਿਹੜੀਆਂ ਪ੍ਰਿੰਸੀਪਲ ਜੀ ਦੇ ਮਤ ਅਨੁਸਾਰ ਸਿਰਫ਼ 'ਅਰਥ-ਭਾਵਾਂ' ਲਈ ਹਨ, ਉਨ੍ਹਾਂ ਦਾ ਉਚਾਰਨ ਨਹੀਂ ਕਰਨਾ। ਇਹ ਹਨ—'ਸਿਹਾਰੀ' ਤੇ 'ਔਂਕੜ'। ਪ੍ਰਿੰਸੀਪਲ ਸਾਹਿਬ ਦੇ ਕਥਨ ਵਿਚ ਏਨੀ ਸੱਚਾਈ ਜ਼ਰੂਰ ਹੈ ਕਿ ਅਸੀਂ ਸਾਰੇ ਹੀ ਅੱਜ ਸ਼ਬਦਾਂ ਦੇ ਅੰਤ ਵਿਚ ਲੱਗੇ ਸਿਹਾਰੀ ਤੇ ਔਂਕੜ ਦਾ ਉਚਾਰਨ ਨਹੀਂ ਕਰਦੇ, ਪਰ ਪ੍ਰਿੰਸੀਪਲ ਸਾਹਿਬ ਦਾ ਇਹ ਕਹਿਣਾ ਬਿਲਕੁਲ ਗ਼ਲਤ ਹੈ ਕਿ ਸ਼ਬਦਾਂ ਦੇ ਅੰਤ ਵਿਚ ਲੱਗੇ ਸਿਹਾਰੀ ਤੇ ਔਂਕੜ ਸਿਰਫ਼ 'ਅਰਥ-ਭਾਵ' ਲਈ ਹਨ, ਇਨ੍ਹਾਂ ਦਾ ਉਚਾਰਨ ਨਹੀਂ ਕਰਨਾ।

ਜ਼ਰਾ ਵਿਚਾਰ ਕਰੀਏ; 'ਆਦਿ ਸਚੁ' ਨੂੰ ਅਸੀਂ ਸਾਰੇ 'ਆਦ ਸਚ' ਪੜ੍ਹਦੇ ਹਾਂ, ਇਹ ਠੀਕ ਹੈ, ਪਰ ਕੀ ਪ੍ਰਿੰਸੀਪਲ ਜੀ ਦੱਸਣਗੇ ਕਿ 'ਆਦਿ' ਦੇ 'ਦ' ਨੂੰ ਲੱਗੀ ਸਿਹਾਰੀ ਕਿਹੜਾ ਅਰਥ-ਭਾਵ ਪ੍ਰਗਟ ਕਰਦੀ ਹੈ। ਇਹ ਸਿਹਾਰੀ ਸ਼ਬਦ ਦਾ ਮੂਲ ਰੂਪ ਹੈ, ਜੋ ਸੰਸਕ੍ਰਿਤ ਵਿਚ ਇਵੇਂ ਹੀ ਲਿਖਿਆ ਤੇ ਉਚਾਰਿਆ ਜਾਂਦਾ ਸੀ ਤੇ ਉਸ ਤੋਂ ਬਾਅਦ ਦੀਆਂ ਭਾਸ਼ਾਵਾਂ ਵਿਚ ਵੀ 'ਆਦਿ' ਹੀ ਸੀ ਤੇ ਇਸਦਾ ਉਚਾਰਨ ਵੀ 'ਦ' ਦੀ ਸਿਹਾਰੀ ਨਾਲ ਕੀਤਾ ਜਾਂਦਾ ਸੀ। ਗੁਰਬਾਣੀ ਦੇ ਰਚਨਾ ਕਾਲ ਵਿਚ ਵੀ ਇਨ੍ਹਾਂ ਅੰਤਮ ਲਗਾਂ ਦਾ ਉਚਾਰਨ ਹੁੰਦਾ ਸੀ, ਅੱਜ ਅਸੀਂ ਇਨ੍ਹਾਂ ਦਾ ਉਚਾਰਨ ਕਿਉਂ ਨਹੀਂ ਕਰਦੇ ? ਇਸਦਾ ਕਾਰਨ ਸਮਝਿਆ ਜਾਵੇ। ਪਿਛਲੇ ਢਾਈ, ਤਿੰਨ ਸੌ ਸਾਲਾਂ ਵਿਚ ਹਿੰਦੀ, ਪੰਜਾਬੀ

ਬੋਲਣ ਵਾਲਿਆਂ ਦੇ ਉਚਾਰਨ ਵਿਚ ਕੁਝ ਵਿਸ਼ੇਸ਼ ਰੁਚੀਆਂ ਉਤਪੰਨ ਹੋਈਆਂ ਹਨ, ਜਿਨ੍ਹਾਂ ਵਿਚੋਂ ਇਕ ਇਹ ਹੈ ਕਿ ਅਸੀਂ ਸ਼ਬਦਾਂ ਦੇ ਅੰਤ ਵਿਚ ਆਉਣ ਵਾਲੇ ਹਸਵ ਸੁਰਾਂ (ਸਿਹਾਰੀ ਤੇ ਔਂਕੜ) ਦਾ ਉਚਾਰਨ ਕਰਨ ਦੀ ਸਮਰੱਥਾ ਗੁਆ ਚੁੱਕੇ ਹਾਂ। ਮੂਲ ਸ਼ਬਦ ਰੂਪ ਹੈ 'ਗੁਰੁ ਸਾਧੁ', ਅਸੀਂ ਜਾਂ 'ਗੁਰੂ' 'ਸਾਧੂ' ਕਹਾਂਗੇ ਜਾਂ ਫਿਰ 'ਗੁਰ ਸਾਧ' ਇਵੇਂ ਹੀ ਜਾਤਿ ਬੁਧਿ ਨੂੰ ਅਸੀਂ 'ਜਾਤੀ ਬੁਧੀ' ਜਾਂ 'ਜਾਤ-ਬੁੱਧ' ਉਚਾਰਦੇ ਹਾਂ। ਅਫ਼ਸੋਸ ਇਹ ਹੈ ਕਿ ਆਪਣੀ ਇਸ ਕਮਜ਼ੋਰੀ ਨੂੰ ਸਵੀਕਾਰ ਕਰਨ ਦੀ ਬਜਾਇ ਸਾਡੇ ਵਿਦਵਾਨ ਪ੍ਰਚਾਰ ਕਰ ਰਹੇ ਹਨ ਕਿ ਇਨ੍ਹਾਂ ਦਾ ਉਚਾਰਨ ਹੀ ਨਹੀਂ ਕਰਨਾ। ਜਿਸਦਾ ਸਪੱਸ਼ਟ ਭਾਵ ਇਹ ਹੈ ਕਿ ਗੁਰਬਾਣੀ ਦਾ ਲਿਖਤ ਰੂਪ ਗ਼ਲਤ ਹੈ, ਸਹੀ ਰੂਪ ਸਾਡੇ ਅਜੋਕੇ ਉਚਾਰਨ ਵਾਲਾ ਹੈ। ਇਹ ਭਾਸ਼ਾ, ਭਾਸ਼ਾ-ਵਿਗਿਆਨ, ਧੁਨੀ-ਵਿਗਿਆਨ ਤੇ ਭਾਸ਼ਾ ਦੇ ਇਤਿਹਾਸ ਵਰਗੇ ਵਿਸ਼ਿਆਂ ਨਾਲ ਇਕ ਕੋਝਾ ਮਜ਼ਾਕ ਹੈ ਤੇ ਗੁਰਬਾਣੀ ਦਾ ਅਸ਼ੁੱਧ ਪਾਠ ਕਰਨ ਦਾ ਪ੍ਰਚਾਰ ਹੈ।

ਪ੍ਰਿੰਸੀਪਲ ਸਾਹਿਬ ਦੇ ਵਿਚਾਰਾਂ ਦੀ ਜ਼ਰਾ ਹੋਰ ਪਰਖ ਕਰੀਏ। ਆਪ ਲਿਖਦੇ ਹਨ, "ਇਕ ਮਾਤ੍ਰਾਵਾਂ ਕੇਵਲ ਉਚਾਰਨ ਲਈ ਹਨ ਅਤੇ ਦੂਜੀਆਂ ਹਨ ਕੇਵਲ ਅਰਥ ਭਾਵਾਂ ਲਈ।" ਹੁਣ ਜ਼ਰਾ 'ਜਪੁਜੀ ਸਾਹਿਬ' ਦੀ ਦੂਜੀ ਪਉੜੀ ਦੀਆਂ ਹੇਠ ਲਿਖੀਆਂ ਤੁਕਾਂ ਵੇਖੀਆਂ ਜਾਣ :—

*'ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥'*

[ਜਪੁਜੀ ਸਾਹਿਬ, ਅੰਗ—੧]

ਇਨ੍ਹਾਂ ਤੁਕਾਂ ਵਿਚ 'ਹੁਕਮੀ' ਦੇ ਅਰਥ ਹਨ; 'ਹੁਕਮ ਦੁਆਰਾ' ਅਤੇ 'ਹੁਕਮਿ' ਦੇ ਵੀ ਠੀਕ ਇਹੋ ਅਰਥ ਹਨ। ਪ੍ਰਿੰਸੀਪਲ ਸਾਹਿਬ ਦੀ ਰਾਏ ਅਨੁਸਾਰ 'ਹੁਕਮੀ' ਦੀ ਬਿਹਾਰੀ ਦਾ ਉਚਾਰਨ ਤਾਂ ਕਰਨਾ ਹੈ, ਪਰ 'ਹੁਕਮਿ' ਦੀ ਸਿਹਾਰੀ ਦਾ ਉਚਾਰਨ ਨਹੀਂ ਕਰਨਾ, ਕਿਉਂ ? ਜਦੋਂ ਦੋਵੇਂ ਮਾਤ੍ਰਾਵਾਂ (ਬਿਹਾਰੀ ਤੇ ਸਿਹਾਰੀ) ਇਕੋ 'ਅਰਥ-ਭਾਵ' ਨੂੰ ਪ੍ਰਗਟ ਕਰਨ ਲਈ ਵਰਤੀਆਂ ਗਈਆਂ ਹਨ ਅਤੇ ਇਕ ਦਾ ਉਚਾਰਨ ਕਰਨਾ ਹੈ ਤਾਂ ਦੂਜੀ ਦਾ ਉਚਾਰਨ ਕਿਉਂ ਨਹੀਂ ਕਰਨਾ ? ਇਸਦਾ ਕੋਈ ਉੱਤਰ ਹੈ ਤੁਹਾਡੇ ਕੋਲ ?

*'ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥'*

[ਭੈਰਉ ਨਾਮਦੇਉ ਜੀਉ, ਅੰਗ—੧੧੬੪]

ਪ੍ਰਿੰਸੀਪਲ ਸਾਹਿਬ ਦੇ ਆਦੇਸ਼ ਅਨੁਸਾਰ ਪਹਿਲੇ ਸ਼ਬਦ ਦਾ ਉਚਾਰਨ 'ਭਗਤ' ਕਰਨਾ ਹੈ। 'ਭਗਤ' ਕਹਿੰਦੇ ਹਨ ਭਗਤੀ ਕਰਨ ਵਾਲੇ ਨੂੰ। ਇਸ ਅਨੁਸਾਰ ਇਸ ਤੁਕ ਦੇ ਅਰਥ ਕੀ ਬਣੇ ? ਵੇਖਿਆ ਜਾਵੇ 'ਤ' ਦੀ ਸਿਹਾਰੀ ਸ਼ਬਦ ਦਾ ਮੂਲ ਰੂਪ ਹੈ (ਸੰਸਕ੍ਰਿਤ

ਭਗਤਿ)। ਇਥੇ ਅਰਥ ਸਪੱਸ਼ਟ ਕਰਨ ਲਈ ਬਿਹਾਰੀ ਦਾ ਉਚਾਰਨ ਜਾਰੀ ਹੈ ਤਾਂ ਸਪੱਸ਼ਟ ਹੀ ਇਹ ਸਿਹਾਰੀ ਅਰਥ-ਭਾਵ ਸਪੱਸ਼ਟ ਕਰਦੀ ਹੈ। ਫੇਰ ਇਸਦਾ ਉਚਾਰਨ ਕਿਉਂ ਨਹੀਂ ਕੀਤਾ ਜਾਂਦਾ ? ਇਥੇ 'ਤ' ਨੂੰ ਲੱਗੀ ਸਿਹਾਰੀ ਦਾ ਉਚਾਰਨ ਨਾ ਕਰੀਏ ਤਾਂ ਅਰਥ ਹੀ ਨਹੀਂ ਬਣਦੇ। ਗੁਰਬਾਣੀ ਵਿਚ ਬਹੁਤ ਸਾਰੇ ਸ਼ਬਦ ਅਜਿਹੇ ਹਨ, ਜਿਨ੍ਹਾਂ ਵਿਚ ਅੰਤਮ ਸਿਹਾਰੀ ਜਾਂ ਔਂਕੜ ਸ਼ਬਦ ਦਾ ਮੂਲ ਰੂਪ ਹਨ। ਕੁਝ ਉਚਾਰਨ—ਆਦਿ, ਰਿਧਿ, ਸਿਧਿ, ਨਿਧਿ, ਸਾਂਤਿ, ਰਵਿ, ਸਸਿ, ਜਾਤਿ, ਪਤਿ, ਭਗਤਿ, ਜੋਤਿ ਅਥਵਾ—ਸਾਧੁ, ਗੁਰੁ, ਲਾਧੁ, ਪਸੁ, ਪ੍ਰਭੁ, ਵਸਤੁ, ਸਤੁ ਆਦਿ ਇਨ੍ਹਾਂ ਸ਼ਬਦਾਂ ਵਿਚ ਅੰਤਮ ਸਿਹਾਰੀ/ਔਂਕੜ ਸੰਸਕ੍ਰਿਤ ਤੋਂ ਚਲਿਆ ਆ ਰਿਹਾ ਹੈ, ਇਸਦਾ ਅਰਥਾਂ ਨਾਲ ਕੋਈ ਸਬੰਧ ਨਹੀਂ ਹੈ। ਇਥੇ ਸਿਹਾਰੀ/ਔਂਕੜ ਦਾ ਉਚਾਰਨ ਕਿਉਂ ਨਹੀਂ ਕੀਤਾ ਜਾਂਦਾ ?

ਪ੍ਰਿੰਸੀਪਲ ਸਾਹਿਬ ਨੇ ਹਿੰਦੀ ਵਾਲਿਆਂ ਦਾ ਉਚਾਰਨ ਦੇ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਦੇਵਨਾਗਰੀ ਲਿਪੀ ਵਿਚ ਗੁਰਬਾਣੀ ਪੜ੍ਹਦਿਆਂ ਅੰਤਮ ਸਿਹਾਰੀ ਤੇ ਔਂਕੜ ਦਾ ਉਚਾਰਨ ਗਲਤ ਕਰਦੇ ਹਨ। ਇਹ ਹਿੰਦੀ ਵਿਦਵਾਨਾਂ ਦਾ ਅਪਮਾਨ ਹੈ। ਹਿੰਦੀ ਵਿਦਵਾਨ ਅੰਤਮ ਸਿਹਾਰੀ ਤੇ ਔਂਕੜ ਦਾ ਉਚਾਰਨ ਬਿਲਕੁਲ ਠੀਕ ਕਰਦੇ ਹਨ। ਸੰਸਕ੍ਰਿਤ ਦਾ ਮੁਨਾਸਬ ਗਿਆਨ ਹੋਣ ਕਰਕੇ ਅਤੇ ਹਸ੍ਵ ਸੁਰਾਂ ਦੇ ਉਚਾਰਨ ਦਾ ਅਭਿਆਸ ਕਰਕੇ ਹਿੰਦੀ ਵਾਲੇ ਇਨ੍ਹਾਂ ਸੁਰਾਂ ਦਾ ਕਾਫ਼ੀ ਠੀਕ ਉਚਾਰਨ ਕਰਦੇ ਹਨ। ਮੈਂ ਪ੍ਰਿੰਸੀਪਲ ਸਾਹਿਬ ਨੂੰ ਸੁਝਾਅ ਦਿਆਂਗਾ ਕਿ ਉਹ ਦਿੱਲੀ ਰੇਡੀਓ ਜਾਂ ਟੀ.ਵੀ. ਤੋਂ ਪ੍ਰਸਾਰਿਤ ਹੋਣ ਵਾਲੇ ਹਿੰਦੀ ਸਮਾਚਾਰ ਜ਼ਰਾ ਗ਼ੌਰ ਨਾਲ ਸੁਣਨ ਦੀ ਖੇਚਲ ਕਰਨ। ਹਿੰਦੀ ਪ੍ਰੋਗਰਾਮਾਂ ਵਿਚ 'ਆਦਿ, ਪ੍ਰਤਿ, ਜਾਤਿ, ਦ੍ਰਿਸ਼ਟਿ ਆਦਿ ਸ਼ਬਦਾਂ ਦੀ ਅੰਤਮ ਸਿਹਾਰੀ ਦਾ ਸਹੀ ਉਚਾਰਨ ਕੀਤਾ ਜਾਂਦਾ ਹੈ। ਇਵੇਂ ਹੀ 'ਸਾਧੁ, ਲਘੁ, ਵਸਤੁ, ਆਦਿ ਦਾ ਅੰਤਮ ਔਂਕੜ ਵੀ ਠੀਕ ਉਚਾਰਿਆ ਜਾਂਦਾ ਹੈ। ਅਜਿਹੇ ਸ਼ਬਦਾਂ ਦਾ ਗ਼ਲਤ ਉਚਾਰਨ ਕਰਨ ਵਾਲਿਆਂ ਨੂੰ ਹਿੰਦੀ ਪ੍ਰੋਗਰਾਮਾਂ ਲਈ ਨਿਯੁਕਤੀ ਹੀ ਨਹੀਂ ਮਿਲਦੀ। ਇੰਝ ਹਿੰਦੀ ਵਾਲਿਆਂ ਨੇ ਅੰਤਮ ਸਿਹਾਰੀ ਤੇ ਔਂਕੜ ਦੇ ਉਚਾਰਨ ਵਿਚ ਕਾਫ਼ੀ ਸਫਲਤਾ ਪ੍ਰਾਪਤ ਕਰ ਲਈ ਹੈ। ਇਸਦੇ ਉਲਟ ਸਾਡੇ ਵਿਦਵਾਨ ਪ੍ਰਚਾਰ ਕਰ ਰਹੇ ਹਨ ਕਿ ਗੁਰਬਾਣੀ ਵਿਚ ਲੱਗੇ ਇਨ੍ਹਾਂ ਸੁਰਾਂ ਦਾ ਉਚਾਰਨ ਕਰਨਾ ਮਨ੍ਹਾਂ ਹੈ।

ਗੁਰਬਾਣੀ ਉਸ ਸਮੇਂ ਦੇ ਉਚਾਰਨ ਮੁਤਾਬਕ ਬਿਲਕੁਲ ਠੀਕ ਲਿਖੀ ਹੋਈ ਹੈ। ਇਸ ਵਿਚ ਅੰਕਿਤ ਕਿਸੇ ਮਾਤ੍ਰਾ ਦਾ ਉਚਾਰਨ ਨਾ ਕਰਨ ਦਾ ਪ੍ਰਚਾਰ, ਜਾਂ ਜਿਹੜੀ ਮਾਤ੍ਰਾ ਜਾਂ ਲਗ ਨਹੀਂ ਲੱਗੀ, ਉਸਦਾ ਉਚਾਰਨ ਕਰਨ ਦਾ ਸੁਝਾਅ ਇਕ ਧਾਰਮਿਕ ਅਪਰਾਧ ਹੈ ਅਤੇ ਭਾਸ਼ਾ ਬਾਰੇ ਘੋਰ ਅਗਿਆਨ ਦਾ ਪ੍ਰਮਾਣ ਹੈ।

ਪਿਛਲੇ ਕੁਝ ਸਮੇਂ ਤੋਂ ਗੁਰਬਾਣੀ ਵਿਚ ਸੋਧਾਂ ਕਰਨ ਦੀ ਰੁਚੀ ਬੜੀ ਜ਼ੋਰਾਂ 'ਤੇ ਹੈ।

ਕਈ ਵਿਦਵਾਨ ਪ੍ਰਚਾਰ ਕਰ ਰਹੇ ਹਨ :–'ਇਥੇ ਉਚਾਰਨ ਬਿੰਦੇ ਸਹਿਤ ਕਰੋ' ਨਾਲ ਹੀ ਅਜਿਹੇ ਵਿਦਵਾਨ ਬਾਰ-ਬਾਰ ਲਿਖਦੇ ਹਨ ਕਿ ਅਸੀਂ ਇਹ ਨਹੀਂ ਕਹਿੰਦੇ ਕਿ ਗੁਰਬਾਣੀ ਦੇ ਲਿਖਤ ਰੂਪ ਵਿਚ ਬਿੰਦੇ ਲਾਓ, ਪਰ ਉਚਾਰਨ ਬਿੰਦੇ ਵਾਲਾ ਕਰੋ। ਹੁਣ ਪ੍ਰਿੰਸੀਪਲ ਹਰਭਜਨ ਸਿੰਘ ਜੀ ਇਹ ਬੰਦਸ਼ ਵੀ ਤੋੜ ਰਹੇ ਹਨ ਅਤੇ ਦੇਵਨਾਗਰੀ ਵਿਚ ਲਿਖੀ ਗੁਰਬਾਣੀ ਵਿਚ ਹਲੰਤ ਲਾ ਰਹੇ ਹਨ (ਜਦੋਂ ਕਿ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਹਲੰਤ ਕਿਥੇ ਲੱਗਦਾ ਹੈ) ਜੇ ਹਲੰਤ ਲੱਗੇ ਤਾਂ ਨਾਲ ਬਿੰਦੇ ਵੀ ਜ਼ਰੂਰ ਲੱਗਣਗੇ।

ਇਕ ਹੋਰ ਵਿਦਵਾਨ ਗਿਆਨੀ ਜੋਗਿੰਦਰ ਸਿੰਘ ਤਲਵਾੜਾ ਜੀ ਨੇ 'ਬਾਣੀ ਮਹੱਲਾ ਨੌਵਾਂ ਸਟੀਕ' ਦੇ ਨਾਮ ਹੇਠ ਇਕ ਪੁਸਤਕ ਲਿਖੀ ਹੈ, ਜਿਸਦੀਆਂ ਦੋ ਤੋਂ ਵਧੇਰੇ ਐਡੀਸ਼ਨਾਂ ਛਪ ਚੁੱਕੀਆਂ ਹਨ। ਇਸ ਵਿਚ ਗਿਆਨੀ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਾਰੀ ਬਾਣੀ ਹੀ ਬਦਲ ਕੇ ਰੱਖ ਦਿੱਤੀ ਹੈ–ਕਈਆਂ ਸ਼ਬਦਾਂ ਵਿਚ ਆਪਣੇ ਕੋਲੋਂ ਔਂਕੜ ਤੇ ਸਿਹਾਰੀਆਂ ਲਾ ਦਿੱਤੀਆਂ ਹਨ, ਕਈ ਥਾਈਂ ਮੂਲ ਰੂਪ ਵਿਚ ਲੱਗੀਆਂ ਮਾਤ੍ਰਾਵਾਂ ਉਡਾ ਦਿੱਤੀਆਂ ਹਨ, ਕਈ ਸ਼ਬਦ ਹੀ ਬਦਲ ਦਿੱਤੇ ਹਨ–'ਕੋ' ਦੀ ਥਾਂ 'ਕਉ' ਲਿਖ ਦਿੱਤਾ ਹੈ, ਅਤੇ 'ਮੈ' ਕੱਟ ਕੇ 'ਮਹਿ' ਲਿਖਿਆ ਹੈ।

ਆਪ ਲਿਖਦੇ ਹਨ ਕਿ ਇਹ ਸੋਧਾਂ ਗੁਰਬਾਣੀ ਦੇ ਲਗ ਮਾਤ੍ਰੀ ਨੇਮਾਂ ਦੀ ਅਗਵਾਈ ਵਿਚ ਹੀ ਕੀਤੀਆਂ ਗਈਆਂ ਹਨ। ਗਿਆਨੀ ਜੀ ਨੂੰ ਏਨਾ ਵੀ ਗਿਆਨ ਨਹੀਂ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਬ੍ਰਿਜ ਭਾਸ਼ਾ ਵਿਚ ਹੈ, ਜਿਸਦਾ ਵਿਆਕਰਣ ਪਹਿਲੇ ਪੰਜ ਗੁਰੂ ਸਾਹਿਬਾਨਾਂ ਦੀ ਭਾਸ਼ਾ ਨਾਲੋਂ ਕੁਝ ਫ਼ਰਕ ਵਾਲਾ ਹੈ। ਇਹ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਕੋਈ ੭੦ ਸਾਲ ਪਿੱਛੋਂ ਦੀ ਹੈ। ਏਨੇ ਸਮੇਂ ਵਿਚ ਭਾਸ਼ਾ ਕਾਫ਼ੀ ਬਦਲ ਜਾਂਦੀ ਹੈ।

ਗਿਆਨੀ ਜੋਗਿੰਦਰ ਸਿੰਘ ਜੀ ਨੇ ਇਸੇ ਪੁਸਤਕ ਦੀ ਭੂਮਿਕਾ ਵਿਚ ਸੁਝਾਅ ਦਿੱਤਾ ਹੈ ਕਿ ਸਮੱਗਰ ਬਾਣੀ ਵਿਚ ਵਿਆਕਰਣ ਲਗ-ਮਾਤ੍ਰੀ ਨਿਯਮਾਵਲੀ ਨੂੰ ਘੋਖ ਕੇ ਇਸ ਦਾ ਪੰਥ ਪ੍ਰਮਾਣਿਤ ਰੂਪ ਤਿਆਰ ਕੀਤੇ ਜਾਣ ਦੀ ਲੋੜ ਹੈ।

ਸੋ, ਮੈਂ ਇਸ ਲੇਖ ਰਾਹੀਂ ਚਿਤਾਵਨੀ ਦੇਣ ਦਾ ਯਤਨ ਕਰਦਾ ਹਾਂ ਕਿ ਬਾਣੀ ਬਦਲਣ ਦੇ ਯਤਨ ਹੋ ਰਹੇ ਹਨ, ਪੰਥ ਸਾਵਧਾਨ ਹੋਵੇ!

—ਡਾ. ਹਰਕੀਰਤ ਸਿੰਘ

# ਗੁਰ ਅਸਤੋਤ੍ਰ

੧. ਦੋਹਰਾ॥ ਸ੍ਰੀ ਨਾਨਕ ਸੁਖ ਸਿੰਧੁ ਕੋ ਹਾਥ ਜੋਰਿ ਪਰਨਾਮ।
ਜਿਸ ਕਰੁਨਾ ਤੇ ਵਡ ਅਘੀ ਪਾਵਹਿ ਗਤਿ ਬਿਸਰਾਮ॥੧॥
[ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧ੍ਯਾਯ-੧੪, ਜਿਲਦ-੨, ਪੰਨਾ—੨੨੯]

੨. ਕਬਿਤ॥ ਬੋਲੀਆਂ ਨਾ ਮਾਰੋ ਲੋਕੋ! ਪਿਆਰੇ ਜੀ ਦਾ ਨਾਮ ਲੈ ਕੇ,
ਦੱਸੋ! ਹੋਰ ਕੌਣ ਹੈਗਾ, ਦਸਮੇਸ਼ ਜਿਹਾ ਜਹਾਨ ਵਿਚ?
ਆਨ ਵਿਚ ਸ਼ਾਨ ਵਿਚ, ਮਾਣ ਵਿਚ ਤਾਣ ਵਿਚ,
ਗਿਆਨ ਵਿਚ ਧਿਆਨ ਵਿਚ, ਦੀਨ ਅਤੇ ਦਾਨ ਵਿਚ।
ਧਰਮ ਕਮਾਨ ਵਿਚ, ਸੁੱਖਨ* ਨਿਭਾਨ ਵਿਚ,
ਜ਼ੁਲਮ ਮਿਟਾਨ ਅਤੇ ਦੁੱਖੜੇ ਉਠਾਨ ਵਿਚ।
ਬਲੀਆਂ ਵਿਚੋਂ ਬਲੀ ਪੂਰਾ, ਜੋਧਿਆਂ ਵਿਚੋਂ ਜੋਧਾ ਸੂਰਾ,
ਕਵੀਆਂ ਵਿਚੋਂ ਕਵੀ ਅਤੇ ਗੁਰੂ ਹੈ ਗਿਆਨ ਵਿਚ।
[ਸੋਹਣ ਸਿੰਘ 'ਸੀਤਲ']

੩. ਕਬਿਤ॥ ਗੁਰੂ ਦੀ ਜੇ ਲੋੜ ਹੋਵੇ, ਗੁਰੂ ਬੀ ਅਜੇਹਾ ਹੋਵੇ,
ਜੈਸੇ ਦਸਮੇਸ਼, ਮਾਤਾ ਗੁਜਰੀ ਦੇ ਲਾਲ ਜੀ।
ਵਾਰ ਪ੍ਰਵਾਰ, ਚਾਰੇ ਬੱਚਿਆਂ ਕੁਹਾਇ ਦੇਵੇ,
ਦੇਸ਼ ਕੌਮ ਵਾਸਤੇ ਕੁਰਬਾਨ ਬਾਲ ਬਾਲ ਜੀ।
ਅੰਮ੍ਰਿਤ ਦਾ ਸੋਮਾ ਹੋਵੇ, ਤਪਦਿਆਂ ਨੂੰ ਠਾਰ ਦੇਵੇ,
ਸੰਤਾਂ ਦਾ ਸਹਾਈ ਤੇ ਪਿਆਰਿਆਂ ਦੀ ਢਾਲ ਜੀ।
ਸਾਰੀ ਰਾਤ ਪਹਿਰਾ ਦੇਵੇ, ਆਪ ਚੌਕੀਦਾਰ ਹੋ ਕੇ,
ਪਾਪ ਅੱਗ ਵਿਚੋਂ, ਲਵੇ ਸਿੱਖ ਨੂੰ ਨਿਕਾਲ ਜੀ॥੨॥
[ਸ੍ਰੀ ਗੁਰਮੁਖ ਪ੍ਰਕਾਸ਼, ਅਧਿਆਇ-੪੭, ਪੰਨਾ—੫੪੪]

* ਬਚਨ, ਭਾਵ ਕੌਲ-ਇਕਰਾਰ।

੪. ਚੌਪਈ ॥ ਬ੍ਰਹਮਗਜਾਨ ਹਰਿ ਭਗਤ ਖਜ਼ਾਨਾ। ਸਾਗਰ ਜਗਤ ਜਹਾਜ ਸਮਾਨਾ।
ਸੰਗਤਿ ਅਪਨੀ ਸਗਲ ਉਧਾਰਨ। ਗੁਰੂ ਗ੍ਰੰਥ ਗੁਰ ਕੀਨ ਉਚਾਰਨ ॥੩੦॥
ਜਿਸ ਮਹਿਂ ਜ਼ਾਹਰ ਜਾਗਤਿ ਜੋਤਿ। ਸਿੱਖਜਨਿ ਅਭਿਮਤਿ ਪੂਰਨ ਹੋਤਿ।
ਭੁਗਤਿ ਮੁਕਤਿ ਦਾਇਕ ਜਗਨਾਥਾ। ਨਮੋ ਕਰੋਂ ਧਰ ਪਰ ਧਰਿ ਮਾਥਾ ॥੩੧॥
ਲਾਖਹੁੰ ਲਿਖੇ ਧਰਾਤਲ ਸਾਰੇ। ਪਠਹਿਂ ਸੁਨਹਿਂ ਸਿਖ ਵਾਰ ਨ ਪਾਰੇ।
ਸਕਲ ਕਾਮਨਾ ਲਹੀਅਤਿ ਜਿਸਤੇ। ਅੰਤ ਸਮੈਂ ਕੈਵਲ ਹੁਇ ਤਿਸਤੇ ॥੩੨॥
[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ-੧, ਅੰਸੂ-੧, ਜਿਲਦ-੧੧, ਪੰਨਾ—੪੪੯੮]

੫. ਗੋਂਡ ਮਹਲਾ ੫ ॥
ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥ ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥
ਗੁਰੁ ਮੇਰਾ ਦੇਉ ਅਲਖ ਅਭੇਉ ॥ ਸਰਬ ਪੂਜ ਚਰਨ ਗੁਰ ਸੇਉ ॥੧॥
ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥ ਅਨਦਿਨੁ ਜਪਉ ਗੁਰੂ ਗੁਰ ਨਾਉ ॥੧॥ਰਹਾਉ॥
ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥ ਗੁਰੁ ਗੋਪਾਲੁ ਪੁਰਖੁ ਭਗਵਾਨੁ ॥
ਗੁਰ ਕੀ ਸਰਣਿ ਰਹਉ ਕਰ ਜੋਰਿ ॥ ਗੁਰੂ ਬਿਨਾ ਮੈ ਨਾਹੀ ਹੋਰੁ ॥੨॥
ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥
ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥
ਗੁਰੁ ਪੂਰਾ ਪਾਈਐ ਵਡਭਾਗੀ ॥ ਗੁਰ ਕੀ ਸੇਵਾ ਦੂਖੁ ਨ ਲਾਗੀ ॥
ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥
[ਅੰਗ—੮੬੪]

੬. ਸਲੋਕੁ ॥
ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥
[ਗਉੜੀ ਬਾਵਨ ਅਖਰੀ ਮਹਲਾ ੫, ਅੰਗ—੨੬੨]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

ਪ੍ਰਕਾਸ਼ਕ

# ਦਮਦਮੀ ਟਕਸਾਲ

(ਜਥਾ ਭਿੰਡਰਾਂ) ਮਹਿਤਾ